# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

ਵਣਜਾਰਾ ਬੇਦੀ

# ਪੰਜਾਬੀ
# ਲੋਕਧਾਰਾ
# ਵਿਸ਼ਵਕੋਸ਼

## ਇਸੇ ਕਲਮ ਤੋਂ

**ਲੋਕਧਾਰਾ :**

1. ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ
2. ਲੋਕਧਾਰਾ ਅਤੇ ਸਾਹਿੱਤ
3. ਪੰਜਾਬ ਦੀ ਲੋਕਧਾਰਾ
4. ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ
5. ਗੁਰੂ ਨਾਨਕ ਤੇ ਲੋਕ-ਪ੍ਰਵਾਹ

**ਲੋਕ-ਸਾਹਿੱਤ :**

6. ਪੰਜਾਬ ਦਾ ਲੋਕ-ਸਾਹਿੱਤ
7. ਲੋਕ ਆਖਦੇ ਹਨ (ਅਖਾਣ ਅਧਿਅਨ)
8. ਸੁਹਜ ਪ੍ਰਬੰਧ (ਮੁਹਾਵਰਾ ਅਧਿਅਨ)
9. ਇਕ ਘੁਟ ਰਸ ਦਾ (ਲੋਕ-ਕਹਾਣੀਆਂ)
10. ਪੰਜਾਬ ਦੀਆਂ ਜਨੌਰ ਕਹਾਣੀਆਂ
11. ਪੰਜਾਬ ਦੀਆਂ ਲੋਕ-ਕਹਾਣੀਆਂ
12. ਪੰਜਾਬ : ਲੋਕ-ਸੰਸਕ੍ਰਿਤੀ ਔਰ ਸਾਹਿੱਤਜ (ਹਿੰਦੀ)
13. Folklore of Punjab

**ਕਵਿਤਾ :**

14. ਖ਼ੁਸ਼ਬੂਆਂ
15. ਕੇਵਲ ਪਤੀਆਂ
16. ਪਾਣੀ ਅੰਦਰ ਲੀਕ

**ਛਪ ਰਹੀਆਂ ਪੁਸਤਕਾਂ :**

17. ਬਾਤਾਂ ਮੁੱਢ ਕਦੀਮ ਦੀਆਂ
18. ਪੰਜਾਬੀ ਸਾਹਿੱਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ
19. ਆਦਿ ਗ੍ਰੰਥ ਵਿਚ ਲੋਕ-ਸੰਕਲਪ
20. ਆਦਿ ਗ੍ਰੰਥ ਪੌਰਾਣਿਕ ਕੋਸ਼
21. A Critical Study of Panjabi Proverbs (Thesis)

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ I

ਸੋਹਿੰਦਰ ਸਿੰਘ ਵਣਜਾਰਾ ਬੇਦੀ
ਐਮ.ਏ., ਪੀ.ਐਚ.ਡੀ.

ਲੋਕ ਪ੍ਰਕਾਸ਼ਨ
J-11/80, ਰਾਜੌਰੀ ਗਾਰਡਨ, ਨਵੀਂ ਦਿੱਲੀ-110027

© ਡਾ: ਸੋਹਿੰਦਰ ਸਿੰਘ ਬੇਦੀ

ਪ੍ਰਕਾਸ਼ਕ :
ਸ੍ਰੀਮਤੀ ਕੇ. ਕੇ. ਬੇਦੀ
ਲੋਕ ਪ੍ਰਕਾਸ਼ਨ, ਜੇ-11/80 ਰਾਜੌਰੀ ਗਾਰਡਨ, ਨਵੀਂ ਦਿੱਲੀ-110027

ਛਾਪਕ :
ਰੂਪਕ ਪ੍ਰਿੰਟਰਜ਼, ਨਵੀਨ ਸ਼ਾਹਦਰਾ, ਦਿੱਲੀ-110032

ਪਹਿਲੀ ਵਾਰ : ਮਈ 1978

ਗਿਣਤੀ : 600 PRICE Rs. 100/-

~~ਮੁੱਲ : 60 ਰੁਪਏ ਫ਼ੀ ਜਿਲਦ (ਸਾਧਾਰਨ)~~
~~70 ਰੁਪਏ ਫ਼ੀ ਜਿਲਦ (ਕਪੜਾ)~~

---

Panjabi Lokedhara Vishav Kosh, vol. I
By Dr. Sohinder Singh Wanjara Bedi
(Panjabi Folklore Encyclopeadia, vol. I)
LOKE PRAKASHAN
J-11/80 Rajouri Garden, New Delhi-110027

# ਲੋਕਾਂ ਤੋਂ ਲੋਕਾਂ ਤਕ

ਲੋਕਧਾਰਾ (Folklore) ਲੋਕ-ਸੰਸਕ੍ਰਿਤੀ ਦਾ ਭਾਵੁਕ ਤੇ ਬੌਧਿਕ ਪਾਸਾਰ ਅਤੇ ਲੋਕ-ਮਨ ਦਾ ਸਹਿਜ ਪ੍ਰਗਟਾਵਾ ਹੋਣ ਦੇ ਨਾਤੇ ਕਿਸੇ ਜਾਤੀ ਦੇ ਜੀਵਨ ਚਰਿਤ੍ਰ ਅਤੇ ਵਿਹਾਰ ਦਾ ਮੂਲ ਸੱਚ ਹੈ। ਇਸ ਸੱਚ ਨੂੰ ਪਰੋਖੇ ਰਖ ਕੇ ਕਿਸੇ ਵੀ ਜਾਤੀ ਦੇ ਸਮੁੱਚੇ ਜੀਵਨ, ਕਲਾ ਅਤੇ ਸਾਹਿੱਤ ਦੇ ਬੁਨਿਆਦੀ ਚਰਿਤ੍ਰ, ਸਰੂਪ ਅਤੇ ਪ੍ਰਵਿਰਤੀਆਂ ਦੀ ਪਛਾਣ ਸੌਖੀ ਨਹੀਂ।

ਪੰਜਾਬੀ ਜੀਵਨ, ਕਲਾ ਅਤੇ ਸਾਹਿੱਤ ਵਿਚ ਲੋਕਧਾਰਾ ਦੀਆਂ ਰੂੜ੍ਹੀਆਂ ਇਕ ਗੌਰਵਮਈ ਤੱਥ ਵਾਂਗ ਬਿਖਰੀਆਂ ਹੋਣ ਤੋਂ ਇਲਾਵਾ ਜਾਗਤ ਜੋਤ ਵਾਂਗ ਪ੍ਰਕਾਸ਼ਮਾਨ ਵੀ ਹਨ। ਭਾਵੇਂ ਪੰਜਾਬ ਦਾ ਅਜੋਕਾ ਜੀਵਨ ਵਿਗਿਆਨਕ ਪ੍ਰਗਤੀ ਤੋਂ ਉਭਰੇ ਨਵੇਂ ਬੋਧਾਂ ਅਤੇ ਉਦਯੋਗੀਕਰਨ ਨਾਲ ਉਪਜੀਆਂ ਨਵੀਆਂ ਸਥਿਤੀਆਂ ਸਦਕਾ ਪਰੰਪਰਾਗਤ ਜੀਵਨ ਨਾਲੋਂ ਟੁਟਦਾ ਜਾ ਰਿਹਾ ਹੈ, ਪਰ ਅਜੇ ਵੀ ਸਾਡੇ ਪਿੰਡਾਂ ਵਿਚ ਲੋਕਧਾਰਾ ਲੋਕ-ਸੰਸਕ੍ਰਿਤੀ ਦੇ ਰੂਪ ਵਿਚ ਆਪਣੇ ਪੂਰੇ ਵਿਨੋਦੀ ਅਤੇ ਆਨੰਦਮਈ ਪਰਪੰਚ ਨਾਲ ਫੈਲੀ ਹੋਈ ਹੈ। ਸ਼ਹਿਰੀ ਜੀਵਨ ਦੇ ਪਸਾਰੇ ਵਿਚ ਵੀ ਅਨੇਕਾਂ ਲੋਕ-ਤੱਤ ਅਤੇ ਰੂੜ੍ਹੀਆਂ ਆਪਣੇ ਬਹੁ-ਬਿਧ ਰੰਗ-ਰੂਪ ਵਿਚ ਦ੍ਰਿਸ਼ਟੀਗੋਚਰ ਹਨ।

ਇਹੋ ਗੱਲ ਪੰਜਾਬੀ ਕਲਾ ਅਤੇ ਸਾਹਿੱਤ ਬਾਰੇ ਆਖੀ ਜਾ ਸਕਦੀ ਹੈ। ਪੰਜਾਬੀ ਕਲਾ ਚਾਹੇ ਉਹ ਨਿਰਤ-ਨਾਟ ਹੈ, ਚਾਹੇ ਰਾਗ ਜਾਂ ਚਿੱਤਰ ਕਲਾ, ਉਸ ਦੀਆਂ ਬੁਨਿਆਦੀ ਰੂੜ੍ਹੀਆਂ ਲੋਕਧਾਰਾ ਵਿਚੋਂ ਹੀ ਆਈਆਂ ਹਨ। ਸਾਡੇ ਨ੍ਰਿਤ ਤਾਂ ਸਜੀਵ ਲੋਕ-ਰੂਪਾਂ ਤੋਂ ਵੱਖਰੀ ਹੋਂਦ ਸਥਾਪਿਤ ਹੀ ਨਹੀਂ ਕਰ ਸਕੇ। ਉਨ੍ਹਾਂ ਕਦੇ ਕਲਾਸਕੀ ਰੂਪ ਗ੍ਰਹਿਣ ਹੀ ਨਹੀਂ ਕੀਤੇ। ਸਾਡਾ ਨਾਟਕ ਵੀਹਵੀਂ ਸਦੀ ਦੇ ਆਰੰਭ ਤਕ ਲੋਕ-ਨਾਟ ਦੇ ਰੂਪ ਵਿਚ ਹੀ ਵਿਗਸਦਾ ਰਿਹਾ। ਸਾਹਿੱਤਕ ਪਰੰਪਰਾ ਧਾਰਨ ਕੀਤਿਆਂ ਨਾਟਕ ਨੂੰ ਅਜੇ ਕੁਝ ਦਹਾਕੇ ਹੀ ਹੋਏ ਹਨ। ਪੰਜਾਬ ਵਿਚ ਪ੍ਰਚਲਤ ਬਹੁਤੇ ਰਾਗ ਅਤੇ ਰਾਗਣੀਆਂ ਸ਼ੁਧ ਰੂਪ ਵਿਚ ਲੋਕ-ਸੰਗੀਤ ਦਾ ਹੀ ਸੁਧਰਿਆ ਰੂਪ ਹਨ। ਸਾਡੇ ਉਹੋ ਚਿਤ੍ਰਕਾਰ ਵਧੇਰੇ ਨਾਮਣਾ ਖਟ ਸਕੇ ਹਨ, ਜਿਨ੍ਹਾਂ ਨੇ ਆਪਣੇ ਲੋਕ-ਵਿਰਸੇ ਨੂੰ ਹੀ ਹੰਗਾਲਿਆ ਹੈ। ਸ੍ਰ: ਸੋਭਾ ਸਿੰਘ ਦੀ ਅਮਰ ਰਚਨਾ ਸੋਹਣੀ ਮਹੀਂਵਾਲ ਲੋਕਾਂ ਦੇ ਮਹਿਬੂਬ ਪਾਤਰਾਂ ਦਾ ਹੀ ਕਲਾਤਮਕ ਸਮੂਰਤੀਕਰਣ ਹੈ।

ਇਹੋ ਹੋਣੀ ਪੰਜਾਬੀ ਸਾਹਿੱਤ ਨੂੰ ਵੀ ਭੋਗਣੀ ਪਈ ਹੈ। ਮੱਧਕਾਲੀਨ ਪੰਜਾਬੀ ਸਾਹਿੱਤ ਤਾਂ ਸ਼ੁਧ ਰੂਪ ਵਿਚ ਲੋਕ-ਮਨ ਦੀ ਹੀ ਅਭਿਵਿਅਕਤੀ ਹੋਣ ਕਰ ਕੇ ਲੋਕਧਾਰਾ ਦੀਆਂ ਬਹੁ-ਬਿਧ ਰੂੜ੍ਹੀਆਂ ਨਾਲ ਓਤਪੋਤ ਹੈ। ਜਦੋਂ ਤਕ ਮੱਧਕਾਲੀ ਸਾਹਿੱਤ ਦਾ ਅਧਿਅਨ ਲੋਕਧਾਰਾਈ ਦ੍ਰਿਸ਼ਟੀ ਤੋਂ ਨਹੀਂ ਹੁੰਦਾ, ਉਸ ਦਾ ਬੁਨਿਆਦੀ ਪ੍ਰਕ੍ਰਿਤੀ ਅਤੇ ਮੂਲ ਕਾਵਿਕ ਸੱਚ ਉਜਾਗਰ ਨਹੀਂ ਹੋ ਸਕਦਾ, ਪੂਰਾ ਮੁੱਲ ਪੈਣ ਦਾ ਤਾਂ ਸਵਾਲ ਹੀ ਨਹੀਂ ਉਠਦਾ। ਆਧੁਨਿਕ ਪੰਜਾਬੀ ਸਾਹਿੱਤ ਵਿਚ ਵੀ ਉਹੋ ਰਚਨਾਵਾਂ ਵਧੇਰੇ ਮਕਬੂਲ ਹੋਈਆਂ ਹਨ, ਜਿਨ੍ਹਾਂ ਵਿਚ ਲੋਕ-ਰੂੜ੍ਹੀਆਂ ਆਪਣੇ ਜਲਾਲ ਵਿਚ ਹਨ।

ਪੰਜਾਬੀ ਸੰਸਕ੍ਰਿਤੀ ਦੀ ਬਹੁ-ਰੰਗੀ ਫੁਲਕਾਰੀ ਲੋਕਧਾਰਾਈ ਰੂੜ੍ਹੀਆਂ ਦੇ ਤਾਣੇ ਪੇਟੇ ਨਾਲ ਜੀਵਨ ਦੀ ਖੱਡੀ ਉਤੇ ਬੁਣੀ ਗਈ ਹੈ। ਪੰਜਾਬੀ ਸੰਸਕ੍ਰਿਤੀ ਦੀ ਯੁਗਾਂ ਲੰਮੀ ਯਾਤ੍ਰਾ ਵਿਚ ਇਹ ਧਰਤੀ ਕਈ ਕਬੀਲਿਆਂ ਦਾ ਰੰਗ-ਮੰਚ ਰਹੀ ਅਤੇ ਅਨੇਕਾਂ ਦਿਸ਼ਾਵਾਂ ਤੋਂ ਲੋਕ-ਰੂੜ੍ਹੀਆਂ ਇਸ ਫੁਲਕਾਰੀ ਵਿਚ ਸਮਿਲਤ ਹੋ ਕੇ ਇਸ ਨੂੰ ਇਕ ਵਿਲੱਖਣ ਰੰਗ-ਰੂਪ ਤੇ ਜਲਾਲ ਬਖ਼ਸ਼ਦੀਆਂ ਰਹੀਆਂ।

ਸੰਸਕ੍ਰਿਤੀ ਦੇ ਦਰਪਣ ਵਿਚ ਆਪਣੀ ਅਤੇ ਆਪਣੀ ਜਾਤੀ ਦੀ ਨੁਹਾਰ/ਆਭਾ ਵੇਖਣਾ ਇਕ ਦਿਲਚਸਪ ਕਾਰਜ ਹੀ ਨਹੀਂ, ਸ੍ਵੈ-ਪਛਾਣ ਲਈ ਆਵੱਸ਼ਕਤਾ ਵੀ ਹੈ। ਸੰਸਕ੍ਰਿਤੀ ਦੀ ਪਛਾਣ ਤੋਂ ਬਗ਼ੈਰ, ਕੀ ਜਾਤੀ ਨੂੰ ਅਤੇ ਕੀ ਵਿਅੱਕਤੀ ਨੂੰ, ਆਪਣੀ ਹੋਂਦ ਦੀ ਕਦੇ ਪਛਾਣ ਨਹੀਂ ਹੁੰਦੀ ਅਤੇ ਆਪੇ ਦੀ ਸਹੀ ਪਛਾਣ ਤੋਂ ਬਗ਼ੈਰ ਜਾਤੀ ਇਕ ਸੇਧਹੀਣ ਭੀੜ ਵਾਂਗ ਹੈ ਅਤੇ ਵਿਅੱਕਤੀ ਭਾਵੇਂ ਹੋਰ ਜੋ ਕੁਝ ਮਰਜ਼ੀ ਹੋਵੇ, ਸਮਾਜਿਕ ਪ੍ਰਾਣੀ ਨਹੀਂ ਰਹਿੰਦਾ। ਪੰਜਾਬ ਦਾ ਕੋਈ ਵਿਅੱਕਤੀ ਜਾਂ ਕੋਈ ਸੰਪ੍ਰਦਾਇ ਜਦੋਂ ਕਿਧਰੇ ਆਪਣੀ ਸੰਸਕ੍ਰਿਤੀ ਤੋਂ ਅਲਹਿਦਾ ਹੋਣ ਦਾ ਯਤਨ ਕਰਦੀ ਹੈ, ਉਹ ਆਪਣਾ ਅਸਤਿਤਵ ਗੰਵਾ ਬੈਠਦੀ ਹੈ। ਇਹੋ ਇਕ ਵਜਹ ਹੈ ਕਿ ਸਾਡੇ ਅੱਜ ਦੇ ਬਹੁਤੇ ਸਾਹਿੱਤਕਾਰ, ਆਪਣੀ ਸੰਸਕ੍ਰਿਤੀ ਨਾਲੋਂ ਟੁਟ ਕੇ ਭੀੜ ਵਿਚ ਗਵਾਚੇ ਫਿਰਦੇ ਹਨ।

ਇਸੇ ਸੰਸਕ੍ਰਿਤੀ ਪ੍ਰਤੀ ਮੇਰਾ ਮੋਹ ਇਕ ਲਗਨ, ਇਕ ਭਾਲ ਅਤੇ ਇਕ ਆਦਰਸ਼ ਬਣ ਗਿਆ ਹੈ ਜੋ ਮੇਰੀ ਰੂਹ ਦੀ ਅਧਿਆਤਮਕਤਾ ਨਾਲ ਇਕ ਰੂਪ ਹੋ ਕੇ ਸਾਧਨਾ ਦੀ ਸ਼ਕਲ ਧਾਰਨ ਕਰ ਗਿਆ ਹੈ। ਇਨ੍ਹਾਂ ਰਾਹਾਂ ਨਾਲ ਮੇਰੇ ਕਦਮਾਂ ਦੀ ਸਾਂਝ ਇਤਨੀ ਪੱਕੀ ਪੀਡੀ ਹੋ ਗਈ ਹੈ ਕਿ ਪਾਂਧੀ ਅਤੇ ਪੰਧ ਦੋਵੇਂ ਇਕ ਦੂਜੇ ਵਿਚ ਸਮਾ ਗਏ ਹਨ। ਮੈਂ ਮਾਨਸਿਕ ਤੌਰ ਉਤੇ ਲੋਕਧਾਰਾ ਨਾਲ ਇਤਨਾ ਇਕ ਰਸ ਹੋ ਗਿਆ ਹਾਂ ਕਿ ਮੇਰੀ ਪਛਾਣ ਹੀ ਲੋਕਧਾਰਾ ਦੀ ਹੋਂਦ ਵਿਚ ਲੀਨ ਹੋ ਕੇ ਆਪਣਾ ਵੱਖਰਾ ਅਸਤਿਤਵ ਗੰਵਾ ਬੈਠੀ ਹੈ। ਲੋਕਧਾਰਾ ਮੇਰਾ ਪ੍ਰਾਣ ਹੈ, ਮੇਰੀ ਸ਼ਾਹ ਰਗ, ਇਸ ਨਾਲੋਂ ਟੁਟਕੇ ਮੈਂ ਜੀਅ ਨਹੀਂ ਸਕਦਾ।

ਮੈਨੂੰ ਇਉਂ ਜਾਪਦਾ ਹੈ ਕਿ ਮੈਂ ਪਿਛਲੇ ਕਈ ਜਨਮਾਂ ਤੋਂ ਲੋਕਾਂ ਵਿਚ ਰਲ ਕੇ ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਸਿਰਜਦਾ ਅਤੇ ਬਾਰ ਬਾਰ ਉਨ੍ਹਾਂ ਦੀ ਪੁਨਰ ਰਚਨਾ ਕਰਦਾ ਰਿਹਾ ਹਾਂ ਅਤੇ ਹੁਣ ਉਨ੍ਹਾਂ ਰੂੜ੍ਹੀਆਂ ਨੂੰ ਇਕਤ੍ਰ ਕਰ ਕੇ ਸਾਂਭਣ ਦਾ ਕੰਮ ਵੀ ਜਿਵੇਂ ਕੁਦਰਤ ਨੇ ਮੈਨੂੰ ਹੀ ਸੌਂਪਿਆ ਹੋਵੇ। ਮੈਂ ਹੀ ਇਨ੍ਹਾਂ ਰੂੜ੍ਹੀਆਂ ਦਾ ਸਿਰਜਕ ਹਾਂ, ਮੈਂ ਹੀ ਪਿਛਲੀ ਪੀੜੀ ਦੇ ਰੂਪ ਵਿਚ ਬਾਰ ਬਾਰ ਅਗਲੀ ਪੀੜੀ ਨੂੰ, ਆਪ ਹੀ ਆਪਣੇ ਆਪ ਨੂੰ, ਵਿਰਸੇ ਵਜੋਂ ਇਹ ਰੂੜ੍ਹੀਆਂ ਪ੍ਰਦਾਨ ਕਰਦਾ ਰਿਹਾ ਹਾਂ ਤਾਂ ਜੋ ਇਨ੍ਹਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹੇ ਅਤੇ ਹੁਣ ਵਿਗਿਆਨੀ ਯੁਗ ਵਿਚ ਜਦੋਂ ਇਹ ਰੂੜ੍ਹੀਆਂ ਅਤੇ ਤੱਤ ਮੌਖਿਕ ਰੂਪ ਵਿਚ ਬਹੁਤੀ ਲੰਮੀ ਯਾਤ੍ਰਾ ਕਰਨ ਦੀ ਸ਼ਕਤੀ ਗੰਵਾ ਬੈਠੇ ਹਨ, ਮੈਂ ਇਨ੍ਹਾਂ ਦੇ ਸੰਕਲਨ ਦਾ ਕਾਰਜ ਆਰੰਭਿਆ ਹੈ। ਇਹੋ ਲੋਕਧਾਰਾ ਲੋਕਾਂ ਤੋਂ ਅਨੇਕਾਂ ਰੂੜ੍ਹੀਆਂ ਦੇ ਰੂਪ ਵਿਚ ਇਕਤ੍ਰ ਕਰ ਕੇ ਮੈਂ ਇਸ ਵਿਸ਼ਵ ਕੋਸ਼ ਦੇ ਰੂਪ ਵਿਚ ਉਨ੍ਹਾਂ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ।

ਲੋਕਧਾਰਾ ਪ੍ਰਤੀ ਲਗਨ ਮੈਨੂੰ ਬਚਪਨ ਵਿਚ ਹੀ ਵਿਰਸੇ ਵਜੋਂ ਮਿਲੀ। ਬਚਪਨ ਵਿਚ ਇਹ ਲਗਨ ਲੋਕ-ਗੀਤਾਂ ਅਤੇ ਲੋਕ-ਕਹਾਣੀਆਂ ਸੁਣਨ ਸੁਣਾਨ ਅਤੇ ਮੇਲੇ ਮੁਸਾਹਿਬੇ ਵੇਖਣ ਅਤੇ ਲੋਹੜੀ, ਹੋਲੀ, ਦੀਵਾਲੀ ਅਤੇ ਵਿਸਾਖੀ ਆਦਿ ਦੇ ਪੁਰਬਾਂ ਦਾ ਆਨੰਦ ਮਾਣਨ ਤਕ ਹੀ ਸੀਮਤ ਸੀ। ਪਰ ਵਿਦਿਆਰਥੀ ਅਵਸਥਾ ਵਿਚ ਇਹ ਲਗਨ ਇਕ ਬਲਵਾਨ ਪ੍ਰਵਿਰਤੀ ਦੇ ਰੂਪ ਵਿਚ ਉਭਰਨ ਲੱਗੀ ਅਤੇ ਉਦੋਂ ਤੋਂ ਹੀ ਮੈਂ ਪੰਜਾਬ ਦੀ ਲੋਕਧਾਰਾ ਅਤੇ ਸੰਸਕ੍ਰਿਤੀ ਦੀਆਂ ਸਮਾਜਿਕ, ਧਾਰਮਿਕ, ਸਾਹਿੱਤਕ, ਕਲਾਤਮਿਕ ਰੂੜ੍ਹੀਆਂ ਅਤੇ ਹੋਰ ਸਾਮਗ੍ਰੀ ਦੀ ਸਾਂਭ ਸਮ੍ਹਾਲ ਅਤੇ ਅਧਿਐਨ ਲਈ ਕ੍ਰਿਆਸ਼ੀਲ ਹਾਂ। ਲੋਕਧਾਰਾ ਦੀ ਸਾਮਗ੍ਰੀ ਨੂੰ ਇਕਤ੍ਰ ਕਰਨ ਦਾ ਕਾਰਜ ਮੈਂ 1939 ਵਿਚ ਆਰੰਭ ਕੀਤਾ ਜਦੋਂ ਮੈਂ ਖ਼ਾਲਸਾ ਹਾਈ ਸਕੂਲ ਰਾਵਲਪਿੰਡੀ ਵਿਚ ਨਾਵੀਂ ਜਮਾਤ ਵਿਚ ਪੜ੍ਹਦਾ ਸਾਂ। (ਵੈਸੇ ਮੇਰੀ ਪੈਦਾਇਸ਼ ਸਿਆਲਕੋਟ ਦੀ ਹੈ ਤੇ ਮੈਂ ਸਤਵੀਂ ਜਮਾਤ ਤਕ ਗੌਰਮਿੰਟ ਹਾਈ ਸਕੂਲ ਜਾਲੰਧਰ ਛਾਵਣੀ ਵਿਚ ਪੜ੍ਹਿਆ ਹਾਂ)। ਉਦੋਂ ਖ਼ਾਲਸਾ ਹਾਈ ਸਕੂਲ ਵਿਚ ਸਾਡੇ ਹੈਡਮਾਸਟਰ ਸ੍ਰ: ਸੁੰਦਰ ਸਿੰਘ ਨੇ, ਜੋ ਅੰਗ੍ਰੇਜ਼ੀ ਪੜ੍ਹਾਇਆ ਕਰਦੇ ਸਨ, ਪਹਿਲੇ ਦਿਨ ਹੀ ਵਿਦਿਆਰਥੀਆਂ ਨੂੰ ਭਰਪੂਰ, ਸਜੀਵ ਤੇ ਭਖਦਾ ਜੀਵਨ ਗੁਜ਼ਾਰਨ ਲਈ ਕੁਝ ਨੈਤਿਕ ਅਤੇ ਵਿਹਾਰਕ ਹਦਾਇਤਾਂ ਦਿੰਦਿਆਂ ਕਿਹਾ ਕਿ ਹਰੇਕ ਵਿਦਿਆਰਥੀ ਆਪਣੇ ਕੋਲ ਡਾਇਰੀ ਰਖਿਆ ਕਰੇ ਜਿਸ ਵਿਚ ਉਹ ਅੰਗ੍ਰੇਜ਼ੀ ਦਾ ਕੋਈ ਚੰਗਾ ਸ਼ਬਦ, ਅਖਾਣ ਜਾਂ ਟੱਪਾ ਜਿਥੋਂ ਕਿਧਰੋਂ ਲੱਭੇ, ਦਰਜ ਕਰਦਾ ਰਹੇ। ਮੈਂ ਉਨ੍ਹਾਂ ਦੀ ਗੱਲ ਪੱਲੇ ਬੰਨ੍ਹ ਲਈ, ਪਰ ਅੰਗ੍ਰੇਜ਼ੀ ਦੀ ਥਾਂ ਪੰਜਾਬੀ ਦੇ ਅਖਾਣ ਅਤੇ ਟੱਪੇ ਇਕੱਠੇ ਕਰਨੇ ਸ਼ੁਰੂ ਕੀਤੇ। ਅਜੇ ਮੈਂ ਸੌ ਖੰਡ ਅਖਾਣ ਹੀ ਇਕੱਠੇ ਕੀਤੇ ਸਨ ਕਿ ਕਿਸੇ ਦੋਸਤ ਨੇ

ਸ੍ਰ: ਸਾਹਿਬ ਸਿੰਘ ਦੀ ਪੰਜਾਬੀ ਅਖੌਤਾਂ ਦੀ ਕਿਤਾਬ ਮੈਨੂੰ ਲਿਆ ਦਿਤੀ, ਜਿਸ ਵਿਚੋਂ ਕਾਫ਼ੀ ਸਾਰੀਆਂ ਮਨ-ਪਸੰਦ ਅਖੌਤਾਂ ਚੁਣ ਕੇ ਮੈਂ ਆਪਣੀ ਡਾਇਰੀ ਵਿਚ ਦਰਜ ਕਰ ਲਈਆਂ। ਪਰ ਮੌਲਿਕਤਾ ਦੇ ਖ਼ਤਮ ਹੋਣ ਦੇ ਨਾਲ ਮੇਰੇ ਵਿਚ ਹੋਰ ਅਖਾਣ ਇਕੱਠੇ ਕਰਨ ਦਾ ਉਤਸ਼ਾਹ ਵੀ ਜਾਂਦਾ ਰਿਹਾ। ਮਗਰੋਂ ਮੈਨੂੰ ਅਹਿਸਾਸ ਹੋਇਆ ਕਿ ਮੈਨੂੰ ਕੇਵਲ ਉਹੋ ਸਾਮਗ੍ਰੀ ਇਕੱਠੀ ਕਰਨੀ ਚਾਹੀਦੀ ਹੈ ਜੋ ਲੋਕਾਂ ਦੀ ਸਿਮਰਤੀ ਵਿਚ ਅਦ੍ਰਿਸ਼ਟ ਰੂਪ ਵਿਚ ਵਿਚਰ ਰਹੀ ਹੈ। ਲਿਖਤ ਵਿਚ ਆ ਚੁਕੀ ਸਾਮਗ੍ਰੀ ਨੂੰ ਅੰਸ਼ਿਕ ਮਾਤਰ ਵੀ ਆਪਣੇ ਕਿਸੇ ਸੰਕਲਨ ਦਾ ਭਾਗ ਬਨਾਉਣਾ ਆਪਣੀ ਲਗਨ ਨਾਲ ਅਨਿਆਂ ਕਰਨਾ ਹੈ। ਫਲਸਰੂਪ ਉਦੋਂ ਤੋਂ ਮੈਂ ਲੋਕਾਂ ਦੇ ਹੋਠਾਂ ਤੋਂ ਸਾਮਗ੍ਰੀ ਚੁਗਣ ਦੇ ਕਾਰਜ ਵਿਚ ਜੁਟ ਗਿਆ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਜਿਹੜਾ ਪਹਿਲਾ ਅਖਾਣ ਮੈਂ ਆਪਣੇ ਪੂਜਯ ਪਿਤਾ ਸ੍ਰ: ਸੁੰਦਰ ਸਿੰਘ ਜੀ ਬੇਦੀ ਤੋਂ ਸੁਣ ਕੇ ਡਾਇਰੀ ਵਿਚ ਲਿਖਿਆ, ਉਹ ਸੀ, 'ਫੂਹੀਂ ਫੂਹੀਂ ਤਲਾਅ'। ਉਦੋਂ ਤੋਂ ਹੁਣ ਤਕ ਕਤਰਾ ਕਤਰਾ ਕਰ ਕੇ ਇਕਤ੍ਰ ਕੀਤੀ ਸਾਮਗ੍ਰੀ ਅੱਜ ਵਿਸ਼ਵ ਕੋਸ਼ ਦੇ ਰੂਪ ਵਿਚ ਇਕ ਪ੍ਰਵਾਹ ਬਣ ਗਈ ਹੈ। ਮੈਨੂੰ ਦੁਖ ਹੈ ਕਿ ਮੇਰੇ ਪਿਤਾ ਜੀ ਕਤਰੇ ਨੂੰ ਪ੍ਰਵਾਹ ਬਣਦਾ ਨਾ ਵੇਖ ਸਕੇ ਅਤੇ ਸੰਨ 1945 ਵਿਚ ਹੀ ਜਦੋਂ ਮੈਂ ਬੀ.ਏ. ਪੜ੍ਹਦਾ ਸਾਂ ਮੇਰਾ ਸਾਥ ਛੱਡ ਗਏ।

ਇਥੇ ਮੈਂ ਆਪਣੇ ਬਜ਼ੁਰਗ ਨਾਨੇ ਸ੍ਰ: ਕਰਤਾਰ ਸਿੰਘ ਦਾ ਜ਼ਿਕਰ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਨੇ ਮੈਨੂੰ ਵਿਦਿਆਰਥੀ ਅਵਸਥਾ (1940 ਈ:) ਵਿਚ ਆਪਣੇ ਕੋਲ ਜ਼ਬਰਦਸਤੀ ਬਿਠਾ ਕੇ ਲੋਕ-ਕਹਾਣੀਆਂ, ਕਾਵਿ ਕਥਾਵਾਂ ਅਤੇ ਗੀਤ ਲਿਖਵਾਏ। ਸਭ ਤੋਂ ਪਹਿਲੀ ਕਾਵਿ ਕਥਾ ਜੋ ਉਨ੍ਹਾਂ ਮੈਨੂੰ ਆਪਣੇ ਕੋਲ ਬਿਠਾ ਕੇ ਲਿਖਵਾਈ, ਉਸ ਦਾ ਇਕ ਬੰਦ ਇਸ ਪ੍ਰਕਾਰ ਹੈ :—

ਸਿਪਾਹੀ : ਕਾਲੇ ਕਾਲੇ ਵੈਂਗਣਾ ਕਾਲੇ ਕਾਲੇ ਨੈਣ
ਜਿਹਾ ਡਿੱਠਾ ਸਾਲਾ ਤਿਹੀ ਹੋਸੀ ਭੈਣ
ਜੋਬਨਮਤੀ : ਫਲ ਫੂਲ ਪੈਂਦੇ ਡਾਲੀਆਂ ਫਲ ਫੂਲ ਹੋਰ ਸਵਾਦ
ਜੇ ਤੂੰ ਸੁਘੜ ਸੁਜਾਣ ਏਂ ਤਾਂ ਮੋੜ ਘੋੜੇ ਦੀ ਵਾਗ।

ਇਹ ਕਾਵਿ ਕਥਾ ਧਨੀ ਪੋਠੋਹਾਰ ਵਿਚ ਬੜੀ ਪ੍ਰਸਿਧ ਹੈ। ਨਾਨਾ ਜੀ ਤੋਂ ਇਕੱਠੀ ਕੀਤੀ ਕੁਝ ਸਾਮਗ੍ਰੀ ਮੈਂ 'ਪੰਜਾਬ ਦਾ ਲੋਕ-ਸਾਹਿੱਤ' ਨਾਂ ਦੀ ਪੁਸਤਕ ਵਿਚ ਦਿਤੀ ਹੈ।

ਪਰ ਲੋਕਧਾਰਾ ਪ੍ਰਤੀ ਪੂਰੀ ਸੁਹਿਰਦਤਾ ਅਤੇ ਲਗਨ ਨਾਲ ਕੰਮ ਮੈਂ 1950 ਈ: ਵਿਚ ਸ਼ੁਰੂ ਕੀਤਾ ਜਦੋਂ ਮੈਂ ਦਿੱਲੀ ਦੀ ਇਕ ਲਾਇਬਰੇਰੀ ਵਿਚ 'ਸਟੈਂਡਰਡ ਡਿਕਸ਼ਨਰੀ ਆਫ਼ ਫ਼ੋਕਲੋਰ' ਵੇਖੀ। ਮੈਂ ਕਈ ਮਹੀਨੇ ਲਗਾਤਾਰ ਸਭ ਕੰਮ ਕਾਜ ਤਿਆਗ ਕੇ ਉਸ ਕੋਸ਼ ਦਾ ਅਧਿਅਨ ਕੀਤਾ ਅਤੇ ਲੋਕਧਾਰਾ ਦੀ ਵਿਸ਼ੇਸ਼ ਸ਼ਬਦਾਵਲੀ, ਸਰੂਪ, ਤੱਤਾਂ ਅਤੇ ਚਰਿਤ੍ਰ ਨੂੰ ਸਮਝਣ ਤੋਂ ਇਲਾਵਾ ਲੋਕਧਾਰਾ ਦੇ ਰਹੱਸਾਤਮਕ ਸੰਸਾਰ ਨੂੰ ਜਾਣਨ ਦੀ ਚੇਸ਼ਟਾ ਕੀਤੀ। ਉਦੋਂ ਹੀ ਮੈਂ ਪੰਜਾਬੀ ਵਿਚ ਫ਼ੋਕਲੋਰ ਦਾ ਸਮਾਨਾਰਥਕ ਸ਼ਬਦ 'ਲੋਕਧਾਰਾ' ਦੀ ਸਿਰਜਨਾ ਕੀਤੀ ਅਤੇ ਨਾਲ ਹੀ ਲੋਕਧਾਰਾ ਵਿਸ਼ਵ ਕੋਸ਼ ਲਿਖਣ ਦਾ ਦ੍ਰਿੜ੍ਹ ਨਿਸ਼ਚਾ ਕੀਤਾ। ਉਦੋਂ ਪੰਜਾਬੀ ਵਿਚ ਫ਼ੋਕਲੋਰ ਨੂੰ ਇਕ ਵੱਖਰੇ ਡਿਸਿਪਲਨ ਦੇ ਰੂਪ ਵਿਚ ਗ੍ਰਹਿਣ ਨਹੀਂ ਸੀ ਕੀਤਾ ਗਿਆ ਅਤੇ ਪੂਰਬਕਾਲੀ ਪੁਸਤਕਾਂ ਵਿਚ ਫ਼ੋਕਲੋਰ ਲਈ ਸਮਾਨਾਰਥਕ ਸ਼ਬਦ ਲੋਕ-ਗੀਤ ਜਾਂ ਲੋਕ-ਕਹਾਣੀ ਆਦਿ ਵਰਤੇ ਮਿਲਦੇ ਸਨ।

ਇਸ ਵਿਸ਼ਵ ਕੋਸ਼ ਦੀ ਸਾਮਗ੍ਰੀ ਮੈਂ ਮੌਖਿਕ ਅਤੇ ਲਿਖਤੀ ਦੋਹਾਂ ਸੋਮਿਆਂ ਤੋਂ ਇਕਤ੍ਰ ਕੀਤੀ ਹੈ। ਮੌਖਿਕ ਸੋਮਾ ਤਾਂ ਲੋਕ ਹਨ ਜਿਨ੍ਹਾਂ ਦੀ ਸਿਮਰਤੀ ਵਿਚ ਜੋ ਵੀ ਪਰੰਪਰਾਗਤ ਰੂੜ੍ਹੀਆਂ ਅਤੇ ਵਸਤ ਮੌਜੂਦ ਸੀ, ਉਹ ਮੈਂ ਹੂੰਗਾਲ ਹੂੰਗਾਲ ਕੇ ਕੱਢਣ ਦੇ ਯਤਨ ਕੀਤੇ। ਜਦੋਂ ਕਿਧਰੇ ਵੀ ਮੈਨੂੰ ਕਿਸੇ ਪਰੰਪਰਾ ਨਾਲ ਇਕ ਰਸ ਹੋਏ ਬ੍ਰਿਧ ਦੀ ਦਸ ਪੈਂਦੀ, ਮੈਂ ਉਸ ਤੋਂ ਰੀਤਾਂ ਰਸਮਾਂ, ਸੰਸਕਾਰਾਂ, ਮਨੌਤਾਂ, ਭਰਮਾਂ ਵਹਿਮਾਂ ਅਤੇ ਹੋਰ ਸਾਂਸਕ੍ਰਿਤਕ ਰੂੜ੍ਹੀਆਂ ਬਾਰੇ ਗਿਆਨ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦਾ।

ਦੂਜਾ ਸੋਮਾ ਲਿਖਤੀ ਹੈ। ਲੋਕਧਾਰਾ ਦੀਆਂ ਅਨੇਕਾਂ ਰੂੜ੍ਹੀਆਂ ਜ਼ਿਲਾ ਗਜ਼ਟੀਅਰ, ਇੰਡੀਅਨ ਐਂਟੀਕੁਏਰੀ, ਪੰਜਾਬ ਨੋਟਜ਼ ਐਂਡ ਕੁਏਰੀ ਆਦਿ ਪੁਸਤਕਾਂ ਅਤੇ ਪੱਤਰਕਾਵਾਂ ਦੇ ਪੰਨਿਆਂ ਵਿਚ

ਬਿਖਰੀਆਂ ਪਈਆਂ ਹਨ। ਕੁਝ ਮਸਾਲਾ ਪੰਜਾਬੀ ਸੰਸਕ੍ਰਿਤੀ, ਕਲਾ ਅਤੇ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਵਿਚੋਂ ਵੀ ਲਿਆ ਗਿਆ ਹੈ। ਕੁਝ ਸਾਮਗ੍ਰੀ ਪੰਜਾਬ ਦੀਆਂ ਲਾਇਬਰੇਰੀਆਂ ਜਾਂ ਕੁਝ ਵਿਦਵਾਨਾਂ ਕੋਲ ਪਏ ਖਰੜਿਆਂ ਵਿਚੋਂ ਵੀ ਇਕਤ੍ਰ ਕੀਤੀ ਗਈ ਹੈ।

ਇਸ ਵਿਸ਼ਵ ਕੋਸ਼ ਵਿਚ ਹੇਠ ਲਿਖੇ ਵਿਸ਼ਿਆਂ ਬਾਰੇ ਸਾਮਗ੍ਰੀ ਉਪਲਬਧ ਹੈ :—

(1) ਪੌਰਾਣਿਕ ਸ਼ਖ਼ਸੀਅਤਾਂ, ਸਥਾਨ ਅਤੇ ਘਟਨਾਵਾਂ, ਦੇਵੀ ਦੇਵਤੇ;
(2) ਸਥਾਨਿਕ ਦੇਵੀ ਦਿਉਤੇ, ਸਤੀਆਂ, ਜਠੇਰੇ ਆਦਿ;
(3) ਅਮਾਨਵੀ ਸ਼ਕਤੀਆਂ, ਭੂਤ ਪ੍ਰੇਤ, ਪਰੀ, ਜਿੰਨ, ਅਪੱਛਰਾਂ ਆਦਿ;
(4) ਧਾਰਮਿਕ ਅਸਥਾਨ ਅਤੇ ਪੁਰਬ, ਉਤਸ਼ਵ, ਮੇਲੇ, ਤਿਉਹਾਰ ਆਦਿ;
(5) ਕਬੀਲੇ, ਜਾਤ ਗੋਤ, ਸੰਪ੍ਰਦਾਵਾਂ ਆਦਿ;
(6) ਪੰਜਾਬ ਦੀਆਂ ਪ੍ਰਾਚੀਨ ਸੰਸਕ੍ਰਿਤੀਆਂ;
(7) ਰੀਤਾਂ ਰਸਮਾਂ ਤੇ ਸੰਸਕਾਰ ਆਦਿ;
(8) ਲੋਕ-ਧਰਮ, ਅਨੁਸ਼ਠਾਨ, ਕਰਮ ਕਾਂਡ, ਪੂਜਾ ਵਿਧੀਆਂ, ਵਰਤ, ਤਿਲਕ, ਟਿਕਾ, ਮਾਲਾ ਆਦਿ;
(9) ਲੋਕ-ਭਰਮ, ਵਿਸ਼ਵਾਸ਼, ਮਨੌਤਾਂ, ਧਾਰਨਾਵਾਂ, ਸ਼ਗਨ ਅਪਸ਼ਗਨ ਆਦਿ;
(10) ਜੋਤਿਸ਼, ਤੰਤਰ, ਜੰਤਰ, ਮੰਤਰ, ਸਉਣ ਸਾਸਤ੍ਰ, ਓਝੇ, ਚੇਲੇ ਆਦਿ;
(11) ਲੋਕ-ਕਾਵਿ ਦੇ ਸੌ ਤੋਂ ਉਪਰ ਰੂਪ, ਘੋੜੀਆਂ, ਸੁਹਾਗ ਆਦਿ;
(12) ਲੋਕ-ਕਥਾਵਾਂ ਦੇ ਚਾਲ੍ਹੀ ਤੋਂ ਉਪਰ ਰੂਪ, ਮੁਢੀ, ਸਿਧੀ, ਪਰੀ ਕਥਾ ਆਦਿ;
(13) ਲੋਕ-ਨ੍ਰਿਤ ਅਤੇ ਲੋਕ-ਨਾਟ ਦੇ ਅਨੇਕਾਂ ਰੂਪ;
(14) ਲੋਕ-ਕਲਾ, ਚਿਤ੍ਰਕਾਰੀ, ਕੰਧ ਚਿਤ੍ਰ, ਥਾਪੇ, ਬਿੰਦ ਖਟੋਲੇ ਆਦਿ;
(15) ਮੁਹਾਵਰੇ, ਅਖਾਣ, ਬੁਝਾਰਤਾਂ ਦੇ ਅਨੇਕਾਂ ਰੂਪ;
(16) ਲੋਕ-ਮਨੋਰੰਜਨ, ਖੇਡਾਂ ਆਦਿ;
(17) ਲੋਕ-ਧੰਧੇ;
(18) ਲੋਕ-ਸ਼ਬਦਾਵਲੀ;
(19) ਲੋਕ-ਪ੍ਰਤੀਕ, ਸਵਾਸਤਿਕ, ਸਤਿਆ, ਚੌਕ, ਆਦਿ;
(20) ਲੋਕ-ਜੀਵਨ, ਅਚਾਰ ਵਿਹਾਰ, ਚਰਿਤ੍ਰ, ਵੇਸ਼ ਭੂਸ਼ਾ, ਵਰਤਣ ਭਾਜੀ, ਆਦਿ;
(21) ਲੋਕਧਾਰਾ ਵਿਗਿਆਨ, ਲੋਕ-ਮਨ, ਲੋਕ-ਸੰਸਕ੍ਰਿਤੀ, ਲੋਕ-ਤੱਤ, ਲੋਕਧਾਰਾ ਅਧਿਐਨ ਪ੍ਰਣਾਲੀਆਂ ਆਦਿ। ਇਹ ਕੁਝ ਕੁ ਮੁਖ ਵਿਸ਼ੇ ਹਨ।

ਇਸ ਵਿਸ਼ਵ ਕੋਸ਼ ਦੀ ਤਿਆਰੀ ਵਿਚ ਲੰਮੀ ਸਾਧਨਾ ਤੋਂ ਇਲਾਵਾ ਕਾਫ਼ੀ ਸਾਰੀ ਰਕਮ ਵੀ ਖ਼ਰਚ ਕਰਨੀ ਪਈ। ਹੋਰ ਖ਼ਰਚੇ ਇਕ ਪਾਸੇ ਰਹੇ ਸਿਰਫ਼ ਟਾਈਪ ਦੀ ਮੱਦ ਉਪਰ ਹੀ ਸੱਤ ਹਜ਼ਾਰ ਰੁਪਏ ਤੋਂ ਉਪਰ ਦਾ ਖ਼ਰਚਾ ਬੈਠਦਾ ਹੈ। ਇਹ ਕਾਰਜ ਮੈਂ ਕਿਸੇ ਸੂਬਾਈ ਜਾਂ ਕੇਂਦਰੀ ਸਰਕਾਰ ਜਾਂ ਕਿਸੇ ਵੀ ਹੋਰ ਅਦਾਰੇ ਤੋਂ ਕਿਸੇ ਕਿਸਮ ਦੀ ਗਰਾਂਟ ਜਾਂ ਸਹਾਇਤਾ ਲਏ ਬਗ਼ੈਰ ਨਿਜੀ ਪੱਧਰ ਉਤੇ ਸਿਰੇ ਚਾੜ੍ਹਿਆ ਹੈ। ਇਸ ਵਿਚ ਮੇਰਾ ਨਹੀਂ, ਕੁਦਰਤ ਦੀ ਕਿਸੇ ਗੁਪਤ ਸ਼ਕਤੀ ਦਾ ਹੱਥ ਹੈ। ਇਸ ਲਈ ਇਸ ਵਿਸ਼ਵ ਕੋਸ਼ ਵਿਚ ਕਈ ਘਾਟੇ ਅਤੇ ਤਰੁਟੀਆਂ ਰਹਿ ਜਾਣੀਆਂ ਸੁਭਾਵਿਕ ਹਨ, ਜਿਨ੍ਹਾਂ ਲਈ ਖਿਮਾਂ ਦਾ ਜਾਚਕ ਹਾਂ।

ਇਸ ਵਿਸ਼ਵ ਕੋਸ਼ ਦੀ ਬਹੁਤੀ ਸਾਮਗ੍ਰੀ ਮੈਂ ਲੋਕਾਂ ਤੋਂ ਪ੍ਰਾਪਤ ਕੀਤੀ ਹੈ, ਸੋ ਇਹ ਕੋਸ਼ ਪੰਜਾਬ ਦੇ ਲੋਕਾਂ ਨੂੰ ਭੇਟ ਕਰਦਿਆਂ ਮੈਨੂੰ ਅਪਾਰ ਖ਼ੁਸ਼ੀ ਹੋ ਰਹੀ ਹੈ : ਤੇਰਾ ਤੁਝ ਕੋ ਸੌਂਪਤੇ.ਕਿਆ ਲਾਗੇ ਮੋਰਾ।

**ਸ. ਸ. ਵਣਜਾਰਾ ਬੇਦੀ**
ਜੇ-11/80 ਰਾਜੌਰੀ ਗਾਰਡਨ, ਨਵੀਂ ਦਿੱਲੀ

ਬੁਧ ਪੂਰਨਮਾ (22 ਮਈ) 1978.

## ੳ

### (ੳ-1) ੳ (ਊੜਾ) :

ਗੁਰਮੁਖੀ ਵਰਣਮਾਲਾ ਦਾ ਪਹਿਲਾ ਅੱਖਰ ਤੇ ਸੁਰ। ਇਹ ਅੱਖਰ 'ਓ' ਦੀ ਧੁਨੀ ਦਾ ਬੋਧਿਕ ਹੈ, ਜੋ ਸੰਸਾਰ ਦੀ ਉਤਪੱਤੀ ਸਮੇਂ ਸਭ ਤੋਂ ਪਹਿਲਾਂ ਉਚਾਰਨ ਕੀਤੀ ਗਈ। ਖੁਲ੍ਹੇ ਮੂੰਹ ਵਾਲਾ ਊੜਾ (ਓ) ਅਸੀਮ ਦਾ ਵਾਚਕ ਹੋਣ ਤੋਂ ਇਲਾਵਾ ਸਿਰਜਨਹਾਰ ਦੀ ਅਥਾਹ ਸ਼ਕਤੀ ਅਤੇ ਸਾਰੇ ਬ੍ਰਹਿਮੰਡੀ ਪਸਾਰੇ ਦਾ ਪ੍ਰਤੀਕ ਹੈ।

ਊੜਾ ਸਭ ਅੱਖਰਾਂ ਤੋਂ ਵਧ ਪਵਿੱਤਰ ਮੰਨਿਆ ਜਾਂਦਾ ਹੈ। ਮੁਢਲੇ ਰੂਪ ਵਿਚ ਇਸ ਦੇ ਤਿੰਨ ਦਾਇਰੇ ਸ਼ਿਵ, ਬ੍ਰਹਮਾ ਅਤੇ ਵਿਸ਼ਨੂੰ ਦੇ ਵਾਚਕ ਸਨ, ਜਿਸ ਕਰ ਕੇ 'ੳ' ਤ੍ਰੈਮੂਰਤੀ ਦਾ ਵੀ ਬੋਧਿਕ ਹੈ। 'ੳ' ਅੱਖਰ ਦੇ ਤਿੰਨ ਹਿੱਸੇ, ਤਿੰਨਾਂ ਲੋਕਾਂ – ਮਾਤ, ਪਤਾਲ ਤੇ ਸਵੱਰਗ ਲੋਕ ਦੇ ਵੀ ਲਖਾਇਕ ਹਨ।

ਊੜਾ ਅੱਖਰ ਦੀ ਪਵਿੱਤ੍ਰਤਾ ਤੇ ਸ੍ਰੇਸ਼ਟਤਾ ਸਦਕਾ ਹੀ, ਗੁਰੂ ਨਾਨਕ ਦੇਵ ਨੇ ਇਸ ਅੱਖਰ ਨਾਲ ੧ ਦਾ ਅੰਕ ਲਗਾ ਕੇ '੧ ਓ︡' ਵਿਸ਼ੇਸ਼ ਬਣਾ ਦਿਤਾ ਜੋ ਪਰਮੇਸ਼ਰ ਦਾ ਵਾਚਕ ਹੈ। ਇਹੋ ਸਿੱਖਾਂ ਦੀ ਸਭ ਤੋਂ ਵੱਧ ਪਵਿੱਤ੍ਰ ਧੁਨੀ ਅਤੇ ਗੁਰਮੰਤ੍ਰ ਹੈ। (ਵੇਖੋ : ਇਕ ਓਂਕਾਰ) ਗੁਰੂ ਨਾਨਕ ਦੇਵ ਨੇ ਆਸਾ ਪਟੀ ਵਿਚ 'ਊੜੈ' ਨੂੰ ਪ੍ਰਭੂ ਦੀ ਉਪਮਾ ਨਾਲ ਜੋੜਿਆ ਹੈ : "ਊੜੈ ਉਪਮਾ ਤਾਕੀ ਕੀਜੈ ਜਾਕਾ ਅੰਤੁ ਨ ਪਾਇਆ।"

ਸੰਸਕ੍ਰਿਤ ਵਿਚ ਵੀ ਓਂ︡ ਅੱਖਰ ਬੜਾ ਪਾਵਨ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਗ੍ਰੰਥਾਂ ਅਤੇ ਚਿਠੀ ਪਤਰਾਂ ਦੇ ਆਦਿ ਵਿਚ ਲਿਖਿਆ ਜਾਂਦਾ ਹੈ। ਸਿੱਖਾਂ ਵਿਚ '੧ਓ︡' ਨੂੰ ਗ੍ਰੰਥਾਂ ਅਤੇ ਚਿੱਠੀ ਪੱਤਰਾਂ ਦੇ ਆਰੰਭ ਵਿਚ ਲਿਖਣ ਦੀ ਪ੍ਰਥਾ ਹੈ।

### (ੳ-2) ਉਸ਼ਟ ਲਸ਼ਟਕਾ ਨਿਆਇ :

ਇਕ ਲੌਕਿਕ ਨਿਆਇ; ਊਠ ਉਤੇ ਲੱਦੀਆਂ ਲੱਕੜੀਆਂ ਵਿਚੋਂ ਹੀ ਇਕ ਲੱਕੜੀ ਖਿਚ ਕੇ ਊਠ ਨੂੰ ਮਾਰਨ ਤੋਂ, ਇਹ ਨਿਆਇ ਪ੍ਰਚਲਤ ਹੋਇਆ। ਇਸ ਨਿਆਇ ਦਾ ਭਾਵ ਹੈ — ਬਹਿਸ ਵੇਲੇ ਦੂਜੀ ਧਿਰ ਦੀ ਆਖੀ ਹੋਈ ਗੱਲ ਜਾਂ ਪੇਸ਼ ਕੀਤੀ ਦਲੀਲ ਦੁਆਰਾ ਹੀ ਉਸ ਨੂੰ ਕਟਣਾ ਅਤੇ ਆਪਣੇ ਵਿਚਾਰਾਂ ਦਾ ਕਾਇਲ ਕਰਨਾ। (ਵੇਖੋ : ਲੌਕਿਕ ਨਿਆਇ)

### (ੳ-3) ਉਸਤਰਾ :

ਬੁਝਾਰਤਾਂ ਵਿਚ ਲੋਕ-ਕਲਪਨਾ ਨੇ ਉਸਤਰੇ ਨੂੰ ਕਮੀਂ ਦੇ ਰੂਪ ਵਿਚ ਪੇਸ਼ ਕੀਤਾ ਹੈ, ਜੋ ਫ਼ਸਲ ਦੀ ਲਾਈ (ਵਾਢੀ) ਕਰ ਕੇ ਆਪਣੀ ਝੁੱਗੀ ਵਿਚ ਜਾ ਵੜਦਾ ਹੈ :—

> ਕਾਲਾ ਸੀ ਕਲਿੱਤਰ ਸੀ,
> ਕਾਲੇ ਪਿਉ ਦਾ ਪੁੱਤਰ ਸੀ।
> ਕਾਲੀਆਂ ਲਾਈਆਂ ਕਰਦਾ ਸੀ,
> ਭੱਜ ਝੁੱਗੀ ਵਿਚ ਵੜਦਾ ਸੀ।

ਉਸਤਰਾ ਨੱਕ ਨਾਲ ਲਗਾਉਣਾ ਅਸ਼ੁਭ ਮੰਨਿਆ ਜਾਂਦਾ ਹੈ, ਜੇ ਕਿਸੇ ਦੇ ਨੱਕ ਨਾਲ ਉਸਤਰਾ ਲਗ ਜਾਏ ਤਾਂ ਉਸ ਦਿਨ ਉਹ ਸ਼ਖ਼ਸ ਕਿਧਰੇ ਅਪਮਾਨਤ ਹੁੰਦਾ ਹੈ। ਜੇ ਐਤਵਾਰ ਵਾਲੇ ਦਿਨ ਉਸਤਰਾ ਸਿਰ ਨੂੰ ਲਗਾਇਆ ਜਾਵੇ ਅਥਵਾ ਸਿਰ ਮੁੰਨਾਇਆ ਜਾਵੇ ਤਾਂ ਲੋਕ-ਨਿਸਚੇ ਅਨੁਸਾਰ ਇਕ ਮਹੀਨਾ ਉਮਰ ਘਟ ਜਾਂਦੀ ਹੈ (ਗਲਾਸਰੀ. 1,251) ਸਿੱਖਾਂ ਵਿਚ ਉਸਤਰੇ ਜਾਂ ਕੈਂਚੀ ਨੂੰ ਕੇਸਾਂ ਨਾਲ ਲਗਾਉਣਾ ਨਿਸ਼ੇਧ ਹੈ।

(ਉ-4) **ਉਸਤਾਦ** :

ਕਿਸੇ ਵਿਸ਼ੇਸ਼ ਕਲਾ, ਵਿੱਦਿਆ ਅਥਵਾ ਕੱਸਬ ਵਿਚ ਨਿਪੁੰਨਤਾ ਰਖਣ ਵਾਲਾ। ਸਕੂਲਾਂ ਵਿਚ ਉਸਤਾਦ ਸ਼ਬਦ ਅਧਿਆਪਕ ਲਈ ਵੀ ਵਰਤਿਆ ਜਾਂਦਾ ਹੈ। ਨੱਚਣ ਗਾਉਣ ਵਾਲੀਆਂ ਪਾਰਟੀਆਂ ਵਿਚ ਉਨ੍ਹਾਂ ਦਾ ਮੁਖੀਆ ਉਸਤਾਦ ਅਖਵਾਉਂਦਾ ਹੈ ਅਤੇ ਉਸੇ ਦੀਆਂ ਹਦਾਇਤਾਂ ਅਨੁਸਾਰ ਪਾਰਟੀ ਦੇ ਸਾਰੇ ਲੋਕ ਕੰਮ ਕਰਦੇ ਹਨ। ਪੰਜਾਬ ਵਿਚ ਉਸਤਾਦੀ-ਸ਼ਾਗਿਰਦੀ ਦੀ ਪਰੰਪਰਾ ਨੂੰ ਕਦੇ ਬੜੀ ਮਾਨਤਾ ਪ੍ਰਾਪਤ ਸੀ। ਕਿਸੇ ਕੱਸਬ ਵਿਚ ਸਿਖਿਆ ਲੈਣ ਲਈ ਪਹਿਲਾਂ ਉਸਤਾਦ ਧਾਰਨ ਕਰਨਾ ਲਾਜ਼ਮੀ ਸਮਝਿਆ ਜਾਂਦਾ ਸੀ ਜਿਸ ਨੂੰ ਸ਼ਾਗਿਰਦ ਵਿਤ ਮੂਜਬ ਪਗੜੀ, ਕਪੜਿਆਂ ਦਾ ਜੋੜਾ ਅਤੇ ਕੁਝ ਰੁਪਏ ਦੱਖਣਾ ਵਜੋਂ ਭੇਟਾ ਕਰਦਾ ਸੀ। ਇਸ ਸ਼ੁਭ ਅਵਸਰ ਉਤੇ ਗੁੜ ਜਾਂ ਲੱਡੂ ਵੰਡੇ ਜਾਂਦੇ ਸਨ। ਅਜੇ ਇਹ ਪ੍ਰਥਾ ਮੁਢੋਂ ਮੁਕੀ ਨਹੀਂ।

ਕਾਵਿ ਖੇਤਰ ਵਿਚ ਵੀ ਉਸਤਾਦੀ-ਸ਼ਾਗਿਰਦੀ ਦਾ ਬੜਾ ਰਵਾਜ ਰਿਹਾ ਹੈ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਵਿਚ ਕਵਿਤਾ ਲਿਖਣ ਦੀ ਜੁਗਤ ਸਿਖਾਉਣ ਦੇ ਕਈ ਸਕੂਲ ਚਲਦੇ ਸਨ ਜਿਨ੍ਹਾਂ ਵਿਚ ਉਸਤਾਦ ਕਵੀ ਸ਼ਾਗਿਰਦਾਂ ਨੂੰ ਤੋਲ-ਤੁਕਾਂਤ, ਛੰਦਾਬੰਦੀ, ਰੂਪ ਤੇ ਬਿੰਬ-ਵਿਧਾਨ ਤੋਂ ਜਾਣੂ ਕਰਵਾਇਆ ਕਰਦੇ ਸਨ।

ਅਧਿਆਤਮਕ ਖੇਤਰ ਦੇ ਉਸਤਾਦ ਨੂੰ ਸਿਖ ਗੁਰੂ, ਹਿੰਦੂ ਆਚਾਰੀਆ ਅਤੇ ਮੁਸਲਮਾਨ ਪੀਰ ਕਹਿੰਦੇ ਹਨ। ਸੂਫ਼ੀਆਂ ਵਿਚ ਅਜਿਹੇ ਉਸਤਾਦ ਨੂੰ ਮੁਰਸ਼ਦ ਕਿਹਾ ਜਾਂਦਾ ਹੈ। ਮਧ-ਕਾਲ ਵਿਚ ਅਧਿਆਤਮਕ ਜਾਗ੍ਰਿਤੀ ਤੇ ਵਿਕਾਸ ਲਈ ਗੁਰੂ ਪੀਰ ਜਾਂ ਮੁਰਸ਼ਦ ਨੂੰ ਧਾਰਨ ਕਰਨਾ ਜ਼ਰੂਰੀ ਸੀ। ਮੁਲਤਾਨ ਤੇ ਬਹਾਵਲਪੁਰ ਦੇ ਇਲਾਕੇ ਵਿਚ ਹਰ ਮੁਸਲਮਾਨ ਲਈ ਪੀਰ ਧਾਰਨ ਕਰਨਾ ਜ਼ਰੂਰੀ ਰਿਹਾ ਹੈ ਅਤੇ ਇਸ ਇਲਾਕੇ ਵਿਚ ਹੁਣ ਵੀ 'ਬੇਪੀਰ' ਵੱਡੀ ਗਾਹਲ ਸਮਝੀ ਜਾਂਦੀ ਹੈ।

(ਉ-5) **ਉਸਨ** :

ਪੁਰਾਣਾਂ ਅਨੁਸਾਰ ਇਕ ਨਰਕ ਜਿਸ ਵਿਚ ਹਮੇਸ਼ਾਂ ਭਿਆਨਕ ਅੱਗ ਬਲਦੀ ਰਹਿੰਦੀ ਹੈ, ਇਸ ਨਰਕ ਵਿਚ ਉਨ੍ਹਾਂ ਪ੍ਰਾਣੀਆਂ ਨੂੰ ਸੁਟਿਆ ਜਾਂਦਾ ਹੈ, ਜਿਨ੍ਹਾਂ ਨੇ ਕਾਮ ਤੋਂ ਉਤੇਜਿਤ ਹੋ ਕੇ ਕੁਕਰਮ ਕੀਤੇ ਹੋਣ। (ਵੇਖੋ : ਨਰਕ)

(ਉ-6) **ਉਸ਼ਨਸ** :

ਇਕ ਉਪ-ਪੁਰਾਣ। (ਵੇਖੋ : ਔਸ਼ਨਸ)

(ਉ-7) **ਉਸਨਾ** :

ਇਕ ਪੌਰਾਣਿਕ ਪਾਤਰ; ਭਾਗਵਤ (7, 5) ਅਨੁਸਾਰ ਉਸਨਾ ਦੈਤਾਂ ਦਾ ਪ੍ਰੋਹਿਤ ਸੀ। ਭ੍ਰਿਗੂ ਵੰਸ਼ ਵਿਚ ਪੈਦਾ ਹੋਣ ਕਰ ਕੇ ਇਸ ਨੂੰ ਭਾਰਗਵ ਵੀ ਕਿਹਾ ਜਾਂਦਾ ਹੈ। ਪੁਰਾਣਾਂ ਅਨੁਸਾਰ ਇਸ ਦਾ ਵਿਆਹ ਪ੍ਰਿਯਵਰਤ ਰਾਜੇ ਦੀ ਕੰਨਿਆਂ ਉਰਜਸਵਤੀ ਨਾਲ ਹੋਇਆ। ਰਿੱਗ ਵੇਦ ਵਿਚ 'ਉਸਨਾ' ਦਾ ਉਲੇਖ 'ਕਵੀ' ਅਤੇ 'ਕਾਵਯ' ਵਿਸ਼ੇਸ਼ਣਾਂ ਨਾਲ ਵੀ ਕੀਤਾ ਗਿਆ ਹੈ। ਬ੍ਰਾਹਮਣਾਂ ਅਨੁਸਾਰ ਦੇਵਤਿਆਂ ਅਤੇ ਅਸੁਰਾਂ ਦੇ ਯੁੱਧ ਸਮੇਂ ਉਸਨਾ ਅਸੁਰਾਂ ਦਾ ਪ੍ਰੋਹਿਤ ਬਣਿਆ ਸੀ। ਉਸਨਾ ਦਾ ਏਕੀਕਰਣ ਸ਼ੁਕ੍ਰ ਨਾਲ ਵੀ ਕੀਤਾ ਜਾਂਦਾ ਹੈ। (ਵੇਖੋ : ਸ਼ੁਕ੍ਰ)

(ਉ-8) **ਉਸਮਾਨ (ਹਜ਼ਰਤ)** :

ਮੁਸਲਮਾਨਾਂ ਦਾ ਤੀਜਾ ਖ਼ਲੀਫ਼ਾ ਜਿਸ ਨੇ 644 ਈ: ਤੋਂ 656 ਈ: ਤਕ ਅਰਬ ਦੀ ਖ਼ਿਲਾਫ਼ਤ ਕੀਤੀ। ਉਸਮਾਨ ਹਜ਼ਰਤ ਮੁਹੰਮਦ ਸਾਹਿਬ ਦਾ ਜਵਾਈ ਸੀ ਅਤੇ ਇਸ ਨੇ ਉਨ੍ਹਾਂ ਦੀਆਂ ਦੋ ਧੀਆਂ ਰੁਕੀਅਹ ਅਤੇ ਉਮੁਕੁਲਸੂਮ ਨਾਲ ਵਿਆਹ ਕੀਤਾ ਹੋਇਆ ਸੀ। ਉਸਮਾਨ ਨੂੰ ਅਬੂ ਬਕਰ ਦੇ ਪੁੱਤਰ ਮੁਹੰਮਦ ਨੇ 656 ਈ: ਵਿਚ ਕਤਲ ਕਰ ਦਿਤਾ ਸੀ। ਹਜ਼ਰਤ ਉਸਮਾਨ ਦੀ ਇਸਲਾਮ ਨੂੰ ਸਭ ਤੋਂ ਵੱਡੀ ਦੇਣ ਕੁਰਾਨ ਦੀ ਸੁਧਾਈ ਹੈ। ਇਸ ਨੇ ਕੁਰਾਨ ਨੂੰ ਸੋਧ ਕੇ ਜੋ ਅੰਤਮ ਰੂਪ ਦਿਤਾ ਉਹੋ ਹੀ ਪ੍ਰਮਾਣੀਕ ਮੰਨ ਲਿਆ ਗਿਆ। ਮੁਸਲਮਾਨਾਂ ਵਿਚ ਹਜ਼ਰਤ ਉਸਮਾਨ 'ਗਨੀ' ਦੇ ਨਾਂ ਨਾਲ ਵੀ ਪ੍ਰਸਿਧ ਹੈ। ਧਾਰਨਾ ਹੈ ਕਿ ਇਸ ਨੂੰ 'ਗਨੀ' ਦੀ ਉਪਾਧੀ ਖ਼ੁਦਾ ਵਲੋਂ ਬਖਸ਼ੀ ਗਈ ਸੀ।

**(ੳ-9) ਉਸ਼ਰ :**

ਮੁਸਲਮਾਨਾਂ ਵਿਚ ਪੁੰਨ ਦਾਨ ਅਤੇ ਨੇਕ ਕਾਰਜਾਂ ਲਈ, ਆਪਣੀ ਆਮਦਨੀ ਵਿਚੋਂ ਹਰ ਮਹੀਨੇ ਵਖ ਕੀਤੀ ਰਕਮ, ਜੋ ਆਮਦਨੀ ਦਾ ਦਸਵਾਂ ਹਿੱਸਾ ਹੋਣ ਕਰ ਕੇ ਉਸ਼ਰ ਅਖਵਾਉਂਦੀ ਹੈ। ਸਿੱਖ ਇਸ ਰਕਮ ਨੂੰ 'ਦਸਵੰਧ' ਕਹਿੰਦੇ ਹਨ। (ਵੇਖੋ : ਦਸਵੰਧ)

**(ੳ-10) ਉਸ਼ਿਜ :**

ਰਿਗ ਵੇਦ ਦੇ ਇਕ ਰਿਸ਼ੀ ਕਕਸ਼ੀਵਾਨ ਦੀ ਮਾਤਾ, ਜਿਸ ਦੀ ਕਥਾ ਮਹਾਂਭਾਰਤ ਅਤੇ ਪੁਰਾਣਾਂ ਵਿਚ ਮਿਲਦੀ ਹੈ। ਪੌਰਾਣਿਕ ਕਥਾ ਅਨੁਸਾਰ ਉਸ਼ਿਜ ਕਲਿੰਗ ਦੀ ਰਾਣੀ ਦੀ ਕੰਵਾਰੀ ਦਾਸੀ ਸੀ। ਨਿਰਸੰਤਾਨ ਹੋਣ ਕਰ ਕੇ ਕਲਿੰਗ ਦੇ ਰਾਜੇ ਨੇ ਪੁਤਰ ਦੀ ਪ੍ਰਾਪਤੀ ਲਈ ਆਪਣੀ ਰਾਣੀ ਨੂੰ ਦੀਰਘਤਮਸ ਰਿਸ਼ੀ ਕੋਲ ਆਤਮ-ਸਮਰਪਣ ਲਈ ਭੇਜਿਆ, ਪਰ ਰਾਣੀ ਪਤੀਬ੍ਰਤ ਧਰਮ ਵਿਚ ਬੜੀ ਦ੍ਰਿੜ੍ਹ ਤੇ ਆਦਰਸ਼ਕ ਸੀ। ਸੋ, ਉਸ ਨੇ ਆਪਣੀ ਦਾਸੀ ਉਸ਼ਿਜ ਨੂੰ ਆਪਣਾ ਵੇਸ ਪਹਿਨਾ ਕੇ ਰਿਸ਼ੀ ਕੋਲ ਭੇਜ ਦਿਤਾ। ਰਿਸ਼ੀ ਨੂੰ ਇਸ ਗੱਲ ਦਾ ਪਤਾ ਲਗ ਗਿਆ, ਪਰ ਉਸ ਨੇ ਉਸ਼ਿਜ ਨਾਲ ਹੀ ਆਲਿੰਗਨ ਕਰ ਲਿਆ ਅਤੇ ਉਸ ਦੇ ਉਦਰ ਤੋਂ ਕਕਸ਼ੀਵਾਨ ਨਾਂ ਦਾ ਪੁਤਰ ਜੰਮਿਆ।

**(ੳ-11) ਉਸ਼ੀਨਰ :**

(1) ਇਕ ਚੰਦ੍ਰਵੰਸ਼ੀ ਰਾਜਾ ਜੋ ਮਹਾਮਨਾ ਦਾ ਪੁਤ੍ਰ ਸੀ। ਮਹਾਂਭਾਰਤ ਦੀ ਇਕ ਕਥਾ ਅਨੁਸਾਰ ਵਿਸ਼੍ਵਾਮਿਤ੍ਰ ਨੇ ਆਪਣੇ ਚੇਲੇ ਗਾਲਵ ਤੋਂ ਅੱਠ ਸੋ ਚਿੱਟੇ ਘੋੜਿਆਂ ਦੀ ਦੱਛਣਾ ਮੰਗੀ। ਗਾਲਵ ਚਿੱਟੇ ਘੋੜੇ ਪ੍ਰਾਪਤ ਕਰਨ ਲਈ ਯਯਾਤੀ ਦੀ ਲੜਕੀ 'ਮਾਧਵੀ' ਨੂੰ ਆਤਮ-ਸਮਰਪਣ ਲਈ ਵਾਰੋ ਵਾਰੀ ਕਈ ਰਾਜਿਆਂ—ਹਰਯਸ਼੍ਵ, ਦਿਵੋਦਾਸ ਅਤੇ ਉਸ਼ੀਨਰ ਆਦਿ ਦੇ ਕੋਲ ਲੈ ਕੇ ਗਿਆ। ਉਸ਼ੀਨਰ ਨੇ ਮਾਧਵੀ ਤੋਂ 'ਸ਼ਿਵੀ' (ਵੇਖੋ : ਸ਼ਿਵੀ) ਪੁਤ੍ਰ ਪੈਦਾ ਕੀਤਾ ਅਤੇ ਦੋ ਸੋ ਘੋੜਿਆਂ ਸਮੇਤ ਮਾਧਵੀ ਨੂੰ ਗਾਲਵ ਦੇ ਹਵਾਲੇ ਕਰ ਦਿਤਾ। (ਵੇਖੋ : ਗਾਲਵ)। 'ਜਾਤਕ' ਕਥਾਵਾਂ ਵਿਚ ਵੀ ਉਸ਼ੀਨਰ ਤੇ ਉਸ ਦੇ ਪੁਤਰ ਸ਼ਿਵੀ ਦਾ ਵਰਨਣ ਮਿਲਦਾ ਹੈ। ਉਸ਼ੀਨਰ ਇਸੇ ਨਾਉਂ ਦੇ ਦੇਸ਼ ਦਾ ਰਾਜਾ ਸੀ, ਇਸ ਦੀ ਬੰਸਾਵਲੀ ਗਲਾਸਰੀ (1,55) ਵਿਚ ਦਿਤੀ ਮਿਲਦੀ ਹੈ।

(2) ਵੈਦਿਕ ਕਾਲ ਦੀ ਇਕ ਜਾਤੀ ਜੋ ਉਸ਼ੀਨਰ ਦੀ ਵੰਸ਼ ਵਿਚੋਂ ਹੋਣ ਕਰ ਕੇ ਇਸੇ ਸੰਗਿਆ ਨਾਲ ਪ੍ਰਸਿਧ ਹੋਈ। ਪਹਿਲਾਂ ਇਹ ਜਾਤੀ ਗੰਧਾਰ ਦੇਸ਼ ਵਿਚ ਰਹਿੰਦੀ ਸੀ, ਮਗਰੋਂ ਇਹ ਮਧਯ ਪ੍ਰਦੇਸ਼ ਵਿਚ ਜਾ ਵਸੀ।

(3) ਇਕ ਦੇਸ਼ ਜੋ ਗੰਧਾਰ ਦੇ ਨੇੜੇ ਸਥਿਤ ਸੀ। ਪਾਣਿਨੀ ਨੇ ਅਸ਼ਟਾਧਿਆਈ ਦੇ ਸੂਤਰਾਂ ਵਿਚ ਕਈ ਥਾਈਂ ਉਸ਼ੀਨਰ ਦੇਸ਼ ਦਾ ਜ਼ਿਕਰ ਕੀਤਾ ਹੈ।

**(ੳ-12) ਉਹੜ-ਪੁਹੜ :**

ਕਿਸੇ ਰੋਗ ਨੂੰ ਦੂਰ ਕਰਨ ਲਈ ਝਾੜ ਫੂਕ ਜਾਂ ਟੂਣਾ ਟਪਾ ਕਰਨਾ। ਲੋਕ-ਨਿਸਚੇ ਅਨੁਸਾਰ ਰੋਗ ਦੇਵੀ-ਦਿਉਤਿਆਂ ਦੀ ਕਰੋਪੀ ਅਤੇ ਚੰਦਰੀਆਂ ਰੂਹਾਂ ਦੇ ਖੋਰ ਕਾਰਨ ਲਗਦੇ ਹਨ। ਇਸ ਲਈ 'ਸਿਆਣਿਆਂ' ਕੋਲ ਜਾ ਕੇ ਝਾੜ-ਫੂਕ ਜਾਂ ਕੋਈ ਹੋਰ ਉਹੜ-ਪੁਹੜ ਕਰਵਾਣ ਨਾਲ ਵੀ ਰੋਗ ਦੂਰ ਹੋ ਸਕਦੇ ਹਨ। (ਵੇਖੋ : ਸਿਆਣੇ)

**(ੳ-13) ਉਕਰਾਂ :**

ਗੁੱਲੀ ਡੰਡੇ ਦੀ ਇਕ ਖੇਡ ਜਿਸ ਵਿਚ ਦੋਵੇਂ ਧਿਰ ਵਾਰੋ ਵਾਰੀ ਡੰਡੇ ਉਤੇ ਗੁੱਲੀ ਉਛਾਲਦੇ ਅਤੇ ਟੁੱਲਾਂ ਗਿਣਦੇ ਜਾਂਦੇ ਹਨ। ਜੇ ਗੁੱਲੀ ਹੇਠਾਂ ਡਿੱਗ ਪਏ ਤਾਂ ਵਾਰੀ ਮੁਕ ਜਾਂਦੀ ਹੈ। ਜਿਹੜਾ ਖਿਡਾਰੀ ਸਭ ਤੋਂ ਵਧ ਉਕਰਾਂ ਕਰੇ ਉਹ ਮੀਰੀ ਗਿਣਿਆ ਜਾਂਦਾ ਹੈ।

ਗੁੱਲੀ ਡੰਡੇ ਦੀ ਖੇਡ ਸ਼ੁਰੂ ਕਰਨ ਵੇਲੇ ਪਿੱਤ ਦੀ ਪਹਿਲ ਦਾ ਫ਼ੈਸਲਾ ਕਰਨ ਲਈ ਵੀ ਦੋਵੇਂ ਧਿਰਾਂ ਦੇ ਵੱਡੇ ਆੜੀ ਉਕਰਾਂ ਕਰਦੇ ਹਨ। ਜਿਸ ਧਿਰ ਦੇ ਆੜੀ ਦੀਆਂ ਉਕਰਾਂ ਵਧੇਰੇ ਹੋਣ, ਉਹੋ ਧਿਰ ਖੇਡ ਆਰੰਭ ਕਰਦੀ ਹੈ।

**(ੳ-14) ਉਕੜ-ਦੁਕੜ :**

ਛੋਟੇ ਬੱਚਿਆਂ ਵਿਚ ਪ੍ਰਚਲਤ ਇਕ ਟੱਪਾ ਜੋ ਉਹ ਆੜੀ ਮਿਥਣ ਵੇਲੇ ਜਾਂ ਮੀਟੀ ਨਿਸਚਿਤ

ਕਰਨ ਲਈ ਪੜ੍ਹਦੇ ਹਨ । ਪੂਰਾ ਟੱਪਾ ਇਸ ਤਰ੍ਹਾਂ ਹੈ :—

ਉਕੜ ਦੁਕੜ ਭੰਬਾ ਭੋ,
ਅੱਸੀ ਨੱਬੇ ਪੂਰਾ ਸੌ,
ਸੌ ਘਲੋਟਾ ਤਿੱਤਰ ਮੋਟਾ,
ਚਲ ਮਦਾਰੀ ਪੈਸਾ ਖੋਟਾ ।

ਸਾਰੇ ਬੱਚੇ ਇਕ ਘੇਰੇ ਵਿਚ ਖੜੇ ਹੋ ਜਾਂਦੇ ਹਨ । ਵੱਡਾ ਆੜੀ ਉਪਰਲੇ ਟੱਪੇ ਨੂੰ ਉਚਾਰਦਿਆਂ ਹਰ ਸ਼ਬਦ ਉਤੇ ਘੇਰੇ ਵਿਚ ਖੜੇ ਖਿਡਾਰੀਆਂ ਵਲ ਇਕ ਇਕ ਕਰ ਕੇ ਸੰਕੇਤ ਕਰਦਾ ਜਾਂਦਾ ਹੈ, ਜਿਸ ਖਿਡਾਰੀ ਉਤੇ ਅੰਤਲਾ ਸ਼ਬਦ 'ਖੋਟਾ' ਪੈਂਦਾ ਹੈ, ਉਸ ਦੇ ਸਿਰ ਮੀਟੀ ਆ ਜਾਂਦੀ ਹੈ । ਕਈ ਵਾਰ ਖਿਡਾਰੀ ਪੁੱਗਣ ਵੇਲੇ ਵੀ ਇਹੋ ਟੱਪਾ ਵਰਤ ਲੈਂਦੇ ਹਨ । ਜਿਸ ਖਿਡਾਰੀ ਉਤੇ 'ਖੋਟਾ' ਸ਼ਬਦ ਪੈਂਦਾ ਹੈ, ਉਹ ਜਾਣੋਂ ਪੁੱਗ ਗਿਆ । ਫਿਰ ਇਹ ਟੱਪਾ ਦੁਹਰਾ ਕੇ ਦੂਜੇ ਆੜੀਆਂ ਨੂੰ ਵੀ ਪੁੱਗਾਇਆ ਜਾਂਦਾ ਹੈ। ਜੋ ਬੱਚਾ ਅਖ਼ੀਰ ਵਿਚ ਅਣਪੁਗਿਆ ਰਹਿ ਜਾਂਦਾ ਹੈ ਉਸ ਸਿਰ ਮੀਟੀ ਆ ਜਾਂਦੀ ਹੈ । ਜੇ ਖਿਡਾਰੀਆਂ ਨੂੰ ਦੋ ਧਿਰਾਂ ਵਿਚ ਵੰਡਣਾ ਹੋਵੇ ਤਾਂ ਵੀ ਇਸੇ ਟੱਪੇ ਦੁਆਰਾ ਖਿਡਾਰੀਆਂ ਨੂੰ ਵਾਰੋ ਵਾਰੀ ਪੁਗਾ ਕੇ ਅੱਧੇ ਖਿਡਾਰੀ ਵਖ ਕਰ ਲਏ ਜਾਂਦੇ ਹਨ । ਬਾਕੀ ਅੱਧੇ ਦੂਜੀ ਧਿਰ ਬਣ ਜਾਂਦੇ ਹਨ । (ਵੇਖੋ : ਪੁੱਗਣਾ)

ਦਨ-ਪੱਠੋਹਾਰ ਵਿਚ ਇਹ ਟੱਪਾ ਬੜਾ ਪ੍ਰਸਿਧ ਹੈ । ਇਸ ਨੂੰ ਉਚਾਰਨ ਭੇਦ ਨਾਲ 'ਇਕੜ-ਦੁਕੜ' ਵੀ ਕਹਿੰਦੇ ਹਨ ।

## (ਉ-15) ਉਕਾਬ :

ਇਕ ਸ਼ਿਕਾਰੀ ਪੰਛੀ; ਲੋਕ-ਨਿਸਚੇ ਅਨੁਸਾਰ ਇਸ ਦੇ ਖੰਭਾਂ ਦੀ ਸਵਾਹ ਜਿਸ ਥਾਂ ਸੁਟੀ ਜਾਵੇ, ਉਥੇ ਕਦੇ ਸੱਪ ਨਹੀਂ ਆਉਂਦਾ । ਪੁਰਾਣੇ ਵੇਲਿਆਂ ਵਿਚ ਸੂਰਮੇ ਉਕਾਬ ਦੇ ਖੰਭਾਂ ਨੂੰ ਆਪਣੇ ਤੀਰਾਂ ਨਾਲ ਜੜ ਕੇ ਇਸ ਨਿਸਚੇ ਨਾਲ ਨਿਸ਼ਾਨਾ ਮਾਰਦੇ ਸਨ ਕਿ ਅਜਿਹੇ ਤੀਰ ਦਾ ਵਾਰ ਕਦੇ ਖ਼ਾਲੀ ਨਹੀਂ ਜਾਂਦਾ । ਇਹ ਵਿਸ਼ਵਾਸ਼ ਸਹਾਨਭੂਤੀ ਟੂਣੇ ਉਤੇ ਆਧਾਰਤ ਹੈ । ਉਕਾਬ ਸ਼ਕਤੀਸ਼ਾਲੀ ਪੰਛੀ ਹੋਣ ਕਰ ਕੇ ਸ਼ਿਕਾਰ ਨੂੰ ਹਥੋਂ ਨਹੀਂ ਨਿਕਲਣ ਦੇਂਦਾ । ਸੋ ਜਿਸ ਤੀਰ ਨਾਲ ਉਕਾਬ ਦੇ ਖੰਭ ਲਗੇ ਹੋਣ ਉਸ ਦਾ ਵਾਰ ਵੀ ਖ਼ਾਲੀ ਨਹੀਂ ਜਾਂਦਾ ।

## (ਉ-16) ਉਗ੍ਰ :

(1) ਰੁਦ੍ਰ ਜਾਂ ਉਸ ਦੇ ਅਵਤਾਰਾਂ ਵਿਚੋਂ ਇਕ ਦਾ ਨਾਉਂ । (ਵੇਖੋ : ਰੁਦ੍ਰ)

(2) ਇਕ ਅਸੁਰ ਜਿਸ ਦੇ ਪੁਤਰ ਦਾ ਨਾਂ ਵਜ੍ਰਾ ਸੀ ।

(3) ਧ੍ਰਿਤਰਾਸ਼ਟਰ ਦਾ ਇਕ ਪੁੱਤਰ ਜਿਸਨੂੰ ਭੀਮ ਨੇ ਮਹਾਂਭਾਰਤ ਦੇ ਯੁਧ ਵਿਚ ਮਾਰਿਆ ਸੀ ।

(4) ਮਨੂ ਅਨੁਸਾਰ ਸ਼ੂਦ੍ਰ ਤੀਵੀਂ ਦੇ ਉਦਰ ਤੋਂ ਕਸ਼ਤ੍ਰੀ ਦੀ ਔਲਾਦ; ਔਸ਼ਨਸ ਸਿਮ੍ਰਿਤੀ ਵਿਚ ਸ਼ੂਦਰ ਤੀਵੀਂ ਦੀ ਕੁੱਖੋਂ ਜੰਮੇਂ ਬ੍ਰਾਹਮਣ ਦੇ ਪੁਤ੍ਰ ਨੂੰ ਉਗ੍ਰ ਕਿਹਾ ਗਿਆ ਹੈ ।

## (ਉ-17) ਉਗ੍ਰਸੈਨ :

ਨੰਦ ਵੰਸ਼ ਦਾ ਪਹਿਲਾ ਸਮਰਾਟ; ਕ੍ਰਿਸ਼ਨ ਦੇ ਨਾਨੇ ਦੇਵਕ ਦਾ ਭਰਾ ਅਤੇ ਕੰਸ ਦਾ ਪਿਤਾ । ਉਗ੍ਰਸੈਨ ਦੇ ਨੌਂ ਪੁਤਰ ਅਤੇ ਪੰਜ ਧੀਆਂ ਸਨ, ਜਿਨ੍ਹਾਂ ਵਿਚੋਂ ਕੰਸ ਸਭ ਤੋਂ ਵੱਡਾ ਸੀ । ਉਗ੍ਰਸੈਨ ਮਥਰਾ ਦਾ ਰਾਜਾ ਸੀ । ਦੇਵਕੀ ਨੂੰ ਧੀਆਂ ਵਾਂਗ ਪਾਲਣ ਕਰ ਕੇ ਉਗ੍ਰਸੈਨ ਦਾ ਉਸ ਨਾਲ ਬੜਾ ਸਨੇਹ ਸੀ । ਕੰਸ ਨੇ ਉਗ੍ਰਸੈਨ ਨੂੰ ਗਦੀ ਤੋਂ ਉਤਾਰ ਕੇ ਖ਼ੁਦ ਮਥਰਾ ਦਾ ਰਾਜ ਸੰਭਾਲ ਲਿਆ ਅਤੇ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਉਗ੍ਰਸੈਨ ਸਮੇਤ ਬੰਦੀ ਖ਼ਾਨੇ ਵਿਚ ਸੁੱਟ ਦਿਤਾ । ਕ੍ਰਿਸ਼ਨ ਨੇ ਦੇਵਕੀ ਦੇ ਉਦਰ ਤੋਂ ਜਨਮ ਲਿਆ ਤੇ ਆਪਣੇ ਮਾਮੇ ਕੰਸ ਨੂੰ ਮਾਰ ਕੇ ਮੁੜ ਉਗ੍ਰਸੈਨ ਨੂੰ ਮਥਰਾ ਦੇ ਰਾਜ-ਸਿੰਘਾਸਨ ਉਤੇ ਬਿਠਾ ਦਿਤਾ । "ਉਗ੍ਰਸੈਣ ਕਉ ਰਾਜ ਅਭੈ ਭਗਤਹਿ ਜਨ ਦੀਓ ।" (ਸਵੈਯੇ ਮ: ਪਹਿਲੇ ਕੇ) । ਕ੍ਰਿਸ਼ਨ ਕਾਵਿ ਵਿਚ ਉਗ੍ਰਸੈਨ ਦੀ ਕਥਾ ਵਲ ਕਈ ਥਾਈਂ ਸੰਕੇਤ ਮਿਲਦੇ ਹਨ । (ਵੇਖੋ : ਕੰਸ)

## (ਉ-18) ਉਗ੍ਰਚੰਡਾ :

ਕਾਲਕਾ ਪੁਰਾਣ (52-53 ਅਧਿਆਇ) ਅਨੁਸਾਰ ਚੌਂਸਠ ਜੋਗਣੀਆਂ ਵਿਚੋਂ ਇਕ;

ਉਗ੍ਰਚੰਡਾ ਬੜੀ ਵਿਕਰਾਲ ਅਤੇ ਦੁਸ਼ਟ ਸੁਭਾਵ ਦੀ ਹੈ। ਜੋਗਣੀਆਂ ਦੁਰਗਾ ਅਤੇ ਕਾਲੀ ਦੀਆਂ ਸਖੀਆਂ ਹਨ, ਜੋ ਸਦਾ ਉਸ ਦੀ ਸੇਵਾ ਵਿਚ ਹਾਜ਼ਰ ਰਹਿੰਦੀਆਂ ਹਨ। (ਵੇਖੋ : ਜੋਗਣੀਆਂ)

(ੳ-19) **ਉਗ੍ਰਚੰਡੀ** :

ਦੁਰਗਾ ਦੇਵੀ ਦਾ ਇਕ ਵਿਕਰਾਲ ਰੂਪ। ਦੱਖਸ਼ ਨੇ ਆਪਣੇ ਯੱਗ ਵਿਚ ਸ਼ਿਵ ਅਤੇ ਉਮਾ ਨੂੰ ਸ਼ਾਮਿਲ ਹੋਣ ਲਈ ਸੱਦਾ ਨਹੀਂ ਸੀ ਭੇਜਿਆ। ਉਮਾ ਨੇ ਇਸ ਅਪਮਾਨ ਦਾ ਬਦਲਾ ਲੈਣ ਲਈ ਉਗ੍ਰਚੰਡੀ ਦਾ ਰੂਪ ਧਾਰ ਕੇ ਦੱਖਸ਼ ਦਾ ਯੱਗ ਭੰਗ ਕਰ ਦਿਤਾ ਸੀ। ਸਾਕਤ ਮੱਤ ਵਾਲੇ ਸਾਵਣ ਵਦੀ ਨੌਮੀ ਨੂੰ ਉਗ੍ਰਚੰਡੀ ਦੀ ਪੂਜਾ ਕਰਦੇ ਹਨ। ਉਗ੍ਰਚੰਡੀ ਦੇ ਅਠਾਰਾਂ ਹੱਥ ਮੰਨੇ ਜਾਂਦੇ ਹਨ।

(ੳ-20) **ਉਗ੍ਰਤਪ** :

ਇਕ ਪੌਰਾਣਿਕ ਰਿਸ਼ੀ ਜੋ ਵਿਸ਼ਨੂੰ ਦਾ ਅਨਿੰਨ ਭਗਤ ਸੀ। ਇਸ ਨੇ ਘੋਰ ਤਪੱਸਿਆ ਕਰ ਕੇ ਵਿਸ਼ਨੂੰ ਤੋਂ ਇਹ ਵਰ ਮੰਗਿਆ ਕਿ ਉਹ ਅਗਲੇ ਜਨਮ ਉਨ੍ਹਾਂ ਦੀ ਸੇਵਾ ਮਨੁੱਖੀ ਜਾਮੇ ਵਿਚ ਕਰੇ। ਫਲਸਰੂਪ ਉਗ੍ਰਤਪ ਦਾ ਜਨਮ ਕ੍ਰਿਸ਼ਨ ਦੇ ਸਮੇਂ ਗੋਕਲ ਦੇ ਇਕ ਗੁਆਲੇ ਸੁਨੰਦ ਦੇ ਘਰ ਕੰਨਿਆਂ ਦੇ ਰੂਪ ਵਿਚ ਹੋਇਆ ਅਤੇ ਉਸ ਨੇ ਗੋਪੀ ਬਣ ਕੇ ਕ੍ਰਿਸ਼ਨ ਦੀ ਖ਼ੂਬ ਸੇਵਾ ਕੀਤੀ। ਕ੍ਰਿਸ਼ਨ ਵਿਸ਼ਨੂੰ ਦਾ ਹੀ ਅੰਸ਼ ਅਵਤਾਰ ਸੀ।

(ੳ-21) **ਉਗ੍ਰਤਾਰਾ** :

ਭਗਵਤੀ ਦੇਵੀ ਦਾ ਇਕ ਨਾਉਂ। ਦੇਵੀ ਦੀ ਇਸ ਰੂਪ ਵਿਚ ਉਤਪੱਤੀ ਦੀ ਕਥਾ ਇਸ ਪ੍ਰਕਾਰ ਹੈ — ਇਕ ਵਾਰ ਸੁੰਭ ਅਤੇ ਨਿਸੁੰਭ ਰਾਖਸ਼ ਦੇਵਤਿਆਂ ਦੇ ਯੱਗ ਦਾ ਅੰਸ਼ ਚੁਰਾ ਕੇ ਦਿਗਪਾਲ ਬਣ ਬੈਠੇ ਅਤੇ ਦੇਵਤਿਆਂ ਨੂੰ ਦੁਖ ਅਤੇ ਤਸੀਹੇ ਦੇਣ ਲਗੇ। ਇਨ੍ਹਾਂ ਦੇ ਅਤਿਆਚਾਰਾਂ ਤੋਂ ਦੁਖੀ ਹੋ ਕੇ ਦੇਵਤੇ ਮਾਤੰਗ ਰਿਸ਼ੀ ਦੇ ਆਸ਼ਰਮ ਵਿਚ ਇਕੱਠੇ ਹੋਏ ਅਤੇ ਸਭਨਾਂ ਨੇ ਰਲ ਕੇ ਭਗਵਤੀ ਦੇਵੀ ਦੀ ਅਰਾਧਨਾ ਕੀਤੀ। ਦੇਵੀ ਪ੍ਰਸੰਨ ਹੋ ਕੇ ਮਾਤੰਗ ਰਿਸ਼ੀ ਦੀ ਪਤਨੀ ਦੇ ਰੂਪ ਵਿਚ ਪ੍ਰਗਟ ਹੋਈ। ਇਸ ਦੇਵੀ ਦੇ ਜਿਸਮ ਵਿਚੋਂ ਇਕ ਦੇਵੀ ਜੋਤ ਉਦੈ ਹੋਈ ਜਿਸ ਦੁਆਰਾ ਸੁੰਭ ਤੇ ਨਿਸੁੰਭ ਰਾਖਸ਼ਾਂ ਦਾ ਬੱਧ ਹੋਇਆ। ਉਗ੍ਰਤਾਰਾ ਦੀਆਂ ਚਾਰ ਬਾਹਵਾਂ ਸਨ। ਉਸ ਦਾ ਰੰਗ ਕਾਲਾ ਅਤੇ ਗਲੇ ਵਿਚ ਮੁੰਡ ਮਾਲਾ ਸੀ। ਮਾਤੰਗ ਦੀ ਪਤਨੀ ਹੋਣ ਕਰ ਕੇ ਇਸ ਦੇਵੀ ਨੂੰ ਮਾਤੰਗੀ ਵੀ ਕਹਿੰਦੇ ਹਨ।

(ੳ-22) **ਉਂਗਲ** :

ਹੱਥ ਦੀਆਂ ਉਂਗਲਾਂ ਨਾਲ ਕਈ ਤਰ੍ਹਾਂ ਦੀ ਲੋਕਧਾਰਾ ਜੁੜੀ ਹੋਈ ਹੈ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਹਰੇਕ ਉਂਗਲ ਦੇ ਵਖੋ ਵਖਰੇ ਨਾਉਂ ਮਿਲਦੇ ਹਨ ਜੋ ਅੰਗੂਠੇ ਤੋਂ ਸ਼ੁਰੂ ਹੋ ਕੇ ਤਰਤੀਬਵਾਰ ਇਸ ਤਰ੍ਹਾਂ ਹਨ : ਅੰਗੁਸ਼ਠ, ਤਰਜਨੀ, ਮੱਧਯਮਾ, ਅਨਾਮਿਕਾ ਤੇ ਕਨਿਸ਼ਠਕਾ। ਪੰਜਾਬੀ ਵਿਚ ਇਨ੍ਹਾਂ ਉਂਗਲਾਂ ਨੂੰ ਕ੍ਰਮਵਾਰ ਅੰਗੂਠਾ, ਅਗਲੀ, ਵਿਚਲੀ, ਪਿਛਲੀ ਤੇ ਚੀਚੀ ਉਂਗਲੀ ਕਹਿੰਦੇ ਹਨ।

ਲੋਕ-ਦਰਸ਼ਨ ਅਨੁਸਾਰ ਉਂਗਲਾਂ ਅਸਮਾਨਤਾ ਦੀਆਂ ਵਾਚਕ ਹਨ। ਅਖਾਣ ਹਨ — 'ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ'; 'ਉਂਗਲ ਉਂਗਲ ਵੇਰਵਾ ਚੱਪੇ ਚੱਪੇ ਵਿੱਥ', ਆਦਿ। ਉਂਗਲਾਂ ਨਾਲ ਸੰਬੰਧਿਤ ਇਕ ਲਘੂ-ਕਥਾ ਬੱਚੇ ਇਉਂ ਪਾਉਂਦੇ ਹਨ : ਪਹਿਲੀ ਕਹਿੰਦੀ ਏ : 'ਆਓ ਕੁਝ ਖਾਈਏ'; ਦੂਜੀ ਕਹਿੰਦੀ ਏ : 'ਕਿਥੋਂ ਲਿਆਈਏ'; ਤੀਜੀ ਕਹਿੰਦੀ ਏ : 'ਉਧਾਰ-ਸੁਧਾਰ'; ਚੌਥੀ ਕਹਿੰਦੀ ਏ : 'ਕੌਣ ਮੁਕਾਸੀ'; ਅੰਗੂਠਾ ਕਹਿੰਦਾ ਏ (ਠੂਠ ਵਿਖਾ ਕੇ) : 'ਮੈਂ ਜੋ ਬੈਠਾ ਹਾਂ'। ਇਸ ਲਘੂ-ਕਥਾ ਦਾ ਭਾਵ ਹੈ ਕਿ ਵਡਿਆਂ ਦੇ ਬੈਠਿਆਂ ਛੋਟਿਆਂ ਨੂੰ ਚਿੰਤਾ ਦੀ ਲੋੜ ਨਹੀਂ।

ਹੱਥ ਦੀਆਂ ਉਂਗਲਾਂ ਉਤੇ ਸੋਨੇ ਅਤੇ ਚਾਂਦੀ ਦੇ ਕਈ ਗਹਿਣੇ ਪਹਿਨੇ ਜਾਂਦੇ ਹਨ; ਜਿਵੇਂ ਮੁੰਦਰੀਆਂ, ਛਾਪਾਂ, ਕਲੀਚੜੀਆਂ, ਛੱਲੇ ਆਦਿ। 'ਛੱਲਾ ਮੇਰਾ ਕਿਸ ਘੜਿਆ ਮੇਰੀ ਉਂਗਲ ਕਰੇਂਦੀ ਪੀੜ ਵੇ' — ਲੋਕ ਗੀਤ। ਪ੍ਰਾਚੀਨ ਕਾਲ ਵਿਚ ਆਰੀਆ ਲੋਕ ਪ੍ਰੇਤ ਰੂਹਾਂ ਤੋਂ ਰੱਖਿਆ ਲਈ ਕੁਸ਼ਾ ਘਾਹ ਦਾ ਛੱਲਾ ਬਣਾ ਕੇ ਉਂਗਲ ਵਿਚ ਪਾ ਲੈਂਦੇ ਸਨ, ਮਗਰੋਂ ਜਦੋਂ ਧਾਤਾਂ ਦਾ ਯੁਗ ਸ਼ੁਰੂ ਹੋਇਆ ਤਾਂ ਕੁਸ਼ਾ ਘਾਹ ਦੀ ਥਾਂ ਪਹਿਲਾਂ ਲੋਹੇ ਅਤੇ ਫਿਰ ਚਾਂਦੀ ਤੇ ਸੋਨੇ ਦੇ ਛੱਲੇ ਨੇ ਮਲ ਲਈ।

ਕਈ ਲੋਕ ਵਿਚਕਾਰਲੀ ਉਂਗਲੀ ਵਿਚ ਮੁੰਦਰੀ-ਛੱਲਾ ਨਹੀਂ ਪਾਉਂਦੇ। ਧਾਰਨਾ ਹੈ ਕਿ ਇਸ ਉਂਗਲੀ ਵਿਚ ਮੁੰਦਰੀ ਪਾਉਣ ਵਾਲੇ ਨੂੰ ਸੱਪ ਡੰਗ ਜਾਂਦਾ ਹੈ। ਸ਼ਗਨ ਦੀ ਮੁੰਦਰੀ 'ਪਿਛਲੀ' ਅਥਵਾ ਅਨਾਮਿਕਾ ਵਿਚ ਪਾਈ ਜਾਂਦੀ ਹੈ। ਪਰ ਪੋਠੋਹਾਰ ਵਿਚ ਸ਼ਗਨ ਦੀ ਮੁੰਦਰੀ ਜੋ 'ਕੰਵਾਰ ਧੋਤੀ' ਨਾਲ ਆਉਂਦੀ ਹੈ ਅਤੇ 'ਪੱਠੜੀ' ਦੇ ਨਾਂ ਨਾਲ ਪ੍ਰਸਿਧ ਹੈ, ਵਿਚਕਾਰਲੀ ਉਂਗਲੀ ਵਿਚ ਹੀ ਪਾਈ ਜਾਂਦੀ ਹੈ। (ਵੇਖੋ : ਪੱਠੜੀ)

ਪੈਰਾਂ ਦੀਆਂ ਉਂਗਲੀਆਂ ਵਿਚ ਵੀ ਗਹਿਣੇ ਪਾਉਣ ਦਾ ਰਿਵਾਜ ਹੈ, ਜਿਨ੍ਹਾਂ ਨੂੰ ਛੱਲੇ, ਬਿੱਛੂਏ ਅਤੇ ਗੁਠੜੇ ਆਦਿ ਕਹਿੰਦੇ ਹਨ। ਬਿੱਛੂਏ ਨੂੰ ਪਹਿਨਣ ਨਾਲ, ਲੋਕ-ਵਿਸ਼ਵਾਸ਼ ਅਨੁਸਾਰ, ਸੱਪ ਅਨ੍ਹਆਂ ਪੈਰਾਂ ਦੇ ਨੇੜੇ ਨਹੀਂ ਢੁਕਦਾ। ਕਾਂਗੜੇ ਵਿਚ ਪੈਰ ਦੇ ਅੰਗੂਠੇ ਉਤੇ 'ਫੁੱਲੂ' ਪਹਿਨਿਆ ਜਾਂਦਾ ਹੈ।

ਉਂਗਲੀਆਂ ਦੀ ਬਨਾਵਟ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਜੁੜੇ ਹੋਏ ਹਨ। ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਚੀਚੀ ਉਂਗਲੀ ਜ਼ਮੀਨ ਨਾਲ ਛੂਹੰਦੀ ਹੋਵੇ ਤਾਂ ਉਹ ਬਹੁਤਾ ਚਿਰ ਸੁਹਾਗ ਨਹੀਂ ਮਾਣਦੀ; ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਦੂਜੀ ਉਂਗਲੀ ਅੰਗੂਠੇ ਨਾਲੋਂ ਵਡੀ ਹੋਵੇ ਤਾਂ ਉਹ ਪਤੀਬ੍ਰਤ ਧਰਮ ਵਿਚ ਦ੍ਰਿੜ੍ਹ ਨਹੀਂ ਹੁੰਦੀ। (ਵੇਖੋ : ਅੰਗੂਠਾ)

## (ੳ-23) ਉਂਗਲ ਸੌਦਾ :

ਪਸ਼ੂਆਂ ਨੂੰ ਵੇਚਣ ਅਤੇ ਖ਼ਰੀਦਣ ਵੇਲੇ ਦਲਾਲ ਦੋਹਾਂ ਧਿਰਾਂ ਵਿਚ ਸੌਦਾ ਕਰਾਉਣ ਲਈ ਗੁਪਤ ਢੰਗ ਨਾਲ ਉਂਗਲਾਂ ਦੇ ਸੰਕੇਤ ਵਰਤਦੇ ਹਨ। ਕਈ ਵਾਰ ਦੋਹਾਂ ਧਿਰਾਂ ਦੇ ਦਲਾਲ ਆਪਣੇ ਹੱਥ ਕਿਸੇ ਸਾਂਝੇ ਰੁਮਾਲ ਜਾਂ ਕਪੜੇ ਹੇਠ ਛੁਪਾ ਕੇ ਸੰਕੇਤਾਂ ਦੁਆਰਾ ਸੌਦਾ ਕਰਦੇ ਹਨ। ਜੇ ਦੋਹਾਂ ਧਿਰਾਂ ਵਲੋਂ ਸਾਂਝਾ ਦਲਾਲ ਹੋਵੇ ਤਾਂ ਉਹ ਵਾਰੋਵਾਰੀ ਦੋਹਾਂ ਧਿਰਾਂ ਦਾ ਹੱਥ ਫੜ ਕੇ ਉਂਗਲ-ਸੰਕੇਤਾਂ ਨਾਲ ਸੌਦਾ ਠਹਿਰਾਂਦਾ ਹੈ। ਜੇ ਸਾਰਾ ਹੱਥ ਦੂਜੇ ਨੂੰ ਫੜਾ ਦਿਤਾ ਜਾਵੇ ਤਾਂ ਭਾਵ ਇਕ ਹਜ਼ਾਰ ਰੁਪਏ ਤੋਂ ਹੁੰਦਾ ਹੈ, ਜਿਤਨੀ ਵਾਰ ਹੱਥ ਦਬਾਇਆ ਜਾਵੇ ਉਤਨੇ ਹਜ਼ਾਰ ਰੁਪਿਆਂ ਵਲ ਸੰਕੇਤ ਹੁੰਦਾ ਹੈ। ਪੰਜੇ ਉਂਗਲਾਂ ਪੰਜ ਸੌ ਰੁਪਏ ਦੀਆਂ ਸੂਚਿਕ ਹਨ, ਅਰਥਾਤ ਇਕ ਉਂਗਲ ਸੌ ਰੁਪਏ ਦੀ। ਜੇ ਉਂਗਲੀ ਅੱਧੀ ਹੇਠਾਂ ਵਲ ਝੁਕਾ ਦਿਤੀ ਜਾਵੇ ਤਾਂ ਇਸ ਦਾ ਭਾਵ ਪੰਜਾਹ ਰੁਪਏ ਹੈ। ਪਹਿਲੀ ਉਂਗਲੀ ਦਾ ਪੋਟਾ ਦਸ ਰੁਪਏ ਦਾ ਸੂਚਿਕ ਹੈ; ਦੂਜੀ, ਤੀਜੀ, ਚੋਥੀ ਦਾ ਪੋਟਾ ਤਰਤੀਬਵਾਰ ਵੀਹ, ਤੀਹ ਅਤੇ ਚਾਲ੍ਹੀ ਰੁਪਏ ਦਾ। ਇਸ ਵਿਧੀ ਨਾਲ ਦਲਾਲ ਦੋਹਾਂ ਧਿਰਾਂ ਦੇ ਸਾਹਮਣੇ ਹੀ ਉਂਗਲਾਂ ਦੁਆਰਾ ਸੌਦਾ ਠਹਿਰਾ ਲੈਂਦੇ ਹਨ। ਇਸ ਨੂੰ 'ਉਂਗਲ ਸੌਦਾ' ਜਾਂ 'ਚੋਰ ਸੌਦਾ' ਕਿਹਾ ਜਾਂਦਾ ਹੈ।

## (ੳ-24) ਉਂਗਲ ਬੁੱਝਣਾ :

ਬੱਚਿਆਂ ਦੀ ਇਕ ਖੇਡ ਜਿਸ ਵਿਚ ਇਕ ਬੱਚਾ ਸੱਜੇ ਹੱਥ ਦੀਆਂ ਪੰਜੇ ਉਂਗਲਾਂ ਨੂੰ ਖੱਬੇ ਹੱਥ ਵਿਚ ਇਸ ਤਰ੍ਹਾਂ ਘੁਟ ਲੈਂਦਾ ਹੈ ਕਿ ਉਨ੍ਹਾਂ ਦੇ ਕੇਵਲ ਉਪਰਲੇ ਪੋਟੇ ਹੀ ਵਿਖਾਈ ਦਿੰਦੇ ਹਨ। ਫਿਰ ਉਹ ਕਿਸੇ ਦੂਜੇ ਬੱਚੇ ਨੂੰ ਵਿਚਕਾਰਲੀ ਉਂਗਲ ਲਭਣ ਲਈ ਕਹਿੰਦਾ ਹੈ। ਜੇ ਉਹ ਲਭ ਲਏ ਤਾਂ ਜਿਤ ਗਿਆ। ਫਿਰ ਦੂਜਾ ਬੱਚਾ ਉਸੇ ਤਰ੍ਹਾਂ ਉਂਗਲ ਛੁਪਾਂਦਾ ਹੈ। ਇਹ ਖੇਡ ਆਮ ਤੌਰ ਉਤੇ ਰਾਤ ਵੇਲੇ ਸੌਣ ਤੋਂ ਪਹਿਲਾਂ ਖੇਡੀ ਜਾਂਦੀ ਹੈ।

## (ੳ-25) ਉਗਾ :

ਇਕ ਪੰਛੀ ਜੋ ਟਟੀਹਰੀ ਦੀ ਸ਼ਕਲ ਦਾ ਹੁੰਦਾ ਹੈ। ਉਗੇ ਨਾਲ ਕਈ ਭਰਮ ਵਹਿਮ ਅਤੇ ਮਨੌਤਾਂ ਜੁੜੀਆਂ ਹੋਈਆਂ ਹਨ। ਮਾਝੇ ਦੇ ਇਲਾਕੇ ਵਿਚ ਵਿਸ਼ਵਾਸ ਹੈ ਕਿ ਜੇ ਉਗਾ ਕਿਸੇ ਪਸ਼ੂ ਦੁਆਲੇ ਸਤ ਚਕਰ ਕਟੇ ਤਾਂ ਉਹ ਪਸ਼ੂ ਛੇਤੀ ਬੀਮਾਰ ਪੈ ਕੇ ਮਰ ਜਾਂਦਾ ਹੈ। ਇਸ ਰੋਗ ਨੂੰ 'ਉਗੂ' ਕਹਿੰਦੇ ਹਨ। ਇਸ ਬੀਮਾਰੀ ਦੇ ਉਪਾਅ ਵਜੋਂ ਇਕ ਟੂਣਾ ਇਉਂ ਪ੍ਰਚਲਤ ਹੈ :— ਪਸ਼ੂ ਦਾ ਮਾਲਕ ਅਲੱਫ਼ ਨੰਗਾ ਹੋ ਕੇ ਰੋਗੀ ਪਸ਼ੂ ਦੇ ਦੁਆਲੇ, ਗੋਹੇ ਦੀ ਇਕ ਕਾਰ ਬਣਾਏ। ਫਿਰ ਘਾਹ ਦੇ ਪੂਲੇ ਨੂੰ ਅੱਗ ਲਗਾ ਕੇ ਅਤੇ ਹੱਥ ਵਿਚ ਲੈ ਕੇ ਇਸ ਕਾਰ ਦੇ ਦੁਆਲੇ ਸਤ ਗੇੜੇ ਕੱਢੇ। ਨਾਲੋ ਨਾਲ ਉਹ ਜ਼ਿਮੀਂਦਾਰ, ਪਟਵਾਰੀ ਜਾਂ ਬਾਦਸ਼ਾਹ ਦਾ ਨਾਉਂ ਲੈ ਕੇ ਰੱਖਿਆ ਲਈ

ਦੁਹਾਈ ਪਾਏ ਤਾਂ ਉਸ ਪਸ਼ੂ ਨੂੰ ਕੁਝ ਨਹੀਂ ਹੁੰਦਾ। (ਗਲਾਸਰੀ. 1, 2 54) ਉਗੂ ਰੋਗ ਨੂੰ ਦੂਰ ਕਰਨ ਦਾ ਇਕ ਹੋਰ ਟੂਣਾ ਗੁਜਰਾਤ ਦੇ ਇਲਾਕੇ ਵਿਚ ਪ੍ਰਚਲਤ ਹੈ : ਪਹਿਲਾਂ ਕੋਈ ਕਾਮਾ ਆਪਣੇ ਲਕ ਦੁਆਲੇ ਚਮੜੇ ਦੀ ਪੇਟੀ ਬੰਨ੍ਹਦਾ ਹੈ। ਫਿਰ ਸੁਕੇ ਘਾਹ ਦਾ ਪੂਲਾ ਜਾਂ ਗੰਨੇ ਦੇ ਛਿੱਲੜਾਂ ਦਾ ਗੱਠਾ ਫੜ ਕੇ ਮਿਸ਼ਾਲ ਵਾਂਗ ਅੱਗ ਦਾਗਦਾ ਹੈ ਅਤੇ ਫਿਰ ਉਸ ਨੂੰ ਹੱਥਾਂ ਵਿਚ ਫੜ ਕੇ ਪਸ਼ੂ ਦੁਆਲੇ ਪੰਜ ਜਾਂ ਸਤ ਪ੍ਰਕਰਮਾ ਕਰਦਾ ਹੈ।

ਲੋਕ-ਚਿਕੱਤਸਾ ਅਨੁਸਾਰ ਉਗੋ ਦਾ ਮਾਸ ਤਿਲੀ ਦੇ ਰੋਗ ਲਈ ਬੜਾ ਗੁਣਕਾਰੀ ਹੈ।

(ੳ-26) **ਉੱਚ** :

ਬਹਾਵਲਪੁਰ ਰਿਆਸਤ (ਪੱਛਮੀ ਪੰਜਾਬ ਪਾਕਿਸਤਾਨ) ਦਾ ਇਕ ਪ੍ਰਸਿਧ ਨਗਰ, ਜਿਸ ਨੂੰ ਮੁਸਲਮਾਨ ਆਦਰ ਨਾਲ 'ਉੱਚ ਸ਼ਰੀਫ਼' ਕਹਿੰਦੇ ਹਨ। ਇਹ ਨਗਰ ਬਹਾਵਲਪੁਰ ਤੋਂ ਦੱਖਣ-ਪੂਰਬ ਵਲ 38 ਕੁ ਮੀਲ ਦੂਰ ਹੈ ਅਤੇ ਤਹਿਸੀਲ ਅਹਿਮਦਪੁਰ ਵਿਚ ਸਤਲੁਜ ਦੇ ਦੱਖਣੀ ਕੰਢੇ ਉਤੇ ਆਬਾਦ ਹੈ।

ਬਹਾਵਲਪੁਰ ਸਟੇਟ ਗਜ਼ਟੀਅਰ (ਪੰਨਾ 385) ਅਨੁਸਾਰ ਇਹ ਨਗਰ ਰਾਜੇ ਹੋਡੀ ਨੇ ਵਸਾਇਆ ਸੀ। ਉਸੇ ਨੇ ਇਸ ਨਗਰ ਦਾ ਨਾਂ ਆਪਣੇ ਨਾਉਂ ਉਤੇ 'ਹੋਡ' ਰਖਿਆ ਸੀ ਜੋ ਸਮੇਂ ਨਾਲ ਬਦਲਦਾ ਹੋਇਆ 'ਹੋਜ', 'ਹੋਚ' ਅਤੇ ਫਿਰ 'ਉੱਚ' ਬਣ ਗਿਆ।

ਜੇ ਇਹ ਰਵਾਇਤ ਪ੍ਰਮਾਣੀਕ ਮੰਨ ਲਈ ਜਾਵੇ ਤਾਂ ਇਹ ਨਗਰ ਰਾਜਾ ਰਸਾਲੂ ਦੇ ਸਮੇਂ ਵਸਿਆ। ਕਨਿੰਘਮ ਅਨੁਸਾਰ ਰਾਜਾ ਹੋਡੀ ਇੰਡੋ-ਸਿਥੀਅਨ ਸੀ ਜਿਸ ਨੇ ਕਹਿਰੋੜ ਦੀ ਲੜਾਈ ਵਿਚ ਸਾਕਾ ਕਬੀਲਿਆਂ ਦੀ ਵਾਗ ਡੋਰ ਸੰਭਾਲੀ ਹੋਈ ਸੀ। ਭੱਟੀਆਂ ਨੇ ਰਾਜੇ ਸਾਲਵਾਹਨ ਦੀ ਕਮਾਨ ਹੇਠ ਸਾਕਾ ਕਬੀਲਿਆਂ ਉਪਰ ਵਿਜੈ ਪ੍ਰਾਪਤ ਕੀਤੀ। ਇਸੇ ਘਟਨਾ ਦੀ ਸਿਮਰਤੀ ਵਿਚ ਸਾਕਾ ਸੰਮਤ ਸ਼ੁਰੂ ਹੋਇਆ। ਕੰਨਿਘਮ ਅਨੁਸਾਰ ਪਿਛੋਂ ਜਦੋਂ ਭੱਟੀ ਕਮਜ਼ੋਰ ਪੈ ਗਏ ਤਾਂ ਰਾਜੇ ਹੋਡੀ ਨੇ ਸਿਆਲਕੋਟ ਉਤੇ ਮੁੜ ਆਪਣਾ ਰਾਜ ਸਥਾਪਿਤ ਕਰ ਲਿਆ। (ਵੇਖੋ : ਹੋਡੀ) ਕੰਨਿਘਮ ਅਨੁਸਾਰ 'ਉੱਚ' ਦਾ ਨਗਰ ਪਹਿਲੀ ਸਦੀ ਈਸਵੀ ਵਿਚ ਆਬਾਦ ਹੋਇਆ।

ਇਕ ਹੋਰ ਰਵਾਇਤ ਅਨੁਸਾਰ, ਰਾਜੇ ਹੋਡੀ ਦੇ ਸੂਬੇ 'ਚੁੱਚ' ਨੇ ਇਸ ਨਗਰ ਦੀ ਨੀਂਹ ਰਖੀ। ਉਸ ਨੇ ਪਹਿਲਾਂ ਇਕ ਵਡੇ ਸਾਰੇ ਤਲਾਬ ਦੀ ਖ਼ੁਦਾਈ ਕਰਵਾਈ। ਇਸ ਉਪਰੰਤ ਤਲਾਬ ਦੇ ਨਾਲ ਲਗਦੀ ਇਕ ਉੱਚੀ ਥੇਹ ਉਤੇ ਇਹ ਨਗਰ ਵਸਾਇਆ, ਜਿਸ ਦਾ ਨਾਂ ਉਸਨੇ 'ਚੁੱਚ' ਰਖਿਆ। ਪਰ ਉੱਚੀ ਥੇਹ ਉਤੇ ਸਥਿਤ ਹੋਣ ਕਰ ਕੇ ਨਗਰ ਦਾ ਨਾਂ 'ਉੱਚ' ਪ੍ਰਸਿਧ ਹੋ ਗਿਆ।

'ਮਲਫ਼ੂਜ਼ਾਤ ਮੂਸਾ ਪਾਕ ਸ਼ਹੀਦ' ਅਨੁਸਾਰ 'ਉੱਚ' ਨਗਰ ਦੀ ਨੀਂਹ 980 ਈਸਵੀ ਵਿਚ, ਸੱਯਦ ਸ਼ਫ਼ੀ ਉੱਦੀਨ ਹਕਾਨੀ ਨੇ ਇਕ ਉੱਚੀ ਥੇਹ ਉਤੇ ਰਖੀ, ਜਿਸ ਨੂੰ ਉਦੋਂ ਰਾਜੇ ਹੋਡੀ ਦੀ ਥੇਹ ਕਿਹਾ ਜਾਂਦਾ ਸੀ। ਮੂਸਾ ਪਾਕ ਸ਼ਹੀਦ ਦੀ ਮਜ਼ਾਰ ਮੁਲਤਾਨ ਵਿਚ ਹੈ, ਪਰ ਉਹ ਸੱਯਦ ਮੁਹੰਮਦ ਬੰਦਗੀ ਗੋਕ ਦੀ ਵੰਸ਼ ਵਿਚੋਂ ਸੀ, ਜਿਸਨੇ ਉੱਚ ਦੇ ਨੇੜੇ ਇਕ ਹੋਰ ਨਗਰ 'ਉੱਚ ਜਿਲਾਨੀ' ਦੀ ਨੀਂਹ ਰਖੀ ਸੀ।

ਹਿੰਦੂ ਰਵਾਇਤਾਂ ਅਨੁਸਾਰ ਉੱਚ ਦਾ ਪੁਰਾਣਾ ਨਾਂ ਦੇਵਗੜ੍ਹ ਸੀ। 1244 ਈਸਵੀ ਵਿਚ, ਸ਼ੇਰ ਸ਼ਾਹ ਸੱਯਦ ਜਲਾਲ ਉੱਦੀਨ ਕੋਚੀ ਬੁਖ਼ਾਰੀ ਨੇ ਇਥੋਂ ਦੇ ਰਾਜੇ ਦਿਓ ਸਿੰਘ ਉਤੇ ਵਿਜੈ ਪ੍ਰਾਪਤ ਕਰ ਕੇ ਉਸ ਨੂੰ ਮਾਰਵਾੜ ਵਲ ਨਠਾ ਦਿਤਾ। ਰਾਜੇ ਦੀ ਲੜਕੀ 'ਸੁੰਦਰ ਪਰੀ' ਬੜੀ ਸੋਹਣੀ, ਸੁਘੜ ਅਤੇ ਸੁਸ਼ੀਲ ਸੀ। ਸੱਯਦ ਨੇ ਉਸ ਨਾਲ ਖ਼ੁਦ ਵਿਆਹ ਕਰਵਾ ਲਿਆ। ਸੋ ਰਾਜ ਦੀ ਵਾਗ ਡੋਰ 'ਸੁੰਦਰ ਪਰੀ' ਦੇ ਹੱਥਾਂ ਵਿਚ ਹੀ ਰਹੀ। 'ਸੁੰਦਰ ਪਰੀ' ਨੇ ਸੱਯਦ ਦੇ ਆਦੇਸ਼ ਉਤੇ ਇਕ ਉੱਚੀ ਥੇਹ ਉਪਰ ਇਕ ਕਿਲੇ ਦੀ ਨੀਂਹ ਰਖੀ। ਮਗਰੋਂ ਇਹੋ ਕਿਲਾ 'ਉੱਚ' ਦੇ ਨਾਂ ਨਾਲ ਪ੍ਰਸਿਧ ਹੋਇਆ। ਇਹ ਕਿਲਾ ਜਿਸ ਥਾਂ ਬਣਾਇਆ ਗਿਆ, ਉਸ ਸਥਾਨ ਨੂੰ ਹੁਣ 'ਉੱਚ ਬੁਖ਼ਾਰੀ' ਕਹਿੰਦੇ ਹਨ।

ਅਸਲ ਵਿਚ ਉੱਚ ਤਿੰਨ ਨਗਰਾਂ ਦਾ ਸਮੂਹ ਹੈ। ਇਹ ਤਿੰਨੋਂ ਨਗਰ — ਉੱਚ ਬੁਖ਼ਾਰੀ, ਉੱਚ ਜਿਲਾਨੀ ਅਤੇ ਉੱਚ ਮੁਗਲਾਂ ਇਕ ਦੂਜੇ ਤੋਂ ਥੋੜੀ ਥੋੜੀ ਵਿੱਥ ਉਤੇ ਸਥਿਤ ਹਨ। ਚਾਰਲਸ

ਮੈਸਨ ਅਨੁਸਾਰ ਉੱਚ ਦਾ ਨਗਰ ਦੇਸ਼ ਦੇ ਪ੍ਰਾਚੀਨਤਮ ਨਗਰਾਂ ਵਿਚੋਂ ਹੈ।

ਇਸ ਨਗਰ ਵਿਚ ਮੁਸਲਮਾਨ ਪੀਰਾਂ ਦੀਆਂ ਕਈ ਗਦੀਆਂ ਹੁਣ ਤਕ ਚਲ ਰਹੀਆਂ ਹਨ। ਇਥੇ ਪੀਰਾਂ ਦੀਆਂ ਅਨੇਕਾਂ ਖ਼ਾਨਗਾਹਾਂ, ਤਕੀਏ ਅਤੇ ਰੋਜ਼ੇ ਹਨ। ਇਸ ਧਰਤੀ ਦਾ ਚੱਪਾ ਚੱਪਾ ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ ਤੇ ਕਬਰਾਂ ਨਾਲ ਢਕਿਆ ਹੋਇਆ ਹੈ। ਕੁਝ ਵਧੇਰੇ ਪ੍ਰਸਿਧ ਪੀਰ ਹਨ :— ਮਖ਼ਦੂਮ ਜਹਾਨੀਆਂ, ਮਖ਼ਦੂਮ ਰਾਜਨ ਕਟਾਲ, ਸੱਯਦ ਜਲਾਲ ਉੱਦੀਨ ਬੁਖ਼ਾਰੀ।

(ੳ-27) **ਉੱਚ ਦਾ ਪੀਰ :**

ਗੁਰੂ ਗੋਬਿੰਦ ਸਿੰਘ ਦੀ ਇਕ ਉਪਾਧੀ। ਚਮਕੌਰ ਦੀ ਲੜਾਈ ਮਗਰੋਂ ਗੁਰੂ ਗੋਬਿੰਦ ਸਿੰਘ ਕੁਝ ਦਿਨ ਮਾਛੀਵਾੜੇ ਵਿਚ ਰਹੇ। ਸ਼ਾਹੀ ਫ਼ੌਜ ਉਨ੍ਹਾਂ ਦਾ ਪਿਛਾ ਕਰਦੀ ਜਦੋਂ ਇਸ ਇਲਾਕੇ ਵਿਚ ਪਹੁੰਚੀ ਤਾਂ ਇਥੋਂ ਗੁਪਤ ਰੂਪ ਵਿਚ ਬਾਹਰ ਨਿਕਲਣ ਲਈ ਗੁਰੂ ਗੋਬਿੰਦ ਸਿੰਘ ਨੇ 'ਉੱਚ ਦੇ ਪੀਰ' ਦਾ ਸਵਾਂਗ ਭਰਿਆ। ਨਬੀ ਖ਼ਾਂ ਅਤੇ ਗ਼ਨੀ ਖ਼ਾਂ ਨੇ ਉਨ੍ਹਾਂ ਨੂੰ ਇਕ ਪਾਲਕੀ ਵਿਚ ਬਿਠਾ ਲਿਆ। ਰਾਹ ਵਿਚ ਮੁਗ਼ਲ ਅਧਿਕਾਰੀਆਂ ਦੇ ਪੁੱਛਣ ਉਤੇ ਕਿ ਪਾਲਕੀ ਵਿਚ ਕੌਣ ਬਿਰਾਜਮਾਨ ਹਨ, ਨਬੀ ਖ਼ਾਂ ਅਤੇ ਗ਼ਨੀ ਖ਼ਾਂ ਨੇ ਦਸਿਆ ਕਿ ਪਾਲਕੀ ਵਿਚ 'ਉੱਚ ਦੇ ਪੀਰ' ਹਨ। ਮੁਢ ਤੋਂ ਹੀ ਉੱਚ ਨਗਰ ਦੇ ਪੀਰਾਂ ਦਾ ਮੁਸਲਮਾਨਾਂ ਵਿਚ ਬੜਾ ਆਦਰ ਮਾਣ ਰਿਹਾ ਹੈ। ਸੋ ਮੁਗ਼ਲ ਅਧਿਕਾਰੀਆਂ ਨੇ ਬਹੁਤੀ ਪੁਛ ਪ੍ਰਤੀਤ ਨਾ ਕੀਤੀ ਅਤੇ ਗੁਰੂ ਜੀ ਨੂੰ ਅਗੇ ਜਾਣ ਦਿਤਾ। ਓਦੋਂ ਤੋਂ ਸਿੱਖਾਂ ਵਿਚ ਇਹ ਉਪਾਧੀ ਜਗਤ-ਗੁਰੂ ਦੀ ਬੋਧਿਕ ਹੈ।

(ੳ-28) **ਉੱਚਸ਼੍ਰਵਾ :**

(ਸੰ: ਉਚੈਸ੍ਰਵਸ) ਇੰਦਰ ਦਾ ਚਿੱਟੇ ਰੰਗ ਦਾ ਘੋੜਾ, ਜੋ ਹਿੰਦੂ ਪੁਰਾਣਧਾਰਾ ਅਨੁਸਾਰ ਖੀਰ ਸਾਗਰ ਨੂੰ ਰਿੜਕਣ ਸਮੇਂ ਨਿਕਲਿਆ ਸੀ। ਇਹ ਘੋੜਾ ਪ੍ਰਸਿਧ ਚੋਦਾਂ ਰਤਨਾਂ ਵਿਚੋਂ ਇਕ ਹੈ। (ਵੇਖੋ : ਰਤਨ) ਉੱਚਸ਼੍ਰਵਾ ਦੇ ਕੋਸ਼ਗਤ ਅਰਥ ਹਨ — ਉੱਚੇ ਕੰਨਾਂ ਵਾਲਾ। ਇਹ ਘੋੜਾ ਸੱਤ-ਮੂੰਹਾਂ ਸੀ ਅਤੇ ਇਸ ਦੇ ਕੰਨ ਬੜੇ ਉੱਚੇ ਸਨ। ਉੱਚਸ਼੍ਰਵਾ ਘੋੜੇ ਨੂੰ 'ਉਚੈ' ਵੀ ਕਿਹਾ ਜਾਂਦਾ ਹੈ।

ਉੱਚਸ਼੍ਰਵਾ ਘੋੜੇ ਦਾ ਰੰਗ ਨੀਲੀ ਭਾ ਵਾਲਾ ਚਿੱਟਾ ਸੀ। ਇਸ ਰੰਗ ਦੇ ਘੋੜੇ ਨੂੰ 'ਨੀਲੀ' ਵੀ ਕਿਹਾ ਜਾਂਦਾ ਹੈ। ਹਿੰਦੂ ਇਸ ਰੰਗ ਦੇ ਘੋੜੇ ਨੂੰ ਪਾਵਨ ਸਮਝ ਕੇ, ਨਵੇਂ ਬਰਤਨਾਂ ਨੂੰ ਵਰਤਣ ਤੋਂ ਪਹਿਲਾਂ ਇਸੇ ਰੰਗ ਦੇ ਘੋੜੇ ਦੇ ਮੂੰਹ ਨਾਲ ਛੁਹਾਂਦੇ ਹਨ। ਇਸ ਤਰ੍ਹਾਂ ਬਰਤਨ ਸੁਹੰਢਣਾ ਹੋ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਦਾ ਨੀਲਾ ਘੋੜਾ ਸਿਖ ਇਤਿਹਾਸ ਵਿਚ ਬੜੀ ਪ੍ਰਸਿਧਤਾ ਰਖਦਾ ਹੈ। ਇਸ ਘੋੜੇ ਨੂੰ ਇੰਦਰ ਦੇ ਪ੍ਰਸਿਧ ਘੋੜੇ ਉੱਚਸ਼੍ਰਵਾ ਦਾ ਹੀ ਅਵਤਾਰ ਮੰਨਿਆ ਜਾਂਦਾ ਹੈ।

ਦਸਮ ਗ੍ਰੰਥ ਦੇ ਸ਼ਸਤਰਨਾਮੇ ਵਿਚ ਇੰਦਰ ਲਈ ਉੱਚ-ਸ਼੍ਰਵਾਇਸ ਦੀ ਉਪਾਧੀ ਵਰਤੀ ਗਈ ਹੈ, ਜਿਸ ਦੇ ਅਰਥ ਹਨ — ਉੱਚਸ਼੍ਰਵਾ ਦਾ ਸਵਾਮੀ।

(ੳ-29) **ਉਚਾਟਨ :**

ਮੰਤ੍ਰਾਂ ਦੁਆਰਾ ਕਿਸੇ ਰੋਗੀ ਦੇ ਸਰੀਰ ਵਿਚੋਂ ਭੂਤ-ਪ੍ਰੇਤ ਆਦਿ ਦਾ ਨਿਵਾਰਣ ਕਰਨਾ। ਲੋਕ-ਨਿਸਚੇ ਅਨੁਸਾਰ ਭੂਤ-ਪ੍ਰੇਤ ਆਦਿ ਦੇ ਪ੍ਰਛਾਵੇਂ ਜਾਂ ਕਰੂਰ ਦ੍ਰਿਸ਼ਟੀ ਨਾਲ ਰੋਗ ਲਗ ਜਾਂਦੇ ਹਨ ਅਤੇ ਇਨ੍ਹਾਂ ਦਾ ਨਿਵਾਰਣ ਔਸ਼ਧੀਆਂ ਦੀ ਥਾਂ ਮੰਤ੍ਰਾਂ ਅਤੇ ਟੂਣਿਆਂ ਦੁਆਰਾ ਹੀ ਹੋ ਸਕਦਾ ਹੈ। ਪਿੰਡਾਂ ਵਿਚ ਚੇਲੇ ਅਤੇ ਜੋਗੀ ਉਚਾਟਨ ਦੇ ਮੰਤ੍ਰਾਂ ਅਤੇ ਵਿਧੀਆਂ ਤੋਂ ਜਾਣੂੰ ਹੁੰਦੇ ਹਨ। ਪਿੰਡਾਂ ਦੇ ਪਛੜੇ ਲੋਕਾਂ ਦਾ ਚੇਲਿਆਂ ਉਤੇ ਬੜਾ ਨਿਸਚਾ ਹੈ। (ਵੇਖੋ : ਚੇਲੇ)

(ੳ-30) **ਉੱਚੀ ਜ਼ਾਤ :**

ਹਿੰਦੂ ਸਮਾਜ ਕਈ ਜ਼ਾਤ-ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਪ੍ਰਧਾਨ ਰੂਪ ਵਿਚ ਹਿੰਦੂ ਜਾਤੀ ਚਾਰ ਜ਼ਾਤਾਂ ਵਿਚ ਵੰਡੀ ਹੋਈ ਹੈ :— ਬ੍ਰਾਹਮਣ, ਖੱਤਰੀ, ਵੈਸ਼, ਸੂਦਰ। ਮੱਧਕਾਲ ਵਿਚ ਬਾਹਰੋਂ ਆਏ ਅਨੇਕਾਂ ਕਬੀਲਿਆਂ ਦੇ ਲੋਕ ਹਮੇਸ਼ਾਂ ਲਈ ਪੰਜਾਬ ਵਿਚ ਵਸ ਗਏ। ਫਲਸਰੂਪ ਕੁਝ ਨਵੀਆਂ ਜਾਤੀਆਂ — ਜੱਟ, ਰਾਜਪੂਤ ਆਦਿ ਹੋਂਦ ਵਿਚ ਆਈਆਂ।

ਜਾਤ-ਸ਼੍ਰੇਣੀ ਵੰਡ ਸਦਕਾ ਕੁਝ ਜਾਤੀਆਂ ਉੱਚੀਆਂ ਅਥਵਾ ਪ੍ਰਥਮ ਸ਼੍ਰੇਣੀਆਂ ਵਿਚ ਗਿਣੀਆਂ ਜਾਣ ਲਗੀਆਂ ਅਤੇ ਕੁਝ ਨੀਵੀਆਂ। ਬ੍ਰਾਹਮਣ ਪ੍ਰੋਹਿਤ ਹੋਣ ਕਰ ਕੇ ਸਦਾ ਪ੍ਰਥਮ ਸ਼੍ਰੇਣੀ ਵਿਚ ਗਿਣੇ ਜਾਂਦੇ ਰਹੇ। ਖੱਤਰੀ, ਵੈਸ਼, ਜੱਟ, ਰਾਜਪੂਤ ਆਦਿ ਵੀ ਉੱਚੀਆਂ ਜ਼ਾਤਾਂ ਹਨ, ਪਰ ਸ਼ੂਦਰ, ਚੂਹੜੇ, ਨਾਈ, ਭੰਡ, ਬਰਵਾਲਾ ਆਦਿ ਨੀਵੀਆਂ ਜਾਤੀਆਂ ਵਿਚ ਗਿਣੇ ਜਾਂਦੇ ਰਹੇ। ਹਿੰਦੂ ਧਰਮ ਅਨੁਸਾਰ ਬ੍ਰਾਹਮਣ ਅਤੇ ਖੱਤਰੀ ਆਦਿ ਜਨੇਊ ਪਹਿਨਣ ਵਾਲੀਆਂ ਜਾਤੀਆਂ 'ਦੁਜਨਮੇ' ਹਨ ਅਤੇ ਇਹੋ ਸਭ ਤੋਂ ਉੱਚੀਆਂ ਜ਼ਾਤਾਂ ਹਨ। (ਵੇਖੋ : ਦੁਜਨਮੇ)

(ੳ-31) **ਉੱਚੀਆਂ ਉੱਚੀਆਂ ਢੇਰੀਆਂ** :

ਇਕ ਪ੍ਰਸਿੱਧ ਅਲਾਹਣੀ —

ਉੱਚੀਆਂ ਉੱਚੀਆਂ ਢੇਰੀਆਂ,
ਹਾਇ ਹਾ ਸ਼ੀਂਹ ਸਰ੍ਹੂੰ ਜਿਹਾ,
ਉਪਰ ਪਏ ਨੀ ਕੱਖ।
ਉਧਰੋਂ ਕੋਈ ਨਾ ਜਾਂਵਦਾ
ਇਧਰੋਂ ਗਏ ਨੀਂ ਲੱਖ।

ਇਸੇ ਰੂਪ, ਸ਼ੈਲੀ ਅਤੇ ਧਾਰਨਾ ਵਿਚ ਅਨੇਕਾਂ ਅਲਾਹਣੀਆਂ ਪ੍ਰਚਲਤ ਹਨ। (ਵੇਖੋ : ਅਲਾਹਣੀ)

(ੳ-32) **ਉਚੈ** :

ਇੰਦਰ ਦਾ ਸਫ਼ੇਦ ਰੰਗ ਦਾ ਘੋੜਾ ਜੋ ਸਮੁੰਦਰ ਮੰਥਣ ਵੇਲੇ ਰਤਨਾਂ ਦੇ ਰੂਪ ਵਿਚ ਨਿਕਲਿਆ ਸੀ। (ਵੇਖੋ : ਉਚਸ੍ਰਵਾ)

(ੳ-33) **ਉਛਾਲੀ** :

ਲੋਕ-ਨਿਸਚੇ ਅਨੁਸਾਰ ਕਿਸੇ ਪਦਾਰਥ ਨੂੰ ਖਾਂਦਿਆਂ ਜੇ ਕੋਈ ਦੁਸ਼ਟ ਆਤਮਾ ਨਾਲ ਹੀ ਪੇਟ ਵਿਚ ਲੰਘ ਜਾਵੇ ਤਾਂ ਉਹ ਪਦਾਰਥ ਪੱਚਦਾ ਨਹੀਂ ਅਤੇ ਉਛਾਲੀ ਬਣ ਕੇ ਬਾਹਰ ਨਿਕਲ ਆਉਂਦਾ ਹੈ। ਉਛਾਲੀ ਵੇਲੇ ਜੇ ਪਿੱਠ ਨੂੰ ਠਕੋਰਿਆ ਜਾਵੇ ਤਾਂ ਦੁਰਾਤਮਾ ਸਰੀਰ ਵਿਚੋਂ ਬਾਹਰ ਨਿਕਲ ਜਾਂਦੀ ਹੈ ਅਤੇ ਹੋਰ ਉਛਾਲੀ ਨਹੀਂ ਆਉਂਦੀ। ਜੇ ਨਵ-ਜੰਮੇ ਬੱਚੇ ਨੂੰ ਉਛਾਲੀ ਆਵੇ ਤਾਂ ਦੁਆਬੇ ਵਿਚ ਜਿਸ ਥਾਂ ਬੱਚੇ ਦੀ ਔਲ ਦੱਬੀ ਹੁੰਦੀ ਹੈ ਉਸ ਥਾਂ ਨੂੰ ਥਾਪੜ ਦੇਂਦੇ ਹਨ ਜਾਂ ਫਿਰ ਉਸ ਥਾਂ ਥਾਲੀ ਵਜਾ ਦੇਂਦੇ ਹਨ। ਨਿਸਚਾ ਹੈ ਕਿ ਇਸ ਤਰ੍ਹਾਂ ਬੱਚਾ ਨਰੋਆ ਹੋ ਜਾਂਦਾ ਹੈ। (ਵੇਖੋ : ਔਲ)

(ੳ-34) **ਉਛਾੜ** :

ਮੁਰਦੇ ਨੂੰ ਖਫਣ ਵਿਚ ਲਪੇਟਣ ਮਗਰੋਂ ਉਪਰੋਂ ਕੁਝ ਚਾਦਰਾਂ ਪਾਈਆਂ ਜਾਂਦੀਆਂ ਹਨ, ਜੋ ਅੰਗ-ਸਾਕ ਭੇਂਟ ਕਰਦੇ ਹਨ। ਇਨ੍ਹਾਂ ਚਾਦਰਾਂ ਨੂੰ ਮੁਸਲਮਾਨ 'ਉਛਾੜ' ਕਹਿੰਦੇ ਹਨ। ਇਹ ਚਾਦਰਾਂ ਸਾਧਾਰਨ ਕਪੜੇ ਦੀਆਂ ਵੀ ਹੁੰਦੀਆਂ ਹਨ ਅਤੇ ਬਹੁਮੁਲੇ ਰੇਸ਼ਮ ਦੀਆਂ ਵੀ। ਕਈਆਂ ਉਤੇ ਰੇਸ਼ਮੀ ਧਾਗਿਆਂ ਨਾਲ ਸੁੰਦਰ ਕਢਾਈ ਵੀ ਕੀਤੀ ਗਈ ਹੁੰਦੀ ਹੈ। ਮ੍ਰਿਤਕ ਦੀ ਦੇਹ ਨੂੰ ਕੱਬਰ ਵਿਚ ਲਿਟਾਣ ਤੋਂ ਪਹਿਲਾਂ ਕੁਝ 'ਉਛਾੜ' ਉਤਾਰ ਲਏ ਜਾਂਦੇ ਹਨ ਜੋ ਕਬਰ ਪੁਟਣ ਵਾਲੇ ਕਮੀਂ ਕਮੀਣਾਂ ਵਿਚ ਵੰਡ ਦਿਤੇ ਜਾਂਦੇ ਹਨ।

(ੳ-35) **ਉਜਲਾ ਫੁੱਲ** :

ਨਾਰੀਅਲ ਨੂੰ ਤੋੜਨ ਵੇਲੇ ਕਿਸੇ ਕਿਸੇ ਨਾਰੀਅਲ ਵਿਚੋਂ ਚਿੱਟਾ ਫੁੱਲ ਨਿਕਲਦਾ ਹੈ, ਜਿਸ ਨੂੰ 'ਉਜਲਾ ਫੁੱਲ' ਕਹਿੰਦੇ ਹਨ। ਲੋਕ-ਨਿਸਚੇ ਅਨੁਸਾਰ ਇਸ ਫੁੱਲ ਨੂੰ ਖਾਣ ਨਾਲ ਨਿਰਸੰਤਾਨ ਤੀਵੀਆਂ ਦੇ ਘਰ ਔਲਾਦ ਪੈਦਾ ਹੁੰਦੀ ਹੈ। ਜਿਨ੍ਹਾਂ ਤੀਵੀਆਂ ਦੀ ਕੁਖੋਂ ਹਮੇਸ਼ਾਂ ਕੁੜੀਆਂ ਜੰਮਦੀਆਂ ਹੋਣ, ਉਹ ਵੀ ਜੇ 'ਉਜਲਾ ਫੁੱਲ' ਖਾ ਲੈਣ ਤਾਂ ਲੜਕਾ ਪੈਦਾ ਹੁੰਦਾ ਹੈ। ਜਿਸ ਨਾਰੀਅਲ ਵਿਚੋਂ 'ਉਜਲਾ ਫੁੱਲ' ਨਿਕਲੇ ਉਸ ਨੂੰ 'ਝੰਡੂਲਾ' ਕਹਿੰਦੇ ਹਨ। (ਵੇਖੋ : ਝੰਡੂਲਾ)

(ੳ-36) **ਉਜਾਪਨ** :

(ਸੰ: ਉਦਯਾਪਨ), ਇਕ ਧਾਰਮਿਕ ਰੀਤ ਜੋ ਹਿੰਦੂ ਸੁਖੇ ਹੋਏ ਵਰਤਾਂ ਦੀ ਸਮਾਪਤੀ ਉਤੇ ਕਰਦੇ ਹਨ। ਸਨਾਤਨੀ ਵਿਚਾਰਾਂ ਵਾਲੇ ਹਿੰਦੂ ਜਦੋਂ ਕਿਸੇ ਇੱਛਾ ਦੀ ਪੂਰਤੀ ਦੇ ਵਿਚਾਰ ਨਾਲ ਬਹੁਤ ਸਾਰੇ ਵਰਤ ਸੁਖ ਲੈਂਦੇ ਹਨ ਤਾਂ ਮਿਥੇ ਹੋਏ ਵਰਤ ਪੂਰੇ ਹੋ ਜਾਣ ਉਤੇ ਕਿਸੇ ਸ਼ੁਭ ਦਿਨ ਦਿਹਾੜੇ ਵਿਸ਼ੇਸ਼ ਵਿਧੀ ਨਾਲ ਵਰਤ ਪੂਜ ਕੇ ਉਜਾਪਨ ਕਰਦੇ ਹਨ। ਉਜਾਪਨ ਤੋਂ ਬਗ਼ੈਰ ਵਰਤ ਸੰਪੂਰਨ ਨਹੀਂ ਹੁੰਦਾ।

ਉਜਾਪਨ ਕਰਨ ਵਾਲਾ ਉਸ ਦਿਨ ਕੁਝ ਨਹੀਂ ਖਾਂਦਾ। ਸਵੇਰੇ ਸਵੇਰੇ ਕਿਸੇ ਪਾਂਧੇ ਨੂੰ ਸਦਿਆ ਜਾਂਦਾ ਹੈ ਜੋ ਘਰ ਦੀ ਕਿਸੇ ਗੁੱਠੇ ਚੌਂਕ ਪੂਰਦਾ ਅਤੇ ਨੌਂ ਗ੍ਰਹਿ ਸਥਾਪਿਤ ਕਰਦਾ ਹੈ। ਉਜਾਪਨ ਕਰਨ ਵਾਲਾ ਇਸ਼ਨਾਨ ਕਰਨ ਮਗਰੋਂ ਇਸੇ ਚੌਂਕ ਸਾਹਮਣੇ ਮੌਨ ਧਾਰ ਕੇ ਬੈਠ ਜਾਂਦਾ ਹੈ ਅਤੇ ਪਾਂਧੇ ਤੋਂ ਮੰਤਰ ਸੁਣਦਾ ਰਹਿੰਦਾ ਹੈ। ਇਸ ਤਰ੍ਹਾਂ ਨੌਂ ਗ੍ਰਹਿਆਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਮਗਰੋਂ ਪਾਂਧੇ ਨੂੰ ਭੋਜਨ ਖਵਾ ਕੇ ਦੱਖਣਾ ਦਿਤੀ ਜਾਂਦੀ ਹੈ।

## (ੳ-37) ਉਜ਼ੂ :

(ਅਰਬੀ-ਵੁਜ਼ੂ) ਨਮਾਜ਼ ਪੜ੍ਹਨ ਤੋਂ ਪਹਿਲਾਂ ਮੁਸਲਮਾਨੀ ਵਿਧੀ ਅਨੁਸਾਰ ਮੂੰਹ ਅਤੇ ਹੱਥ ਪੈਰ ਆਦਿ ਧੋ ਕੇ ਪਵਿਤਰ ਹੋਣ ਦੀ ਕਿਰਿਆ। ਨਿਮਾਜ਼ ਪੜ੍ਹਨ ਤੋਂ ਪਹਿਲਾਂ ਉਜ਼ੂ ਕਰਨਾ ਜ਼ਰੂਰੀ ਹੈ, ਇਸ ਬਿਨਾਂ ਨਿਮਾਜ਼ ਕਬੂਲ ਨਹੀਂ ਪੈਂਦੀ। 'ਉਠ ਫਰੀਦਾ ਉਜ਼ੂ ਸਾਜਿ ਸੁਬਹ ਨਿਵਾਜ ਗੁਜਾਰਿ' (ਸਲੋਕ ਫ਼ਰੀਦ) ਮੁਸਲਮਾਨੀ ਅਕੀਦੇ ਅਨੁਸਾਰ ਜੇ ਕੋਈ ਸ਼ਖਸ ਉਜ਼ੂ ਸਾਜੇ ਬਿਨਾਂ ਪਲੀਤ ਅਵਸਥਾ ਵਿਚ ਨਮਾਜ਼ ਪੜ੍ਹੇ ਤਾਂ ਸ਼ੈਤਾਨ ਉਸ ਦੇ ਸਰੀਰ ਉਤੇ ਕਾਬਜ਼ ਹੋ ਜਾਂਦਾ ਹੈ। (ਵੇਖੋ : ਵੁਜ਼ੂ)

## (ੳ-38) ਉਜੈਨ :

ਮਾਲਵਾ ਦੇਸ਼ ਦੀ ਪੁਰਾਣੀ ਰਾਜਧਾਨੀ, ਜਿਸ ਦਾ ਪ੍ਰਾਚੀਨ ਨਾਉਂ 'ਉਜਯਿਨੀ' ਸੀ। ਉਜੈਨ ਭਾਰਤ ਦੀਆਂ ਸਤ ਪਵਿਤ੍ਰ ਪੁਰੀਆਂ ਵਿਚੋਂ ਇਕ ਹੈ। ਇਥੇ ਮਹਾਂ ਕਾਲ ਦਾ ਇਕ ਬਹੁਤ ਪੁਰਾਣਾ ਮੰਦਰ ਹੈ, ਜਿਸ ਦੀ ਯਾਤ੍ਰਾ ਲਈ ਦੂਰੋਂ ਦੂਰੋਂ ਯਾਤ੍ਰੀ ਆਉਂਦੇ ਹਨ।

ਪਹਿਲੀ ਸਦੀ ਪੂਰਬੀ ਈਸਵੀ ਵਿਚ ਉਜੈਨ ਮਾਲਵਾ ਗਣਤੰਤ੍ਰ ਦੀ ਰਾਜਧਾਨੀ ਸੀ। ਇਥੋਂ ਦੇ ਰਾਜੇ ਵਿਕ੍ਰਮਾਦਿਤਯ ਨੇ 57 ਈਸਵੀ ਪੂਰਬੀ ਵਿਚ ਸ਼ਕਾਂ ਨੂੰ ਪ੍ਰਾਜਿਤ ਕਰ ਕੇ ਇਕ ਸੰਮਤ ਚਲਾਇਆ ਜਿਸ ਨੂੰ ਅੱਜ ਕਲ੍ਹ ਬਿਕਰਮੀ ਸੰਮਤ ਕਹਿੰਦੇ ਹਨ। (ਵੇਖੋ : ਸੰਮਤ) ਰਾਜਾ ਭੋਜ ਦੇ ਸਮੇਂ ਉਜੈਨ ਅਤੇ ਧਾਰਾ ਨਗਰੀ ਕਲਾ, ਵਿਦਿਆ ਅਤੇ ਸੰਸਕ੍ਰਿਤੀ ਦਾ ਕੇਂਦਰ ਸਨ, ਪਰ ਮੁਸਲਮਾਨਾਂ ਦੇ ਰਾਜ-ਅਧਿਕਾਰ ਸਮੇਂ ਉਜੈਨ ਆਪਣਾ ਗੌਰਵ ਗੰਵਾ ਬੈਠਾ।

ਉਜੈਨ ਸੰਬੰਧੀ ਪ੍ਰਥਮ ਉਲੇਖ ਬੁੱਧ ਧਰਮ ਦੇ ਪਾਲੀ ਗ੍ਰੰਥਾਂ ਵਿਚ ਮਿਲਦਾ ਹੈ। ਬੁੱਧ ਅਤੇ ਉਨ੍ਹਾਂ ਤੋਂ ਪੂਰਵ ਕਾਲ ਦੇ ਭਾਰਤ ਦੇ ਸੋਲਾਂ ਮਹਾਂਜਨਪਦਾਂ ਵਿਚੋਂ ਅਵੰਤੀ ਨੂੰ ਵਿਸ਼ਿਸ਼ਟ ਸਥਾਨ ਪ੍ਰਾਪਤ ਸੀ। ਉਜੈਨ ਅਵੰਤੀ ਦੀ ਹੀ ਰਾਜਧਾਨੀ ਸੀ।

ਸਕੰਦ ਪੁਰਾਣ ਅਨੁਸਾਰ ਜਦੋਂ ਦੈਂਤ ਆਪਣੇ ਗੁਰੂ ਸ਼ੁਕਰ ਦੇ ਆਦੇਸ਼ ਉਤੇ ਜਯੰਤ ਤੋਂ ਅੰਮ੍ਰਿਤ ਦਾ ਘੜਾ ਖੋਹ ਕੇ ਲੈ ਗਏ ਤਾਂ ਇਸ ਖੋਹ-ਖੁਹਾਈ ਵਿਚ ਚਾਰ ਅਸਥਾਨਾਂ ਉਤੇ ਅੰਮ੍ਰਿਤ ਦੀਆਂ ਬੂੰਦਾਂ ਡਿਗੀਆਂ ਜਿਨ੍ਹਾਂ ਵਿਚੋਂ ਇਕ ਅਸਥਾਨ ਉਜੈਨ ਸੀ। ਬਾਕੀ ਤਿੰਨ ਨਗਰ ਹਰਿਦੁਆਰ, ਪ੍ਰਯਾਗ ਅਤੇ ਨਾਸਿਕ ਸਨ। ਇਨ੍ਹਾਂ ਚੋਹਾਂ ਅਸਥਾਨਾਂ ਉਤੇ ਵਾਰੋ ਵਾਰੀ ਕੁੰਭ ਦਾ ਮੇਲਾ ਲਗਦਾ ਹੈ। ਉਜੈਨ ਵਿਚ ਕੁੰਭ ਦਾ ਮੇਲਾ ਉਦੋਂ ਭਰਦਾ ਹੈ ਜਦੋਂ ਸੂਰਜ, ਚੰਦ੍ਰਮਾ ਅਤੇ ਬ੍ਰਿਹਸਪਤੀ ਤਿੰਨੋਂ ਗ੍ਰਹਿ ਅਮਾਵਸ ਦੇ ਦਿਨ ਕੁੰਭ ਰਾਸ਼ੀ ਵਿਚ ਹੁੰਦੇ ਹਨ। (ਵੇਖੋ : ਕੁੰਭ)

## (ੳ-39) ਉਠਾਅ ਦੀਆਂ ਰੋਟੀਆਂ :

ਮੋਏ ਪ੍ਰਾਣੀ ਨਮਿਤ ਦਾਨ ਕੀਤੀਆਂ ਰੋਟੀਆਂ; ਪੱਛਮੀ ਪੰਜਾਬ ਦੇ ਮੁਸਲਮਾਨਾਂ ਵਿਚ ਪ੍ਰਾਣੀ ਦੀ ਮੌਤ ਦੇ ਮਗਰੋਂ ਤੀਜੇ ਦਿਨ ਤੋਂ ਲੈ ਕੇ ਚਾਲ੍ਹੀਵੇਂ ਦਿਨ ਤਕ, ਹਰ ਰੋਜ਼ ਨੇਮ ਨਾਲ, ਸੂਰਜ ਡੁਬਣ ਤੋਂ ਪਹਿਲਾਂ ਕਿਸੇ ਫ਼ਕੀਰ ਨੂੰ ਦੋ ਤਾਅਮ (ਰੋਟੀਆਂ) ਘਿਉ ਸ਼ਕਰ ਪਾ ਕੇ ਖਵਾਏ ਜਾਂਦੇ ਹਨ। ਕਈ ਗ਼ਰੀਬ ਮੁਸਲਮਾਨ ਜੋ ਰੋਜ਼ ਤਾਅਮ ਦੇਣ ਦੀ ਸਮਰੱਥਾ ਨਹੀਂ ਰਖਦੇ, ਇਨ੍ਹਾਂ ਚਾਲ੍ਹੀ ਦਿਨਾਂ ਵਿਚ, ਹਰ ਜੁਮੇਂਰਾਤ ਨੂੰ, ਮਸੀਤ ਵਿਚ ਰੋਟੀਆਂ ਭੇਜਦੇ ਹਨ। ਨਿਸ਼ਚੇ ਅਨੁਸਾਰ ਇਸ ਤਾਅਮ ਦਾ ਸੁਆਬ ਮ੍ਰਿਤਕ ਨੂੰ ਮਿਲਦਾ ਹੈ। ਇਨ੍ਹਾਂ ਰੋਟੀਆਂ ਨੂੰ 'ਉਠਾਅ ਦੀਆਂ ਰੋਟੀਆਂ' ਕਹਿੰਦੇ ਹਨ।

## (ੳ-40) ਉਠਾਨ :

ਵਾਰਾਂ ਗਾਉਣ ਵੇਲੇ ਢਾਡੀ ਪਉੜੀ ਨੂੰ ਅਲਾਪਣ ਤੋਂ ਪਹਿਲਾਂ, ਬੀਰ ਰਸ ਦਾ ਛੱਟਾ ਧੂੜਨ ਲਈ ਕੁਝ ਛੰਦ ਇਕ ਖ਼ਾਸ ਧੁਨੀ ਵਿਚ ਗਾਉਂਦੇ ਹਨ, ਜਿਸ ਨੂੰ ਉਠਾਨ ਕਿਹਾ ਜਾਂਦਾ ਹੈ

(ੳ-41) **ਉਠਾਲਾ** :

ਹਿੰਦੂਆਂ ਵਿਚ ਮ੍ਰਿਤਕ-ਸੰਸਕਾਰ ਨਾਲ ਸੰਬੰਧਿਤ ਇਕ ਰਸਮ, ਜਿਸ ਨੂੰ 'ਉਠਾਵਣੀ' ਵੀ ਕਹਿੰਦੇ ਹਨ। ਹਿੰਦੂ ਖੱਤਰੀ ਇਹ ਰਸਮ ਤੇਰ੍ਹਵੇਂ ਦਿਨ ਕਰਦੇ ਹਨ, ਜਿਸ ਤੋਂ ਇਹ ਰਸਮ 'ਤੇਹਰਵੇਂ' ਦੇ ਨਾਂ ਨਾਲ ਵੀ ਪ੍ਰਸਿਧ ਹੈ। ਜੱਟਾਂ ਵਿਚ ਇਹ ਰਸਮ ਦਸਵੇਂ ਦਿਨ ਕੀਤੀ ਜਾਣ ਕਰ ਕੇ 'ਦਸਾਹੀ' ਅਖਵਾਂਦੀ ਹੈ।

ਉਠਾਲੇ ਤੋਂ ਭਾਵ ਸੋਗ ਵਿਚ ਸੱਥਰ (ਜ਼ਮੀਂ) ਉਤੇ ਪਿਆਂ ਨੂੰ ਉਠਾਣਾ ਹੈ। ਹਿੰਦੂਆਂ ਵਿਚ ਸੋਗ ਦੇ ਦਿਨਾਂ ਵਿਚ ਭੁੰਜੇ ਬੈਠਣ ਦਾ ਰਿਵਾਜ ਹੈ। ਕੁਲ ਦੇ ਜੀਅ ਰਾਤ ਨੂੰ ਵੀ ਭੋਂਇ ਉਤੇ ਹੀ ਦਰੀ ਵਿਛਾ ਕੇ ਸੌਂਦੇ ਹਨ। ਇਨ੍ਹੀਂ ਦਿਨੀਂ ਪਰਿਵਾਰ ਦਾ ਕੋਈ ਜੀਅ ਮੰਜੇ ਉਤੇ ਨਾ ਤਾਂ ਬੈਠਦਾ ਹੈ ਅਤੇ ਨਾ ਹੀ ਸੌਂਦਾ ਹੈ। ਉਠਾਲੇ ਵਾਲੇ ਦਿਨ ਮ੍ਰਿਤਕ ਦੀ ਅੰਤਮ ਰਸਮ ਮਗਰੋਂ ਘਰ ਦੇ ਲੋਕਾਂ ਨੂੰ ਸੱਥਰ ਤੋਂ ਉਠਾ ਦਿਤਾ ਜਾਂਦਾ ਹੈ ਅਤੇ ਉਹ ਮੰਜੀਆਂ ਉਤੇ ਉਠਣ ਬੈਠਣ ਅਤੇ ਬਿਸਰਾਮ ਕਰਨ ਲਗਦੇ ਹਨ।

ਇਸ ਰਸਮ ਨੂੰ 'ਫੂਹੜੀ ਛੱਡਣਾ' ਵੀ ਕਹਿ ਲਿਆ ਜਾਂਦਾ ਹੈ, ਕਿਉਂ ਜੋ ਪ੍ਰਚਾਣ ਆਏ ਲੋਕਾਂ ਦੇ ਬੈਠਣ ਲਈ ਜੋ ਫੂਹੜੀਆਂ ਵਿਛਾਈਆਂ ਹੁੰਦੀਆਂ ਹਨ, ਉਹ ਇਸ ਦਿਨ ਚੁਕ ਦਿਤੀਆਂ ਜਾਂਦੀਆਂ ਹਨ। (ਵੇਖੋ : ਕਿਰਿਆ)

(ੳ-42) **ਉਠਾਵਣੀ** :

ਮ੍ਰਿਤੂ-ਸੰਸਕਾਰ ਨਾਲ ਸੰਬੰਧਿਤ ਇਕ ਰੀਤ। (ਵੇਖੋ : ਉਠਾਲਾ)

(ੳ-43) **ਉਡੰਤ** :

ਕੁਲੂ ਦੇ ਇਲਾਕੇ ਘੋਟੀ ਵਿਚ, ਮੁਰਦੇ ਨੂੰ ਠਿਕਾਣੇ ਲਾਉਣ ਦੀ ਇਕ ਵਿਧੀ, ਜਿਸ ਵਿਚ ਮ੍ਰਿਤਕ ਦੇ ਰਿਸ਼ਤੇਦਾਰ ਮੁਰਦੇ ਦੇ ਟੋਟੇ ਟੋਟੇ ਕਰਕੇ, ਉਸ ਨੂੰ ਆਸਮਾਨ ਵਲ ਸੁਟ ਦੇਂਦੇ ਹਨ। ਮੁਰਦੇ ਦੀਆਂ ਬਿਖਰੀਆਂ ਹੋਈਆਂ ਬੋਟੀਆਂ ਪਸ਼ੂ ਪੰਛੀ ਖਾ ਜਾਂਦੇ ਹਨ। ਰਾਏ ਕਾਲੀ ਰਾਏ ਰਚਿਤ 'ਸੈਰ-ਇ-ਪੰਜਾਬ' ਅਨੁਸਾਰ ਇਸ ਇਲਾਕੇ ਵਿਚ ਮੁਰਦੇ ਨੂੰ ਠਿਕਾਣੇ ਲਾਉਣ ਦੇ ਕਦੇ ਚਾਰ ਤਰੀਕੇ ਪ੍ਰਚਲਤ ਸਨ : ਪਹਿਲਾ ਉਡੰਤ; ਦੂਜਾ ਗਡੰਤ ਜਾਂ ਡੁਬੰਤ; ਤੀਜਾ ਫੂਕੰਤ ਅਤੇ ਚੋਥਾ ਭੱਜੰਤ। ਪ੍ਰਾਣੀ ਦੀ ਮੌਤ ਤੋਂ ਬਾਅਦ ਕੁਲ ਪ੍ਰੋਹਿਤ ਇਕ ਪੋਥੀ ਖੋਲ੍ਹਦਾ, ਜੋ ਉਸ ਵਿਚੋਂ 'ਉਡੰਤ' ਦਾ ਹੁਕਮ ਨਿਕਲੇ ਤਾਂ ਮੁਰਦੇ ਦੇ ਟੋਟੇ ਟੋਟੇ ਕਰ ਕੇ ਉਹਨੂੰ ਆਸਮਾਨ ਵਲ ਸੁਟ ਦੇਂਦੇ ਸਨ। 'ਗਡੰਤ' ਜਾਂ 'ਡੁਬੰਤ' ਦੀ ਹਾਲਤ ਵਿਚ ਮੁਰਦੇ ਨੂੰ ਭੁਇੰ ਵਿਚ ਦਬ ਦੇਂਦੇ ਜਾਂ ਨਦੀ ਵਿਚ ਰੋੜ੍ਹ ਦੇਂਦੇ ਸਨ। ਜੇ 'ਫੂਕੰਤ' ਨਿਕਲੇ ਤਾਂ ਉਸ ਦਾ ਦਾਹ-ਸੰਸਕਾਰ ਕਰਦੇ ਸਨ ਅਤੇ ਜੇ 'ਭੱਜੰਤ' ਦਾ ਹੁਕਮ ਆਵੇ ਤਾਂ ਮੁਰਦੇ ਨੂੰ ਕਟ ਕੇ ਅੰਗਾਂ ਸਾਕਾਂ ਵਿਚ ਖਾਣ ਲਈ ਵੰਡ ਦੇਂਦੇ ਸਨ। ਹੁਣ 'ਉਡੰਤ' ਤੇ 'ਭੱਜੰਤ' ਦਾ ਰਵਾਜ ਨਹੀਂ ਰਿਹਾ।

(ੳ-44) **ਉਡਨ ਖਟੋਲਾ** :

ਇਕ ਤਰ੍ਹਾਂ ਦਾ ਕਲਪਿਤ ਬਿਬਾਣ ਜੋ ਅਕਾਸ਼ ਵਿਚ ਬੜੀ ਤੇਜ਼ੀ ਨਾਲ ਉਡਣ ਦੀ ਸ਼ਕਤੀ ਰਖਦਾ ਹੈ। ਪਰੀ-ਕਥਾਵਾਂ ਵਿਚ ਉਡਨ ਖਟੋਲਿਆਂ ਦਾ ਵਰਨਣ ਆਮ ਹੈ। ਇਨ੍ਹਾਂ ਉਪਰ ਨਾਇਕ/ਨਾਇਕਾ ਜਾਂ ਕੋਈ ਹੋਰ ਪਾਤਰ ਬੈਠ ਕੇ ਮਨ ਮਰਜ਼ੀ ਨਾਲ ਜਿਥੇ ਚਾਹੇ ਪਲਾਂ ਛਿਨਾਂ ਵਿਚ ਪਹੁੰਚ ਜਾਂਦਾ ਹੈ।

(ੳ-45) **ਉੱਡੀਂ ਵੇ ਤਿਲੀਅਰ ਕਾਗਾ** :

ਢੋਲਕੀ ਉਤੇ ਗਾਇਆ ਜਾਣ ਵਾਲਾ ਇਕ ਲੰਮਾ ਗੀਤ, ਜਿਸ ਨੂੰ ਦੋ ਕੁੜੀਆਂ ਸੁਆਲਾਂ ਜੁਆਬਾਂ ਦੇ ਰੂਪ ਵਿਚ ਗਾਉਂਦੀਆਂ ਹਨ। ਕਈ ਵਾਰ, ਵਿਆਹ ਸ਼ਾਦੀ ਉਤੇ ਦੋ ਕੁੜੀਆਂ ਪਤੀ ਪਤਨੀ ਦਾ ਸਵਾਂਗ ਭਰਕੇ ਇਹ ਗੀਤ ਗਾਉਂਦੀਆਂ ਹਨ। ਇਸ ਗੀਤ ਦੇ ਪਹਿਲੇ ਦੋ ਬੰਦ ਹਨ :—

"ਉੱਡੀਂ ਵੇ ਤਿਲੀਅਰ ਕਾਗਾ,
ਲੰਮੀਂ ਲਾਈਂ ਵੇ ਉਡਾਰੀ।
ਜਾ ਆਖੀਂ ਮੇਰੇ ਮਾਹੀ ਨੂੰ,
ਗੋਰੀ ਕਿਉਂ ਮਨੋਂ ਵਿਸਾਰੀ।"
"ਗੋਰੀਏ ! ਨਾ ਅਸਾਂ ਵਿਸਰੀ,
ਨਾ ਈ ਕਦੇ ਵਿਸਾਰੀ।
ਨੀ ਗੋਰੀਏ,
ਹਰਦਮ ਲਗਨੀ ਏਂ ਪਿਆਰੀ।"

ਇਸ ਗੀਤ ਦਾ ਹੇਠਲਾ ਬੰਦ ਬੜਾ ਪ੍ਰਸਿਧ ਹੈ ਅਤੇ ਕਈ ਰੂਪਾਂਤਰਾਂ ਵਿਚ ਮਿਲਦਾ ਹੈ :—

ਦਿਲ ਦਾ ਟੁਕੜਾ ਮੈਂ ਕਾਗ਼ਜ਼ ਬਣਾਵਾਂ
ਨੈਣਾਂ ਦੇ ਕਜਲੇ ਦੀ ਸਿਆਹੀ ।
ਹੱਥਾਂ ਦੀ ਚੀਚੀ ਮੈਂ ਕਲਮ ਬਣਾਵਾਂ
ਰੋ ਰੋ ਹੰਝੂਆਂ ਦਾ ਪਾਣੀ ।

(ਉ-46) **ਉਣਹੱੜ੍ਹਾ** :

ਸੰਮਤ 1869 ਦਾ ਇਕ ਭਿਆਨਕ ਕਾਲ, ਜਿਸ ਦੀ ਯਾਦ ਹੁਣ ਤਕ ਲੋਕਾਂ ਦੇ ਦਿਲਾਂ ਉਤੇ ਉੱਕਰੀ ਪਈ ਹੈ । ਉਦੋਂ ਕਈ ਸਾਲਾਂ ਤਕ ਲਗਾਤਾਰ ਮੀਂਹ ਨਹੀਂ ਸੀ ਪਿਆ ਅਤੇ ਅੰਨ-ਸੰਕਟ ਕਾਰਣ ਲੋਕਾਂ ਨੇ ਜੰਗਲੀ ਬੂਟੀਆਂ ਅਤੇ ਬਿਛਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ । ਉਨ੍ਹੀਂ ਦਿਨੀਂ ਕਈ ਭਿਆਨਕ ਬੀਮਾਰੀਆਂ ਵੀ ਫੈਲੀਆਂ । ਇਸੇ ਕਾਲ ਤੋਂ 'ਉਣਹੱੜ੍ਹੇ ਦਾ ਮਾਰਿਆ ਹੋਇਆ' ਮੁਹਾਵਰਾ ਪ੍ਰਚਲਤ ਹੋਇਆ, ਜਿਸ ਦਾ ਭਾਵ ਕਮਜ਼ੋਰ ਅਤੇ ਜਮਤੀਲ ਸ਼ਖ਼ਸ ਤੋਂ ਹੈ । ਲੋਕੀਂ ਉਣਹੱੜ੍ਹਾ ਦਾ ਨਾਂ ਸਰਘੀ ਵੇਲੇ ਲੈਣਾ ਨਹਿਸ਼ ਮੰਨਦੇ ਹਨ । ਧਾਰਨਾ ਹੈ ਕਿ ਜੇ ਸਵੇਰੇ ਸਵੇਰੇ ਉਣਹੱੜ੍ਹ ਦੇ ਅੰਕੜੇ ਦਾ ਉਚਾਰਨ ਕੀਤਾ ਜਾਵੇ ਤਾਂ ਸਾਰਾ ਦਿਨ ਰੋਟੀ ਨਸੀਬ ਨਹੀਂ ਹੁੰਦੀ ।

(ਉ-47) **ਉਣਿੰਜਾ** :

ਇਕ ਸੰਖਿਆ ਰੂੜ੍ਹੀ; ਸ਼ਾਸਤਰਾਂ ਅਨੁਸਾਰ ਪਾਵਨ ਅਗਨੀਆਂ ਦੀ ਗਿਣਤੀ ਉਣਿੰਜਾ ਹੈ । (ਵੇਖੋ : ਉਣਿੰਜਾ ਅਗਨੀਆਂ) ਮਾਰੂਤਾਂ ਦੀ ਸੰਖਿਆ ਵੀ ਉਣਿੰਜਾ ਹੈ । (ਵੇਖੋ : ਮਾਰੂਤ)

(ਉ-48) **ਉਣਿੰਜਾ ਅਗਨੀਆਂ** :

ਹਿੰਦੂ ਗ੍ਰੰਥਾਂ ਅਨੁਸਾਰ ਪਾਵਨ ਅਗਨੀਆਂ ਦੀ ਸੰਖਿਆ ਉਣਿੰਜਾ ਹੈ । ਵਿਸ਼ਨੂੰ ਪੁਰਾਣ ਵਿਚ ਇਨ੍ਹਾਂ ਅਗਨੀਆਂ ਦਾ ਵੇਰਵਾ ਵਿਸਥਾਰ ਨਾਲ ਦਿਤਾ ਮਿਲਦਾ ਹੈ । ਇਸ ਪੁਰਾਣ ਅਨੁਸਾਰ ਅਗਨੀ ਬ੍ਰਹਮਾ ਦਾ ਵਡਾ ਪੁਤਰ ਸੀ, ਸ੍ਵਾਹਾ ਉਸ ਦੀ ਪਤਨੀ ਸੀ, ਜਿਸ ਦੇ ਉਦਰ ਤੋਂ ਪਾਵਨ, ਪਵਮਾਨ ਤੇ ਸ਼ੁਚੀ ਨਾਉਂ ਦੇ ਤਿੰਨ ਪੁਤਰ ਜੰਮੇਂ । ਇਨ੍ਹਾਂ ਤਿੰਨਾਂ ਦੇ ਅਗੋਂ ਪੰਜਤਾਲੀ ਪੁਤਰ ਪੈਦਾ ਹੋਏ । ਇਸ ਤਰ੍ਹਾਂ ਇਨ੍ਹਾਂ ਉਣਿੰਜਾ ਵਿਅਕਤੀਆਂ ਤੋਂ ਉਣਿੰਜਾ ਪਵਿਤ੍ਰ ਅਗਨੀਆਂ ਹੋਂਦ ਵਿਚ ਆਈਆਂ ।

(ਉ-49) **ਉਣੇਤ** :

(ਸੰ: ਉਪਨਯਨ) ਜਨੇਊ ਪਹਿਨਣ ਦੀ ਰਸਮ, ਇਸ ਨੂੰ 'ਭਦਣੁ ਉਣੇਤ' ਵੀ ਕਹਿੰਦੇ ਹਨ । (ਵੇਖੋ : ਉਪਨਯਨ)

(ਉ-50) **ਉਤਸ਼ਵ** :

ਆਨੰਦ ਦੇਣ ਵਾਲੇ ਕੰਮ; ਖ਼ੁਸ਼ੀ ਦੇ ਅਵਸਰ । ਸਮਾਜਿਕ, ਭਾਈਚਾਰਕ ਅਥਵਾ ਧਾਰਮਿਕ ਖ਼ੁਸ਼ੀ ਦੇ ਅਵਸਰ, ਜਿਸ ਨੂੰ ਬਹੁਤ ਸਾਰੇ ਲੋਕ ਰਲ ਮਿਲ ਕੇ ਮਨਾਉਣ । ਭਾਈਚਾਰਕ ਉਤਸ਼ਵ ਬੱਚੇ ਦਾ ਜਨਮ, ਸਗਾਈ, ਵਿਆਹ, ਮਕਾਨ ਦੀ ਚੱਠ ਆਦਿ ਦੇ ਮੰਗਲਮਈ ਅਵਸਰ ਹਨ, ਜਦੋਂ ਬਰਾਦਰੀ ਨੂੰ ਸਦ ਕੇ ਖ਼ੁਸ਼ੀ ਸਾਮੂਹਿਕ ਰੂਪ ਵਿਚ ਮਨਾਈ ਜਾਂਦੀ ਹੈ । ਸਮਾਜਿਕ ਅਵਸਰ ਬਸੰਤ, ਲੋਹੜੀ ਅਤੇ ਦੀਵਾਲੀ ਆਦਿ ਸਮੇਂ ਸਾਰੀ ਜਾਤੀ ਸਾਮੂਹਿਕ ਪੱਧਰ ਉਤੇ ਮੇਲੇ ਮਨਾਉਂਦੀ ਹੈ । ਧਾਰਮਿਕ ਉਤਸ਼ਵ ਕਿਸੇ ਗੁਰੂ-ਪੀਰ ਫ਼ਕੀਰ ਦੇ ਜਨਮ-ਮਰਨ ਦੀਆਂ ਤਿੱਥਾਂ ਆਦਿ ਨਾਲ ਸੰਬੰਧਿਤ ਪੁਰਬ ਹਨ, ਜਿਵੇਂ ਉਰਸ, ਗੁਰਪੁਰਬ, ਰਾਮਨੌਮੀ ਆਦਿ, ਜਦੋਂ ਕਿਸੇ ਇਕ ਸੰਪਰਦਾਇ ਦੇ ਲੋਕ ਇਕੱਠੇ ਹੋ ਕੇ ਆਪਣੇ ਗੁਰੂ ਪੀਰ ਅਤੇ ਅਵਤਾਰ ਵਿਚ ਆਸਥਾ ਪ੍ਰਗਟ ਕਰਦੇ ਹਨ ।

ਉਤਸ਼ਵ ਮਨਾਉਣ ਦੀ ਪ੍ਰਥਾ ਮੁਢ ਕਦੀਮ ਤੋਂ ਹੀ ਚਲੀ ਆ ਰਹੀ ਹੈ । ਆਦਿਮ ਮਾਨਵ ਖ਼ਾਸ ਖ਼ਾਸ ਮੌਕਿਆਂ ਉਤੇ ਦੇਵੀ ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਸਾਮੂਹਿਕ ਰੂਪ ਵਿਚ ਕੁਝ ਖ਼ਾਸ ਕਰਮ ਕਾਂਡ ਕੀਤਾ ਕਰਦਾ ਸੀ ਜੋ ਸਮੇਂ ਨਾਲ ਉਤਸ਼ਵਾਂ ਦਾ ਰੂਪ ਧਾਰ ਗਏ । ਸਾਡੇ ਸਭ ਤੋਂ ਪ੍ਰਾਚੀਨ ਉਤਸ਼ਵ ਰੁਤਾਂ ਨਾਲ ਸੰਬੰਧਿਤ ਹਨ ।

(ਉ-51) **ਉਤਸ਼ਵ-ਗੀਤ** :

ਉਹ ਲੋਕ-ਗੀਤ ਜੋ ਕਿਸੇ ਉਤਸ਼ਵ ਨਾਲ ਸੰਬੰਧਿਤ ਹੋਣ । ਪੰਜਾਬੀ ਵਿਚ ਹਰੇਕ ਉਤਸ਼ਵ

ਲਈ ਵਿਸ਼ੇਸ਼ ਗੀਤ ਨਿਸਚਿਤ ਹਨ। ਜਨਮ, ਕੁੜਮਾਈ, ਵਿਆਹ ਆਦਿ ਸੰਸਕਾਰਾਂ ਸਮੇਂ ਵਖੋ ਵਖਰੇ ਸੁਭਾਵ ਦੇ ਗੀਤ ਗਾਉਣ ਦਾ ਵਿਧਾਨ ਹੈ। ਪੁੱਤਰ ਦੇ ਜੰਮਣ ਵੇਲੇ ਸੋਹਿਲੇ ਗਾਏ ਜਾਂਦੇ ਹਨ; ਕੰਨਿਆਂ ਦੇ ਵਿਆਹ ਉਤੇ ਸੁਹਾਗ; ਮੁੰਡੇ ਦੇ ਵਿਆਹ ਸਮੇਂ ਘੋੜੀਆਂ ਅਤੇ ਮੌਤ ਵੇਲੇ ਅਲਾਹਣੀਆਂ। ਬਸੰਤ, ਲੋਹੜੀ, ਵਿਸਾਖੀ ਅਤੇ ਤੀਹਾਂ ਆਦਿ ਦੇ ਉਤਸ਼ਵਾਂ ਉਤੇ ਵਖੋ ਵਖਰੇ ਕਾਵਿ-ਰੂਪ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਉਸ ਉਤਸ਼ਵ ਦੀ ਭਾਵਨਾ ਪੂਰੀ ਤਰ੍ਹਾਂ ਵਲੀਨ ਹੁੰਦੀ ਹੈ। ਤੀਹਾਂ ਦੇ ਗੀਤਾਂ ਵਿਚ ਪ੍ਰੇਮ ਭਾਵਨਾ ਪ੍ਰਬਲ ਹੈ, ਪਰ ਲੋਹੜੀ ਦੇ ਗੀਤਾਂ ਵਿਚ ਹਾਸ-ਵਿਨੋਦ ਤੇ ਮਸ਼ਕਰੀ। ਵਿਸਾਖੀ ਦੇ ਗੀਤਾਂ ਵਿਚ ਪੰਜਾਬੀ ਗਭਰੂਆਂ ਦਾ ਹਉਂ ਅਤੇ ਪ੍ਰਾਕ੍ਰਮ ਬੋਲਦਾ ਹੈ ਅਤੇ ਬਸੰਤ ਦੇ ਗੀਤਾਂ ਵਿਚ ਨਵੀਂ ਰੁੱਤ ਦੀ ਨੁਹਾਰ ਝਲਕਾਰੇ ਮਾਰਦੀ ਹੈ। ਹਰ ਉਤਸ਼ਵ ਦਾ ਵਖੋ ਵਖਰਾ ਰੰਗ ਅਤੇ ਸੁਭਾਵ ਹੈ ਜਿਸ ਕਰ ਕੇ ਹਰ ਉਤਸ਼ਵ ਨਾਲ ਸੰਬੰਧਿਤ ਗੀਤਾਂ ਵਿਚ ਵਖੋ ਵਖਰੀ ਭਾਵਨਾ ਕੰਮ ਕਰਦੀ ਹੈ। ਇਨ੍ਹਾਂ ਗੀਤਾਂ ਦਾ ਵਰਨਣ ਸੰਬੰਧਿਤ ਸੰਸਕਾਰਾਂ ਅਤੇ ਉਤਸ਼ਵਾਂ ਦੇ ਅਧੀਨ ਕੀਤਾ ਗਿਆ ਹੈ।

(ੳ-52) **ਉਤਕਲ** :

(1) ਬ੍ਰਾਹਮਣਾਂ ਦੀਆਂ ਦਸਾਂ ਗੋਤਾਂ ਵਿਚੋਂ ਇਕ; ਇਹ ਸਾਰੇ ਗੌੜ ਬ੍ਰਾਹਮਣ ਅਖਵਾਂਦੇ ਹਨ। (ਵੇਖੋ : ਬ੍ਰਾਹਮਣ)

(2) ਇਕ ਪੌਰਾਣਿਕ ਰਾਜਾ ਜੋ ਸੁਦਯੁਮਨ ਦਾ ਪੁੱਤਰ ਸੀ। ਇਸ ਨੇ ਉਤਕਲ (ਉੜੀਸਾ) ਰਾਜ ਦੀ ਸਥਾਪਨਾ ਕੀਤੀ।

(ੳ-53) **ਉਤੰਗ** :

(1) ਮਤੰਗ ਰਿਸ਼ੀ ਦਾ ਚੇਲਾ। ਮਤੰਗ ਨੇ ਉਤੰਗ ਨੂੰ ਆਦੇਸ਼ ਦਿਤਾ ਸੀ ਕਿ ਉਹ ਤ੍ਰੇਤਾ ਯੁਗ ਵਿਚ, ਓਦੋਂ ਤਕ ਤੱਪ ਵਿਚ ਲੀਨ ਰਹੇ ਜਦੋਂ ਤਕ ਉਸਨੂੰ ਰਾਮਚੰਦਰ ਦੇ ਦਰਸ਼ਨ ਨਾ ਹੋ ਜਾਣ। ਸੋ, ਉਤੰਗ ਦੰਡਕ ਬਣ ਵਿਚ ਤਪੱਸਿਆ ਕਰਨ ਲੱਗਾ। ਉਥੇ ਹੀ ਉਸ ਨੂੰ ਰਾਮ ਚੰਦਰ ਦੇ ਦਰਸ਼ਨ ਹੋਏ। ਉਤੰਗ ਗੁਰੂ ਭਗਤੀ ਲਈ ਬੜਾ ਪ੍ਰਸਿਧ ਸੀ।

(2) ਗੌਤਮ ਰਿਸ਼ੀ ਦਾ ਇਕ ਚੇਲਾ; ਗੌਤਮ ਨੇ ਆਪਣੀ ਕੰਨਿਆਂ ਦਾ ਵਿਆਹ ਇਸੇ ਨਾਲ ਕੀਤਾ ਸੀ।

(3) ਵੇਦਮੁਨੀ ਦਾ ਇਕ ਚੇਲਾ ਜੋ ਆਪਣੇ ਗੁਰੂ ਦਾ ਪਰਮ ਭਗਤ ਸੀ। ਇਕ ਵਾਰ ਜਦੋਂ ਵੇਦ ਮੁਨੀ ਕਿਧਰੇ ਬਾਹਰ ਗਏ ਹੋਏ ਸਨ ਤਾਂ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਦੀ ਪਤਨੀ ਨੇ ਉਤੰਗ ਨਾਲ ਕਾਮ ਚੇਸ਼ਟਾ ਪੂਰੀ ਕਰਨ ਦੀ ਇਛਾ ਪ੍ਰਗਟ ਕੀਤੀ, ਪਰ ਉਤੰਗ ਨੇ ਸਾਫ਼ ਇਨਕਾਰ ਕਰ ਦਿਤਾ। ਇਸੇ ਉਤੰਗ ਨੇ ਜਨਮੇਜਯ ਕੋਲ ਜਾ ਕੇ ਉਸ ਨੂੰ ਤੱਕਸ਼ ਦਾ ਸੰਘਾਰ ਕਰਨ ਦੀ ਪ੍ਰੇਰਣਾ ਦਿਤੀ ਸੀ ਅਤੇ ਉਸ ਤੋਂ ਸਰਪ-ਯੱਗ ਕਰਵਾਇਆ ਸੀ।

(ੳ-54) **ਉਤਣੂੰ** :

ਇਕ ਤਰ੍ਹਾਂ ਦੇ ਕਿਰਮ ਜੋ ਗੁਦਾ ਦੇ ਅੰਦਰ ਜਲੂਣ ਪੈਦਾ ਕਰਦੇ ਹਨ, ਇਨ੍ਹਾਂ ਨੂੰ ਦਮੂੰਣੇ ਵੀ ਆਖਦੇ ਹਨ। ਉਤਣੂੰ ਬੱਚਿਆਂ ਨੂੰ ਬੜਾ ਤੰਗ ਕਰਦੇ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਇਕ ਟੂਣਾ ਪ੍ਰਚਲਤ ਹੈ :– ਬੱਚੇ ਨੂੰ ਮੌਲੀ ਦੇ ਧਾਗੇ ਤੋਂ ਟਪਾ ਕੇ ਧਾਗੇ ਨੂੰ ਗੰਢ ਪਾ ਲਈ ਜਾਂਦੀ ਹੈ। ਫਿਰ ਉਹ ਧਾਗਾ ਰੋਗੀ ਦੀ ਵੀਣੀ ਉਤੇ ਬੰਨ੍ਹ ਦਿਤਾ ਜਾਂਦਾ ਹੈ। ਨਿਸਚਾ ਹੈ ਕਿ ਫਿਰ ਬੱਚੇ ਨੂੰ ਉਤਣੂੰ ਨਹੀਂ ਲੜਦੇ।

(ੳ-55) **ਉਤੱਥ** :

ਅੰਗਿਰਸ ਰਿਸ਼ੀ ਦੀ ਵੰਸ਼ ਦਾ ਇਕ ਬ੍ਰਾਹਮਣ, ਜੋ ਅੰਗਿਰਾ ਦਾ ਪੁੱਤਰ ਸੀ। ਇਸ ਦਾ ਵਿਆਹ ਸੋਮ ਦੀ ਸਪੁਤ੍ਰੀ ਭੱਦ੍ਰਾ ਨਾਲ ਹੋਇਆ, ਜੋ ਬੜੀ ਸੁੰਦਰ, ਸੂਝਵਾਨ ਤੇ ਸੁਸ਼ੀਲ ਲੜਕੀ ਸੀ। ਵਰੁਣ ਦੇਵਤਾ ਜੋ ਭੱਦ੍ਰਾ ਉਤੇ ਪਹਿਲਾਂ ਤੋਂ ਹੀ ਮੋਹਤ ਸੀ, ਉਸਨੂੰ ਉਤੱਥ ਦੇ ਆਸ਼ਰਮ ਵਿਚੋਂ ਚੁਰਾ ਕੇ ਲੈ ਗਿਆ। ਭੱਦ੍ਰਾ ਨੂੰ ਪ੍ਰਾਪਤ ਕਰਨ ਦੇ ਵਿਚਾਰ ਨਾਲ ਉਤੱਥ ਨੇ ਨਾਰਦ ਰਿਸ਼ੀ ਨੂੰ ਵਰੁਣ ਕੋਲ ਭੇਜਿਆ, ਪਰ ਵਰੁਣ ਨੇ ਭੱਦ੍ਰਾ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿਤਾ। ਉਤੱਥ ਨੇ ਕਰੋਧ ਵਿਚ ਆ ਕੇ ਸਾਰਾ ਸਮੁੰਦਰ ਪੀ ਲਿਆ। ਵਰੁਣ ਨੇ ਫਿਰ ਵੀ ਭੱਦ੍ਰਾ ਨੂੰ ਵਾਪਸ ਨਾ ਕੀਤਾ। ਅਖ਼ੀਰ

ਉਤੱਥ ਨੇ ਸਾਰੀ ਸ੍ਰਿਸ਼ਟੀ ਦਾ ਰਸ ਚੂਸ ਲਿਆ। ਜਦੋਂ ਧਰਤੀ ਉਤੇ ਪਾਣੀ ਦਾ ਇਕ ਤੁਪਕਾ ਵੀ ਨਾ ਰਿਹਾ ਅਤੇ ਸਾਰੀ ਬਨਸਪਤੀ ਝੌਂ ਗਈ ਅਤੇ ਜੀਵ-ਜੰਤੂ ਵਿਆਕੁਲ ਹੋਣ ਲੱਗੇ ਤਾਂ ਵਰੁਣ ਖ਼ੁਦ ਉਤੱਥ ਕੋਲ ਭੱਦ੍ਰਾ ਨੂੰ ਮੋੜਨ ਲਈ ਪਹੁੰਚਿਆ। ਭੱਦ੍ਰਾ ਨੂੰ ਪ੍ਰਾਪਤ ਕਰ ਕੇ ਉਤੱਥ ਬੜਾ ਪ੍ਰਸੰਨ ਹੋਇਆ। ਫਲਸਰੂਪ ਉਸ ਨੇ ਸਾਰਾ ਪਾਣੀ ਮੁੜ ਸਮੁੰਦਰ ਨੂੰ ਮੋੜ ਦਿਤਾ। ਕਹਿੰਦੇ ਹਨ ਸਮੁੰਦਰ ਦਾ ਪਾਣੀ ਖਾਰਾ ਹੋਣ ਦਾ ਇਹੋ ਕਾਰਨ ਹੈ ਕਿ ਉਤੱਥ ਨੇ ਸਾਰਾ ਪਾਣੀ ਪੀ ਕੇ ਮੁੜ ਮੂਤਰ ਦੇ ਰੂਪ ਵਿਚ ਬਾਹਰ ਕਢਿਆ ਸੀ।

ਮਹਾਂਭਾਰਤ ਵਿਚ ਉਤੱਥ ਬਾਰੇ ਇਸ ਤੋਂ ਰਤਾ ਭਿੰਨ ਕਥਾ ਮਿਲਦੀ ਹੈ। ਉਸ ਕਥਾ ਅਨੁਸਾਰ ਉਤੱਥ ਦੀ ਪਤਨੀ ਦਾ ਨਾਂ 'ਮਮਤਾ' ਸੀ। (ਵੇਖੋ : ਮਮਤਾ)

(ੳ-56) **ਉਤਪਤੀ ਸ੍ਰਿਸ਼ਟੀ ਦੀ** :

ਸੰਸਾਰ ਦੀ ਉਤਪਤੀ ਬਾਰੇ ਪੁਰਾਣਾਂ ਵਿਚ ਅਨੇਕਾਂ ਰੋਚਕ ਕਥਾਵਾਂ ਮਿਲਦੀਆਂ ਹਨ ਜੋ ਮੂਲ ਵਿਚ ਲੋਕ-ਮਨ ਦੀਆਂ ਹੀ ਬਿਰਤਾਂਤਕ ਅਭਿਵਿਅਕਤੀਆਂ ਹਨ । ਕਿਸੇ ਕਥਾ ਵਿਚ ਬ੍ਰਹਮਾ ਤੋਂ ਸੰਸਾਰ ਦੀ ਸਿਰਜਨਾ ਮੰਨੀ ਗਈ ਹੈ ਅਤੇ ਕਿਸੇ ਵਿਚ ਵਿਸ਼ਨੂੰ ਤੋਂ। ਰਿਗ ਵੇਦ ਅਤੇ ਪੁਰਾਣਾਂ ਵਿਚ ਸ੍ਰਿਸ਼ਟੀ ਦੀ ਸਿਰਜਨਾ ਬਾਰੇ ਵਿਚਾਰ ਇਕਸਾਰ ਨਹੀਂ ਮਿਲਦੇ। ਰਿਗ ਵੇਦ ਦੀਆਂ ਕੁਝ ਰਿਚਾਂ ਵਿਚ ਇੰਦਰ ਨੂੰ ਅਤੇ ਕੁਝ ਰਿਚਾਂ ਵਿਚ ਵਰੁਣ ਨੂੰ ਸ੍ਰਿਸ਼ਟੀ ਦਾ ਸਿਰਜਨਹਾਰ ਮੰਨਿਆ ਗਿਆ ਹੈ । ਇਕ ਰਿਚ ਅਨੁਸਾਰ ਅਗਨੀ, ਇੰਦਰ ਅਤੇ ਮਾਰੂਤ ਤਿੰਨਾਂ ਦੀ ਸਾਂਝੀ ਸ਼ਕਤੀ ਦੁਆਰਾ ਸੰਸਾਰ ਦੀ ਰਚਨਾ ਹੋਈ।

ਪੁਰਸ਼ ਸੂਕਤ ਅਨੁਸਾਰ ਦੇਵਤਿਆਂ ਨੇ ਯੱਗ ਵਿਚ ਇਕ ਵਿਰਾਟ ਆਕਾਰ ਦੇ ਦੈਂਤ ਦੀ ਬਲੀ ਦਿਤੀ। ਇਸੇ ਦੈਂਤ ਦੇ ਸਰੀਰ ਤੋਂ ਧਰਤੀ ਅਤੇ ਆਕਾਸ਼ ਦੀ ਉਤਪਤੀ ਹੋਈ। ਦੈਂਤ ਦਾ ਉਪਰਲਾ ਧੜ ਆਕਾਸ਼ ਬਣਿਆ, ਪੈਰ ਧਰਤੀ ਅਤੇ ਨਾਭੀ ਪੌਣ ਬਣੀ। ਇਸੇ ਰਿਚ ਅਨੁਸਾਰ ਦੈਂਤ ਦੇ ਹਿਰਦੇ ਵਿਚੋਂ ਚੰਨ, ਅੱਖ ਵਿਚੋਂ ਸੂਰਜ, ਮੂੰਹ ਵਿਚੋਂ ਇੰਦਰ ਤੇ ਅਗਨੀ; ਅਤੇ ਉਸ ਦੇ ਸਾਹ ਵਿਚੋਂ ਪੌਣ ਦੀ ਉਤਪਤੀ ਹੋਈ। ਚਾਰੇ ਜਾਤੀਆਂ ਵੀ ਇਸੇ ਦੈਂਤ ਦੇ ਵਿਭਿੰਨ ਅੰਗਾਂ ਤੋਂ ਉਤਪੰਨ ਹੋਈਆਂ : ਮੂੰਹ ਵਿਚੋਂ ਬ੍ਰਾਹਮਣ, ਬਾਹਵਾਂ ਵਿਚੋਂ ਖੱਤਰੀ, ਪੱਟਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਉਪਜੇ। ਸ਼ਤਪਥ ਬ੍ਰਾਹਮਣ ਅਨੁਸਾਰ ਪ੍ਰਜਾਪਤੀ ਨੇ 'ਭੂ' ਕਿਹਾ ਤਾਂ ਪ੍ਰਿਥਵੀ ਅਤੇ 'ਭੁਵਾ' ਕਿਹਾ ਤਾਂ ਆਕਾਸ਼ ਹੋਂਦ ਵਿਚ ਆਇਆ।

ਭਾਗਵਤ ਪੁਰਾਣ ਅਨੁਸਾਰ ਸੰਸਾਰ ਦੀ ਉਤਪਤੀ ਇਕ ਸੁਨਹਿਰੀ ਅੰਡੇ ਤੋਂ ਹੋਈ। ਪਰਜਾਪਤੀ ਸਮੁੰਦਰ ਦੀ ਸੱਤਹ ਉਤੇ ਤਰਦੇ ਇਕ ਅੰਡੇ ਉਪਰ ਇਕ ਹਜ਼ਾਰ ਸਾਲ ਤਕ ਸਮਾਧੀ ਲਗਾਈ ਬੈਠਾ ਰਿਹਾ। ਸਮਾਧੀ ਦੀ ਅਵਸਥਾ ਵਿਚ ਪਰਜਾਪਤੀ ਦੀ ਨਾਭੀ ਵਿਚੋਂ ਇਕ ਨੂਰੀ ਕੰਵਲ ਪੈਦਾ ਹੋਇਆ, ਜਿਸ ਦੀ ਆਭਾ ਸਹੰਸ੍ਰ ਸੂਰਜਾਂ ਜਿਤਨੀ ਸੀ। ਇਹ ਕੰਵਲ ਫੁਲ ਇਤਨਾ ਵਿਰਾਟ ਸੀ ਕਿ ਇਸ ਵਿਚ ਸਾਰੀ ਸ੍ਰਿਸ਼ਟੀ ਦੇ ਜੀਵ-ਜੰਤੂ ਸਮਾ ਸਕਦੇ ਸਨ। ਇਸੇ ਕੰਵਲ ਫੁਲ ਵਿਚੋਂ ਬ੍ਰਹਮਾ ਪੈਦਾ ਹੋਇਆ, ਜਿਸ ਨੇ ਅਗੋਂ ਸਭ ਜੀਵਾਂ ਦੀ ਸਿਰਜਨਾ ਕਰ ਕੇ ਹਰੇਕ ਜੂਨੀ ਨੂੰ ਨਾਉਂ ਅਤੇ ਰੂਪ ਦਿਤਾ। ਬ੍ਰਹਮਾ ਨੇ ਸਭ ਤੋਂ ਪਹਿਲਾਂ ਸਤੋਗੁਣ ਵਾਲੇ ਜੀਵ ਉਤਪੰਨ ਕੀਤੇ ਜੋ ਆਕਾਸ਼ ਵਿਚ ਰਹਿਣ ਲੱਗੇ। ਫਿਰ ਉਸ ਆਪਣੀ ਕੁਲ ਤੋਂ ਅਸੁਰ ਅਤੇ ਪੈਰਾਂ ਤੋਂ ਧਰਤੀ ਉਤਪੰਨ ਕੀਤੀ। ਬ੍ਰਹਮਾ ਦੀ ਮੁਸਕਾਨ ਤੋਂ ਅਪੱਛਰਾਂ ਪੈਦਾ ਹੋਈਆਂ।

ਤੈਤਿਰਯ ਬ੍ਰਾਹਮਣ ਵਿਚ ਲਿਖਿਆ ਹੈ ਕਿ ਪ੍ਰਜਾਪਤੀ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇਛਾ ਨਾਲ ਪਹਿਲਾਂ ਆਪਣੇ ਆਪੇ ਨਾਲ ਇਕ ਰਸ ਹੋਇਆ। ਉਸ ਦੇ ਸਵਾਸਾਂ ਵਿਚ ਵਿਰਾਟ ਸ਼ਕਤੀ ਪੈਦਾ ਹੋ ਗਈ। ਉਸ ਨੇ ਆਪਣੇ ਸਵਾਸਾਂ (ਅਸੁ) ਤੋਂ ਅਸੁਰ ਪੈਦਾ ਕੀਤੇ। ਫੇਰ ਪਿਤਰ ਰਚੇ, ਫਿਰ ਮਾਨਵ ਦੀ ਉਤਪਤੀ ਕੀਤੀ। ਉਦੋਂ ਤਕ ਦਿਨ ਚੜ੍ਹ ਗਿਆ ਸੀ, ਤਦ ਉਸ ਨੇ ਦੇਵਤੇ ਪੈਦਾ ਕੀਤੇ। ਦੇਵਤੇ ਪ੍ਰਕਾਸ਼ ਵਿਚ ਪੈਦਾ ਹੋਣ ਕਰ ਕੇ ਸਹਿਜ ਰੂਪ ਵਿਚ ਹੀ ਦੈਵੀ ਸ਼ਕਤੀ ਦੇ ਸੁਆਮੀ ਬਣੇ।

ਸ਼ਤਪਥ ਬ੍ਰਾਹਮਣ ਵਿਚ ਜੀਵਾਂ ਦੀ ਉਤਪਤੀ ਪ੍ਰਜਾਪਤੀ ਤੋਂ ਹੋਈ ਦਸੀ ਗਈ ਹੈ। ਪ੍ਰਜਾਪਤੀ

ਬੀਜ ਪੈਦਾ ਕਰ ਕੇ ਉਸ ਵਿਚੋਂ ਪਹਿਲਾਂ ਖ਼ੁਦ ਉਤਪੰਨ ਹੋਇਆ। ਫਿਰ ਪ੍ਰਜਾਪਤੀ ਨੇ ਆਪਣੇ ਪ੍ਰਾਣਾਂ ਤੋਂ ਪਸ਼ੂ, ਆਤਮਾ ਤੋਂ ਲੋਕ, ਸਵਾਸਾਂ ਤੋਂ ਬਲਦ, ਕੰਨਾਂ ਤੋਂ ਮੱਝਾਂ, ਅੱਖਾਂ ਤੋਂ ਘੋੜੇ ਅਤੇ ਧੁੰਨੀ ਤੋਂ ਬਕਰੀਆਂ ਆਦਿ ਦੀਆਂ ਜੂਨਾਂ ਪੈਦਾ ਕੀਤੀਆਂ। ਇਸੇ ਬ੍ਰਾਹਮਣ ਗ੍ਰੰਥ ਵਿਚ ਇਕ ਹੋਰ ਥਾਂ ਸੰਸਾਰ ਦੇ ਜੀਵਾਂ ਦੀ ਉਤਪਤੀ ਇਸ ਪ੍ਰਕਾਰ ਲਿਖੀ ਹੈ :— ਪੁਰਸ਼ ਸੰਸਾਰ ਵਿਚ ਇਕੱਲਾ ਸੀ। ਉਸ ਨੇ ਸਾਥੀ ਦੀ ਇਛਾ ਨਾਲ ਆਪਣੇ ਦੋ ਖੰਡ ਕਰ ਲਏ — ਇਕ ਨਰ ਅਤੇ ਦੂਜਾ ਮਾਦਾ। ਮਾਦਾ ਨੇ ਭੋਗ ਤੋਂ ਬਚਣ ਲਈ ਗਊ ਦਾ ਰੂਪ ਧਾਰਨ ਕਰ ਲਿਆ, ਪਰ ਨਰ ਨੇ ਸਾਨ੍ਹ ਦਾ ਰੂਪ ਧਾਰ ਕੇ ਉਸ ਤੋਂ ਗਊਆਂ ਪੈਦਾ ਕੀਤੀਆਂ। ਇਸੇ ਤਰ੍ਹਾਂ ਮਾਦਾ ਕਰਮਵਾਰ ਘੋੜੀ, ਖੋਤੀ, ਬਕਰੀ, ਹਿਰਣੀ ਆਦਿ ਪ੍ਰਾਣੀਆਂ ਦਾ ਰੂਪ ਧਾਰਨ ਕਰਦੀ ਗਈ। ਨਰ ਨੇ ਵੀ ਤਰਤੀਬਵਾਰ ਘੋੜਾ, ਖੋਤਾ, ਬਕਰਾ, ਹਿਰਣ ਆਦਿ ਦਾ ਰੂਪ ਧਾਰ ਕੇ ਉਸ ਤੋਂ ਉਸੇ ਜਾਤੀ ਦੇ ਜੀਵ ਉਤਪੰਨ ਕੀਤੇ। ਪਰਜਾਪਤੀ ਨੇ ਅਖ਼ੀਰ ਆਪਣੇ ਉੱਪਰਲੇ ਸਵਾਸਾਂ ਵਿਚੋਂ ਦੇਵਤੇ ਅਤੇ ਹੇਠਲੇ ਸਵਾਸਾਂ ਵਿਚੋਂ ਆਦਮੀ ਪੈਦਾ ਕੀਤੇ। ਇਸ ਤਰ੍ਹਾਂ ਸਾਰੇ ਸੰਸਾਰ ਦੀ ਰਚਨਾ ਹੋਈ।

ਰਾਮਾਇਣ ਵਿਚ ਸ੍ਰਿਸ਼ਟੀ ਦੀ ਉਤਪਤੀ ਬਾਰੇ ਇਉਂ ਲਿਖਿਆ ਹੈ : ਪਹਿਲਾਂ ਸਭ ਥਾਂ ਪਾਣੀ ਹੀ ਪਾਣੀ ਸੀ, ਜਿਸ ਵਿਚੋਂ ਪ੍ਰਿਥਵੀ ਸਿਰਜੀ ਗਈ। ਮਗਰੋਂ ਸਵੈ-ਭੂ ਬ੍ਰਹਮਾ ਹੋਰ ਦੇਵਤਿਆਂ ਸਮੇਤ ਉਪਜਿਆ। ਫੇਰ ਉਸ ਨੇ ਵਰਹਾ ਦਾ ਰੂਪ ਧਾਰਕੇ ਪ੍ਰਿਥਵੀ ਨੂੰ ਪਾਣੀ ਵਿਚੋਂ ਬਾਹਰ ਕਢਿਆ। ਫਿਰ ਉਸ ਆਪਣੇ ਪੁੱਤਰਾਂ ਅਤੇ ਰਿਸ਼ੀਆਂ ਸਮੇਤ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ।

ਭਾਗਵਤ ਪੁਰਾਣ ਵਿਚ ਲਿਖਿਆ ਹੈ ਕਿ ਸ੍ਰਿਸ਼ਟੀ ਦੀ ਹਰੇਕ ਵਸਤੂ ਦੀ ਉਤਪਤੀ ਨਾਰਾਇਣ ਤੋਂ ਹੋਈ। ਇਥੋਂ ਤਕ ਕਿ ਭਾਸ਼ਾ ਉਸ ਦੇ ਮੂੰਹ ਵਿਚੋਂ ਅਤੇ ਵੇਦ ਮਨੋਭਾਵਾਂ ਵਿਚੋਂ ਉਪਜੇ। ਜੀਭ ਤੋਂ ਅੰਮ੍ਰਿਤ; ਨੱਕ ਤੋਂ ਆਕਾਸ਼; ਅੱਖਾਂ ਦੀਆਂ ਪੁਤਲੀਆਂ ਤੋਂ ਆਸਮਾਨ ਅਤੇ ਸੂਰਜ; ਕੰਨਾਂ ਤੋਂ ਤੀਰਥ ਅਸਥਾਨ; ਵਾਲਾਂ ਤੋਂ ਬੱਦਲ ਅਤੇ ਮੀਂਹ ਪੈਦਾ ਹੋਏ। ਦਾਹੜੀ ਵਿਚੋਂ ਬਿਜਲੀ ਦੀ ਚਿਲਕੋਰ, ਨਹੁੰਆਂ ਵਿਚੋਂ ਚੱਟਾਨਾਂ ਅਤੇ ਹੱਡੀਆਂ ਵਿਚੋਂ ਪਹਾੜ ਪੈਦਾ ਹੋਏ। ਆਦਿਮ-ਜਲ ਉਤੇ ਨਾਰਾਇਣ ਕਈ ਯੁਗ ਬਰੋਟੇ ਦੇ ਪੱਤੇ ਉਤੇ ਲੇਟਿਆ ਆਪਣੇ ਪੈਰ ਦਾ ਅੰਗੂਠਾ ਚੂਸਦਾ ਰਿਹਾ। ਫਿਰ ਉਸ ਨੇ ਸੰਸਾਰ ਦੀ ਉਤਪਤੀ ਕੀਤੀ। ਇਸ ਕਥਾ ਅਨੁਸਾਰ ਆਦਿਮ-ਜਲ ਅਥਵਾ ਨਾਰਾ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਹੋਂਦ ਵਿਚ ਆਇਆ।

ਇਸੇ ਪੁਰਾਣ ਵਿਚ ਇਕ ਹੋਰ ਥਾਂ ਲਿਖਿਆ ਹੈ ਕਿ ਬ੍ਰਹਮਾ ਸਹਸ ਸੂਰਜਾਂ ਦੀ ਚਮਕ ਵਾਲੇ ਕੰਵਲ ਫੁਲ ਤੋਂ ਪੈਦਾ ਹੋਇਆ ਅਤੇ ਸ੍ਰਿਸ਼ਟੀ ਦੀ ਰਚਨਾ ਕਰਨ ਲਈ ਉਸ ਨੇ ਚਾਰ ਮੁਨੀਆਂ — ਸਨਕ, ਸਨੰਦ, ਸਨਾਤਨ ਤੇ ਸਨੰਤ ਕੁਮਾਰ ਦੀ ਉਤਪਤੀ ਕੀਤੀ। ਪਰ ਇਹ ਚਾਰੇ ਮੁਨੀ ਸ੍ਰਿਸ਼ਟੀ ਦੀ ਸਿਰਜਨਾ ਕਰਨ ਦੀ ਥਾਂ ਤਪੱਸਿਆ ਵਿਚ ਰੁਝ ਗਏ ਅਤੇ ਵਾਸੂਦੇਵ ਦੀ ਪੂਜਾ ਕਰਨ ਲੱਗੇ। ਇਹ ਵੇਖ ਬ੍ਰਹਮਾ ਕਰੋਧ ਵਿਚ ਆ ਗਿਆ। ਫਲਸਰੂਪ ਉਸ ਵਿਚੋਂ ਰੁਦਰ ਦੇਵਤੇ ਦਾ ਜਨਮ ਹੋਇਆ, ਜਿਸ ਨੇ ਸੰਸਾਰ ਦੀ ਸਿਰਜਨਾ ਦਾ ਸਾਰਾ ਕੰਮ ਮੁਕੰਮਲ ਕੀਤਾ।

ਮੰਨੂ ਸਿਮਰਤੀ ਅਨੁਸਾਰ ਪਰਜਾਪਤੀ ਦੇ ਮਨ ਵਿਚ ਸੰਸਾਰ ਨੂੰ ਰਚਣ ਦੀ ਇਛਾ ਜਾਗੀ। ਪਹਿਲਾਂ ਪਰਜਾਪਤੀ ਨੇ ਪਾਣੀ ਉਤਪੰਨ ਕੀਤਾ, ਫਿਰ ਉਸ ਵਿਚ ਇਕ ਬੀਜ ਸੁਟਿਆ। ਇਹ ਬੀਜ ਇਕ ਸੁਨਹਿਰੇ ਅੰਡੇ ਦਾ ਰੂਪ ਧਾਰਨ ਕਰ ਗਿਆ ਜੋ ਸੂਰਜ ਵਾਂਗ ਚਮਕਣ ਲੱਗਾ। ਇਸੇ ਬੀਜ ਵਿਚੋਂ ਪਰਜਾਪਤੀ ਖ਼ੁਦ ਬ੍ਰਹਮਾ ਦੇ ਰੂਪ ਵਿਚ ਪੈਦਾ ਹੋਇਆ। ਬ੍ਰਹਮਾ ਪੂਰਾ ਇਕ ਦੇਵ-ਵਰ੍ਹਾ ਇਸ ਅੰਡੇ ਵਿਚ ਵਿਦਮਾਨ ਰਿਹਾ, ਫਿਰ ਇਸ ਅੰਡੇ ਦੇ ਦੋ ਹਿੱਸੇ ਹੋ ਗਏ, ਜਿਸ ਤੋਂ ਆਕਾਸ਼ ਅਤੇ ਧਰਤੀ ਬਣੇ। ਫਿਰ ਬ੍ਰਹਮਾ ਆਪਣੇ ਹੀ ਸਰੀਰ ਤੋਂ ਅੱਧਾ ਮਰਦ ਅਤੇ ਅੱਧਾ ਇਸਤ੍ਰੀ ਬਣ ਗਿਆ। ਇਸੇ ਤੋਂ ਉਸ ਨੇ ਸੰਸਾਰ ਦੀ ਰਚਨਾ ਕੀਤੀ।

ਇਕ ਹੋਰ ਕਥਾ ਅਨੁਸਾਰ ਸੰਸਾਰ ਦੀ ਉਤਪਤੀ ਪਰਜਾਪਤੀ ਤੋਂ ਹੋਈ। ਪਰਜਾਪਤੀ ਦੇ ਅੱਖਾਂ ਵਿਚੋਂ ਜੋ ਅੱਥਰੂ ਪਾਣੀ ਵਿਚ ਡੁਲ੍ਹੇ, ਉਹ ਭੂਮੀ ਬਣੇ, ਜਿਹੜੇ ਉਸ ਪੂੰਝ ਸੁਟੇ ਉਹ ਹਵਾ

ਬਣੇ, ਜਿਹੜੇ ਉਸ ਉਪਰ ਵਲ ਨੂੰ ਪੂੰਝੇ, ਉਹ ਆਕਾਸ਼ ਬਣ ਗਏ।

ਮੁਸਲਮਾਨਾਂ, ਯਹੂਦੀਆਂ ਅਤੇ ਈਸਾਈਆਂ ਅਨੁਸਾਰ ਖ਼ੁਦਾ ਨੇ ਛੇ ਦਿਨਾਂ ਵਿਚ ਸਾਰੀ ਸ੍ਰਿਸ਼ਟੀ ਰਚੀ। ਪਹਿਲੇ ਦਿਨ ਉਸ ਨੇ ਚਾਨਣ ਦੀ ਰਚਨਾ ਕੀਤੀ ਅਤੇ ਦਿਨ ਤੇ ਰਾਤ ਸਿਰਜੇ; ਦੂਜੇ ਦਿਨ ਆਕਾਸ਼ ਰਚਿਆ; ਤੀਜੇ ਦਿਨ ਬਨਸਪਤੀ ਸਿਰਜੀ; ਚੌਥੇ ਦਿਨ ਚੰਦ੍ਰਮਾ, ਸੂਰਜ ਅਤੇ ਤਾਰੇ ਰਚੇ; ਪੰਜਵੇਂ ਦਿਨ ਜੰਲ-ਜੰਤੂ ਅਤੇ ਪੰਛੀ ਪੈਦਾ ਕੀਤੇ, ਛੇਵੇਂ ਦਿਨ ਮਰਦ-ਇਸਤ੍ਰੀ, ਪਸ਼ੂ ਅਤੇ ਕਿਰਮ ਸਿਰਜੇ ਅਤੇ ਸਤਵੇਂ ਦਿਨ ਸਾਰਾ ਕੰਮ ਮੁਕਾ ਕੇ ਬਿਸਰਾਮ ਕੀਤਾ।

ਇਸਲਾਮ ਮੱਤ ਵਿਚ ਇਹ ਵੀ ਆਉਂਦਾ ਹੈ ਕਿ ਰੱਬ ਨੇ 'ਕੁਨ' (ਹੋ ਜਾ) ਕਿਹਾ ਅਤੇ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ। ਇਸਲਾਮ ਮੱਤ ਅਨੁਸਾਰ ਅੱਲਾ ਨੇ ਆਪਣੇ ਨੂਰ ਤੋਂ ਫ਼ਰਿਸ਼ਤੇ ਬਣਾਏ, ਅਗਨੀ ਤੋਂ ਸ਼ੈਤਾਨ ਤੇ ਜਿੰਨ, ਅਤੇ ਮਿੱਟੀ ਤੋਂ ਆਦਮੀ ਨੂੰ ਸਿਰਜਿਆ। ਕੁਰਾਨ ਦੀ ਇਕ ਆਇਤ ਅਨੁਸਾਰ ਅੱਲਾ ਨੇ ਧਰਤੀ ਅਤੇ ਅਕਾਸ਼ ਨੂੰ ਸਭ ਜੀਵਾਂ ਸਮੇਤ ਛੇ ਦਿਨਾਂ ਵਿਚ ਸਿਰਜਿਆ।

(ੳ-57) **ਉਤਪਤੀ-ਕਥਾ** :

ਆਦਿਮ-ਮਾਨਵ ਸ੍ਰਿਸ਼ਟੀ ਦੇ ਰਹੱਸਾਂ ਨੂੰ ਸਮਝਣ ਤੋਂ ਅਸਮਰਥ ਸੀ। ਉਸ ਦੀ ਸੂਝ ਇਤਨੀ ਤਿੱਖੀ ਅਤੇ ਅਨੁਭਵ ਇਤਨਾ ਸੰਘਣਾ ਨਹੀਂ ਸੀ ਕਿ ਉਹ ਕਿਸੇ ਵਸਤੂ, ਨਜ਼ਾਰੇ ਜਾਂ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਦੇ ਅਸਲ ਕਾਰਨ ਜਾਣ ਸਕੇ। ਉਹ ਨਹੀਂ ਸੀ ਜਾਣਦਾ ਕਿ ਸਵੇਰੇ ਸਵੇਰੇ ਰੋਜ਼ ਇਕ ਨਵਾਂ ਸੂਰਜ ਕਿਧਰੋਂ ਆ ਉਭਰਦਾ ਹੈ? ਚੰਨ ਨਿਤ ਕਿਉਂ ਘਟਦਾ ਵਧਦਾ ਰਹਿੰਦਾ ਹੈ? ਮੋਰ ਦੇ ਖੰਭ ਪੱਖੇ ਵਾਂਗ ਕਿਉਂ ਹਨ? ਬਿਜਲੀ ਕਿਉਂ ਲਿਸ਼ਕਦੀ ਹੈ? ਮੀਂਹ ਕਿਵੇਂ ਵਸਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਉਸ ਨੇ ਆਪਣੀ ਕਲਪਨਾ ਤੋਂ ਕੁਝ ਕਥਾਵਾਂ ਘੜ ਲਈਆਂ, ਜਿਨ੍ਹਾਂ ਨੂੰ ਉਤਪਤੀ-ਕਥਾ ਕਿਹਾ ਜਾਂਦਾ ਹੈ। ਉਤਪਤੀ ਕਥਾ ਵਿਚ ਕਿਸੇ ਵਸਤੂ ਜਾਂ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਦਾ ਕਾਰਨ ਪਰਾ-ਇਤਿਹਾਸਕ ਕਾਲ ਵਿਚ ਵਾਪਰੀ ਕਿਸੇ ਘਟਨਾ ਜਾਂ ਕਥਾ ਦੁਆਰਾ ਦਸਿਆ ਜਾਂਦਾ ਹੈ। ਭਾਵੇਂ ਉਤਪਤੀ ਕਥਾਵਾਂ ਕਲਪਿਤ ਹੁੰਦੀਆਂ ਹਨ, ਪਰ ਆਦਿਮ ਮਾਨਵ ਇਨ੍ਹਾਂ ਕਥਾਵਾਂ ਵਿਚ ਆਸਥਾ ਰਖਦਾ ਸੀ।

ਉਤਪਤੀ ਕਥਾ ਦੋ ਪ੍ਰਕਾਰ ਦੀਆਂ ਹਨ — ਪੌਰਾਣਿਕ ਅਤੇ ਲੌਕਿਕ। ਪੌਰਾਣਿਕ ਕਥਾਵਾਂ ਦਾ ਸੋਮਾਂ ਪੁਰਾਣ ਹਨ, ਪਰ ਲੌਕਿਕ ਕਥਾਵਾਂ ਲੋਕ-ਕਲਪਨਾ ਨੇ ਘੜੀਆਂ ਅਤੇ ਮੂੰਹੋਂ ਮੂੰਹ ਅੱਗੇ ਤੁਰਦੀਆਂ ਗਈਆਂ। ਦੋਹਾਂ ਤਰ੍ਹਾਂ ਦੀਆਂ ਕਥਾਵਾਂ ਦਾ ਮੂਲ ਸਰੋਤ ਲੋਕ ਹੀ ਹਨ। ਪੌਰਾਣਿਕ ਕਥਾਵਾਂ ਵੀ ਲੋਕਾਂ ਦੀਆਂ ਰਚੀਆਂ ਹੋਈਆਂ ਹਨ, ਜੋ ਪਹਿਲੋਂ ਮੂੰਹੋਂ ਮੂੰਹ ਅੱਗੇ ਤੁਰਦੀਆਂ ਰਹੀਆਂ, ਪਰ ਮਗਰੋਂ ਪੁਰਾਣਾਂ ਵਿਚ ਸਮੇਟ ਦਿਤੀਆਂ ਗਈਆਂ।

ਇਥੇ ਅਸੀਂ ਨਮੂਨੇ ਮਾਤਰ ਕੁਝ ਕੁ ਉਤਪਤੀ ਕਥਾਵਾਂ ਸਾਰ ਰੂਪ ਵਿਚ ਦੇਂਦੇ ਹਾਂ : ਸੂਰਜ ਇਸ ਲਈ ਗਰਮ ਹੈ ਕਿ ਉਸ ਦੀ ਮਾਂ ਨੇ ਕਿਸੇ ਗੱਲੋਂ ਨਰਾਜ਼ ਹੋ ਕੇ ਉਸ ਨੂੰ ਸਦਾ ਤਪਦੇ ਰਹਿਣ ਦਾ ਸਰਾਪ ਦਿਤਾ ਸੀ। ਸੂਰਜ ਕਾਣਾ ਹੈ, ਕਿਉਂ ਜੋ ਸੂਰਜ ਵਲ ਸਦਾ ਕਾਣੀ ਅੱਖ ਨਾਲ ਵੇਖਿਆ ਜਾਂਦਾ ਹੈ। ਇਸ ਦਾ ਕਾਰਨ ਵੀ ਸਰਾਪ ਸੀ। ਜਦੋਂ ਸੂਰਜ ਦੀ ਮਾਂ ਕਿਸੇ ਰੁੱਖ ਦੀ ਓਟ ਵਿਚ ਇਸ਼ਨਾਨ ਕਰ ਰਹੀ ਸੀ ਤਾਂ ਸੂਰਜ ਨੇ ਕਾਣੀ ਅੱਖ ਨਾਲ ਮਾਂ ਵਲ ਵੇਖਿਆ ਸੀ। ਮਾਂ ਨੇ ਸਰਾਪ ਦਿਤਾ ਕਿ ਦੁਨੀਆਂ ਤੇਰੇ ਵਲ ਹਮੇਸ਼ਾਂ ਕਾਣੀ ਅੱਖ ਨਾਲ ਹੀ ਵੇਖਿਆ ਕਰੇਗੀ। (ਵੇਖੋ : ਸੂਰਜ)

ਚਨ ਦੀ ਸੀਤਲਤਾ ਮਾਂ ਦੀ ਅਸ਼ੀਰਵਾਦ ਸਦਕਾ ਹੈ। ਇਕ ਵਿਆਹ ਉਤੇ ਗਿਆ ਚੰਨ ਆਪਣੀ ਮਾਂ ਦੇ ਖਾਣ ਲਈ ਮਠਿਆਈ ਲੈ ਆਇਆ ਸੀ। ਮਾਂ ਨੇ ਪ੍ਰਸਨ ਹੋ ਕੇ ਸਦਾ ਠੰਢੇ ਰਹਿਣ ਦਾ ਵਰ ਦਿਤਾ। ਚੰਨ ਇਕ ਰਿਸ਼ੀ ਦੇ ਸਰਾਪ ਕਾਰਨ ਨਿਤ ਵਧਦਾ ਘਟਦਾ ਰਹਿੰਦਾ ਹੈ। ਚੰਨ-ਗ੍ਰਹਿਣ ਦਾ ਕਾਰਨ ਇਹ ਹੈ ਕਿ ਉਸ ਨੇ ਡੂੰਮ ਤੋਂ ਕਰਜ਼ਾ ਲਿਆ ਜੋ ਉਸ ਤੋਂ ਅਜੇ ਤਕ ਚੁਕਾਣ ਨਹੀਂ ਹੋਇਆ। ਜਦੋਂ ਡੂੰਮ ਪੈਸੇ ਮੰਗਣ ਆਉਂਦਾ ਹੈ ਤਾਂ ਚੰਨ ਆਪਣਾ ਮੂੰਹ ਛੁਪਾ ਲੈਂਦਾ ਹੈ। ਗ੍ਰਹਿਣ ਬਾਰੇ ਪੌਰਾਣਿਕ ਕਥਾ ਵੀ ਪ੍ਰਚਲਤ ਹੈ। ਅੰਮ੍ਰਿਤ ਦੇ ਵੰਡਣ ਵੇਲੇ ਰਾਹੂ ਨੇ ਦੇਵਤਿਆਂ ਦਾ ਰੂਪ ਧਾਰ ਕੇ ਅੰਮ੍ਰਿਤ ਲੈਣਾ ਚਾਹਿਆ, ਰਾਹ

ਦੇ ਨੇੜੇ ਬੈਠੇ ਚੰਨ ਸੂਰਜ ਉਸ ਦੇ ਪ੍ਰਛਾਵੇਂ ਤੋਂ ਉਸ ਨੂੰ ਪਛਾਣ ਗਏ ਅਤੇ ਉਨ੍ਹਾਂ ਨੇ ਮੋਹਿਨੀ ਦੇ ਰੂਪ ਵਿਚ ਅੰਮ੍ਰਿਤ ਵੰਡ ਰਹੇ ਵਿਸ਼ਨੂੰ ਵਲ ਸੰਕੇਤ ਕੀਤਾ। ਵਿਸ਼ਨੂੰ ਨੇ ਆਪਣਾ ਅਸਲੀ ਰੂਪ ਧਾਰ ਕੇ ਰਾਹੂ ਦਾ ਸਿਰ ਕਟ ਦਿਤਾ। ਉਦੋਂ ਤੋਂ ਰਾਹੂ ਅਤੇ ਕੇਤੂ (ਸਿਰ ਅਤੇ ਧੜ) ਚੰਨ ਸੂਰਜ ਨੂੰ ਨਿਗਲਣ ਲਈ ਉਨ੍ਹਾਂ ਦਾ ਪਿਛਾ ਕਰ ਰਹੇ ਹਨ। ਜਦੋਂ ਉਹ ਚੰਨ ਜਾਂ ਸੂਰਜ ਨੂੰ ਮੂੰਹ ਵਿਚ ਪਾ ਲੈਂਦੇ ਹਨ ਤਾਂ ਗ੍ਰਹਿਣ ਲਗਦਾ ਹੈ।

ਲੋਕ-ਕਲਪਨਾ ਅਨੁਸਾਰ ਤਾਰੇ ਰਿਸ਼ੀ ਮੁਨੀ ਹਨ ਜਿਨ੍ਹਾਂ ਨੂੰ ਧਰਤੀ ਉਤੇ ਕੀਤੇ ਤਪਾਂ ਕਾਰਨ ਇਤਨੀ ਉੱਚੀ ਪਦਵੀ ਪ੍ਰਾਪਤ ਹੋਈ। ਜਦੋਂ ਉਨ੍ਹਾਂ ਦੇ ਪੁੰਨਾਂ ਦੀ ਅਵੱਧੀ ਮੁਕ ਜਾਂਦੀ ਹੈ ਤਾਂ ਉਹ ਟੁਟ ਕੇ ਧਰਤੀ ਉਤੇ ਡਿਗ ਪੈਂਦੇ ਹਨ। ਅਨੇਕਾਂ ਤਾਰਿਆਂ ਦੇ ਨਾਉਂ ਵੀ ਰਿਸ਼ੀਆਂ ਮੁਨੀਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਦੇ ਨਾਵਾਂ ਉਤੇ ਰਖ ਦਿਤੇ ਗਏ ਹਨ, ਜਿਵੇਂ ਧ੍ਰੂ, ਸਪਤ ਰਿਸ਼ੀ, ਅਰੁੰਧਤੀ ਆਦਿ।

ਬੱਦਲ ਇਕ ਤਪਸਵੀ ਦੀ ਗੋਦੜੀ ਹੈ ਜੋ ਤਪਸਵੀ ਨੂੰ ਸੂਰਜ ਦੀ ਤਪਸ਼ ਤੋਂ ਬਚਾਣ ਲਈ ਆਸਮਾਨ ਵਿਚ ਉੱਡਣ ਲੱਗ ਪਈ ਸੀ। ਧਰਤੀ ਨੂੰ ਧੌਲੇ ਬਲਦ ਨੇ ਆਪਣੇ ਸਿੰਙਾਂ ਉਤੇ ਚੁਕਿਆ ਹੋਇਆ ਹੈ। ਜਦੋਂ ਬਲਦ ਸਿੰਙ ਬਦਲਦਾ ਹੈ, ਧਰਤੀ ਉਤੇ ਭੁਚਾਲ ਆਉਂਦੇ ਹਨ। ਵਿਰਾਟ ਸ੍ਰਿਸ਼ਟੀ ਵੱਡੇ ਆਕਾਰ ਦੇ ਇਕ ਅੰਡੇ ਵਿਚੋਂ ਉਪਜੀ। ਇਹ ਅੰਡਾ ਕਈ ਯੁਗਾਂ ਤਕ ਪਕਦਾ ਰਿਹਾ ਅਤੇ ਅਖ਼ੀਰ ਸੁਤੇ ਸਿਧ ਦੋ ਟੁਕੜਿਆਂ ਵਿਚ ਵੰਡਿਆ ਗਿਆ। ਉਪਰਲੀ ਟੁਕੜੀ ਆਕਾਸ਼ ਮੰਡਲ ਦਾ ਰੂਪ ਧਾਰ ਕੇ ਫੈਲ ਗਈ ਅਤੇ ਹੇਠਲੀ ਟੁਕੜੀ ਧਰਤੀ ਬਣ ਕੇ ਪਸਰ ਗਈ। ਸੂਖਮ ਬ੍ਰੀਕ ਰਗਾਂ ਨੇ ਨਦੀਆਂ ਅਤੇ ਦਰਿਆਵਾਂ ਦਾ ਰੂਪ ਧਾਰ ਲਿਆ ਅਤੇ ਸਫ਼ੈਦ ਤਰਲ ਪਦਾਰਥ ਨੇ ਅਥਾਹ ਸਮੁੰਦਰ ਦਾ। ਅੰਡੇ ਦੀ ਤਰਲ ਜ਼ਰਦੀ ਜੰਮ ਕੇ ਭੋਇੰ ਬਣ ਗਈ।

ਇਸ ਤਰ੍ਹਾਂ ਦੀਆਂ ਉੱਤਪਤੀ ਕਥਾਵਾਂ ਜਨੌਰਾਂ ਬਾਰੇ ਵੀ ਮਿਲਦੀਆਂ ਹਨ। ਕਿਸੇ ਤੀਵੀਂ ਨੇ ਹਰੀਆਂ ਅਤੇ ਲਾਲ ਮਿਰਚਾਂ ਕੋਠੇ ਉਤੇ ਸੁਕਣੀਆਂ ਪਾਈਆਂ, ਹਨੇਰੀ ਝੁਲੀ ਤਾਂ ਉਹ ਸਭ ਤੋਤੇ ਬਣ ਕੇ ਆਕਾਸ਼ ਵਿਚ ਉੱਡਣ ਲੱਗੀਆਂ। ਕਿਸੇ ਪਤੀਬ੍ਰਤਾ ਇਸਤ੍ਰੀ ਨੂੰ ਭੁੱਖ ਲੱਗੀ। ਉਸ ਨੇ ਪਤੀ ਦੇ ਖਾਣਾ ਖਾਣ ਤੋਂ ਪਹਿਲਾਂ ਚਾਵਲ ਮੂੰਹ ਲਾ ਲਏ। ਅਚਨਚੇਤ ਪਤੀ ਉਪਰੋਂ ਆ ਗਿਆ। ਤੀਵੀਂ ਨੇ ਉਹ ਚਾਵਲ ਦਰਵਾਜ਼ੇ ਓਹਲੇ ਫੜ੍ਹਕਦਿਆਂ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਕਿ ਉਹ ਉਸ ਦੀ ਲਾਜ ਰਖੇ; ਪ੍ਰਮਾਤਮਾ ਨੇ ਉਨ੍ਹਾਂ ਚਾਵਲਾਂ ਨੂੰ ਚਿੱਟੇ ਕਬੂਤਰ ਬਣਾ ਦਿਤਾ। ਮੋਰ ਨੇ ਸੁਤੇ ਪਏ ਸ਼ਿਵਜੀ ਦੇ ਮੂੰਹ ਉਤੇ ਟਹਿਣਾਂ ਦੀ ਪੱਖੀ ਬਣਾ ਕੇ ਛਾਂ ਕੀਤੀ। ਪਾਰਬਤੀ ਦੀ ਪ੍ਰੇਰਨਾ ਉਤੇ ਸ਼ਿਵਜੀ ਨੇ ਮੋਰ ਨੂੰ ਪੱਖੇ ਵਰਗੇ ਸੁੰਦਰ ਖੰਭ ਪ੍ਰਦਾਨ ਕੀਤੇ। ਸੱਪਾਂ ਦੀ ਜੀਭ ਇਸ ਕਰ ਕੇ ਚਿਮਟੇ ਵਾਂਗ ਕਟੀ ਹੋਈ ਹੈ ਕਿ ਉਨ੍ਹਾਂ ਦੇ ਪੂਰਵਜਾਂ ਨੇ ਅਮਰ ਹੋਣ ਦੇ ਵਿਚਾਰ ਨਾਲ ਕੁਸਾ ਘਾਹ ਉਤੇ ਡੁਲ੍ਹੀਆਂ ਅੰਮ੍ਰਿਤ ਦੀਆਂ ਬੂੰਦਾਂ ਨੂੰ ਚਟਿਆ ਸੀ। ਘਾਹ ਚਟਦਿਆਂ ਜੀਭ ਕਟੀ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਹੋਰ ਉੱਤਪਤੀ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ। ਇਨ੍ਹਾਂ ਕਥਾਵਾਂ ਨੂੰ ਮੁਢੀਆਂ ਜਾਂ ਅਸਲੇ ਵੀ ਕਹਿੰਦੇ ਹਨ। (ਵੇਖੋ : ਅਸਲੇ) ਮਨੁੱਖੀ ਗਿਆਨ ਦੇ ਵਾਧੇ ਨਾਲ ਇਹ ਕਥਾਵਾਂ ਗਲਪ ਦਾ ਅੰਗ ਬਣ ਗਈਆਂ ਹਨ। ਪਰ ਕਿਸੇ ਸਮੇਂ ਇਹੋ ਜਿਹੀਆਂ ਕਥਾਵਾਂ ਧਰਮ-ਗਾਥਾਵਾਂ ਸਨ ਅਤੇ ਇਨ੍ਹਾਂ ਨੂੰ ਲੋਕ ਧਾਰਮਿਕ ਸ਼ਰਧਾ ਨਾਲ ਸੁਣਦੇ ਅਤੇ ਇਨ੍ਹਾਂ ਵਿਚ ਆਸਥਾ ਰਖਦੇ ਸਨ। ਪੁਰਾਣ ਅਜਿਹੀਆਂ ਕਥਾਵਾਂ ਦਾ ਪ੍ਰਵਾਹ ਹੈ।

### (ਓ-58) **ਉੱਤਪਨਾ ਇਕਾਦਸ਼ੀ :**

ਮੱਘਰ ਵਦੀ ਇਕਾਦਸ਼ੀ ਦਾ ਨਾਉਂ ਉੱਤਪਨਾ ਇਕਾਦਸ਼ੀ ਹੈ। ਇਸੇ ਤਿੱਥ ਨੂੰ ਵਿਸ਼ਨੂੰ ਦੇਵਤੇ ਦੇ ਸਰੀਰ ਵਿਚੋਂ 'ਇਕਾਦਸ਼ੀ' ਦੇਵੀ ਇਕ ਤੇਜਸਵੀ ਕੰਨਿਆਂ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਉਸ ਨੇ ਮੁਰੂ ਨਾਮੀਂ ਅਸੁਰ ਦਾ ਨਾਸ਼ ਕੀਤਾ। (ਵੇਖੋ : ਇਕਾਦਸ਼ੀ) ਇਕਾਦਸ਼ੀ ਦੀ ਉੱਤਪਤੀ ਨਾਲ ਸੰਬੰਧਿਤ ਹੋਣ ਕਰ ਕੇ ਇਸ ਤਿੱਥ ਨੂੰ 'ਉੱਤਪਨਾ ਇਕਾਦਸ਼ੀ' ਕਿਹਾ ਜਾਣ ਲੱਗਾ। ਇਕਾਦਸ਼ੀ ਦੇ ਵਰਤਾਂ ਦਾ ਆਰੰਭ ਇਸੇ ਇਕਾਦਸ਼ੀ ਤੋਂ ਕੀਤਾ ਜਾਵੇ ਤਾਂ ਵਿਸ਼ੇਸ਼ ਮਹਾਤਮ ਪ੍ਰਾਪਤ ਹੁੰਦਾ ਹੈ।

ਪੁਰਾਣਾਂ ਵਿਚ ਕਥਾ ਹੈ ਕਿ ਸੁਦਾਮਾ ਦੀ ਪਤਨੀ ਨੇ ਆਪਣੀ ਗ਼ਰੀਬੀ ਅਤੇ ਦੁਖ-ਦਲਿੱਦਰ ਦੂਰ ਕਰਨ ਲਈ ਨਾਰਦ ਮੁਨੀ ਤੋਂ ਕੋਈ ਉਪਾਓ ਪੁੱਛਿਆ। ਨਾਰਦ ਨੇ ਉੱਤਪਨਾ ਇਕਾਦਸ਼ੀ ਨੂੰ ਵਰਤ ਰਖਣ ਅਤੇ ਵਿਸ਼ਨੂੰ ਦੀ ਪੂਜਾ ਕਰਨ ਦਾ ਆਦੇਸ਼ ਦਿਤਾ। ਸੁਦਾਮਾ ਦੀ ਪਤਨੀ ਨੇ ਇਸ ਵਰਤ ਨੂੰ ਪੂਰਨ ਵਿਧੀ ਨਾਲ ਰਖਿਆ ਅਤੇ ਉਸ ਦੇ ਸਭ ਦੁਖ-ਦਲਿੱਦਰ ਦੂਰ ਹੋ ਗਏ। ਵੈਸ਼ਨੋ ਭਗਤ ਇਸ ਤਿੱਥ ਨੂੰ ਵਰਤ ਰਖਦੇ ਹਨ।

(ੳ-59) **ਉੱਤਭੁਜ** :

(ਸੰ: ਉਦਭਿੱਜ) ਉੱਤਭੁਜ ਦਾ ਕੋਸ਼ਗਤ ਅਰਥ ਹੈ — ਜੋ ਧਰਤੀ ਨੂੰ ਪਾੜ ਕੇ ਨਿਕਲੇ ਭਾਵ ਬਨਸਪਤੀ, ਘਾਹ, ਰੁੱਖ, ਪੌਦੇ ਆਦਿ ਜੋ ਧਰਤੀ ਵਿਚੋਂ ਉੱਗਦੇ ਹਨ। ਉੱਤਭੁਜ ਚੌਹਾਂ ਖਾਣੀਆਂ ਵਿਚੋਂ ਇਕ ਖਾਣੀ ਹੈ। ਇਸ ਖਾਣੀ ਦੇ ਅੰਤਰਗਤ ਸੰਸਾਰ ਦੀਆਂ ਇੱਕੀ ਲਖ ਜੂਨੀਆਂ ਆਉਂਦੀਆਂ ਹਨ। (ਵੇਖੋ : ਖਾਣੀਆਂ) ਲੋਕ-ਕਲਪਨਾ ਅਨੁਸਾਰ ਉੱਤਭੁਜ ਖਾਣੀ ਦੀ ਉਤਪਤੀ ਬ੍ਰਹਮਾ ਦੇ ਰੋਮਾਂ ਤੋਂ ਹੋਈ। ਜਿਥੇ ਕਿਧਰੇ ਬ੍ਰਹਮਾ ਦਾ ਕੋਈ ਵਾਲ ਡਿਗਿਆ ਉਥੇ ਉਥੇ ਹੀ ਬਨਸਪਤੀ ਪੈਦਾ ਹੋ ਗਈ। ਸਿਰ ਦੇ ਵਾਲਾਂ ਤੋਂ ਬ੍ਰਿਛ ਪੈਦਾ ਹੋਏ; ਸੱਜੇ ਹਿੱਸੇ ਦੇ ਵਾਲਾਂ ਤੋਂ ਫਲ ਅਤੇ ਖੱਬੇ ਹਿੱਸੇ ਦੇ ਵਾਲਾਂ ਤੋਂ ਫੁੱਲ; ਪਟਾਂ ਦੇ ਵਾਲਾਂ ਤੋਂ ਜੜ੍ਹੀ-ਬੂਟੀਆਂ ਅਤੇ ਲੱਤਾਂ ਦੇ ਵਾਲਾਂ ਤੋਂ ਘਾਹ ਆਦਿ।

(ੳ-60) **ਉੱਤਮ** :

ਰਾਜਾ ਉਤਾਨਪਾਦ ਦਾ ਪੁਤ੍ਰ ਜੋ ਸੁਰੁਚੀ ਦੇ ਉਦਰ ਤੋਂ ਜੰਮਿਆ। ਇਹ ਧ੍ਰੂ ਭਗਤ ਦਾ ਮਤ੍ਰੇਇਆ ਭਰਾ ਸੀ। ਇਕ ਵਾਰ ਉੱਤਮ ਸ਼ਿਕਾਰ ਖੇਡਦਿਆਂ ਜੰਗਲ ਵਿਚ ਰਸਤਾ ਭੁਲ ਗਿਆ ਅਤੇ ਕੁਬੇਰ ਦੇ ਹੱਥੋਂ ਮਾਰਿਆ ਗਿਆ। ਉੱਤਮ ਦੀ ਮਾਂ ਸੁਰੁਚੀ ਇਸ ਨੂੰ ਢੂੰਡਣ ਲਈ ਜੰਗਲ ਵਿਚ ਗਈ, ਪਰ ਉਸ ਦੀ ਵੀ ਜੰਗਲ ਵਿਚ ਮੌਤ ਹੋ ਗਈ।

(ੳ-61) **ਉੱਤਮੌਂਜਸ** :

ਇਕ ਪ੍ਰਾਕ੍ਰਮੀ ਰਾਜਾ ਜਿਸਨੂੰ ਮਹਾਂਭਾਰਤ ਵਿਚ 'ਯੁਧਵਿਸ਼ਾਰਦ' ਅਤੇ 'ਵੀਰਯਵਾਨ' ਵੀ ਕਿਹਾ ਗਿਆ ਹੈ। ਇਸ ਨੇ ਮਹਾਂਭਾਰਤ ਦੇ ਯੁੱਧ ਵਿਚ ਪਾਂਡਵਾਂ ਦਾ ਸਾਥ ਦਿਤਾ। ਅਭਿਮਨਯੂ ਦੇ ਮਾਰੇ ਜਾਣ ਮਗਰੋਂ, ਅਰਜਨ ਨੇ ਜਦੋਂ ਆਪਣੇ ਪੁੱਤਰ ਦਾ ਬਦਲਾ ਲੈਣ ਲਈ, ਅਗਲੇ ਦਿਨ ਸੂਰਜ ਡੁਬਣ ਤੋਂ ਪਹਿਲਾਂ ਜਯਦ੍ਰਥ ਨੂੰ ਮਾਰਨ ਦਾ ਸੰਕਲਪ ਕੀਤਾ ਤਾਂ ਉੱਤਮੌਂਜਸ ਹੀ ਅਰਜਨ ਦਾ ਅੰਗ-ਰਖਿਅਕ ਬਣਿਆ ਅਤੇ ਉਸ ਨੇ ਯੁੱਧ ਵਿਚ ਚੰਗੀ ਬੀਰਤਾ ਵਿਖਾਈ।

(ੳ-62) **ਉੱਤਰ** :

ਰਾਜੇ ਵਿਰਾਟ ਦਾ ਪੁੱਤਰ ਅਤੇ ਪ੍ਰੀਖਸ਼ਤ ਦਾ ਮਾਮਾ। ਪਾਂਡਵਾਂ ਦੇ ਅਗਿਆਤਵਾਸ ਦੇ ਅਖ਼ੀਰਲੇ ਦਿਨਾਂ ਵਿਚ ਜਦੋਂ ਕੌਰਵਾਂ ਨੇ ਰਾਜੇ ਵਿਰਾਟ ਦੀ ਨਗਰੀ ਉਤੇ ਹੱਲਾ ਬੋਲਿਆ ਤਾਂ ਕੌਰਵਾਂ ਦੀ ਬੇਸ਼ੁਮਾਰ ਸੈਨਾ ਵੇਖ ਕੇ ਉੱਤਰ ਘਬਰਾ ਗਿਆ। ਪਰ ਅਰਜਨ ਨੇ, ਜੋ ਉਸ ਦੇ ਦਰਬਾਰ ਵਿਚ ਬ੍ਰਿਹਨ ਨਲ ਦੇ ਨਾਂ ਹੇਠ ਅਗਿਆਤਵਾਸ ਦੇ ਦਿਨ ਕਟ ਰਿਹਾ ਸੀ, ਉੱਤਰ ਅੱਗੇ ਆਪਣਾ ਅਸਲੀ ਰੂਪ ਪ੍ਰਗਟ ਕਰ ਕੇ ਉਸ ਨੂੰ ਕੌਰਵਾਂ ਦਾ ਡਟ ਕੇ ਮੁਕਾਬਲਾ ਕਰਨ ਲਈ ਉਤਸ਼ਾਹ ਦਿਤਾ। ਉਸ ਯੁੱਧ ਵਿਚ ਉੱਤਰ ਨੇ ਅਰਜਨ ਦਾ ਸਾਰਥੀ ਬਣ ਕੇ ਕੌਰਵਾਂ ਨੂੰ ਭਾਂਜ ਦਿਤੀ। ਮਹਾਂਭਾਰਤ ਦੇ ਯੁੱਧ ਸਮੇਂ ਉੱਤਰ ਨੇ ਪਾਂਡਵਾਂ ਦਾ ਸਾਥ ਦਿਤਾ ਅਤੇ ਰਣਭੂਮੀ ਵਿਚ ਉਸ ਦੀ ਮ੍ਰਿਤੂ 'ਸ਼ਲਯ' ਦੇ ਹੱਥੋਂ ਹੋਈ।

(ੳ-63) **ਉੱਤਰ ਦਿਸ਼ਾ** :

ਉੱਤਰ ਦਿਸ਼ਾ ਧਨ-ਦੌਲਤ ਤੇ ਸਮ੍ਰਿਧੀ ਦੀ ਦਿਸ਼ਾ ਮੰਨੀ ਜਾਂਦੀ ਹੈ। ਇਸੇ ਦਿਸ਼ਾ ਵਲ ਸੋਨੇ ਦਾ ਪੌਰਾਣਿਕ ਪਰਬਤ ਸੁਮੇਰ ਹੈ। ਇਸ ਦਿਸ਼ਾ ਦਾ ਰਾਖਾ ਕੁਬੇਰ ਦੇਵਤਾ ਹੈ, ਜਿਸ ਨੂੰ 'ਧਨਪਤੀ' ਵੀ ਕਿਹਾ ਜਾਂਦਾ ਹੈ। ਕੁਬੇਰ ਸੰਖ ਅਤੇ ਪਦਮ ਨਿਧੀ ਦਾ ਸੁਆਮੀ ਹੈ। ਧਨ ਦੀ ਦੇਵੀ ਲਖਸ਼ਮੀ ਕਿਸੇ ਸਮੇਂ ਕੁਬੇਰ ਦੀ ਪਤਨੀ ਮੰਨੀ ਜਾਂਦੀ ਸੀ। ਕੁਸ਼ਾਨ ਰਾਜ ਦੇ ਵੇਲੇ ਦੀ ਇਕ ਪੱਥਰ-ਮੂਰਤੀ ਵਿਚ ਲੱਛਮੀ ਨੂੰ ਕੁਬੇਰ ਦੀ ਪਤਨੀ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ।

ਹਿੰਦੂ ਮਰਨ ਵੇਲੇ ਕਿਸੇ ਪ੍ਰਾਣੀ ਨੂੰ ਜਦੋਂ ਧਰਤੀ ਉਤੇ ਲਿਟਾਂਦੇ ਹਨ ਤਾਂ ਉਸ ਦੇ ਪੈਰ ਹਮੇਸ਼ਾਂ ਉੱਤਰ ਦਿਸ਼ਾ ਵਲ ਕਰਦੇ ਹਨ। ਵੈਦਿਕ ਕਾਲ ਵਿਚ ਆਰੀਆ ਲੋਕ 'ਉਦਕ ਕਰਮ ਸੰਸਕਾਰ' ਸਮੇਂ ਨਦੀ ਵਿਚ ਇਸ਼ਨਾਨ ਕਰਨ ਮਗਰੋਂ ਆਪਣੇ ਕਪੜੇ ਸਦਾ ਉੱਤਰ ਦਿਸ਼ਾ ਵਲ ਖਿਲਾਰਦੇ ਸਨ। (ਵੇਖੋ : ਉਦਕ ਕਰਮ ਸੰਸਕਾਰ)

ਜਿਵੇਂ ਪੂਰਬ ਦਿਸ਼ਾ ਨਵ-ਜਾਗ੍ਰਿਤੀ ਦੀ ਬੋਧਿਕ ਹੈ, ਉਸੇ ਤਰ੍ਹਾਂ ਉੱਤਰ ਦਿਸ਼ਾ ਪਰੰਪਰਾ ਦੀ ਲਖਾਇਕ ਹੈ। ਮਧਕਾਲ ਵਿਚ ਜਦੋਂ ਕੋਈ ਸਮਾਜਕ ਇਕੱਠ ਹੁੰਦਾ ਤਾਂ ਪਰੰਪਰਾ ਦੇ ਹਾਮੀ ਲੋਕ ਆਮ ਤੌਰ ਤੇ ਉੱਤਰ ਦਿਸ਼ਾ ਵਲ ਬੈਠਦੇ ਸਨ। (ਵੇਖੋ : ਉਤਰਾਧੀ)

(ੳ-64) **ਉੱਤਰ ਮੀਮਾਂਸਾ** :

ਹਿੰਦੂ ਦਰਸ਼ਨ-ਸ਼ਾਸਤ੍ਰ ਦੀਆਂ ਛੇ ਸ਼ਾਖ਼ਾਂ ਵਿਚੋਂ ਇਕ ਸ਼ਾਖ਼। ਉੱਤਰ-ਮੀਮਾਂਸਾ ਨੂੰ ਵੇਦਾਂਤ ਦਰਸ਼ਨ ਵੀ ਕਿਹਾ ਜਾਂਦਾ ਹੈ, ਇਹ ਸ਼ਾਸਤ੍ਰ ਵਿਆਸ ਦਾ ਰਚਿਆ ਮੰਨਿਆ ਗਿਆ ਹੈ। ਇਸ ਸ਼ਾਸਤ੍ਰ ਅਨੁਸਾਰ ਪ੍ਰਮਾਤਮਾ ਨੇ ਆਪਣੇ ਵਿਚੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਕੀਤੀ। ਅੰਤ ਵੇਲੇ ਪ੍ਰਲੈ ਸਮੇਂ ਇਹ ਸਾਰਾ ਪਸਾਰਾ ਪਾਰਬ੍ਰਹਮ ਵਿਚ ਹੀ ਸਮਾ ਜਾਵੇਗਾ। ਗੁਰੂ ਗੋਬਿੰਦ ਸਿੰਘ ਜੀ ਦੀ 'ਚੌਪਈ' ਦੀਆਂ ਹੇਠਲੀਆਂ ਸਤਰਾਂ ਇਸੇ ਦਰਸ਼ਨ ਦਾ ਮੂਲ ਭਾਵ ਬਿਆਨ ਕਰਦੀਆਂ ਹਨ :—

ਜਬ ਉਦਕਰਖ ਕਰਾ ਕਰਤਾਰਾ
ਪ੍ਰਜਾ ਧਰਤ ਤਬ ਦੇਹ ਅਪਾਰਾ
ਜਬ ਆਕਰਖ ਕਰਤ ਹੋ ਕਬਹੂੰ
ਤੁਮ ਮੈ ਮਿਲਤ ਦੇਹ ਧਰ ਸਭਹੂੰ।

ਇਸ ਸ਼ਾਸਤ੍ਰ ਦਾ ਮੂਲ ਦਾਰਸ਼ਨਿਕ ਸਿਧਾਂਤ ਇਹ ਹੈ ਕਿ ਚੇਤਨ ਬ੍ਰਹਮਾ ਹੀ ਜੜ੍ਹ ਜਗਤ ਦੀ ਉਤਪੱਤੀ ਦਾ ਕਾਰਨ ਹੈ। ਉਹ ਅਦ੍ਵੈਤ ਹੈ, ਸ੍ਰਿਸ਼ਟੀ ਦੀ ਰਚਨਾ ਉਸੇ ਦੀ ਲੋਚਾ ਦਾ ਇਕ ਕਰਮ ਹੈ। ਜਿਵੇਂ ਮਕੜੀ ਆਪਣੇ ਅੰਦਰੋਂ ਹੀ ਜਾਲਾ ਬੁਣਦੀ ਹੈ, ਉਸੇ ਤਰ੍ਹਾਂ ਬ੍ਰਹਮ ਵੀ ਇਸ ਸੰਸਾਰ ਨੂੰ ਆਪਣੀ ਹੀ ਸ਼ਕਤੀ ਦੁਆਰਾ ਉਤਪੰਨ ਕਰਦਾ ਹੈ। ਬ੍ਰਹਮ ਹੀ ਸ੍ਰਿਸ਼ਟੀ ਦਾ ਪਾਲਕ ਹੈ ਅਤੇ ਉਹੋ ਇਸ ਦਾ ਸੰਘਾਰਕ ਵੀ। ਜੀਵ ਬ੍ਰਹਮ ਦਾ ਹੀ ਇਕ ਰੂਪ ਹੈ। ਉਪਾਸ਼ਨਾ ਅਤੇ ਕੁਝ ਹੋਰ ਸਾਧਨਾਂ ਦੁਆਰਾ ਜੀਵ ਸੰਸਾਰ ਦੇ ਕਰਮ-ਜਾਲ ਅਤੇ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਕੇ ਪਰਮ ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ। ਬ੍ਰਹਿਮੰਡ ਦੇ ਨਸ਼ਟ ਹੋਣ ਉਤੇ ਸਾਰੀਆਂ ਵਸਤੂਆਂ ਅਤੇ ਪਸਾਰਾ ਉਸ ਵਿਚ ਹੀ ਲੀਨ ਹੋ ਜਾਂਦਾ ਹੈ।

ਮੀਮਾਂਸਾ ਦੇ ਸ਼ਾਬਦਿਕ ਅਰਥ ਹਨ — ਗੰਭੀਰ ਵਿਚਾਰ, ਖੋਜ। ਪ੍ਰਾਚੀਨ ਕਾਲ ਵਿਚ ਵੇਦਾਂ ਨੂੰ ਸ੍ਰੇਸ਼ਟ ਸਥਾਨ ਪ੍ਰਾਪਤ ਸੀ। ਸਮਾਂ ਲੰਘਣ ਨਾਲ ਵੇਦਾਂ ਦੇ ਮੰਤ੍ਰਾਂ ਅਤੇ ਵਾਕਾਂ ਦੇ ਅਰਥ ਸਮਝਣੇ ਕਠਨ ਹੋ ਗਏ। ਇਸ ਲਈ ਵੇਦ ਮੰਤਰਾਂ ਦੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਹੋਈ। ਵੇਦਾਂ ਦੇ ਚਾਰ ਭਾਗ ਹਨ — ਮੰਤ੍ਰ, ਬ੍ਰਾਹਮਣ, ਆਰਣਯਕ ਤੇ ਉਪਨਿਸ਼ਦ। ਮੰਤਰ ਅਤੇ ਬ੍ਰਾਹਮਣ ਭਾਗਾਂ ਦੀ ਵਿਆਖਿਆ ਜੈਮਿਨੀ ਨੇ ਆਪਣੇ ਗ੍ਰੰਥ ਮੀਮਾਂਸਾ ਸੂਤ੍ਰ ਵਿਚ ਕੀਤੀ। ਮੰਤ੍ਰ ਅਤੇ ਬ੍ਰਾਹਮਣ ਵੇਦਾਂ ਦੇ ਪੂਰਵ ਭਾਗ ਹਨ। ਸੋ ਉਨ੍ਹਾਂ ਦੇ ਅਰਥਾਂ ਦੀ ਵਿਆਖਿਆ ਦੇ ਗ੍ਰੰਥ ਦਾ ਨਾਂ 'ਪੂਰਵ ਮੀਮਾਂਸਾ' ਪਿਆ। ਵੇਦਾਂ ਦੇ ਉੱਤਰ ਭਾਗ ਆਰਣਯਕ ਅਤੇ ਉਪਨਿਸ਼ਦ ਦੀ ਵਿਆਖਿਆ ਜਿਸ ਗ੍ਰੰਥ ਵਿਚ ਕੀਤੀ ਗਈ ਉਸ ਨੂੰ 'ਉੱਤਰ ਮੀਮਾਂਸਾ' ਕਿਹਾ ਜਾਣ ਲੱਗਾ।

ਉੱਤਰ ਮੀਮਾਂਸਾ ਨੂੰ 'ਸਰੀਰਕ ਮੀਮਾਂਸਾ' ਵੀ ਕਿਹਾ ਜਾਂਦਾ ਹੈ, ਕਿਉਂ ਜੋ ਇਸ ਵਿਚ ਸਰੀਰ ਧਾਰੀ ਆਤਮਾ ਲਈ ਉਨ੍ਹਾਂ ਸਾਧਨਾਂ ਅਤੇ ਉਪਾਸ਼ਨਾਵਾਂ ਦਾ ਵਰਣਨ ਹੈ, ਜਿਨ੍ਹਾਂ ਦੁਆਰਾ ਜੀਵ ਬ੍ਰਹਮਤਵ ਦਾ ਅਨੁਭਵ ਕਰ ਸਕਦਾ ਹੈ। ਇਸ ਗ੍ਰੰਥ ਦਾ ਨਾਂ 'ਵੇਦਾਂਤ ਦਰਸ਼ਨ' ਇਸ ਲਈ ਪਿਆ ਕਿ ਇਸ ਗ੍ਰੰਥ ਵਿਚ ਵੇਦਾਂ ਦੇ ਅੰਤਲੇ ਭਾਗ ਦੇ ਵਾਕਾਂ ਦੇ ਵਿਸ਼ਿਆਂ ਦੀ ਵਿਆਖਿਆ ਹੈ।

ਉੱਤਰ ਮੀਮਾਂਸਾ ਵਿਚ ਵੇਦਾਂ ਦੇ ਆਰਣਯਕਾਂ ਅਤੇ ਉਪਨਿਸ਼ਦਾਂ ਵਿਚਲੇ ਵਿਸ਼ਿਆਂ ਦੀ ਵਿਆਖਿਆ ਦੇ ਨਾਲ ਨਾਲ ਜੀਵ, ਸੰਸਾਰ ਅਤੇ ਬ੍ਰਹਮ ਸੰਬੰਧੀ ਦਾਰਸ਼ਨਿਕ ਸਮੱਸਿਆਵਾਂ ਉਤੇ ਵੀ ਚਰਚਾ ਕੀਤੀ ਗਈ ਹੈ।

ਸਹਾਇਕ ਪੁਸਤਕ : (1) ਹਿੰਦੀ ਵਿਸ਼ਵ ਕੋਸ਼ ਭਾਗ 2; (2) ਜੌਨ ਡੋਸਨ : ਹਿੰਦੂ ਮਾਈਥਾਲੋਜੀ।

(ੳ-65) **ਉੱਤਰਾ :**

ਰਾਜੇ ਵਿਰਾਟ ਦੀ ਪੁੱਤ੍ਰੀ; ਉੱਤਰ ਦੀ ਭੈਣ ਅਤੇ ਅਰਜਨ ਦੇ ਪੁੱਤਰ ਅਭਿਮਨਯੂ ਦੀ ਪਤਨੀ। ਅਗਿਆਤਵਾਸ ਦੇ ਦੌਰਾਨ ਪਾਂਡੋ ਰਾਜਾ ਵਿਰਾਟ ਦੇ ਦਰਬਾਰ ਵਿਚ ਭੇਸ ਬਦਲ ਕੇ ਰਹਿ ਰਹੇ ਸਨ, ਉਦੋਂ ਅਰਜਨ ਸੰਗੀਤ ਅਤੇ ਨ੍ਰਿਤ ਦੇ ਅਧਿਆਪਕ ਦੇ ਰੂਪ ਵਿਚ ਬ੍ਰਿਹਨ ਨਲਾ ਦੇ ਨਾਂ ਨਾਲ ਵਿਚਰ ਰਿਹਾ ਸੀ। ਉਸਨੇ ਇਸੇ ਦੌਰਾਨ ਉੱਤਰਾ ਨੂੰ ਸੰਗੀਤ ਅਤੇ ਨ੍ਰਿਤ ਆਦਿ ਦੀ ਸਿੱਖਿਆ ਦਿਤੀ। ਜਦੋਂ ਕੌਰਵਾਂ ਨੇ ਰਾਜੇ ਵਿਰਾਟ ਉਤੇ ਹੱਲਾ ਬੋਲਿਆ ਤਾਂ ਅਰਜਨ ਨੇ ਅਦਭੁਤ ਬੀਰਤਾ ਵਿਖਾਈ। ਰਾਜਾ ਵਿਰਾਟ ਅਰਜਨ ਦੀ ਬੀਰਤਾ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਉੱਤਰਾ ਦਾ ਵਿਆਹ ਅਰਜਨ ਨਾਲ ਕਰਨ ਦੀ ਇੱਛਾ ਪ੍ਰਗਟ ਕੀਤੀ, ਪਰ ਅਰਜਨ ਨੇ ਇਹ ਕਹਿਕੇ ਕਿ ਉੱਤਰਾ ਸ਼ਿਸ਼ ਹੋਣ ਦੇ ਨਾਤੇ ਉਸ ਦੀ ਪੁਤਰੀ ਦੇ ਸਮਾਨ ਹੈ, ਇਹ ਰਿਸ਼ਤਾ ਸਵੀਕਾਰ ਨਾ ਕੀਤਾ। ਅਗਿਆਤਵਾਸ ਦਾ ਸਮਾਂ ਖ਼ਤਮ ਹੋਣ ਉਤੇ ਅਰਜਨ ਨੇ ਆਪਣੇ ਆਪ ਨੂੰ ਪ੍ਰਗਟ ਕਰ ਦਿਤਾ ਅਤੇ ਕੁਝ ਸਮੇਂ ਮਗਰੋਂ ਉੱਤਰਾ ਦਾ ਵਿਆਹ ਅਰਜਨ ਦੇ ਪੁੱਤਰ ਅਭਿਮਨਯੂ ਦੇ ਨਾਲ ਹੋਇਆ। ਅਭਿਮਨਯੂ ਮਹਾਂਭਾਰਤ ਦੇ ਯੁੱਧ ਵਿਚ ਚਕਰਵਿਊ ਵਿਚ ਫਸ ਕੇ ਮਰ ਗਿਆ। ਉਦੋਂ ਉੱਤਰਾ ਗਰਭਵਤੀ ਸੀ। ਮਗਰੋਂ ਉਸ ਦੀ ਕੁੱਖੋਂ ਪ੍ਰੀਖਸ਼ਤ ਦਾ ਜਨਮ ਹੋਇਆ। (ਵੇਖੋ : ਪ੍ਰੀਖਸ਼ਤ)

(ੳ-66) **ਉੱਤਰਾਇਣ :**

(ਸੰ: ਉੱਤਰਾਯਣ) ਹਿੰਦੂਆਂ ਦੇ ਗ੍ਰੰਥਾਂ ਵਿਚ ਸੂਰਜੀ ਵਰਸ਼ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ — ਉੱਤਰਾਇਣ ਅਤੇ ਦੱਖਸ਼ਾਇਣ। ਸੂਰਜ ਦੀ, ਉੱਤਰ ਵਲ ਨੂੰ, ਮਕਰ ਰਾਸ਼ੀ ਤੋਂ ਕਰਕ ਰਾਸ਼ੀ ਤਕ ਦੀ ਗਤੀ ਨੂੰ ਉੱਤਰਾਇਣ ਆਖਦੇ ਹਨ। ਦੇਸੀ ਮਹੀਨਿਆਂ ਅਨੁਸਾਰ ਇਹ ਮਾਘ ਤੋਂ ਹਾੜ ਤਕ ਦੇ ਛੇ ਮਹੀਨਿਆਂ ਦਾ ਸਮਾਂ ਹੈ। ਸੂਰਜ ਦੇ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਨ ਅਥਵਾ ਮਾਘ ਦੀ ਸੰਗਰਾਂਦ ਤੋਂ ਉੱਤਰਾਇਣ ਦਾ ਆਰੰਭ ਹੁੰਦਾ ਹੈ। ਹਿੰਦੂ ਇਸ ਸੰਗਰਾਂਦ ਨੂੰ ਬੜੀ ਪਾਵਨ ਮੰਨਦੇ ਹਨ। ਇਸ ਦਿਨ ਤੋਂ ਦੇਵਤਿਆਂ ਦਾ ਦਿਨ ਆਰੰਭ ਹੁੰਦਾ ਹੈ ਅਤੇ ਉਹ ਸਭ ਜਾਗ ਉਠਦੇ ਹਨ। ਇਸ ਦਿਨ ਪੰਜਾਬ ਵਿਚ 'ਮਾਘੀ' ਮਨਾਈ ਜਾਂਦੀ ਹੈ ਅਤੇ ਅਨੇਕ ਥਾਈਂ ਮਾਘੀ ਦੇ ਮੇਲੇ ਲਗਦੇ ਹਨ। (ਵੇਖੋ : ਮਾਘੀ) ਇਸ ਦਿਵਸ ਨੂੰ 'ਮਕਰ ਸੰਕਰਾਂਤੀ' ਤੋਂ ਬਿਨਾਂ 'ਤਿੱਲ ਸੰਕਰਾਂਤੀ' ਵੀ ਕਿਹਾ ਜਾਂਦਾ ਹੈ, ਕਿਉਂ ਜੋ ਇਸ ਦਿਨ ਤਿੱਲਾਂ ਨੂੰ ਖਾਣ ਜਾਂ ਦਾਨ-ਕ੍ਰਮ ਦਾ ਬੜਾ ਮਹਾਤਮ ਹੈ। ਇਸ ਲਈ ਲੋਕੀ ਤਿੱਲ ਦੇ ਬਣੇ ਪਦਾਰਥ ਜ਼ਰੂਰ ਮੂੰਹ ਲਗਾਂਦੇ ਅਤੇ ਵੰਡਦੇ ਹਨ।

ਜਿਸ ਦਿਨ ਸੂਰਜ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਅਥਵਾ ਉੱਤਰਾਇਣ ਆਰੰਭ ਹੁੰਦਾ ਹੈ, ਉਸ ਦਿਨ ਤੋਂ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਲਈ ਲੋਕਾਂ ਦਾ ਵਿਸ਼ਵਾਸ਼ ਹੈ ਕਿ ਇਸ ਪਾਵਨ ਦਿਵਸ ਨੂੰ ਆਰੰਭ ਕੀਤਾ ਕਾਰਜ ਸਦਾ ਸਫਲਤਾ ਨਾਲ ਸਿਰੇ ਚੜ੍ਹਦਾ ਅਤੇ ਸਭ ਦਿਸ਼ਾਵਾਂ ਵਿਚ ਫੈਲਦਾ ਹੈ।

ਸਨਾਤਨੀ ਧਾਰਨਾ ਅਨੁਸਾਰ ਜੇ ਕਿਸੇ ਪ੍ਰਾਣੀ ਦੀ ਆਤਮਾ ਮ੍ਰਿਤੂ ਪਿਛੋਂ ਸੂਰਜ ਲੋਕ ਵਿਚ ਪ੍ਰਵੇਸ਼ ਕਰੇ ਤਾਂ ਉਹ ਮੁਕਤ ਹੋ ਜਾਂਦਾ ਹੈ। ਉੱਤਰਾਇਣ ਸਮੇਂ ਧਰਤੀ ਸੂਰਜ ਦੇ ਕਾਫ਼ੀ ਨੇੜੇ ਹੁੰਦੀ ਹੈ ਜਦੋਂ ਕਿ ਦੱਖਸ਼ਾਇਣ ਸਮੇਂ ਕਾਫ਼ੀ ਦੂਰ। ਇਸ ਲਈ ਨਿਸਚਾ ਹੈ ਕਿ ਉੱਤਰਾਇਣ ਕਾਲ ਵਿਚ ਮਰਨ ਵਾਲੇ ਪ੍ਰਾਣੀ ਦੀ ਜੀਵਾਤਮਾ ਸਹਿਜੇ ਹੀ ਸੂਰਜ-ਲੋਕ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਪਰ ਦੱਖਸ਼ਾਇਣ ਕਾਲ ਵਿਚ ਮਰਨ ਵਾਲੇ ਦੀ ਨਹੀਂ। ਇਸੇ ਸੰਦਰਭ ਵਿਚ ਮਹਾਂਭਾਰਤ ਵਿਚ ਇਕ ਕਥਾ ਮਿਲਦੀ ਹੈ। ਕੁਰਛੇਤਰ ਦੀ ਯੁੱਧ-ਭੂਮੀ ਵਿਚ, ਭੀਸ਼ਮ ਪਿਤਾਮਾ ਜਦੋਂ ਸਖ਼ਤ ਫਟੜ ਹੋ ਕੇ ਡਿਗਾ ਤਾਂ ਸੂਰਜ ਨੇ ਅਜੇ ਕੁਝ ਦਿਨ ਹੋਰ ਦੱਖਸ਼ਾਇਣ ਵਿਚ ਰਹਿਣਾ ਸੀ। ਭੀਸ਼ਮ ਨੇ ਉਦੋਂ ਤਕ ਆਪਣੇ ਪ੍ਰਾਣ ਨਾ ਤਿਆਗੇ ਜਦੋਂ ਤਕ ਸੂਰਜ ਉੱਤਰਾਇਣ ਵਿਚ ਪ੍ਰਵੇਸ਼ ਨਾ ਕਰ ਗਿਆ। ਉੱਤਰਾਇਣ ਦੀ ਉਡੀਕ ਵਿਚ ਭੀਸ਼ਮ ਕਈ ਦਿਨ ਰਣਭੂਮੀ ਵਿਚ ਘਾਇਲ ਪਿਆ ਰਿਹਾ।

ਉੱਤਰਾਇਣ ਵਿਚ 'ਉਪਨਯਨ' ਸੰਸਕਾਰ ਅਥਵਾ ਜੰਞੂ ਪਹਿਨਾਣਾ ਵਧੇਰੇ ਸ਼ੁਭ ਹੁੰਦਾ ਹੈ। ਉੱਤਰਾਇਣ ਦੱਖਸ਼ਾਇਣ ਨਾਲੋਂ ਹਰ ਪੱਖ ਵਿਚ ਸ਼ੁਭ ਗਿਣਿਆ ਜਾਂਦਾ ਹੈ। (ਵੇਖੋ : ਆਇਣ; ਦੱਖਸ਼ਾਇਣ)।

(ੳ-67) **ਉੱਤਰਾਖਾੜਾ ਨਛੱਤ੍ਰ :**

ਇਕ ਨਛੱਤ੍ਰ ਜਿਸ ਦੇ ਪਿਛਲੇ ਚਾਰ ਚਰਨ ਬੜੇ ਸ਼ੁਭ ਮੰਨੇ ਜਾਂਦੇ ਹਨ। ਇਸ ਨਛੱਤ੍ਰ ਦੇ ਦੌਰਾਨ ਜੇ ਵੈਰੀ ਉਤੇ ਹੱਲਾ ਬੋਲਿਆ ਜਾਵੇ ਤਾਂ ਨਿਸਚੇ ਅਨੁਸਾਰ ਹੱਲਾ ਬੋਲਣ ਵਾਲੇ ਦੀ ਜਿੱਤ ਹੁੰਦੀ ਹੈ। ਇਸ ਸਮੇਂ ਦਾ ਲਗਨ ਬੜਾ ਸ਼ੁਭ ਗਿਣਿਆ ਜਾਂਦਾ ਹੈ। ਇਸ ਨਛੱਤ੍ਰ ਨੂੰ 'ਅਭਿਜਿਤ' ਵੀ ਆਖਦੇ ਹਨ। (ਵੇਖੋ : ਅਭਿਜਿਤ)

(ੳ-68) **ਉਤਰਾਭਦ੍ਰਪਦਾ :**

ਇਕ ਨਛੱਤ੍ਰ ਜਿਸ ਵਿਚ ਵਿਆਹ ਨਾਲ ਸੰਬੰਧਿਤ ਕੋਈ ਰੀਤ ਜਾਂ ਸੰਸਕਾਰ ਕਰਨਾ ਸ਼ੁਭ ਮੰਨਿਆ ਜਾਂਦਾ ਹੈ।

(ੳ-69) **ਉਤਰਾਧੀ :**

ਅਰੋੜਿਆਂ ਦੀਆਂ ਤਿੰਨ ਮੁਖੀ ਸ਼ਾਖ਼ਾਂ ਵਿਚੋਂ ਇਕ; ਬਾਕੀ ਦੋ ਸ਼ਾਖ਼ਾਂ 'ਦੱਖਣਾ' ਅਤੇ 'ਡਹਿਰਾ' ਹਨ। ਰਵਾਇਤ ਹੈ ਕਿ ਜਦੋਂ ਅਰੋੜੇ ਮੁਲਤਾਨ ਦੇ ਨੇੜੇ ਅਰੋੜਕੋਟ ਵਿਚ ਰਹਿੰਦੇ ਸਨ ਤਾਂ ਉਨ੍ਹਾਂ ਦਾ ਕਿਸੇ ਕਰਣੀ ਵਾਲੇ ਫ਼ਕੀਰ ਨਾਲ ਕਿਸੇ ਗੱਲ ਤੋਂ ਵਾਦ-ਵਿਵਾਦ ਹੋ ਗਿਆ। ਫ਼ਕੀਰ ਨੇ ਕਰੋਧ ਵਿਚ ਆ ਕੇ ਅਰੋੜਕੋਟ ਨੂੰ ਨਸ਼ਟ ਹੋਣ ਦਾ ਸਰਾਪ ਦਿਤਾ। ਜਦੋਂ ਇਸ ਨਗਰ ਵਿਚ ਭਿਅੰਕਰ ਰੋਗ ਫੈਲਣ ਲਗੇ ਤਾਂ ਅਰੋੜੇ ਤਬਾਹੀ ਤੋਂ ਬਚਣ ਦੇ ਵਿਚਾਰ ਨਾਲ ਉਥੋਂ ਉਠ ਨੱਠੇ। ਨਗਰ ਦੇ ਤਿੰਨ ਮੁਖ ਦੁਆਰ ਉੱਤਰ, ਦੱਖਣ ਅਤੇ ਪੱਛਮ ਵਲ ਸਨ। ਜਿਹੜੇ ਅਰੋੜੇ ਉੱਤਰ ਦੁਆਰ ਵਲੋਂ ਨੱਠੇ, ਉਹ 'ਉਤਰਾਧੀ' ਅਖਵਾਏ, ਜੋ ਦੱਖਣ ਵਲੋਂ ਗਏ ਉਹ 'ਦੱਖਣਾ' ਅਤੇ ਜੋ ਪੱਛਮ ਵਲੋਂ ਦੌੜੇ ਉਹ 'ਡਹਿਰਾ' ਦੇ ਨਾਂ ਨਾਲ ਪ੍ਰਸਿਧ ਹੋਏ। ਇਕ ਹੋਰ ਰਵਾਇਤ ਅਨੁਸਾਰ ਜਦੋਂ ਅਰੋੜਿਆਂ ਵਿਚ ਕੁਝ ਸਮਾਜਿਕ ਮਤਭੇਦ ਪੈਦਾ ਹੋ ਗਏ ਤਾਂ ਉਨ੍ਹਾਂ ਨੂੰ ਸੁਲਝਾਣ ਲਈ ਅਰੋੜਿਆਂ ਦੇ ਪ੍ਰੋਹਿਤ ਗੁਸਾਈਂ ਸਿਧ ਭੋਜ ਨੇ 195 ਬਿਕਰਮੀ ਵਿਚ ਇਕ ਇਕੱਤ੍ਰਤਾ ਅਰੋੜਕੋਟ ਵਿਚ ਸੱਦੀ। ਜਿਹੜੇ ਅਰੋੜੇ ਪੁਰਾਣੀਆਂ ਰੀਤਾਂ ਰਸਮਾਂ ਦੇ ਹਮਾਇਤੀ ਸਨ, ਉਹ ਉੱਤਰ ਦਿਸ਼ਾ ਵਲ ਬੈਠੇ ਅਤੇ ਮਗਰੋਂ 'ਉਤਰਾਧੀ' ਅਖਵਾਏ। ਸੁਧਾਰ ਦੀ ਇਛਾ ਰਖਣ ਵਾਲੇ ਅਰੋੜੇ ਦੱਖਣੀ ਦਿਸ਼ਾ ਵਲ ਬੈਠੇ ਅਤੇ 'ਦੱਖਣਾ' ਦੇ ਨਾਂ ਨਾਲ ਪ੍ਰਸਿਧ ਹੋਏ। ਜੋ ਅਰੋੜੇ ਨਿਰਪੱਖ ਸਨ ਉਹ ਪੱਛਮੀ ਦਿਸ਼ਾ ਵਲ ਬੈਠੇ ਅਤੇ 'ਡਹਿਰਾ' ਅਖਵਾਏ। (ਵੇਖੋ : ਅਰੋੜੇ)

ਉਤਰਾਧੀ ਅਰੋੜੇ ਅੱਗੋਂ 'ਬਾਹਰੀ' ਅਤੇ 'ਬੁੰਝਾਈ' ਉਪ-ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਅਰੋੜਿਆਂ ਦੀਆਂ ਕੁਝ ਰੀਤਾਂ ਬਿਲਕੁਲ ਵੱਖਰੀਆਂ ਹਨ, ਜਿਵੇਂ ਫ਼ਿਰੋਜ਼ਪੁਰ ਦੇ ਉਤਰਾਧੀ ਅਰੋੜਿਆਂ ਵਿਚ 'ਦੋ ਰਾਤੇ ਫੇਰੇ' ਪ੍ਰਚਲਤ ਹਨ। ਇਹ ਰਵਾਜ ਬੜਾ ਹੀ ਪੁਰਾਣਾ ਹੈ, ਪਰ ਕਈ ਉਤਰਾਧੀ ਅਰੋੜਿਆਂ ਵਿਚ ਹੁਣ ਤਕ ਪ੍ਰਚਲਤ ਹੈ।

(ੳ-70) **ਉਤਰਾਨ :**

ਇਕ ਨਛੱਤ੍ਰ ਜਿਸ ਵਿਚ ਸਗਾਈ ਅਤੇ ਵਿਆਹ ਆਦਿ ਕਰਨਾ ਸ਼ੁਭ ਮੰਨਿਆ ਜਾਂਦਾ ਹੈ।

(ੳ-71) **ਉਤਾਨਪਾਦ :**

ਇਕ ਪੌਰਾਣਿਕ ਰਾਜਾ ਜੋ ਧ੍ਰੂ ਦਾ ਪਿਤਾ ਸੀ। ਉਤਾਨਪਾਦ ਸ਼ਤਰੂਪਾਂ ਦੇ ਉਦਰ ਤੋਂ ਮਨੂ ਸਵਾਯੰਭੁਵ ਦਾ ਪੁੱਤਰ ਸੀ। ਇਸ ਦੀਆਂ ਦੋ ਰਾਣੀਆਂ — ਸੁਨੀਤੀ (ਸੁਨਿਤ੍ਰਾ) ਅਤੇ ਸੁਰੁੱਚੀ ਸਨ। ਸੁਨੀਤੀ ਤੋਂ ਚਾਰ ਪੁੱਤਰ–ਧ੍ਰੂ, ਕੀਰਤੀਮਾਨ, ਆਯੁਸ਼ਮਨ ਅਤੇ ਵਸੂ ਪੈਦਾ ਹੋਏ। ਦੂਜੀ ਰਾਣੀ ਸੁਰੁੱਚੀ ਤੋਂ ਉੱਤਮ ਦਾ ਜਨਮ ਹੋਇਆ। ਪੁਰਾਣਾਂ ਵਿਚ ਉਤਾਨਪਾਦ ਬਾਰੇ ਹਾਲਾਤ ਇਕਸਾਰ ਨਹੀਂ ਮਿਲਦੇ।

ਉਤਾਨਪਾਦ ਨੇ ਸੁਰੁੱਚੀ ਦੇ ਕਹਿਣ ਉਤੇ ਹੀ ਧ੍ਰੂ ਅਤੇ ਉਸ ਦੀ ਮਾਂ ਸੁਨੀਤੀ ਨੂੰ ਘਰੋਂ ਕਢ ਦਿਤਾ ਸੀ। ਇਕ ਵਾਰ ਉੱਤਮ ਨੂੰ ਉਤਾਨਪਾਦ ਦੀ ਗੋਦ ਵਿਚ ਬੈਠਾ ਵੇਖ ਕੇ ਧ੍ਰੂ ਵੀ ਪਿਉ ਦੀ ਗੋਦ ਵਿਚ ਬੈਠ ਗਿਆ। ਧ੍ਰੂ ਦੀ ਮੱਤ੍ਰਈ ਮਾਂ ਸੁਰੁੱਚੀ ਨੇ ਵੇਖ ਲਿਆ ਅਤੇ ਧ੍ਰੂ ਨੂੰ ਝਿੜਕ ਕੇ ਉਠਾ ਦਿਤਾ। ਧ੍ਰੂ ਰੋਂਦਾ ਹੋਇਆ ਆਪਣੀ ਮਾਤਾ ਸੁਨੀਤੀ ਕੋਲ ਗਿਆ। ਮਾਂ ਦੀ ਪ੍ਰੇਰਣਾ ਉਤੇ ਧ੍ਰੂ ਜੰਗਲ ਵਿਚ ਤਪ ਕਰਨ ਲਈ ਗਿਆ ਅਤੇ ਨਾਰਦ ਤੋਂ ਉਪਦੇਸ਼ ਲੈ ਕੇ ਈਸ਼ਵਰ

ਦੀ ਭਗਤੀ ਕਰਨ ਲੱਗਾ। ਲੰਮੀ ਸਾਧਨਾ ਮਗਰੋਂ ਧ੍ਰੂ ਨੂੰ ਈਸ਼ਵਰ ਦੇ ਪ੍ਰਤੱਖ ਦਰਸ਼ਨ ਹੋਏ। ਮਗਰੋਂ ਉਤਾਨਪਾਦ ਆਪਣੀ ਕਰਨੀ ਉਤੇ ਬੜਾ ਪਛਤਾਇਆ।

(ੳ-72) **ਉਤਾਰ** :

(1) ਜੇਠੇ ਬੱਚੇ ਦਾ ਪਹਿਲਾ ਉਤਾਰ ਬੜਾ ਸ਼ੁਭ ਅਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ। ਜੇ ਕੋਈ ਤੀਵੀਂ ਹਮੇਸ਼ਾਂ ਕੁੜੀਆਂ ਜੰਮਦੀ ਹੋਵੇ, ਤਾਂ ਉਹ ਕਿਸੇ ਜੇਠੇ ਬੱਚੇ ਦਾ ਪਹਿਲਾ ਉਤਾਰ ਆਪਣੀ ਨਵੀਂ ਜੰਮੀ ਕੰਨਿਆਂ ਨੂੰ ਪਾਵੇ ਤਾਂ ਧਾਰਨਾ ਅਨੁਸਾਰ ਅਗਲਾ ਬਾਲ ਲੜਕਾ ਜੰਮਦਾ ਹੈ। ਲੜਕੇ ਦਾ ਪਹਿਲਾ ਉਤਾਰ ਵੀ ਬੜਾ ਬਰਕਤ ਵਾਲਾ ਮੰਨਿਆ ਜਾਂਦਾ ਹੈ। ਕਮੀਂ ਕਮੀਣ, ਧਨੀਆਂ ਦੇ ਪੁਤਰਾਂ ਦੇ 'ਉਤਾਰ' ਆਪਣੇ ਬੱਚਿਆਂ ਨੂੰ ਇਸ ਵਿਸ਼ਵਾਸ਼ ਨਾਲ ਪਹਿਨਾਂਦੇ ਹਨ ਕਿ ਉਹ ਵਡੇ ਹੋ ਕੇ ਅਮੀਰ ਹੋਣਗੇ। ਇਹ ਵਿਚਾਰ ਸਹਾਨਭੂਤੀ ਟੂਣੇ ਉਤੇ ਆਧਾਰਿਤ ਹੈ।

(2) ਦੇਵੀ ਦੇਵਤਾ ਦਾ ਕਿਸੇ ਦੂਜੇ ਦੇ ਸਰੀਰ ਵਿਚ ਪ੍ਰਵੇਸ਼ ਕਰਨਾ; ਪੁਰਾਣਾਂ ਅਤੇ 'ਕਥਾ ਸਰਿਤ ਸਾਗਰ' ਵਿਚ ਅਨੇਕਾਂ ਕਥਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਕੋਈ ਦੇਵਤਾ ਜਾਂ ਵਿਅੱਕਤੀ ਕਿਸੇ ਦੂਜੇ ਵਿਅੱਕਤੀ ਦੇ ਸਰੀਰ ਵਿਚ ਪ੍ਰਵੇਸ਼ ਕਰ ਕੇ ਉਸ ਦੀ ਕਾਇਆ ਨੂੰ ਭੋਗਦਾ ਹੈ। ਪੰਜਾਬ ਵਿਚ ਅਦ੍ਰਿਸ਼ਟ ਰਿਸ਼ੀ ਦੀ ਕਹਾਣੀ ਬੜੀ ਪ੍ਰਸਿਧ ਹੈ, ਜਿਸ ਨੇ ਤਪਾਂ ਅਤੇ ਘੋਰ ਸਾਧਨਾ ਦੁਆਰਾ ਦੂਜੇ ਦੀ ਕਾਇਆ ਵਿਚ ਪ੍ਰਵੇਸ਼ ਹੋਣ ਦੀ ਸ਼ਕਤੀ ਪ੍ਰਾਪਤ ਕਰ ਲਈ ਅਤੇ ਉਹ ਭਰ ਜਵਾਨੀ ਵਿਚ ਚਲਾਣਾ ਕਰ ਗਏ ਗਭਰੂਆਂ ਦੇ ਸਰੀਰ ਵਿਚ ਪ੍ਰਵੇਸ਼ ਕਰ ਕੇ ਉਨ੍ਹਾਂ ਦੀ ਕਾਇਆਂ ਨੂੰ ਭੋਗਦਾ ਸੀ ਅਤੇ ਇਸ ਤਰ੍ਹਾਂ ਉਹ ਕਈ ਹਜ਼ਾਰ ਸਾਲ ਤਕ ਜੀਊਂਦਾ ਰਿਹਾ। (ਵੇਖੋ : ਅਦ੍ਰਿਸ਼ਟ ਰਿਸ਼ੀ)

(ੳ-73) **ਉਤਾਰਣਾ** :

ਕਿਸੇ ਸ਼ਖ਼ਸ ਨੂੰ ਪਕੜ ਹੋਵੇ ਅਥਵਾ ਉਸ ਦੇ ਸਰੀਰ ਵਿਚ ਜਿੰਨ ਭੂਤ ਦਾ ਵਾਸਾ ਹੋਵੇ ਤਾਂ ਚੇਲੇ/ਸਿਆਣੇ ਮੰਤਰਾਂ ਅਤੇ ਉਪਾਵਾਂ ਨਾਲ ਉਸ ਦੇ ਸਰੀਰ ਵਿਚੋਂ ਜਿੰਨ-ਭੂਤ ਕਢਦੇ ਹਨ। ਇਸ ਰਹੱਸਮਈ ਕਿਰਿਆ ਨੂੰ 'ਉਤਾਰਨਾ' ਕਹਿੰਦੇ ਹਨ। ਜਿੰਨ-ਭੂਤ ਨੂੰ ਸਰੀਰ ਵਿਚੋਂ ਕੱਢਣ ਵਾਲੇ ਮਾਂਦਰੀ ਨੂੰ 'ਚੇਲਾ' ਜਾਂ 'ਸਿਆਣਾ' ਕਿਹਾ ਜਾਂਦਾ ਹੈ।

ਕਿਸੇ ਦੀਰਘ ਰੋਗ ਵਾਲੇ ਸ਼ਖ਼ਸ ਦੇ ਕਪੜੇ ਉਸ ਦੇ ਸਿਰ ਉਤੋਂ ਦੀ ਵਾਰ ਕੇ ਕਿਸੇ ਭਿਖਾਰੀ, ਚੂਹੜੇ ਜਾਂ ਕਮੀਂ ਕਮੀਣ ਨੂੰ ਦੇਣ ਦੀ ਕਿਰਿਆ ਵੀ 'ਉਤਾਰਣਾ' ਅਖਵਾਉਂਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਰੋਗ ਦੀ ਸ਼ਿਦਤ ਘਟ ਜਾਂਦੀ ਹੈ।

(ੳ-74) **ਉਤਾਰਾ ਉਤਾਰਨਾ** :

ਕਿਸੇ ਰੋਗੀ ਦੇ ਸਿਰ ਤੋਂ ਕੋਈ ਸਿੱਕਾ, ਅੰਨ ਜਾਂ ਵਸਤ੍ਰ ਵਾਰ ਕੇ ਦਾਨ ਵਜੋਂ ਦੇਣਾ। ਪਹਿਲਿਆਂ ਵਿਚ ਪਸ਼ੂ ਪੰਛੀ ਵੀ ਰੋਗੀ ਦੇ ਸਿਰ ਤੋਂ ਵਾਰ ਕੇ ਬਲੀ ਚੜ੍ਹਾਏ ਜਾਂਦੇ ਜਾਂ ਪ੍ਰੋਹਿਤ ਨੂੰ ਦਾਨ ਕਰ ਦਿਤੇ ਜਾਂਦੇ ਸਨ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਰੋਗੀ ਦਾ ਦੁਖ ਸੰਕਟ ਟਲ ਕੇ ਸਿਰ ਤੋਂ ਵਾਰੇ ਗਏ ਪਸ਼ੂ ਪੰਛੀ ਨੂੰ ਜਾ ਲਗਦਾ ਹੈ।

ਜੇ ਕਿਸੇ ਬੱਚੇ ਨੂੰ ਨਜ਼ਰ-ਟਪਾਰ ਲੱਗ ਜਾਵੇ ਜਾਂ ਉਹ ਰਾਜ਼ੀ ਨਾ ਰਹੇ ਤਾਂ ਤੀਵੀਆਂ ਉਸ ਦੇ ਸਿਰ ਤੋਂ ਸੱਤ ਮਿਰਚਾਂ ਵਾਰ ਕੇ ਅੱਗ ਵਿਚ ਸੁਟਦੀਆਂ ਹਨ। ਕਈ ਤੀਵੀਆਂ ਹਰਮਲ ਧੁਖਾ ਕੇ ਉਸ ਦਾ ਧੂੰਆਂ ਬੱਚੇ ਨੂੰ ਦੇਂਦੀਆਂ ਹਨ। ਇਸ ਕਿਰਿਆ ਨੂੰ ਵੀ 'ਉਤਾਰਾ ਉਤਾਰਨਾ' ਕਿਹਾ ਜਾਂਦਾ ਹੈ।

(ੳ-75) **ਉਤਾਰੇ ਦਾ ਮੰਤਰ** :

ਜਾਦੂ ਟੂਣੇ ਤੇ ਬਦ-ਨਜ਼ਰ ਦੇ ਅਸਰ ਨੂੰ ਖੀਣ ਕਰਨ ਲਈ ਜੋ ਮੰਤਰ ਫੂਕੇ ਜਾਂਦੇ ਅਥਵਾ ਜੰਤਰ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਉਤਾਰੇ ਦੇ ਮੰਤਰ/ਜੰਤਰ ਕਹਿੰਦੇ ਹਨ। ਪਿੰਡਾਂ ਵਿਚ ਅਜਿਹੇ ਰੋਗੀਆਂ ਨੂੰ ਮੰਤਰ/ਜੰਤਰ ਨਾਲ ਨਰੋਆ ਕਰਨ ਵਾਲੇ ਸਿਆਣੇ/ਚੇਲੇ ਆਮ ਮਿਲਦੇ ਹਨ। ਤੰਤ੍ਰ ਸ਼ਾਸਤ੍ਰਾਂ ਵਿਚ 'ਉਤਾਰੇ' ਦੇ ਕਈ ਜੰਤਰ-ਮੰਤਰ ਦਰਜ ਹਨ।

(ੳ-76) **ਉਤੇ ਫੁਲਕਾਰੀ ਮੈਂ ਰਹਿੰਦੀ ਕੰਵਾਰੀ :**

ਫੁਲਕਾਰੀ ਦਾ ਇਕ ਪ੍ਰਸਿੱਧ ਗੀਤ । (ਵੇਖੋ : ਫੁਲਕਾਰੀ-ਗੀਤ)

(ੳ-77) **ਉਬਾਰਾ :**

ਇਕ ਰੋਗ, ਜਿਸ ਨੂੰ 'ਬਾਰਾ' ਵੀ ਕਹਿੰਦੇ ਹਨ । ਸੁੱਤਾ ਪਿਆ ਰੋਗੀ ਕੋਈ ਭਿਆਨਕ ਸੁਪਨਾ ਵੇਖ ਕੇ ਬਰੜਾ ਉਠਦਾ ਹੈ । ਉਸ ਨੂੰ ਜਾਪਦਾ ਹੈ ਕਿ ਕੋਈ ਸ਼ਖ਼ਸ ਉਸ ਦੀ ਛਾਤੀ ਉਤੇ ਬੈਠਾ ਉਸ ਦਾ ਗਲਾ ਘੁਟ ਰਿਹਾ ਹੈ। ਲੋਕ-ਨਿਸਚੇ ਅਨੁਸਾਰ ਇਸ ਤਰ੍ਹਾਂ ਬਰੜਾਣ ਵਾਲੇ ਸ਼ਖ਼ਸ ਦੀ ਛਾਤੀ ਉਤੇ ਕੋਈ ਬਦਰੂਹ ਆ ਕੇ ਬੈਠ ਜਾਂਦੀ ਹੈ ਅਤੇ ਉਹ ਆਪਣੇ ਬੋਝ ਨਾਲ ਉਸ ਦੀ ਛਾਤੀ ਨੂੰ ਅਤੇ ਹੱਥਾਂ ਨਾਲ ਉਸ ਦੇ ਗਲੇ ਨੂੰ ਦਬਾਂਦੀ ਹੈ । ਰੋਗੀ ਉਸ ਤੋਂ ਛੁਟਕਾਰਾ ਪਾਉਣ ਲਈ ਚੀਖ਼ਦਾ ਹੈ । ਇਕ ਵਿਚਾਰ ਇਹ ਵੀ ਹੈ ਕਿ ਸੁੱਤਿਆਂ ਛਾਤੀ ਉਤੇ ਹੱਥ ਆਉਣ ਨਾਲ ਇਹ ਦਸ਼ਾ ਹੁੰਦੀ ਹੈ ।

ਚੇਲੇ/ਸਿਆਣੇ ਉਬਾਰੇ ਦੇ ਜੰਤਰ ਦੇਂਦੇ ਹਨ ਜਿਸ ਨੂੰ ਗਲ ਵਿਚ ਧਾਗੇ ਨਾਲ ਬੰਨ੍ਹ ਕੇ ਪਾਉਣ ਨਾਲ ਰੋਗੀ ਮੁੜ ਬਰੜਾਂਦਾ ਨਹੀਂ ।

(ੳ-78) **ਉਥੂ :**

ਖਾਣ ਪੀਣ ਵੇਲੇ ਕਿਸੇ ਚੀਜ਼ ਦਾ ਕੋਈ ਅੰਸ਼ ਸਾਹ-ਨਾਲੀ ਨਾਲ ਘਸਰਣ ਕਰ ਕੇ ਆਈ ਖੰਘ। ਲੋਕ-ਨਿਸਚੇ ਅਨੁਸਾਰ ਉਥੂ ਕਿਸੇ ਚੰਦਰੀ ਰੂਹ ਦੀ ਸ਼ਰਾਰਤ ਹੁੰਦੀ ਹੈ ਜੋ ਖਾਣ ਪੀਣ ਦੀ ਕਿਸੇ ਵਸਤੂ ਨਾਲ ਸਰੀਰ ਦੇ ਅੰਦਰ ਲੰਘ ਜਾਂਦੀ ਹੈ । ਧਨੀ-ਪੋਠੋਹਾਰ ਵਿਚ ਇਸ ਦਸ਼ਾ ਸਮੇਂ ਚੰਦਰੀ ਰੂਹ ਨੂੰ ਨਠਾਣ ਲਈ ਲੋਕ 'ਖਿਰੇ ਖਿਰੇ' ਕਰਦੇ ਹਨ । 'ਖਿਰੇ' ਕਹਿਣ ਨਾਲ ਬਦਰੂਹ ਨੱਠ ਜਾਂਦੀ ਹੈ।

(ੳ-79) **ਉਦਕ ਕਰਮ ਸੰਸਕਾਰ :**

ਮ੍ਰਿਤਕ ਨਮਿਤ ਪਾਣੀ ਦੇਣ ਦੀ ਕਿਰਿਆ । ਦਾਹ ਸੰਸਕਾਰ ਮਗਰੋਂ ਮਰੇ ਸ਼ਖ਼ਸ ਦੇ ਸਤ ਜਾਂ ਦਸ ਪੀੜ੍ਹੀਆਂ ਤਕ ਦੇ ਸਾਰੇ ਸੰਬੰਧੀ ਕਿਸੇ ਨਦੀ ਨਾਲੇ ਜਾਂ ਤਲਾਬ ਉਤੇ ਇਸ਼ਨਾਨ ਕਰਨ ਲਈ ਜਾਂਦੇ ਹਨ । ਇਸ਼ਨਾਨ ਵੇਲੇ ਉਹ ਆਪਣੇ ਜਨੇਊ ਨੂੰ ਸੱਜੇ ਮੋਢੇ ਉਤੇ ਲਟਕਾ ਕੇ ਆਪਣਾ ਮੂੰਹ ਦੱਖਣ ਦਿਸ਼ਾ ਵਲ ਕਰਦੇ ਹੋਏ ਪਾਣੀ ਦੀ ਚੁਲੀ ਭਰਦੇ ਹਨ । ਫਿਰ ਉਹ ਮ੍ਰਿਤਕ ਦਾ ਨਾਂ ਲੈ ਕੇ ਇਕ ਬੁਕ ਪਾਣੀ (ਉਦਕ) ਦੀ ਦੇਂਦੇ ਹਨ । ਇਸ ਤੋਂ ਬਾਅਦ ਨਦੀ ਤੋਂ ਬਾਹਰ ਨਿਕਲ ਕੇ ਆਪਣੇ ਕਪੜੇ ਉੱਤਰ ਦਿਸ਼ਾ ਵਲ ਖਿਲਾਰ ਦੇਂਦੇ ਹਨ । ਇਸ ਰੀਤ ਪਿਛੋਂ ਪਿੰਡ ਭਰੇ ਜਾਂਦੇ ਹਨ । ਵੈਦਿਕ ਕਾਲ ਵਿਚ ਇਹ ਰੀਤ ਅੰਤੇਸ਼ਟੀ ਸੰਸਕਾਰਾਂ ਵਿਚ ਵਿਸ਼ੇਸ਼ ਸਥਾਨ ਰਖਦੀ ਸੀ।

(ੳ-80) **ਉਦੰਬਰ :**

ਇਕ ਖ਼ਾਸ ਤਰ੍ਹਾਂ ਦੇ ਸਾਧੂ ਜੋ ਬੜੇ ਕਰੜੇ ਤਪ ਕਰਦੇ ਹਨ ਅਤੇ ਹਮੇਸ਼ਾਂ ਹੱਥ ਵਿਚ ਗੁਲਰ ਦਾ ਡੰਡਾ ਰਖਦੇ ਹਨ। ਗੁਲਰ ਦਾ ਡੰਡਾ ਧਾਰਨ ਕਰ ਕੇ ਉਨ੍ਹਾਂ ਦਾ ਨਾਂ ਉਦੰਬਰ ਪੈ ਗਿਆ । ਇਨ੍ਹਾਂ ਸਾਧੂਆਂ ਦੀ ਧਾਰਨਾ ਹੈ ਕਿ ਗੁਲਰ ਦਾ ਡੰਡਾ ਹੱਥ ਵਿਚ ਰਖਣ ਨਾਲ ਮਨ ਵਿਕਾਰਾਂ ਵਲ ਨਹੀਂ ਜਾਂਦਾ । (ਵੇਖੋ : ਗੁਲਰ)

(ੳ-81) **ਉਦਯ :**

ਪੁਰਾਣਾਂ ਅਨੁਸਾਰ ਇਕ ਕਲਪਿਤ ਪਹਾੜ ਜਿਸ ਦੇ ਪਿਛੋਂ ਹਰ ਰੋਜ਼ ਸਵੇਰੇ ਸੂਰਜ ਉਦੈ ਹੁੰਦਾ ਹੈ । ਸੂਰਜ ਜਿਸ ਪਹਾੜ ਦੇ ਓਹਲੇ ਛੁਪਦਾ ਹੈ ਉਸ ਨੂੰ 'ਅਸਤ' ਕਹਿੰਦੇ ਹਨ ।

(ੳ-82) **ਉੱਦਯਨ :**

ਇਕ ਚੰਦਰਵੰਸ਼ੀ ਰਾਜਕੁਮਾਰ ਜਿਸ ਦੀ ਕਥਾ ਦੀਆਂ ਕੁਝ ਤੂੜੀਆਂ ਸੱਸੀ-ਪੁੰਨੂੰ ਦੀ ਪ੍ਰੇਮ-ਕਥਾ ਨਾਲ ਮੇਲ ਖਾਂਦੀਆਂ ਹਨ । ਉੱਦਯਨ ਸਹਸ੍ਰਾਨੀਕ ਦਾ ਪੁੱਤਰ ਅਤੇ ਵਤਸਦੇਸ਼ ਦਾ ਰਾਜਾ ਸੀ। ਇਸ ਦੀ ਰਾਜਧਾਨੀ ਕੋਸ਼ਾਂਬੀ ਸੀ।

ਉਜੈਨ ਦੀ ਰਾਜਕੁਮਾਰੀ ਵਾਸਵਦੱਤਾ ਉਦਯਨ ਨੂੰ ਸੁਪਨੇ ਵਿਚ ਵੇਖ ਕੇ ਮੋਹਿਤ ਹੋ ਗਈ ਅਤੇ ਉਸ ਦੇ ਵਿਛੋੜੇ ਵਿਚ ਵਿਆਕੁਲ ਹੋਣ ਲੱਗੀ। ਵਾਸਵਦੱਤਾ ਨੇ ਉੱਦਯਨ ਨੂੰ ਧੋਖੇ ਨਾਲ ਉਜੈਨ ਵਿਚ ਸਦ ਕੇ ਬੰਦੀ ਬਣਾ ਲਿਆ । ਕੁਝ ਚਿਰ ਮਗਰੋਂ ਰਾਜੇ ਦੇ ਮੰਤਰੀ ਯੋਗੰਧਰਾਇਣ ਨੇ ਉੱਦਯਨ ਨੂੰ ਬੰਦੀ ਤੋਂ ਮੁਕਤ ਕਰਵਾ ਦਿਤਾ,

ਪਰ ਜਾਣ ਵੇਲੇ ਉੱਦਯਨ ਵਾਸਵਦੱਤਾ ਨੂੰ ਉਧਾਲ ਕੇ ਨਾਲ ਲੈ ਗਿਆ। ਸੰਸਕ੍ਰਿਤ ਦੇ ਕਈ ਕਵੀਆਂ, ਨਾਟਕਕਾਰਾਂ ਅਤੇ ਕਥਾਕਾਰਾਂ ਨੇ ਉੱਦਯਨ ਦੀ ਕਥਾ ਨੂੰ ਆਧਾਰ ਬਣਾ ਕੇ ਰਚਨਾ ਕੀਤੀ। ਮਹਾਂਕਵੀ ਭਾਸ ਨੇ ਆਪਣੇ ਦੋ ਨਾਟਕਾਂ 'ਸੁਪਨਵਾਸਵਦਤਾ' ਤੇ 'ਪ੍ਰਤਿਗਿਆਯੋਗੰਧਰਾਇਣ' ਵਿਚ ਉੱਦਯਨ ਨੂੰ ਆਪਣੇ ਕਥਾਨਕ ਦਾ ਨਾਇਕ ਬਣਾਇਆ ਹੈ।

ਇਹੋ ਕਥਾ ਗੁਣਾਢੇ ਦੀ 'ਬ੍ਰਹਤਕਥਾ' ਅਤੇ ਸੋਮਦੇਵ ਦੇ 'ਕਥਾ ਸਰਿਤ ਸਾਗਰ' ਵਿਚ ਵੀ ਮਿਲਦੀ ਹੈ।

(ੳ-83) **ਉਦਯਨਾਥ** :

ਜੋਗੀਆਂ ਦੇ ਪ੍ਰਸਿੱਧ ਨੌਂ ਨਾਥਾਂ ਵਿਚੋਂ ਇਕ। (ਵੇਖੋ : ਨੌਂ ਨਾਥ)

(ੳ-84) **ਉਦ੍ਯਾਨਕ** :

ਇਕ ਤਲਿਸਮੀ ਨਗਰ ਜੋ ਧਰਤੀ ਅਤੇ ਆਕਾਸ਼ ਦੇ ਵਿਚਕਾਰ ਸ਼ੂਨਯ ਵਿਚ ਖਲੋਤਾ ਮੰਨਿਆ ਜਾਂਦਾ ਹੈ। ਪੰਜਾਬ ਵਿਚ ਇਸ ਨਗਰ ਦਾ ਸੰਬੰਧ ਹਰੀਸ਼ਚੰਦ੍ਰ ਨਾਲ ਜੋੜਿਆ ਗਿਆ ਹੈ ਅਤੇ ਇਸ ਨੂੰ 'ਹਰਿ ਚੰਦਉਰੀ' ਵੀ ਕਿਹਾ ਜਾਂਦਾ ਹੈ। ਇਸ ਨਗਰ ਦਾ ਜ਼ਿਕਰ ਯੁਜਰ ਵੇਦ ਵਿਚ ਵੀ ਆਇਆ ਹੈ। ਲੋਕ-ਨਿਸਚੇ ਅਨੁਸਾਰ ਜਿਸ ਸ਼ਖ਼ਸ ਨੇ ਚੰਗੇ ਪੁੰਨ ਕੀਤੇ ਹੋਣ, ਉਸੇ ਨੂੰ ਇਹ ਨਗਰ ਆਕਾਸ਼ ਵਿਚ ਵਿਖਾਈ ਦੇਂਦਾ ਹੈ। ਇਸ ਨਗਰ ਨੂੰ 'ਸੋਭ' ਵੀ ਕਿਹਾ ਜਾਂਦਾ ਹੈ। (ਵੇਖੋ : ਹਰਿ ਚੰਦਉਰੀ)

(ੳ-85) **ਉਦਰੇਵਾਂ** :

ਵਿਛੋੜੇ ਕਾਰਨ ਉਪਜਿਆ ਵਿਰਾਗ; ਬੱਚੇ ਤੋਂ ਵਿਛੜਨ ਲੱਗਿਆਂ, ਉਸ ਦੇ ਨਜ਼ਦੀਕੀ ਅੰਗ-ਸਾਕ ਕਈ ਵਾਰ ਬੱਚੇ ਦੀ ਤਲੀ ਉਤੇ 'ਥੋਹ' ਕਰਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਨੂੰ ਉਦਰੇਵਾਂ ਨਹੀਂ ਲੱਗਦਾ। ਜੇ ਵਿਛੜਨ ਲੱਗਿਆਂ ਬੱਚੇ ਦੇ ਮੂੰਹ ਉਤੇ ਹਲਕੀ ਜਿਹੀ ਚੁਪੇੜ ਮਾਰੀ ਜਾਵੇ ਤਾਂ ਵੀ ਬੱਚੇ ਨੂੰ ਉਦਰੇਵਾਂ ਨਹੀਂ ਹੁੰਦਾ।

(ੳ-86) **ਉਦਵਸੁ** :

ਰਾਜੇ ਜਨਕ ਦਾ ਪੁੱਤਰ ਅਤੇ ਸੀਤਾ ਦਾ ਭਰਾ, ਜੋ ਜਨਕ ਤੋਂ ਮਗਰੋਂ ਮਿਥਲਾ ਦਾ ਰਾਜਾ ਬਣਿਆ।

(ੳ-87) **ਉਦਾ ਦੇਵੀ** :

ਇਕ ਦੇਵੀ ਜਿਸ ਦੀ ਪੂਜਾ ਕਾਂਗੜੇ ਦੇ ਇਲਾਕੇ ਵਿਚ ਆਮ ਪ੍ਰਚਲਤ ਹੈ। ਇਸ ਦੇਵੀ ਦਾ ਮੰਦਰ ਭਗਵਾੜਾ ਵਿਚ ਇਕ ਚਬੂਤਰੇ ਉਤੇ ਹੈ। ਇਸ ਮੰਦਰ ਵਿਚ ਦੇਵੀ ਦੀ ਦੋ ਕੁ ਫੁੱਟ ਉੱਚੀ ਪਿੰਡੀ ਸਥਾਪਿਤ ਹੈ। ਇਸ ਮੰਦਰ ਬਾਰੇ ਇਕ ਦੰਦ-ਕਥਾ (ਗਲਾਸਰੀ. 1,428-429) ਇਉਂ ਪ੍ਰਚਲਤ ਹੈ :— ਇਕ ਵਾਰ ਰਾਜਾ ਤੇਜ ਚੰਦ ਨੂੰ ਦੇਵੀ ਸੁਪਨੇ ਵਿਚ ਪ੍ਰਗਟ ਹੋ ਕੇ ਆਖਣ ਲੱਗੀ ਕਿ ਜੇ ਉਹ ਮੰਡੀ ਦੇ ਰਾਜੇ ਤੋਂ ਆਪਣੇ ਰਾਜ ਦਾ ਖੋਹਿਆ ਇਲਾਕਾ ਵਾਪਸ ਲੈਣਾ ਚਾਹੁੰਦਾ ਹੈ ਤਾਂ ਉਹ ਬਾਸਨ ਜਾਵੇ ਜਿਥੇ ਦੇਵੀ ਪ੍ਰਗਟ ਹੋਵੇਗੀ। ਦੇਵੀ ਦੀ ਪੂਜਾ-ਪ੍ਰਤਿਸ਼ਠਾ ਨਾਲ ਹੀ ਉਸ ਦੀ ਵਿਜੈ ਹੋਵੇਗੀ। ਰਾਜੇ ਤੇਜ ਚੰਦ ਨੇ ਇਸੇ ਤਰ੍ਹਾਂ ਕੀਤਾ ਅਤੇ ਉਸ ਨੇ ਦੇਵੀ ਦੇ ਵਰਦਾਨ ਨਾਲ ਮੰਡੀ ਦੇ ਰਾਜੇ ਉਤੇ ਵਿਜੈ ਪ੍ਰਾਪਤ ਕਰ ਲਈ। ਜਦੋਂ ਮੰਡੀ ਦੇ ਰਾਜੇ ਨੂੰ ਇਸ ਰਹੱਸ ਦਾ ਪਤਾ ਲੱਗਾ ਤਾਂ ਉਸ ਨੇ ਦੇਵੀ ਦੀ ਮੂਰਤੀ ਚੁਰਾ ਕੇ ਇਕ ਪਾਲਕੀ ਵਿਚ ਰਖ ਲਈ ਅਤੇ ਕਾਂਗੜੇ ਵਲ ਲੈ ਟੁਰਿਆ। ਕਾਂਗੜੇ ਦੀ ਹੱਦ ਉਤੇ ਪਹੁੰਚ ਕੇ ਕਹਾਰ ਥਕ ਗਏ ਅਤੇ ਉਹ ਪਾਲਕੀ ਨੂੰ ਦਰੱਖ਼ਤ ਹੇਠਾਂ ਰਖ ਕੇ ਆਰਾਮ ਕਰਨ ਲੱਗੇ। ਜਦੋਂ ਉਨ੍ਹਾਂ ਮੁੜ ਪਾਲਕੀ ਨੂੰ ਚੁਕਣਾ ਚਾਹਿਆ ਤਾਂ ਪਾਲਕੀ ਉਨ੍ਹਾਂ ਤੋਂ ਚੁਕੀ ਨਾ ਗਈ। ਕਈ ਹੋਰ ਲੋਕਾਂ ਨੇ ਵੀ ਪਾਲਕੀ ਨੂੰ ਉਠਾਣ ਦੇ ਯਤਨ ਕੀਤੇ, ਪਰ ਉਹ ਸਭ ਅਸਫਲ ਰਹੇ। ਅਖ਼ੀਰ ਰਾਜਾ ਤੇਜ ਚੰਦ ਨੇ ਉਥੇ ਹੀ ਇਕ ਮੰਦਰ ਬਣਾਇਆ। ਉਦੋਂ ਤੋਂ ਉਸ ਮੰਦਰ ਵਿਚ ਦੇਵੀ ਦੀ ਸਿਮਰਤੀ ਵਿਚ ਇਕ ਭਾਰੀ ਮੇਲਾ ਲੱਗਦਾ ਹੈ।

(ੳ-88) **ਉਦਾਸੀ ਸੰਪ੍ਰਦਾਇ** :

ਇਕ ਮੱਤ ਜਿਸ ਦੇ ਮੋਢੀ ਗੁਰੂ ਨਾਨਕ ਦੇਵ

ਦੇ ਵਡੇ ਲੜਕੇ ਬਾਬਾ ਸ੍ਰੀ ਚੰਦ ਸਨ। ਭਾਈ ਗੁਰਦਾਸ ਗੁਰੂ ਨਾਨਕ ਦੇਵ ਨੂੰ ਉਦਾਸੀ ਦੀ ਰੀਤ ਦੇ ਮੋਢੀ ਮੰਨਦੇ ਹਨ — 'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ'। ਗੁਰੂ ਨਾਨਕ ਦੇਵ ਜਦੋਂ ਆਪਣੇ ਮੱਤ ਦੇ ਪ੍ਰਚਾਰ ਲਈ ਦੇਸ-ਦੇਸਾਂਤਰਾਂ ਵਿਚ ਰਟਨ ਕਰਦੇ ਸਨ ਤਾਂ ਉਹ ਉਦਾਸੀ ਦਾ ਭੇਖ ਧਾਰ ਕੇ ਨਿਕਲਦੇ ਸਨ। ਉਨ੍ਹਾਂ ਤੋਂ ਹੀ ਪ੍ਰੇਰਨਾ ਲੈ ਕੇ ਬਾਬਾ ਸ੍ਰੀ ਚੰਦ ਨੇ ਉਦਾਸੀ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ। ਹਿੰਦੀ ਵਿਸ਼ਵ ਕੋਸ਼ (2,77) ਅਨੁਸਾਰ ਉਦਾਸੀ ਸੰਪ੍ਰਦਾਇ ਦੇ ਅਨੁਯਾਈਆਂ ਦਾ ਵਿਸ਼ਵਾਸ਼ ਹੈ ਕਿ ਉਨ੍ਹਾਂ ਦਾ ਅਸਲ ਮੋਢੀ ਓਂਕਾਰ ਸੀ ਜਿਸ ਤੋਂ 73ਵੀਂ ਪੀੜ੍ਹੀ ਵਿਚ ਉਦਾਸੀ ਸ੍ਰੀ ਚੰਦ ਜੀ ਹੋਏ, ਜਿਨ੍ਹਾਂ ਨੇ ਇਸ ਸੰਪ੍ਰਦਾਇ ਦਾ ਵਿਸ਼ੇਸ਼ ਰੂਪ ਵਿਚ ਸੰਗਠਨ ਕੀਤਾ।

ਉਦਾਸੀ ਸਾਧੂ ਬਾਬਾ ਸ੍ਰੀ ਚੰਦ ਨੂੰ ਸ਼ਿਵ ਦਾ ਅਵਤਾਰ ਮੰਨਦੇ ਹਨ। (ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 10)। ਰਵਾਇਤ ਹੈ ਕਿ ਬਾਬਾ ਸ੍ਰੀ ਚੰਦ ਦੇ ਸੱਜੇ ਕੰਨ ਵਿਚ ਮਾਸ ਦੀ ਜਮਾਂਦਰੂ ਮੁੰਦਰਾ ਸੀ ਜੋ ਉਨ੍ਹਾਂ ਨੂੰ ਸ਼ਿਵ ਨੇ ਪ੍ਰਦਾਨ ਕੀਤੀ ਸੀ। ਸ਼ਿਵ ਨੇ ਗੋਰਖ ਨੂੰ ਆਪਣੇ ਖੱਬੇ ਕੰਨ ਦੀ ਮੁੰਦਰਾ ਦੇ ਕੇ ਨਿਵਾਜਿਆ ਅਤੇ ਬਾਬਾ ਸ੍ਰੀ ਚੰਦ ਨੂੰ ਸੱਜੇ ਕੰਨ ਦੀ ਮੁੰਦਰਾ ਦੇ ਕੇ।

ਇਕ ਰਵਾਇਤ ਅਨੁਸਾਰ ਬਾਬਾ ਸ੍ਰੀ ਚੰਦ ਨੇ ਗੁਰੂ ਨਾਨਕ ਦੇਵ ਤੋਂ ਦੀਖਿਆ ਪ੍ਰਾਪਤ ਕੀਤੀ ਸੀ। ਗੁਰੂ ਨਾਨਕ ਦੇਵ ਨੇ ਸ੍ਰੀ ਚੰਦ ਦੀ ਤਿਆਗ ਬ੍ਰਿਤੀ ਵੇਖ ਕੇ ਉਨ੍ਹਾਂ ਨੂੰ ਉਦਾਸੀ ਭੇਖ ਦੀਆਂ ਰਮਜ਼ਾਂ, ਰਹੁ-ਰੀਤਾਂ ਅਤੇ ਰਹਿਤ-ਮਰਯਾਦਾ ਤੋਂ ਜਾਣੂੰ ਕਰਵਾਇਆ। ਗੁਰੂ ਨਾਨਕ ਦੇਵ ਨੇ ਸ੍ਰੀ ਚੰਦ ਨੂੰ ਉਦਾਸੀ ਬਾਰੇ ਜੋ ਉਪਦੇਸ਼ ਦਿਤਾ ਉਹ 'ਚੌਵੀ ਮਾਤਰਾਂ' ਦੇ ਨਾਂ ਨਾਲ ਉਦਾਸੀਆਂ ਵਿਚ ਪ੍ਰਚਲਤ ਹੋਇਆ। ਹਰ ਉਦਾਸੀ ਜਦੋਂ ਭੇਖ ਧਾਰਨ ਕਰਦਾ ਹੈ, ਤਾਂ ਉਸ ਨੂੰ ਇਨ੍ਹਾਂ ਚੌਵੀ ਮਾਤਰਾਂ ਦਾ ਗਿਆਨ ਕਰਵਾਇਆ ਜਾਂਦਾ ਹੈ। ਇਹ ਚੌਵੀ ਮਾਤਰਾਂ ਗੁਪਤ ਰਖੀਆਂ ਜਾਂਦੀਆਂ ਹਨ ਅਤੇ ਉਦਾਸੀ ਸੰਪ੍ਰਦਾਇ ਦੇ ਅਨੁਯਾਈਆਂ ਤੋਂ ਇਲਾਵਾ ਕਿਸੇ ਦੂਜੇ ਅੱਗੇ ਪ੍ਰਗਟ ਨਹੀਂ ਕੀਤੀਆਂ ਜਾਂਦੀਆਂ। ਨਮੂਨਾ ਇਸ ਪ੍ਰਕਾਰ ਹੈ :—

(1) ਗੁਰੂ ਅਬਿਨਾਸੀ ਖੇਲ ਰਚਾਇਆ
ਅਗਮ ਨਿਗਮ ਕਾ ਪੰਥ ਬਤਾਇਆ।

(2) ਗੁਰ ਅਬਿਨਾਸੀ ਸੂਖਮ ਵੇਦ
ਨਿਰਬਾਣ ਵਿਦਿਆ ਅਪਾਰ ਭੇਦ।

ਉਦਾਸੀ ਸੰਪ੍ਰਦਾਇ ਦੇ ਸਾਧੂ ਸ੍ਰੀ ਚੰਦ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਆਦਿ ਗ੍ਰੰਥ ਨੂੰ ਗੁਰੂ-ਰੂਪ, ਅਥਵਾ 'ਪ੍ਰਗਟ ਗੁਰਾਂ ਕੀ ਦੇਹ'। ਉਦਾਸੀ ਆਪਣੇ ਧਰਮ ਅਸਥਾਨਾਂ ਅਤੇ ਅਖਾੜਿਆਂ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਕਰਦੇ ਹਨ। ਪਰ ਇਨ੍ਹਾਂ ਨੇ ਆਪਣੇ ਧਰਮ-ਵਿਧਾਨ ਵਿਚ ਹਿੰਦੂਆਂ ਦੇ ਕੁਝ ਵਰਤ ਅਤੇ ਪੁਰਬ ਵੀ ਜੋੜ ਲਏ ਹਨ।

ਬਾਬਾ ਸ੍ਰੀ ਚੰਦ ਨੇ ਉਦਾਸੀ ਸੰਪ੍ਰਦਾਇ ਦੀ ਗੁਰਗੱਦੀ ਬਾਬਾ ਗੁਰਦਿੱਤਾ ਜੀ ਨੂੰ ਸੌਂਪੀ, ਜੋ ਗੁਰੂ ਹਰਗੋਬਿੰਦ ਸਾਹਿਬ ਦੇ ਵਡੇ ਸਾਹਿਬਜ਼ਾਦੇ ਸਨ। ਬਾਬਾ ਗੁਰਦਿੱਤਾ ਜੀ ਵਿਆਹੇ ਹੋਏ ਸਨ, ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਦਾਸੀ ਸੰਪ੍ਰਦਾਇ ਦੇ ਅਨੁਯਾਈਆਂ ਲਈ ਗ੍ਰਿਹਸਤ ਧਾਰਨ ਦੀ ਮਨਾਹੀ ਨਹੀਂ ਸੀ। ਬਾਬਾ ਜੀ ਨੇ ਅੱਗੋਂ ਚਾਰ ਗੱਦੀਆਂ ਸਥਾਪਿਤ ਕੀਤੀਆਂ। ਇਨ੍ਹਾਂ ਗੱਦੀਆਂ ਦੀ ਸਥਾਪਨਾ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਸੰਮਤ 1694 ਦੇ ਮੱਧ ਵਿਚ ਚਾਰ ਭਗਤ ਜਨ ਗੁਰੂ ਹਰਿਗੋਬਿੰਦ ਦੇ ਦਰਸ਼ਨਾਂ ਲਈ ਕੀਰਤਪੁਰ ਹਾਜ਼ਰ ਹੋਏ ਜਿਨ੍ਹਾਂ ਦੇ ਨਾਂ ਸਨ — ਬਾਲੂ ਹਸਨਾ, ਅਲਮਸਤ, ਗੋਵਿੰਦ ਅਤੇ ਫੂਲ ਜੀ। ਇਹ ਚਾਰੋਂ ਬਾਬਾ ਗੁਰਦਿੱਤਾ ਜੀ ਨੂੰ ਮਿਲੇ ਅਤੇ ਉਨ੍ਹਾਂ ਤੋਂ ਸਿੱਖ ਧਰਮ ਦੇ ਸਿਧਾਂਤਾਂ ਬਾਰੇ ਅਜਿਹੀਆਂ ਤੁਕਾਂ ਪੁਛੀਆਂ ਜੋ ਵੇਦਾਂ ਨਾਲ ਮੇਲ ਖਾਂਦੀਆਂ ਹੋਣ। ਬਾਬਾ ਜੀ ਨੇ ਚੌਹਾਂ ਵੇਦਾਂ ਵਿਚੋਂ ਚਾਰ ਤੁਕਾਂ ਲੈ ਕੇ ਗੁਰਬਾਣੀ ਵਿਚੋਂ ਉਸੇ ਭਾਵ ਦੀਆਂ ਤੁਕਾਂ ਸੁਣਾ ਦਿਤੀਆਂ। ਇਨ੍ਹਾਂ ਚੌਹਾਂ ਜਗਿਆਸੂਆਂ ਉਤੇ ਇਸ ਨਿਰਨੇ ਦਾ ਵੱਖੋ ਵੱਖਰਾ ਅਸਰ ਹੋਇਆ, ਜੋ ਇਨ੍ਹਾਂ ਦੇ ਨਾਵਾਂ ਦੇ ਅਰਥਾਂ ਦੇ ਅਨੁਕੂਲ ਸੀ। ਬਾਲੂ ਜੀ ਹੱਸਣ ਲੱਗ ਪਏ, ਅਲਮਸਤ ਜੀ ਮਸਤ ਹੋ ਗਏ, ਗੋਵਿੰਦ ਜੀ ਸ਼ਾਂਤੀ ਵਿਚ ਰਹੇ ਅਤੇ ਫੂਲ ਜੀ ਗੰਭੀਰ ਹੋ ਕੇ ਚਰਨਾਂ ਵਲ ਵੇਖਦੇ ਰਹੇ। ਬਾਬਾ ਗੁਰਦਿੱਤਾ ਨੇ ਇਨ੍ਹਾਂ ਚੁਹਾਂ ਨੂੰ ਗੱਦੀਦਾਰ ਬਣਾ ਕੇ ਵੱਖੋ ਵੱਖਰੇ ਇਲਾਕੇ

ਸੌਂਪ ਦਿਤੇ। ਬਾਬਾ ਗੁਰਦਿੱਤਾ ਜੀ ਦੇ ਮਗਰੋਂ ਇਹ ਚਾਰੋਂ ਪੁਰਸ਼ ਉਦਾਸੀ ਸੰਪ੍ਰਦਾਇ ਦੇ ਪ੍ਰਮੁਖ ਧੂਣੀਦਾਰ ਉਦਾਸੀ ਮੰਨੇ ਗਏ ਅਤੇ ਇਨ੍ਹਾਂ ਨੇ ਚਾਰ ਧੂਣੀਆਂ ਚਲਾਈਆਂ। ਸੂਰਜ ਪ੍ਰਕਾਸ਼ (ਰਾਸ ੧, ਅੰਸ਼ ੬) ਅਨੁਸਾਰ —

ਬਾਲੂ ਹਸਨਾ ਫੂਲ ਪੁਨ ਗੋਂਦਾ ਅਰ ਅਲਮਸਤ
ਮੁਖ ਉਦਾਸੀ ਇਹ ਭਏ ਬਹੁਰੋ ਸਾਧ ਸਮਸਤ
ਤਿਨ ਤੇ ਬਿਤਯ ਪੰਥ ਉਦਾਸੀ
ਲਾਹਖੁ ਭਏ ਕਰਹਿ ਤਪ ਰਾਸੀ।

ਬਾਲੂ ਹਸਨਾ ਜੀ ਡੇਹਰਾਦੂਨ ਵਲ ਪ੍ਰਚਾਰ ਕਰਨ ਲਈ ਭੇਜੇ ਗਏ। ਉਨ੍ਹਾਂ ਦੇ ਮਗਰੋਂ ਗੱਦੀ ਉਤੇ ਸ੍ਰੀ ਰਾਮ ਰਾਏ ਜੀ ਬੈਠੇ। ਇਹ ਧੂਣੀ ਡੇਰਾ ਰਾਮ ਰਾਏ ਦੇ ਨਾਂ ਨਾਲ ਡੇਹਰਾਦੂਨ ਵਿਚ ਹੁਣ ਤਕ ਮੌਜੂਦ ਹੈ। ਫੂਲ ਜੀ ਪ੍ਰਚਾਰ ਦੀ ਖ਼ਾਤਰ ਬਹਾਦਰ ਗੜ੍ਹ ਜ਼ਿਲਾ ਹੁਸ਼ਿਆਰਪੁਰ ਜਾ ਵਸੇ, ਉਥੇ ਉਨ੍ਹਾਂ ਦੀ ਧੂਣੀ ਹੁਣ ਤਕ ਚਲ ਰਹੀ ਹੈ। ਅਲਮਸਤ ਜੀ ਨਾਨਕਮਤੇ ਵਲ ਪ੍ਰਚਾਰ ਕਰਨ ਲਈ ਗਏ, ਜਿਥੇ ਉਨ੍ਹਾਂ ਦੀ ਧੂਣੀ ਕਾਇਮ ਹੈ। ਗੋਂਦਾ ਜਾਂ ਗੋਵਿੰਦ ਜੀ ਦੱਖਣ ਵਲ ਗਏ। ਉਨ੍ਹਾਂ ਦੀ ਧੂਣੀ ਹੈਦਰਾਬਾਦ ਦੱਖਣ ਵਿਚ ਹੈ।

ਚੌਹਾਂ ਧੂਣੀਆਂ ਤੋਂ ਬਿਨਾਂ ਉਦਾਸੀਆਂ ਦੀਆਂ ਛੇ ਬਖ਼ਸ਼ਿਸ਼ਾਂ ਵੀ ਹਨ ਜੋ ਗੁਰੂ ਹਰਿ ਰਾਏ, ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਵਲੋਂ ਹੋਈਆਂ। (ਮਹਾਨ ਕੋਸ਼ ਪੰਨਾ 7) ਇਨ੍ਹਾਂ ਬਖ਼ਸ਼ਿਸ਼ਾਂ ਦੇ ਨਾਉਂ ਇਸ ਪ੍ਰਕਾਰ ਹਨ:

(ੳ) ਸੁਥਰੇ ਸ਼ਾਹੀਏ (ਅ) ਸੰਗਤ ਸਾਹਿਬੀਏ (ੲ) ਜੀਤਮੱਲੀਏ (ਸ) ਬਖਤ ਮੱਲੀਏ (ਹ) ਭਗਤ ਭਗਵਾਨੀਏ (ਕ) ਮੀਹਾਂ ਸ਼ਾਹੀਏ।

ਚਾਰ ਧੂਣੀਆਂ ਅਤੇ ਛੇ ਬਖ਼ਸ਼ਿਸ਼ਾਂ ਨੂੰ ਮਿਲਾ ਕੇ ਇਨ੍ਹਾਂ ਦਸਾਂ ਨੂੰ ਦਸ-ਨਾਮੀ ਉਦਾਸੀ ਸਾਧੂ ਵੀ ਕਿਹਾ ਜਾਂਦਾ ਹੈ।

ਸ੍ਰੀ ਚੰਦ ਦੀ 16ਵੀਂ ਪੀੜ੍ਹੀ ਵਿਚ ਇਕ ਮਹਾਂ ਪੁਰਖ ਬਨਖੰਡੀ (1763-1863 ਈ:) ਹੋਏ ਹਨ ਜਿਨ੍ਹਾਂ ਨੇ 1823 ਈਸਵੀ ਵਿਚ, ਸਿੰਧ ਵਿਚ, ਸਾਧੂ ਬੇਲਾ ਤੀਰਥ ਦੀ ਸਥਾਪਨਾ ਕੀਤੀ। ਉਦੋਂ ਤੋਂ ਇਹ ਅਸਥਾਨ ਉਦਾਸੀਆਂ ਦਾ ਪ੍ਰਧਾਨ ਕੇਂਦਰ ਬਣਿਆ ਰਿਹਾ, ਪਰ ਪਾਕਿਸਤਾਨ ਬਣਨ ਮਗਰੋਂ 1949 ਈਸਵੀ ਵਿਚ ਬਨਖੰਡੀ ਜੀ ਦੀ ਚੌਥੀ ਪੀੜ੍ਹੀ ਦੇ ਸਾਧੂ ਗਣੇਸ਼ਾਦਾਸ ਜੀ ਨੇ ਕਾਂਸ਼ੀ ਦੇ ਭਦੈਨੀ ਮਹੱਲੇ ਵਿਚ ਇਸ ਤੀਰਥ ਦੀ ਪੁਨਰ ਸਥਾਪਨਾ ਕੀਤੀ।

ਗੁਰਦੁਆਰਾ ਸੁਧਾਰ ਲਹਿਰ ਤਕ ਉਦਾਸੀ ਸੰਪ੍ਰਦਾਇ ਸਿੱਖਾਂ ਦਾ ਹੀ ਸਹਿਜ ਅੰਗ ਸੀ ਅਤੇ ਉਦਾਸੀ ਆਪਣੇ ਆਪ ਨੂੰ ਸਿੱਖ ਅਖਵਾਣ ਵਿਚ ਵਡਿਆਈ ਮਹਿਸੂਸ ਕਰਦੇ ਸਨ, ਪਰ ਜਦੋਂ ਸਿੱਖਾਂ ਨੇ ਮਹੰਤਾਂ ਕੋਲੋਂ ਗੁਰਦੁਆਰੇ ਖੋਹ ਕੇ ਇਕ ਸਾਂਝੀ ਪ੍ਰਬੰਧਕ ਕਮੇਟੀ ਹੇਠ ਲਿਆਂਦੇ ਤਾਂ ਉਦਾਸੀ ਆਪਣੇ ਆਪ ਨੂੰ ਸਿੱਖ ਪੰਥ ਨਾਲੋਂ ਵੱਖਰਾ ਪ੍ਰਗਟ ਕਰਨ ਲੱਗੇ। ਉਦੋਂ ਤਕ ਅਨੇਕਾਂ ਗੁਰਦੁਆਰਿਆਂ ਦੇ ਪੁਜਾਰੀ ਅਤੇ ਮਹੰਤ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਸਨ। ਨਵੀਂ ਸਥਿਤੀ ਵਿਚ ਉਦਾਸੀਆਂ ਨੇ ਆਪਣੀਆਂ ਵੱਖਰੀਆਂ ਮਨੌਤਾਂ ਘੜ ਲਈਆਂ ਅਤੇ ਸਿੱਖ ਇਤਿਹਾਸ ਨੂੰ ਵੀ ਆਪਣੇ ਮੰਤਵ ਲਈ ਕੁਝ ਤੋੜ ਮਰੋੜ ਲਿਆ। ਜਿਵੇਂ ਕਿ ਗੁਰੂ ਨਾਨਕ ਦੇਵ ਦਾ ਗੁਰੂ ਮਹੰਤ ਸੰਤ ਰੇਣ ਸੀ ਜਿਸ ਨੂੰ ਗੁਰੂ ਸਾਹਿਬ ਨੇ ਚੇਲਿਆਂ ਸਮੇਤ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ ਸੀ। ਉਦਾਸੀਆਂ ਅਨੁਸਾਰ ਇਸੇ ਮਹੰਤ ਨੇ ਗੁਰੂ ਨਾਨਕ ਦੇਵ ਨੂੰ ਉਦਾਸੀ ਭੇਖ ਧਾਰਨ ਕਰਵਾਇਆ। ਉਦਾਸੀ ਗੁਰੂ ਨਾਨਕ ਦੇਵ ਨੂੰ ਸ੍ਰੀ ਚੰਦ ਦਾ ਸਿਰਫ਼ ਪਿਤਾ ਹੀ ਮੰਨਦੇ ਹਨ; ਗੁਰੂ ਨਹੀਂ। ਉਨ੍ਹਾਂ ਅਨੁਸਾਰ ਸ੍ਰੀ ਚੰਦ ਦਾ ਗੁਰੂ ਅਬਨਾਸ਼ੀ ਮੁਨੀ ਸੀ।

ਬਾਬਾ ਸ੍ਰੀ ਚੰਦ ਦਾ ਸਿਮਰਨ ਮੰਤ੍ਰ 'ਸੋਹੰ' ਸੀ, ਉਦਾਸੀਆਂ ਨੇ ਵੀ ਇਸੇ ਸ਼ਬਦ ਨੂੰ ਅਪਣਾ ਲਿਆ। ਕਿਉਂ ਜੋ ਬਾਬਾ ਸ੍ਰੀ ਚੰਦ ਸਾਰੀ ਉਮਰ ਜਟਾ ਜੂਟ ਰਹੇ, ਇਸ ਲਈ ਉਦਾਸੀ ਸੰਪ੍ਰਦਾਇ ਦੇ ਸਾਧੂ ਵੀ ਜਟਾ ਜੂਟ ਰਹਿੰਦੇ ਹਨ। ਬਾਬਾ ਸ੍ਰੀ ਚੰਦ ਸੰਮਤ 1700 ਬਿਕਰਮੀ ਦੀ ਪੋਹ ਦੀ ਚਾਨਣੀ ਪੰਚਮੀ ਨੂੰ ਦੇਹ ਸਮੇਤ ਅਲੋਪ ਹੋਏ ਮੰਨੇ ਜਾਂਦੇ ਹਨ। ਸੋ ਉਦਾਸੀ ਸੰਪ੍ਰਦਾਇ ਵਾਲੇ ਇਸੇ ਪੰਚਮੀ ਨੂੰ ਉਨ੍ਹਾਂ ਦਾ ਸਰਾਧ ਕਰਦੇ ਹਨ। ਧੂਣੀ ਦੀ ਪ੍ਰਥਾ ਵੀ ਸ੍ਰੀ ਚੰਦ ਤੋਂ ਹੀ ਚਲੀ ਮੰਨੀ ਜਾਂਦੀ ਹੈ।

ਮਹਾਨ ਕੋਸ਼ (ਪੰਨਾ 7) ਅਨੁਸਾਰ ਪਹਿਲਾਂ ਉਦਾਸੀ ਮੱਤ ਦੇ ਸਾਧੂ ਕੇਸ ਦਾੜ੍ਹੀ ਨਹੀਂ

ਮੁਨਾਉਂਦੇ ਸਨ, ਪਰ ਹੁਣ ਬਹੁਤੇ ਜਟਾਧਾਰੀ, ਮੁੰਡਿਤ, ਭਸਮਧਾਰੀ, ਨਾਂਗੇ ਅਤੇ ਗੇਰੂ ਰੰਗੇ ਵਸਤ੍ਰ ਪਹਿਨੇ ਵੇਖੇ ਜਾਂਦੇ ਹਨ। ਉਦਾਸੀਆਂ ਦਾ ਲਿਬਾਸ ਚੋਲਾ, ਗਲ ਕਾਲੀ ਸੇਲ੍ਹੀ, ਹੱਥ ਤੂੰਬਾ ਅਤੇ ਸਿਰ ਉੱਚੀ ਟੋਪੀ ਹੈ। ਕਈ ਉਦਾਸੀ 'ਤ੍ਰਿਪੁੰਡ' ਧਾਰਨ ਕਰਦੇ ਤੇ ਹੱਥ ਵਿਚ ਕਰਮੰਡਲ ਰਖਦੇ ਹਨ।

ਦੀਖਿਆ ਵੇਲੇ ਗੁਰੂ ਚੇਲੇ ਨੂੰ ਇਸ਼ਨਾਨ ਕਰਵਾ ਕੇ ਪਿੰਡੇ ਉਤੇ ਭਸਮ ਮਲਦਾ ਅਤੇ ਪੀਣ ਨੂੰ ਚਰਣਾਮ੍ਰਿਤ ਦੇਂਦਾ ਹੈ। ਦੀਖਿਆ ਮਗਰੋਂ ਅਨੁਯਾਈ ਦਾ ਕੋਈ ਨਵਾਂ ਨਾਂ ਰਖ ਦਿਤਾ ਜਾਂਦਾ ਹੈ। ਦੀਖਿਆ ਵੇਲੇ ਇਸ ਮੰਤ੍ਰ ਦਾ ਉਚਾਰਣ ਕੀਤਾ ਜਾਂਦਾ ਹੈ:

ਚਰਣ ਸਾਧੁ ਕੇ ਧੋ ਧੋ ਪੀਉ
ਅਰਪ ਸਾਧੁ ਕੋ ਅਪਨਾ ਜੀਉ।

(ੳ-89) **ਉਦਾਸੀ ਬਾਣਾ** :

ਬੇਦੀਆਂ ਵਿਚ, ਵਿਆਹ ਦੀ ਪੂਰਬ-ਸੰਧਿਆ ਜਾਂ ਸ਼ਗਨਾਂ ਦੇ ਕਪੜੇ ਪਹਿਨਾਉਣ ਅਤੇ ਸਿਹਰਾ ਬੰਨ੍ਹਣ ਤੋਂ ਪਹਿਲਾਂ ਵਰ ਨੂੰ ਉਦਾਸੀ ਬਾਣਾ ਧਾਰਨ ਕਰਵਾਉਣ ਦੀ ਰੀਤ ਪ੍ਰਚਲਤ ਹੈ। ਵਰ ਰਸਮੀ ਤੌਰ ਉਤੇ ਉਦਾਸੀ ਦਾ ਭੇਖ ਧਾਰਨ ਕਰ ਕੇ ਬਾਹਰ ਜੰਗਲ ਵਲ ਤੁਰ ਪੈਂਦਾ ਹੈ। ਫਿਰ ਪਰਿਵਾਰ ਦੇ ਜੀਅ ਅਤੇ ਅੰਗ-ਸਾਕ ਉਸ ਦੇ ਪਿਛੇ ਪਿਛੇ ਜਾਂਦੇ ਹੋਏ ਮਿੰਨਤਾਂ ਤਰਲੇ ਕਰ ਕੇ ਉਸ ਨੂੰ ਵਾਪਸ ਘਰ ਲਿਆਉਂਦੇ ਹਨ। ਫਿਰ ਉਹ ਵਰ ਦਾ ਉਦਾਸੀ ਬਾਣਾ ਉਤਰਵਾ ਕੇ ਉਸ ਨੂੰ ਦੂਜੀ ਪੁਸ਼ਾਕ ਪਹਿਨਾਂਦੇ ਹਨ।

ਇਸ ਰੀਤ ਦਾ ਮੁੱਢ ਬਾਬਾ ਸ੍ਰੀ ਚੰਦ ਤੋਂ ਬੱਝਿਆ। ਬਾਬਾ ਸ੍ਰੀ ਚੰਦ ਨੇ ਆਪਣੇ ਛੋਟੇ ਭਰਾ ਲਖਮੀ ਚੰਦ ਨੂੰ ਵਿਆਹ ਦੀ ਪੂਰਬ ਸੰਧਿਆ ਨੂੰ ਉਦਾਸੀ ਬਾਣਾ ਪਹਿਨਣ ਲਈ ਦਿਤਾ ਜੋ ਉਨ੍ਹਾਂ ਨੇ ਮਗਰੋਂ ਪਰਿਵਾਰ ਦੇ ਜੀਆਂ ਦੇ ਕਹਿਣ ਉਤੇ ਉਤਾਰ ਦਿਤਾ। ਸ਼ੁਰੂ ਸ਼ੁਰੂ ਵਿਚ, ਜਦੋਂ ਬੇਦੀਆਂ ਵਿਚ ਵਿਆਹ ਵੇਲੇ ਉਦਾਸੀ ਬਾਣਾ ਪਹਿਨਣ ਦੀ ਰੀਤ ਚਲੀ ਤਾਂ ਕਈ ਬੇਦੀ ਗਭਰੂ ਸੱਚਮੁੱਚ ਹੀ ਉਦਾਸੀ ਬਾਣਾ ਪਹਿਨ ਕੇ ਵੈਰਾਗ ਵਿਚ ਆ ਜਾਂਦੇ ਰਹੇ ਅਤੇ ਵਿਆਹ ਕਰਨ ਦਾ ਖ਼ਿਆਲ ਤਰਕ ਕਰ ਦੇਂਦੇ ਰਹੇ।

ਖੱਤ੍ਰੀਆਂ ਵਿਚ ਪ੍ਰਚਲਤ, ਰੁਸੇਵੇਂ ਦੀ ਰੀਤੀ ਇਸੇ ਰੀਤ ਦਾ ਵਟਿਆ ਹੋਇਆ ਰੂਪ ਜਾਪਦੀ ਹੈ। ਖੱਤ੍ਰੀਆਂ ਵਿਚ ਵਿਆਹ ਦੀ ਪੂਰਵ-ਸੰਧਿਆ ਨੂੰ ਵਰ ਘਰੋਂ ਰੁਸ ਕੇ ਆਪਣੇ ਕਿਸੇ ਸਾਕ ਸੰਬੰਧੀ ਦੇ ਘਰ ਜਾਂ ਗੁਰਦੁਆਰੇ ਜਾ ਬੈਠਦਾ ਹੈ, ਜਿਥੇ ਸਾਰਾ ਪਰਿਵਾਰ ਉਸ ਨੂੰ ਮਨਾਉਣ ਲਈ ਜਾਂਦਾ ਹੈ। (ਵੇਖੋ : ਰੁਸੇਵਾਂ)।

(ੳ-90) **ਉਦਾਲਕ** :

ਇਕ ਪ੍ਰਸਿੱਧ ਰਿਸ਼ੀ ਜੋ ਸ੍ਵੇਤਕੇਤੂ ਦਾ ਪਿਤਾ ਸੀ। ਉਦਾਲਕ ਦੀ ਪਤਨੀ ਨੂੰ ਕੋਈ ਬ੍ਰਾਹਮਣ, ਉਸਦੇ ਵੇਖਦੇ ਵੇਖਦੇ ਅਤੇ ਸ੍ਵੇਤਕੇਤੂ ਦੇ ਸਾਹਮਣੇ ਹੀ ਨਿਯੋਗ ਲਈ ਫੜ ਕੇ ਲੈ ਗਿਆ। ਪੁੱਤਰ ਹੋਣ ਦੇ ਨਾਤੇ ਸ੍ਵੇਤਕੇਤੂ ਨੇ ਇਸ ਗੱਲ ਦਾ ਬੁਰਾ ਮਨਾਇਆ, ਪਰ ਉਦਾਲਕ ਨੇ ਪੁੱਤਰ ਨੂੰ ਸਮਝਾਇਆ ਕਿ ਇਹ ਮਰਯਾਦਾ ਅਨੁਸਾਰ ਹੈ। ਸ੍ਵੇਤਕੇਤੂ ਨੇ ਇਸ ਪ੍ਰਥਾ ਨੂੰ ਬੰਦ ਕਰਨ ਉਤੇ ਜ਼ੋਰ ਦਿਤਾ। ਚਰਿਤ੍ਰ ਪਾਖਯਾਨ (ਚਰਿਤ੍ਰ 117) ਵਿਚ ਇਸ ਰਿਸ਼ੀ ਦੀ ਕਥਾ ਦਰਜ ਹੈ।

(ੳ-91) **ਉਦੇ** :

ਇਕ ਜਾਤੀ ਜੋ ਵਧੇਰੇ ਕਰ ਕੇ ਕਾਸ਼ਤਕਾਰੀ ਕਰਦੀ ਹੈ; ਉਦੇਆਂ ਦੀ ਬਹੁਤੀ ਵਸੋਂ ਸ਼ਾਹਪੁਰ ਵਿਚ ਮਿਲਦੀ ਹੈ।

(ੳ-92) **ਉਧਾਲਾ** :

ਕਿਸੇ ਤੀਵੀਂ ਦਾ ਆਪਣੇ ਘਰੋਂ ਕਿਸੇ ਦੂਜੇ ਸ਼ਖਸ ਨਾਲ ਨੱਠ ਜਾਣਾ; ਕਿਸੇ ਤੀਵੀਂ/ਮਰਦ ਨੂੰ ਉਸ ਦੀ ਮਰਜ਼ੀ ਵਿਰੁੱਧ ਚੁਕ ਕੇ ਲੈ ਜਾਣਾ। ਉਧਾਲੇ ਪ੍ਰਾਚੀਨ ਕਾਲ ਤੋਂ ਹੀ ਸਾਡੇ ਸਮਾਜਿਕ ਜੀਵਨ ਦਾ ਅੰਗ ਬਣੇ ਰਹੇ ਹਨ। ਆਦਿਮ ਅਵਸਥਾ ਵਿਚ ਬਹੁਤੇ ਵਿਆਹ ਉਧਾਲੇ ਹੀ ਹੁੰਦੇ ਸਨ। ਪੰਜਾਬ ਵਿਚ ਦੂਲ੍ਹੇ ਦਾ ਹੱਥ ਵਿਚ ਸ਼ਸਤ੍ਰ ਫੜ ਕੇ ਘੋੜੀ ਉਤੇ ਸਵਾਰ ਹੋ ਕੇ ਲਸ਼ਕਰ (ਜੰਞ) ਸਮੇਤ ਕੰਨਿਆਂ ਦੇ ਘਰ ਢੁੱਕਣ ਆਦਿ ਦਾ ਸਾਰਾ ਪਰਪੰਚ ਉਧਾਲੇ ਦਾ ਹੀ ਇਕ ਸੋਧਿਆ ਹੋਇਆ ਰੂਪ ਹੈ। ਪੰਜਾਬ ਦੀਆਂ ਕਈ ਪ੍ਰੀਤ-ਕਥਾਵਾਂ ਅਤੇ

ਅਨੇਕਾਂ ਲੋਕ-ਕਹਾਣੀਆਂ ਵਿਚ ਉਧਾਲੇ ਦੀ ਕਥਾਨਿਕ ਰੂੜ੍ਹੀ ਬਾਰ ਬਾਰ ਦੁਹਰਾਈ ਮਿਲਦੀ ਹੈ। ਰਾਂਝਾ ਜੋਗੀ ਦੇ ਭੇਸ ਵਿਚ ਬ੍ਰਿਹੋਂ ਕੁਠੀ ਹੀਰ ਨੂੰ ਰੰਗਪੁਰ ਤੋਂ ਉਧਾਲ ਕੇ ਲੈ ਜਾਂਦਾ ਹੈ, ਪਰ ਹੀਰ ਦੇ ਸਹੁਰਿਆਂ ਨੂੰ ਜਦੋਂ ਖ਼ਬਰ ਮਿਲਦੀ ਹੈ ਤਾਂ ਉਹ ਹੀਰ ਰਾਂਝੇ ਦੇ ਪਿਛੇ ਵਾਹਰ ਭੇਜ ਕੇ ਉਸ ਨੂੰ ਪਕੜ ਲੈਂਦੇ ਹਨ। ਮਿਰਜ਼ਾ ਖੀਵੇ ਦੀ ਬੇਟੀ ਸਾਹਿਬਾਂ ਨੂੰ ਵਿਆਹ ਦੀ ਪੂਰਵ-ਰਾਤ੍ਰੀ ਨੂੰ ਉਧਾਲ ਕੇ ਲੈ ਜਾਂਦਾ ਹੈ, ਪਰ ਸਾਹਿਬਾਂ ਦਾ ਪਿਉ ਅਤੇ ਭਰਾ ਵਾਹਰ ਲੈ ਕੇ ਮਿਰਜ਼ੇ ਦਾ ਪਿੱਛਾ ਕਰਦੇ ਹੋਏ ਜੰਡ ਹੇਠ ਸੁੱਤੇ ਮਿਰਜ਼ੇ ਨੂੰ ਘੇਰ ਕੇ ਮਾਰ ਦੇਂਦੇ ਹਨ ਅਤੇ ਫਿਰ ਸਾਹਿਬਾਂ ਦਾ ਵੀ ਖ਼ਾਤਮਾ ਕਰ ਦੇਂਦੇ ਹਨ। ਸੱਸੀ ਪੁੰਨੂੰ ਦੀ ਪ੍ਰੀਤ-ਕਥਾ ਵਿਚ ਸੁੱਤੇ ਪਏ ਪੁੰਨੂੰ ਨੂੰ ਉਸ ਦੇ ਭਰਾ ਭਾਈ ਉਧਾਲ ਕੇ ਕੀਚਮ ਲੈ ਜਾਂਦੇ ਹਨ। ਜਾਪਦਾ ਹੈ ਕਿ ਮੱਧਕਾਲ ਵਿਚ, ਪੰਜਾਬ ਵਿਚ ਉਧਾਲਿਆਂ ਦਾ ਰਵਾਜ ਆਮ ਸੀ, ਇਹੋ ਕਾਰਨ ਹੈ ਕਿ ਉਸ ਯੁਗ ਦੀਆਂ ਕਥਾਵਾਂ ਵਿਚ ਉਧਾਲਾ ਪ੍ਰਮੁਖ ਕਥਾਨਿਕ ਰੂੜ੍ਹੀ ਰਹੀ ਹੈ।

ਪੰਜਾਬ ਦੀਆਂ ਲੋਕ-ਕਹਾਣੀਆਂ, ਖ਼ਾਸ ਤੌਰ ਉਤੇ ਪਰੀ ਕਹਾਣੀਆਂ ਵਿਚ ਵੀ ਉਧਾਲੇ ਦੀ ਕਥਾਨਿਕ ਰੂੜ੍ਹੀ ਕਾਫ਼ੀ ਮਾਤਰਾ ਵਿਚ ਮਿਲਦੀ ਹੈ। ਅਨੇਕਾਂ ਬਾਤਾਂ ਵਿਚ ਜਿੰਨ ਕਿਸੇ ਸੁੰਦਰ ਸ਼ਹਿਜ਼ਾਦੀ ਜਾਂ ਮੁਟਿਆਰ ਨੂੰ ਉਧਾਲ ਕੇ ਬੰਦੀ ਬਣਾ ਲੈਂਦਾ ਹੈ। ਨਾਇਕ ਜਿੰਨ ਨੂੰ ਮਾਰ ਕੇ ਸ਼ਹਿਜ਼ਾਦੀ ਨੂੰ ਕੈਦ ਵਿਚੋਂ ਮੁਕਤ ਕਰ ਕੇ ਉਸ ਨਾਲ ਖ਼ੁਦ ਵਿਆਹ ਕਰ ਲੈਂਦਾ ਹੈ। ਸੈਫੁਲਮਲੂਕ ਦੇ ਕਿੱਸੇ ਵਿਚ ਬਹਿਰਾਮ ਦੇਂਤ ਸਰਾਂਦੀਪ ਦੇ ਬਾਦਸ਼ਾਹ ਦੀ ਲੜਕੀ ਮਲਕਾ ਖ਼ਾਤੂੰ ਨੂੰ ਚੁਕ ਕੇ ਲੈ ਜਾਂਦਾ ਹੈ ਅਤੇ ਕਿਲ੍ਹਾ ਅਸਫ਼ੰਦ ਬਾਸ਼ ਵਿਚ ਕੈਦ ਕਰ ਦੇਂਦਾ ਹੈ। ਸੈਫੁਲ ਮਲੂਕ ਬਹਿਰਾਮ ਦੇਂਤ ਨੂੰ ਮਾਰ ਕੇ ਮਲਕਾ ਖ਼ਾਤੂੰ ਨੂੰ ਮੁਕਤ ਕਰਵਾਂਦਾ ਹੈ। ਫਿਰ ਉਸ ਦੀ ਸਹਾਇਤਾ ਨਾਲ ਆਪਣੀ ਪ੍ਰੇਮਿਕਾ ਬਦੀਆ ਜਮਾਲ ਨੂੰ ਹਾਸਲ ਕਰਦਾ ਹੈ।

ਸੁੰਦਰ ਲੜਕਿਆਂ ਨੂੰ ਉਧਾਲਣ ਦੇ ਹਵਾਲੇ ਵੀ ਕਈ ਕਥਾਵਾਂ ਵਿਚ ਮਿਲਦੇ ਹਨ। ਸ਼ਾਹ ਬਹਿਰਾਮ ਦੇ ਕਿੱਸੇ ਵਿਚ ਸਫ਼ੈਦ ਦੇਵ ਬਹਿਰਾਮ ਉਤੇ ਮੋਹਿਤ ਹੈ। ਉਹ ਮੌਕਾ ਮਿਲਣ ਉਤੇ ਬਹਿਰਾਮ ਨੂੰ ਚੁਕ ਕੇ ਆਪਣੀ ਦੇਵ-ਨਗਰੀ ਵਿਚ ਲੈ ਜਾਂਦਾ ਹੈ ਅਤੇ ਉਸ ਦੀ ਬੜੀ ਸੇਵਾ ਕਰਦਾ ਹੈ।

ਕਾਂਗੜੇ ਵਿਚ ਜੇ ਕੋਈ ਕੁਆਰੀ ਜਾਂ ਵਿਆਹੀ ਇਸਤ੍ਰੀ ਕਿਸੇ ਗੁਆਂਢੀ ਨਾਲ ਨਿਕਲ ਜਾਵੇ ਤਾਂ ਉਧਾਲਣ ਵਾਲੇ ਨੂੰ ਇਸ ਅਪਰਾਧ ਬਦਲੇ ਇਹ ਸਜ਼ਾ ਦਿਤੀ ਜਾਂਦੀ ਹੈ ਕਿ ਜੇ ਤੀਵੀਂ ਕੁਆਰੀ ਹੋਵੇ ਤਾਂ ਉਹ ਕੁਝ ਰੁਪਏ ਉਸ ਦੇ ਪਿਉ ਨੂੰ ਅਤੇ ਜੇ ਵਿਆਹੀ ਹੋਵੇ ਤਾਂ ਉਸ ਦੇ ਪਤੀ ਨੂੰ ਮੁਆਵਜ਼ੇ ਵਜੋਂ ਦੇਵੇ। (ਪੰਜਾਬ 185)

ਕੁਲੂ ਵਿਚ ਜੇ ਉਧਲਿਆ ਜੋੜਾ 'ਝੀਂਡ ਫੂਕ' ਦੁਆਰਾ ਵਿਆਹ ਕਰ ਲਏ ਤਾਂ ਇਹ ਵਿਆਹ ਸਮਾਜਿਕ ਤੌਰ ਉਤੇ ਜਾਇਜ਼ ਮੰਨ ਲਿਆ ਜਾਂਦਾ ਹੈ। ਇਸ ਰਸਮ ਵੇਲੇ ਮੁੰਡਾ ਕੁੜੀ ਦੋਵੇਂ ਝੀਂਡ ਨੂੰ ਅੱਗ ਲਗਾ ਕੇ ਉਸ ਦੇ ਦੁਆਲੇ ਇਕ ਦੂਜੇ ਦਾ ਹੱਥ ਫੜ ਕੇ ਅੱਠ ਫੇਰੇ ਲੈ ਲੈਂਦੇ ਹਨ। (ਵੇਖੋ : ਝੀਂਡ ਫੂਕ)

(ੳ-93) **ਉਧਾਲੂ ਟਿੱਲਾ** :

ਮੁਲਤਾਨ ਵਿਚ ਇਕ ਟਿੱਲਾ। ਰਵਾਇਤ ਹੈ ਕਿ ਜਿਹੜੀ ਤੀਵੀਂ ਇਸ ਟਿੱਲੇ ਤੋਂ ਲੰਘ ਜਾਵੇ ਜਾਂ ਜਿਸ ਤੀਵੀਂ ਉਤੇ ਇਥੋਂ ਦੀ ਮਿੱਟੀ ਧੂੜੀ ਜਾਵੇ, ਉਸ ਦੀ ਆਪਣੇ ਪਤੀ ਨਾਲ ਅਣਬਣ ਹੋ ਜਾਂਦੀ ਹੈ ਅਤੇ ਉਹ ਇਕ ਨਾ ਇਕ ਦਿਨ ਕਿਸੇ ਦੂਜੇ ਸ਼ਖ਼ਸ ਨਾਲ ਜਾਂ ਫਿਰ ਮਿੱਟੀ ਧੂੜਨ ਵਾਲੇ ਜਣੇ ਨਾਲ ਨੱਠ ਜਾਂਦੀ ਹੈ। ਇਸ ਉਧਾਲੂ ਟਿੱਲੇ ਦਾ ਜ਼ਿਕਰ ਉਧਾਲੇ ਨਾਲ ਸੰਬੰਧਿਤ ਕਈ ਕਥਾਵਾਂ ਵਿਚ ਆਉਂਦਾ ਹੈ।

(ੳ-94) **ਉੱਨ ਦਾ ਧਾਗਾ** :

ਕਾਂਗੜੇ ਦੇ ਗਦੀਆਂ ਵਿਚ ਵਿਆਹ ਵੇਲੇ ਸ਼ਗਨਾਂ ਦਾ ਵੱਟਣਾ ਮੱਲਣ ਤੋਂ ਬਾਅਦ ਵਰ ਦੀ ਕਲਾਈ ਉਤੇ ਉੱਨ ਦੇ ਤਿੰਨ ਧਾਗੇ ਬੰਨ੍ਹੇ ਜਾਂਦੇ ਹਨ ਤਾਂ ਜੋ ਉਸ ਨੂੰ ਚੰਦਰੀ ਨਜ਼ਰ ਨਾ ਲੱਗੇ। ਨਹਾਉਣ ਤੋਂ ਬਾਅਦ ਉੱਨ ਦੇ ਧਾਗੇ ਉਤਾਰ ਦਿਤੇ ਜਾਂਦੇ ਹਨ। ਗਦੀਆਂ ਵਿਚ ਵਿਧਵਾ ਇਸਤ੍ਰੀ ਦੇ ਪੁਨਰ ਵਿਆਹ ਵੇਲੇ ਜੋੜੀ ਨੂੰ

ਉੱਨ ਦੇ ਕੰਬਲ ਉਤੇ ਬਿਠਾਇਆ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਵਿਧਵਾ ਇਸਤ੍ਰੀ ਦੇ ਮੋਏ ਹੋਏ ਪਤੀ ਦਾ ਪ੍ਰੇਤ ਉਨ੍ਹਾਂ ਦੋਹਾਂ ਨੂੰ ਦੁਖ ਨਹੀਂ ਦੇਂਦਾ। ਓਡ ਆਪਣੇ ਵਡਿੱਕੇ ਭਾਗੀਰਥ ਦੀ ਯਾਦ ਵਿਚ ਉੱਨ ਦਾ ਕੋਈ ਨਾ ਕੋਈ ਕਪੜਾ ਜ਼ਰੂਰ ਪਹਿਨਦੇ ਹਨ। (ਵੇਖੋ : ਓਡ)

(ੳ-95) **ਉਨਮਨੀ** :

ਯੋਗ ਮੱਤ ਦੀਆਂ ਪੰਜ ਮੁਦਰਾਵਾਂ ਵਿਚੋਂ ਇਕ; ਇਸ ਮੁੱਦਰਾ ਵਿਚ ਜੋਗੀ ਭਵਾਂ ਨੂੰ ਉੱਪਰ ਵਲ ਚੜ੍ਹਾ ਕੇ ਆਪਣੀ ਨਜ਼ਰ ਨੱਕ ਦੀ ਤੂਰੀ ਉਤੇ ਟਿਕਾਂਦਾ ਅਤੇ ਸਾਹ ਨੂੰ ਅੰਦਰ ਵਲ ਖਿੱਚ ਕੇ ਰੋਕੀ ਰਖਦਾ ਹੈ। ਇਸ ਮੁੱਦਰਾ ਨੂੰ ਚੌਥੀ ਮੁੱਦਰਾ ਜਾਂ ਤੁਰੀਆਂ ਪਦ ਵੀ ਕਿਹਾ ਜਾਂਦਾ ਹੈ।

ਗੋਰਖ ਨੇ, ਯੋਗ ਸਾਧਨਾ ਵਿਚ, ਉਨਮਨ ਦੀ ਅਵਸਥਾ ਨੂੰ ਬੜਾ ਉਪਯੋਗੀ ਮੰਨਿਆ ਹੈ। ਗੋਰਖ ਅਨੁਸਾਰ :

ਉਨਮਨੀ ਲਾਗਾ ਹੋਇ ਅਨੰਦ
ਤੂਟੀ ਡੋਰੀ ਬਿਨਸੇ ਕੰਦ

ਕਬੀਰ ਦੀ ਸਾਧਨਾ ਵਿਚ ਵੀ ਉਨਮਨੀ ਦੀ ਸ੍ਰੇਸ਼ਟਤਾ ਦਾ ਵਰਨਣ ਹੈ :—

ਇਹ ਮਨੁ ਲੇ ਜਉ ਉਨਮਨਿ ਰਹੈ
ਤਉ ਤੀਨਿ ਲੋਕ ਕੀ ਬਾਤੈ ਕਹੈ।
(ਗਉੜੀ ਕਬੀਰ)

ਆਦਿ ਗ੍ਰੰਥ ਵਿਚ ਉਨਮਨੀ ਸ਼ਬਦ ਕਈ ਥਾਈਂ ਮਨ ਦੀ ਉਚੇਰੀ ਅਵਸਥਾ ਲਈ ਵਰਤਿਆ ਗਿਆ ਹੈ ਅਤੇ ਇਹ ਤੁਰੀਆ ਅਵਸਥਾ ਦਾ ਸਮਾਨਾਰਥਕ ਹੈ। ਇਸ ਅਵਸਥਾ ਵਿਚ ਸੁਰਤ ਦ੍ਰਿਸ਼ਟੀਮਾਨ ਜਗਤ ਵਲੋਂ ਹਟ ਕੇ ਪ੍ਰਭੂ ਵਿਚ ਲੀਨ ਹੋ ਜਾਣ ਸਦਕਾ ਮਨ ਅਡੋਲ ਰਹਿੰਦਾ ਹੈ। ਇਹ ਆਤਮਾ ਦੀ ਉਹ ਚੇਤੰਨ ਅਵਸਥਾ ਹੈ ਜਦੋਂ ਰਹੱਸ ਖੁਲ੍ਹਣ ਲੱਗਦੇ ਹਨ।

(ੳ-96) **ਉਪਸੁੰਦ** :

ਹਿਰਣਕਸ਼ਪ ਦੀ ਵੰਸ਼ ਵਿਚੋਂ ਇਕ ਦੈਂਤ। ਉਪਸੁੰਦ ਨਿਸੁੰਦ ਦਾ ਪੁੱਤਰ ਅਤੇ ਸੁੰਦ ਦਾ ਛੋਟਾ ਭਰਾ ਸੀ। ਸੁੰਦ ਅਤੇ ਉਪਸੁੰਦ ਦੋਹਾਂ ਭਰਾਵਾਂ ਨੇ, ਵਿੰਧਿਆਚਲ ਪਰਬਤ ਦੀ ਇਕਾਂਤ ਵਿਚ ਘੋਰ ਤਪੱਸਿਆ ਕਰ ਕੇ ਬ੍ਰਹਮਾ ਤੋਂ ਵਰ ਪ੍ਰਾਪਤ ਕੀਤਾ ਕਿ ਉਨ੍ਹਾਂ ਦਾ ਸੰਘਾਰ ਇਕ ਦੂਜੇ ਦੇ ਹੱਥੋਂ ਤਾਂ ਹੋ ਜਾਵੇ, ਪਰ ਕਿਸੇ ਹੋਰ ਪ੍ਰਾਣੀ ਦੇ ਹੱਥੋਂ ਨਹੀਂ। ਅਜਿੱਤ ਹੋਣ ਕਰ ਕੇ ਇਨ੍ਹਾਂ ਦੋਹਾਂ ਭਰਾਵਾਂ ਨੇ ਘੋਰ ਅੱਤਿਆਚਾਰ ਕੀਤੇ। ਦੇਵਤਿਆਂ ਨੇ ਬ੍ਰਹਮਾ ਅੱਗੇ ਫ਼ਰਿਆਦ ਕੀਤੀ। ਬ੍ਰਹਮਾ ਨੇ ਵਿਸ਼ਵਕਰਮਾਂ ਨੂੰ ਇਕ ਅਲੌਕਿਕ ਰੂਪਮਤੀ ਰਚਣ ਦਾ ਆਦੇਸ਼ ਦਿਤਾ। ਵਿਸ਼ਵਕਰਮਾਂ ਨੇ ਸ੍ਰਿਸ਼ਟੀ ਦੀ ਸਾਰੀ ਸੁੰਦਰਤਾ 'ਚੋਂ ਤਿਲ-ਤਿਲ ਸੁਹਜ ਚੁਣ ਕੇ ਤਿਲੋਤਮਾ ਦੀ ਰਚਨਾ ਕੀਤੀ ਅਤੇ ਉਸ ਅਦਭੁਤ ਸੁੰਦਰੀ ਨੂੰ ਦੋਹਾਂ ਭਰਾਵਾਂ ਕੋਲ ਭੇਜ ਦਿਤਾ। ਦੋਵੇਂ ਭਰਾ ਉਸ ਦੀ ਅਪਾਰ ਸੁੰਦਰਤਾ ਉਤੇ ਮੋਹਿਤ ਹੋ ਗਏ ਅਤੇ ਤਿਲੋਤਮਾ ਨੂੰ ਪ੍ਰਾਪਤ ਕਰਨ ਲਈ ਇਕ ਦੂਜੇ ਨਾਲ ਝਗੜਨ ਲੱਗੇ। ਤਿਲੋਤਮਾ ਨੇ ਦੋਹਾਂ ਦੀ ਬੀਰਤਾ ਨੂੰ ਵੰਗਾਰਦਿਆਂ ਕਿਹਾ ਕਿ ਤੁਹਾਡੇ ਦੋਹਾਂ ਵਿਚੋਂ ਜਿਹੜਾ ਵਧੇਰੇ ਬਲਵਾਨ ਹੋਵੇਗਾ, ਉਸੇ ਨਾਲ ਉਹ ਵਿਆਹ ਕਰਵਾਏਗੀ। ਇਹ ਗੱਲ ਸੁਣ ਕੇ ਦੋਵੇਂ ਭਰਾ ਆਪੋ ਵਿਚ ਲੜਨ ਲੱਗੇ ਅਤੇ ਦੋਵੇਂ ਇਕ ਦੂਜੇ ਦੇ ਹੱਥੋਂ ਘਾਇਲ ਹੋ ਕੇ ਮਾਰੇ ਗਏ। ਇਹ ਕਥਾ ਪਾਖਯਾਨ ਚਰਿਤ੍ਰ (116) ਵਿਚ ਵੀ ਮਿਲਦੀ ਹੈ। (ਵੇਖੋ : ਤਿਲੋਤਮਾ)

(ੳ-97) **ਉਪਹਾਸਜਨਕ ਤਰਕ** (Mock Plea)

ਲੋਕ-ਕਹਾਣੀਆਂ ਦੀ ਇਕ ਕਥਾਨਿਕ ਰੂੜ੍ਹੀ; ਜਦੋਂ ਕਿਸੇ ਸ਼ਖਸ ਉਤੇ ਕੋਈ ਦੋਸ਼ ਥਪਿਆ ਜਾਵੇ ਅਤੇ ਉਹ ਕਿਸੇ ਅਜਿਹੀ ਵਿਧੀ/ਤਰਕ ਦੁਆਰਾ ਆਪਣੇ ਆਪ ਨੂੰ ਨਿਰਦੋਸ਼ ਸਿਧ ਕਰੇ ਜੋ ਮਸ਼ਕਰੀ ਭਰੀ ਹੋਵੇ। ਇਸੇ ਤਰ੍ਹਾਂ ਜਦੋਂ ਕਿਸੇ ਅਪਰਾਧੀ ਨੂੰ ਸਜ਼ਾ ਦਿਤੀ ਜਾ ਰਹੀ ਹੋਵੇ ਤਾਂ ਉਹ ਛੁਟਕਾਰਾ ਪਾਉਣ ਲਈ ਅਜਿਹੀ ਤਰਕ ਵਰਤੇ ਜੋ ਉਪਹਾਸ-ਜਨਕ ਹੋਵੇ। ਉਦਾਹਰਣ ਵਜੋਂ ਲੋਕ-ਕਥਾ 'ਅੰਧੇਰ ਨਗਰੀ' ਲਓ। ਇਕ ਸਾਧੂ ਦੇ ਚੇਲੇ ਨੂੰ ਬਿਨਾਂ ਕਿਸੇ ਦੋਸ਼ ਦੇ ਕੇਵਲ ਇਸ ਵਾਸਤੇ ਫਾਂਸੀ ਉਤੇ ਲਟਕਾਇਆ ਜਾਣ ਲੱਗਾ ਕਿ ਫਾਂਸੀ ਦਾ ਫੰਧਾ ਉਸ ਦੇ ਗਲ ਵਿਚ ਪੂਰਾ ਉਤਰਦਾ ਸੀ। ਜਦੋਂ ਸਾਧੂ ਨੂੰ ਚੇਲੇ ਦੇ ਫਾਹੇ ਚਾੜ੍ਹੇ ਜਾਣ ਦੀ ਖ਼ਬਰ ਮਿਲੀ ਤਾਂ ਉਸ ਨੇ

ਜੱਲਾਦ ਕੋਲ ਜਾ ਕੇ ਬੇਨਤੀ ਕੀਤੀ ਕਿ ਚੇਲੇ ਦੀ ਥਾਂ ਉਸ ਨੂੰ ਫਾਂਸੀ ਉਤੇ ਚੜ੍ਹਾਇਆ ਜਾਵੇ, ਕਿਉਂ ਜੋ ਇਸ ਸ਼ੁਭ ਘੜੀ ਸਮੇਂ ਫਾਂਸੀ ਚੜ੍ਹਨ ਵਾਲਾ ਪ੍ਰਾਣੀ ਸਿਧਾ ਸਵਰਗ ਲੋਕ ਨੂੰ ਜਾਵੇਗਾ। ਜੱਲਾਦ ਦੁਆਰਾ ਜਦੋਂ ਇਹ ਗੱਲ ਕੁਤਵਾਲ ਤਕ ਪਹੁੰਚੀ ਤਾਂ ਕੁਤਵਾਲ ਚੇਲੇ ਦੀ ਥਾਂ ਖ਼ੁਦ ਫਾਂਸੀ ਚੜ੍ਹਨ ਲਈ ਤਿਆਰ ਹੋ ਗਿਆ; ਪਰ ਨਗਰ ਦੇ ਰਾਜੇ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸਵਰਗ ਦੀ ਪ੍ਰਾਪਤੀ ਦੀ ਚੇਸ਼ਟਾ ਵਿਚ ਖ਼ੁਦ ਫਾਂਸੀ ਉਤੇ ਚੜ੍ਹ ਗਿਆ। ਇਸ ਤਰ੍ਹਾਂ ਉਪਹਾਸਜਨਕ ਤਰਕ ਦੁਆਰਾ ਸਾਧੂ ਨੇ ਚੇਲੇ ਨੂੰ ਮੌਤ ਦੇ ਮੂੰਹੋਂ ਛੁਡਾ ਲਿਆ।

(ੳ-98) **ਉਪ-ਗਇਆ** :

ਕੁਰਛੇਤਰ ਵਿਚ ਇਕ ਤੀਰਥ, ਜਿਥੇ ਪਿਤਰਾਂ ਨਮਿਤ ਪਿੰਡ ਦਾਨ ਕਰਨ ਦਾ ਮਹਾਤਮ, ਗਇਆ ਵਿਚ ਕੀਤੇ ਪਿੰਡ ਦਾਨ ਦੇ ਤੁਲ ਸਮਝਿਆ ਜਾਂਦਾ ਹੈ। (ਵੇਖੋ : ਗਇਆ)

(ੳ-99) **ਉਪਚਾਰ** :

ਕਿਸੇ ਰੋਗ ਦਾ ਟੂਣੇ ਮੰਤ੍ਰ ਅਤੇ ਝਾੜ-ਫੂਕ ਦੁਆਰਾ ਇਲਾਜ; ਮੰਤ੍ਰਾਂ ਦੁਆਰਾ ਝਾੜ-ਫੂਕ ਕਰਨ ਵਾਲੇ ਸ਼ਖ਼ਸ ਨੂੰ ਉਪਚਾਰੀ ਕਿਹਾ ਜਾਂਦਾ ਹੈ। (ਵੇਖੋ : ਝਾੜ-ਫੂਕ)

(ੳ-100) **ਉਪਜਾਇਕਤਾ ਦੀਆਂ ਰੀਤਾਂ** (Fertality Rites) :

ਉਪਜਾਇਕਤਾ ਦੀਆ ਰੀਤਾਂ ਪੁੱਤਰ ਦੀ ਪ੍ਰਾਪਤੀ ਅਤੇ ਭੋਇੰ ਦੀ ਉਤਪਾਦਨ ਸ਼ਕਤੀ ਵਧਾਉਣ ਲਈ ਕੀਤੀਆਂ ਜਾਂਦੀਆਂ ਹਨ। ਹਿੰਦੂਆਂ ਵਿਚ ਲੜਕੇ ਦੀ ਉਤਪੱਤੀ ਬੜੀ ਲਾਜ਼ਮੀ ਸਮਝੀ ਗਈ ਹੈ। ਪੁਰਾਣਾਂ ਅਨੁਸਾਰ ਜੋ ਸ਼ਖ਼ਸ ਨਿਰਸੰਤਾਨ ਮਰਦਾ ਹੈ, ਉਸ ਨੂੰ 'ਪੂ' ਨਾਮ ਦੇ ਨਰਕ ਵਿਚ ਸੁਟਿਆ ਜਾਂਦਾ ਹੈ। 'ਪੂ' ਨਰਕ ਤੋਂ ਪਾਰ ਕਰਾਉਣ ਵਾਲਾ ਪ੍ਰਾਣੀ ਹੀ 'ਪੂ-ਤਰ' ਅਥਵਾ ਪੁਤਰ ਹੋਇਆ। ਹਿੰਦੂਆਂ ਵਿਚ, ਪ੍ਰਾਚੀਨ ਕਾਲ ਤੋਂ ਜੋ ਸੰਸਕਾਰ ਚਲੇ ਆ ਰਹੇ ਹਨ ਉਨ੍ਹਾਂ ਵਿਚੋਂ ਕੁਝ ਕੁ ਸੰਸਕਾਰ ਉਪਜਾਇਕਤਾ ਦੀ ਸ਼ਕਤੀ ਅਥਵਾ ਬੱਚੇ ਦੀ ਪੈਦਾਇਸ਼ ਨਾਲ ਸੰਬੰਧਿਤ ਹਨ।

ਵਿਆਹ ਤੋਂ ਮਗਰੋਂ ਜਦੋਂ ਕੰਨਿਆਂ ਪਹਿਲੀ ਵਾਰ ਸਹੁਰੇ ਘਰ ਪੈਰ ਪਾਉਂਦੀ ਹੈ ਤਾਂ ਕਈ ਹੋਰ ਰਸਮਾਂ-ਰੀਤਾਂ ਦੇ ਨਾਲ ਨਾਲ ਉਪਜਾਇਕਤਾ ਦੀਆਂ ਰੀਤਾਂ ਵੀ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਇਕ ਪ੍ਰਸਿੱਧ ਰੀਤ 'ਗੋਦ ਭਰਨ' ਦੀ ਹੈ ਜੋ ਪੰਜਾਬ ਵਿਚ ਲਗਪਗ ਸਭ ਜਾਤੀਆਂ ਅਤੇ ਇਲਾਕਿਆਂ ਵਿਚ ਥੋੜੇ ਬਹੁਤ ਫ਼ਰਕ ਨਾਲ ਪ੍ਰਚਲਤ ਹੈ। ਕਈ ਇਲਾਕਿਆਂ ਵਿਚ ਦੁਲ੍ਹਨ ਦੀ ਗੋਦ ਵਿਚ ਕੋਈ ਛੋਟਾ ਬਾਲ ਲਿਟਾ ਦਿਤਾ ਜਾਂਦਾ ਹੈ, ਜਿਸ ਨੂੰ ਦੁਲ੍ਹਨ ਖੰਡ ਜਾਂ ਮਾਖਿਓ ਚਟਾਂਦੀ ਹੈ। ਕਈ ਜਾਤਾਂ-ਗੋਤਾਂ ਵਿਚ ਦੁਲ੍ਹਨ ਦਾ ਛੋਟਾ ਦੇਵਰ ਉਸ ਦੀ ਗੋਦ ਵਿਚ ਘੜੀ ਪਲ ਲਈ ਬੈਠਦਾ ਹੈ।

ਭੋਇੰ ਤੋਂ ਵਧੇਰੇ ਫਲ ਦੀ ਪ੍ਰਾਪਤੀ ਲਈ ਅਥਵਾ ਧਰਤੀ ਦੀ ਉਤਪਾਦਨ ਸ਼ਕਤੀ ਵਧਾਣ ਦੀ ਆਸ ਨਾਲ ਕੁਝ ਰੀਤਾਂ ਕੀਤੀਆਂ ਜਾਂਦੀਆਂ ਹਨ। ਆਦਿਮ ਮਨੁੱਖ ਦਾ ਨਿਸਚਾ ਸੀ ਕਿ ਧਰਤੀ ਪ੍ਰਾਣਾਧਾਰੀ ਹੈ ਅਤੇ ਦੇਵੀ ਦੇਵਤਿਆਂ ਵਾਂਗ ਇਸ ਦਾ ਵੀ ਇਕ ਚੇਤੰਨ ਅਸਤਿਤਵ ਹੈ, ਜਿਸ ਨੂੰ ਪਤਿਆਣ ਦੀ ਲੋੜ ਹੈ। ਜਦੋਂ ਤਕ ਧਰਤੀ ਨੂੰ ਪਤਿਆਇਆ ਨਹੀਂ ਜਾਂਦਾ, ਉਹ ਪੂਰਾ ਫਲ ਨਹੀਂ ਦੇਂਦੀ। ਇਸੇ ਲਈ ਪਹਿਲਿਆਂ ਵਿਚ ਕਿਸਾਨ ਹਲ ਵਾਹੁਣ ਅਤੇ ਬੀਜ ਬੀਜਣ ਤੋਂ ਪਹਿਲਾਂ ਭੂਮੀਂ ਦੀ ਪੂਜਾ ਕੀਤਾ ਕਰਦੇ ਸਨ।

ਉਤਪਾਦਨ ਸ਼ਕਤੀ ਵਧਾਣ ਲਈ ਕੁਝ ਰੀਤਾਂ ਵੀ ਕੀਤੀਆਂ ਜਾਂਦੀਆਂ ਰਹੀਆਂ ਜਿਨ੍ਹਾਂ ਦਾ ਆਧਾਰ ਸਹਾਨਭੂਤੀ ਟੂਣਾ ਅਥਵਾ ਸਮ ਤੋਂ ਸਮ ਪੈਦਾ ਹੋਣ (Like produces like) ਦਾ ਸਿਧਾਂਤ ਸੀ। ਜੇ ਫ਼ਸਲ ਦੀ ਬੀਜਾਈ ਕਰਨ ਲੱਗਿਆਂ ਪਹਿਲਾਂ ਕਿਸੇ ਮਿੱਠੀ ਚੀਜ਼ ਦਾ ਭੋਗ ਧਰਤੀ ਨੂੰ ਲਗਾਇਆ ਜਾਵੇ ਤਾਂ ਭੋਇੰ ਵਧੇਰੇ ਮਿੱਠਾ ਫਲ ਦੇਂਦੀ ਹੈ। ਪੰਜਾਬ ਵਿਚ ਹੁਣ ਵੀ ਕਈ ਥਾਈਂ ਗੰਨੇ ਬੀਜਣ ਤੋਂ ਇਕ ਦਿਨ ਪਹਿਲਾਂ, ਧਰਤੀ ਨੂੰ ਮਿੱਠੇ ਚਾਵਲਾਂ ਦਾ ਭੋਗ ਲਗਵਾਇਆ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਵਾਢੀ ਕਰਨ ਤੋਂ ਪਹਿਲਾਂ ਖੇਤੀ ਦੀ ਉਪਜ

ਵਧਾਣ ਦੇ ਖ਼ਿਆਲ ਨਾਲ ਦਾਤ੍ਰੀ ਦਾ ਨਕਲੀ ਵਿਆਹ ਕੀਤਾ ਜਾਂਦਾ ਸੀ। ਧਾਰਨਾ ਸੀ ਇਸ ਤਰ੍ਹਾਂ ਬੋਹਲ ਵਧੇਰੇ ਮਾਤਰਾ ਵਿਚ ਇਕੱਠਾ ਹੁੰਦਾ ਹੈ। ਇਕ ਅਖਾਣ ਵਿਚ ਇਸ ਰੀਤ ਵਲ ਸੰਕੇਤ ਮਿਲਦਾ ਹੈ :—

ਦਾਤ੍ਰੀਆਂ ਵਿਆਹ, ਰੰਭੀ ਤੂੰ ਕਿਉਂ ਸੰਭੀ

ਪੰਜਾਬ ਵਿਚ ਕਪਾਹ ਚੁਗਣ ਤੋਂ ਪਹਿਲਾਂ ਪੈਦਾਵਾਰ ਦੇ ਵਾਧੇ ਦੇ ਖ਼ਿਆਲ ਨਾਲ ਉਪਜਾਇਕਤਾ ਦੀ ਇਕ ਰੀਤ ਕੀਤੀ ਜਾਂਦੀ ਹੈ: ਕਪਾਹ ਚੁਗਣ ਤੋਂ ਪਹਿਲਾਂ ਕੁੜੀਆਂ ਤਿਲ ਚੌਲੀ ਵੰਡਦੀਆਂ ਹਨ। ਫਿਰ ਉਹ ਤਿਲ ਚੌਲੀ ਨੂੰ ਚਿਥ ਕੇ, ਅਤੇ ਰਸਾ ਚੂਸ ਕੇ, ਫਙੂਕਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਕਪਾਹ ਚੰਗੀ ਖਿੜਦੀ ਹੈ।

ਕਈ ਵਾਰ ਕੁੜੀਆਂ ਚਾਵਲ ਫਙੂਕਦੀਆਂ ਹੋਈਆਂ ਸਾਰੇ ਖੇਤ ਦੇ ਸਿਧੇ ਅਤੇ ਪੁੱਠੇ ਗੇੜੇ ਕਟਦੀਆਂ ਹਨ। ਇਕ ਗੁੱਠ ਤੋਂ ਦੋ ਕੁੜੀਆਂ ਵਿਰੋਧੀ ਦਿਸ਼ਾ ਵਲ ਦੌੜ ਕੇ ਪੂਰਾ ਗੇੜਾ ਲਾ ਕੇ ਉਸੇ ਥਾਂ ਉਤੇ ਮੁੜ ਪਹੁੰਚਦੀਆ ਹਨ ਜਿਥੋਂ ਉਹ ਚਲੀਆਂ ਸਨ। ਇਸ ਤਰ੍ਹਾਂ ਗੇੜਾ ਕਟਣ ਨਾਲ, ਜੇ ਕਪਾਹ ਚੰਗੀ ਖਿੜੇ ਤਾਂ ਨਜ਼ਰ ਨਹੀਂ ਲਗਦੀ। ਇਸ ਚੱਕਰ ਨੂੰ 'ਫਙੂਕਣੀ ਕਾਰ' ਕਿਹਾ ਜਾਂਦਾ ਹੈ।

## (ੳ-101) ਉਪਦੇਸ਼ :

ਕਿਸੇ ਗੁਰੂ, ਸੰਤ ਮਹਾਤਮਾ ਅਤੇ ਆਚਾਰੀਆ ਆਦਿ ਵਲੋਂ ਦਿਤੀ ਗਈ ਉੱਤਮ ਸਿੱਖਿਆ ਅਤੇ ਮੱਤ। ਭਾਵੇਂ ਉਪਦੇਸ਼ ਮੂਲ ਵਿਚ ਕੋਈ ਸਦਾਚਾਰਕ ਜਾਂ ਅਧਿਆਤਮਕ ਸਿੱਖਿਆ ਹੀ ਹੁੰਦਾ ਹੈ, ਪਰ ਇਹ ਸ਼ਬਦ ਕਿਸੇ ਵੀ ਤਰ੍ਹਾਂ ਦੀ ਸਿੱਖਿਆ ਅਤੇ ਮੱਤ ਲਈ ਵਰਤ ਲਿਆ ਜਾਂਦਾ ਹੈ। ਲੋਕਧਾਰਾ ਵਿਚ ਉਪਦੇਸ਼ ਦਾ ਖ਼ਾਸ ਮਹੱਤਵ ਹੈ। ਲੋਕਧਾਰਾ ਅਨੁਸਾਰ ਵਡਿਆਂ ਵਲੋਂ ਦਿਤੀਆਂ ਮਤਾਂ, ਉਨ੍ਹਾਂ ਦੀ ਲੰਮੀ ਜੀਵਨ ਸਾਧਨਾ ਦਾ ਨਿਚੋੜ ਹੋਣ ਕਰ ਕੇ, ਉਪਯੋਗੀ ਹੋਣ ਤੋਂ ਛੁਟ, ਉਨ੍ਹਾਂ ਦਾ ਅੰਸ਼ ਵੀ ਹੁੰਦੀਆਂ ਹਨ ਅਤੇ ਕਿਸੇ ਮਹਾਤਮਾ ਪੁਰਸ਼ ਦਾ ਉਪਦੇਸ਼ ਗ੍ਰਹਿਣ ਕਰਨ ਨਾਲ ਉਸ ਮਹਾਤਮਾ ਦੇ ਸਦਗੁਣਾਂ ਦਾ ਕੁਝ ਅੰਸ਼ ਵੀ ਉਪਦੇਸ਼ ਧਾਰਨ ਕਰਨ ਵਾਲੇ ਵਿਚ ਸੁੱਤੇ ਸਿਧ ਪ੍ਰਵੇਸ਼ ਹੋ ਕੇ ਅੰਕੁਰ ਵਾਂਗ ਫਲਣ ਲਗਦਾ ਹੈ।

ਪੰਜਾਬੀ ਦਾ ਬਹੁਤਾ ਧਾਰਮਿਕ ਸਾਹਿੱਤ ਉਪਦੇਸ਼ਾਤਮਕ ਹੈ। ਜਿਸ ਦਾ ਮਨੋਰਥ ਸਾਧਕ ਵਿਚ ਅਧਿਆਤਮਕ ਜਾਗ੍ਰਿਤੀ ਪੈਦਾ ਕਰਨ ਦੇ ਨਾਲ ਨਾਲ ਉਸ ਵਿਚ ਸਦਾਚਾਰਕ ਗੁਣ ਵੀ ਸਿੰਜਣੇ ਹਨ।

ਅਖਾਣ ਸੁਭਾਵ ਵਿਚ ਉਪਦੇਸ਼ਾਤਮਕ ਹੁੰਦੇ ਹਨ ਅਤੇ ਉਨ੍ਹਾਂ ਵਿਚ ਪੀੜੀਆਂ ਦੇ ਅਨੁਭਵ, ਉਪਦੇਸ਼ ਅਤੇ ਜੀਵਨ-ਜੁਗਤੀ ਸਾਰ ਰੂਪ ਵਿਚ ਵਿਦਮਾਨ ਹੁੰਦੀ ਹੈ। ਲੋਕ-ਕਹਾਣੀਆਂ ਦਾ ਮਨੋਰਥ ਮਨੋਰੰਜਨ ਦੁਆਰਾ ਸਰੋਤਿਆਂ ਵਿਚ ਸਾਹਸ, ਪ੍ਰਾਕ੍ਰਮ, ਸਹਿਨਸ਼ੀਲਤਾ, ਧੀਰਜ, ਨਿਮ੍ਰਤਾ ਆਦਿ ਦੇ ਗੁਣ ਸਿੰਜਣੇ ਅਤੇ ਉਨ੍ਹਾਂ ਵਿਚ ਬੌਧਿਕ ਅਤੇ ਸਮਾਜਿਕ ਜਾਗ੍ਰਿਤੀ ਲਿਆਉਣੀ ਹੈ। ਪਰ ਲੋਕ-ਗੀਤਾਂ ਵਿਚ, ਕੁਝ ਕੁ ਧਾਰਮਿਕ ਗੀਤਾਂ ਤੋਂ ਛੁਟ, ਇਹ ਅੰਸ਼ ਕਿਧਰੇ ਨਹੀਂ ਮਿਲਦਾ।

## (ੳ-102) ਉਪਦੇਸ਼ਵਾਦ :

ਸਾਹਿੱਤ ਦੇ ਕਿਸੇ ਰੂਪ ਨੂੰ ਮਾਧਿਅਮ ਬਣਾ ਕੇ ਉਪਦੇਸ਼ ਦੇਣ ਦੀ ਪ੍ਰਵਿਰਤੀ। ਅਜਿਹਾ ਸਾਹਿੱਤ ਸੁਹਜ-ਸੁਆਦ ਦੇਣ ਦੇ ਨਾਲ ਨਾਲ ਜੀਵਨ-ਜੁਗਤੀ ਵੀ ਸਿਖਾਂਦਾ ਹੈ। ਪੰਜਾਬੀ ਵਿਚ ਇਸ ਵੰਨਗੀ ਦਾ ਸਾਹਿੱਤ ਚੋਖੀ ਮਾਤ੍ਰਾ ਵਿਚ ਮਿਲਦਾ ਹੈ। ਅਖਾਣ ਅਤੇ ਨੀਤੀ-ਕਥਾਵਾਂ ਸੁਭਾਵ ਵਿਚ ਉਪਦੇਸ਼ਾਤਮਿਕ ਹੀ ਹਨ। ਅਧਿਆਤਮਕ ਸਾਹਿੱਤ ਵਿਚ ਵੀ ਸਬਰ, ਸ਼ੁਕਰ, ਨਿਮ੍ਰਤਾ, ਖਿਮਾਂ ਆਦਿ ਦੇ ਸਦਾਚਾਰਕ ਉਪਦੇਸ਼ ਉਸ ਨੂੰ ਉਪਦੇਸ਼ਵਾਦ ਨਾਲ ਹੀ ਜੋੜਦੇ ਹਨ। ਉਪਦੇਸ਼-ਵਾਦ ਅਨੁਸਾਰ ਸਾਹਿੱਤ ਦਾ ਮੁਖ ਉੱਦੇਸ਼ ਜੀਵਨ ਲਈ ਉਪਯੋਗੀ ਗੱਲਾਂ ਪੇਸ਼ ਕਰਨੀਆਂ ਹਨ। ਇਸ ਵਾਦ ਅਨੁਸਾਰ ਉਹ ਸਾਹਿੱਤ ਹੀ ਉੱਤਮ ਹੈ ਜੋ ਜੀਵਨ ਵਿਚ ਸਦਾਚਾਰਕ ਗੁਣ ਸਿੰਜਦਾ ਤੇ ਜੀਵਨ-ਜੁਗਤੀ ਸਿਖਾਂਦਾ ਹੈ। ਅਜੋਕੇ ਯੁਗ ਵਿਚ ਉਪਦੇਸ਼ਾਤਮਕ ਸਾਹਿੱਤ ਨੂੰ ਕੋਈ ਖ਼ਾਸ ਸਥਾਨ ਪ੍ਰਾਪਤ ਨਹੀਂ। ਜੇ ਕਿਸੇ ਉਪਦੇਸ਼ਾਤਮਕ ਰਚਨਾ ਵਿਚ ਸੁਹਜ ਸਵਾਦ ਦੀ ਮਾਤਰਾ ਅਥਵਾ ਕਲਾ ਪੱਖ ਉੱਤਮ ਨਹੀਂ ਤਾਂ ਉਸ ਰਚਨਾ ਨੂੰ ਸਾਹਿੱਤ ਦੇ ਅੰਤਰਗਤ ਨਹੀਂ ਮੰਨਿਆ ਜਾਂਦਾ।

(ੳ-103) **ਉਪਨਯਨ** :

(ਸੰ:) ਹਿੰਦੂਆਂ ਦੇ ਪ੍ਰਮੁਖ ਸੋਲਾਂ ਸੰਸਕਾਰਾਂ ਵਿਚੋਂ ਇਕ ਮਹੱਤਵਪੂਰਣ ਸੰਸਕਾਰ । ਇਸੇ ਸੰਸਕਾਰ ਦੇ ਅੰਤਰਗਤ ਜੰਞੂ ਪਹਿਨਣ ਦੀ ਰਸਮ ਵੀ ਸ਼ਾਮਲ ਹੈ । ਇਸ ਸੰਸਕਾਰ ਤੋਂ ਬਿਨਾਂ ਕੋਈ ਹਿੰਦੂ ਦੁਜਨਮਾ (ਦਿਵੱਜਯ) ਅਖਵਾਉਣ ਦਾ ਹੱਕਦਾਰ ਨਹੀਂ । ਪ੍ਰਾਚੀਨ ਕਾਲ ਵਿਚ ਕੋਈ ਹਿੰਦੂ ਯੁਵਕ ਉਪਨਯਨ ਸੰਸਕਾਰ ਤੋਂ ਬਗ਼ੈਰ ਆਰੀਆ ਜਾਤੀ ਦੀ ਕੰਨਿਆਂ ਨੂੰ ਵਿਆਹ ਨਹੀਂ ਸੀ ਸਕਦਾ ।

ਉਪਨਯਨ ਸੰਸਕਾਰ, ਹਿੰਦੂਆਂ ਵਿਚ ਪ੍ਰਾਚੀਨ ਕਾਲ ਤੋਂ ਪ੍ਰਚਲਤ ਹੈ । ਵੇਦਾਂ ਵਿਚ ਕਈ ਥਾਈਂ ਇਸ ਦਾ ਉਲੇਖ ਹੈ । ਵੈਦਿਕ ਕਾਲ ਵਿਚ, ਸਿਖਸ਼ਾ ਦੇ ਆਰੰਭ ਵਿਚ, ਇਹ ਸੰਸਕਾਰ ਕੀਤਾ ਜਾਂਦਾ ਸੀ ਅਤੇ ਵਿਦਿਆਰਥੀ ਜਿਸਨੂੰ ਬ੍ਰਹਮਚਾਰੀ ਦੀ ਸੰਗਿਆ ਦਿਤੀ ਗਈ ਸੀ, ਆਪਣੇ ਗੁਰੂ (ਆਚਾਰੀਆ) ਦੇ ਘਰ ਵਿਚ ਹੀ ਰਹਿ ਕੇ ਸਿਖਸ਼ਾ ਪ੍ਰਾਪਤ ਕਰਦਾ ਸੀ । ਉਹ ਸਿਖਸ਼ਾ ਗ੍ਰਹਿਣ ਕਰਨ ਦੇ ਨਾਲ ਨਾਲ ਆਪਣੇ ਗੁਰੂ ਦੇ ਗਊਆਂ ਦੇ ਵੱਗ ਚਾਰਦਾ, ਯੱਗ ਦੀ ਅਗਨੀ ਦੀ ਸੇਵਾ ਕਰਦਾ ਅਤੇ ਲੋੜ ਪੈਣ ਉਤੇ ਆਪਣੇ ਆਚਾਰੀਆ ਲਈ ਭਿੱਛਿਆ ਵੀ ਮੰਗ ਕੇ ਲਿਆਉਂਦਾ ।

ਆਰੰਭ ਵਿਚ ਉਪਨਯਨ ਦਾ ਸੰਬੰਧ ਸਿਖਸ਼ਾ ਗ੍ਰਹਿਣ ਕਰਨ ਨਾਲ ਸੀ । ਸੋ ਜਦੋਂ ਕੋਈ ਯੁਵਕ, ਵੇਦਾਂ ਦੀ ਕਿਸੇ ਨਵੀਂ ਪ੍ਰਣਾਲੀ ਦਾ ਅਧਿਐਨ ਕਰਨ ਲਈ, ਨਵੇਂ ਗੁਰੂ ਦੀ ਸ਼ਰਨ ਲੈਂਦਾ ਤਾਂ ਇਹ ਸੰਸਕਾਰ ਨਵੇਂ ਸਿਰੇ ਤੋਂ ਕੀਤਾ ਜਾਂਦਾ, ਪਰ ਪਿਛੋਂ ਜਾ ਕੇ ਉਪਨਯਨ ਸੰਸਕਾਰ ਪ੍ਰਮਾਰਥਕ ਜੀਵਨ ਦਾ ਅੰਗ ਬਣ ਗਿਆ ਅਤੇ ਇਸ ਸੰਸਕਾਰ ਸਮੇਂ ਦੀਖਸ਼ਾ ਅਤੇ ਸਿੱਖਿਆ ਦੇਣ ਦੀ ਥਾਂ ਗਾਇਤਰੀ ਮੰਤਰਾਂ ਉਤੇ ਜ਼ੋਰ ਦਿਤਾ ਜਾਣ ਲੱਗਾ। ਹੌਲੇ ਹੌਲੇ ਜਦੋਂ ਹਿੰਦੂ ਧਰਮ ਵਿਕ੍ਰਤ ਹੁੰਦਾ ਗਿਆ, ਹਿੰਦੂ ਇਸ ਸੰਸਕਾਰ ਦੀ ਮੂਲ ਭਾਵਨਾ ਨੂੰ ਭੁਲ ਕੇ, ਕੇਵਲ ਜੰਞੂ ਪਹਿਨਣ ਦੀ ਰਸਮ ਹੀ ਕਰਨ ਲੱਗੇ ।

ਗ੍ਰਹਿ ਸੂਤਰਾਂ ਵਿਚ ਉਪਨਯਨ ਸੰਸਕਾਰ ਨਾਲ ਸੰਬੰਧਿਤ ਵੇਰਵਾ ਵਿਸਥਾਰ ਨਾਲ ਮਿਲਦਾ ਹੈ । ਇਨ੍ਹਾਂ ਸੂਤਰਾਂ ਅਨੁਸਾਰ ਬ੍ਰਾਹਮਣ ਨੂੰ ਆਪਣੇ ਬਾਲਕ ਦਾ ਉਪਨਯਨ ਸੰਸਕਾਰ ਪੰਜਵੇਂ ਸਾਲ, ਖੱਤਰੀ ਨੂੰ ਛੇਵੇਂ ਸਾਲ ਅਤੇ ਵੈਸ਼ ਨੂੰ ਅਠਵੇਂ ਸਾਲ ਕਰਨਾ ਚਾਹੀਦਾ ਹੈ । ਇਸ ਸੰਸਕਾਰ ਲਈ ਉਮਰ ਦੀ ਅੰਤਮ ਹੱਦ ਤਰਤੀਬਵਾਰ ਸੋਲਾਂ, ਬਾਈ ਅਤੇ ਚੱਵੀ ਵਰ੍ਹੇ ਹੈ । ਪਹਿਲਿਆਂ ਵਿਚ ਤਾਂ ਜਿਸ ਹਿੰਦੂ ਦਾ ਉਪਨਯਨ ਸੰਸਕਾਰ ਨਹੀਂ ਸੀ ਹੁੰਦਾ, ਉਸ ਨੂੰ ਜ਼ਾਤ ਬਰਾਦਰੀ ਤੋਂ ਛੇਕ ਦਿਤਾ ਜਾਂਦਾ ਸੀ । ਮਨੂ-ਸਿਮਿਰਤੀ ਅਨੁਸਾਰ (2,39) ਅਜਿਹੇ ਹਿੰਦੂ ਨੂੰ 'ਵਰਤਿਯਾ' ਕਿਹਾ ਜਾਂਦਾ ਸੀ ।

ਬ੍ਰਾਹਮਣ ਅਤੇ ਖੱਤਰੀਆਂ ਵਿਚ ਉਪਨਯਨ ਸੰਸਕਾਰ ਉਨ੍ਹੀਂ ਦਿਨੀਂ ਕੀਤਾ ਜਾਂਦਾ, ਜਦੋਂ ਸੂਰਜ ਉਤਰਾਇਣ ਦਿਸ਼ਾ ਵਿਚ ਹੁੰਦਾ; ਪਰ ਵੈਸ਼ ਜਾਤੀ ਲਈ ਦੱਖਸ਼ਾਇਣ ਵਿਚ ਕਰਨਾ ਜ਼ਰੂਰੀ ਸੀ । ਇਸ ਸੰਸਕਾਰ ਦੇ ਕਰਨ ਲਈ ਵਿਭਿੰਨ ਜਾਤੀਆਂ ਲਈ ਵੱਖੋ ਵੱਖਰੀਆਂ ਰੁੱਤਾਂ ਨਿਸਚਤ ਹਨ । ਬ੍ਰਾਹਮਣ ਲਈ ਬਸੰਤ ਰੁੱਤ, ਖੱਤਰੀ ਲਈ ਗਰਮੀ ਦੀ ਰੁੱਤ, ਵੈਸ਼ ਲਈ ਸਰਦ ਰੁੱਤ ਅਤੇ ਬਾਕੀਆਂ ਲਈ ਬਰਸਾਤਾਂ ਦੇ ਦਿਨ ਮਿਥੇ ਗਏ ਸਨ । ਇਹ ਰੁੱਤਾਂ ਵਰਣਗਤ ਸੁਭਾਵ ਦੀਆਂ ਪ੍ਰਤੀਕ ਹਨ ।

ਸੰਸਕਾਰ ਦੀ ਪੂਰਵ ਸੰਧਿਆ ਨੂੰ ਯੁਵਕ ਨੂੰ ਪੀਲਾ ਵਟਣਾ ਮਲਿਆ ਜਾਂਦਾ । ਫਿਰ ਉਹ ਸਾਰੀ ਰਾਤ ਮੌਨ ਧਾਰੀ ਰਖਦਾ । ਅਗਲੇ ਦਿਨ ਸਵੇਰੇ ਉਹ ਯੁਵਕ ਆਪਣੀ ਮਾਂ ਨਾਲ ਅੰਤਮ ਵਾਰ ਭੋਜਨ ਛਕਦਾ । ਇਸ ਸੰਸਕਾਰ ਦੇ ਮਗਰੋਂ ਫਿਰ ਮਾਂ ਪੁੱਤਰ ਦੋਵੇਂ ਕਦੇ ਇਕੱਠੇ ਭੋਜਨ ਨਹੀਂ ਸਨ ਖਾਂਦੇ ।

ਇਸ ਸ਼ੁਭ ਅਵਸਰ ਉਤੇ ਹਵਨ ਦੀ ਪਾਵਨ ਅਗਨੀ ਬਾਲੀ ਜਾਂਦੀ ਅਤੇ ਗਣੇਸ਼ ਦੇਵਤੇ ਤੋਂ ਇਲਾਵਾ ਸ੍ਰੀ ਲਖਸ਼ਮੀ, ਸਰਸਵਤੀ ਅਤੇ ਧਰਤੀ ਮਾਤਾ ਆਦਿ ਦੀ ਪੂਜਾ ਕੀਤੀ ਜਾਂਦੀ । ਹਵਨ ਦੇ ਸਾਹਮਣੇ ਬਿਠਾ ਕੇ ਯੁਵਕ ਦਾ ਮੁੰਡਨ ਕੀਤਾ ਜਾਂਦਾ । ਇਸ ਤੋਂ ਬਾਅਦ ਯੁਵਕ ਇਸ਼ਨਾਨ ਕਰ ਕੇ, ਸੂਤ ਦੀ ਓੜ੍ਹਨੀ ਜਿਹੀ ਉੱਪਰ ਲੈ ਕੇ, ਆਪਣੇ ਗੁਰੂ (ਆਚਾਰੀਆ) ਕੋਲ ਜਾਂਦਾ ਅਤੇ ਬ੍ਰਹਮਚਾਰੀ ਬਣਨ ਦਾ ਇਰਾਦਾ ਪ੍ਰਗਟ ਕਰਦਾ । ਆਚਾਰੀਆ ਉਸ ਨੂੰ ਕੁਝ ਬਸਤ੍ਰ ਅਤੇ ਮ੍ਰਿਗਛਾਲ

ਆਦਿ ਦੇਂਦਾ। ਫਿਰ ਉਹ ਯੁਵਕ ਦੇ ਲਕ ਦੁਆਲੇ ਇਕ ਮੇਖਲਾ ਬੰਨ੍ਹਦਾ, ਇਸ ਤੋਂ ਬਾਅਦ ਯੁਵਕ ਨੂੰ ਯੱਗ ਦਾ ਪ੍ਰਤੀਕ ਬ੍ਰਹਮ ਸੂਤਰ (ਜੰਞੂ) ਪਹਿਨਾਇਆ ਜਾਂਦਾ ਅਤੇ ਅਭੈ ਤੇ ਸੰਜਮ ਦਾ ਪ੍ਰਤੀਕ ਡੰਡਾ ਧਾਰਨ ਕਰਨ ਲਈ ਦਿਤਾ ਜਾਂਦਾ।

ਜੰਞੂ ਦਾ ਧਾਗਾ, ਬ੍ਰਾਹਮਣ ਦੀ ਕੰਨਿਆਂ ਖ਼ੁਦ ਹੱਥੀਂ ਕਪਾਹ ਚੁਗ ਕੇ ਮੰਤ੍ਰਾਂ ਦਾ ਜਾਪ ਕਰਦਿਆਂ ਕੱਤਦੀ ਅਤੇ ਵਟ ਚਾੜ੍ਹਦੀ ਹੈ। ਇਹ ਧਾਗਾ ਮਨੁੱਖ ਦੀਆਂ ਚੌਹਾਂ ਉਂਗਲਾਂ ਅਥਵਾ ਚੱਪੇ ਦੇ ਮਾਪ ਦਾ 96ਵੇਂ ਗੁਣਾ ਲੰਮਾ ਹੁੰਦਾ ਹੈ। ਚਾਰੇ ਉਂਗਲਾਂ ਆਤਮਾ ਦੀਆਂ ਚਾਰ ਅਵਸਥਾਵਾਂ—ਜਾਗ੍ਰਿਤ, ਸੁਪਨ, ਸੁਖੋਪਤ ਤੇ ਤੁਰੀਆ ਦੀਆਂ ਸੂਚਿਕ ਹਨ। ਮਨੁੱਖ ਸਰੀਰ ਦੀ ਲੰਬਾਈ ਵੀ 96 ਚੱਪੇ ਮੰਨੀ ਜਾਂਦੀ ਹੈ। ਇਸ ਲਈ ਧਾਗੇ ਦੀ 96 ਚੱਪੇ ਲੰਬਾਈ ਇਕ ਖ਼ਾਸ ਭਾਵ ਦੀ ਪ੍ਰਤੀਕ ਹੈ।

ਜੰਞੂ ਵਟਣ ਵੇਲੇ ਤਿੰਨਾਂ ਧਾਗਿਆਂ ਨੂੰ ਇਕੱਠਿਆਂ ਵਲਿਅਸ ਚਾੜ੍ਹੇ ਜਾਂਦੇ ਹਨ; ਇਹ ਤਿੰਨੇ ਧਾਗੇ ਸਤੋ, ਰਜੋ ਅਤੇ ਤਮੋ ਦੇ ਤਿੰਨ ਗੁਣਾਂ ਦੇ ਵਾਚਕ ਹਨ। ਇਨ੍ਹਾਂ ਗੁਣਾਂ ਸਦਕਾ ਹੀ ਸੰਸਾਰ ਦੀ ਉਤਪੱਤੀ ਤੇ ਪਸਾਰਾ ਮੰਨਿਆ ਗਿਆ ਹੈ। ਧਾਗਿਆਂ ਨੂੰ ਵਲਿਅਸ ਹਮੇਸ਼ਾਂ ਉੱਪਰ ਵਲ ਚੜ੍ਹਾਏ ਜਾਂਦੇ ਹਨ ਤਾਂ ਜੋ ਇਸ ਨੂੰ ਧਾਰਨ ਕਰਨ ਵਾਲੇ ਵਿਚ ਸਤੋ ਗੁਣ ਪ੍ਰਧਾਨ ਰਹੇ। ਇਸੇ ਤਰ੍ਹਾਂ ਜੰਞੂ ਦੀਆਂ ਤਿੰਨ ਡੋਰੀਆਂ, ਜੰਞੂ ਪਹਿਨਣ ਵਾਲੇ ਦਾ ਧਿਆਨ ਉਸ ਦੇ ਤਿੰਨ ਰਿਣਾਂ ਵਲ ਦਿਵਾਂਦੀਆਂ ਹਨ ਜੋ ਉਸ ਨੇ ਆਪਣੇ ਪੂਰਵਜਾਂ, ਰਿਸ਼ੀਆਂ ਅਤੇ ਦਿਓਤਿਆਂ ਦੇ ਚੁਕਾਣੇ ਹਨ। ਇਨ੍ਹਾਂ ਤਿੰਨਾਂ ਡੋਰੀਆਂ ਨੂੰ ਜਿਸ ਗੰਢ ਨਾਲ ਬੰਨ੍ਹਿਆ ਜਾਂਦਾ ਹੈ, ਉਸ ਨੂੰ ਬ੍ਰਹਮਗੰਠੀ ਆਖਦੇ ਹਨ। ਇਹ ਗੰਢ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਬੋਧਿਕ ਹੈ। ਇਸ ਤੋਂ ਛੁਟ ਜੰਞੂ ਉਤੇ ਕੁਝ ਹੋਰ ਗੰਢਾਂ ਵੀ ਹੁੰਦੀਆਂ ਹਨ, ਜੋ ਪਹਿਨਣ ਵਾਲੇ ਦੇ ਪਿਤਰਾਂ ਦੀਆਂ ਬੋਧਿਕ ਹਨ। ਇਸ ਤਰ੍ਹਾਂ ਜੰਞੂ ਕਈ ਸੰਕਲਪਾਂ ਦਾ ਸਮੂਹ ਹੋਣ ਕਰ ਕੇ ਹਿੰਦੂ ਪ੍ਰਮਾਰਥਕ ਵਿਚਾਰਧਾਰਾ ਦਾ ਇਕ ਪ੍ਰਮੁਖ ਚਿੰਨ੍ਹ ਹੈ। ਆਚਾਰੀਆ ਯੁਵਕ ਨੂੰ ਮੰਤਰਾਂ ਦਾ ਉਚਾਰਨ ਕਰਦਾ ਹੋਇਆ ਜੰਞੂ ਪਹਿਨਾਂਦਾ ਹੈ। ਜੰਞੂ ਧਾਰਨ ਕਰਨ ਵੇਲੇ ਯੁਵਕ ਸੂਰਜ ਵਲ ਵੇਖ ਰਿਹਾ ਹੁੰਦਾ ਹੈ।

ਉਪਨਯਨ ਸੰਸਕਾਰ ਦੇ ਅੰਤ ਵਿਚ ਤ੍ਰੈ-ਰਾਤ੍ਰ ਵਰਤ ਰਖਿਆ ਜਾਂਦਾ ਸੀ। ਇਹ ਵਰਤ ਕਈ ਵਾਰ ਤਿੰਨ ਰਾਤਾਂ ਦੀ ਥਾਂ ਬਾਰਾਂ ਦਿਨ ਅਥਵਾ ਪੂਰਾ ਸਾਲ ਵੀ ਚਲਦਾ ਸੀ।

ਬ੍ਰਹਮਚਾਰੀ ਇਕੋ ਜੰਞੂ ਪਹਿਨਦਾ ਹੈ, ਪਰ ਗ੍ਰਹਿਸਤੀ ਦੋ ਪਹਿਨ ਸਕਦਾ ਹੈ — ਇਕ ਆਪਣਾ ਅਤੇ ਦੂਜਾ ਆਪਣੀ ਪਤਨੀ ਦਾ। ਜੰਞੂ ਹਮੇਸ਼ਾਂ ਇਕੋ ਵਿਧੀ ਨਾਲ ਨਹੀਂ ਪਹਿਨਿਆ ਜਾਂਦਾ। ਸ਼ੁਭ ਅਵਸਰਾਂ ਉਤੇ ਜੰਞੂ ਖੱਬੇ ਮੋਢੇ ਉਤੇ ਧਾਰਨ ਕੀਤਾ ਜਾਂਦਾ ਹੈ, ਇਸ ਨੂੰ 'ਉਪਵੀਤੀ' ਕਹਿੰਦੇ ਹਨ। ਪਰ ਮੌਤ ਜਾਂ ਅਸ਼ੁਭ ਮੌਕੇ ਉਤੇ ਜੰਞੂ ਸੱਜੇ ਮੋਢੇ ਉਤੇ ਲਟਕਾਇਆ ਜਾਂਦਾ ਹੈ। ਇਸ ਨੂੰ 'ਪਰਾਚੀਨਨਵਤੀ' ਕਹਿੰਦੇ ਹਨ। ਜੇ ਜੰਞੂ ਨੂੰ ਗਲ ਵਿਚ ਹਾਰ ਵਾਂਙ ਪਹਿਨਿਆ ਜਾਵੇ ਤਾਂ ਇਹ ਵਿਧੀ 'ਨਿਵੀਤੀ' ਅਖਵਾਉਂਦੀ ਹੈ। ਉਪਨਯਨ ਸੰਸਕਾਰ ਨੂੰ 'ਉਣੇਤ' ਜਾਂ 'ਭੱਦਣੁ ਉਣੇਤ' ਵੀ ਕਹਿੰਦੇ ਹਨ।

### (ੳ–104) **ਉਪਨਾਮ** :

ਮੂਲ ਨਾਉਂ ਤੋਂ ਵੱਖਰਾ ਕੋਈ ਹੋਰ ਨਾਉਂ ਜੋ ਆਦਿਮ ਜਾਤੀਆਂ ਦੇ ਲੋਕ ਜਾਦੂ ਟੂਣੇ ਦੇ ਅਸਰ ਤੋਂ ਬਚਣ ਲਈ ਧਾਰਨ ਕਰਦੇ ਸਨ। ਆਪਣੇ ਅਸਲੀ ਨਾਂ ਨੂੰ ਉਹ ਛੁਪਾ ਕੇ ਰਖਦੇ ਸਨ ਕਿਉਂ ਜੋ ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਟੂਣੇ ਦੁਆਰਾ ਨਾਮ ਤੋਂ ਨਾਮੀਂ ਤਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਅਤੇ ਉਸ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ।

ਛੋਟੇ ਬੱਚਿਆਂ ਦੇ ਲਾਡ ਮਲ੍ਹਾਰ ਦੇ ਨਾਵਾਂ ਨੂੰ ਵੀ ਉਪਨਾਮ ਕਹਿੰਦੇ ਹਨ। ਨਾਮ ਸੰਸਕਾਰ ਵੇਲੇ ਜੋ ਨਾਉਂ ਵਿਧੀ ਪੂਰਵਕ ਰਖਿਆ ਜਾਂਦਾ ਹੈ, ਉਹ ਬੱਚੇ ਦਾ ਅਸਲੀ ਨਾਉਂ ਹੁੰਦਾ ਹੈ, ਬਾਕੀ ਸਭ ਨਾਉਂ ਉਪਨਾਮ ਦੇ ਤੌਰ ਉਤੇ ਚਲਦੇ ਰਹਿੰਦੇ ਹਨ।

ਕਵੀਆਂ ਵਿਚ ਵੀ ਪ੍ਰਥਾ ਹੈ ਕਿ ਉਹ ਆਪਣੇ ਮੂਲ ਨਾਉਂ ਨਾਲੋਂ ਵੱਖਰਾ ਨਾਂ ਆਪਣੇ ਸੁਭਾਵ, ਪ੍ਰਵਿਰਤੀ ਜਾਂ ਆਦਰਸ਼ ਅਨੁਸਾਰ ਧਾਰਨ

ਕਰ ਲੈਂਦੇ ਹਨ, ਇਸ ਨਾਉਂ ਨੂੰ ਵੀ ਉਪਨਾਮ ਕਹਿੰਦੇ ਹਨ। ਇਸ ਨਾਉਂ ਨੂੰ ਉਹ ਆਪਣੇ ਰਚੇ ਕਾਵਿ-ਬੰਦਾਂ ਦੇ ਅੰਤਲੇ ਸ਼ਿਅਰਾਂ ਵਿਚ ਮੁਹਰ ਦੇ ਰੂਪ ਵਿਚ ਵਰਤਦੇ ਹਨ, ਜਿਸ ਤੋਂ ਗਿਆਨ ਹੋ ਜਾਂਦਾ ਹੈ ਕਿ ਅਮੁਕਾ ਬੰਦ ਕਿਸ ਕਵੀ ਦੀ ਰਚਨਾ ਹੈ। ਕਈ ਵਾਰ ਉਪਨਾਮ ਅਸਲੀ ਨਾਉਂ ਤੋਂ ਬਿਲਕੁਲ ਅਡਰਾ ਹੁੰਦਾ ਹੈ, ਜਿਵੇਂ ਧਨੀ ਰਾਮ 'ਚਾਤ੍ਰਿਕ', ਪ੍ਰੀਤਮ ਸਿੰਘ 'ਸਫ਼ੀਰ' ਅਤੇ ਗੁਪਾਲ ਸਿੰਘ 'ਦਰਦੀ' ਦੇ ਨਾਵਾਂ ਵਿਚ 'ਚਾਤ੍ਰਿਕ', 'ਸਫ਼ੀਰ' ਅਤੇ 'ਦਰਦੀ' ਆਦਿ ਉਪਨਾਮ ਮੂਲ ਨਾਉਂ ਨਾਲੋਂ ਬਿਲਕੁਲ ਵੱਖਰੇ ਹਨ। ਕਈ ਵਾਰ ਉਪਨਾਮ ਨਾਉਂ ਦੇ ਕਿਸੇ ਅੰਸ਼ ਤੋਂ ਹੀ ਘੜ ਲਿਆ ਜਾਂਦਾ ਹੈ ਜਿਵੇਂ ਬਲਜੀਤ ਸਿੰਘ 'ਬਲੀ', ਜਸਵੰਤ ਸਿੰਘ 'ਜਸ'। ਕੁਝ ਕਵੀ ਆਪਣੇ ਮੂਲ ਨਾਉਂ ਦੇ ਅੰਸ਼ ਨੂੰ ਹੀ ਉਪਨਾਮ ਦੇ ਰੂਪ ਵਿਚ ਵਰਤਦੇ ਹਨ ਜਿਵੇਂ ਵਾਰਸ ਸ਼ਾਹ ਆਪਣੀ ਕਵਿਤਾ ਦੇ ਬੰਦਾਂ ਵਿਚ 'ਵਾਰਸ' ਸ਼ਬਦ ਦਾ ਪ੍ਰਯੋਗ ਕਰਦਾ ਹੈ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਨਾਨਕ ਨਾਮ ਦੀ ਮੁਹਰ ਛਾਪ ਲਗਾਈ ਹੈ, ਕੋਈ ਵੱਖਰਾ ਉਪਨਾਮ ਨਹੀਂ ਵਰਤਿਆ। ਪਰ ਉਨ੍ਹਾਂ ਤੋਂ ਮਗਰੋਂ ਦੂਜੇ ਗੁਰੂ ਸਾਹਿਬਾਨ ਨੇ ਆਪਣੇ ਨਾਂ ਦੀ ਥਾਂ 'ਨਾਨਕ' ਨਾਮ ਦਾ ਉਪਨਾਮ ਹੀ ਵਰਤਿਆ ਹੈ ਕਿਉਂ ਜੋ ਉਹ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਦੀ ਹੀ ਜੋਤ ਮੰਨਦੇ ਸਨ। ਭਾਈ ਗੁਰਦਾਸ ਆਦਿ ਕਈ ਮੱਧਕਾਲੀ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਕਿਸੇ ਨਾਮ ਜਾਂ ਉਪਨਾਮ ਦੀ ਵਰਤੋਂ ਨਹੀਂ ਕੀਤੀ।

ਉਪਨਾਮ ਦੀ ਵਰਤੋਂ ਦਾ ਬਹੁਤਾ ਰਵਾਜ ਉਰਦੂ ਸ਼ਾਇਰੀ ਦੇ ਪ੍ਰਭਾਵ ਹੇਠ ਪਿਆ ਅਤੇ ਅੰਗੇਜ਼ੀ ਰਾਜ ਦੇ ਸਮੇਂ ਕਾਫ਼ੀ ਮਾਤਰਾ ਵਿਚ ਪ੍ਰਚਲਤ ਰਿਹਾ। ਹੁਣ ਉਪਨਾਮਾਂ ਦਾ ਰਵਾਜ ਬਹੁਤ ਘਟ ਗਿਆ ਹੈ।

## (ੳ-105) **ਉਪ-ਪੁਰਾਣ** :

ਛੋਟੇ ਜਾਂ ਘਟ ਮਾਨਤਾ ਵਾਲੇ ਪੁਰਾਣ। ਇਨ੍ਹਾਂ ਦੀ ਮੂਲ ਗਿਣਤੀ ਅਤੇ ਨਾਵਾਂ ਬਾਰੇ ਕਾਫ਼ੀ ਮਤਭੇਦ ਹੈ, ਪਰ ਮਹਾਂ ਪੁਰਾਣਾਂ ਵਾਂਗ ਉਪ-ਪੁਰਾਣਾਂ ਦੀ ਸੰਖਿਆ ਵੀ ਅਠਾਰਾਂ ਮੰਨ ਲਈ ਗਈ ਹੈ। ਉਪ-ਪੁਰਾਣਾਂ ਦੀਆਂ ਸੂਚੀਆਂ ਗਰੁੜ ਪੁਰਾਣ, ਕੂਰਮ ਪੁਰਾਣ, ਦੇਵੀ ਭਾਗਵਤ, ਪਦਮ ਪੁਰਾਣ, ਬ੍ਰਹਮ ਵੈਵਰਤ, ਸਕੰਦ ਆਦਿ ਪੁਰਾਣਾਂ ਵਿਚ ਦਿਤੀਆਂ ਮਿਲਦੀਆਂ ਹਨ। ਪਰ ਇਹ ਸੂਚੀਆਂ ਇਕ ਸਾਰ ਨਹੀਂ। ਕੁਝ ਸੂਚੀਆਂ ਵਿਚ ਕੂਰਮ ਅਤੇ ਸਕੰਦ ਆਦਿ ਮਹਾਂ ਪੁਰਾਣਾਂ ਨੂੰ ਅਤੇ ਰਾਮਾਇਣ ਵਰਗੇ ਮਹਾਂਕਾਵਿ ਨੂੰ ਵੀ ਉਪ-ਪੁਰਾਣਾਂ ਵਿਚ ਗਿਣ ਲਿਆ ਗਿਆ ਹੈ। ਇਨ੍ਹਾਂ ਸਭ ਸੂਚੀਆਂ ਨੂੰ ਮਿਲਾਣ ਨਾਲ ਉਪ-ਪੁਰਾਣਾਂ ਦੀ ਗਿਣਤੀ 32 ਤਕ ਜਾ ਪਹੁੰਚਦੀ ਹੈ, ਪਰ ਪਰੰਪਰਾ ਨੇ ਉਪ-ਪੁਰਾਣਾਂ ਦੀ ਗਿਣਤੀ ਅਠਾਰਾਂ ਤਕ ਹੀ ਸੀਮਤ ਰਖੀ ਹੈ। ਪ੍ਰਸਿੱਧ ਉਪ-ਪੁਰਾਣ ਇਹ ਮੰਨੇ ਗਏ ਹਨ :—

ਉਸ਼ਨਸ (ਔਸ਼ਨਸ), ਸਨਤ ਕੁਮਾਰ, ਸ਼ਾਂਬ, ਸ਼ਿਵ, ਕਾਪਿਲ, ਕਾਲਿਕਾ, ਗਣੇਸ਼, ਗੌਤਮ, ਦੁਰਵਾਸਾ, ਆਦਿਤਯ (ਜਾਂ ਸੌਰ), ਦੇਵੀ ਭਾਗਵਤ, ਨਰਸਿੰਹ, ਨਾਰਦੀਯ, ਨੰਦੀ, ਪਾਰਾਸ਼ਰ, ਮਹੇਸ਼ਵਰ, ਮਾਰੀਚ, ਵਾਰੁਣ।

## (ੳ-106) **ਉਪਰਲੀ ਦੰਦੀ** :

ਦੰਦ ਕੱਢਣ ਵੇਲੇ ਜੇ ਬੱਚਾ ਪਹਿਲਾਂ ਉਪਰਲੀ ਦੰਦੀ ਕੱਢੇ ਤਾਂ ਇਹ ਮਾਮੇ ਉਤੇ ਭਾਰੀ ਸਮਝੀ ਜਾਂਦੀ ਹੈ। ਧਨੀ-ਪੋਠੋਹਾਰ ਵਿਚ ਮੰਦੇ ਅਸਰ ਤੋਂ ਬਚਣ ਲਈ ਇਹ ਉਪਾ ਪ੍ਰਚਲਤ ਹੈ : ਬੱਚੇ ਦਾ ਵੱਡਾ ਮਾਮਾ ਜਦੋਂ ਪਹਿਲੀ ਵਾਰ ਉਸ ਬੱਚੇ ਦੇ ਮੱਥੇ ਲੱਗਦਾ ਹੈ ਤਾਂ ਉਹ ਚਾਂਦੀ ਦੀ ਕਟੋਰੀ ਬੱਚੇ ਦੀ ਦੰਦੀ ਨਾਲ ਠਕੋਰਦਾ ਹੋਇਆ ਖੋਪੇ ਨੂੰ ਚਿਥ ਕੇ ਬੱਚੇ ਦੇ ਮੂੰਹ ਉਤੇ ਫੜੂਕਦਾ ਹੈ। ਦੁਆਬੇ ਵਿਚ (ਪੰਜਾਬ, 169) ਜੇ ਬੱਚੇ ਨੇ ਉਪਰਲੀ ਦੰਦੀ ਕੱਢੀ ਹੋਵੇ ਤਾਂ ਉਸ ਦਾ ਮਾਮਾ ਇਕ ਨੂਠੀ, ਚਾਂਦੀ ਜਾਂ ਤਾਂਬੇ ਦੀ ਇਕ ਕਟੋਰੀ, ਇਕ ਗਜ਼ ਕਪੜਾ, ਚਾਰ ਮੇਖਾਂ, ਸਵਾ ਸੇਰ ਚਾਉਲ ਅਤੇ ਸੱਤ ਪੈਸੇ ਆਦਿ ਲੈ ਕੇ ਆਉਂਦਾ ਹੈ ਅਤੇ ਪਿੰਡ ਦੇ ਬਾਹਰ ਬੰਨੇ ਉਤੇ ਆ ਬੈਠਦਾ ਹੈ। ਮੁੰਡੇ ਦੀ ਮਾਂ ਵੀ ਮੁੰਡੇ ਨੂੰ ਲੈ ਕੇ ਉਥੇ ਪਹੁੰਚਦੀ ਹੈ। ਮਾਮਾ ਬਿਨਾਂ ਕਿਸੇ ਨਾਲ ਬੋਲੇ ਮੌਨ ਅਵਸਥਾ ਵਿਚ ਨੂਠੀ ਚਬਾ ਕੇ ਬੱਚੇ ਦੇ

ਮੂੰਹ ਵਿਚ ਫੜੂਕਦਾ ਹੈ। ਫਿਰ ਕਟੋਰੀ ਅਤੇ ਬਾਕੀ ਚੀਜ਼ਾਂ ਬੰਨੇ ਉਤੇ ਹੀ ਦੱਬ ਕੇ ਘਰ ਵਾਪਸ ਚਲਾ ਜਾਂਦਾ ਹੈ।

(ੳ-107) **ਉਪ-ਬੋਲੀ** :

ਕਿਸੇ ਸੀਮਤ ਖੇਤਰ ਵਿਚ ਪ੍ਰਚਲਤ ਉਹ ਲੋਕ-ਬੋਲੀ ਜੋ ਸੁਭਾਵ ਅਤੇ ਚਰਿੱਤ੍ਰ ਵਿਚ ਕਿਸੇ ਵਡੇਰੇ ਖੰਡ ਦੀ ਪ੍ਰਧਾਨ ਬੋਲੀ ਦੀ ਹੀ ਤਰੰਗ ਹੋਵੇ, ਪਰ ਉਹ ਭੂਗੋਲਿਕ ਸਥਿਤੀ ਅਤੇ ਵੱਖਰੇ ਸਮਾਜਿਕ ਗੁਟਾਂ ਕਾਰਨ ਉਚਾਰਣ, ਵਿਆਕਰਣਿਕ ਬਣਤਰਾਂ ਅਤੇ ਸ਼ਬਦਾਵਲੀ ਵਿਚ ਕੁਝ ਨਵੇਕਲੀਆਂ ਵਿਸ਼ੇਸ਼ਤਾਈਆਂ ਧਾਰਨ ਕਰ ਗਈ ਹੋਵੇ। ਹਰ ਵਡੇਰਾ ਖੰਡ ਕੁਝ ਛੋਟੇ ਭੂਗੋਲਿਕ ਖੇਤਰਾਂ ਵਿਚ ਵੰਡਿਆ ਹੁੰਦਾ ਹੈ, ਜਿਨ੍ਹਾਂ ਵਿਚ ਵੱਖੋ ਵੱਖਰੀਆਂ ਕੌਮਾਂ ਅਥਵਾ ਕਬੀਲੇ ਵਸਦੇ ਹਨ। ਪ੍ਰਾਚੀਨ ਯੁਗ ਅਤੇ ਮੱਧਕਾਲ ਵਿਚ ਵੱਖੋ ਵੱਖਰੇ ਗੁਟਾਂ ਦਾ ਆਪੋ ਵਿਚ ਸੰਪਰਕ ਬਹੁਤ ਘਟ ਸੀ, ਜਿਸ ਕਰ ਕੇ ਉਨ੍ਹਾਂ ਦੀ ਬੋਲੀ ਸਥਾਨਿਕ ਅਤੇ ਸਮਾਜਿਕ ਭੇਦ ਕਾਰਨ, ਵਡੇਰੀ ਪ੍ਰਚਲਤ ਭਾਸ਼ਾ ਨਾਲੋਂ ਵੱਖਰਾ ਇਲਾਕਾਈ ਰੂਪ ਧਾਰਨ ਕਰ ਗਈ। ਬੋਲੀ ਦੇ ਇਸੇ ਇਲਾਕਾਈ ਭੇਦ ਨੂੰ ਉਪ-ਬੋਲੀ ਕਹਿੰਦੇ ਹਨ।

ਪੰਜਾਬੀ ਵਿਚ ਅਖਾਣ ਹੈ ਕਿ ਬਾਰਾਂ ਕੋਹਾਂ ਉਤੇ ਬੋਲੀ ਬਦਲ ਜਾਂਦੀ ਹੈ। ਪੁਰਾਣੇ ਵੇਲਿਆਂ ਵਿਚ ਇਹ ਗੱਲ ਦਰੁਸਤ ਸੀ। ਦੋ ਵਿਭਿੰਨ ਇਲਾਕਿਆਂ ਵਿਚ ਮੇਲ-ਜੋਲ ਘਟ ਹੋਣ ਕਰ ਕੇ ਉਥੋਂ ਦੇ ਲੋਕਾਂ ਦੇ ਉਚਾਰਨ ਅਤੇ ਸ਼ਬਦਾਵਲੀ ਵਿਚ ਅੰਤਰ ਇਕ ਸੁਭਾਵਕ ਕ੍ਰਮ ਸੀ। ਪਰ ਅੱਜ ਮੇਲ-ਜੋਲ ਦੇ ਸਾਧਨ ਵਧ ਜਾਣ ਨਾਲ ਉਪ-ਬੋਲੀਆਂ ਵਿਚ ਵਖੇਵੇਂ ਘਟਦੇ ਜਾ ਰਹੇ ਹਨ।

ਉਪ-ਬੋਲੀ ਵਿਚ ਜੋ ਅਚੇਤ ਅਤੇ ਸਹਿਜ ਰੂਪ ਵਿਚ ਸਾਹਿੱਤ ਪੈਦਾ ਹੁੰਦਾ ਹੈ, ਉਹ ਲੋਕ-ਸਾਹਿੱਤ ਹੈ। ਪੰਜਾਬੀ ਵਿਚ ਮੁਲਤਾਨੀ ਤੋਂ ਛੁਟ ਹੋਰ ਕਿਸੇ ਉਪ-ਬੋਲੀ ਵਿਚ ਵਿਸ਼ਿਸ਼ਟ ਸਾਹਿੱਤ ਨਹੀਂ ਰਚਿਆ ਗਿਆ। ਬਾਕੀ ਸਭਨਾਂ ਵਿਚ ਕੇਵਲ ਲੋਕ-ਸਾਹਿੱਤ ਹੀ ਮਿਲਦਾ ਹੈ। ਪੰਜਾਬੀ ਦੀ ਉਪਭਾਖਾ ਡੋਗਰੀ ਵਿਚ ਦੇਸ਼ ਵੰਡ ਤੋਂ ਬਾਅਦ ਕੁਝ ਵਿਸ਼ਿਸ਼ਟ ਸਾਹਿੱਤ, ਡੋਗਰੀ ਦੀ ਵੱਖਰੀ ਹੋਂਦ ਸਿੱਧ ਕਰਨ ਲਈ, ਚੇਤੰਨ ਰੂਪ ਵਿਚ ਰਚਿਆ ਗਿਆ ਹੈ।

ਸਾਹਿੱਤਕ ਬੋਲੀ ਦਾ ਲੋਕ-ਬੋਲੀ ਨਾਲ ਸਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਉਪ-ਬੋਲੀਆਂ ਸਾਹਿੱਤਕ ਬੋਲੀ ਨੂੰ ਜੀਵਨ ਅਤੇ ਸਮ੍ਰਿਧੀ ਬਖ਼ਸ਼ਦੀਆਂ ਹਨ। ਜਦੋਂ ਦੋਹਾਂ ਬੋਲੀਆਂ ਵਿਚ ਤਾਲ-ਮੇਲ ਮੁਕ ਜਾਂਦਾ ਹੈ ਤਾਂ ਸਾਹਿੱਤਕ ਬੋਲੀ ਜੜ੍ਹ ਰੂਪ ਹੋ ਜਾਂਦੀ ਹੈ ਅਤੇ ਲੋਕ-ਬੋਲੀ ਨਵੀਂ ਸਾਹਿੱਤਕ ਬੋਲੀ ਨੂੰ ਜਨਮ ਦੇਂਦੀ ਹੈ। ਜਦੋਂ ਪੰਜਾਬ ਵਿਚ ਅਪਭ੍ਰੰਸ਼ ਲੋਕਾਂ ਨਾਲ ਤਾਲ-ਮੇਲ ਟੁਟ ਜਾਣ ਕਾਰਨ ਜੜ੍ਹ ਹੋ ਗਈ ਤਾਂ ਇਥੋਂ ਦੀ ਲੋਕ-ਬੋਲੀ ਵਿਚੋਂ ਪੰਜਾਬੀ ਬੋਲੀ ਉਦੈ ਹੋਈ। ਇਸ ਲਈ ਲੋਕ-ਬੋਲੀ ਹੀ ਨਵੀਂ ਬੋਲੀ ਦੀ ਜਨਮ-ਦਾਤੀ ਅਤੇ ਸਿਰਜਨਹਾਰ ਰਹੀ ਹੈ। ਲੋਕ-ਬੋਲੀ ਅਤੇ ਉਪ-ਬੋਲੀ ਇਕੋ ਸਿਕੇ ਦੇ ਦੋ ਪਾਸੇ ਹਨ।

ਪੰਜਾਬ ਵਿਚ ਅਨੇਕਾਂ ਉਪ-ਬੋਲੀਆਂ ਪ੍ਰਚਲਤ ਹਨ। ਉਪ-ਬੋਲੀਆਂ ਦੇ ਉਤਪੰਨ ਹੋਣ ਦੇ ਦੋ ਵੱਡੇ ਕਾਰਨ ਹਨ – ਇਕ ਸਮਾਜਿਕ ਅਤੇ ਦੂਜਾ ਭੂਗੋਲਿਕ। ਪੰਜਾਬ ਵਿਚ ਮੱਧਕਾਲ ਵਿਚ ਅਨੇਕਾਂ ਕਬੀਲੇ, ਜਾਤਾਂ, ਗੋਤਾਂ ਵਸਦੀਆਂ ਸਨ ਜਿਨ੍ਹਾਂ ਦਾ ਆਪਣਾ ਵੱਖਰਾ ਸਮਾਜਿਕ ਚਰਿੱਤ੍ਰ ਅਤੇ ਰਸਮਾਂ ਰੀਤਾਂ ਸਨ। ਇਕ ਖ਼ਾਸ ਭੂਗੋਲਿਕ ਖੇਤਰ ਵਿਚ ਇਕੋ ਕਬੀਲੇ ਜਾਂ ਗੋਤ ਦੇ ਲੋਕ ਬਹੁਤੀ ਮਾਤਰਾ ਵਿਚ ਵਸਦੇ ਹੋਣ ਕਰ ਕੇ ਉਥੋਂ ਦੀ ਬੋਲੀ ਕਬੀਲੇ ਦੇ ਸੁਭਾਵ ਅਤੇ ਸਮਾਜਿਕ ਚਰਿੱਤ੍ਰ ਅਨੁਸਾਰ ਵੱਖਰਾ ਚਰਿੱਤ੍ਰ ਧਾਰਦੀ ਰਹੀ ਅਤੇ ਉਨ੍ਹਾਂ ਦੀ ਬੋਲੀ ਕਬੀਲੇ ਦੇ ਨਾਂ ਉਤੇ ਹੀ ਪ੍ਰਚਲਤ ਹੋ ਗਈ।

ਪੰਜਾਬ ਦੀਆਂ ਹੇਠ ਲਿਖੀਆਂ ਉਪ-ਬੋਲੀਆਂ ਦੇ ਨਾਂ ਕਬੀਲਿਆਂ ਉਤੇ ਰਖੇ ਗਏ :—

(1) ਅਵਾਣਕਾਰੀ : ਤਲਾਗੰਗ ਤਹਿਸੀਲ ਦੀ ਬੋਲੀ, ਜਿਸ ਦਾ ਸੰਬੰਧ 'ਅਵਾਣ' ਕਬੀਲੇ ਨਾਲ ਸੀ।

(2) ਕੈੜਿਆਲੀ : ਕੋਹਮਰੀ ਦੀ ਬੋਲੀ, ਜਿਸ ਦਾ ਨਾਂ 'ਕੈੜਿਆਲ' ਕਬੀਲੇ ਤੋਂ ਪਿਆ।

(3) ਘੇਬੀ : ਪਿੰਡੀ ਘੇਬ (ਜ਼ਿਲਾ ਅੱਟਕ) ਦੀ ਬੋਲੀ, ਜਿਸ ਦਾ ਸੰਬੰਧ 'ਘੇਬ' ਕਬੀਲੇ ਨਾਲ ਸੀ। ਇਹ ਅਵਾਣਕਾਰੀ ਦੀ ਇਕ ਸ਼ਾਖ਼ ਹੈ।

(4) ਚਿਭਾਲੀ : ਪੋਠੋਹਾਰੀ ਦੀ ਇਕ ਵੰਨਗੀ ਜੋ ਭਿੰਬੋਰ, ਮੁਜ਼ਫ਼ਰਾਬਾਦ (ਕਸ਼ਮੀਰ) ਅਤੇ ਕੋਹਮਰੀ ਦੇ ਇਲਾਕੇ ਵਿਚ ਬੋਲੀ ਜਾਂਦੀ ਹੈ। ਇਸ ਦਾ ਇਹ ਨਾਂ 'ਚਿਭਾਲ' ਕਬੀਲੇ ਤੋਂ ਪਿਆ।

(5) ਢੂੰਡੀ : ਪੋਠੋਹਾਰੀ ਦੀ ਇਕ ਕਿਸਮ ਜੋ ਕੋਹਮਰੀ ਦੇ ਪਹਾੜੀ ਇਲਾਕੇ ਵਿਚ ਬੋਲੀ ਜਾਂਦੀ ਹੈ। ਇਸ ਦਾ ਸੰਬੰਧ 'ਢੂੰਡ' ਕਬੀਲੇ ਨਾਲ ਹੈ।

(6) ਪੋਠੋਹਾਰੀ : ਪੋਠੋਹਾਰ ਦੇ ਇਲਾਕੇ ਦੀ ਉਪ-ਬੋਲੀ, ਜਿਸ ਦਾ ਇਹ ਨਾਉਂ 'ਪੋਠ' ਕਬੀਲੇ ਤੋਂ ਪਿਆ।

(7) ਡੋਗਰੀ : ਪੰਜਾਬੀ ਦੀ ਇਕ ਉਪ-ਬੋਲੀ, ਜਿਸ ਨੇ ਜੰਮੂ ਦੇ ਡੋਗਰਾ ਕਬੀਲੇ ਤੋਂ ਇਹ ਨਾਂ ਗ੍ਰਹਿਣ ਕੀਤਾ।

(8) ਨਿਸਵਾਨੀ : 'ਜਟਕੀ' ਦੀ ਇਕ ਕਿਸਮ ਜੋ ਝੰਗ ਜ਼ਿਲੇ ਦੇ ਪੂਰਬੀ ਖੇਤਰ ਵਿਚ ਬੋਲੀ ਜਾਂਦੀ ਹੈ। ਇਸ ਦੇ ਨਾਉਂ ਦਾ ਸੰਬੰਧ ਨਿਸਵਾਣ ਕਬੀਲੇ ਨਾਲ ਹੈ।

(9) ਤਿਨੋਲੀ : ਲਹਿੰਦੀ ਦਾ ਇਕ ਰੂਪ; ਇਸ ਦੇ ਨਾਂ ਦਾ ਸੰਬੰਧ ਤਨਾਵਲੀ ਕਬੀਲੇ ਨਾਲ ਹੈ ਜੋ ਹਜ਼ਾਰੇ ਦੇ ਪੱਛਮੀ ਖੇਤਰ ਵਿਚ ਤਨਾਵਲੀ ਦੀਆਂ ਪਹਾੜੀਆਂ ਵਿਚ ਵਸਦਾ ਹੈ।

(10) ਗੁਜਰੀ : ਹਜ਼ਾਰਾ ਜ਼ਿਲੇ ਦੇ ਧੁਰ ਉਤਰੀ ਖੇਤਰ ਵਿਚ ਗੁਜਰ ਕਬੀਲੇ ਦੀ ਬੋਲੀ।

(11) ਖੇਤਰਾਣੀ : ਲਹਿੰਦੀ ਦਾ ਇਕ ਰੂਪ ਜੋ ਡੇਰਾ ਗ਼ਾਜ਼ੀਖ਼ਾਨ ਵਿਚ ਬੋਲਿਆ ਜਾਂਦਾ ਹੈ। ਇਸ ਦੇ ਨਾਂ ਦਾ ਸੰਬੰਧ 'ਖੇਤਰਾਣ' ਕਬੀਲੇ ਨਾਲ ਹੈ।

ਇਸੇ ਤਰ੍ਹਾਂ ਭਾਰਤੀ ਪੰਜਾਬ ਵਿਚ ਰਾਠੀ, ਬਾਗੜੀ, ਭਟਿਆਲੀ ਆਦਿ ਉਪ-ਬੋਲੀਆਂ ਦੇ ਨਾਂਵਾਂ ਦਾ ਸੰਬੰਧ ਰਾਜਪੂਤੀ ਕਬੀਲਿਆਂ ਨਾਲ ਹੈ।

ਦੂਜੇ ਵਰਗ ਦੀਆਂ ਉਪ-ਬੋਲੀਆਂ ਦਾ ਸੰਬੰਧ ਭੂਗੋਲਿਕ ਸਥਿਤੀ ਨਾਲ ਹੈ। ਧਨੀ, ਸਵਾਈਂ, ਸ਼ਾਹਪੁਰੀ, ਝਾਂਗੀ, ਡੇਰਾਵਲੀ, ਥਲੀ, ਮੁਲਤਾਨੀ, ਬਹਾਵਲਪੁਰੀ, ਜਾਂਗਲੀ, ਬਾਰ ਦੀ ਬੋਲੀ, ਮਾਝੀ, ਮਲਵੱਈ, ਦੁਆਬੀ, ਚੰਮਿਆਲੀ, ਕਾਂਗੜੀ, ਕੰਢਿਆਲੀ, ਪਵਾਧੀ ਆਦਿ ਉਪ-ਬੋਲੀਆਂ ਦਾ ਸੰਬੰਧ ਭਿੰਨ ਭਿੰਨ ਖੇਤਰਾਂ ਨਾਲ ਹੈ। ਲਹਿੰਦੇ ਦੇ ਖੇਤਰ ਦੀਆਂ ਸਾਰੀਆਂ ਉਪ-ਬੋਲੀਆਂ ਲਹਿੰਦੀ ਦੇ ਨਾਂ ਹੇਠ ਪ੍ਰਚਲਤ ਹਨ ਜਿਹਾ ਕਿ ਪੋਠੋਹਾਰੀ, ਧਨੀ, ਮੁਲਤਾਨੀ, ਝਾਂਗੀ, ਅਵਾਣਕਾਰੀ ਆਦਿ।

ਮਾਝੀ ਨੂੰ ਪੰਜਾਬ ਦੀ ਟਕਸਾਲੀ ਬੋਲੀ ਪ੍ਰਵਾਨ ਕੀਤਾ ਗਿਆ ਹੈ। ਇਹ ਮਾਝੇ ਦੇ ਇਲਾਕੇ — ਲਾਹੌਰ, ਗੁਜਰਾਂਵਾਲਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲਿਆਂ ਦੀ ਬੋਲੀ ਹੈ। ਪੰਜਾਬੀ ਦਾ ਬਹੁਤਾ ਸਾਹਿੱਤ ਇਸੇ ਬੋਲੀ ਵਿਚ ਰਚਿਆ ਗਿਆ।

ਪੰਜਾਬੀ ਦੀ ਹਰੇਕ ਉਪ-ਬੋਲੀ ਵਿਚ ਕਾਫ਼ੀ ਮਾਤ੍ਰਾ ਵਿਚ ਲੋਕ-ਸਾਹਿੱਤ ਮਿਲਦਾ ਹੈ, ਪਰ ਇਸ ਨੂੰ ਇਕਤ੍ਰ ਕਰਨ ਦੇ ਯਤਨ ਅਜੇ ਤਕ ਕਿਸੇ ਵੀ ਪਧਰ ਤੇ ਨਹੀਂ ਹੋਏ।

(ੳ-108) **ਉਪਲ** :

ਖੱਤਰੀਆਂ ਦੀ ਇਕ ਗੋਤ। ਇਸ ਗੋਤ ਦੇ ਮੁੱਢ ਬਾਰੇ ਇਕ ਰਵਾਇਤ ਇਉਂ ਪ੍ਰਚਲਤ ਹੈ :— ਇਕ ਖਤਰਾਣੀ ਆਪਣੇ ਬੱਚੇ ਨੂੰ ਜੰਮਣ ਉਪਰੰਤ ਉਪਲੇ (ਸੁਕੀਆਂ ਪਾਥੀਆਂ) ਦੇ ਢੇਰ ਵਿਚ ਛੁਪਾ ਆਈ। ਬੱਚੇ ਦੇ ਰੋਣ ਕੁਰਲਾਣ ਦੀ ਆਵਾਜ਼ ਸੁਣ ਕੇ ਕਿਸੇ ਧਰਮੀ ਨੇ ਬੱਚੇ ਨੂੰ ਗੋਹਿਆਂ ਵਿਚੋਂ ਕੱਢ ਕੇ ਪਾਲਿਆ। ਪਾਥੀਆਂ ਦੇ ਢੇਰ ਵਿਚੋਂ ਲੱਭਾ ਹੋਣ ਕਰ ਕੇ ਬੱਚੇ ਦਾ ਨਾਂ 'ਉਪਲ' ਰਖਿਆ ਗਿਆ। ਇਸੇ ਬੱਚੇ ਦੀ ਵੰਸ਼ 'ਉਪਲ' ਦੇ ਨਾਉਂ ਨਾਲ ਪ੍ਰਸਿਧ ਹੋਈ।

ਸੰਸਕ੍ਰਿਤ ਵਿਚ 'ਉਪਲ' ਸ਼ਬਦ ਦਾ ਅਰਥ 'ਪੱਥਰ' ਹੈ। 'ਉੱਪਲਾਂ' ਵਿਚ ਇਕ ਹੋਰ ਦੰਦ-ਕਥਾ ਵੀ ਪ੍ਰਚਲਤ ਹੈ ਜੋ ਸ਼ਬਦ ਵਿਉਤਪੱਤੀ ਉਤੇ ਆਧਾਰਤ ਜਾਪਦੀ ਹੈ। ਇਹ ਦੰਦ-ਕਥਾ ਉਪਰੋਕਤ ਕਥਾ ਦਾ ਹੀ ਬਦਲਿਆ ਰੂਪ ਹੈ। ਇਸ ਕਥਾ ਅਨੁਸਾਰ ਕੋਈ ਸ਼ਖ਼ਸ਼ ਆਪਣੇ ਕਿਸੇ ਦੁਸ਼ਮਣ ਦਾ ਬੱਚਾ ਚੁਰਾ ਕੇ ਵੈਰ ਭਾਵ ਨਾਲ ਜੰਗਲ ਵਿਚ ਸੁਟ ਕੇ ਉਸ ਦੀ ਛਾਤੀ ਉਤੇ ਭਾਰੀ ਪੱਥਰ ਰਖ

ਆਇਆ। ਕਿਸੇ ਸਾਈਂ ਫ਼ਕੀਰ ਨੇ ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਉਸ ਨੂੰ ਪੱਥਰ ਹੇਠੋਂ ਕੱਢਿਆ ਅਤੇ ਪਾਲ ਪੋਸ ਕੇ ਵੱਡਾ ਕੀਤਾ। ਭਾਰੀ ਪੱਥਰ ਹੇਠੋਂ ਲੱਭਣ ਕਾਰਨ ਫ਼ਕੀਰ ਨੇ ਇਸ ਬੱਚੇ ਦਾ ਨਾਉਂ 'ਉਪਲ' ਰਖਿਆ।

ਉਪਲ ਜਾਤੀ ਬਾਰੇ ਗਲਾਸਰੀ. (2,526) ਵਿਚ ਲਿਖਿਆ ਹੈ : "ਉਪਲ ਦੇ ਅਰਥ ਪੱਥਰ ਦਸੇ ਜਾਂਦੇ ਹਨ। ਇਸ ਗੋਤ ਦੇ ਹਿੰਦੂ ਭਦਣ ਰੀਤੀ ਉਦੋਂ ਕਰਦੇ ਹਨ ਜਦੋਂ ਇਨ੍ਹਾਂ ਦੇ ਗੁਰੂ ਆਨੰਦਪੁਰ ਤੋਂ ਇਨ੍ਹਾਂ ਵਲ ਫੇਰਾ ਮਾਰਦੇ ਹਨ। ਹਰੇਕ ਗੁਰੂ ਨੂੰ ਸਵਾ ਰੁਪਿਆ ਦੱਖਸ਼ਣਾ ਦਿਤੀ ਜਾਂਦੀ ਹੈ ਅਤੇ ਉਹ ਇਕ ਛੋਟੀ ਪਗੜੀ ਦੀ ਬਖ਼ਸ਼ਿਸ਼ ਕਰਦਾ ਹੈ। ਬੱਚੇ ਦੇ ਜਨਮ ਤੋਂ ਥੋੜੇ ਦਿਨ ਪਿਛੋਂ ਬੱਚੇ ਦੀ ਮਾਂ ਉਸ ਨੂੰ ਪਿੰਡੋਂ ਬਾਹਰ ਸਤੀ ਦੇ ਅਸਥਾਨ ਉਤੇ ਲੈ ਜਾਂਦੀ ਹੈ। ਫਿਰ ਬਾਬਾ ਲਾਲ ਦੀ ਮਜ਼ਾਰ ਉਤੇ ਜਿਸ ਨੂੰ ਮੁਸਲਮਾਨ ਸ਼ਾਹ ਕਮਾਲ ਕਹਿੰਦੇ ਹਨ। ਦੋਹੀਂ ਥਾਈਂ ਭਗੂਰਾਂ (ਕੁੱਟੇ ਚਾਵਲਾਂ) ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਬੱਚੇ ਦੇ ਮੁੰਡਨ ਸਤੀ ਦੇ ਸਥਾਨ ਉਤੇ ਹੀ ਕੀਤਾ ਜਾਂਦਾ ਹੈ ਅਤੇ ਬਾਬਾ ਲਾਲ ਦੇ ਸਥਾਨ ਉਤੇ ਉਸ ਨੂੰ ਚੋਲਾ ਅਤੇ ਗਹਿਣੇ ਪਹਿਨਾਏ ਜਾਂਦੇ ਹਨ।" ਉੱਪਲਾਂ ਦੇ ਆਮ ਰੀਤ-ਰਵਾਜ ਖੱਤਰੀਆਂ ਨਾਲ ਹੀ ਮੇਲ ਖਾਂਦੇ ਹਨ।

(ੳ-109) **ਉਪਮਨਯੂ** :

ਇਕ ਰਿਸ਼ੀ ਜੋ ਕਈ ਪ੍ਰਸਿੱਧ ਗ੍ਰੰਥਾਂ ਦਾ ਕਰਤਾ ਮੰਨਿਆ ਜਾਂਦਾ ਹੈ। ਇਹ ਵਸ਼ਿਸ਼ਟ ਵੰਸ਼ ਵਿਚੋਂ ਵਿਆਘ੍ਰਪਾਦ ਦਾ ਪੁੱਤਰ ਸੀ। ਇਸ ਦੀ ਮਾਤਾ ਦਾ ਨਾਂ ਅੰਬਾ ਸੀ। ਇਸ ਦੀ ਪ੍ਰਸਿੱਧੀ ਦਾ ਮੂਲ ਕਾਰਨ ਇਸ ਦੀ ਗੁਰ-ਭਗਤੀ ਸੀ। ਉਪਮਨਯੂ ਦੇ ਗੁਰੂ ਆਯੋਦਾਧੌਮਯ ਸਨ। ਗੁਰੂ ਦੇ ਆਦੇਸ਼ ਦੀ ਪਾਲਨਾ ਕਰਦਾ ਹੋਇਆ ਉਪਮਨਯੂ ਗਊਆਂ ਚਾਰਦਾ ਅਤੇ ਭਿਛਿਆ ਮੰਗ ਕੇ ਗੁਜ਼ਾਰਾ ਕਰਦਾ ਸੀ। ਇਸ ਦਾ ਰਿਸ਼ਟ-ਪੁਸ਼ਟ ਸਰੀਰ ਵੇਖ ਕੇ ਗੁਰੂ ਨੇ ਉਸ ਨੂੰ ਭੁੱਖਿਆਂ ਰਹਿਣ ਦਾ ਆਦੇਸ਼ ਦਿਤਾ। ਇਕ ਦਿਨ ਭੁੱਖ ਤੋਂ ਆਤੁਰ ਹੋ ਕੇ ਉਪਮਨਯੂ ਨੇ ਅੱਕ ਦੇ ਪੱਤੇ ਖਾ ਲਏ ਅਤੇ ਅੰਨ੍ਹਾ ਹੋ ਜਾਣ ਕਰ ਕੇ ਕਿਸੇ ਖੂਹ ਵਿਚ ਜਾ ਡਿੱਗਾ। ਗੁਰੂ ਨੇ ਲਭ ਕੇ ਉਸ ਨੂੰ ਖੂਹ ਵਿਚੋਂ ਬਾਹਰ ਕੱਢਿਆ ਅਤੇ ਅਸ਼ਿਵਨੀ ਕੁਮਾਰਾਂ ਦਾ ਜਸ ਗਾਉਣ ਦਾ ਆਦੇਸ਼ ਦਿਤਾ। ਅਸ਼ਿਵਨੀ ਕੁਮਾਰਾਂ ਨੇ ਉਪਮਨਯੂ ਉਤੇ ਪ੍ਰਸੰਨ ਹੋ ਕੇ ਉਸ ਨੂੰ ਖਾਣ ਲਈ ਔਸ਼ਧੀ ਦਿਤੀ ਤਾਂ ਜੋ ਉਹ ਮੁੜ ਅਰੋਗ ਅਤੇ ਸੁਜਾਖਾ ਹੋ ਜਾਏ, ਪਰ ਉਪਮਨਯੂ ਨੇ ਗੁਰੂ ਦੀ ਆਗਿਆ ਤੋਂ ਬਿਨਾਂ ਦਵਾਈ ਖਾਣ ਤੋਂ ਇਨਕਾਰ ਕਰ ਦਿਤਾ। ਫਲਸਰੂਪ ਅਸ਼ਿਵਨੀ ਕੁਮਾਰਾਂ ਨੇ ਪ੍ਰਸੰਨ ਹੋ ਕੇ ਉਪਮਨਯੂ ਨੂੰ ਦੈਵੀ ਨੇਤਰ ਬਖ਼ਸ਼ੇ।

(ੳ-110) **ਉਪਰਿਚਰ** :

ਇਕ ਵਸੂ (ਦੇਵਤਿਆਂ ਦਾ ਇਕ ਵਰਗ) ਜੋ ਕ੍ਰਤਕ ਦਾ ਪੁੱਤਰ ਸੀ। ਮਹਾਂਭਾਰਤ ਅਨੁਸਾਰ ਉਪਰਿਚਰ ਇੰਦਰ ਦੇ ਹੁਕਮ ਨਾਲ ਚੇਦੀ ਦੇਸ਼ ਦਾ ਰਾਜਾ ਬਣਿਆ। ਇਸ ਨੇ ਘੋਰ ਤਪੱਸਿਆ ਕੀਤੀ ਜਿਸ ਕਰ ਕੇ ਇੰਦਰ ਦਾ ਤਖ਼ਤ ਡੋਲਣ ਲੱਗਾ। ਇੰਦਰ ਨੇ ਇਸ ਨੂੰ ਹੋਰ ਤਪ ਕਰਨ ਤੋਂ ਵਰਜਿਆ। ਉਪਰਿਚਰ ਨੇ ਇੰਦਰ ਦੀ ਬੇਨਤੀ ਪ੍ਰਵਾਨ ਕਰ ਲਈ। ਇੰਦਰ ਨੇ ਪ੍ਰਸੰਨ ਹੋ ਕੇ ਉਪਰਿਚਰ ਨੂੰ ਇਕ ਵਿਜੈ ਮਾਲਾ ਅਤੇ ਇਕ ਸਫੱਟਕ ਵਿਮਾਨ ਭੇਟ ਕੀਤਾ।

ਇਕ ਅਪੱਛਰਾਂ ਅਦ੍ਰਿਕਾ ਦੇ ਸਰਾਪ ਕਾਰਨ ਉਪਰਿਚਰ ਨੂੰ ਕੁਝ ਸਮਾਂ ਮੱਛੀ ਦੀ ਜੂਨ ਵਿਚ ਗੁਜ਼ਾਰਨਾ ਪਿਆ। ਉਪਰਿਚਰ ਦੇ ਪੰਜ ਪੁੱਤਰ ਅਤੇ ਇਕ ਧੀ ਮਤੱਸਯਾ ਗੰਧਾ ਸੀ। ਜੌਨ ਡੌਸਨ ਨੇ ਇਸ ਦੀ ਕੰਨਿਆਂ ਦਾ ਨਾਂ ਸੱਤਯਵਤੀ ਲਿਖਿਆ ਹੈ ਜੋ ਵਿਆਸ ਰਿਸ਼ੀ ਦੀ ਮਾਂ ਸੀ।

(ੳ-111) **ਉਪਵਾਸ** :

ਭੋਜਨ ਬਿਨਾਂ ਰਹਿਣ ਦਾ ਭਾਵ; ਵਰਤ; ਉਪਵਾਸ ਕਰਮ-ਕਾਂਡਾਂ ਦੇ ਅੰਤਰਗਤ ਹੋਣ ਕਰ ਕੇ ਧਾਰਮਿਕ ਮਹੱਤਵ ਰਖਦੇ ਹਨ। ਵੈਸ਼ਨੋ ਮੱਤ ਵਾਲੇ ਉਪਵਾਸ ਨੂੰ ਮੁਕਤੀ ਦਾ ਇਕ ਸਾਧਨ ਮੰਨਦੇ ਹੋਏ ਖ਼ਾਸ ਖ਼ਾਸ ਤਿੱਥਾਂ, ਵਾਰਾਂ, ਗ੍ਰਹਿਆਂ ਦੀ ਸੰਜੋਗ ਸਥਿਤੀ, ਸੰਗਰਾਂਦ ਅਤੇ ਪੁਰਬਾਂ ਉਤੇ ਉਪਵਾਸ ਕਰਦੇ ਹਨ। ਕੁਝ ਉਪਵਾਸਾਂ ਵਿਚ ਦਿਨ ਵਿਚ ਇਕ ਵਾਰ ਅੰਨ ਅਤੇ ਫਲ ਖਾਣ ਦੀ

ਆਗਿਆ ਹੈ, ਪਰ ਨਿਰਜਲ ਉਪਵਾਸ (ਵੇਖੋ : ਨਿਰਜਲਾ ਇਕਾਦਸ਼ੀ) ਵਿਚ ਸਾਰਾ ਦਿਨ ਅੰਨ ਪਾਣੀ ਮੂੰਹ ਨਹੀਂ ਲਗਾਇਆ ਜਾਂਦਾ। (ਵੇਖੋ : ਵਰਤ)

### (ੳ-112) ਉਪਵੀਤੀ :

ਜੰਞੂ ਨੂੰ ਪਹਿਨਣ ਦੀ ਇਕ ਵਿਧੀ; ਮੰਗਲ ਕਾਰਜਾਂ ਸਮੇਂ ਹਿੰਦੂ ਜੰਞੂ ਨੂੰ ਖੱਬੇ ਮੋਢੇ ਉਤੇ ਧਾਰਨ ਕਰਦੇ ਹਨ। ਇਸੇ ਵਿਧੀ ਨੂੰ ਉਪਵੀਤੀ ਕਹਿੰਦੇ ਹਨ। (ਵੇਖੋ : ਉਪਨਯਨ)

### (ੳ-113) ਉਪ-ਵੇਦ :

ਹਿੰਦੂਆਂ ਦੇ ਚਾਰ ਪ੍ਰਾਚੀਨ ਗ੍ਰੰਥ ਜੋ ਵੇਦਾਂ ਤੋਂ ਦੂਜੇ ਦਰਜੇ ਉਤੇ ਹੋਣ ਕਰ ਕੇ ਉਪ-ਵੇਦ ਅਖਵਾਉਂਦੇ ਹਨ। ਇਨ੍ਹਾਂ ਗ੍ਰੰਥਾਂ ਵਿਚ ਹਿਕਮਤ, ਰਾਗ; ਨਾਚ, ਸੰਗੀਤ, ਯੁੱਧ ਅਤੇ ਨਿਰਮਾਣ ਕਲਾ ਬਾਰੇ ਪਰੰਪਰਾਗਤ ਗਿਆਨ ਮਿਲਦਾ ਹੈ। ਇਹ ਗਿਆਨ ਵੇਦਾਂ ਵਾਂਗ ਸ਼ਰੁਤੀ ਨਹੀਂ ਅਤੇ ਇਨ੍ਹਾਂ ਗ੍ਰੰਥਾਂ ਦਾ ਵੇਦਾਂ ਨਾਲ ਕੋਈ ਸਿਧਾ ਸੰਬੰਧ ਵੀ ਨਹੀਂ। ਪਰ ਹਰੇਕ ਵੇਦ ਦਾ ਇਕ ਉਪ-ਵੇਦ ਮੰਨਿਆ ਗਿਆ ਹੈ। ਕਿਹੜਾ ਉਪ-ਵੇਦ ਕਿਸ ਵੇਦ ਨਾਲ ਸੰਬੰਧਿਤ ਹੈ ? ਇਸ ਬਾਰੇ ਵਿਦਵਾਨਾਂ ਦਾ ਇਕ ਮੱਤ ਨਹੀਂ। ਚੌਹਾਂ ਉਪ-ਵੇਦਾਂ ਦੇ ਨਾਂ ਅਤੇ ਸੁਭਾਵ ਇਸ ਪ੍ਰਕਾਰ ਹਨ :—

(1) ਆਯੁਰ ਵੇਦ :—ਇਸ ਗ੍ਰੰਥ ਵਿਚ ਹਿਕਮਤ ਦੀ ਵਿੱਦਿਆ ਹੈ। ਇਸ ਨੂੰ ਰਿਗ ਵੇਦ ਦਾ ਉਪ-ਵੇਦ ਮੰਨਿਆ ਗਿਆ ਹੈ। ਕਈ ਆਯੁਰ ਵੇਦ ਨੂੰ ਅਥਰਵ ਵੇਦ ਦਾ ਵੀ ਉਪ-ਵੇਦ ਮੰਨਦੇ ਹਨ। ਇਸ ਵੇਦ ਦੇ ਪ੍ਰਮੁਖ ਆਚਾਰੀਆ ਹਨ — ਬ੍ਰਹਮਾ, ਪ੍ਰਜਾਪਤੀ, ਅਸ਼ਿਵਨੀ, ਧਨਵੰਤ੍ਰ, ਭਰਦਵਾਜ, ਆਤ੍ਰੇਯ ਅਤੇ ਅਗਿਨਵੇਸ਼। ਚਰਕ, ਸੁਸ਼੍ਰੁਤ ਅਤੇ ਵਾਗ ਭਟ ਆਯੁਰ ਵੇਦ ਦੇ ਤ੍ਰੈ ਮੁਨੀ ਹਨ।

(2) ਗਾਂਧਰਵ ਵੇਦ :—ਇਹ ਸਾਮ ਵੇਦ ਦਾ ਉਪ-ਵੇਦ ਹੈ। ਇਸ ਵਿਚ ਰਾਗ ਅਤੇ ਨਾਚ ਕਲਾ ਦੇ ਸਿਧਾਂਤ, ਪ੍ਰਯੋਗ ਅਤੇ ਪ੍ਰਦਰਸ਼ਨ ਦਾ ਉਲੇਖ ਹੈ। ਇਸ ਉਪ-ਵੇਦ ਦਾ ਪ੍ਰਧਾਨ ਆਚਾਰੀਆ ਭਰਤ ਮੁਨੀ ਹੈ।

(3) ਧਨੁਰ ਵੇਦ :—ਇਸ ਵਿਚ ਸ਼ਸਤ੍ਰ ਵਿੱਦਿਆ ਦਾ ਉਲੇਖ ਹੈ। ਇਹ ਯਜੁਰ ਵੇਦ ਦਾ ਉਪ-ਵੇਦ ਹੈ। ਇਸ ਉਪ-ਵੇਦ ਵਿਚ ਅਸਤ੍ਰ-ਸ਼ਸਤ੍ਰ ਦੇ ਅਭਿਆਸ ਅਤੇ ਪ੍ਰਯੋਗ ਦਾ ਵਰਨਣ ਹੈ।

(4) ਸਥਾਪਤਯ ਵੇਦ :—ਇਸ ਵਿਚ ਨਿਰਮਾਣ ਕਲਾ ਬਾਰੇ ਚਰਚਾ ਹੈ। ਅਰਥ ਸ਼ਾਸਤ੍ਰ ਦੀ ਗਿਣਤੀ ਵੀ ਇਸੇ ਉਪ-ਵੇਦ ਵਿਚ ਆਉਂਦੀ ਹੈ। ਇਹ ਅਥਰਵ ਵੇਦ ਦਾ ਉਪ-ਵੇਦ ਹੈ। ਬ੍ਰਹਸਪਤੀ, ਉਸ਼ਨਾ, ਵਿਸ਼ਾਲਖਸ਼, ਭਾਰਦਵਾਜ, ਪਾਰਾਸ਼ਰ ਆਦਿ ਇਸ ਦੇ ਪ੍ਰਧਾਨ ਆਚਾਰੀਆ ਹਨ।

### (ੳ-114) ਉਪਾਸ਼ਨਾ :

ਉਪਾਸ਼ਨਾ ਦਾ ਸ਼ਾਬਦਿਕ ਅਰਥ ਆਪਣੇ ਇਸ਼ਟ ਦੇਵਤਾ ਦੇ ਸਮੀਪ (ਉਪ) ਆਸਨ ਲਗਾ ਕੇ ਬੈਠਣਾ ਹੈ। (ਹਿੰਦੀ ਵਿਸ਼ਵ ਕੋਸ਼ 2,97) ਹਿੰਦੂ ਪੂਜਾ ਅਰਚਾ ਸਮੇਂ ਆਪਣੇ ਇਸ਼ਟ ਦੇਵ ਦੀ ਮੂਰਤੀ ਦੇ ਸਾਹਮਣੇ ਆਸਨ ਲਗਾ ਕੇ ਬੈਠਦੇ, ਮੂਰਤੀ ਨੂੰ ਪੂਜਦੇ ਅਤੇ ਇਸ਼ਟ ਵਿਚ ਲਿਵ ਜੋੜਦੇ ਹਨ। ਇਸ ਲਈ ਉਪਾਸ਼ਨਾ ਉਨ੍ਹਾਂ ਦੀ ਪੂਜਾ ਦੀ ਇਕ ਵਿਧੀ ਬਣ ਗਈ।

ਭਗਤੀ ਕਾਲ ਵਿਚ ਇਸ਼ਟ ਦੇ ਨਾਲ ਗੁਰੂ ਦੀ ਉਪਾਸ਼ਨਾ ਦੀ ਵੀ ਪ੍ਰਥਾ ਚਲੀ। ਸਾਧਕ ਗੁਰੂ ਤੋਂ ਦੀਖਸ਼ਾ ਲੈ ਕੇ ਉਸ ਦਾ ਉਪਦੇਸ਼ ਗ੍ਰਹਿਣ ਕਰਦਾ ਹੈ। ਦੀਖਸ਼ਾ ਦੁਆਰਾ ਗੁਰੂ ਸਾਧਕ ਵਿਚ ਆਪਣੀ ਅਧਿਆਤਮਕ ਸ਼ਕਤੀ ਦਾ ਕੁਝ ਅੰਸ਼ ਸੰਚਾਰ ਕਰਦਾ ਅਤੇ ਉਪਦੇਸ਼ ਦੁਆਰਾ ਉਸ ਨੂੰ ਮੁਕਤੀ ਦੇ ਸਾਧਨ ਦਸਦਾ ਹੈ। ਗੁਰੂ ਦੀ ਮਹੱਤਤਾ ਵਧ ਜਾਣ ਨਾਲ ਇਸ਼ਟ ਦੇ ਨਾਲ ਗੁਰ-ਵਿਅੱਕਤੀ ਦੀ ਵੀ ਉਪਾਸ਼ਨਾ ਕੀਤੀ ਜਾਣ ਲੱਗੀ।

ਵਿਸਤ੍ਰਿਤ ਅਰਥਾਂ ਵਿਚ ਉਪਾਸ਼ਨਾ ਉਨ੍ਹਾਂ ਸਭ ਸਾਧਨਾਂ ਦਾ ਸਮੁੱਚਾ ਨਾਉਂ ਹੈ ਜੋ ਮੁਕਤੀ ਦੀ ਖ਼ਾਤਰ ਜਾਂ ਆਪਣੇ ਇਸ਼ਟ/ਗੁਰਦੇਵ ਦੀ ਪ੍ਰਸੰਨਤਾ ਅਤੇ ਬਖ਼ਸ਼ਿਸ਼ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ। ਸਿਮਰਨ, ਲਿਵ, ਧਿਆਨ, ਪੂਜਾ ਅਰਚਾ, ਭਗਤੀ ਆਦਿ ਸਭ ਰਹੱਸਮਈ

ਵਿਧੀਆਂ ਉਪਾਸ਼ਨਾ ਦੇ ਅੰਤਰਗਤ ਆਉਂਦੀਆਂ ਹਨ।

ਮਾਧਵਾਚਾਰੀਆ ਅਨੁਸਾਰ ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ – (1) ਸ਼ਾਸਤ੍ਰਾਂ ਦੇ ਅਭਿਆਸ ਅਤੇ ਅਧਿਐਨ ਦੁਆਰਾ ਜਿਸ ਨੂੰ ਗਿਆਨ ਮਾਰਗ ਵੀ ਕਿਹਾ ਗਿਆ ਹੈ। ਭਾਰਤੀ ਸ਼ਾਸਤ੍ਰਾਂ ਵਿਚ ਗਿਆਨ ਨੂੰ ਮੁਕਤੀ ਦਾ ਹੀ ਇਕ ਸਾਧਨ ਮੰਨਿਆ ਗਿਆ ਹੈ। ਗਿਆਨ ਦੁਆਰਾ ਅਗਿਆਨਤਾ ਦਾ ਨਾਸ਼ ਕਰ ਕੇ ਸਾਧਕ ਪਰਮ ਤੱਤ ਨੂੰ ਪ੍ਰਾਪਤ ਕਰਦਾ ਹੈ। ਪਰ ਇਹ ਮਾਰਗ ਕਠਨ ਅਤੇ ਦੁਰਗਮ ਮੰਨਿਆ ਗਿਆ ਹੈ। (2) ਦੂਜੀ ਉਪਾਸ਼ਨਾ ਧਿਆਨ ਦੁਆਰਾ ਹੈ, ਅਥਵਾ ਆਪਣੇ ਇਸ਼ਟ ਵਿਚ ਅੰਤਰ-ਧਿਆਨ ਹੋਣਾ, ਉਸ ਵਿਚ ਲਿਵ ਜੋੜਨਾ ਅਤੇ ਉਸ ਦਾ ਸਿਮਰਨ ਕਰਨਾ। ਇਸੇ ਨੂੰ ਭਗਤੀ ਮਾਰਗ ਵੀ ਕਿਹਾ ਗਿਆ ਹੈ। ਭਗਤੀ ਨੂੰ ਮੁਕਤੀ ਦਾ ਸ੍ਰੇਸ਼ਟ ਸਾਧਨ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਪ੍ਰਮੁਖ ਰੂਪ ਵਿਚ ਇਸੇ ਉਪਾਸ਼ਨਾ ਉਤੇ ਬਲ ਦਿਤਾ ਹੈ ਅਤੇ ਗਿਆਨ ਮਾਰਗ ਨੂੰ ਇਸ ਦੀ ਇਕ ਪਉੜੀ ਮੰਨਿਆ ਗਿਆ ਹੈ।

(ੳ–115) **ਉਪਾ** :

ਜਾਦੂ-ਟੂਣਾ ਅਤੇ ਝਾੜ ਫੂਕ ਦੀ ਕਿਰਿਆ ਜੋ ਕਿਸੇ ਚੰਦਰੀ ਰੂਹ ਨੂੰ ਦੂਰ ਰਖਣ ਜਾਂ ਬਦ-ਨਜ਼ਰ ਨੂੰ ਉਤਾਰਨ ਲਈ ਕੀਤੀ ਜਾਂਦੀ ਹੈ। ਲੋਕ-ਨਿਸਚੇ ਅਨੁਸਾਰ ਰੋਗਾਂ ਨੂੰ ਬਦ ਰੂਹਾਂ ਫੈਲਾਂਦੀਆਂ ਹਨ ਅਤੇ ਉਨ੍ਹਾਂ ਨੂੰ ਝਾੜ ਫੂਕ ਜਾਂ ਉਪਾਵਾਂ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। 'ਨਜ਼ਰ' ਲਈ ਵੱਖਰੇ ਉਪਾ ਹਨ, ਜਿਵੇਂ ਜਿਸ ਸ਼ਖ਼ਸ ਦੀ ਨਜ਼ਰ ਲੱਗੀ ਹੋਵੇ ਉਸਦੇ ਪੈਰਾਂ ਦੀ ਧੂੜ ਨਜ਼ਰ ਵਾਲੇ ਦੇ ਸਿਰ ਤੋਂ ਵਾਰ ਕੇ ਅੱਗ 'ਚ ਸੁਟੀ ਜਾਂਦੀ ਹੈ। ਕਈ ਵਾਰ ਨਜ਼ਰ ਲੱਗਣ ਵਾਲੇ ਦੇ ਸਿਰ ਤੋਂ ਮਿਰਚਾਂ ਵਾਰ ਕੇ ਧੁਖਾਈਆਂ ਜਾਂਦੀਆਂ ਹਨ। 'ਪਕੜ' ਲਈ ਵੱਖਰੇ ਉਪਾ ਹਨ (ਵੇਖੋ : ਪਕੜ)।

ਬਦ-ਰੂਹਾਂ ਨੂੰ ਘਰ ਤੋਂ ਦੂਰ ਰਖਣ ਲਈ ਕਈ ਲੋਕ ਬੂਹੇ ਅੱਗੇ ਪੰਜੇ ਦਾ ਨਿਸ਼ਾਨ ਲਗਾ ਦੇਂਦੇ ਹਨ। ਜੇ ਘਰ ਵਿਚ ਬਾਲ-ਬੱਚਾ ਜੰਮਿਆ ਹੋਵੇ ਤਾਂ ਬੂਹੇ ਅੱਗੇ ਸ਼ਰੀਂਹ ਜਾਂ ਅੰਬ ਦੇ ਪੱਤੇ ਬੰਨ੍ਹ ਦਿਤੇ ਜਾਂਦੇ ਹਨ। ਕਈ ਵਾਰ ਨਜ਼ਰ ਤੋਂ ਰੱਖਿਆ ਲਈ ਬੱਚੇ ਦੇ ਮੱਥੇ ਉਤੇ ਕਾਲਾ ਨਿਸ਼ਾਨ ਲਗਾ ਦਿਤਾ ਜਾਂਦਾ ਹੈ; ਨਵੇਂ ਉਸਰੇ ਮਕਾਨ ਦੇ ਮੱਥੇ ਉਤੇ ਕਾਲੀ ਕਟਵੀ ਲਟਕਾ ਦਿਤੀ ਜਾਂਦੀ ਹੈ। (ਵੇਖੋ : ਨਜ਼ਰ) ਮੀਂਹ ਵਿਚ ਔਲੇ ਵਰ੍ਹਣ ਤਾਂ ਵਿਹੜੇ ਵਿਚ ਕਾਲਾ ਤਵਾ ਮੂਧਾ ਮਾਰ ਕੇ ਰਖਿਆ ਜਾਂਦਾ ਹੈ, ਇਸ ਤਰ੍ਹਾਂ ਔਲੇ ਪੈਣੇ ਬੰਦ ਹੋ ਜਾਂਦੇ ਹਨ। ਜੇ ਮੀਂਹ ਨਾ ਵਰ੍ਹੇ ਤਾਂ ਇਸ ਲਈ ਵੱਖਰੇ ਉਪਾ ਕੀਤੇ ਜਾਂਦੇ ਹਨ।

(ੳ–116) **ਉਪਾਖਿਆਨ** :

(ਸੰ. ਉਪ-ਆਖਯਾਨ), ਕਿਸੇ ਕਥਾ ਦੇ ਨਾਲ ਸੰਬੰਧਿਤ ਕਥਾਵਾਂ ਜੋ ਭਾਵੇਂ ਆਪਣੇ ਆਪ ਵਿਚ ਸੰਪੂਰਨ ਹੁੰਦੀਆਂ ਹਨ, ਪਰ ਉਨ੍ਹਾਂ ਦੀ ਵਰਤੋਂ ਪ੍ਰਧਾਨ ਕਥਾ ਦੇ ਅੰਗ ਰੂਪ ਵਿਚ ਕੀਤੀ ਜਾਂਦੀ ਹੈ। ਕਈ ਵਾਰ ਉਪ-ਕਥਾ ਪ੍ਰਧਾਨ ਕਥਾ ਦੇ ਕਿਸੇ ਕੇਂਦਰੀ ਨੁਕਤੇ ਦੀ ਵਿਆਖਿਆ ਕਰਦੀ ਹੈ।

ਭਾਰਤੀ ਕਥਾਕਾਰਾਂ ਨੇ, ਮੂਲ ਕਹਾਣੀ ਦੇ ਵਰਨਣ ਦੇ ਨਾਲ ਨਾਲ, ਉਪਾਖਿਆਨਾਂ ਦੀ ਵਰਤੋਂ ਪ੍ਰਭਾਵ ਨੂੰ ਤੀਖਣ ਕਰਨ ਲਈ ਆਮ ਕੀਤੀ ਹੈ ਅਤੇ ਉਨ੍ਹਾਂ ਦੀ ਸ਼ੈਲੀ ਦੀ ਇਹ ਪ੍ਰਮੁਖ ਵਿਧੀ ਰਹੀ ਹੈ। ਰਾਮਾਇਣ ਅਤੇ ਮਹਾਂ ਭਾਰਤ ਵਿਚ ਮੂਲ ਕਥਾ ਦੇ ਨਾਲ ਅਨੇਕਾਂ ਉਪਾਖਿਆਨਾਂ ਦਾ ਵੀ ਉਲੇਖ ਹੈ, ਜੋ ਆਪਣੇ ਆਪ ਵਿਚ ਪੂਰਨ ਹੁੰਦਿਆਂ ਵੀ ਮੂਲ ਕਥਾ ਦੇ ਅੰਗ ਵਜੋਂ ਆਏ ਹਨ। ਇਸ ਤਰ੍ਹਾਂ 'ਪੰਜ ਤੰਤ੍ਰ' ਅਤੇ 'ਹਿੱਤ ਉਪਦੇਸ਼' ਵਿਚ ਵੀ ਮੂਲ ਕਥਾ ਦੇ ਅੰਤਰਗਤ ਕੁਝ ਉਪ-ਕਥਾਵਾਂ ਦਾ ਵਰਨਣ ਹੈ। 'ਕਥਾ ਸਰਿਤ ਸਾਗਰ' ਵੀ ਇਸੇ ਸ਼ੈਲੀ ਵਿਚ ਲਿਖੀ ਗਈ ਕ੍ਰਿਤ ਹੈ। ਅਜਿਹੀ ਵਿਧੀ ਵਿਚ ਮੂਲ ਕਥਾ ਸਿਰਮੌਰ ਹੁੰਦੀ ਹੈ ਅਤੇ ਉਪ-ਕਥਾਵਾਂ ਮਾਲਾ ਦੇ ਮਣਕੇ ਵਾਂਗ ਪਰੁਚੀਆਂ ਹੁੰਦੀਆਂ ਹਨ।

ਉਪਾਖਿਆਨ ਸ਼ਬਦ ਅਰਧ-ਇਤਿਹਾਸਕ ਕਥਾ ਲਈ ਵੀ ਵਰਤਿਆ ਜਾਂਦਾ ਹੈ। ਦਸਮ ਗ੍ਰੰਥ ਵਿਚ 'ਪਖਯਾਨ ਚਰਿੱਤ੍ਰ' ਹੇਠ 405 ਕਹਾਣੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਕੁਝ

ਪੌਰਾਣਿਕ ਹਨ, ਕੁਝ ਅਰਧ-ਇਤਿਹਾਸਕ ਅਤੇ ਕੁਝ ਲੋਕ-ਕਹਾਣੀਆਂ । 'ਪਖਯਾਨ' ਸ਼ਬਦ ਉਪਾਖਿਆਨ ਦਾ ਹੀ ਸੰਖੇਪ ਹੈ ਅਤੇ ਇਨ੍ਹਾਂ ਕਥਾਵਾਂ ਦਾ ਮਨੋਰਥ ਮਨੁੱਖੀ ਚਰਿੱਤ੍ਰ ਦੇ ਕੁਝ ਖ਼ਾਸ ਪਹਿਲੂਆਂ ਉਤੇ ਚਾਨਣਾ ਪਾਉਣਾ ਹੈ। (ਵੇਖੋ : ਚਰਿੱਤ੍ਰ)

(ੳ-117) **ਉਪਾਧੀ** :

ਉਹ ਉਪ-ਨਾਂ ਜੋ ਕਿਸੇ ਕੁਲ, ਜ਼ਾਤ ਅਤੇ ਕਬੀਲੇ ਦੇ ਕਿਸੇ ਵੀ ਸ਼ਖ਼ਸ ਦੇ ਨਾਂ ਨਾਲ ਉਪਾਧੀ ਵਜੋਂ ਵਰਤਿਆ ਜਾਂਦਾ ਹੈ । ਪੰਜਾਬ ਦੇ ਅਨੇਕਾਂ ਕਬੀਲੇ ਆਪਣੇ ਨਾਵਾਂ ਨਾਲ ਕੋਈ ਨਾ ਕੋਈ ਆਦਰ ਵਾਚਕ ਉਪਾਧੀ ਵਰਤਦੇ ਹਨ ਜਿਵੇਂ ਮਲਕ, ਰਾਜੇ, ਚੌਧਰੀ । ਪੱਛਮੀ ਪੰਜਾਬ ਵਿਚ ਅਵਾਣ ਜਾਤੀ ਦੇ ਮੁਖੀਏ 'ਮਲਕ' ਅਖਵਾਉਂਦੇ ਹਨ ਅਤੇ ਗੱਖੜ ਅਤੇ ਜੰਞੂਆ ਕਬੀਲੇ ਦੇ ਵਿਅੱਕਤੀ 'ਮਿਰਜ਼ਾ' ਸਦਵਾਉਂਦੇ ਹਨ; ਘੇਬੇ ਅਤੇ ਖਟਰ ਆਪਣੇ ਨਾਂ ਨਾਲ 'ਸ੍ਰਦਾਰ' ਦੀ ਉਪਾਧੀ ਵਰਤਦੇ ਹਨ । ਮੈਰੇ ਅਤੇ ਕਹੂਤ 'ਚੌਧਰੀ' ਦੀ। ਪਰ ਗੁਜਰ 'ਮੈਹਰ' ਅਖਵਾਉਂਦੇ ਹਨ ।

ਹਿੰਦੂਆਂ ਵਿਚ ਮਹਿਤਾ, ਦੀਵਾਨ, ਬਖ਼ਸ਼ੀ, ਚੌਧਰੀ, ਰਾਏਜ਼ਾਦਾ ਆਦਿ ਉਪਾਧੀਆਂ ਪ੍ਰਯੋਗ ਵਿਚ ਲਿਆਈਆਂ ਜਾਂਦੀਆਂ ਹਨ । ਜਿਵੇਂ ਮੁਹੀਆਲ ਜਾਤੀ ਵਾਲੇ 'ਮਹਿਤਾ' ਅਖਵਾਉਂਦੇ ਹਨ । ਇਸ ਸਭ ਆਦਰ ਬੋਧਿਕ ਸ਼ਬਦ ਹਨ । ਸਿੱਖਾਂ ਵਿਚ ਸ੍ਰਦਾਰ ਉਪਾਧੀ ਹਰ ਸਿੱਖ ਦੇ ਨਾਂ ਨਾਲ ਵਰਤੀ ਜਾਂਦੀ ਹੈ । ਗੁਰੂ ਘਰ ਨਾਲ ਸੰਬੰਧਿਤ ਜ਼ਾਤਾਂ–ਬੇਦੀ, ਤ੍ਰਿਹਣ, ਭੱਲੇ ਅਤੇ ਸੋਢੀ ਆਪਣੇ ਨਾਵਾਂ ਨਾਲ ਬਾਵੇ ਦੀ ਉਪਾਧੀ ਦਾ ਪ੍ਰਯੋਗ ਕਰਦੀਆਂ ਹਨ ।

(ੳ-118) **ਉਪਾਰਣਾ** :

ਵਰਤ ਖੋਲ੍ਹਣ ਵੇਲੇ ਮੂੰਹ ਨੂੰ ਲਗਾਇਆ ਗਿਆ ਪਹਿਲਾ ਪਦਾਰਥ; ਇਕਾਦਸ਼ੀ ਦਾ ਵਰਤ ਖੋਲ੍ਹਣ ਲਈ ਦੁਆਦਸ਼ੀ ਨੂੰ ਕੀਤਾ ਜਾਣ ਵਾਲਾ ਪਹਿਲਾ ਭੋਜਨ। ਵਰਤ ਖੋਲ੍ਹਣ ਵੇਲੇ ਆਮ ਤੌਰ ਉਤੇ ਉਸ ਵਸਤੂ ਨੂੰ ਹੀ ਮੂੰਹ ਲਗਾਇਆ ਜਾਂਦਾ ਹੈ ਜੋ ਸੰਬੰਧਿਤ ਦੇਵੀ ਦੇਵਤੇ ਦੀ ਮਨ ਭਾਉਂਦੀ ਵਸਤੂ ਹੋਵੇ । ਆਮ ਤੌਰ ਤੇ ਮਿੱਠੀ ਚੀਜ਼ ਜਾਂ ਫਲ ਖਾਧਾ ਜਾਂਦਾ ਹੈ ।

(ੳ-119) **ਉਪੇਂਦਰ** :

(1) ਇੰਦਰ ਦੁਆਰਾ ਕ੍ਰਿਸ਼ਨ ਨੂੰ ਪ੍ਰਦਾਨ ਕੀਤੀ ਇਕ ਉਪਾਧੀ । (2) ਇੰਦਰ ਦਾ ਛੋਟਾ ਭਰਾ ਜੋ ਅਦਿਤੀ ਦੀ ਕੁੱਖ ਤੋਂ ਕਸ਼ਯਪ ਦਾ ਪੁੱਤਰ ਸੀ ।

(ੳ-120) **ਉਫਕ** :

ਦੁਮੇਲ ਜਿਥੇ ਧਰਤੀ ਅਤੇ ਆਕਾਸ਼ ਮਿਲਦੇ ਵਿਖਾਈ ਦੇਂਦੇ ਹਨ। ਲੋਕ-ਨਿਸਚੇ ਅਨੁਸਾਰ ਜੇ ਕੋਈ ਗਭਰੂ ਕਿਸੇ ਕੁੜੀ ਦੇ ਕੱਦ ਦੇ ਬਰਾਬਰ ਧਾਗਾ ਲੈ ਕੇ ਉਫਕ ਵਲ ਵੇਖਦਿਆਂ ਉਸ ਨੂੰ ਸਤ ਗੰਢਾਂ ਮਾਰੇ ਅਤੇ ਫਿਰ ਧਾਗੇ ਨੂੰ ਉਸ ਕੁੜੀ ਦੀ ਚੁੰਨੀ ਨਾਲ ਬੰਨ੍ਹ ਦੇਵੇ ਤਾਂ ਉਹ ਕੁੜੀ ਉਸ ਦੇ ਪ੍ਰੇਮ-ਜਾਲ ਵਿਚ ਸਹਿਜੇ ਹੀ ਬੱਝ ਜਾਂਦੀ ਹੈ ।

(ੳ-121) **ਉਬਾ ਅਚਵਲ** :

ਮੁਸਲਮਾਨਾਂ ਵਿਚ ਕੁੜਮਾਈ ਨਾਲ ਸੰਬੰਧਿਤ ਇਕ ਰੀਤ; ਕੰਨਿਆਂ ਪੱਖ ਵਾਲੇ ਵਰ ਅਤੇ ਉਸ ਦੇ ਪੱਖ ਦੇ ਲੋਕਾਂ ਉਤੇ ਅਤਰ-ਫੁਲੇਲ ਦਾ ਜਲ ਛਿੜਕਦੇ ਹਨ ।

(ੳ-122) **ਉਬਾਸੀ** :

ਉਬਾਸੀ ਨਾਲ ਕਈ ਭਰਮ ਵਹਿਮ ਅਤੇ ਵਿਚਾਰ ਜੁੜੇ ਹੋਏ ਹਨ । ਆਦਿਮ-ਵਿਸ਼ਵਾਸ਼ ਅਨੁਸਾਰ ਉਬਾਸੀ ਆਉਂਦੇ ਸਾਰ ਝਟ ਮੂੰਹ ਅੱਗੇ ਹੱਥ ਰਖ ਲੈਣਾ ਚਾਹੀਦਾ ਹੈ, ਨਹੀਂ ਤਾਂ ਖੁਲ੍ਹੇ ਮੂੰਹ ਦੁਆਰਾ ਸਰੀਰ ਵਿਚੋਂ ਰੂਹ ਦੇ ਬਾਹਰ ਨਿਕਲਣ ਦਾ ਅੰਦੇਸ਼ਾ ਹੁੰਦਾ ਹੈ । ਇਹੋ ਆਦਿਮ ਵਿਸ਼ਵਾਸ਼ ਰਤਾ ਕੁ ਬਦਲੇ ਹੋਏ ਰੂਪ ਵਿਚ ਹੁਣ ਵੀ ਪ੍ਰਚਲਤ ਹੈ । ਉਬਾਸੀ ਲੈਣ ਲੱਗਿਆਂ ਕਈ ਲੋਕੀਂ ਮੂੰਹ ਅੱਗੇ ਇਸ ਵਿਚਾਰ ਨਾਲ ਹੱਥ ਰਖ ਲੈਂਦੇ ਹਨ ਕਿ ਖੁਲ੍ਹੇ ਮੂੰਹ ਦੁਆਰਾ ਕੋਈ ਕਰੂਰ ਸ਼ਕਤੀ/ਭੂਤ-ਪ੍ਰੇਤ ਸਰੀਰ ਦੇ ਅੰਦਰ ਨਾ ਲੰਘ ਜਾਵੇ ।

ਮੁਸਲਮਾਨੀ ਵਿਸ਼ਵਾਸ਼ ਅਨੁਸਾਰ ਉਬਾਸੀ ਪ੍ਰਭੂ ਦੀ ਕਰੋਪੀ ਨਾਲ ਆਉਂਦੀ ਹੈ ਅਤੇ ਉਬਾਸੀ ਲੈਣ ਵੇਲੇ ਜੋ ਸ਼ਖ਼ਸ ਮੂੰਹ ਨੂੰ ਹੱਥ ਨਾਲ ਨਹੀਂ ਢਕਦਾ, ਸ਼ੈਤਾਨ ਉਸ ਦੇ ਅੰਦਰ ਦਾਖ਼ਲ ਹੋ ਕੇ ਉਸ ਉਤੇ ਕਾਬੂ ਪਾ ਲੈਂਦਾ ਹੈ।

ਕਿਸੇ ਸ਼ੁਭ ਕਰਮ ਦੇ ਆਰੰਭ ਵਿਚ ਉਬਾਸੀ ਆ ਜਾਣੀ ਅਸ਼ੁਭ ਸਮਝੀ ਜਾਂਦੀ ਹੈ। ਲੋਕ-ਧਾਰਨਾ ਹੈ ਕਿ ਰੋਟੀ ਖਾਣ ਮਗਰੋਂ ਉਬਾਸੀ ਲੈਣ ਵਾਲਾ ਸ਼ਖ਼ਸ ਖੋਤੇ ਦੀ ਜੂਨ ਪੈਂਦਾ ਹੈ। ਲਾਵਾਂ ਫੇਰਿਆਂ ਵੇਲੇ ਵਰ ਜਾਂ ਕੰਨਿਆਂ ਨੂੰ ਉਬਾਸੀ ਆ ਜਾਵੇ ਤਾਂ ਉਨ੍ਹਾਂ ਦੋਹਾਂ ਵਿਚ ਹਮੇਸ਼ਾਂ ਝਗੜਾ ਰਹਿੰਦਾ ਹੈ।

### (ੳ-123) ਉੱਬੇਰਾਇ :

ਖੱਤਰੀਆਂ ਦੀ ਇਕ ਗੋਤ। ਸ਼ਬਦ ਵਿਉਤਪੱਤੀ ਅਨੁਸਾਰ ਉੱਬੇਰਾਇ ਦਾ ਭਾਵ ਹੈ 'ਉੱਬੇ (ਚੜ੍ਹਦੇ) ਦੇ ਰਾਜੇ'। ਜਦੋਂ ਪਰਸਰਾਮ ਨੇ ਖੱਤਰੀਆਂ ਨੂੰ ਨਾਸ਼ ਕਰਨ ਦਾ ਬੀੜਾ ਚੁਕਿਆ ਤਾਂ ਕੁਝ ਖੱਤਰੀ ਜਾਨ ਬਚਾ ਕੇ ਉੱਬੇ ਵਲ ਚਲੇ ਗਏ ਅਤੇ ਉਨ੍ਹਾਂ ਨੇ ਉਸੇ ਪਾਸੇ ਵਲ ਆਪਣਾ ਰਾਜ ਅਧਿਕਾਰ ਸਥਾਪਿਤ ਕਰ ਲਿਆ। ਇਹੋ ਖਤਰੀ ਮਗਰੋਂ ਉੱਬੇਰਾਇ ਅਖਵਾਏ।

### (ੳ-124) ਉਬੋਹ :

ਰਾਜੇ ਰਸਾਲੂ ਦਾ ਪੁੱਤਰ; ਗਲਾਸਰੀ. (1,124) ਅਨੁਸਾਰ ਇਸੇ ਨੇ ਅਬੋਹਰ ਸ਼ਹਿਰ ਦੀ ਨੀਂਹ ਰਖੀ। (ਵੇਖੋ : ਅਬੋਹਰ)

### (ੳ-125) ਉੱਭਾ :

ਸੂਰਜ ਦੀ ਚੜ੍ਹਨ ਦੀ ਦਿਸ਼ਾ; ਚੜ੍ਹਦਾ ਪਾਸਾ। ਲਹਿੰਦੇ ਪੰਜਾਬ ਦਾ ਇਕ ਇਲਾਕਾ ਜਿਸ ਵਿਚ ਮੁਲਤਾਨ, ਬਹਾਵਲਪੁਰ ਅਤੇ ਡੇਰਾ ਗ਼ਾਜ਼ੀਖ਼ਾਨ ਦੇ ਜ਼ਿਲੇ ਸ਼ਾਮਿਲ ਹਨ। ਇਥੋਂ ਦੀ ਉਪ-ਭਾਖਾ ਲਹਿੰਦੀ ਹੈ।

### (ੳ-126) ਉਮੱਤ :

(1) ਹਜ਼ਰਤ ਮੁਹੰਮਦ ਸਾਹਿਬ ਦੇ ਪੈਰੋਕਾਰ ਜੋ ਉਨ੍ਹਾਂ ਵਿਚ ਪੂਰਨ ਈਮਾਨ ਰਖਦੇ ਹਨ। ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਕਿਆਮਤ ਵੇਲੇ ਹਜ਼ਰਤ ਮੁਹੰਮਦ ਸਾਹਿਬ ਆਪਣੀ ਸਾਰੀ ਉਮੱਤ ਨੂੰ ਆਪਣੇ ਅਸ਼-ਦਾਨ ਦੁਆਰਾ ਬਚਾ ਲੈਣਗੇ ਅਤੇ ਉਨ੍ਹਾਂ ਦੇ ਪਾਪ ਕੇਵਲ ਪ੍ਰਾਸਚਿਤ ਕਰਨ ਨਾਲ ਹੀ ਮਾਫ਼ ਹੋ ਜਾਣਗੇ।

(2) ਉਮੱਤ ਸ਼ਬਦ ਵਿਸਤ੍ਰਿਤ ਅਰਥਾਂ ਵਿਚ ਅਨੁਯਾਈ ਦਾ ਸਮਾਨਾਰਥਕ ਹੈ ਅਤੇ ਕਿਸੇ ਮੱਤ ਦੇ ਅਨਯਾਈਆਂ ਲਈ ਵੀ ਵਰਤ ਲਿਆ ਜਾਂਦਾ ਹੈ।

### (ੳ-127) ਉਮਰ :

ਮਨੁੱਖ ਦੀ ਉਮਰ ਨਾਲ ਕੁਝ ਅਲੌਕਿਕ ਲੋਕਧਾਰਾ ਜੁੜੀ ਹੋਈ ਹੈ। ਇਕ ਮੁੱਢੀ ਅਨੁਸਾਰ ਜਦੋਂ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਸਭ ਜੀਵਾਂ ਨੂੰ ਚਾਲ੍ਹੀ ਚਾਲ੍ਹੀ ਵਰ੍ਹੇ ਦੀ ਉਮਰ ਭੋਗਣ ਲਈ ਬਖ਼ਸ਼ੀ। ਉਦੋਂ ਖੋਤੇ ਨੇ ਬੇਨਤੀ ਕੀਤੀ ਕਿ ਉਸਨੂੰ ਵੀਹ ਸਾਲ ਦੀ ਆਯੂ ਹੀ ਬੜੀ ਹੈ, ਉਸ ਦੀ ਬਾਕੀ ਉਮਰ ਕਿਸੇ ਹੋਰ ਪ੍ਰਾਣੀ ਨੂੰ ਬਖ਼ਸ਼ ਦਿਤੀ ਜਾਵੇ। ਮਨੁੱਖ ਨੇ ਪ੍ਰਮਾਤਮਾ ਅੱਗੇ ਅਰਜ਼ ਕੀਤੀ ਕਿ ਇਹ ਵੀਹ ਸਾਲ ਉਸ ਦੀ ਉਮਰ ਵਿਚ ਵਧਾ ਦਿਤੇ ਜਾਣ। ਖੋਤੇ ਦੀ ਗੱਲ ਸੁਣ ਕੇ ਕੁੱਤੇ ਨੇ ਵੀ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਕਿ ਉਸ ਵਾਸਤੇ ਵੀ ਵੀਹ ਸਾਲ ਦੀ ਉਮਰ ਕਾਫ਼ੀ ਹੈ, ਉਸ ਦੀ ਬਾਕੀ ਦੀ ਉਮਰ ਕਿਸੇ ਹੋਰ ਪ੍ਰਾਣੀ ਨੂੰ ਭੇਂਟ ਕਰ ਦਿਤੀ ਜਾਵੇ। ਮਨੁੱਖ ਨੇ ਕੁੱਤੇ ਦੀ ਵਾਧੂ ਉਮਰ ਵੀ ਆਪਣੇ ਲਈ ਮੰਗ ਲਈ।

ਮਨੁੱਖ ਜੀਵਨ ਦੇ ਪਹਿਲੇ ਚਾਲ੍ਹੀ ਵਰ੍ਹੇ ਤਾਂ ਆਪਣੀ ਉਮਰ ਭੋਗਦਾ ਹੈ ਅਤੇ ਆਨੰਦ ਵਿਚ ਰਹਿੰਦਾ ਹੈ। ਅਗਲੇ ਵੀਹ ਸਾਲ ਉਹ ਖੋਤੇ ਤੋਂ ਪ੍ਰਾਪਤ ਉਮਰ ਭੋਗਦਾ ਹੈ, ਇਸੇ ਲਈ ਉਹ ਖੋਤੇ ਵਾਂਗ ਗ੍ਰਿਹਸਤ ਦੇ ਭਾਰ ਹੇਠ ਦਬਿਆ ਰਹਿੰਦਾ ਹੈ। ਉਸ ਤੋਂ ਅਗਲੇ ਵੀਹ ਸਾਲ ਉਹ ਕੁੱਤੇ ਤੋਂ ਪ੍ਰਾਪਤ ਕੀਤੀ ਹੋਈ ਉਮਰ ਭੋਗਦਾ ਹੈ, ਇਸੇ ਲਈ ਇਨ੍ਹਾਂ ਸਾਲਾਂ (60 ਵਰ੍ਹੇ ਤੋਂ 80 ਵਰ੍ਹੇ ਤਕ) ਵਿਚ ਉਹ ਕੁੱਤੇ ਵਾਂਗ ਭੌਂਕਦਾ ਰਹਿੰਦਾ ਹੈ ਅਤੇ ਧੀਆਂ ਪੁੱਤਰ ਉਸ ਦੀ ਕੋਈ ਗੱਲ ਨਹੀਂ ਸੁਣਦੇ।

ਮਨੂ ਸਿਮ੍ਰਿਤੀ ਅਨੁਸਾਰ ਸਤਿਜੁਗ ਵਿਚ

ਮਨੁੱਖ ਦੀ ਉਮਰ ਚਾਰ ਸੌ ਵਰ੍ਹੇ ਸੀ; ਫਿਰ ਹਰ ਯੁੱਗ ਵਿਚ ਮਨੁੱਖ ਦੀ ਉਮਰ ਸੌ ਸੌ ਵਰ੍ਹੇ ਘਟਦੀ ਗਈ। ਫਲਸਰੂਪ ਦੁਆਪਰ ਵਿਚ ਤਿੰਨ ਸੌ ਵਰ੍ਹੇ ਅਤੇ ਤ੍ਰੇਤਾ ਯੁੱਗ ਵਿਚ ਦੋ ਸੌ ਵਰ੍ਹੇ ਰਹਿ ਗਈ। ਹੁਣ ਕਲਜੁਗ ਵਿਚ ਆਯੂ ਇਕ ਸੌ ਵਰ੍ਹੇ ਰਹਿ ਗਈ ਹੈ। ਪੁਰਾਣਾਂ ਵਿਚ ਵੀ ਸੰਕੇਤ ਮਿਲਦੇ ਹਨ ਕਿ ਪੌਰਾਣਿਕ ਕਾਲ ਵਿਚ ਲੋਕ ਹਜ਼ਾਰਾਂ ਵਰ੍ਹਿਆਂ ਦੀਆਂ ਲੰਮੀਆਂ ਉਮਰਾਂ ਭੋਗਦੇ ਸਨ, ਜੋ ਹੌਲੇ ਹੌਲੇ ਘਟਦੀਆਂ ਗਈਆਂ। ਵੇਦਾਂ ਵਿਚ ਆਦਮੀ ਦੀ ਉਮਰ ਸੌ ਵਰ੍ਹੇ ਮੰਨੀ ਗਈ ਹੈ।

ਸ਼ਬਦ ਮਾਲਾ ਅਨੁਸਾਰ ਆਦਮੀ ਅਤੇ ਹਾਥੀ ਦੀ ਉਮਰ 120 ਵਰ੍ਹੇ 5 ਦਿਨ, ਘੋੜੇ ਦੀ 32, ਕੁੱਤੇ ਦੀ 12, ਖੋਤੇ ਅਤੇ ਊਠ ਦੀ 25, ਬਲਦ ਅਤੇ ਝੋਟੇ ਦੀ 24, ਅਤੇ ਬਕਰੇ ਦੀ 16 ਵਰ੍ਹੇ ਹੈ।

(ੳ–128) **ਉਮਰ ਅਯਾਰ** :

ਇਕ ਪ੍ਰਸਿੱਧ ਛਲੀਆ ਅਤੇ ਮੱਕਾਰ ਜਿਸ ਦਾ ਜ਼ਿਕਰ ਮੁਸਲਮਾਨੀ ਗ੍ਰੰਥਾਂ ਵਿਚ ਆਉਂਦਾ ਹੈ। ਇਹ ਸ਼ੈਤਾਨ ਦਾ ਸਾਥੀ ਸੀ। ਰਵਾਇਤ ਹੈ ਕਿ ਇਸ ਦੇ ਕੋਲ ਚਮੜੇ ਦੀ ਇਕ ਥੈਲੀ – ਜੰਬੀਲ, ਹੁੰਦੀ ਸੀ ਜਿਸ ਵਿਚ ਹੱਥ ਪਾ ਕੇ, ਉਹ ਮਨ-ਇੱਛਤ ਵਸਤੂ ਕੱਢ ਲਿਆ ਕਰਦਾ ਸੀ। ਬਾਲ ਅਵਸਥਾ ਵਿਚ ਉਮਰ ਅਯਾਰ ਨੇ ਦੋ ਹੋਰ ਬੱਚਿਆਂ ਨਾਲ ਇਕੋ ਦਾਈ ਦਾ ਦੁੱਧ ਚੁੰਘਿਆ ਸੀ। ਉਦੋਂ ਉਮਰ ਅਯਾਰ ਸੰਢੇ ਵਾਂਗ ਦੋਹਾਂ ਬੱਚਿਆਂ ਨੂੰ ਧੁਸ ਮਾਰ ਕੇ ਖ਼ੁਦ ਸਾਰਾ ਦੁੱਧ ਚੁੰਘ ਜਾਂਦਾ ਸੀ। ਮੁਸਲਮਾਨ ਅਯਾਰ ਨੂੰ ਸ਼ੈਤਾਨ ਦਾ ਅਵਤਾਰ ਸਮਝ ਕੇ ਇਸ ਤੋਂ ਬੜਾ ਡਰਦੇ ਸਨ। ਵਾਰਸ ਸ਼ਾਹ ਦੀ ਹੀਰ ਵਿਚ ਇਸ ਦਾ ਹਵਾਲਾ ਮੱਕਾਰੀ ਦੇ ਸੰਬੰਧ ਵਿਚ ਆਉਂਦਾ ਹੈ :

ਅਜਾਜ਼ੀਲ ਤੇ ਉਮਰ ਅਯਾਰ ਆਇਆ
ਹੀਰ ਚਲ ਕੇ ਸੱਸ ਥੀਂ ਆਂਵਦੀ ਹੈ।

(ੳ–129) **ਉਮਰ ਖ਼ਤਾਬ (ਹਜ਼ਰਤ)** :

ਮੁਸਲਮਾਨਾਂ ਦਾ ਦੂਜਾ ਖ਼ਲੀਫ਼ਾ ਜਿਸ ਦਾ ਪੂਰਾ ਨਾਂ ਉਮਰ-ਬਿਨ-ਖ਼ੱਤਾਬ ਸੀ। ਇਹ ਮੁਹੰਮਦ ਸਾਹਿਬ ਦੀ ਤੀਜੀ ਪਤਨੀ ਹਫ਼ਸਾ ਦੇ ਪਿਤਾ ਸਨ। ਇਨ੍ਹਾਂ ਦਾ ਉਪਨਾਮ 'ਅਮੀਰੁਲ ਮੋਮਨੀਨ' ਸੀ। ਉਮਰ ਖ਼ਿਤਾਬ ਦਾ ਜਨਮ 582 ਈ: ਵਿਚ ਹੋਇਆ ਅਤੇ ਇਨ੍ਹਾਂ ਨੇ 634 ਈ: ਤੋਂ 644 ਈ: ਤਕ ਖ਼ਿਲਾਫ਼ਤ ਕੀਤੀ। ਇਸੇ ਦੌਰਾਨ ਇਨ੍ਹਾਂ ਨੇ ਸ਼ਾਮ, ਈਰਾਨ, ਇਰਾਕ ਅਤੇ ਮਿਸਰ ਆਦਿ ਦੇਸ਼ਾਂ ਨੂੰ ਫ਼ਤਹਿ ਕੀਤਾ। 644 ਈ: ਵਿਚ ਇਨ੍ਹਾਂ ਨੂੰ ਫ਼ਿਰੋਜ਼ ਨਾਂ ਦੇ ਈਰਾਨੀ ਗ਼ੁਲਾਮ ਨੇ ਐਨ ਉਸ ਵੇਲੇ ਕਤਲ ਕਰ ਦਿਤਾ ਜਦੋਂ ਇਹ ਸਵੇਰ ਦੀ ਨਮਾਜ਼ ਪੜ੍ਹ ਰਹੇ ਸਨ।

ਉਮਰ ਖ਼ਿਤਾਬ ਦੀ ਨਿਆਂਕਾਰੀ ਬੜੀ ਪ੍ਰਸਿੱਧ ਸੀ। ਇਨ੍ਹਾਂ ਨੇ ਆਪਣੇ ਪੁੱਤਰ ਅਬੂ ਸਹਮਾ ਨੂੰ ਸ਼ਰਾਬ ਪੀਣ ਦੇ ਦੋਸ਼ ਵਿਚ 80 ਕੋਰੜੇ ਮਰਵਾਏ ਜਿਸ ਕਰ ਕੇ ਉਸ ਦੀ ਮ੍ਰਿਤੂ ਹੋ ਗਈ। ਓਦੋਂ ਤੋਂ ਮੁਸਲਮਾਨਾਂ ਵਿਚ ਉਮਰ ਖ਼ਿਤਾਬ ਦਾ ਨਿਆਉਂ ਕਹਾਵਤ ਬਣ ਚੁੱਕਾ ਹੈ : "ਦੁੱਰੇ ਸ਼ਰਾ ਦੇ ਮਾਰ ਉਧੇੜਸਾਂ ਮੈਂ, ਕਰੂੰ ਉਮਰ ਖਤਾਬ ਦਾ ਨਿਆਉਂ ਹੀਰੇ।" — ਵਾਰਸ ਸ਼ਾਹ।

(ੳ–130) **ਉਮਰਾਉ** :

ਖੱਤ੍ਰੀਆਂ ਦੀ ਇਕ ਗੋਤ; (ਵੇਖੋ : ਖੱਤ੍ਰੀ)

(ੳ–131) **ਉੱਮੀਆਂ** :

ਪੱਛਮੀ ਪੰਜਾਬ ਵਿਚ, ਅੰਨ ਨਵਾਂ ਕਰਨ ਦੀ ਇਕ ਰਸਮ, ਜਦੋਂ ਕਣਕ, ਜੌਂ ਅਤੇ ਜਵਾਰ ਦੇ ਸਿੱਟਿਆਂ ਵਿਚ ਦਾਣਾ ਪਕਦਾ ਹੈ ਜਾਂ ਛੋਲਿਆਂ ਦੇ ਝਾੜ ਨਾਲ ਡੱਡੇ ਪੈਂਦੇ ਹਨ ਤਾਂ ਨਵੀਂ ਫ਼ਸਲ ਦੇ ਅੰਨ ਨੂੰ ਨਵਾਂ ਕਰਨ ਲਈ, ਲਕੜਾਂ ਅਤੇ ਗੋਹੇ ਦੀ ਧੂਣੀ ਧੁਖਾ ਕੇ ਉਸ ਉਤੇ ਸਿੱਟੇ ਭੁੰਨ ਕੇ ਖਾਧੇ ਜਾਂਦੇ ਹਨ। ਇਸ ਮੌਕੇ ਉਤੇ ਧਮਾਲ ਨਾਚ ਵੀ ਪਾਇਆ ਜਾਂਦਾ ਹੈ ਅਤੇ ਗੀਤ ਵੀ ਗਾਏ ਜਾਂਦੇ ਹਨ।

(ੳ–132) **ਉਰਸ** :

ਪੀਰਾਂ ਫ਼ਕੀਰਾਂ ਦੀਆਂ ਖ਼ਾਨਗਾਹਾਂ ਅਤੇ ਮਜ਼ਾਰਾਂ ਆਦਿ ਉਤੇ ਲਗਦੇ ਮੇਲੇ। ਇਹ ਮੇਲੇ ਪ੍ਰਸਿੱਧ ਪੀਰਾਂ ਫ਼ਕੀਰਾਂ ਦੀ ਮਰਨ-ਤਿੱਥੀ ਉਤੇ ਲਗਦੇ ਹਨ। ਇਨ੍ਹਾਂ ਮੇਲਿਆਂ ਦੀ ਮੂਲ ਭਾਵਨਾ ਭਾਵੇਂ ਸੰਬੰਧਿਤ ਪੀਰਾਂ ਫ਼ਕੀਰਾਂ ਪ੍ਰਤੀ ਸ਼ਰਧਾ ਪ੍ਰਗਟ ਕਰਨਾ ਹੈ, ਪਰ ਇਹ ਮੇਲੇ ਸੁਭਾਵ ਵਿਚ

ਲੌਕਿਕ ਹਨ। ਕੁਝ ਉਰਸਾਂ ਵਿਚ ਕਈ ਜਾਤੀਆਂ ਅਤੇ ਧਰਮਾਂ ਦੇ ਲੋਕ ਬਿਨਾਂ ਕਿਸੇ ਸੰਪਰਦਾਇਕ ਵਿਖੇਵੇਂ ਦੇ ਸ਼ਾਮਲ ਹੁੰਦੇ ਹਨ।

ਉਰਸ ਅਰਬੀ ਦੇ ਸ਼ਬਦ 'ਔਰਸ' ਤੋਂ ਬਣਿਆ ਹੈ, ਜਿਸ ਦਾ ਅਰਥ ਦੁਲ੍ਹਨ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਅੱਲਾ ਦੇ ਪਿਆਰੇ ਪੀਰ ਫ਼ਕੀਰ ਆਪਣੀ ਕਬਰ ਵਿਚ ਕਿਆਮਤ ਤਕ ਇਸ ਤਰ੍ਹਾਂ ਲੇਟੇ ਰਹਿਣਗੇ ਜਿਵੇਂ ਨਵੀਂ ਵਿਆਹੀ ਦੁਲ੍ਹਨ ਸੇਜ ਉਤੇ ਬਿਰਾਜਦੀ ਹੈ।

ਉਰਸ ਸਿਰਫ਼ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਮਨਾਣ ਦੀ ਪ੍ਰਥਾ ਹੈ। ਬਾਹਰਲੇ ਦੇਸ਼ਾਂ ਵਿਚ ਪੀਰਾਂ ਦੇ ਮਜ਼ਾਰਾਂ ਦੀ ਜ਼ਿਆਰਤ ਕੀਤੀ ਜਾਂਦੀ ਹੈ, ਪਰ ਉਰਸ ਨਹੀਂ ਮਨਾਏ ਜਾਂਦੇ। ਭਾਰਤ ਅਤੇ ਪਾਕਿਸਤਾਨ ਤੋਂ ਬਾਹਰ ਸਿਰਫ਼ ਈਦ ਮਿਲਾਦ-ਉਲ-ਨਬੀ ਹੀ ਮਨਾਈ ਜਾਂਦੀ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਦੀ ਜਨਮ ਅਤੇ ਵਫ਼ਾਤ ਦੀ ਤਿੱਥ ਹੈ।

ਪੰਜਾਬ ਵਿਚ ਅਨੇਕਾਂ ਉਰਸ ਭਿੰਨ ਭਿੰਨ ਥਾਈਂ ਮਨਾਏ ਜਾਂਦੇ ਹਨ। ਇਨ੍ਹਾਂ ਸਭ ਉਰਸਾਂ ਦਾ ਵਰਨਣ ਸੰਬੰਧਿਤ ਪੀਰਾਂ ਫ਼ਕੀਰਾਂ ਦੇ ਨਾਵਾਂ ਹੇਠ ਅੱਖਰ ਕ੍ਰਮ ਅਨੁਸਾਰ ਯੋਗ ਥਾਂ ਉਤੇ ਕੀਤਾ ਗਿਆ ਹੈ।

### (ੳ-133) **ਉਰਸਾ** :

ਇਕ ਛੋਟੀ ਜਿਹੀ ਸਿਲ, ਜਿਸ ਉਤੇ ਪੁਜਾਰੀ ਚੰਦਨ ਨੂੰ ਰਗੜ ਕੇ, ਮੰਦਰ ਵਿਚ ਪੂਜਾ ਲਈ ਆਏ ਸ਼ਰਧਾਲੂਆਂ ਦੇ ਮੱਥੇ ਉਤੇ ਤਿਲਕ ਲਗਾਉਂਦੇ ਹਨ।

### (ੳ-134) **ਉਰਧ ਪੁੰਡ੍ਰ** :

ਹਿੰਦੂਆਂ ਦੇ ਮੱਥੇ ਦੇ ਤਿਲਕ ਕਈ ਰੂਪਾਂ ਅਤੇ ਸ਼ੈਲੀਆਂ ਦੇ ਹਨ। (ਵੇਖੋ : ਤਿਲਕ) ਤਿਲਕ ਦੇ ਰੂਪ ਨੂੰ ਵੇਖ ਕੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਮੁਕਾ ਹਿੰਦੂ ਕਿਸ ਸੰਪਰਦਾਇ ਨਾਲ ਸੰਬੰਧਿਤ ਹੈ। ਇਨ੍ਹਾਂ ਤਿਲਕਾਂ ਵਿਚੋਂ ਇਕ ਸ਼ੈਲੀ ਉਪਰ ਵਲ ਤਿੰਨ ਖੜੀਆਂ ਲਕੀਰਾਂ ਖਿਚ ਕੇ ਹੇਠਾਂ ਇਕ ਲੇਟਵੀਂ ਲਕੀਰ ਖਿਚਣ ਦੀ ਹੈ, ਜਿਸ ਨੂੰ ਉਰਧ ਪੁੰਡ੍ਰ ਕਹਿੰਦੇ ਹਨ। ਉਰਧ ਦਾ ਭਾਵ ਹੈ ਉੱਪਰ ਵਲ, ਅਤੇ ਪੁੰਡ੍ਰ ਦਾ ਭਾਵ ਹੈ ਗੰਨੇ ਦੀ ਪੋਰੀ। ਸੋ, ਉਰਧ ਪੁੰਡ੍ਰਾ ਦਾ ਮਤਲਬ ਹੋਇਆ — ਗੰਨੇ ਦੀਆਂ ਪੋਰੀਆਂ ਵਰਗਾ ਤਿਲਕ। ਤਿੰਨ ਖੜੀਆਂ ਲਕੀਰਾਂ ਤਿੰਨ ਪ੍ਰਧਾਨ ਦੇਵਤਿਆਂ — ਵਿਸ਼ਨੂੰ, ਬ੍ਰਹਮਾ ਅਤੇ ਸ਼ਿਵ ਦੀਆਂ ਵਾਚਕ ਹਨ ਅਤੇ ਹੇਠਲੀ ਲੇਟਵੀਂ ਲਕੀਰ ਸਾਰੇ ਬ੍ਰਹਿਮੰਡ ਦੀ; ਜਿਸ ਉਤੇ ਇਨ੍ਹਾਂ ਤਿੰਨਾਂ ਦੇਵਤਿਆਂ ਦਾ ਪੂਰਨ ਅਧਿਕਾਰ ਹੈ। ਇਸ ਤਰ੍ਹਾਂ ਦਾ ਤਿਲਕ ਵੈਸ਼ਨੋ ਮੱਤ ਵਾਲੇ ਧਾਰਨ ਕਰਦੇ ਹਨ। ਕਈ ਵੈਸ਼ਨੋ ਇਸ ਤਿਲਕ ਦੇ ਚਿੰਨ੍ਹ ਨੂੰ 'ਵਿਸ਼ਣਪਦ' ਦਾ ਬੋਧਿਕ ਮੰਨਦੇ ਹਨ।

ਸ਼ੈਵ ਮੱਤ ਵਾਲੇ ਟੇਢਾ ਤਿਲਕ ਲਗਾਂਦੇ ਹਨ ਜਿਸ ਨੂੰ ਆੜਾ-ਟਿਕਾ ਕਿਹਾ ਜਾਂਦਾ ਹੈ। (ਵੇਖੋ : ਆੜਾ ਟਿਕਾ)

### (ੳ-135) **ਉਰਧ ਤੱਪ** :

ਇਕ ਪ੍ਰਕਾਰ ਦਾ ਕਠੋਰ ਤੱਪ ਜੋ ਸਿਰ ਹੇਠਾਂ ਅਤੇ ਪੈਰ ਉੱਪਰ ਵਲ ਕਰ ਕੇ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਹ ਤੱਪ ਕਿਸੇ ਬ੍ਰਿਛ ਦੀ ਟਹਿਣੀ ਨਾਲ ਪੁੱਠਾ ਲਟਕ ਕੇ ਕੀਤਾ ਜਾਂਦਾ ਹੈ। ਕਿਸੇ ਇਕ ਸਮੇਂ ਇਹ ਤੱਪ ਅੱਧੇ ਘੰਟੇ ਤੋਂ ਵਧ ਨਹੀਂ ਹੋ ਸਕਦਾ। ਅਜਿਹਾ ਤੱਪ ਕਰਨ ਵਾਲੇ ਸਾਧੂ ਨੂੰ ਉਰਧਮੁਖੀ ਕਹਿੰਦੇ ਹਨ। ਆਦਿ ਗ੍ਰੰਥ ਵਿਚ ਉਰਧ ਤੱਪ ਦੀ ਨਿਖੇਧੀ ਕੀਤੀ ਗਈ ਹੈ :—

ਕਾਇਆ ਸਾਧੈ ਉਰਧ ਤਪੁ ਕਰੈ
ਵਿਚਹੁ ਹਉਮੈ ਨ ਜਾਇ ॥ (ਸ੍ਰੀ. ਮ: ੩)

ਆਕਾਸ਼ ਵਲ ਮੂੰਹ ਚੁੱਕ ਕੇ ਅਤੇ ਬਾਹਵਾਂ ਉੱਪਰ ਵਲ ਫੈਲਾ ਕੇ ਕੀਤਾ ਤੱਪ ਵੀ ਉਰਧ ਅਖਵਾਉਂਦਾ ਹੈ। ਕਈ ਤਪੱਸਵੀ ਆਕਾਸ਼ ਵਲ ਧਿਆਨ ਬੰਨ੍ਹ ਕੇ ਪ੍ਰਭੂ ਵਿਚ ਆਪਣੀ ਲਿਵ ਜੋੜੀ ਰਖਦੇ ਹਨ, ਉਨ੍ਹਾਂ ਤਪੱਸਵੀਆਂ ਨੂੰ ਉਰਧ-ਧਿਆਨੀ ਕਿਹਾ ਜਾਂਦਾ ਹੈ। ਲੋਕ-ਨਿਸ਼ਚੇ ਅਨੁਸਾਰ ਜਦੋਂ ਬੱਚਾ ਮਾਂ ਦੇ ਗਰਭ ਵਿਚ ਪੁੱਠਾ ਲਟਕਿਆ ਹੁੰਦਾ ਹੈ ਤਾਂ ਉਹ ਆਪਣੀ ਲਿਵ ਪ੍ਰਭੂ ਵਿਚ ਜੋੜੀ ਰਖਦਾ ਹੈ। ਸੋ ਇਸ ਅਵਸਥਾ ਨੂੰ ਵੀ ਉਰਧ ਧਿਆਨੀ ਕਿਹਾ ਗਿਆ ਹੈ।

(ੳ-136) **ਉਰਧ ਬਾਹੂ** :

(1) ਵਸ਼ਿਸ਼ਠ ਰਿਸ਼ੀ ਦਾ ਇਕ ਪੁੱਤਰ ।

(2) ਇਕ ਖ਼ਾਸ ਤਰ੍ਹਾਂ ਦੇ ਤਪੱਸਵੀ ਜੋ ਆਪਣੀਆਂ ਬਾਹਵਾਂ ਸਦਾ ਆਕਾਸ਼ ਵਲ ਉਠਾਈ ਰਖਦੇ ਹਨ । (ਵੇਖੋ : ਉਰਧ ਤੱਪ)

(ੳ-137) **ਉਰਮਿਲਾ** :

ਰਾਜੇ ਜਨਕ ਦੀ ਇਕ ਕੰਨਿਆਂ ਅਤੇ ਸੀਤਾ ਦੀ ਛੋਟੀ ਭੈਣ ਜੋ ਲਛਮਣ ਦੀ ਪਤਨੀ ਸੀ । ਉਰਮਿਲਾ ਦੇ ਉਦਰ ਤੋਂ ਅੰਗਦ ਤੇ ਧਰਮ ਕੇਤੂ ਨਾਉਂ ਦੇ ਦੋ ਪੁੱਤਰ ਜੰਮੇਂ ਜਿਨ੍ਹਾਂ ਨੇ ਆਂਗਦੀ ਅਤੇ ਲਕਸ਼ਮਣਾਵਤੀ ਨਗਰ ਵਸਾਏ । ਰਾਮਾਇਣ ਅਤੇ ਪੁਰਾਣਾਂ ਆਦਿ ਵਿਚ ਉਰਮਿਲਾ ਬਾਰੇ ਬਹੁਤਾ ਵੇਰਵਾ ਨਹੀਂ ਮਿਲਦਾ । ਹਿੰਦੀ ਵਿਚ ਆਧੁਨਿਕ ਕਾਲ ਵਿਚ ਉਰਮਿਲਾ ਬਾਰੇ ਕੁਝ ਰਚਨਾਵਾਂ ਲਿਖੀਆਂ ਗਈਆਂ । ਮੈਥਿਲੀ ਸ਼ਰਣ ਗੁਪਤ ਨੇ ਆਪਣੇ ਮਹਾਂਕਾਵਿ 'ਸਾਕੇਤ' ਵਿਚ ਉਰਮਿਲਾ ਨੂੰ ਨਾਇਕਾ ਬਣਾਇਆ ਅਤੇ ਉਸ ਨੂੰ ਇਕ ਆਦਰਸ਼ ਪਤਨੀ, ਸਹਿਜ ਪ੍ਰੇਮਿਕਾ ਅਤੇ ਵੀਰਂਗਣਾ ਦੇ ਰੂਪ ਵਿਚ ਪੇਸ਼ ਕੀਤਾ ।

(ੳ-138) **ਉਰਵਸ਼ੀ** :

ਇਕ ਰੂਪਮਤੀ ਅਪੱਛਰਾਂ; ਨਾਰਾਇਣ ਦੇ ਉਰੁ (ਪਟ) ਤੋਂ ਪੈਦਾ ਹੋਣ ਕਰ ਕੇ ਇਸ ਦਾ ਨਾਂ ਉਰਵਸ਼ੀ ਪਿਆ । ਪਦਮ ਪੁਰਾਣ ਅਨੁਸਾਰ ਉਰਵਸ਼ੀ ਕਾਮਦੇਵ ਦੇ ਉਰੁ (ਪਟ) ਤੋਂ ਉਤਪੰਨ ਹੋਈ ।

ਉਰਵਸ਼ੀ ਦਾ ਸੰਕੇਤ ਮਾਤਰ ਵਰਨਣ ਰਿਗ ਵੇਦ (1—95) ਵਿਚ ਹੈ । ਉਰਵਸ਼ੀ ਅਤੇ ਪੁਰੂਰਵ ਦੀ ਪ੍ਰੇਮ ਕਥਾ ਸ਼ਤਪਥ ਬ੍ਰਾਹਮਣ ਵਿਚ ਵਿਸਥਾਰ ਨਾਲ ਮਿਲਦੀ ਹੈ । ਇਹ ਪੰਜਾਬ ਦੀ ਸਭ ਤੋਂ ਪ੍ਰਾਚੀਨ ਆਰਿਆਈ ਪ੍ਰੇਮ-ਗਾਥਾ ਜਾਪਦੀ ਹੈ ।

ਇਕ ਵਾਰ ਇੰਦਰ ਦੀ ਸਭਾ ਵਿਚ ਨਚਦਿਆਂ ਉਰਵਸ਼ੀ ਦਾ ਧਿਆਨ ਰਾਜੇ ਪਰੂਰਵ ਵਲ ਖਿਚਿਆ ਗਿਆ ਅਤੇ ਉਹ ਤਾਲ ਤੋਂ ਥਿੜਕ ਗਈ । ਇੰਦਰ ਨੇ ਕਰੋਧ ਵਿਚ ਆ ਕੇ ਉਰਵਸ਼ੀ ਨੂੰ ਸਰਾਪ ਦੇ ਕੇ ਪ੍ਰਿਥਵੀ ਉਤੇ ਭੇਜ ਦਿਤਾ । ਪ੍ਰਿਥਵੀ ਉਤੇ ਉਰਵਸ਼ੀ ਨੇ ਪਰੂਰਵ ਦਾ ਪ੍ਰੇਮ ਵੇਖ, ਉਸ ਨੂੰ ਅੰਗੀਕਾਰ ਕਰਨਾ ਪ੍ਰਵਾਨ ਕਰ ਲਿਆ । ਉਰਵਸ਼ੀ ਨੇ ਪਰੂਰਵ ਨੂੰ ਆਤਮ-ਸਮਰਪਣ ਕਰਨ ਵੇਲੇ ਤਿੰਨ ਸ਼ਰਤਾਂ ਰਖੀਆਂ — ਇਕ, ਉਹ ਹਮੇਸ਼ਾਂ ਘਿਉ ਦਾ ਆਹਾਰ ਕਰੇਗੀ । ਦੂਜਾ, ਉਸ ਦੇ ਦੋਵੇਂ ਮੇਢੇ ਹਮੇਸ਼ਾਂ ਉਸ ਦੀ ਮੰਜੀ ਨਾਲ ਬਝੇ ਰਹਿਣਗੇ ਅਤੇ ਕਦੇ ਉਸ ਤੋਂ ਵੱਖ ਨਹੀਂ ਹੋਣਗੇ । ਤੀਜਾ, ਆਲਿੰਗਨ ਤੋਂ ਇਲਾਵਾ ਜੇ ਕਿਸੇ ਵੀ ਹੋਰ ਅਵਸਥਾ ਵਿਚ ਉਸ ਨੇ ਪਰੂਰਵ ਨੂੰ ਨੰਗਾ ਵੇਖ ਲਿਆ ਤਾਂ ਉਹ ਉਸ ਨੂੰ ਤਿਆਗ ਕੇ ਸਵਰਗ ਲੋਕ ਨੂੰ ਵਾਪਿਸ ਚਲੀ ਜਾਵੇਗੀ । ਪਰੂਰਵ ਨੇ ਤਿੰਨੋਂ ਸ਼ਰਤਾਂ ਪ੍ਰਵਾਨ ਕਰ ਲਈਆਂ । ਉਰਵਸ਼ੀ ਅਤੇ ਪਰੂਰਵ ਕਾਫ਼ੀ ਲੰਮੇ ਸਮੇਂ ਤਕ ਪਤੀ ਪਤਨੀ ਦੇ ਰੂਪ ਵਿਚ ਸੰਸਾਰ ਵਿਚ ਗ੍ਰਿਹਸਤ ਭੋਗਦੇ ਰਹੇ ਅਤੇ ਉਨ੍ਹਾਂ ਦੇ ਨੌਂ ਪੁੱਤਰ ਜੰਮੇ । ਗੰਧਰਵਾਂ ਨੂੰ ਉਰਵਸ਼ੀ ਦੀ ਗ਼ੈਰ-ਹਾਜ਼ਰੀ ਵਿਚ ਸਵਰਗ ਨੀਰਸ ਲੱਗਣ ਲੱਗਾ । ਸੋ, ਉਨ੍ਹਾਂ ਨੇ ਉਰਵਸ਼ੀ ਨੂੰ ਮੁੜ ਆਪਣੀ ਪੁਰੀ ਵਿਚ ਲਿਆਉਣ ਲਈ ਇਕ ਛੱਲ ਖੇਡਿਆ । ਉਨ੍ਹਾਂ ਨੇ ਵਿਸ਼ਵਾਵਸੂ ਨੂੰ ਅੱਧੀ ਰਾਤ ਵੇਲੇ ਉਰਵਸ਼ੀ ਦਾ ਇਕ ਮੇਢਾ ਚੁਰਾਣ ਲਈ ਭੇਜਿਆ । ਮੇਢੇ ਦੀ ਕਰੁਣਾਮਈ ਆਵਾਜ਼ ਸੁਣ ਕੇ ਰਾਜਾ ਪਰੂਰਵ ਚੋਰ ਨੂੰ ਫੜਨ ਲਈ ਉਸ ਦੇ ਮਗਰ ਨੰਗਾ ਹੀ ਦੌੜ ਪਿਆ, ਕਿਉਂ ਜੋ ਉਹ ਉਦੋਂ ਬਿਸਤਰੇ ਉਪਰ ਨੰਗਾ ਲੇਟਿਆ ਪਿਆ ਸੀ । ਗੰਧਰਵਾਂ ਨੇ ਆਸਮਾਨ ਵਿਚ ਬਿਜਲੀ ਚਮਕਾ ਦਿਤੀ । ਫਲਸਰੂਪ ਉਰਵਸ਼ੀ ਨੇ ਪਰੂਰਵ ਨੂੰ ਨੰਗਾ ਵੇਖ ਲਿਆ । ਪ੍ਰਣ ਭੰਗ ਹੋਣ ਕਾਰਨ ਉਰਵਸ਼ੀ ਉਸੇ ਵੇਲੇ ਇੰਦਰਪੁਰੀ ਵਿਚ ਚਲੀ ਗਈ । ਪਰੂਰਵ ਉਰਵਸ਼ੀ ਦੇ ਪ੍ਰੇਮ ਵਿਚ ਵਿਆਕੁਲ ਹੋ ਕੇ ਉਸ ਨੂੰ ਪਰਬਤਾਂ ਅਤੇ ਵਾਦੀਆਂ ਵਿਚ ਢੂੰਡਦਾ ਫਿਰਿਆ । ਇਕ ਦਿਨ ਉਸ ਨੇ ਕੁਰਛੇਤਰ ਦੀ ਇਕ ਝੀਲ ਵਿਚ ਕੁਝ ਹੰਸਣੀਆਂ ਤਰਦੀਆਂ ਵੇਖੀਆਂ । ਉਨ੍ਹਾਂ ਵਿਚ ਉਰਵਸ਼ੀ ਵੀ ਸੀ ਜੋ ਆਪਣੀਆਂ ਸਖੀਆਂ ਨਾਲ ਹੰਸ ਦੇ ਰੂਪ ਵਿਚ ਤੈਰ ਰਹੀ ਸੀ । ਪਰੂਰਵ ਨੂੰ ਵਿਆਕੁਲ ਵੇਖ ਕੇ ਉਰਵਸ਼ੀ ਮਨੁੱਖੀ ਜਾਮੇ ਵਿਚ ਆ ਗਈ । ਪਰੂਰਵ ਦੇ ਮਿੰਨਤਾਂ ਤਰਲੇ ਕਰਨ ਉਤੇ ਉਰਵਸ਼ੀ ਆਖਣ ਲੱਗੀ, "ਮੈਂ ਊਸ਼ਾ ਦੀ ਪਹਿਲੀ ਕਿਰਨ ਹਾਂ ਜੋ ਲੰਘੀ ਹੱਥ ਨਹੀਂ

ਆਉਂਦੀ...ਮੈਂ ਹਵਾ ਦਾ ਝੋਂਕਾ ਹਾਂ, ਜੋ ਫੜਨਾ ਬੜਾ ਕਠਨ ਹੈ।" ਪਰ ਪਰੂਰਵ ਦੇ ਤਰਲਿਆਂ ਅੱਗੇ ਉਰਵਸ਼ੀ ਦਾ ਮਨ ਪਸੀਜ ਗਿਆ ਅਤੇ ਉਹ ਮੁੜ ਉਸ ਕੋਲ ਰਹਿਣ ਲੱਗ ਪਈ।

ਵਿਸ਼ਨੂੰ ਪੁਰਾਣ ਅਤੇ ਪਦਮ ਪੁਰਾਣ ਵਿਚ ਇਹੋ ਕਥਾ ਵੇਦਾਂ ਨਾਲੋਂ ਰਤਾ ਵੱਖਰੇ ਰੂਪ ਵਿਚ ਮਿਲਦੀ ਹੈ। ਪੁਰਾਣਾਂ ਅਨੁਸਾਰ ਨਰਨਾਰਾਇਣ ਰਿਸ਼ੀ ਦੇ ਤਪ ਨੂੰ ਭੰਗ ਕਰਨ ਦੇ ਵਿਚਾਰ ਨਾਲ ਦੇਵਤਿਆਂ ਨੇ ਬਦਰਿਕਾ ਆਸ਼ਰਮ ਵਿਚ ਅਲੌਕਿਕ ਰੂਪਮਤੀ ਉਰਵਸ਼ੀ ਨੂੰ ਭੇਜਿਆ। ਉਰਵਸ਼ੀ ਨੇ ਆਪਣੀਆਂ ਅਦਾਵਾਂ ਅਤੇ ਰੂਪ-ਜਾਲ ਨਾਲ ਰਿਸ਼ੀ ਦਾ ਤਪ ਭੰਗ ਕਰ ਦਿਤਾ। ਕਰੋਧ ਵਿਚ ਆ ਕੇ ਰਿਸ਼ੀ ਨੇ ਉਰਵਸ਼ੀ ਨੂੰ ਮਾਤ-ਲੋਕ ਵਿਚ ਜਨਮ ਲੈਣ ਦਾ ਸਰਾਪ ਦਿਤਾ।

ਮਹਾਂਭਾਰਤ ਅਨੁਸਾਰ ਮਿਤ੍ਰ ਅਤੇ ਵਰੁਣ ਦੀ ਨਜ਼ਰ ਮਨਮੋਹਣੀ ਉਰਵਸ਼ੀ ਉਤੇ ਪਈ ਤਾਂ ਉਨ੍ਹਾਂ ਦਾ ਵੀਰਜ ਝੜ ਪਿਆ। ਫਲਸਰੂਪ ਅਗਸਤ ਅਤੇ ਵਸ਼ਿਸ਼ਠ ਰਿਸ਼ੀ ਪੈਦਾ ਹੋਏ। ਮਗਰੋਂ ਇਹ ਦੋਵੇਂ ਦੇਵਤੇ ਉਰਵਸ਼ੀ ਉਤੇ ਕਿਸੇ ਗੱਲੋਂ ਨਰਾਜ਼ ਹੋ ਗਏ ਅਤੇ ਉਨ੍ਹਾਂ ਨੇ ਉਰਵਸ਼ੀ ਨੂੰ ਪ੍ਰਿਥਵੀ ਉਤੇ ਜਨਮ ਲੈਣ ਦਾ ਸਰਾਪ ਦਿਤਾ।

ਕਾਲੀ ਦਾਸ ਨੇ ਵਿਕ੍ਰਮੋਰਵਸ਼ੀ ਨਾਟਕ ਵਿਚ ਪਰੂਰਵ ਅਤੇ ਉਰਵਸ਼ੀ ਦੀ ਪ੍ਰੇਮ-ਕਥਾ ਦੀ ਪੁਨਰ-ਸਿਰਜਨਾ ਕੀਤੀ ਹੈ। ਪਰੂਰਵ ਸੂਰਮਗਤੀ ਕਾਰਨ ਵਿਕ੍ਰਮ ਅਖਵਾਇਆ। ਕਾਲੀ ਦਾਸ ਨੇ ਮੂਲ ਕਥਾ ਵਿਚ ਬਹੁਤ ਸਾਰੇ ਪਰਿਵਰਤਨ ਕਰ ਕੇ ਕਹਾਣੀ ਨੂੰ ਪੌਰਾਣਿਕ ਮੰਡਲ ਵਿਚੋਂ ਕੱਢ ਕੇ ਪਰੀ-ਕਹਾਣੀ ਬਣਾ ਦਿਤਾ ਹੈ।

ਪੰਜਾਬ ਦੀ ਇਹ ਪ੍ਰਾਚੀਨ ਪ੍ਰੇਮ-ਗਾਥਾ ਪਿਛਲੇਰੇ ਮੱਧਕਾਲ ਵਿਚ ਵਿਕ੍ਰਿਤ ਹੋ ਕੇ ਪਰੀ-ਕਹਾਣੀ ਦਾ ਰੂਪ ਧਾਰਨ ਕਰ ਗਈ ਅਤੇ 'ਹੰਸਾ ਸ਼ਹਿਜ਼ਾਦੀ' ਦੇ ਰੂਪ ਵਿਚ ਲੋਕਾਂ ਵਿਚ ਪ੍ਰਚਲਤ ਹੋ ਗਈ। (ਵੇਖੋ : ਹੰਸਾ ਸ਼ਹਿਜ਼ਾਦੀ)

(ੳ-139) **ਉਰਵਸ਼ੀ ਅਤੇ ਪਰੂਰਵ** :

ਰਿਗ ਵੇਦ ਦਾ ਇਕ ਪ੍ਰਸਿੱਧ ਆਖਯਾਨ। ਰਿਗ ਵੇਦ ਦੇ ਸੂਕਤ (10,65) ਵਿਚ ਇਹ ਕਥਾ ਸੰਬਾਦ ਰੂਪ ਵਿਚ ਸੰਕੇਤ ਮਾਤਰ ਮਿਲਦੀ ਹੈ, ਪਰ ਸ਼ਤਪਥ ਬ੍ਰਹਮਣ ਵਿਚ ਰੋਚਕ ਵਿਸਥਾਰ ਨਾਲ ਉਪਲਬਧ ਹੈ। ਵਿਸ਼ਨੂੰ ਪੁਰਾਣ (4,6) ਮਤੱਸਯ ਪੁਰਾਣ (ਅਧਿਆਇ 24) ਅਤੇ ਭਾਗਵਤ (6,14) ਆਦਿ ਵਿਚ ਇਸ ਕਥਾ ਦਾ ਰੋਚਕ ਵਿਵਰਣ ਮਿਲਦਾ ਹੈ। ਪੁਰਾਣਾਂ ਵਿਚ ਇਹ ਕਥਾ ਪ੍ਰੇਮ-ਗਾਥਾ ਦਾ ਰੂਪ ਧਾਰਨ ਕਰ ਗਈ, ਪਰ ਵੈਦਿਕ ਆਖਯਾਨ ਵਿਚ ਪੁਰੂਰਵ ਭਾਵੁਕ ਪ੍ਰੇਮੀ ਦੀ ਥਾਂ ਪ੍ਰਚਾਰਕ ਨਰਪਤੀ ਹੈ ਜਿਸ ਨੇ ਯੱਗ ਸੰਸਥਾ ਦਾ ਵਿਸਥਾਰ ਕੀਤਾ।

(ੳ-140) **ਉਲਸ** :

(ਤੁਰਕੀ ਉਲੁਸ਼) ਕਿਸੇ ਬਜ਼ੁਰਗ, ਸਾਧ ਸੰਤ ਜਾਂ ਗੁਰਮੁਖ ਦਾ ਬਚਿਆ ਹੋਇਆ ਜੂਠਾ ਭੋਜਨ ਜੋ ਪਵਿੱਤ੍ਰ ਮੰਨ ਕੇ ਉਸ ਦੇ ਸੇਵਕ ਮੂੰਹ ਲਗਾਉਂਦੇ ਹਨ। ਧਾਰਨਾ ਅਨੁਸਾਰ ਅਜਿਹੇ ਭੋਜਨ ਦਾ ਅੰਸ਼ ਗ੍ਰਹਿਣ ਕਰਨ ਨਾਲ ਆਤਮਿਕ ਬਲ ਵਧਦਾ, ਸਰੀਰ ਅਰੋਗ ਹੁੰਦਾ ਅਤੇ ਸਭ ਸੰਕਟ ਟਲਦੇ ਹਨ। ਇਸ ਭੋਜਨ ਨੂੰ 'ਸੀਤ ਪ੍ਰਸ਼ਾਦਿ' ਵੀ ਕਿਹਾ ਜਾਂਦਾ ਹੈ। ਸਾਧਾਂ ਸੰਤਾਂ ਅਥਵਾ ਮਹਾਂਪੁਰਖਾਂ ਨੂੰ ਜਦੋਂ ਕੋਈ ਸ਼ਰਧਾਲੂ ਪ੍ਰਸ਼ਾਦਿ ਭੇਟ ਕਰਦਾ ਹੈ ਤਾਂ ਉਹ ਥੋੜਾ ਜਿਹਾ ਅੰਸ਼ ਮੂੰਹ ਲਗਾ ਕੇ, ਬਾਕੀ ਪ੍ਰਸ਼ਾਦਿ ਘਰ ਦੇ ਜੀਆਂ ਜਾਂ ਸੰਗਤ ਵਿਚ ਵੰਡਣ ਲਈ ਮੋੜ ਦੇਂਦੇ ਹਨ। ਜੇ ਇਹ ਪ੍ਰਸ਼ਾਦਿ ਪਤਾਸਿਆਂ ਦਾ ਹੋਵੇ ਤਾਂ ਘਰ ਵਿਚ ਸੰਭਾਲ ਕੇ ਰਖ ਲਿਆ ਜਾਂਦਾ ਹੈ। ਜਦੋਂ ਘਰ ਵਿਚ ਕੋਈ ਬੀਮਾਰ ਪੈ ਜਾਵੇ ਜਾਂ ਕਿਸੇ ਬੱਚੇ ਨੂੰ ਨਜ਼ਰ ਲੱਗ ਜਾਵੇ ਤਾਂ ਥੋੜਾ ਜਿਹਾ ਪ੍ਰਸ਼ਾਦਿ ਉਸ ਦੇ ਮੂੰਹ ਲਗਾ ਦਿਤਾ ਜਾਂਦਾ ਹੈ।

ਮੰਦਰਾਂ ਅਤੇ ਗੁਰਦਵਾਰਿਆਂ ਵਿਚ ਵੀ ਇਹੋ ਪ੍ਰਥਾ ਪ੍ਰਚਲਤ ਹੈ। ਜਦੋਂ ਕੋਈ ਅਨੁਯਾਈ ਪ੍ਰਸ਼ਾਦਿ ਭੇਟ ਕਰਦਾ ਹੈ ਤਾਂ ਪੰਡਤ/ਭਾਈ ਥੋੜਾ ਜਿਹਾ ਪ੍ਰਸ਼ਾਦਿ ਰਖ ਕੇ ਬਾਕੀ ਉਸ ਨੂੰ ਵਾਪਿਸ ਕਰ ਦੇਂਦਾ ਹੈ। (ਵੇਖੋ : ਸੀਤ ਪ੍ਰਸ਼ਾਦਿ)

(ੳ-141) **ਉਲਕਾ** :

ਕਦੇ ਕਦੇ ਰਾਤ ਵੇਲੇ, ਆਕਾਸ਼ ਵਿਚੋਂ, ਕੁਝ ਪਿੰਡ ਰੌਸ਼ਨੀ ਦੀ ਲਕੀਰ ਛੱਡਦੇ ਹੋਏ ਪ੍ਰਿਥਵੀ ਵਲ ਡਿਗਦੇ ਵਿਖਾਈ ਦੇਂਦੇ ਹਨ ਜੋ

ਬਹੁਤੀ ਵਾਰ ਆਕਾਸ਼ ਮੰਡਲ ਵਿਚ ਹੀ ਭਸਮ ਹੋ ਜਾਂਦੇ ਹਨ, ਇਨ੍ਹਾਂ ਨੂੰ ਉਲਕਾ/ਟੁਟਦੇ ਤਾਰੇ ਕਿਹਾ ਜਾਂਦਾ ਹੈ। ਹਿੰਦੂ ਧਾਰਨਾ ਅਨੁਸਾਰ ਤਾਰਾ ਟੁਟਣਾ ਅਪਸ਼ਗਨ ਹੈ ਅਤੇ ਜੇ ਫੇਰਿਆਂ ਵੇਲੇ ਤਾਰਾ ਟੁਟ ਜਾਵੇ ਤਾਂ ਕੰਨਿਆਂ ਛੇਤੀ ਵਿਧਵਾ ਹੋ ਜਾਂਦੀ ਹੈ। ਮੁਸਲਮਾਨਾਂ ਅਨੁਸਾਰ ਉਲਕਾ ਦਾ ਸੰਬੰਧ ਸ਼ੈਤਾਨ ਨਾਲ ਹੈ। ਜਦੋਂ ਸ਼ੈਤਾਨ ਦਾਅ ਲਗਾ ਕੇ ਬਹਿਸ਼ਤ ਵਿਚ ਦਾਖ਼ਿਲ ਹੋਣ ਲੱਗਦਾ ਹੈ ਤਾਂ ਫ਼ਰਿਸ਼ਤੇ ਉਸ ਉਪਰ ਅੰਗਾਰੇ ਸੁਟਦੇ ਹਨ, ਜੋ ਟੁਟਦੇ ਤਾਰਿਆਂ ਦਾ ਭਰਮ ਪੈਦਾ ਕਰਦੇ ਹਨ। ਲੋਕ-ਨਿਸਚੇ ਅਨੁਸਾਰ ਟੁਟਦੇ ਤਾਰੇ ਦੀ ਅਵੱਧੀ ਸਮੇਂ ਜੇ ਕੋਈ ਸ਼ਖ਼ਸ ਮਨ ਵਿਚ ਕੋਈ ਇੱਛਾ ਧਾਰ ਕੇ ਧਾਗੇ ਨੂੰ ਗੰਢ ਮਾਰ ਲਏ ਤਾਂ ਉਸ ਦੀ ਮਨੋ-ਕਾਮਨਾ ਜ਼ਰੂਰੀ ਪੂਰੀ ਹੁੰਦੀ ਹੈ। ਇਕ ਮਿੱਥ ਅਨੁਸਾਰ ਤਾਰੇ ਮਹਾਂਪੁਰਖਾਂ ਦੀ ਨੂਰੀ ਕਾਇਆ ਹਨ, ਜਿਨ੍ਹਾਂ ਨੂੰ ਧਰਤੀ ਉਤੇ ਪੁੰਨ-ਕਰਮ ਸਦਕਾ ਇਹ ਹੋਂਦ ਪ੍ਰਾਪਤ ਹੋਈ। ਜਦੋਂ ਉਨ੍ਹਾਂ ਦੇ ਪੁੰਨ-ਕਰਮ ਦੇ ਫਲ ਦੀ ਅਵੱਧੀ ਪੂਰੀ ਹੋ ਜਾਂਦੀ ਹੈ ਤਾਂ ਉਹ ਟੁਟ ਕੇ ਸਵਰਗ ਲੋਕ ਵਿਚ ਚਲੇ ਜਾਂਦੇ ਹਨ। (ਵੇਖੋ : ਟੁਟਦੇ ਤਾਰੇ)

(2) ਤੰਤ੍ਰ ਸ਼ਾਸਤ੍ਰ ਅਨੁਸਾਰ ਜੋਗਨੀਆਂ ਦੇ ਅੱਠ ਭੇਦਾਂ ਵਿਚੋਂ ਇਕ। (ਵੇਖੋ : ਜੋਗਨੀਆਂ)

(ੳ-142) **ਉਲਟਾ ਬੱਚਾ** :

ਲੋਕ-ਧਾਰਨਾ ਅਨੁਸਾਰ ਹਰ ਵਿਲੱਖਣ ਕਿਰਿਆ ਜਾਂ ਵਸਤੂ ਵਿਚ ਕੋਈ ਸਹਿਜ ਵਿਸ਼ੇਸ਼ਤਾ ਹੁੰਦੀ ਹੈ। ਸੋ ਉਲਟੇ ਜੰਮੇਂ ਬੱਚੇ ਵਿਚ ਕੁਝ ਕੁ ਜਨਮ ਸਿੱਧ ਸ਼ਕਤੀਆਂ ਮੰਨੀਆਂ ਗਈਆਂ ਹਨ। ਜੇ ਕਿਸੇ ਸ਼ਖ਼ਸ ਦੀ ਪਿੱਠ ਵਿਚ ਚੁਕ ਪੈ ਜਾਵੇ ਤਾਂ ਰੋਗੀ ਨੂੰ ਕਿਸੇ ਚੌਰਾਹੇ ਵਿਚ ਬਿਠਾ ਕੇ ਉਲਟੇ ਜੰਮੇਂ ਬੱਚੇ ਤੋਂ ਉਸ ਦੀ ਪਿੱਠ ਉਤੇ ਲੱਤ ਮਰਵਾਈ ਜਾਵੇ ਤਾਂ ਚੁਕ ਦਾ ਦਰਦ ਦੂਰ ਹੋ ਜਾਂਦਾ ਹੈ।

(ੳ-143) **ਉਲਟਾ ਦੱਬਣਾ** :

ਪੱਛੜੀਆਂ ਜਾਤੀਆਂ, ਖ਼ਾਸ ਤੌਰ ਤੇ ਸ਼ੂਦਰਾਂ ਵਿਚ, ਮੁਰਦੇ ਨੂੰ ਉਲਟਾ ਦੱਬਣ ਦਾ ਰਵਾਜ ਹੈ ਅਥਵਾ ਦੱਬਣ ਲੱਗਿਆਂ ਮ੍ਰਿਤਕ ਦੇਹ ਦਾ ਮੂੰਹ ਹੇਠਾਂ ਜ਼ਿਮੀਂ ਵਲ ਕਰ ਦਿਤਾ ਜਾਂਦਾ ਹੈ। ਲੋਕ-ਨਿਸਚੇ ਅਨੁਸਾਰ ਪੱਛੜੀਆਂ ਜਾਤੀਆਂ ਦੇ ਪ੍ਰੇਤ ਬੜੇ ਦੁਖਦਾਈ ਅਤੇ ਖ਼ੂਣਸੀ ਹੁੰਦੇ ਹਨ। ਪੁੱਠਾ ਦੱਬਣ ਵਾਲੀ ਦੇਹ ਦਾ ਪ੍ਰੇਤ ਹੇਠਾਂ ਪਾਤਾਲ ਲੋਕ ਨੂੰ ਚਲਾ ਜਾਂਦਾ ਹੈ ਅਤੇ ਮੁੜ ਉਸ ਨੂੰ ਮਾਤ ਲੋਕ ਦਾ ਰਸਤਾ ਨਹੀਂ ਲਭਦਾ। ਸੋ ਪੁਰਾਣੇ ਵੇਲਿਆਂ ਵਿਚ ਵੱਡੀਆਂ ਜਾਤੀਆਂ ਦੇ ਲੋਕਾਂ ਨੇ ਨੀਵੀਆਂ ਜਾਤੀਆਂ ਨੂੰ ਮਜਬੂਰ ਕੀਤਾ ਕਿ ਉਹ ਆਪਣੇ ਮੁਰਦੇ ਪੁੱਠੇ ਦੱਬਿਆ ਕਰਨ।

(ੳ-144) **ਉਲਟੀ ਮਾਲਾ ਫੇਰਨਾ** :

ਲੋਕ-ਨਿਸਚੇ ਅਨੁਸਾਰ ਪੁੱਠੀ ਮਾਲਾ ਫੇਰਨ ਨਾਲ ਆਤਮਿਕ ਬਲ ਘਟਦਾ ਅਤੇ ਦੁਖ ਦਲਿਦ੍ਰ ਵਿਚ ਵਾਧਾ ਹੁੰਦਾ ਹੈ। ਪਰ ਜੇ ਕੋਈ ਸ਼ਖ਼ਸ ਕਿਸੇ ਦੂਜੇ ਦਾ ਨਾਉਂ ਲੈ ਕੇ ਪੁੱਠੀ ਮਾਲਾ ਫੇਰੇ ਤਾਂ ਜਿਸ ਸ਼ਖ਼ਸ ਦਾ ਨਾਉਂ ਲਿਆ ਜਾਵੇ, ਉਸ ਸ਼ਖ਼ਸ ਨੂੰ ਦੁਖ-ਕਲੇਸ਼ ਭੋਗਣਾ ਪੈਂਦਾ ਹੈ।

(ੳ-145) **ਉਲਣ ਬੋਚੀ** :

ਛੋਟੇ ਬੱਚਿਆਂ ਦੀ ਇਕ ਖੇਡ, ਜਿਸ ਵਿਚ ਗੇਂਦ/ਖਿਦੋ ਨੂੰ ਡੰਡੇ ਨਾਲ ਉਪਰ ਵਲ ਉਲਾਰ ਕੇ ਬੋਚਿਆ ਜਾਂਦਾ ਹੈ। ਕਈ ਵਾਰ ਡੰਡੇ ਤੋਂ ਬਗ਼ੈਰ ਹੱਥਾਂ ਨਾਲ ਹੀ ਗੇਂਦ/ਖਿਦੋ ਨੂੰ ਉਪਰ ਵਲ ਸੁਟ ਕੇ ਬੋਚਿਆ ਜਾਂਦਾ ਹੈ। ਇਹ ਖੇਡ ਬਹੁਤ ਸਾਰੇ ਲੜਕੇ ਰਲ ਕੇ ਖੇਡਦੇ ਹਨ। ਇਸ ਖੇਡ ਨੂੰ ਪੋਠੋਹਾਰ ਵਿਚ ਉਲਣ ਬੋਚੀ ਕਹਿੰਦੇ ਹਨ। ਉਚਾਰਣ ਭੇਦ ਨਾਲ ਇਸ ਖੇਡ ਦਾ ਨਾਉਂ 'ਉਲਣ ਬਾਕੀ' ਵੀ ਪ੍ਰਸਿੱਧ ਹੈ।

(ੳ-146) **ਉਲਾਹੁਣਾ** :

ਕਿਸੇ ਪ੍ਰਾਣੀ ਦੀ ਮੌਤ ਉਤੇ, ਦੁਖ ਵਿਚ, ਲੰਮੀ ਕਰੁਣਾਮਈ ਹੇਕ ਵਿਚ ਰੋਣਾ ਅਥਵਾ ਨੈਣ ਦੇ ਅਲਾਹੁਣੀਆਂ ਪੜ੍ਹਨ ਦੀ ਸੁਰ ਤਾਲ ਵਿਚ ਪਟਾਂ, ਛਾਤੀਆਂ ਅਤੇ ਮੱਥੇ ਉਤੇ ਹੱਥ ਮਾਰ ਕੇ ਸਿਆਪਾ ਕਰਨਾ। (ਵੇਖੋ : ਸਿਆਪਾ)

(ੳ-147) **ਉਲੇਹਾ** :

ਇਕ ਜੰਗਲੀ ਘਾਹ ਜੋ ਬਰਸਾਤ ਦੇ ਦਿਨਾਂ

ਵਿਚ ਉੱਗਦਾ ਹੈ। ਇਸ ਘਾਹ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਜਦੋਂ ਬਾਬਾ ਆਦਮ ਨੂੰ ਅੰਨ ਖਾਣ ਦੇ ਅਪਰਾਧ ਵਿਚ ਜੰਨਤ ਵਿਚੋਂ ਧਕਿਆ ਗਿਆ ਤਾਂ ਜਿਸ ਥਾਂ ਉਹ ਧਰਤੀ ਉਤੇ ਡਿੱਗਾ ਉਥੇ ਢੇਰ ਸਾਰਾ ਉਲੇਹਾ ਉਗਿਆ ਪਿਆ ਸੀ ਜਿਸ ਦੇ ਨਿਕੇ ਨਿਕੇ ਕੰਡੇ ਆਦਮ ਦੇ ਸਾਰੇ ਸਰੀਰ ਨੂੰ ਚੰਮੜ ਗਏ ਅਤੇ ਰੋਮਾਂ ਦਾ ਰੂਪ ਧਾਰ ਕੇ ਜਿਸਮ ਦਾ ਅੰਗ ਬਣ ਗਏ।

## (ੳ-148) **ਉੱਲੂ :**

ਇਕ ਨਹਿਸ਼ ਪੰਛੀ, ਜਿਸ ਦਾ ਦਿਨ ਵੇਲੇ ਬੋਲਿਆ ਅਸ਼ੁਭ ਸਮਝਿਆ ਜਾਂਦਾ ਹੈ। ਲੋਕ-ਧਾਰਨਾ ਅਨੁਸਾਰ ਉੱਲੂ ਹਮੇਸ਼ਾਂ ਉਜਾੜ ਮੰਗਦਾ ਹੈ। ਇਸ ਲਈ ਜਿਸ ਥਾਂ ਦਿਨ ਵੇਲੇ ਉੱਲੂ ਬਹੁਤਾ ਵਿਚਰੇ, ਉਥੇ ਛੇਤੀ ਉਜਾੜ ਹੋ ਜਾਂਦੀ ਹੈ ਜਾਂ ਉਸ ਘਰ ਕੋਈ ਭਾਣਾ ਵਰਤ ਜਾਂਦਾ ਹੈ। ਰਾਤ ਵੇਲੇ ਉੱਲੂਆਂ ਦਾ ਬੋਲਣਾ ਅਸ਼ੁਭ ਨਹੀਂ।

ਦਿਨ ਵੇਲੇ ਮਸਾਣਾਂ ਕੋਲੋਂ ਲੰਘਦਿਆਂ ਜੇ ਕਿਸੇ ਸ਼ਖ਼ਸ ਦੇ ਕੰਨਾਂ ਵਿਚ ਉੱਲੂ ਦੀ ਆਵਾਜ਼ ਪੈ ਜਾਏ ਤਾਂ ਉਸ ਦੀ ਮੌਤ ਛੇਤੀ ਹੋਣ ਦੀ ਸੰਭਾਵਨਾ ਹੈ। ਕਿਸੇ ਮੁਸਾਫ਼ਰ ਦੇ ਕੰਨਾਂ ਵਿਚ ਜੇ ਉੱਲੂ ਦੇ ਬੋਲ ਪੈ ਜਾਣ ਤਾਂ ਉਸ ਦਾ ਪੰਧ ਖੋਟਾ ਹੋ ਜਾਂਦਾ ਹੈ। ਧਾਰਨਾ ਹੈ ਕਿ ਸਵੇਰ ਵੇਲੇ ਜੇ ਕੋਈ ਸ਼ਖ਼ਸ ਉੱਲੂ ਜਾਂ ਬੰਦਰ ਦਾ ਨਾਂ ਲੈ ਲਏ ਜਾਂ ਕਿਸੇ ਤੋਂ ਸੁਣ ਲਏ ਤਾਂ ਉਸ ਦਿਨ ਉਸ ਨੂੰ ਰੋਟੀ ਨਸੀਬ ਨਹੀਂ ਹੋਏਗੀ।

ਉੱਲੂ ਦਾ ਮਾਸ ਕਾਲੇ ਜਾਦੂ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ। ਜੇ ਕੋਈ ਸ਼ਖ਼ਸ ਕਿਸੇ ਸ਼ਖ਼ਸ ਨੂੰ ਉੱਲੂ ਦਾ ਸਿਰ ਭੁੰਨ ਕੇ ਖਵਾ ਦੇਵੇ ਤਾਂ ਉਹ ਸਾਰੀ ਉਮਰ ਉਸ ਦਾ ਹੱਥ-ਬਧਾ ਗ਼ੁਲਾਮ ਬਣ ਕੇ ਰਹਿੰਦਾ ਹੈ। ਇਸੇ ਤਰ੍ਹਾਂ ਜੇ ਕਿਸੇ ਸੁੰਦਰੀ ਦਾ ਦਿਲ ਜਿਤਣਾ ਹੋਵੇ ਤਾਂ ਉਸ ਨੂੰ ਉੱਲੂ ਦਾ ਦਿਲ ਭੁੰਨ ਕੇ ਖਵਾਣ ਨਾਲ ਸਫਲਤਾ ਪ੍ਰਾਪਤ ਹੁੰਦੀ ਹੈ। ਮੱਧਕਾਲ ਵਿਚ ਦੁਸ਼ਮਣਾਂ ਉਤੇ ਕਾਬੂ ਪਾਉਣ ਤੇ ਸੁੰਦਰੀਆਂ ਦੇ ਦਿਲ ਜਿੱਤਣ ਲਈ ਉੱਲੂ ਦੇ ਮਾਸ ਖੁਆਉਣ ਦਾ ਟੂਣਾ ਆਮ ਪ੍ਰਚਲਤ ਸੀ।

ਚਮਿਆਰਾਂ ਦਾ ਵਿਸ਼ਵਾਸ਼ ਹੈ ਕਿ ਜੇ ਕੋਈ ਸ਼ਖ਼ਸ ਆਪਣੇ ਦੁਸ਼ਮਣ ਦਾ ਨਾਂ ਦੁਹਰਾਂਦਿਆਂ ਹੋਇਆਂ ਉੱਲੂ ਨੂੰ ਸ਼ਰਾਬ ਪਿਲਾਏ ਤਾਂ ਸੱਤਾਂ ਦਿਨਾਂ ਦੇ ਅੰਦਰ ਅੰਦਰ ਉਸ ਦੁਸ਼ਮਨ ਦੀ ਮੌਤ ਹੋ ਜਾਂਦੀ ਹੈ, ਪਰ ਇਸ ਗੱਲ ਦਾ ਧਿਆਨ ਰਖਣਾ ਜ਼ਰੂਰੀ ਹੈ ਕਿ ਅਜਿਹੇ ਮੌਕੇ ਉਤੇ ਉੱਲੂ ਕਿਸੇ ਹੋਰ ਬੰਦੇ ਦਾ ਨਾਂ ਨਾ ਸੁਣੇ।

ਮੁਸਲਮਾਨਾਂ ਦੀ ਧਾਰਨਾ ਹੈ ਕਿ ਜਿਨ੍ਹਾਂ ਪ੍ਰਾਣੀਆਂ ਦੀ ਹੱਤਿਆ ਹੋ ਜਾਂਦੀ ਹੈ, ਉਨ੍ਹਾਂ ਦੀਆਂ ਰੂਹਾਂ ਉੱਲੂ ਦਾ ਜਾਮਾ ਧਾਰ ਕੇ ਕਬਰਾਂ ਵਿਚ ਨਿਵਾਸ ਕਰਦੀਆਂ ਹਨ। (ਵੇਖੋ : ਆਤਮਾ)

## (ੳ-149) **ਉਲੂਕ :**

(1) ਵੈਸ਼ੇਸ਼ਿਕ ਸ਼ਾਸਤ੍ਰ ਦੇ ਲੇਖਕ ਕਣਾਦ ਦਾ ਇਕ ਨਾਉਂ।

(2) ਮਹਾਂਭਾਰਤ ਅਨੁਸਾਰ ਕਿਤਵ ਦਾ ਪੁਤ੍ਰ। ਮਹਾਂਭਾਰਤ ਦੇ ਯੁੱਧ ਵਿਚ, ਉਲੂਕ ਨੇ ਕੌਰਵਾਂ ਦਾ ਸਾਥ ਦਿਤਾ। ਕੌਰਵਾਂ ਨੇ ਇਸ ਨੂੰ ਪਾਂਡਵਾਂ ਕੋਲ ਰਾਜਦੂਤ ਬਣਾ ਕੇ ਭੇਜਿਆ ਸ਼ੀ।

## (ੳ-150) **ਉਲੂਪੀ :**

ਏਰਾਵਤ ਦੇਸ਼ ਦੇ ਕੌਰਵਯ੍ ਨਾਗ ਦੀ ਕੰਨਿਆਂ ਜਿਸ ਦਾ ਵਿਆਹ ਅਰਜਨ ਨਾਲ ਹੋਇਆ। ਉਲੂਪੀ ਦਾ ਵਿਆਹ ਪਹਿਲਾਂ ਕਿਸੇ ਨਾਗ ਨਾਲ ਹੋਇਆ ਜਿਸ ਨੂੰ ਗਰੜ ਨੇ ਮਾਰ ਕੇ ਖਾ ਲਿਆ। ਬਨਬਾਸ ਦੇ ਦਿਨਾਂ ਵਿਚ ਜਦੋਂ ਅਰਜਨ ਬ੍ਰਹਮਚਾਰੀ ਦੇ ਵੇਸ ਵਿਚ ਤੀਰਥਾਂ ਦੀ ਯਾਤ੍ਰਾ ਕਰਦਾ ਗੰਗਾ ਦੇ ਤਟ ਉਤੇ ਪਹੁੰਚਿਆ ਤਾਂ ਉਸ ਦਾ ਮੇਲ ਉਲੂਪੀ ਨਾਲ ਹੋਇਆ। ਉਲੂਪੀ ਅਰਜਨ ਉਤੇ ਮੋਹਿਤ ਹੋ ਗਈ ਤੇ ਉਸ ਨੂੰ ਭਰਮਾ ਕੇ ਆਪਣੇ ਨਾਲ ਨਾਗ-ਲੋਕ ਵਿਚ ਲੈ ਗਈ ਜਿਥੇ ਉਸ ਨੇ ਅਰਜਨ ਨਾਲ ਪੁਨਰ-ਵਿਆਹ ਕਰਵਾ ਲਿਆ।

ਜਿਨ੍ਹੀਂ ਦਿਨੀਂ ਅਰਜਨ ਨਾਗ-ਲੋਕ ਵਿਚ ਰਹਿ ਰਿਹਾ ਸੀ ਉਦੋਂ ਅਰਜਨ ਦਾ ਪੁੱਤਰ ਬਭਰੂਵਾਹਨ, ਜੋ ਚਿਤਰਾਂਗਦਾ ਤੋਂ ਜੰਮਿਆ ਸੀ, ਵੀ ਉਥੇ ਆ ਕੇ ਰਹਿਣ ਲੱਗਾ। ਬਭਰੂਵਾਹਨ ਦੀ ਪਾਲਨਾ ਉਲੂਪੀ ਨੇ ਕੀਤੀ। ਉਲੂਪੀ ਨੇ

ਬਭਰੂਵਾਹਨ ਨੂੰ ਆਪਣੇ ਅਸਰ ਹੇਠ ਕਰ ਕੇ ਅਰਜਨ ਦੇ ਵਿਰੁੱਧ ਭੜਕਾਇਆ। ਦੋਹਾਂ ਪਿਉ ਪੁੱਤਰਾਂ ਵਿਚ ਦੂ-ਬ-ਦੂ ਲੜਾਈ ਹੋਈ। ਇਕ ਹੋਰ ਰੂਪਾਂਤਰ ਅਨੁਸਾਰ ਜਦੋਂ ਅਰਜਨ ਅਸ਼ਮੇਧ ਯੱਗ ਲਈ ਛਡੇ ਗਏ ਘੋੜੇ ਦੇ ਪਿਛੇ ਮਣੀਪੁਰ ਪੁੱਜਾ ਤਾਂ ਬਭਰੂਵਾਹਨ, ਜੋ ਉਦੋਂ ਉਲੂਪੀ ਦੇ ਕੋਲ ਮਣੀਪੁਰ ਵਿਚ ਰਹਿੰਦਾ ਸੀ, ਦੀ ਅਰਜਨ ਨਾਲ ਲੜਾਈ ਹੋ ਗਈ, ਜਿਸ ਵਿਚ ਬਭਰੂਵਾਹਨ ਨੇ ਅਰਜਨ ਨੂੰ ਤੀਰ ਨਾਲ ਮਾਰ ਦਿਤਾ। ਮਗਰੋਂ ਬਭਰੂਵਾਹਨ ਆਪਣੀ ਇਸ ਕਰਤੂਤ ਉਤੇ ਇਤਨਾ ਦੁਖੀ ਹੋਇਆ ਕਿ ਉਸ ਨੇ ਆਤਮ--ਹੱਤਿਆ ਕਰਨ ਦਾ ਨਿਸਚਾ ਕਰ ਲਿਆ। ਉਲੂਪੀ ਨੇ ਬਭਰੂਵਾਹਨ ਨੂੰ ਮਰਨ ਤੋਂ ਰੋਕਣ ਲਈ ਇਕ ਵਿਸ਼ੇਸ਼ ਮਣੀ ਦੀ ਮਦਦ ਨਾਲ ਅਰਜਨ ਨੂੰ ਮੁੜ ਸੁਰਜੀਤ ਕਰ ਦਿਤਾ। ਮਹਾਨ ਕੋਸ਼ (ਪੰ. 14) ਵਿਚ ਬਭਰੂਵਾਹਨ ਨੂੰ ਉਲੂਪੀ ਦਾ ਹੀ ਪੁਤ੍ਰ ਦਸਿਆ ਗਿਆ ਹੈ ਜੋ ਠੀਕ ਨਹੀਂ। ਵਿਸ਼ਨੂੰ ਪੁਰਾਣ ਅਨੁਸਾਰ ਅਰਜਨ ਦੁਆਰਾ ਉਲੂਪੀ ਦੇ ਉਦਰ ਤੋਂ ਇਰਾਵਤ ਨਾਂ ਦਾ ਪੁਤ੍ਰ ਜੰਮਿਆ ਸੀ।

(ੳ-151) **ਊਂ ਊਂ :**

ਲੋਰੀ ਦੀ ਧੁਨੀ, ਜੋ ਬੱਚੇ ਨੂੰ ਸੁਲਾਣ ਵੇਲੇ ਜਾਂ ਰੋਂਦੇ ਨੂੰ ਵਰਚਾਣ ਦੀ ਖ਼ਾਤਰ ਲਮਕਵੀਂ ਝੀਣੀ ਸੁਰ ਵਿਚ ਗਾਈ ਜਾਂਦੀ ਹੈ। ਨਾਲੋ ਨਾਲ ਬੱਚੇ ਦੇ ਸਿਰ ਨੂੰ ਥਪਕਿਆ ਜਾਂਦਾ ਹੈ। ਇਸ ਮਧੁਰ ਸੁਰ ਤਾਲ ਵਿਚ ਬੱਚੇ ਨੂੰ ਖ਼ੁਮਾਰੀ ਜਿਹੀ ਪ੍ਰਤੀਤ ਹੁੰਦੀ ਹੈ ਅਤੇ ਉਹ ਸੌਂ ਜਾਂਦਾ ਹੈ, ਜਿਵੇਂ "ਵੀਰ ਆਇਆ ਦੂਰੋਂ, ਮੈਂ ਮਿੱਠਾ ਮਣ ਕੱਢਾਂ ਤੰਦੂਰੋਂ, ਊਂ...ਊਂ...ਊਂ...ਊਂ" । (ਵੇਖੋ : ਲੋਰੀ)

(ੳ-152) **ਊਸ਼ਾ** :

ਇਕ ਪੌਰਾਣਿਕ ਦੈਂਤਣੀ ਰਾਜਕੁਮਾਰੀ ਜੋ ਸੁਪਨੇ ਵਿਚ ਰਾਜਕੁਮਾਰ ਅਨਿਰੁੱਧ ਨੂੰ ਵੇਖ ਕੇ ਉਸ ਨਾਲ ਪ੍ਰੇਮ ਕਰਨ ਲੱਗ ਪਈ ਸੀ। ਇਹ ਕਥਾ ਪੁਰਾਣਾਂ ਵਿਚ ਅਨੇਕਾਂ ਵਾਰ ਦੁਹਰਾਈ ਗਈ ਹੈ। ਇਸ ਦੀਆਂ ਕੁਝ ਰੂੜ੍ਹੀਆਂ 'ਸੱਸੀ ਪੁੰਨੂੰ' ਦੀ ਕਥਾ ਨਾਲ ਮੇਲ ਖਾਂਦੀਆਂ ਹਨ। (ਵੇਖੋ : ਸੱਸੀ ਪੁੰਨੂੰ)

ਊਸ਼ਾ ਸ਼ੋਣਿਤਪੁਰ ਦੇ ਰਾਜੇ ਦੈਤਯਰਾਜ ਬਾਣ ਦੀ ਧੀ ਅਤੇ ਰਾਜੇ ਬਲੀ ਦੀ ਪੋਤਰੀ ਸੀ। ਇਸ ਦਾ ਅਸਲੀ ਨਾਉਂ ਪ੍ਰੀਤੀਜੁਸ਼ਾ ਸੀ। ਊਸ਼ਾ ਸੁਪਨੇ ਵਿਚ ਇਕ ਖ਼ੂਬਸੂਰਤ ਰਾਜ ਕੁਮਾਰ ਨੂੰ ਵੇਖ ਕੇ ਮੋਹਿਤ ਹੋ ਗਈ। ਜਦੋਂ ਊਸ਼ਾ ਦੀ ਸਖੀ ਚਿਤ੍ਰਲੇਖਾ ਨੂੰ ਇਸ ਭੇਤ ਦਾ ਪਤਾ ਲੱਗਾ ਤਾਂ ਉਸ ਨੇ ਰਾਜ ਕੁਮਾਰ ਨੂੰ ਲੱਭਣ ਦੇ ਯਤਨ ਆਰੰਭੇ। ਚਿਤ੍ਰਲੇਖਾ ਦਿਬ-ਦ੍ਰਿਸ਼ਟੀ ਨਾਲ ਤਿੰਨਾਂ ਲੋਕਾਂ ਨੂੰ ਵੇਖ ਸਕਦੀ ਸੀ ਅਤੇ ਇਕ ਨਿਪੁੰਨ ਚਿਤ੍ਰਕਾਰ ਹੋਣ ਦੇ ਨਾਤੇ ਉਹ ਇਕ ਵਾਰ ਦ੍ਰਿਸ਼ਟੀਗੋਚਰ ਹੋਈ ਹਰ ਵਸਤੂ ਦੇ ਚਿਤ੍ਰ ਬਨਾਉਣ ਵਿਚ ਸਮਰੱਥ ਸੀ। ਸੋ ਚਿਤ੍ਰਲੇਖਾ ਨੇ ਸੰਸਾਰ ਦੇ ਅਨੇਕਾਂ ਸੁੰਦਰ ਗਭਰੂਆਂ ਤੇ ਰਾਜ ਕੁਮਾਰਾਂ ਦੇ ਚਿਤ੍ਰ ਬਣਾਏ ਜਿਨ੍ਹਾਂ ਵਿਚੋਂ ਊਸ਼ਾ ਨੇ ਆਪਣੇ ਸੁਪਨੇ ਵਿਚ ਪ੍ਰਗਟ ਹੋਏ ਰਾਜ ਕੁਮਾਰ ਦਾ ਚਿਤ੍ਰ ਪਛਾਣ ਲਿਆ। ਇਸ ਰਾਜ ਕੁਮਾਰ ਦਾ ਨਾਂ ਅਨਿਰੁੱਧ ਸੀ ਜੋ ਪ੍ਰਦਯੁਮਨ ਦਾ ਪੁੱਤਰ ਅਤੇ ਕ੍ਰਿਸ਼ਨ ਦਾ ਪੋਤਰਾ ਸੀ। ਜਦੋਂ ਊਸ਼ਾ ਅਨਿਰੁੱਧ ਦੇ ਵਿਜੋਗ ਵਿਚ ਵਿਆਕੁਲ ਹੋਣ ਲੱਗੀ ਤਾਂ ਚਿਤ੍ਰਲੇਖਾ ਨੇ ਜਾਦੂ ਸ਼ਕਤੀ ਦੁਆਰਾ ਅਨਿਰੁੱਧ ਨੂੰ ਊਸ਼ਾ ਦੇ ਮਹਿਲਾਂ ਵਿਚ ਪਹੁੰਚਾ ਦਿਤਾ। ਜਦੋਂ ਰਾਜੇ ਦੈਤਯਰਾਜ ਬਾਣ ਨੂੰ ਪਤਾ ਲੱਗਾ ਕਿ ਮਹਿਲਾਂ ਵਿਚ ਕੋਈ ਰਾਜ ਕੁਮਾਰ ਗੁਪਤ ਰੂਪ ਵਿਚ ਵਿਚਰ ਰਿਹਾ ਹੈ, ਤਾਂ ਉਸ ਨੇ ਅਨਿਰੁੱਧ ਨੂੰ ਨਾਗ ਅਸਤਰ ਦੁਆਰਾ ਬੰਨ੍ਹ ਕੇ ਬੰਦੀ ਬਣਾ ਲਿਆ। ਛੇਤੀ ਇਸ ਘਟਨਾ ਦੀ ਖ਼ਬਰ ਦਵਾਰਕਾ ਪਹੁੰਚੀ। ਕ੍ਰਿਸ਼ਨ, ਪ੍ਰਦਯੁਮਨ ਤੇ ਬਲਰਾਮ ਤਿੰਨੋਂ ਅਨਿਰੁੱਧ ਨੂੰ ਛੁਡਾਉਣ ਲਈ ਸ਼ੋਣਿਤਪੁਰ ਆਏ। ਰਾਜੇ ਬਾਣ ਨੇ ਸ਼ਿਵ ਅਤੇ ਸਕੰਦ ਤੋਂ ਸਹਾਇਤਾ ਪ੍ਰਾਪਤ ਕੀਤੀ, ਪਰ ਫਿਰ ਵੀ ਉਸ ਦੀ ਹਾਰ ਹੋਈ। ਕ੍ਰਿਸ਼ਨ ਅਤੇ ਉਸ ਦੇ ਸਾਥੀ ਅਨਿਰੁੱਧ ਨੂੰ ਛੁਡਾ ਕੇ ਊਸ਼ਾ ਸਮੇਤ ਦਵਾਰਕਾ ਲੈ ਗਏ।

(ੳ-153) **ਊਸ਼ਾ ਦੇਵੀ :**

ਵੈਦਿਕ ਪੁਰਾਣਧਾਰਾ ਅਨੁਸਾਰ ਪ੍ਰਭਾਤ ਦੀ ਦੇਵੀ। ਵੈਦਿਕ ਕਾਲ ਵਿਚ ਊਸ਼ਾ ਆਰੀਆ ਜਾਤੀ ਦੀ ਇਕ ਪ੍ਰਧਾਨ ਦੇਵੀ ਸੀ। ਰਿਗ ਵੇਦ

ਵਿਚ ਸਭ ਤੋਂ ਵਧ 20 ਸੂਕਤ ਇਸੇ ਦੇਵੀ ਦੀ ਮਹਿਮਾ ਵਿਚ ਮਿਲਦੇ ਹਨ। ਰਿਗ ਵੇਦ ਦੀ ਸਮੁੱਚੀ ਸੰਹਿਤਾ ਵਿਚ ਤਿੰਨ ਸੌ ਤੋਂ ਵਧ ਵਾਰ ਊਸ਼ਾ ਦਾ ਜ਼ਿਕਰ ਆਉਂਦਾ ਹੈ। ਊਸ਼ਾ ਆਕਾਸ਼ ਦੀ ਪੁੱਤਰੀ, ਆਦਿੱਤਯ ਦੀ ਭੈਣ ਅਤੇ ਸੂਰਜ ਦੇਵਤੇ ਦੀ ਪਤਨੀ ਹੈ। ਇਹੋ ਪ੍ਰਾਤਾਕਾਲ ਆਕਾਸ਼ ਦੇ ਮੁਖ ਦੁਆਰ ਖੋਲ੍ਹਦੀ ਅਤੇ ਸੂਰਜ ਦੇ ਰੱਥ ਦੇ ਅੱਗੇ ਅੱਗੇ ਨਰਤਕੀ ਵਾਂਗ ਨਚਦੀ ਹੋਈ ਵਿਚਰਦੀ ਹੈ। ਊਸ਼ਾ ਦੇਵੀ ਅਮਰ ਤੇ ਅਜਰ ਹੈ ਜੋ ਸਦਾ ਇਕ ਰੂਪ ਵਿਚ ਰਹਿੰਦੀ ਹੈ। ਕਾਲ ਇਸ ਨੂੰ ਕਦੇ ਬੁੱਢੀ ਨਹੀਂ ਕਰ ਸਕਦਾ। ਸੁਭਾਵ ਦੀ ਬੜੀ ਮਿੱਠੀ ਹੋਣ ਕਰ ਕੇ ਇਸ ਦਾ ਸਾਰੀ ਮਾਨਵ ਜਾਤੀ ਨਾਲ ਪ੍ਰੇਮ ਹੈ। ਗ੍ਰਹਿ ਪਤਨੀ ਵਾਂਗ ਊਸ਼ਾ ਹਰੇਕ ਘਰ ਵਿਚ ਨਿੱਤ ਫੇਰਾ ਮਾਰਦੀ ਤੇ ਜੀਵਾਂ ਨੂੰ ਨਿੰਦ੍ਰਾ ਤੋਂ ਮੁਕਤ ਕਰ ਕੇ ਆਪਣੇ ਨਿੱਤ ਦੇ ਕੰਮਾਂ ਵਿਚ ਲਗਾਂਦੀ ਹੈ। ਇਸੇ ਸਦਕਾ ਸਭ ਪਸ਼ੂ ਗਤੀ ਵਿਚ ਆਉਂਦੇ ਹਨ ਅਤੇ ਇਸੇ ਦੀ ਛੁਹ ਪਾ ਕੇ ਪੰਛੀ ਆਕਾਸ਼ ਵਿਚ ਵਿਚਰਨ ਲੱਗਦੇ ਹਨ। ਇਸ ਦੇਵੀ ਲਈ ਸਭ ਜੀਵ-ਜੰਤੂ ਇਕ ਬਰਾਬਰ ਹਨ, ਇਹ ਸਭਨਾਂ ਪ੍ਰਾਣੀਆਂ ਦੀ ਗਤੀ ਤੇ ਜੀਵਨ-ਸ਼ਕਤੀ ਹੈ।

(ੳ-154) **ਊਂਠ** :

ਇਕ ਪਸ਼ੂ ਜੋ ਸਵਾਰੀ ਤੇ ਢੋ-ਢੁਆਈ ਲਈ ਵਰਤਿਆ ਜਾਂਦਾ ਹੈ। ਊਂਠ ਥਲ ਦੇ ਇਲਾਕੇ ਵਿਚ ਬੜੀ ਫੁਰਤੀ ਨਾਲ ਚਲ ਫਿਰ ਸਕਦਾ ਹੈ ਅਤੇ ਪੰਜ ਸਤ ਦਿਨਾਂ ਤਕ ਬਿਨਾਂ ਪਾਣੀ ਪੀਤੇ ਸਫ਼ਰ ਕਰ ਸਕਦਾ ਹੈ।

ਮੁਗ਼ਲਾਂ ਅਤੇ ਸਿੱਖਾਂ ਦੇ ਰਾਜ ਸਮੇਂ ਊਠਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਉਤੇ ਸੰਦੇਸ਼ ਅਤੇ ਸ਼ਾਹੀ ਫ਼ੁਰਮਾਨ ਪਹੁੰਚਾਣ ਲਈ ਵਰਤਿਆ ਜਾਂਦਾ ਰਿਹਾ। ਅਜਿਹੇ ਸਵਾਰੀ ਦੇ ਊਠਾਂ ਨੂੰ 'ਸਾਂਢਣੀ' ਕਿਹਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲੜਾਈਆਂ ਦੇ ਦੌਰਾਨ ਲਾਹੌਰ ਤੋਂ ਕੁਮਕ ਮੰਗਾਣ ਤੇ ਹੋਰ ਖ਼ਬਰ ਸੰਦੇਸ਼ ਦੇਣ ਲਈ ਤੇਜ਼ ਸਵਾਰ ਸਾਂਢਣੀਆਂ ਵਰਤੀਆਂ ਜਾਂਦੀਆਂ ਸਨ, ਜੋ ਹਮੇਸ਼ਾਂ ਹੀ ਭਰੋਸੇ ਯੋਗ ਸਿਧ ਹੁੰਦੀਆਂ ਰਹੀਆਂ।

ਊਠਾਂ ਦੀ ਵਰਤੋਂ ਯੁੱਧ ਖੇਤਰ ਵਿਚ ਵੀ ਕੀਤੀ ਜਾਂਦੀ ਰਹੀ। ਸਿੱਖ ਰਾਜ ਦੇ ਸਮੇਂ ਸਾਂਢਣੀ ਸਵਾਰਾਂ ਦੀ ਇਕ ਵੱਖਰੀ ਰਜਮੈਂਟ ਸੀ। ਅੰਗ੍ਰੇਜ਼ਾਂ ਨੇ ਅਫ਼ਗ਼ਾਨਾਂ ਨਾਲ ਜੋ ਯੁੱਧ ਲੜੇ ਉਨ੍ਹਾਂ ਵਿਚ ਸਾਂਢਣੀਆਂ ਦੇ ਰਸਾਲੇ ਦੀ ਵਰਤੋਂ ਕੀਤੀ ਗਈ ਸੀ।

ਪੰਜਾਬ ਵਿਚ ਸਭ ਤੋਂ ਵਧੀਆ ਊਠ ਝੰਗ ਦੇ ਗਿਣੇ ਜਾਂਦੇ ਹਨ। ਸਿੰਧ-ਸਾਗਰ ਦੁਆਬ ਅਤੇ ਮੁਲਤਾਨ ਦੇ ਇਲਾਕੇ ਵਿਚ ਢੋ-ਢੁਆਈ ਅਤੇ ਸਵਾਰੀ ਲਈ ਊਠਾਂ ਦੀ ਹੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਪੂਰਬੀ ਪੰਜਾਬ (ਭਾਰਤੀ) ਵਿਚ ਊਠ ਵਾਹੀ ਖੇਤੀ ਦੇ ਕੰਮਾਂ ਵਿਚ, ਖ਼ਾਸ ਤੌਰ ਉਤੇ, ਖੂਹਾਂ ਨੂੰ ਗੇੜਨ ਲਈ ਵਰਤੇ ਜਾਂਦੇ ਹਨ। ਪੰਜਾਬ ਦੇ ਊਠ, ਬੀਕਾਨੇਰ ਨੂੰ ਛੱਡ ਕੇ, ਬਾਕੀ ਸਭ ਇਲਾਕਿਆਂ ਤੋਂ ਚੰਗੇ ਸਿੱਧ ਹੋਏ ਹਨ।

ਕਈ ਜੀਵ-ਵਿਗਿਆਨੀਆਂ ਦਾ ਵਿਚਾਰ ਹੈ ਕਿ ਊਠ ਅਜੋਕੇ ਦੁਧ ਚੁੰਘਾਣ ਵਾਲੇ ਪਸ਼ੂਆਂ ਵਿਚੋਂ ਸਭ ਤੋਂ ਪੁਰਾਣਾ ਹੈ। ਸ਼ਿਵਾਲਕ ਦੀਆਂ ਪਹਾੜੀਆਂ ਵਿਚ ਪੂਰਵ-ਇਤਿਹਾਸਕ ਕਾਲ ਦੇ ਜੋ ਪੱਥਰ-ਰੂਪ ਪਿੰਜਰ ਮਿਲੇ ਹਨ, ਉਨ੍ਹਾਂ ਵਿਚੋਂ ਇਕ ਪਿੰਜਰ ਭਾਵੇਂ ਕੁਹਾਢ ਵਾਲੇ ਊਠ ਨਾਲੋਂ ਵੱਡਾ ਹੈ, ਪਰ ਉਸ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਅਨੁਮਾਨ ਹੈ ਕਿ ਉਦੋਂ ਤਕ ਊਠ ਜੰਗਲਾਂ ਵਿਚ ਹੀ ਵਿਚਰਦਾ ਸੀ ਤੇ ਉਸ ਨੂੰ ਪਾਲਤੂ ਨਹੀਂ ਸੀ ਬਣਾਇਆ ਗਿਆ।

ਧਨ-ਪੋਠੋਹਾਰ ਵਿਚ ਊਠਾਂ ਨੂੰ ਪਾਲਣ ਪੋਸਣ ਤੇ ਵਾਹੁਣ ਦਾ ਕੰਮ ਥੋਗੀ ਕਰਦੇ ਹਨ। ਇਹ ਲੋਕ ਊਠਾਂ ਨੂੰ ਪਾਲਦੇ ਤੇ ਊਠਣੀਆਂ ਦਾ ਦੁਧ ਪੀਂਦੇ ਹਨ। ਕਈ ਮੁਸਲਮਾਨ ਥੋਗੀ ਊਠਾਂ ਦਾ ਮਾਸ ਵੀ ਖਾ ਲੈਂਦੇ ਹਨ। ਥੋਗੀ ਲੋਕ-ਕਹਾਣੀਆਂ ਦੇ ਭੰਡਾਰੇ ਹਨ ਅਤੇ ਜਦੋਂ ਉਹ ਮੁਸਾਫ਼ਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਹਨ ਤਾਂ ਰਸਤੇ ਵਿਚ ਉਨ੍ਹਾਂ ਦੇ ਮਨੋਰੰਜਨ ਲਈ ਕਹਾਣੀਆਂ ਸੁਣਾਉਂਦੇ ਹਨ।

ਮਨੂੰ-ਸਿਮ੍ਰਤੀ ਅਨੁਸਾਰ ਊਠ ਅਪਵਿੱਤਰ ਜੀਵ ਹੈ ਅਤੇ ਉਸ ਦੀ ਛੁਹ ਜਾਂ ਸਵਾਰੀ ਅਪਵਿੱਤਰ ਬਣਾਉਂਦੀ ਹੈ। ਕਈ ਸਨਾਤਨੀ ਹਿੰਦੂ ਊਠ ਦੀ ਸਵਾਰੀ ਨਹੀਂ ਕਰਦੇ ਅਤੇ ਊਠ

ਦੀ ਛੂਹ ਦੀ ਭਿੱਟ ਸਮਝ ਕੇ ਪੁਨੀਤ ਹੋਣ ਲਈ ਇਸ਼ਨਾਨ ਕਰਦੇ ਹਨ। ਮੁਸਲਮਾਨ ਊਠ ਨੂੰ ਪਵਿੱਤਰ ਪਸ਼ੂ ਸਮਝਦੇ ਹਨ ਅਤੇ ਉਨ੍ਹਾਂ ਵਿਚ ਊਠ ਦੀ ਕੁਰਬਾਨੀ ਵਿਧਾਨ ਹੈ।

ਊਠ ਸੰਬੰਧੀ ਬਹੁਤ ਸਾਰੀ ਲੋਕਧਾਰਾ ਮਿਲਦੀ ਹੈ। ਪੰਜਾਬ ਦੇ ਲੋਕ-ਗੀਤਾਂ, ਕਥਾਵਾਂ, ਅਖਾਣਾਂ ਆਦਿ ਵਿਚ ਊਠ ਦਾ ਵਰਨਣ ਆਮ ਹੈ। ਊਠ ਦੀ ਇੰਦਰੀ ਪਿਛੇ ਵਲ ਹੋਣ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :– ਜਦੋਂ ਪ੍ਰਮਾਤਮਾ ਸਭ ਜੀਵ-ਜੰਤੂਆਂ ਦੀ ਉਤਪੱਤੀ ਕਰ ਕੇ ਇੰਦਰੀਆਂ ਵੰਡਣ ਲੱਗਾ ਤਾਂ ਊਠ ਨੂੰ ਉਸ ਦੇ ਆਕਾਰ ਦੇ ਮੁਕਾਬਲੇ ਵਿਚ ਬਹੁਤ ਛੋਟੀ ਇੰਦਰੀ ਦਿਤੀ ਗਈ, ਜਿਸ ਕਰ ਕੇ ਊਠ ਨਰਾਜ਼ ਹੋ ਕੇ ਪਿਛਾਂਹ ਵਲ ਦੌੜ ਪਿਆ। ਪ੍ਰਮਾਤਮਾ ਨੇ ਗ਼ੁਸੇ ਵਿਚ ਇੰਦਰੀ ਊਠ ਵਲ ਵਗਾਹ ਮਾਰੀ। ਫਲਸਰੂਪ ਉਹ ਇੰਦਰੀ ਊਠ ਦੇ ਪਿਛੇ ਪਾਸੇ ਵਲ ਜਾ ਲੱਗੀ।

ਊਠ ਭਾਵੇਂ ਬੇਢੰਗਾ ਹੈ, ਪਰ ਉਸ ਦੀ ਬਤੌਲੀ ਬੜੀ ਸਿੱਧੀ ਤੇ ਸਰਲ ਹੈ :—

ਬਾਤ ਪਾਵਾਂ ਬਤੌਲੀ ਪਾਵਾਂ
ਸੁਣ ਤੂੰ ਭਾਈ ਕਾਕੜਿਆ।
ਇਕ ਸ਼ਖ਼ਸ ਮੈਂ ਜਿਹਾ ਡਿੱਠਾ
ਧੌਣ ਲੰਮੀਂ ਸਿਰ ਆਕੜਿਆ।

'ਊਠ' ਬਾਰੇ ਅਨੇਕਾਂ ਅਖਾਣ ਵੀ ਮਿਲਦੇ ਹਨ :— 'ਊਠ ਅੜ੍ਹੀਂਦੇ ਹੀ ਲਦੇ ਜਾਂਦੇ ਹਨ'; 'ਊਠਾ ਵੇ ਊਠਾ! ਤੇਰੀ ਕਿਹੜੀ ਕਲ ਸਿਧੀ'; 'ਊਠ ਚਾਲੀਏਂ ਟੋਡਾ ਬਿਤਾਲੀਏਂ'। ਊਠ ਬਾਰੇ ਕਈ ਨੀਤੀ-ਕਥਾਵਾਂ ਵੀ ਪ੍ਰਚਲਤ ਹਨ।

## (ੳ–155) **ਊਠਕ ਬੈਠਕ** :

ਬੱਚਿਆਂ ਦੀ ਇਕ ਖੇਡ; ਜਿਸ ਵਿਚ ਇਕ ਖਿਡਾਰੀ ਬਾਕੀ ਬੱਚਿਆਂ ਨੂੰ ਇਕ ਕਤਾਰ ਜਾਂ ਘੇਰੇ ਵਿਚ ਬਿਠਾ ਕੇ ਊਠਕ ਬੈਠਕ ਦਾ ਹੁਕਮ ਦੇਂਦਾ ਹੈ। ਊਠਕ ਕਹਿੰਦੇ ਸਾਰ ਸਭ ਬੱਚੇ ਖੜੇ ਹੋ ਜਾਂਦੇ ਹਨ ਤੇ ਬੈਠਕ ਕਹਿਣ ਉਤੇ ਝਟ ਬੈਠ ਜਾਂਦੇ ਹਨ। ਇਸ ਖੇਡ ਵਿਚ ਬੱਚੇ ਨੂੰ ਬੜਾ ਸੁਚੇਤ ਰਹਿਣਾ ਪੈਂਦਾ ਹੈ। ਕਿਉਂ ਜੋ ਹੁਕਮ ਦੇਣ ਵਾਲਾ, ਕਈ ਵਾਰ ਇਕੋ ਹੁਕਮ ਨੂੰ ਦੋ ਵਾਰ ਦੁਹਰਾ ਦੇਂਦਾ ਹੈ ਅਤੇ ਜੋ ਬੱਚਾ ਸੁਚੇਤ ਨਹੀਂ ਹੁੰਦਾ, ਉਹ ਹੁਕਮ ਦੀ ਪਾਲਨਾ ਠੀਕ ਤਰ੍ਹਾਂ ਨਾ ਕਰਨ ਕਰ ਕੇ ਪਿੜ ਵਿਚੋਂ ਬਾਹਰ ਕੱਢ ਦਿਤਾ ਜਾਂਦਾ ਹੈ। ਅਖੀਰ ਵਿਚ ਜੋ ਬੱਚਾ ਰਹਿ ਜਾਂਦਾ ਹੈ ਉਹੋ ਮੀਰੀ ਹੁੰਦਾ ਹੈ। ਅਗਲੀ ਪਿਤ ਉਹੋ ਮੀਰੀ ਬਾਕੀ ਬੱਚਿਆਂ ਨੂੰ ਊਠਕ ਬੈਠਕ ਦਾ ਆਦੇਸ਼ ਦੇ ਕੇ ਖਿਡਾਂਦਾ ਹੈ।

## (ੳ–156) **ਊਡੇ** :

ਕੂੰਜਾਂ ਦਾ ਪੁਰਾਣਾ ਨਾਂ। ਕੂੰਜਾਂ ਸਰਦੀਆਂ ਦੇ ਆਰੰਭ ਵਿਚ ਸਾਈਬੇਰੀਆ ਅਤੇ ਹੋਰ ਠੰਢੀਆਂ ਥਾਵਾਂ ਤੋਂ ਉੱਡ ਕੇ ਸੈਂਕੜੇ ਮੀਲ ਦੂਰ ਪੰਜਾਬ ਵਿਚ ਆਉਂਦੀਆਂ ਹਨ। ਕੱਤਕ ਦੇ ਮਹੀਨੇ ਇਨ੍ਹਾਂ ਦੀਆਂ ਡਾਰਾਂ ਪੰਜਾਬ ਦੇ ਆਕਾਸ਼ਾਂ ਉਤੇ ਉਡਦੀਆਂ ਆਮ ਵਿਖਾਈ ਦੇਂਦੀਆਂ ਹਨ। ਇਹ ਆਪਣੇ ਬੱਚੇ ਪਿਛੇ ਹੀ ਛੱਡ ਆਉਂਦੀਆਂ ਹਨ, ਪਰ ਕੁਦਰਤ ਵਲੋਂ ਸਹਿਜ ਰੂਪ ਵਿਚ ਹੀ ਬੱਚਿਆਂ ਨੂੰ ਖ਼ੁਰਾਕ ਮਿਲਦੀ ਰਹਿੰਦੀ ਹੈ —'ਊਡੈ ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ, ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।' (ਗੁਜਰੀ ਮ: ੫)

ਕਹਾਵਤ ਹੈ ਕਿ ਕੂੰਜਾਂ ਦੇ ਬੱਚੇ ਜਦੋਂ ਮੂੰਹ ਖੋਲ੍ਹਦੇ ਹਨ ਤਾਂ ਉਨ੍ਹਾਂ ਦੇ ਮੂੰਹ ਵਿਚ ਟਟਹਿਣੇ ਵਾਂਗ ਇਕ ਜੋਤ ਜਗਦੀ ਹੈ। ਪਤੰਗੇ ਇਸ ਜੋਤ ਨੂੰ ਸ਼ਮ੍ਹਾਂ ਸਮਝ ਕੇ ਸਹਿਜ ਰੂਪ ਵਿਚ ਉਡਦੇ ਹੋਏ ਮੂੰਹ ਵਿਚ ਲੰਘ ਜਾਂਦੇ ਹਨ ਅਤੇ ਉਨ੍ਹਾਂ ਦਾ ਆਹਾਰ ਬਣ ਜਾਂਦੇ ਹਨ। (ਵੇਖੋ : ਕੂੰਜਾਂ)

## (ੳ–157) **ਊਤ** :

ਇਕ ਪ੍ਰੇਤ; ਲੋਕ-ਨਿਸਚੇ ਅਨੁਸਾਰ ਔਂਤਰੇ ਨੂੰ ਮਰਨ ਮਗਰੋਂ ਪਾਣੀ ਦੇਣ ਵਾਲਾ ਕੋਈ ਨਹੀਂ ਹੁੰਦਾ। ਸੋ ਉਸ ਦੀ ਆਤਮਾ ਭਟਕਦੀ ਰਹਿੰਦੀ ਹੈ ਅਤੇ ਊਤ-ਪ੍ਰੇਤ ਦੇ ਰੂਪ ਵਿਚ ਵਿਚਰਦੀ ਹੈ।

## (ੳ–158) **ਊਤ ਨੂੰ ਊਤ** :

ਲੋਕ-ਕਹਾਣੀਆਂ ਦੀ ਇਕ ਕਥਾਨਿਕ ਰੂੜ੍ਹੀ ਜਿਸ ਦਾ ਜ਼ਿਕਰ ਸਟਿਥ ਥਾਮਸਨ ਨੇ 'ਜੇ 1530' ਅੰਕ ਹੇਠ ਕੀਤਾ ਹੈ। ਪੰਜਾਬ ਵਿਚ, ਇਸ

ਕਥਾਨਿਕ ਰੂੜ੍ਹੀ ਉਤੇ ਆਧਾਰਿਤ ਅਨੇਕਾਂ ਕਥਾਵਾਂ ਮਿਲਦੀਆਂ ਹਨ। ਇਸ ਭਾਂਤ ਦੀ ਕਥਾ ਵਿਚ ਕਿਸੇ ਪਾਤਰ ਵਲੋਂ ਕੀਤੀ ਗਈ ਕਿਸੇ ਬੇਤੁਕੀ ਗੱਲ/ਪਰਪੰਚ ਨੂੰ ਕੱਟਣ ਲਈ ਕੋਈ ਹੋਰ ਬੇਤੁਕੀ ਗੱਲ/ਪਰਪੰਚ ਰਚਿਆ ਜਾਂਦਾ ਹੈ। ਨਿਰਮੂਲ ਨੂੰ ਨਿਰਮੂਲ ਨਾਲ ਕਟਿਆ ਜਾਂਦਾ ਹੈ। ਉਦਾਹਰਣ ਵਜੋਂ ਇਕ ਸਾਊ ਸ਼ਖ਼ਸ ਪ੍ਰਦੇਸ ਨੂੰ ਜਾਣ ਲੱਗਿਆਂ ਆਪਣੇ ਕਿਸੇ ਕਪਟੀ ਮਿੱਤਰ ਕੋਲ ਸੋਨਾ ਰਖ ਗਿਆ। ਜਦੋਂ ਉਹ ਪ੍ਰਦੇਸੋਂ ਪਰਤ ਕੇ ਆਇਆ ਤਾਂ ਕਪਟੀ ਮਿੱਤਰ ਨੇ ਉਸ ਨੂੰ ਸੋਨੇ ਦੀ ਥਾਂ ਲੋਹਾ ਵਾਪਸ ਕਰਦਿਆਂ ਕਿਹਾ ਕਿ ਉਸ ਦਾ ਸੋਨਾ ਪਿਆ ਪਿਆ ਸਹਿਜ ਰੂਪ ਵਿਚ ਹੀ ਲੋਹਾ ਬਣ ਗਿਆ ਹੈ। ਥੋੜੇ ਦਿਨਾਂ ਬਾਅਦ ਉਸੇ ਕਪਟੀ ਨੂੰ ਆਪ ਪ੍ਰਦੇਸ ਜਾਣਾ ਪਿਆ ਅਤੇ ਉਹ ਆਪਣਾ ਇਕਲੌਤਾ ਬਾਲ ਸਾਊ ਮਿੱਤਰ ਕੋਲ ਛੱਡ ਗਿਆ। ਜਦੋਂ ਵਾਪਸ ਆ ਕੇ ਕਪਟੀ ਨੇ ਆਪਣਾ ਬਾਲ ਵਾਪਸ ਮੰਗਿਆ ਤਾਂ ਸਾਊ ਨੇ ਕਿਹਾ ਕਿ ਉਹ ਤਾਂ ਸੁਤੇ ਸਿਧ ਬਾਂਦਰ ਬਣ ਗਿਆ ਹੈ। ਕਪਟੀ ਨੇ ਪੁਛਿਆ ਕਿ ਇਹ ਕਿਵੇਂ ਸੰਭਵ ਹੈ। ਸਾਊ ਮਿੱਤਰ ਨੇ ਉਤਰ ਦਿਤਾ ਕਿ ਉਸੇ ਤਰ੍ਹਾਂ ਸੰਭਵ ਹੈ ਜਿਵੇਂ ਸੋਨਾ ਲੋਹਾ ਬਣ ਸਕਦਾ ਹੈ। ਕਪਟੀ ਬੜਾ ਸ਼ਰਮਿੰਦਾ ਹੋਇਆ ਅਤੇ ਸੋਨੇ ਨੂੰ ਮੋੜ ਕੇ ਉਹ ਆਪਣਾ ਪੁੱਤਰ ਵਾਪਸ ਲੈ ਗਿਆ।

(ੳ–159) **ਊਦੀਆਂ ਕਸੁੰਭੀਆਂ ਚੋਲੀਆਂ** :

ਚੁਮਾਸੇ ਦੇ ਕੁਝ ਲੋਕ-ਗੀਤ 'ਊਦੀਆਂ ਕਸੁੰਭੀਆਂ ਚੋਲੀਆਂ' ਨਾਲ ਆਰੰਭ ਹੁੰਦੇ ਹਨ। ਇਨ੍ਹਾਂ ਗੀਤਾਂ ਵਿਚ ਮਨੋਭਾਵ ਆਕਾਸ਼ ਵਿਚ ਤਰਦੀਆਂ ਰੰਗਾ-ਰੰਗ ਦੀਆਂ ਬਦਲੀਆਂ ਨਾਲ ਇਕ ਸੁਰ ਹੁੰਦੇ ਹਨ :—

ਊਦੀਆਂ ਕਸੁੰਭੀਆਂ ਚੋਲੀਆਂ
ਨੀ ਸੁਣ ਮਾਏ ਮੇਰੀਏ
ਰੰਗ ਰੰਗਾ ਕੇ ਭੇਜ ਨੀ
ਚੁਮਾਸਾ ਸਾਵਣ ਆ ਗਿਆ।
ਕੀਕਣ ਘਲਾਂ ਚੋਲੀਆਂ
ਨੀ ਸੁਣ ਧੀਏ ਮੇਰੀਏ
ਤੇਰਾ ਵੇਖਣ ਵਾਲਾ ਦੂਰ
ਕਿ ਸਾਵਣ ਆ ਗਿਆ। (ਵੇਖੋ : ਚੁਮਾਸਾ)

(ੳ–160) **ਊਦੀ ਨਗਰੀ** :

ਰਸਾਲੂ ਮਾਹਲ ਨਾਲ ਸੰਬੰਧਿਤ ਇਕ ਪ੍ਰਾਚੀਨ ਨਗਰ ਜਿਥੇ ਰਸਾਲੂ ਨੇ ਰਾਖਸ਼ਾਂ ਦਾ ਸੰਘਾਰ ਕੀਤਾ ਸੀ। ਕਈ ਵਿਦਵਾਨ ਇਸ ਨਗਰ ਦਾ ਏਕੀਕਰਣ ਮਾਨਿਕਪੁਰ ਨਾਲ ਕਰਦੇ ਹਨ, ਜੋ ਜਿਹਲਮ ਦੇ ਪੱਛਮ ਵਲ ਹੈ; ਅਤੇ ਕਈ ਮਾਣਕਿਆਲੇ ਨਾਲ। ਮਾਣਕਿਆਲਾ ਰਾਵਲਪਿੰਡੀ ਤੋਂ ਚੋਦਾਂ ਕੁ ਮੀਲ ਦੱਖਣ ਵਲ ਹੈ। ਇਸ ਪਿੰਡ ਨੂੰ ਰਾਜਾ ਮਾਣਿਕ ਨੇ ਵਸਾਇਆ ਅਤੇ ਇਸ ਦਾ ਪੁਰਾਣਾ ਨਾਉਂ ਮਾਨਿਕਪੁਰ ਸੀ। ਰਾਜਾ ਰਸਾਲੂ ਨੇ ਇਸੇ ਪਿੰਡ ਦੇ ਬਾਹਰ ਸਤ ਰਾਖਸ਼ਾਂ ਦਾ ਸੰਘਾਰ ਕੀਤਾ ਸੀ। (ਪੰਜਾਬ ਦਾ ਲੋਕ ਸਾਹਿੱਤ, ਪੰਨਾ 102) ਜਨਰਲ ਕਨਿੰਘਮ ਰਾਜਾ ਰਸਾਲੂ ਦੇ ਸੱਤਾਂ ਰਾਖਸ਼ਾਂ ਨੂੰ ਮਾਰਨ ਦੀ ਕਥਾ ਨੂੰ ਬੋਧ ਜਾਤਕਾ ਦੀ ਉਸ ਕਥਾ ਨਾਲ ਜੋੜਦਾ ਹੈ ਜਿਸ ਵਿਚ ਸਾਕਯ (ਮਹਾਤਮਾ ਬੁਧ) ਨੇ ਕਿਸੇ ਪਿਛਲੇ ਜਨਮ ਵਿਚ ਆਪਣੇ ਸਰੀਰ ਨੂੰ ਖਾਣ ਵਾਸਤੇ ਸੱਤ ਭੁਖੇ ਬਾਘ ਬੱਚਿਆਂ ਦੇ ਹਵਾਲੇ ਕੀਤਾ ਸੀ। ਹਿਊਨ ਸਾਂਗ ਇਸ ਬੋਧੀ-ਕਥਾ ਦਾ ਸਥੱਲ ਤਖਸ਼ਿਲਾ ਤੋਂ 33–34 ਮੀਲ ਦੱਖਣ-ਪੂਰਬ ਵਲ ਦਸਦਾ ਹੈ। ਮਾਣਕਿਆਲਾ ਤਖਸ਼ਿਲਾ ਤੋਂ ਠੀਕ ਇਤਨੀ ਹੀ ਦੂਰੀ ਉਤੇ ਹੈ। (ਵੇਖੋ : ਮਾਣਕਿਆਲਾ)

ਊਦੀ ਨਗਰੀ ਰਾਜੇ ਹੋਡੀ ਦੇ ਰਾਜ ਖੇਤਰ ਦੀ ਰਾਜਧਾਨੀ ਵੀ ਹੋ ਸਕਦੀ ਹੈ, ਕਿਉਂ ਜੋ ਊਦੀ ਸ਼ਬਦ 'ਹੋਡੀ' ਦਾ ਹੀ ਵਿਕ੍ਰਤ ਰੂਪ ਜਾਪਦਾ ਹੈ। (ਵੇਖੋ : ਹੋਡੀ)

ਊਦੀ ਨਗਰੀ ਦਾ ਜ਼ਿਕਰ ਕਈ ਲੋਕ-ਕਹਾਣੀਆਂ ਵਿਚ ਆਉਂਦਾ ਹੈ, ਇਕ ਕਹਾਣੀ ਵਿਚ ਇਹ ਟੱਪਾ ਮਿਲਦਾ ਹੈ :—

ਊਦੀ ਨਗਰੀ ਛਲੀਆ ਆਇਆ
ਛਲਸੀ, ਪਰ ਛਲਾਸੀ ਨਹੀਂ।

ਜਿਸ ਤੋਂ ਪਤਾ ਲੱਗਦਾ ਹੈ ਕਿ ਊਦੀ ਨਗਰੀ ਦੇ ਲੋਕ ਬੜੇ ਛਲੀਏ ਸਨ। (ਪੰਜਾਬ ਦਾ ਲੋਕ ਸਾਹਿੱਤ, ਪੰਨਾ 642)

(ੳ-161) **ਊਧੋ** :

ਇਕ ਕ੍ਰਿਸ਼ਨ ਭਗਤ; ਪੁਰਾਣਾਂ ਅਨੁਸਾਰ ਇਹ ਯਾਦਵ ਵੰਸ਼ ਵਿਚੋਂ ਸਤਯਕ ਦਾ ਪੁੱਤਰ ਸੀ। ਕਈ ਗ੍ਰੰਥਾਂ ਵਿਚ ਇਸ ਨੂੰ ਕ੍ਰਿਸ਼ਨ ਦੇ ਚਾਚੇ ਦੇਵ ਭਾਗ ਯਾਦਵ ਦਾ ਪੁੱਤਰ ਦਸਿਆ ਹੈ। ਭਾਗਵਤ ਪੁਰਾਣ ਅਨੁਸਾਰ ਇਹ ਉਪੰਗ ਦਾ ਪੁੱਤਰ ਅਤੇ ਕ੍ਰਿਸ਼ਨ ਦਾ ਪਰਮ ਮਿੱਤਰ ਸੀ। ਇਸ ਨੇ ਬ੍ਰਹਸਪਤੀ ਤੋਂ ਨੀਤੀ-ਸ਼ਾਸਤ੍ਰ ਸਿਖਿਆ ਸੀ।

ਊਧੋ ਬਾਲ ਅਵਸਥਾ ਤੋਂ ਹੀ ਕ੍ਰਿਸ਼ਨ ਦਾ ਉਪਾਸ਼ਕ ਸੀ। ਛੋਟੇ ਹੁੰਦਿਆਂ ਹੀ ਊਧੋ ਕ੍ਰਿਸ਼ਨ ਦੀ ਮੂਰਤੀ ਬਣਾ ਕੇ ਉਸ ਨਾਲ ਖੇਡਣ ਵਿਚ ਇਤਨਾ ਲੀਨ ਹੋ ਜਾਂਦਾ ਕਿ ਖਾਣ ਪੀਣ ਦੀ ਸੁਰਤ ਤਕ ਨਾ ਰਹਿੰਦੀ। ਊਧੋ ਕ੍ਰਿਸ਼ਨ ਵਾਂਗ ਹੀ ਸੁੰਦਰ ਹੋਣ ਤੋਂ ਇਲਾਵਾ ਉਨ੍ਹਾਂ ਨਾਲ ਮਿਲਦੇ ਜੁਲਦੇ ਕਪੜੇ ਪਹਿਨਦਾ ਸੀ। ਕਈ ਵਾਰ ਊਧੋ ਨੇ ਕ੍ਰਿਸ਼ਨ ਦੇ ਉਤਾਰੇ ਹੋਏ ਕਪੜੇ ਪਹਿਨੇ ਅਤੇ ਮਾਲਾ ਵੀ ਧਾਰਨ ਕੀਤੀ। ਕ੍ਰਿਸ਼ਨ ਵੀ ਊਧੋ ਦਾ ਬੜਾ ਆਦਰ ਕਰਦਾ ਸੀ। ਭਾਗਵਤ ਅਨੁਸਾਰ ਕ੍ਰਿਸ਼ਨ ਨੇ ਇਕ ਵਾਰ ਊਧੋ ਬਾਰੇ ਕਿਹਾ ਸੀ, "ਮੇਰੇ ਪ੍ਰਲੋਕ ਚਲੇ ਜਾਣ ਮਗਰੋਂ ਊਧੋ ਹੀ ਮੇਰੇ ਗਿਆਨ ਦੀ ਰੱਖਿਆ ਕਰ ਸਕੇਗਾ ਕਿਉਂ ਜੋ ਉਹ ਗੁਣਾਂ ਵਿਚ ਮੇਰੇ ਨਾਲੋਂ ਰਤੀ ਭਰ ਵੀ ਘਟ ਨਹੀਂ। (ਹਿੰਦੀ ਵਿਸ਼ਵ ਕੋਸ਼ 2,79)

ਕੰਸ ਨੂੰ ਮਾਰ ਕੇ ਜਦੋਂ ਕ੍ਰਿਸ਼ਨ ਮਥਰਾ ਦੇ ਰਾਜ-ਪ੍ਰਬੰਧ ਵਿਚ ਰੁਝ ਗਿਆ ਤਾਂ ਗੋਕੁਲ ਦੀਆਂ ਗੋਪੀਆਂ ਨੇ ਕ੍ਰਿਸ਼ਨ ਨੂੰ ਮੁੜ ਗੋਕੁਲ ਆਉਣ ਲਈ ਸੰਦੇਸ਼ ਭੇਜੇ। ਉਦੋਂ ਕ੍ਰਿਸ਼ਨ ਨੇ ਊਧੋ ਨੂੰ ਹੀ ਰਾਧਾ ਅਤੇ ਹੋਰ ਗੋਪੀਆਂ ਨੂੰ ਗਿਆਨ-ਉਪਦੇਸ਼ ਦੇਣ ਲਈ ਮਥਰਾ ਤੋਂ ਗੋਕੁਲ ਭੇਜਿਆ ਸੀ। ਬ੍ਰਹਮ ਵੈਵਰਤ ਪੁਰਾਣ ਵਿਚ ਊਧੋ ਨੂੰ ਗੋਕੁਲ ਭੇਜਣ ਦਾ ਪ੍ਰਸੰਗ ਵਿਸਥਾਰ ਨਾਲ ਦਰਜ ਹੈ, ਜਿਸ ਵਿਚ ਰਾਧਾ ਦੀ ਬ੍ਰਿਹੋਂ ਵਿਆਕੁਲਤਾ ਬੜੀ ਤੀਬਰ ਹੈ। ਹਿੰਦੀ ਵਿਚ ਇਸ ਪ੍ਰਸੰਗ ਨੂੰ ਲੈ ਕੇ ਅਨੇਕਾਂ ਕਵਿਤਾਵਾਂ ਅਤੇ ਗੀਤਾਂ ਦੀ ਰਚਨਾ ਹੋਈ। ਧਨੀ ਰਾਮ 'ਚਾਤ੍ਰਿਕ' ਦੀ ਕਵਿਤਾ 'ਰਾਧਾ ਸੰਦੇਸ਼' ਦਾ ਵੀ ਇਹੋ ਵਿਸ਼ਾ ਹੈ :—

"ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ,
ਕਾਹਨੂੰ ਚਿਣਗ ਚੁਆਤੀਆਂ ਲਾਈਆਂ ਨੀ।"

ਊਧੋ ਉਦੋਂ ਰਾਧਾ ਤੇ ਗੋਪੀਆਂ ਦਾ ਕ੍ਰਿਸ਼ਨ ਪ੍ਰਤੀ ਅਨੁਰਾਗ ਵੇਖ ਕੇ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਰਾਧਾ ਦੀ ਚਰਨ ਧੂੜ ਨੂੰ ਮੱਥੇ ਉਤੇ ਲਗਾਂਦਿਆਂ ਇੱਛਾ ਪ੍ਰਗਟ ਕੀਤੀ ਕਿ ਉਹ ਅਗਲੇ ਜਨਮ ਗੋਪੀਆਂ ਦੀ ਚਰਨ ਛੂਹ ਨਾਲ ਪਾਵਨ ਹੋਏ ਬਿੰਦ੍ਰਾਬਨ ਦੀ ਕੋਈ ਵੇਲ, ਝਾੜੀ ਜਾਂ ਬੂਟੀ ਬਣੇ। ਊਧੋ ਨੇ ਜੀਵਨ ਦੇ ਅੰਤਲੇ ਦਿਨ ਬਦਰਿਕਾ ਆਸ਼ਰਮ ਵਿਚ ਗੁਜ਼ਾਰੇ ਅਤੇ ਉਥੇ ਹੀ ਪ੍ਰਾਣ ਤਿਆਗੇ।

(ੳ-162) **ਓਅੰ** :

ਇਸ ਪਦ ਦਾ ਉੱਚਾਰਨ ਸੰਸਕ੍ਰਿਤ ਦੇ ਸ਼ਬਦ ਓਮ ਦਾ ਹੀ ਹੈ। ਓਮ, ਤਿੰਨ ਅੱਖਰਾਂ ੳ, ਅ, ਮ ਦੇ ਜੋੜ ਤੋਂ ਬਣਦਾ ਹੈ। ਸੰਸਕ੍ਰਿਤ ਵਿਚ ਇਹ ਤਿੰਨੇ ਅੱਖਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਪ੍ਰਤੀਕ ਹਨ; ਇਸੇ ਲਈ ਓਅੰ ਤ੍ਰੈ-ਮੂਰਤੀ ਦਾ ਬੋਧਿਕ ਮੰਨਿਆ ਗਿਆ ਹੈ। (ਵੇਖੋ : ਓਮ) ਉਪਨਿਸ਼ਦਾਂ ਅਨੁਸਾਰ 'ਓਅੰ' ਨਿਰਗੁਣ ਤੇ ਸਰਗੁਣ ਬ੍ਰਹਮਾ ਦਾ ਬੋਧਿਕ ਹੈ। ਇਸ ਦੇ ਨਿਰੰਤਰ ਜਾਪ ਨਾਲ ਜੀਵਾਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ।

ਓਅੰ ਨੂੰ ਓਂ ਵੀ ਲਿਖਿਆ ਜਾਂਦਾ ਹੈ। ਇਹ ਹਿੰਦੂਆਂ ਦੀ ਬੜੀ ਪਵਿੱਤਰ ਧੁਨੀ ਹੈ। ਇਸੇ ਲਈ ਹਿੰਦੂ ਇਹ ਅੱਖਰ ਇਕ ਵਿਸ਼ੇਸ਼ ਚਿੰਨ੍ਹ ਦੇ ਰੂਪ ਵਿਚ ਗ੍ਰੰਥਾਂ ਤੇ ਪੱਤਰਾਂ ਦੇ ਮੁਢ ਵਿਚ ਲਿਖਦੇ ਹਨ। ਇਸ ਸ਼ਬਦ ਦਾ ਮੂਲ 'ਅਵ' ਧਾਤੂ ਹੈ, ਜਿਸ ਦੇ ਅਰਥ ਰੱਖਿਆ ਕਰਨਾ ਹੈ। ਓਅੰ ਸ਼ਬਦ ਗ੍ਰੰਥਾਂ ਦੇ ਮੁੱਢ ਵਿਚ ਲਿਖ ਕੇ ਪ੍ਰਭੂ ਤੋਂ ਰੱਖਿਆ ਮੰਗੀ ਜਾਂਦੀ ਹੈ। ਗੁਰੁ ਸ਼ਬਦ ਰਤਨਾਕਰ (ਪੰਨਾ 16) ਅਨੁਸਾਰ 'ਓਅੰ ਸ਼ਬਦ ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਦਾ ਬੋਧਿਕ ਹੈ।

'ਓਅੰ' ਬ੍ਰਹਿਮੰਡ ਦੀ ਪ੍ਰਥਮ ਧੁਨੀ ਵੀ ਮੰਨੀ ਗਈ ਹੈ। ਇਸੇ ਧੁਨੀ ਤੋਂ ਸਾਰੇ ਬ੍ਰਹਿਮੰਡ ਦਾ ਵਿਸਤਾਰ ਹੋਇਆ। ਇਸੇ ਵਿਸ਼ੇਸ਼ਤਾ ਸਦਕਾ ਵਰਣਮਾਲਾ ਉਤੇ ਆਧਾਰਿਤ ਕਾਵਿ 'ਓਅੰ'

ਸ਼ਬਦ ਨਾਲ ਸ਼ੁਰੂ ਕਰਨ ਦੀ ਪ੍ਰਥਾ ਚੱਲੀ। ਕਬੀਰ, ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਦੀਆਂ ਬਾਵਨ-ਅੱਖਰੀਆਂ 'ਓਅੰ' ਸ਼ਬਦ ਨਾਲ ਸ਼ੁਰੂ ਹੁੰਦੀਆਂ ਹਨ।

ਪ੍ਰਭੂ ਤੋਂ ਰੱਖਿਆ ਤੇ ਬਖ਼ਸ਼ਿਸ਼ ਦੀ ਯਾਚਨਾ ਕਰਨ ਲਈ ਕਈ ਹਿੰਦੂ ਆਪਣੇ ਗ੍ਰੰਥਾਂ, ਪੱਤਰਾਂ ਤੇ ਵਹੀਆਂ ਖਾਤਿਆਂ ਦੇ ਆਰੰਭ ਵਿਚ 'ਓਅੰ ਨਮੋ' ਜਾਂ 'ਉਨਮੋ' ਸ਼ਬਦ ਲਿਖਦੇ ਹਨ। ਜੋ 'ਓਅੰ' ਅਤੇ 'ਨਮੋ' ਦਾ ਸਮਾਸ ਹੈ ਜਿਸ ਦਾ ਭਾਵ ਹੈ : ਉਸ ਪ੍ਰਭੂ ਨੂੰ, ਜੋ ਸਭ ਦਾ ਰੱਖਿਅਕ ਹੈ, ਮੇਰੀ ਨਮਸਕਾਰ ਹੈ।

(ੳ-163) **ਓਅੰਕਾਰ (ਓਂਕਾਰ)** :

(1) ਪਰਮ ਸਤਿ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਬੋਧਿਕ; ਇਹ ਸ਼ਬਦ ਓਅੰ ਤੇ ਕਾਰ ਦੇ ਸੁਮੇਲ ਤੋਂ ਬਣਿਆ ਹੈ। ਓਅੰ, ਓਮ ਦਾ ਰੂਪ ਹੈ, ਕਾਰ ਬ੍ਰਹਿਮੰਡ ਦੀ ਉਸ ਵਿਰਾਟ ਸਾਮਗਰੀ ਦਾ ਬੋਧਿਕ ਹੈ ਜਿਸ ਦਾ ਸਿਰਜਨਹਾਰ ਓਅੰ ਹੈ। ਭਾਵ ਓਅੰ ਆਪਣੇ ਰਚੇ ਹੋਏ ਬ੍ਰਹਿਮੰਡ ਵਿਚ ਸਰਗੁਣ ਸਰੂਪ ਵਿਚ ਵਿਦਮਾਨ ਹੈ। ਉਹੀ ਜਗਤ ਦਾ ਉਪਾਦਾਨ ਕਾਰਨ ਅਤੇ ਹੇਤੂ ਹੈ। ਇਸ ਲਈ ਉਹ ਓਅੰਕਾਰ ਹੋਇਆ।

ਪ੍ਰੋ: ਸਾਹਿਬ ਸਿੰਘ ਅਨੁਸਾਰ 'ਕਾਰ' ਸੰਸਕ੍ਰਿਤ ਦਾ ਪਿਛੇਤਰ ਹੈ ਜੋ ਨਾਵਾਂ ਦੇ ਆਖ਼ਰ ਵਿਚ ਵਰਤਿਆ ਜਾਂਦਾ ਹੈ। ਉਨ੍ਹਾਂ ਦੇ ਅਨੁਸਾਰ (ਗੁਰੂ ਗ੍ਰੰਥ ਦਰਪਣ, 1,44) ਇਸ ਦੇ ਅਰਥ ਹਨ : 'ਇਕ ਰਸ, ਜਿਸ ਵਿਚ ਤਬਦੀਲੀ ਨਾ ਹੋਵੇ।' ਸੋ ਓਅਕਾਰ ਪ੍ਰਭੂ ਦਾ ਬੋਧਿਕ ਹੈ ਜੋ ਇਕ ਰਸ ਵਿਆਪਕ ਹੈ।

ਓਅਕਾਰ ਬ੍ਰਹਿਮੰਡ ਦੀ ਪ੍ਰਥਮ ਧੁਨੀ ਦਾ ਵੀ ਵਾਚਕ ਹੈ। ਨਿਰੰਕਾਰ ਨੇ ਇਸੇ ਧੁਨੀ ਦੁਆਰਾ ਸ੍ਰਿਸ਼ਟੀ ਦੀ ਰਚਨਾ ਕੀਤੀ –

ਪ੍ਰਿਥਮ ਕਾਲ ਜਬ ਕਰਾ ਪਸਾਰਾ
ਓਅੰਕਾਰ ਤੇ ਸ੍ਰਿਸ੍ਰਿ ਉਪਾਰਾ ॥
(ਬਚਿਤ੍ਰ ਨਾਟਕ)

ਗੁਰਮਤਿ ਵਿਚ ਇਸ ਸ਼ਬਦ ਨਾਲ 'ਏਕੋ' ਦਾ ਅੰਕ, ਪਰਮ ਸਤਾ ਦੀ ਅਦ੍ਵੈਤ ਹੋਂਦ ਦਾ ਲਖਾਇਕ ਹੈ :—

ਓਅੰਕਾਰ ਏਕੋ ਰਵਿ ਰਹਿਆ।
(ਕਾਨੜਾ ਮ: ੪)

ਗੁਰਬਾਣੀ ਵਿਚ ਓਅੰਕਾਰ ਨੂੰ ਪਰਮ ਸਤਾ ਦਾ ਵਾਚਕ ਮੰਨ ਕੇ ਉਸ ਤੋਂ ਸ੍ਰਿਸ਼ਟੀ ਦੀ ਰਚਨਾ ਮੰਨੀ ਗਈ ਹੈ। ਉਹੋ ਸਭ ਸ੍ਰਿਸ਼ਟੀ ਵਿਚ ਰਵਿ ਰਿਹਾ ਹੈ :—

ਓਅੰਕਾਰਿ ਸਭ ਸ੍ਰਿਸਟਿ ਉਪਾਈ।
(ਮਾਰੂ ਸੋਹਲੇ ਮ: ੩)

ਓਅੰਕਾਰ ਨੂੰ 'ਪ੍ਰਣਵ' ਅੱਖਰ ਕਹਿੰਦੇ ਹਨ :

ਪ੍ਰਣਵੋ ਆਦਿ ਏਕੰਕਾਰਾ।
(ਅਕਾਲ ਉਸਤਤ)

ਇਕ ਓਅੰਕਾਰ ਗੁਰਮਤਿ ਵਿਚ ਸਾਰ ਤਤ੍ਵ ਹੈ। ਇਸ ਨੂੰ ਆਦਿ ਗ੍ਰੰਥ ਅਤੇ ਮੂਲ ਮੰਤ੍ਰ ਦੇ ਮੁੱਢ ਵਿਚ ਰਖਿਆ ਗਿਆ ਹੈ, ਬਾਕੀ ਸਾਰੀ ਬਾਣੀ ਇਸੇ ਦੀ ਭਾਵੁਕ ਅਤੇ ਬੌਧਿਕ ਵਿਆਖਿਆ ਹੈ। ਸਿੱਖ ਪੂਜਾ ਪਾਠ, ਸਿਮਰਣ, ਜਾਪ ਅਤੇ ਪ੍ਰਾਰਥਨਾ ਕਰਨ ਤੋਂ ਪਹਿਲਾਂ ੧ ਓਅੰਕਾਰ ਦੀ ਰਹੱਸਮਈ ਧੁਨੀ ਦਾ ਉੱਚਾਰਨ ਕਰਦੇ ਹਨ।

ਭਗਵਤ ਗੀਤਾ ਵਿਚ ਓਅੰਕਾਰ ਨੂੰ ਏਕਾਖਸ਼ਰ ਬ੍ਰਹਮ ਕਿਹਾ ਗਿਆ ਹੈ। ਮੰਡੂਕ ਉਪਨਿਸ਼ਦ ਵਿਚ ਇਸ ਨੂੰ ਭੂਤ, ਵਰਤਮਾਨ ਤੇ ਭਵਿੱਖ ਅਥਵਾ ਤ੍ਰੈਕਾਲ ਸਤਿ ਮੰਨਿਆ ਗਿਆ ਹੈ। ਕਠ ਉਪਨਿਸ਼ਦ ਅਨੁਸਾਰ ਆਤਮਾ ਨੂੰ ਅਧਰ ਅਰਣੀ ਅਤੇ ਓਅੰਕਾਰ ਨੂੰ ਉਤਰ ਅਰਣੀ ਬਣਾ ਕੇ ਮੰਥਨ ਰੂਪ ਅਭਿਆਸ ਕਰਨ ਨਾਲ ਦਿਵਯ ਗਿਆਨ ਰੂਪ ਜੋਤੀ ਦਾ ਪ੍ਰਕਾਸ਼ ਹੁੰਦਾ ਹੈ। (ਹਿੰਦੀ ਵਿਸ਼ਵ ਕੋਸ਼ 2, 248)

ਲੋਕਧਾਰਾ ਅਨੁਸਾਰ ਇਕ ਓਅੰਕਾਰ ਸਭ ਰੋਗਾਂ ਦਾ ਨਿਵਾਰਣ ਕਰਦਾ ਹੈ। ਕਈ ਸਿੱਖ ੧ ਓ ਜਾਂ ਪੂਰਾ ਮੂਲ ਮੰਤ੍ਰ ਕਿਸੇ ਪਰਚੀ ਉਤੇ ਲਿਖ ਕੇ ਤੇ ਪਾਣੀ ਵਿਚ ਘੋਲ ਕੇ ਰੋਗੀ ਨੂੰ ਪਿਲਾ ਦੇਂਦੇ ਹਨ; ਧਾਰਨਾ ਹੈ ਕਿ ਇਸ ਤਰ੍ਹਾਂ ਦੁਖ-ਪੀੜਾ ਘਟਦੀ ਤੇ ਰੋਗੀ ਛੇਤੀ ਨਵਾਂ ਨਰੋਆ ਹੋ ਜਾਂਦਾ ਹੈ। ਜਿਨ੍ਹਾਂ ਤੀਵੀਆਂ ਦੇ ਘਰ ਕਾਫ਼ੀ ਦੇਰ ਮਗਰੋਂ ਜਾਂ ਕਈ ਕੁੜੀਆਂ ਤੋਂ ਬਾਅਦ ਲੜਕਾ ਜੰਮਿਆ ਹੋਵੇ, ਉਹ ਬੱਚੇ ਦੀ ਬਦਰੂਹਾਂ ਤੋਂ ਰੱਖਿਆ ਲਈ ਉਸ ਦੇ ਚੋਲੇ ਉਤੇ ਧਾਗੇ ਨਾਲ ੧ ਓ ਉਲੀਕ ਦੇਂਦੀਆਂ ਹਨ।

(2) ਹਿੰਦੂਆਂ ਦੇ ਪ੍ਰਸਿਧ ਅਠਾਹਠ ਤੀਰਥਾਂ ਵਿਚੋਂ ਇਕ ਤੀਰਥ ਜੋ ਮੱਧ ਭਾਰਤ ਦੇ ਜ਼ਿਲੇ ਨਿਮਾੜ ਵਿਚ ਨਰਬਦਾ ਦੇ ਨੇੜੇ ਸਥਿਤ ਹੈ। ਗੁਰੂ ਨਾਨਕ ਦੇਵ ਨੇ 'ਦਖਣੀ ਓਅੰਕਾਰ' ਦੀ ਰਚਨਾ ਇਸੇ ਸਥਾਨ ਉਤੇ ਕੀਤੀ ਸੀ।

(3) ਬਾਰਾਂ ਮਹਾਂ ਲਿੰਗਾਂ ਵਿਚੋਂ ਇਕ ਦਾ ਨਾਂ ਵੀ ਓਅੰਕਾਰ ਹੈ। (ਵੇਖੋ : ਲਿੰਗ)

(ੳ-164) **ਓਕਣਾ** :

ਹੱਥ ਦੀ ਓਕ (ਬੁਕ) ਬਣਾ ਕੇ ਕਿਸੇ ਪਿਤ੍ਰੂ ਨਮਿਤ ਚੁਲੀਆਂ ਭਰਨੀਆਂ। (ਵੇਖੋ : ਚੁਲੀਆਂ ਭਰਨੀਆਂ)

(ੳ-165) **ਓਹਰੀ** :

ਖੱਤ੍ਰੀਆਂ ਦੀ ਇਕ ਗੋਤ। ਸ਼ਰੀਣਾਂ ਦੇ ਸਮੂਹ ਵਿਚੋਂ ਹੋਣ ਕਰ ਕੇ ਓਹਰੀਆਂ ਦੇ ਰੀਤ ਰਵਾਜ ਸ਼ਰੀਣਾਂ ਵਾਲੇ ਹਨ। ਇਨ੍ਹਾਂ ਵਿਚ ਵਿਧਵਾ ਦੇ ਪੁਨਰ ਵਿਆਹ ਦੀ ਪ੍ਰਥਾ ਹੈ। (ਵੇਖੋ : ਸ਼ਰੀਣ)

(ੳ-166) **ਓਗਰਾ** :

ਇਕ ਜੰਗਲੀ ਬੂਟੀ, ਜਿਸ ਨੂੰ ਕਣਕ ਵਾਂਗ ਹੀ ਪੀਹ ਕੇ ਖਾਧਾ ਜਾਂਦਾ ਹੈ। ਸਨਾਤਨੀ ਹਿੰਦੂ ਵਰਤ ਵਾਲੇ ਦਿਨ ਇਸੇ ਬੂਟੀ ਦੀ ਰੋਟੀ ਖਾਂਦੇ ਹਨ। ਕਥਾ ਹੈ ਕਿ ਇਕ ਵਾਰ ਵਿਸ਼ਨੂੰ ਭਗਵਾਨ ਨੇ ਜੰਗਲ ਵਿਚ ਚਾਲ੍ਹੀ ਦਿਨ ਕਰੜੀ ਤਪੱਸਿਆ ਕੀਤੀ ਅਤੇ ਕੁਝ ਨਾ ਖਾਧਾ। ਚਾਲ੍ਹੀ ਦਿਨਾਂ ਮਗਰੋਂ ਜਦੋਂ ਉਨ੍ਹਾਂ ਨੇ ਵਰਤ ਖੋਲ੍ਹਣਾ ਚਾਹਿਆ ਤਾਂ ਜਗਲ ਵਿਚ ਓਗਰੇ ਤੋਂ ਇਲਾਵਾ ਹੋਰ ਕੋਈ ਚੀਜ਼ ਨਾ ਮਿਲੀ। ਸੋ ਵਿਸ਼ਨੂੰ ਨੇ ਲਾਚਾਰ ਹੋ ਕੇ ਓਗਰੇ ਨਾਲ ਵਰਤ ਖੋਲ੍ਹਿਆ। ਇਸੇ ਲਈ ਓਗਰਾ ਪਵਿੱਤਰ ਪਦਾਰਥ ਮੰਨਿਆ ਜਾਂਦਾ ਹੈ। ਓਗਰੇ ਦੀ ਗਿਣਤੀ ਅੰਨਾਂ ਵਿਚ ਨਹੀਂ ਹੁੰਦੀ।

(ੳ-167) **ਓਝਾ** :

ਇਹ ਸ਼ਬਦ ਕਦੇ ਠਾਕੁਰਦਵਾਰਿਆਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਵਰਤਿਆ ਜਾਂਦਾ ਸੀ। ਪਰ ਮਗਰੋਂ ਕਾਲੇ ਜਾਦੂ ਵਿਚ ਨਿਪੁੰਨਤਾ ਅਤੇ ਭੂਤ ਪ੍ਰੇਤ ਆਦਿ ਕਰੂਰ ਸ਼ਕਤੀਆਂ ਉਤੇ ਵਸੀਕਾਰ ਰਖਣ ਵਾਲੇ ਸਿਧਾਂ ਲਈ ਪ੍ਰਯੋਗ ਹੋਣ ਲੱਗਾ। ਓਝੇ ਦੇ ਜਾਦੂ ਟੂਣੇ ਦਾ ਆਧਾਰ ਤੰਤਰ ਸ਼ਾਸਤ੍ਰ ਹਨ ਅਤੇ ਉਹ ਲੋਕ ਸ਼ਕਤੀ ਦੀ ਅਰਾਧਨਾ ਕਰ ਕੇ ਭੂਤ-ਪ੍ਰੇਤ ਉਤੇ ਵਸੀਕਾਰ ਪ੍ਰਾਪਤ ਕਰਦੇ ਹਨ। ਫਲਸਰੂਪ ਪ੍ਰੇਤ ਉਨ੍ਹਾਂ ਦਾ ਹਰ ਹੁਕਮ ਮੰਨਣ ਲਈ ਮਜਬੂਰ ਹੁੰਦੇ ਹਨ। ਓਝੇ ਆਪਣੀ ਬਹੁਤੀ ਕਿਰਿਆ ਮੰਤਰਾਂ ਨਾਲ ਸਾਧਦੇ ਹਨ। ਇਨ੍ਹਾਂ ਨੂੰ 'ਸਿਆਣਾ' ਵੀ ਕਿਹਾ ਜਾਂਦਾ ਹੈ।

ਕਈ ਓਝੇ ਮਰਘਟ ਉਤੇ ਜਾ ਕੇ ਕਿਸੇ ਵਿਸ਼ੇਸ਼ ਮੰਤਰ ਦਾ ਜਾਪ ਕਰਦੇ ਹੋਏ ਚਿਲੇ ਕਟਦੇ ਹਨ ਤੇ ਲੰਮੀ ਸਾਧਨਾ ਤੇ ਕਰਮ ਕਾਂਡਾਂ ਦੁਆਰਾ ਪ੍ਰੇਤਾਂ ਨੂੰ ਵਸ ਵਿਚ ਕਰਦੇ ਹਨ। ਪਿੰਡਾਂ ਦੇ ਸਰਲ ਲੋਕ ਇਨ੍ਹਾਂ ਨੂੰ ਪਰਾਸਰੀਰਕ ਸ਼ਕਤੀਆਂ ਦੇ ਸਵਾਮੀ ਸਮਝ ਕੇ ਇਨ੍ਹਾਂ ਤੋਂ ਬੜਾ ਭੈ ਖਾਂਦੇ ਹਨ ਤੇ ਇਨ੍ਹਾਂ ਦੀ ਕਦੇ ਨਿਰਾਦਰੀ ਨਹੀਂ ਕਰਦੇ।

ਓਝੇ ਕਈ ਰੋਗਾਂ ਦਾ ਇਲਾਜ ਵੀ ਮੰਤ੍ਰ, ਤੰਤ੍ਰ ਅਤੇ ਜੰਤ੍ਰ ਦੁਆਰਾ ਕਰਦੇ ਹਨ। ਜੇ ਕਿਤੇ ਸ਼ਖ਼ਸ ਨੂੰ ਪਕੜ ਹੋ ਜਾਵੇ ਅਥਵਾ ਪ੍ਰੇਤ ਦਾ ਸਾਇਆ ਪੈ ਜਾਵੇ ਤਾਂ ਓਝੇ ਕੁਝ ਕਰਮ-ਕਾਂਡਾਂ ਦੁਆਰਾ ਰੋਗੀ ਦੇ ਸਰੀਰ ਨੂੰ ਪ੍ਰੇਤ ਤੋਂ ਮੁਕਤ ਕਰਦੇ ਹਨ। ਜੇ ਪਿੰਡ ਵਿਚ ਮੀਂਹ ਨਾ ਪਏ, ਪਸ਼ੂਆਂ ਜਾਂ ਮਨੁੱਖਾਂ ਵਿਚ ਕੋਈ ਬੀਮਾਰੀ ਫੈਲ ਜਾਵੇ, ਕਿਸੇ ਨੂੰ ਨਜ਼ਰ ਲੱਗ ਜਾਵੇ ਜਾਂ ਸੱਪ ਡੰਗ ਜਾਵੇ ਆਦਿ, ਤਾਂ ਓਝੇ ਤਾਂਤ੍ਰਿਕ ਉਪਾਵਾਂ ਦੁਆਰਾ ਦੁਖ ਦੂਰ ਕਰਦੇ ਹਨ।

(ੳ-168) **ਓਟਲੀ** :

ਉਹ ਰਕਮ ਜੋ ਵੱਟੇ ਸੱਟੇ ਜਾਂ ਦੁਆਠੀ ਵਿਆਹ ਵਿਚ ਮੁਆਵਜ਼ੇ ਵਜੋਂ ਉਦੋਂ ਦਿਤੀ ਜਾਂਦੀ ਹੈ ਜਦੋਂ ਇਕ ਧਿਰ ਦੀ ਕੰਨਿਆਂ ਤਾਂ ਮੁਟਿਆਰ ਹੋਵੇ, ਪਰ ਦੂਜੇ ਦੀ ਬਾਲੜੀ ਉਮਰ ਦੀ। ਪੰਜਾਬ ਵਿਚ ਕਈ ਜਾਤੀਆਂ ਵਿਚ ਇਹ ਰਵਾਜ ਰਿਹਾ ਹੈ ਕਿ ਦੁਆਠੀ ਵਿਆਹ ਵਿਚ, ਜੇ ਇਕ ਧਿਰ ਦੀ ਧੀ ਭੈਣ ਮੁਟਿਆਰ ਹੋਵੇ ਅਤੇ ਦੂਜੇ ਦੀ ਧੀ ਬਾਲੜੀ ਉਮਰ ਦੀ ਤਾਂ ਜਵਾਨ ਧੀ ਭੈਣ ਵਾਲਾ ਦੂਜੇ ਸ਼ਖ਼ਸ ਪਾਸੋਂ ਕੁਝ ਰੁਪਏ ਮੁਆਵਜ਼ੇ

ਵਜੋਂ ਲੈਂਦਾ ਹੈ, ਇਸ ਰਕਮ ਨੂੰ 'ਓਟਲੀ' ਕਹਿੰਦੇ ਹਨ ।

(ੳ-169) **ਓਡ :**

ਇਕ ਟਪਰੀਵਾਸ ਕਬੀਲਾ; ਇਸ ਕਬੀਲੇ ਚੇ ਲੋਕ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ ਅਤੇ ਯੂ. ਪੀ. ਦੇ ਇਲਾਕੇ ਵਿਚ ਵਿਚਰਦੇ ਆਮ ਮਿਲਦੇ ਹਨ ।

ਓਡਾਂ ਦਾ ਮੂਲ ਅਸਥਾਨ ਰਾਜਪੂਤਾਨੇ ਦੀ ਰਿਆਸਤ ਓਡਾਸਪੁਰ ਸੀ। ਉਸ ਇਲਾਕੇ ਵਿਚ ਭਿਆਨਕ ਕਾਲ ਪੈ ਜਾਣ ਨਾਲ ਉਥੋਂ ਦੇ ਕੁਝ ਵਾਸੀ ਪੰਜਾਬ ਵਲ ਚਲੇ ਆਏ ਅਤੇ ਆਪਣੇ ਮੂਲ ਦੇਸ ਦੇ ਨਾਉਂ ਉਤੇ 'ਓਡ' ਪ੍ਰਸਿੱਧ ਹੋ ਗਏ ।

ਓਡ ਆਪਣਾ ਪਿਛਾ ਰਾਜਪੂਤਾਂ ਜਾਂ ਕਸ਼ਤਰੀਆਂ ਨਾਲ ਜੋੜਦੇ ਹਨ। (ਗਲਾਸਰੀ. 3,175) ਅਨੁਸਾਰ ਓਡਾਂ ਦਾ ਵਡਿਕਾ ਭਾਗੀਰਥ ਸੀ ਜੋ ਕਦੇ ਇਕ ਖੂਹ ਵਿਚੋਂ ਦੂਜੀ ਵਾਰ ਪਾਣੀ ਨਹੀਂ ਸੀ ਪੀਂਦਾ। ਇਸ ਲਈ ਉਹ ਪਾਣੀ ਪੀਣ ਲਈ ਹਰ ਰੋਜ਼ ਇਕ ਨਵਾਂ ਖੂਹ ਪੁਟਦਾ। ਇਸ ਤਰ੍ਹਾਂ ਉਹ ਖੂਹ ਪੁਟਦਿਆਂ ਪੁਟਦਿਆਂ ਪਤਾਲ ਵਿਚ ਹੀ ਅਲੋਪ ਹੋ ਗਿਆ। ਓਡਾਂ ਦੀ ਧਾਰਨਾ ਹੈ ਕਿ ਭਾਗੀਰਥ ਅੱਜ ਤਕ ਪਤਾਲ ਲੋਕ ਵਿਚ ਜੀਵਤ ਹੈ ਅਤੇ ਉਹ ਉਥੋਂ ਹੀ ਦੈਵੀ ਸ਼ਕਤੀ ਦੁਆਰਾ ਆਪਣੇ ਕਬੀਲੇ ਦੇ ਲੋਕਾਂ ਦੀ ਰੱਖਿਆ ਕਰਦਾ ਹੈ। ਭਾਗੀਰਥ ਦੇ ਵਿਜੋਗ ਵਿਚ ਓਡਾਂ ਨੇ ਉੱਨ ਪਹਿਨਣੀ ਸ਼ੁਰੂ ਕਰ ਦਿਤੀ। ਅੱਜ ਵੀ ਓਡ ਇਸੇ ਵਡਿਕੇ ਦੀ ਸਿਮਰਤੀ ਵਿਚ ਉੱਨ ਦਾ ਘਟੋ ਘਟ ਇਕ ਕਪੜਾ ਜ਼ਰੂਰ ਪਹਿਨਦੇ ਹਨ।

ਇਸੇ ਘਟਨਾ ਦੀ ਸਿਮਰਤੀ ਵਿਚ ਹਿੰਦੂ ਓਡੇ ਵੀ ਮੁਰਦੇ ਦਾ ਦਾਹ-ਸੰਸਕਾਰ ਕਰਨ ਦੀ ਥਾਂ ਉਸ ਨੂੰ ਧਰਤੀ ਵਿਚ ਦਬਦੇ ਹਨ। ਧਰਤੀ ਵਿਚ ਦਬੇ ਓਡੇ ਦੀ ਰੱਖਿਆ ਭਾਗੀਰਥ ਕਰਦਾ ਹੈ ਅਤੇ ਉਸ ਦੇ ਸਭ ਪਾਪ ਸਹਿਜ ਰੂਪ ਵਿਚ ਹੀ ਮਾਫ਼ ਹੋ ਜਾਂਦੇ ਹਨ। ਧਰਤੀ ਨਾਲ ਓਡਾਂ ਦੀ ਸਾਂਝ ਬੜੀ ਵਿਲੱਖਣ ਹੈ । ਉਹ ਕਈ ਵਾਰ ਆਪਣੇ ਮੁਰਦੇ ਅਮਾਨਤ ਵਜੋਂ ਧਰਤੀ ਨੂੰ ਸੌਂਪ ਦਿੰਦੇ ਹਨ। ਜਿਸ ਨੂੰ ਜਿੰਨ-ਭੂਤ ਚੰਮੜਿਆ ਹੋਵੇ ਜਾਂ ਜਿਸ ਕਿਸੇ ਨਾਲ ਬਹੁਤਾ ਪਿਆਰ ਹੋਵੇ ਅਤੇ ਉਸ ਦੀ ਮੌਤ ਅਚਾਨਕ ਹੋ ਗਈ ਹੋਵੇ, ਉਸ ਦੀ ਲਾਸ਼ ਅਮਾਨਤ ਦੇ ਤੌਰ ਤੇ ਮਿੱਟੀ ਵਿਚ ਦੱਬ ਦੇਂਦੇ ਹਨ। ਦੱਬਣ ਵੇਲੇ ਓਡੇ ਕਹਿੰਦੇ ਹਨ ਕਿ 'ਹੇ ਧਰਤੀ ਮਾਂ, ਅਸੀਂ ਇਹ ਮੁਰਦਾ ਤੇਰੇ ਪਾਸ ਇੰਨੇ ਦਿਨਾਂ, ਮਹੀਨਿਆਂ ਜਾਂ ਸਾਲਾਂ ਲਈ ਅਮਾਨਤ ਰਖਿਆ ਹੈ।' ਜਦੋਂ ਅਮਾਨਤ ਦਾ ਸਮਾਂ ਪੂਰਾ ਹੋ ਜਾਂਦਾ ਹੈ ਤਾਂ ਸਾਰੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਉਸ ਦਾ ਮ੍ਰਿਤਕ ਸਰੀਰ ਬਾਹਰ ਕੱਢ ਕੇ ਤੇ ਨਵੇਂ ਕਫ਼ਨ ਵਿਚ ਵਲ੍ਹੇਟ ਕੇ ਫਿਰ ਦੱਬ ਦਿੰਦੇ ਹਨ। ਇਸ ਕਰਮ-ਕਾਂਡ ਸਮੇਂ ਓਡੇ ਰੋਂਦੇ ਪਿਟਦੇ ਅਤੇ ਵੈਣ ਪਾਉਂਦੇ ਹਨ । ਉਸੇ ਥਾਂ ਤੇ ਉਸ ਸ਼ਖ਼ਸ ਦੀ ਮੜ੍ਹੀ ਬਣਾ ਕੇ ਉਸ ਨੂੰ ਪੂਜਣ ਯੋਗ ਸਥਾਨ ਬਣਾ ਲੈਂਦੇ ਹਨ।

ਓਡਾਂ ਦਾ ਵਡਿਕਾ ਭਾਗੀਰਥ ਪੌਰਾਣਿਕ ਪਾਤਰ ਹੈ। ਪੁਰਾਣਾਂ ਅਨੁਸਾਰ ਭਾਗੀਰਥ ਰਾਜੇ ਸਗਰ ਦੀ ਵੰਸ਼ ਵਿਚੋਂ ਸੀ। ਇਸ ਨੇ ਕਪਿਲ ਰਿਸ਼ੀ ਦੀ ਕਰੋਧ ਅਗਨੀ ਨਾਲ ਭਸਮ ਹੋਏ ਰਾਜੇ ਸਗਰ ਦੇ ਲੜਕਿਆਂ ਦੀਆਂ ਅਸਥੀਆਂ ਦਾ ਆਕਾਸ਼ ਗੰਗਾ ਦੇ ਦੈਵੀ ਜਲ ਦੁਆਰਾ ਉੱਦਾਰ ਕਰਨ ਲਈ ਘੋਰ ਤਪੱਸਿਆ ਕਰ ਕੇ ਗੰਗਾ ਪ੍ਰਿਥਵੀ ਉਤੇ ਲਿਆਂਦੀ ਸੀ। ਇਸੇ ਭਾਗੀਰਥ ਦੇ ਨਾਉਂ ਉਤੇ ਗੰਗਾ ਨੂੰ ਭਾਗੀਰਥੀ ਵੀ ਕਿਹਾ ਜਾਣ ਲੱਗਾ। (ਵੇਖੋ : ਭਾਗੀਰਥ)

ਪਾਕਿਸਤਾਨ ਬਣਨ ਤੋਂ ਪਹਿਲਾਂ ਕੁਝ ਓਡੇ ਜ਼ਿਲਾ ਮੁਲਤਾਨ, ਮਿੰਟਗੁਮਰੀ, ਲਾਇਲਪੁਰ, ਗੁਜਰਾਤ ਅਤੇ ਲਾਹੀਵਾਲ ਵਿਚ ਵਸਦੇ ਸਨ, ਜਿਨ੍ਹਾਂ ਵਿਚ ਕੁਝ ਤਾਂ ਇਸਲਾਮ ਧਾਰਨ ਕਰਨ ਕਰ ਕੇ ਉਸੇ ਇਲਾਕੇ ਵਿਚ ਰਹਿ ਗਏ, ਪਰ ਕੁਝ ਪੰਜਾਬ ਅਤੇ ਹਰਿਆਣੇ ਵਿਚ ਆ ਵਸੇ। ਜ਼ਿਲਾ ਹਿਸਾਰ ਦੇ ਸਾਧਨਵਾਸ, ਮਿਉਂਦ, ਅਕਾਂਵਾਲੀ, ਜਮਾਲਪੁਰ, ਸ਼ਕਰਪੁਰ, ਮੂਸਾ ਖੇੜਾ, ਜਾਖਲ ਆਦਿ ਪਿੰਡਾਂ ਵਿਚ ਇਨ੍ਹਾਂ ਦੇ ਕਾਫ਼ੀ ਸਾਰੇ ਘਰ ਹਨ। ਪੰਜਾਬ ਵਿਚ ਕੋਟ ਕਪੂਰਾ, ਬਠਿੰਡਾ, ਮਾਨਸਾ, ਬੁਢਲਾਡਾ, ਰਾਜਪੁਰਾ, ਮੌੜ ਮੰਡੀ ਆਦਿ ਵਿਚ ਓਡ ਕਾਫ਼ੀ ਮਾਤਰਾ ਵਿਚ ਮਿਲਦੇ ਹਨ।

ਬਲਬੀਰ ਸਿੰਘ ਮੋਮੀ ਅਨੁਸਾਰ ਓਡ

ਕੰਮ ਧੰਦੇ ਨੂੰ ਮੁਖ ਰਖਦਿਆਂ ਤਿੰਨ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ। (1) ਟਪਰੀਵਾਸੀ ਓਡ : ਜੋ ਲੰਮੇ ਕਾਲੇ ਝੱਗੇ ਪਹਿਨਦੇ ਹਨ। ਇਹ ਭੇਡਾਂ ਬਕਰੀਆਂ ਪਾਲਦੇ, ਉੱਨ ਵੇਚਦੇ ਅਤੇ ਸ਼ਿਕਾਰ ਖੇਡ ਕੇ ਪੇਟ ਪਾਲਦੇ ਹਨ। ਪਰ ਚਾਂਦੀ ਦੇ ਬਰਤਨ ਵਰਤਦੇ ਹਨ। ਇਹ ਲੋਕ ਪੰਦਰਵਾੜੇ ਤੋਂ ਵੱਧ ਕਿਸੇ ਇਕ ਥਾਂ ਨਹੀਂ ਟਿਕਦੇ। (2) ਵਹਿਣੀਆਂ ਵਾਲੇ ਓਡ : ਇਹ ਖੋਤੇ ਪਾਲਦੇ ਅਤੇ ਉਨ੍ਹਾਂ ਉਪਰ ਮਿੱਟੀ ਢੋਂਦੇ ਹਨ। ਇਨ੍ਹਾਂ ਨੂੰ 'ਲਮ ਚੋੜ' ਵੀ ਕਹਿੰਦੇ ਹਨ। (3) ਭੇਚਰ : ਇਹ ਓਡ ਭੇਡਾਂ ਬਕਰੀਆਂ ਤੇ ਮੱਝਾਂ ਗਾਵਾਂ ਦਾ ਵਪਾਰ ਕਰਦੇ ਹਨ ਅਤੇ ਇਕ ਥਾਂ ਤੋਂ ਪਸ਼ੂ ਦੂਜੀ ਥਾਂ ਲਿਜਾ ਕੇ ਵੇਚਦੇ ਹਨ।

ਪਰ ਦੇਸ਼ ਵੰਡ ਤੋਂ ਪਹਿਲਾਂ ਬਹੁਤੇ ਓਡ ਖੂਹ ਖੋਦਣ ਦਾ ਕੰਮ ਕਰਦੇ ਸਨ। ਇਸ ਕਲਾ ਵਿਚ ਉਹ ਇਤਨੇ ਨਿਪੁੰਨ ਮੰਨੇ ਜਾਂਦੇ ਹਨ ਕਿ ਉਨ੍ਹਾਂ ਬਾਰੇ ਇਹ ਧਾਰਨਾ ਪ੍ਰਚਲਤ ਹੈ ਕਿ ਉਹ ਮਿੱਟੀ ਰੋੜੇ ਨੂੰ ਸੁੰਘ ਕੇ ਆਪਣੇ ਅਨੁਭਵ ਦੁਆਰਾ ਦਸ ਦੇਂਦੇ ਹਨ ਕਿ ਧਰਤੀ ਵਿਚ ਪਾਣੀ ਕਿਤਨੀ ਡੂੰਘਾਈ ਉਪਰ ਹੈ ਅਤੇ ਉਹ ਮਿੱਠਾ ਹੈ ਜਾਂ ਖਾਰਾ। ਕੁਝ ਓਡੇ ਪੁਰਾਣੇ ਦੱਬੇ ਖੂਹਾਂ ਨੂੰ ਲੱਭਣ ਦੀ ਕਲਾ ਨੂੰ ਵੀ ਜਾਣਦੇ ਹਨ। ਇਨ੍ਹਾਂ ਓਡਾਂ ਨੂੰ 'ਸੇਂਘਾ' ਵੀ ਕਹਿੰਦੇ ਹਨ। 'ਜਿਉ ਓਡਾ ਕੂਪੁ ਗੁਹਜ ਖਿਨ ਕਾਢੇ ਤਿਉ ਸਤਿਗੁਰਿ ਵਸਤੁ ਲਗਈਐ' (ਬਸੰਤ ਹਿੰਡੋਲ ਮ: ੫) ਵਿਚ ਓਡਿਆਂ ਦੀ ਇਸੇ ਸਿਫ਼ਤ ਵਲ ਸੰਕੇਤ ਹੈ।

ਓਡ ਅੱਜ ਵੀ ਆਪਣੇ ਪਰੰਪਰਾਗਤ ਜੀਵਨ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀਆਂ ਕਈ ਰੀਤਾਂ ਰਸਮਾਂ ਬੜੀਆਂ ਵਿਲੱਖਣ ਹਨ ਜਿਵੇਂ ਮੁਲਤਾਨ ਦੇ ਓਡਾਂ ਵਿਚ ਵਿਆਹ ਸਮੇਂ ਵਰ ਆਪਣੇ ਗੋਡੇ ਨਾਲ ਕੰਨਿਆਂ ਦਾ ਗੋਡਾ ਛੁਹਾਂਦਾ ਹੈ। ਜੋੜੀ ਦੇ ਗੋਡਿਆਂ ਦੁਆਲੇ ਚੰਦਨਹਾਰ ਬੰਨ੍ਹ ਦਿਤਾ ਜਾਂਦਾ ਹੈ ਅਤੇ ਫਿਰ ਉਸ ਨੂੰ ਇਕ ਛੜੀ ਨਾਲ ਛੁਹਿਆ ਜਾਂਦਾ ਹੈ। (ਗਲਾਸਰੀ. 3,176)

ਓਡਾਂ ਵਿਚ ਵਿਆਹ ਛੋਟੀ ਉਮਰ ਵਿਚ ਕਰਨ ਦਾ ਰਵਾਜ ਹੈ। ਬਹੁਤੇ ਵਿਆਹ ਆਮੋ ਸਾਮ੍ਹਣਾ ਵਟਾ ਹੁੰਦੇ ਹਨ। ਜੇ ਅਜਿਹਾ ਸੰਜੋਗ ਨਾ ਲਭੇ ਤਾਂ ਧੀਆਂ ਦੇ ਪੈਸੇ ਵਟ ਕੇ ਰਿਸ਼ਤਾ ਕੀਤਾ ਜਾਂਦਾ ਹੈ। ਪੈਸੇ ਲੈਣ ਦੀ ਕਿਰਿਆ ਨੂੰ 'ਰੀਤ ਲੈਣੀ' ਆਖਦੇ ਹਨ। ਰਿਸ਼ਤੇ ਆਮ ਤੌਰ ਤੇ ਬਰਾਦਰੀ ਵਿਚ ਹੀ ਕੀਤੇ ਜਾਂਦੇ ਹਨ। ਵਿਆਹ ਵਿਚ ਦਾਜ ਦੇਣ ਦੀ ਪ੍ਰਥਾ ਹੈ, ਪਰ ਵਰ ਪੱਖ ਵਾਲੇ ਵਰੀ ਅਤੇ ਗਹਿਣੇ ਨਹੀਂ ਢੋਂਦੇ।

ਵਿਆਹ ਦੀਆਂ ਬਹੁਤੀਆਂ ਰਸਮਾਂ — ਵੱਟਣਾ ਮਲਣਾ, ਮਹਿੰਦੀ ਲਾਉਣਾ, ਗਾਨਾ ਬੰਨ੍ਹਣਾ, ਮੌਢੀ ਖੋਲ੍ਹਣਾ, ਸਿਹਰਾ ਬੰਨ੍ਹ ਕੇ ਢੁਕਣਾ, ਲਾੜੇ ਦਾ ਹੱਥ ਵਿਚ ਲੋਹੇ ਦੀ ਛੜੀ ਜਾਂ ਕਿਰਪਾਨ ਰਖਣਾ, ਫੇਰੇ ਲੈਣੇ ਆਦਿ ਆਮ ਪੰਜਾਬੀਆਂ ਵਾਲੀਆਂ ਹਨ। ਵੇਦੀ ਦੁਆਲੇ ਪੰਡਤ ਸੱਤ ਲਾਵਾਂ ਪੜ੍ਹਦਾ ਹੈ। ਪਹਿਲੀ ਲਾਂ ਵੇਲੇ ਕੰਨਿਆਂ ਅੱਗੇ ਹੁੰਦੀ ਹੈ, ਪਰ ਬਾਕੀ ਲਾਵਾਂ ਵੇਲੇ ਵਰ।

ਇਸਤ੍ਰੀਆਂ ਵਿਚ ਪੁਨਰ ਵਿਆਹ ਦੀ ਖੁਲ੍ਹ ਹੈ। ਪੁਨਰ ਵਿਆਹ ਵੇਲੇ ਲਾਵਾਂ ਫੇਰੇ ਨਹੀਂ ਹੁੰਦੇ। ਜੋੜੀ ਦੇ ਗੋਡੇ ਦੇ ਦੁਆਲੇ ਚਾਂਦੀ ਦਾ ਰਸਾ ਵਲ ਕੇ ਵਿਚਕਾਰ ਲਕੜੀ ਰਖ ਕੇ ਗੋਡਾ ਭਿੜਾਉਂਦੇ ਹਨ, ਬਸ ਵਿਆਹ ਹੋ ਗਿਆ।

ਬੱਚਾ ਜਣਨ ਵੇਲੇ ਓਡ ਭੂਤ-ਪ੍ਰੇਤ ਅਤੇ ਬਦ ਨਜ਼ਰ ਤੋਂ ਕਈ ਰੱਖਾਂ ਕਰਦੇ ਹਨ ਜਿਵੇਂ ਮੰਜੇ ਨਾਲ ਜੰਦਰਾ ਬੰਨ੍ਹਣਾ, ਦਾਣੇ ਤੇ ਜਲ ਰਖਣਾ ਆਦਿ। ਬੱਚੇ ਦੀ ਰੱਖਿਆ ਲਈ ਬੱਚੇ ਦੇ ਹੱਥ ਨਾਲ ਧਾਗੇ ਵਿਚ ਦਾਣੇ ਪਰੋ ਕੇ ਬੰਨ੍ਹੇ ਜਾਂਦੇ ਹਨ, ਕਈ ਵਾਰ ਨਾਲ ਥੋਮ ਦੀਆਂ ਤੁਰੀਆਂ ਅਤੇ ਸੁਪਾਰੀਆਂ ਵੀ ਬੰਨ੍ਹਣ ਦਾ ਰਵਾਜ ਹੈ।

ਓਡਾਂ ਦਾ ਧਰਮ ਵਿਸ਼ੇਸ਼ ਨਾਲੋਂ ਵਧਰੇ ਲੋਕ ਹੈ। ਇਹ ਹਿੰਦੂ ਦੇਵੀ ਦੇਵਤਿਆਂ — ਸ਼ਿਵ, ਵਿਸ਼ਨੂੰ ਅਤੇ ਸ਼ੇਰਾਂ ਵਾਲੀ ਦੇਵੀ ਵਿਚ ਵੀ ਆਸਥਾ ਰਖਦੇ ਹਨ। ਪਰ ਨਾਲ ਹੀ ਪੀਰਾਂ ਫ਼ਕੀਰਾਂ ਦੀਆਂ ਕੱਬਰਾਂ ਤੇ ਮਜ਼ਾਰ ਪੂਜਦੇ ਅਤੇ ਖ਼ਾਨਗਾਹੀਂ ਦੀਵਾ ਵੀ ਜਗਾਉਂਦੇ ਹਨ। ਵੀਰਵਾਰ ਦੀ ਰਾਤ ਨੂੰ ਢੋਲ ਵਜਾ ਕੇ ਪੀਰਾਂ ਦੀਆਂ ਚੌਂਕੀਆਂ ਭਰਦੇ ਅਤੇ ਖੇਡਦੇ ਹਨ। ਉਸ ਵੇਲੇ ਕਣਕ ਦੇ ਦਾਣੇ ਸੁਟ ਕੇ ਪੁੱਛਾਂ ਵੀ ਲੈਂਦੇ ਹਨ। (ਖੋਜ ਦਰਪਣ) ਗੁਰਦੁਆਰੇ ਵੀ ਮੱਥਾ ਟੇਕ ਆਉਂਦੇ ਹਨ।

ਹੋਰ ਜੁਰਾਇਮ ਪੇਸ਼ਾ ਕਬੀਲਿਆਂ ਵਾਂਗ ਪਹਿਲਿਆਂ ਵਿਚ ਇਨ੍ਹਾਂ 'ਚ ਗੁਪਤ (ਚੋਰ) ਭਾਸ਼ਾ ਦਾ ਰਵਾਜ ਸੀ, ਜੋ ਹੁਣ ਘਟ ਗਿਆ ਹੈ। ਇਨ੍ਹਾਂ ਵਿਚ ਪ੍ਰਚਲਤ ਕੁਝ ਲੋਕ-ਗੀਤ ਪੰਜਾਬੀ ਦੇ ਸਾਂਝੇ ਵਿਰਸੇ ਵਿਚੋਂ ਹੀ ਆਏ ਹਨ :—

ਉਤਲੇ ਦੁਪੱਟਿਆਂ ਲਾਵਾਂ ਗੋਟਾ,
ਇਕ ਵਾਰੀ ਮਿਲ ਜਾ ਬਣ ਕੇ ਬਲੋਚਾ।
ਉਤਲੇ ਦੁਪੱਟਿਆਂ ਲਾਵਾਂ ਕਿੰਗਰੀ,
ਔਹ ਪਈ ਜਾਂਦੀ ਨਾਜ਼ਕ ਜਿੰਦੜੀ।

ਪਰ ਕੁਝ ਲੋਕ-ਗੀਤ ਵਿਲੱਖਣ ਹਨ ਜਿਵੇਂ ਡੋਲੀ ਦੀ ਵਿਦਾਇਗੀ ਦੇ ਕੁਝ ਗੀਤ ਜਿਨ੍ਹਾਂ ਵਿਚ ਮਾਂ ਆਪਣੀਆਂ ਭਾਵਨਾਵਾਂ ਦੀ ਥਾਂ ਕੰਨਿਆਂ ਦੀਆਂ ਭਾਵਨਾਵਾਂ ਪੇਸ਼ ਕਰਦੀ ਹੈ :—

ਮੇਰੀ ਡੋਲੀ ਨੂੰ ਪੈ ਗਏ ਰਸੇ
ਨੀ ਮਾਂ ਮੈਂ ਕੀ ਕਰਾਂ
ਲਈ ਜਾਂਦੇ ਬਧੀ ਕਮਲੇ, ਨੀ...

ਸਹਾਇਕ ਪੁਸਤਕ :—
(1) ਗਲਾਸਰੀ (2) ਖੋਜ ਦਰਪਣ ਜੁਲਾਈ 1974

### (ਓ-170) ਓਪਤੀ :

ਗਊ ਦੇ ਮੁਖ ਦੀ ਸ਼ਕਲ ਦੀ ਇਕ ਥੈਲੀ ਜਿਸ ਵਿਚ ਹੱਥ ਪਾ ਕੇ ਬ੍ਰਾਹਮਣ ਮਾਲਾ ਫੇਰਦੇ ਹਨ। ਇਸ ਨੂੰ ਗੋਮੁਖੀ ਵੀ ਕਹਿੰਦੇ ਹਨ। (ਵੇਖੋ : ਗੋਮੁਖੀ)

### (ਓ-171) ਓਪਰਾ :

ਜਿਸ ਸ਼ਖ਼ਸ ਨਾਲ ਕੋਈ ਰਿਸ਼ਤਾ ਨਾ ਹੋਵੇ ਅਥਵਾ ਜੋ ਆਪਣੀ ਬਰਾਦਰੀ ਜਾਂ ਭਾਈਚਾਰੇ ਤੋਂ ਬਾਹਰ ਦਾ ਹੋਵੇ, ਉਸ ਨੂੰ 'ਓਪਰਾ' ਜਾਂ 'ਓਬੜ' ਕਹਿੰਦੇ ਹਨ। ਓਪਰਿਆਂ ਨਾਲ ਘਰ ਦੀਆਂ ਤੀਵੀਆਂ ਦਾ ਖੁਲ੍ਹ ਕੇ ਗੱਲਾਂ ਕਰਨਾ ਦਸਤੂਰ ਨਹੀਂ। ਜਿਨ੍ਹਾਂ ਘਰਾਂ ਵਿਚ ਪਰਦੇ ਦਾ ਰਵਾਜ ਹੈ, ਉਥੇ ਤੀਵੀਆਂ ਓਪਰੇ ਦੇ ਸਾਹਮਣੇ ਹੀ ਨਹੀਂ ਹੁੰਦੀਆਂ। ਜੇ ਮਜਬੂਰੀ ਦੀ ਹਾਲਤ ਵਿਚ ਸਾਹਮਣੇ ਹੋਣਾ ਪੈ ਜਾਏ ਤਾਂ ਰਤਾ ਕੁ ਪੱਲਾ ਨੀਵਾਂ ਕਰ ਲਿਆ ਜਾਂਦਾ ਹੈ। ਪੁਰਾਣੀ ਪੀੜ੍ਹੀ ਦੇ ਲੋਕ ਕਿਸੇ ਤੀਵੀਂ ਦੀਆਂ ਓਪਰੇ ਨਾਲ ਖੁਲ੍ਹ ਕੇ ਗੱਲਾਂ ਕਰਨੀਆਂ ਪਸਿੰਦ ਨਹੀਂ ਸਨ ਕਰਦੇ।

ਕੁੜੀਆਂ ਮੁੰਡਿਆਂ ਲਈ ਰਿਸ਼ਤੇ ਨਾਤੇ ਆਮ ਤੌਰ ਤੇ ਜ਼ਾਤ ਬਰਾਦਰੀ ਜਾਂ ਜਾਣੇ ਪਛਾਣੇ ਘੇਰੇ ਵਿਚੋਂ ਹੀ ਕੀਤੇ ਜਾਂਦੇ ਹਨ, ਪਰ ਓਪਰੇ ਪਰਿਵਾਰਾਂ ਵਿਚੋਂ ਵੀ ਜੇ ਕੋਈ ਮੁੰਡਾ ਕੁੜੀ ਜਚ ਜਾਵੇ ਤਾਂ ਰਿਸ਼ਤਾ ਕਰ ਲਿਆ ਜਾਂਦਾ ਹੈ।

### (ਓ-172) ਓਮ :

ਹਿੰਦੂਆਂ ਦੀ ਇਕ ਰਹੱਸਮਈ ਪਾਵਨ ਧੁਨੀ। ਇਸ ਸ਼ਬਦ ਨੂੰ ਕਦੋਂ ਅਤੇ ਕਿਵੇਂ ਪ੍ਰਤਿਸ਼ਠਤਾ ਪ੍ਰਾਪਤ ਹੋਈ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਓਮ ਦਾ ਮੂਲ ਧਾਤੂ 'ਅਵ' ਹੈ ਜਿਸ ਦੇ ਅਰਥ ਹਨ : ਰੱਖਿਆ ਕਰਨਾ, ਫੈਲਣਾ ਆਦਿ।

ਓਮ ਦਾ ਸ਼ਬਦ ਰਿਗ ਵੇਦ ਵਿਚ ਕਿਧਰੇ ਨਹੀਂ ਮਿਲਦਾ। ਜਿਸ ਤੋਂ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਆਦਿਮ-ਧੁਨੀ ਨਹੀਂ ਸੀ। ਜਦੋਂ ਆਰੀਆ ਇਕ ਸੱਭਿਅਕ ਜਾਤੀ ਬਣ ਚੁਕੀ ਸੀ, ਉਦੋਂ ਹੀ ਇਹ ਧੁਨੀ ਉਨ੍ਹਾਂ ਦੇ ਧਾਰਮਿਕ ਜੀਵਨ ਦਾ ਅੰਗ ਬਣੀ। ਸੰਹਿਤਾ ਵਿਚ 'ਓਮ ਪ੍ਰਤਿਸ਼ਠਾ' ਤੇ 'ਓਮ ਸਰਵਯ' ਆਦਿ ਵਾਕਾਂ ਵਿਚ ਓਮ ਸ਼ਬਦ ਦੀ ਵਰਤੋਂ ਮਿਲਦੀ ਹੈ। ਬ੍ਰਾਹਮਣ ਵਿਚ ਇਸ ਸ਼ਬਦ ਦਾ ਨਿਸਚਿਤ ਪ੍ਰਯੋਗ ਹੋਇਆ ਹੈ। ਐਤਰਯ ਬ੍ਰਾਹਮਣ ਅਨੁਸਾਰ ਬਲੀ ਦੇ ਸਮੇਂ ਜਦੋਂ ਹੋਤਰ ਰਿਗ ਵੇਦ ਦੀਆਂ ਰਿਚਾਂ ਉਚਾਰਨ ਕਰਦਾ, ਤਾਂ ਅੱਗੋਂ ਅਧਵਰਯ 'ਓਮ' ਦੀ ਧੁਨੀ ਉਚਾਰਦਾ, ਪਰ ਜਦੋਂ ਹੋਤਰ ਗਾਥਾ ਪੜ੍ਹਦਾ ਤਾਂ ਉਹ 'ਤਥਾ' ਕਹਿੰਦਾ ਸੀ।

ਓਮ ਵੇਦਾਂ ਤੇ ਉਪਨਿਸ਼ਦਾਂ ਦਾ ਸਾਰ ਤੱਤਵ ਹੈ। ਸਭ ਤੋਂ ਪਹਿਲਾਂ ਇਸ ਸ਼ਬਦ ਦੀ ਮਹੱਤਤਾ ਐਤਰਯ ਬ੍ਰਾਹਮਣਾਂ ਵਿਚ ਮੰਨੀ ਗਈ। ਐਤਰਯ ਬ੍ਰਾਹਮਣਾਂ ਅਨੁਸਾਰ ਇਹ ਸ਼ਬਦ ਤਿੰਨ ਧੁਨੀਆਂ ਓ, ਅ, ਮ ਦੇ ਸੰਜੋਗ ਤੋਂ ਬਣਿਆ। ਇਹ ਤਿੰਨੋਂ ਧੁਨੀਆਂ ਤਿੰਨ ਵਯਾੜਤੀਆਂ ਭੂਹ, ਭਵਾਹ ਅਤੇ ਸਵਰ ਤੋਂ ਬਣੀਆਂ ਹਨ। ਇਹ ਤਿੰਨੋਂ ਰਿਗ ਵੇਦ, ਯਜੁਰ ਵੇਦ ਤੇ ਸਾਮ ਵੇਦ ਦੀਆਂ ਵਾਚਕ ਹੋਣ ਤੋਂ ਇਲਾਵਾ ਅਗਨੀ, ਵਾਯੂ, ਆਦਿਤਯ ਦੇਵਤਿਆਂ ਦੀ ਦੇਣ ਹਨ। ਇਹੋ ਤਿੰਨੋਂ ਦੇਵਤੇ ਭੂਮੀ, ਵਾਯੂ ਮੰਡਲ ਤੇ ਪਵਨ

ਦੀ ਵਿਰਾਟਤਾ ਵਿਚ ਪਸਰੇ ਹੋਏ ਹਨ। ਇਸ ਤਰ੍ਹਾਂ ਓਮ ਦੀ ਧੁਨੀ ਤਿੰਨਾਂ ਵੇਦਾਂ, ਤਿੰਨਾਂ ਦੇਵਤਿਆਂ ਅਤੇ ਤਿੰਨਾਂ ਲੋਕਾਂ ਦੀ ਵਾਚਕ ਹੈ।

ਉਪਨਿਸ਼ਦਾਂ ਵਿਚ ਇਸ ਸ਼ਬਦ ਦੀ ਮਹੱਤਤਾ ਹੋਰ ਵੀ ਵਧ ਗਈ। ਮੰਡੂਕਯ ਉਪਨਿਸ਼ਦ ਅਨੁਸਾਰ ਓਮ ਸ਼ਬਦ ੳ, ਅ, ਮ ਦੀਆਂ ਤਿੰਨ ਧੁਨੀਆਂ ਦੇ ਸੰਜੋਗ ਤੋਂ ਬਣਿਆ ਹੈ। ਇਹ ਤਿੰਨੋ ਧੁਨੀਆਂ ਤਰਤੀਬਵਾਰ ਜਾਗ੍ਰਤ, ਸੁਪਨ ਤੇ ਸ਼ਖੋਪਤ ਅਵਸਥਾ ਦੀਆਂ ਵਾਚਕ ਹਨ। ਸੋ 'ਓਮ' ਉਸ ਸਭ ਕੁਝ ਦਾ ਸਾਰ-ਤੱਤਵ ਹੈ ਜੋ ਜੀਵ ਤਿੰਨਾਂ ਅਵਸਥਾਵਾਂ ਵਿਚ ਅਨੁਭਵ ਕਰਦਾ ਹੈ ਅਥਵਾ ਓਮ ਸਰਗੁਣ ਸਰੂਪ ਦਾ ਬੋਧਿਕ ਹੈ, ਪਰ ਨਾਲ ਹੀ ਓਮ ਉਸ ਨਿਰਗੁਣ ਬ੍ਰਹਮ ਦਾ ਵੀ ਵਾਚਕ ਹੈ ਜਿਸ ਦਾ ਆਦਿ ਤੇ ਅੰਤ ਦੋਵੇਂ ਨਹੀਂ। ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਵਿਚ ਇਸ ਵਿਚਾਰ ਨੂੰ ਇਉਂ ਪ੍ਰਗਟ ਕੀਤਾ ਹੈ :—

ਓਅੰ ਆਦਿ ਰੂਪੇ, ਅਨਾਦਿ ਸਰੂਪੇ। (ਜਾਪੁ)

ਪ੍ਰਾਣਵ ਉਪਨਿਸ਼ਦ ਅਨੁਸਾਰ ਬ੍ਰਹਮ ਨੇ ਬ੍ਰਹਮਾ ਨੂੰ ਉਤਪੰਨ ਕੀਤਾ ਅਤੇ ਬ੍ਰਹਮਾ ਨੇ ਅੱਗੋਂ ਓਮ ਦੀ ਧੁਨੀ ਦੋ ਅੱਖਰਾਂ ਤੇ ਤਿੰਨ ਸ਼ਬਦਾਂਗਾਂ ਦੇ ਸੰਜੋਗ ਤੋਂ ਪੈਦਾ ਕੀਤੀ। ਓਮ ਸ਼ਬਦ ਦੇ ਪਹਿਲੇ ਅੱਖਰ ਦੇ ਉਚਾਰਨ ਨਾਲ ਜਲ ਦੀ ਉਤਪੱਤੀ ਹੋਈ। ਦੂਜੇ ਅੱਖਰ ਨਾਲ ਆਕਾਸ਼ ਮੰਡਲ ਦੇ ਚੰਨ ਸੂਰਜ ਤੇ ਤਾਰੇ ਪੈਦਾ ਹੋਏ। ਤੀਜਾ ਸ਼ਬਦਾਂਗ ਜੋ ੳ ਦੀ ਧੁਨੀ ਦਾ ਹੀ ਲੰਮਾ ਉਚਾਰਨ ਸੀ, ਨਾਲ ਭੂਮੀ, ਵਾਯੂ ਮੰਡਲ ਤੇ ਆਕਾਸ਼, ਅੱਗ, ਪਵਨ ਤੇ ਸੂਰਜ, ਤਿੰਨ ਵੇਦ, ਤਿੰਨ ਵਯਾਤ੍ਰਤੀਆਂ, ਤਿੰਨ ਛੰਦ, ਗਾਇਤਰੀ, ਤ੍ਰਿਸਤੁਭ ਤੇ ਜਗਤੀ ਆਦਿ ਉਤਪੰਨ ਹੋਏ। ਮੈਤਰੇਯੀ ਉਪਨਿਸ਼ਦ ਅਨੁਸਾਰ ਓਮ ਸੰਸਾਰ ਦੀਆਂ ਸਭ ਵਸਤੂਆਂ ਦਾ ਸਾਰ-ਤੱਤਵ ਹੈ।

ਓਮ ਨਾਲ ਕਾਫ਼ੀ ਸਾਰੀ ਲੋਕਧਾਰਾ ਵੀ ਜੁੜੀ ਹੋਈ ਹੈ। ਇਹ ਧੁਨੀ ਸੰਸਾਰ ਦੀਆਂ ਸਭ ਧੁਨੀਆਂ ਤੋਂ ਪਾਵਨ ਮੰਨੀ ਗਈ ਹੈ, ਕਿਉਂ ਜੋ ਬ੍ਰਹਮਾ ਨੇ ਬ੍ਰਹਿਮੰਡ ਦੀ ਰਚਨਾ ਸਮੇਂ ਇਸੇ ਧੁਨੀ ਦਾ ਉਚਾਰਨ ਕੀਤਾ ਸੀ।

ਓਮ ਤ੍ਰੈਮੂਰਤੀ ਦਾ ਪ੍ਰਤੀਕ ਹੈ। ਇਸ ਦੇ ਤਿੰਨ ਸਵਰ ੳ, ਅ, ਮ ਬ੍ਰਹਿਮੰਡ ਦੇ ਤਿੰਨ ਮੁਖ ਸੁਭਾਵ — ਉਤਪੱਤੀ, ਪਾਲਨਾ ਅਤੇ ਸੰਘਾਰ ਦੇ ਵਾਚਕ ਹਨ। ਇਸ ਨਾਤੇ ਓਮ, ਬ੍ਰਹਮਾ ਜੋ ਸੰਸਾਰ ਦੀ ਉਤਪੱਤੀ ਕਰਦਾ ਹੈ, ਵਿਸ਼ਨੂੰ ਜੋ ਸੰਸਾਰ ਨੂੰ ਪਾਲਦਾ ਪੋਸ਼ਦਾ ਹੈ ਤੇ ਸ਼ਿਵ ਜੋ ਸੰਸਾਰ ਦਾ ਵਿਨਾਸ਼ ਕਰਦਾ ਹੈ ਦੇ ਪ੍ਰਤੀਕ ਵੀ ਹੈ — 'ੳ' ਸ਼ਿਵ ਜੀ ਦਾ 'ਅ' ਵਿਸ਼ਨੂੰ ਦਾ ਅਤੇ 'ਮ' ਬ੍ਰਹਮਾ ਦਾ।

ਓਮ ਦਾ ਜਾਪ ਪ੍ਰਾਣੀ ਨੂੰ ਰਹੱਸਮਈ ਢੰਗ ਨਾਲ ਬ੍ਰਹਮ ਵਿਚ ਲੀਨ ਕਰ ਦੇਂਦਾ ਹੈ। ਓਮ ਵੇਦ ਦੇ ਬ੍ਰਿਛ ਦੀਆਂ ਜੜ੍ਹਾਂ ਤੇ ਫਲ ਹੈ। ਇਸ ਦੇ ਜਾਪ ਦੀ ਵੇਦ ਪਾਠ ਜਿਤਨੀ ਹੀ ਮਹੱਤਤਾ ਹੈ। ਕੌਸ਼ਿਕ ਸੂਤਰ ਅਨੁਸਾਰ ਓਮ ਦਾ ਇਕ ਹਜ਼ਾਰ ਵਾਰ ਜਾਪ ਕਰਨ ਨਾਲ ਸਭ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਓਮ ਦੇ ਜਾਪ ਨਾਲ ਭੂਤ-ਪ੍ਰੇਤ ਤੇ ਬਦਰੂਹਾਂ ਨੇੜੇ ਨਹੀਂ ਢੁਕਦੀਆਂ। ਸੰਸਕਾਰਾਂ ਤੇ ਰੀਤਾਂ ਰਸਮਾਂ ਦੇ ਅਰੰਭ ਵਿਚ ਵੀ ਹਿੰਦੂ ਓਮ ਦਾ ਉਚਾਰਨ ਕਰਦੇ ਹਨ।

ਹਿੰਦੂ ਓਮ ਦੀ ਧੁਨੀ ਨੂੰ ਪਵਿੱਤਰ ਸਮਝ ਕੇ ਗ੍ਰੰਥਾਂ ਅਤੇ ਚਿੱਠੀ ਪੱਤਰਾਂ ਦੇ ਆਰੰਭ ਵਿਚ ਲਿਖਦੇ ਹਨ। ਜਾਦੂ ਟੂਣੇ ਤੇ ਜੰਤਰ ਮੰਤਰ ਵਿਚ ਵੀ ਓਮ ਦੀ ਧੁਨੀ ਤੇ ਲਿਖਤ ਦੀ ਵਰਤੋਂ ਕੀਤੀ ਜਾਂਦੀ ਹੈ।

### (ੳ-173) ਓੜ੍ਹਨੀ :

ਤੀਵੀਆਂ ਦਾ ਸਿਰ ਉਪਰ ਲੈਣ ਵਾਲਾ ਕਪੜਾ; ਹਰਿਆਣੇ ਵਿਚ (ਪੰਜਾਬ, 107) ਓੜ੍ਹਨੀ ਸਿਰ ਉਤੇ ਲੈ ਕੇ ਇਸ ਦੀ ਸੱਜੀ ਕੰਨੀ ਛਾਤੀ ਦੇ ਉਪਰੋਂ ਲੰਘਾ ਕੇ ਖੱਬੇ ਪਾਸੇ ਦੀ ਘੱਗਰੀ ਵਿਚ ਟੰਗ ਲਈ ਜਾਂਦੀ ਹੈ। ਜਵਾਨ ਕੁੜੀਆਂ ਓੜ੍ਹਨੀ ਦੀ ਸੱਜੇ ਪਾਸੇ ਦੀ ਕੰਨੀ ਨਾਲ ਜ਼ੰਜੀਰੀ ਵਿਚ ਘੁੰਗਰੂ ਪਰੋ ਲੈਂਦੀਆਂ ਹਨ, ਇਸ ਤਰ੍ਹਾਂ ਇਸ ਦਾ ਉਹ ਹਿੱਸਾ ਜੋ ਘੁੰਡ ਬਣ ਕੇ ਮੂੰਹ ਉਤੇ ਪੈਂਦਾ ਹੈ ਸ਼ਿੰਗਾਰਿਆ ਜਾਂਦਾ ਹੈ।

### (ੳ-174) ਓਮਾ :

(1) ਇਕ ਦੇਵੀ; ਸ਼ਿਵ ਦੀ ਪਤਨੀ; ਓਮਾ ਦਾ ਉਲੇਖ ਸਭ ਤੋਂ ਪਹਿਲਾਂ ਕੇਨ ਉਪਨਿਸ਼ਦ ਵਿਚ ਮਿਲਦਾ ਹੈ।

ਓਮਾ ਸ਼ਿਵ ਦੀ ਪਹਿਲੀ ਪਤਨੀ ਸੱਤੀ ਦਾ ਹੀ ਅਵਤਾਰ ਮੰਨੀ ਗਈ ਹੈ। ਸ਼ਿਵ ਦੀ ਪਹਿਲੀ ਪਤਨੀ ਸੱਤੀ ਆਪਣੇ ਪਤੀ ਦੀ ਅਨਾਦਰੀ ਨਾ ਸਹਾਰ ਸਕੀ ਅਤੇ ਯੱਗ ਦੀ ਅਗਨੀ ਵਿਚ ਸੜ ਕੇ ਭਸਮ ਹੋ ਗਈ। ਸ਼ਿਵ ਸੱਤੀ ਦੇ ਵਿਛੋੜੇ ਵਿਚ ਵਿਆਕੁਲ ਹੋਣ ਲੱਗਾ, ਸੱਤੀ ਦੀ ਆਤਮਾ ਤੋਂ ਇਹ ਵਿਆਕੁਲਤਾ ਜਰੀ ਨਾ ਗਈ ਅਤੇ ਉਸ ਨੇ ਓਮਾ ਦੇ ਰੂਪ ਵਿਚ ਮੁੜ ਜਨਮ ਲਿਆ। ਓਮਾ ਨੂੰ ਪਾਰਬਤੀ ਵੀ ਕਿਹਾ ਜਾਂਦਾ ਹੈ। ਉਸ ਦੇ ਕਈ ਹੋਰ ਨਾਂ ਵੀ ਹਨ — ਅੰਬਿਕਾ, ਈਸ਼ਵਰੀ, ਗੋਰੀ, ਗਿਰਜਾ, ਮਾਯਾ, ਭਵਾਨੀ, ਚੰਡਿਕਾ।

ਓਮਾ ਬੜੀ ਸੁੰਦਰ ਯੁਵਤੀ ਸੀ। ਉਸ ਦੇ ਦਿਲ ਵਿਚ ਸ਼ਿਵ ਲਈ ਅਟੁਟ ਪ੍ਰੇਮ ਸੀ। ਜਦੋਂ ਸ਼ਿਵ ਸੰਸਾਰ ਨੂੰ ਤਿਆਗ ਕੇ ਕੈਲਾਸ਼ ਪਰਬਤ ਉਤੇ ਤਪੱਸਿਆ ਕਰਨ ਲੱਗੇ ਤਾਂ ਓਮਾ ਸ਼ਿਵ ਲਈ ਵਿਆਕੁਲ ਹੋਣ ਲੱਗੀ ਅਤੇ ਉਸ ਨੇ ਸ਼ਿਵ ਦੇ ਸਿਮਰਨ ਵਿਚ ਕਰੜੀ ਸਾਧਨਾ ਤੇ ਤਪੱਸਿਆ ਕੀਤੀ। ਓਮਾ ਨੇ ਕਈ ਵਰਤ ਰਖੇ ਅਤੇ ਸਰੀਰ ਨੂੰ ਬੜੇ ਕਸ਼ਟ ਦਿਤੇ। ਅਖ਼ੀਰ ਇਕ ਦਿਨ ਜਦੋਂ ਓਮਾ ਇਕ ਲਤ ਦੇ ਭਾਰ ਖੜੀ ਸੀ ਤਾਂ ਸ਼ਿਵ ਜੀ ਬ੍ਰਾਹਮਣ ਦੇ ਰੂਪ ਵਿਚ ਪ੍ਰਗਟ ਹੋ ਕੇ ਓਮਾ ਨੂੰ ਕਹਿਣ ਲੱਗ ਕਿ ਉਹ ਸ਼ਿਵ ਲਈ ਇਤਨੇ ਕਸ਼ਟ ਕਿਉਂ ਸਹਾਰ ਰਹੀ ਹੈ। ਸ਼ਿਵ ਤਾਂ ਬੜਾ ਕਰੂਪ, ਦਲਿਦ੍ਰੀ, ਨਸ਼ਈ ਅਤੇ ਮਰਘਟ ਦਾ ਵਾਸੀ ਹੈ; ਪਰ ਓਮਾ ਨੇ ਸ਼ਿਵ ਦੀ ਨਿੰਦਿਆ ਸੁਣਨ ਤੋਂ ਇਨਕਾਰ ਕਰ ਦਿਤਾ ਅਤੇ ਬ੍ਰਾਹਮਣ ਨਾਲ ਝਗੜਨ ਲੱਗੀ। ਸੋ, ਸ਼ਿਵ ਜੀ ਓਮਾ ਉਤੇ ਪ੍ਰਸੰਨ ਹੋ ਕੇ ਅਸਲੀ ਰੂਪ ਵਿਚ ਪ੍ਰਗਟ ਹੋਏ। ਓਮਾ ਸ਼ਿਵ ਦੇ ਚਰਨਾਂ ਉਤੇ ਡਿਗ ਪਈ। ਸ਼ਿਵ ਨੇ ਓਮਾ ਨਾਲ ਵਿਆਹ ਕਰ ਲਿਆ ਅਤੇ ਦੋਵੇਂ ਕੈਲਾਸ਼ ਪਰਬਤ ਉਤੇ ਵਸਣ ਲੱਗੇ।

ਕੁਮਾਰ ਸੰਭਵ ਅਨੁਸਾਰ ਓਮਾ ਮੇਨਕਾ ਦੇ ਉਦਰ ਤੋਂ ਹਿਮਾਵਤ ਦੀ ਪੁੱਤਰੀ ਸੀ। ਇਕ ਵਾਰ ਓਮਾ ਘੋਰ ਤੱਪ ਕਰਨ ਦੇ ਇਰਾਦੇ ਨਾਲ ਸਮਾਧੀ ਲਗਾਈ ਬੈਠੀ ਸੀ ਕਿ ਮੇਨਕਾ ਨੇ ਉਸ ਨੂੰ ਕਿਹਾ : ਓ (ਘੋਰ ਤੱਪ) ਮਾ (ਮਤ ਕਰ), ਭਾਵ ਇਤਨੀ ਕਠੋਰ ਤਪੱਸਿਆ ਨਾ ਕਰ। ਉਦੋਂ ਤੋਂ ਉਹ ਓਮਾ ਦੇ ਨਾਉਂ ਨਾਲ ਪ੍ਰਸਿਧ ਹੋਈ।

(2) ਕਾਲਕਾ ਪੁਰਾਣ (52–53 ਅਧਿਆਇ) ਅਨੁਸਾਰ ਚੌਂਸਠ ਜੋਗਣੀਆਂ ਵਿਚੋਂ ਇਕ।

## (ੳ–175) **ਓਮਾ ਪਤੀ** :

ਓਮਾ ਦਾ ਪਤੀ, ਭਾਵ ਸ਼ਿਵ ਜੀ (ਵੇਖੋ : ਸ਼ਿਵ)।

**(ਅ-1) ਅ (ਐੜਾ) :**

ਪੰਜਾਬੀ ਵਰਣਮਾਲਾ ਦਾ ਦੂਜਾ ਸ੍ਵਰ ਅੱਖਰ, ਜੋ ਵਿਸ਼ਵ ਦਾ ਬੋਧਿਕ ਹੈ। ਜਿਵੇਂ 'ੳ' ਅੱਖਰ ਪਾਰਬ੍ਰਹਮ ਦਾ ਵਾਚਕ ਹੈ, ਉਸੇ ਤਰ੍ਹਾਂ 'ਅ' ਬ੍ਰਹਿਮੰਡ ਦਾ। ਇਸੇ ਲਈ ਵਰਣਮਾਲਾ ਵਿਚ 'ਅ' ਨੂੰ 'ੳ' ਅੱਖਰ ਤੋਂ ਬਾਅਦ ਰਖਿਆ ਗਿਆ ਹੈ।

'ਅ' ਅੱਖਰ ਹਿੰਦੂਆਂ ਦੀਆਂ ਤਿੰਨ ਪਾਵਨ ਧੁਨੀਆਂ — 'ੳ', 'ਅ', 'ਮ', ਜੋ ਮਿਲ ਕੇ 'ਓਮ' ਬਣਦੀਆਂ ਹਨ, ਵਿਚੋਂ ਇਕ ਹੈ ਤੇ ਵਿਸ਼ਨੂੰ ਦੇਵਤੇ ਦਾ ਬੋਧਿਕ ਹੈ। 'ਅ' ਅੱਖਰ ਅਗਨ ਦੇਵਤੇ ਦਾ ਵੀ ਵਾਚਕ ਹੈ। ਮਹਾਨ ਕੋਸ਼ (18) ਅਨੁਸਾਰ 'ਅ' ਅੱਖਰ ਬ੍ਰਹਮਾ, ਇੰਦਰ, ਪਵਨ ਤੇ ਅੰਮ੍ਰਿਤ ਦੇ ਅਰਥਾਂ ਦਾ ਬੋਧ ਵੀ ਕਰਵਾਂਦਾ ਹੈ।

**(ਅ-2) ਅਉਹੇਰਨ (ਅਵਹੇਰਨ) :**

ਪਛੜੀਆਂ ਜਾਤੀਆਂ ਵਿਚ ਪ੍ਰਚਲਤ ਪਤਨੀ ਨੂੰ ਤਲਾਕ ਦੇਣ ਦੀ ਇਕ ਰਸਮ। ਜਦੋਂ ਕੋਈ ਸ਼ਖ਼ਸ ਆਪਣੀ ਪਤਨੀ ਨੂੰ ਬਦਚਲਨੀ ਕਰ ਕੇ ਤਿਆਗਣਾ ਚਾਹੁੰਦਾ ਹੈ ਤਾਂ ਉਹ ਬਰਾਦਰੀ ਦੇ ਸਾਹਮਣੇ ਤੀਵੀਂ ਦੇ ਸਿਰੋਂ ਚੁੰਨੀ ਉਤਾਰ ਕੇ ਫਾੜ ਦੇਂਦਾ ਹੈ। ਇਸ ਤਰ੍ਹਾਂ ਅਪਮਾਨਿਤ ਕਰ ਕੇ ਤਿਆਗਣ ਦੀ ਰਸਮ ਨੂੰ ਅਉਹੇਰਨ ਕਹਿੰਦੇ ਹਨ। "ਖਸਮਿ ਦੁਹਾਗਣ ਤਜਿ ਅਉਹੇਰੀ।" ਗੌਂਡ ਕਬੀਰ।

**(ਅ-3) ਅਉਘੜ :**

ਜੋਗੀਆਂ ਦਾ ਇਕ ਫ਼ਿਰਕਾ; (ਵੇਖੋ : ਅਘੋਰ ਪੰਥ)।

**(ਅ-4) ਅਉਲ :**

ਜੱਟਾਂ ਦੀ ਇਕ ਗੋਤ। (ਵੇਖੋ : ਜੱਟ)

**(ਅ-5) ਅਉਲੀਆ :**

'ਵਲੀ' ਦਾ ਬਹੁ ਵਚਨ; ਰੱਬ ਤਕ ਪਹੁੰਚਿਆ ਹੋਇਆ ਗ਼ੈਬ ਦੀਆਂ ਗੱਲਾਂ ਜਾਣਨ ਵਾਲਾ ਪੀਰ ਫ਼ਕੀਰ। (ਵੇਖੋ : ਵਲੀ)

**(ਅ-6) ਅਸਹਾਬੇ ਕਹਫ਼ :**

ਰੋਮ ਦੇ ਬਾਦਸ਼ਾਹ ਦਕੀਆਨੂਸ ਨੇ ਜਦੋਂ ਖ਼ੁਦਾਈ ਦਾ ਦਾਅਵਾ ਕੀਤਾ ਤਾਂ ਉਥੋਂ ਦੇ ਸੱਤਾਂ ਸੰਤਾਂ ਨੇ ਉਸ ਨੂੰ ਖ਼ੁਦਾ ਮੰਨਣ ਤੋਂ ਇਨਕਾਰ ਕਰ ਦਿਤਾ। ਇਹ ਸੱਤੋ ਸੰਤ ਬਾਦਸ਼ਾਹ ਦੇ ਕਹਿਰ ਤੋਂ ਡਰਦੇ ਹੋਏ ਇਕ ਗੁਫ਼ਾ ਵਿਚ ਜਾ ਛੁਪੇ। ਗੁਫ਼ਾ ਦੇ ਅੰਦਰ ਵੜਦਿਆਂ ਸਾਰ ਗੁਫ਼ਾ ਦਾ ਮੂੰਹ ਝਟ ਬੰਦ ਹੋ ਗਿਆ।

ਇਹ ਸੱਤੋ ਸੰਤ ਗੁਫਾ ਦੇ ਅੰਦਰ ਜਾਕੇ ਲੰਮੀ ਨੀਂਦਰ ਸੌਂ ਗਏ। ਜਦੋਂ ਜਾਗੇ ਤਾਂ ਕਈ ਰਾਜ-ਘਰਾਣੇ ਬਦਲ ਚੁਕੇ ਸਨ। ਇਨ੍ਹਾਂ ਸੰਤਾਂ ਵਿਚੋਂ ਇਕ ਸੰਤ ਖਾਣ ਪੀਣ ਦੇ ਕੁਝ ਪਦਾਰਥ ਖ਼ਰੀਦਣ ਦੇ ਵਿਚਾਰ ਨਾਲ ਸ਼ਹਿਰ ਗਿਆ। ਉਸ ਦੇ ਛੁਹੰਦੇ ਸਾਰ ਗੁਫਾ ਦਾ ਮੂੰਹ ਖੁਲ੍ਹ ਗਿਆ। ਸ਼ਹਿਰ ਵਿਚ ਰਾਜੇ ਦੇ ਸਿਪਾਹੀਆਂ ਨੇ ਸੰਤ ਕੋਲ ਪੁਰਾਣੇ ਸਿੱਕੇ ਵੇਖ ਕੇ ਉਸ ਨੂੰ ਇਸ ਖ਼ਿਆਲ ਨਾਲ ਫੜ ਲਿਆ ਕਿ ਉਸ ਨੂੰ ਕਿਧਰੋਂ ਦਬਿਆ ਖ਼ਜ਼ਾਨਾ ਲੱਭਾ ਹੋਣਾ ਹੈ। ਪੁੱਛ ਪ੍ਰਤੀਤ ਕਰਨ ਲਈ ਰਾਜੇ ਦੇ ਸਿਪਾਹੀ ਉਸ ਸੰਤ ਦੇ ਨਾਲ ਨਾਲ ਗੁਫਾ ਵਲ ਗਏ। ਪਰ ਜਿਵੇਂ ਹੀ ਉਹ ਸੰਤ ਗੁਫਾ ਦੇ ਅੰਦਰ

ਦਾਖ਼ਲ ਹੋਇਆ ਗੁਫ਼ਾ ਦਾ ਮੂੰਹ ਇਕਦਮ ਬੰਦ ਹੋ ਗਿਆ ਅਤੇ ਸਿਪਾਹੀ ਬਾਹਰ ਹੀ ਖੜੇ ਵੇਖਦੇ ਰਹਿ ਗਏ।

ਇਨ੍ਹਾਂ ਸੱਤਾਂ ਸੰਤਾਂ ਨੂੰ 'ਅਸਹਾਬੇ ਕਹਫ਼' ਅਥਵਾ 'ਗੁਫਾ ਦੇ ਲੋਕ' ਕਿਹਾ ਜਾਂਦਾ ਹੈ। ਵਿਸ਼ਵਾਸ਼ ਹੈ ਕਿ ਇਹ ਸੰਤ ਕਿਆਮਤ ਤਕ ਇਥੇ ਹੀ ਰਹਿਣਗੇ।

ਇਕ ਹੋਰ ਰਵਾਇਤ ਅਨੁਸਾਰ ਇਹ ਲੋਕ ਤਿੰਨ ਸੋ ਸਾਲ ਤਕ ਖੁੰਦਰਾਂ ਵਿਚ ਛੁਪੇ ਰਹੇ। ਇਨ੍ਹਾਂ ਦੇ ਪਾਸ ਇਕ ਕੁੱਤਾ ਵੀ ਸੀ ਜੋ ਇਨ੍ਹਾਂ ਨਾਲ ਹੀ ਰਿਹਾ ਅਤੇ ਕੁੱਤੇ ਉਤੇ ਵੀ ਨਾਲ ਹੀ ਅੱਲਾ ਦੀ ਫ਼ਜ਼ਲ ਹੋ ਗਈ। 'ਵਤ ਸਗ ਅਸਹਾਬ ਦੀ ਬਾਰੀ, ਹੋਇਆ ਫ਼ਜ਼ਲ ਇਲਾਹੋਂ' — ਹਾਫ਼ਜ਼ ਬਰਖ਼ੁਰਦਾਰ।

(ਅ-7) **ਅਸਕਾਤ** :

ਮੁਸਲਮਾਨਾਂ ਵਿਚ ਮ੍ਰਿਤਕ ਸੰਸਕਾਰ ਨਾਲ ਸੰਬੰਧਿਤ ਇਕ ਰੀਤ। ਮੁਰਦੇ ਨੂੰ ਕਬਰ ਵਿਚ ਦੱਬਣ ਤੋਂ ਪਹਿਲਾਂ ਕੁਝ ਮੁੱਲਾਂ ਇਕ ਘੇਰੇ ਵਿਚ ਬੈਠ ਜਾਂਦੇ ਹਨ। ਵੱਡੇ ਮੁੱਲਾਂ ਦੇ ਸਾਹਮਣੇ ਕੁਰਾਨ ਸ਼ਰੀਫ਼ ਰਖਿਆ ਜਾਂਦਾ ਹੈ ਜਿਸ ਦੇ ਅੱਗੇ ਕੁਝ ਲੂਣ, ਅੰਨ, ਮਠਿਆਈ ਤੇ ਤਾਂਬੇ ਦੇ ਸਿੱਕੇ ਆਦਿ ਧਰੇ ਜਾਂਦੇ ਹਨ। ਫਿਰ ਉਨ੍ਹਾਂ ਵਿਚ ਇਕ ਮੁੱਲਾਂ ਆਪਣੇ ਨਾਲ ਵਾਲੇ ਮੁੱਲਾਂ ਨੂੰ ਮੋਏ ਪ੍ਰਾਣੀ ਦੇ ਗੁਨਾਹਾਂ ਬਾਰੇ ਦਸਦਾ ਹੈ। ਉਹ ਮੁੱਲਾ ਉਹੋ ਗੱਲ ਅਗਲੇ ਮੁੱਲਾਂ ਨੂੰ ਦਸਦਾ ਜਾਂਦਾ ਹੈ। ਇਸ ਤਰ੍ਹਾਂ ਘੇਰੇ ਵਿਚ ਬੈਠੇ ਸਾਰੇ ਮੁਲਾਣੇ ਵਾਰੋ ਵਾਰੀ ਗੱਲ ਅੱਗੇ ਤੋਰਦੇ ਜਾਂਦੇ ਹਨ। ਇਸ ਤੋਂ ਬਾਅਦ ਵੱਡਾ ਮੁਲਾਣਾ ਕੁਰਾਨ ਅੱਗੇ ਪਏ ਸਿੱਕੇ ਤੇ ਹੋਰ ਸਾਮਗ੍ਰੀ ਗ਼ਰੀਬਾਂ ਤੇ ਮੁਲਾਣਿਆਂ ਵਿਚ ਵੰਡ ਦੇਂਦਾ ਹੈ। ਕੁਝ ਹੋਰ ਰੁਪਏ ਵੀ ਦਾਨ ਕੀਤੇ ਜਾਂਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਮੋਏ ਪ੍ਰਾਣੀ ਦੇ ਗੁਨਾਹ ਮਾਫ਼ ਹੋ ਜਾਂਦੇ ਹਨ। ਵੱਡਾ ਮੁਲਾਣਾ ਕੁਰਾਨ ਨੂੰ ਆਪਣੇ ਕੋਲ ਹੀ ਰਖ ਲੈਂਦਾ ਹੈ।

(ਅ-8) **ਅਸ਼ਟ ਸਾਖੀ** :

ਹਿੰਦੂ ਸ਼ਾਸਤ੍ਰਾਂ ਅਨੁਸਾਰ, ਪ੍ਰਮਾਤਮਾ ਨੇ ਸੰਸਾਰ ਵਿਚ ਪ੍ਰਾਣੀਆਂ ਦੇ ਚੰਗੇ ਮੰਦੇ ਕਰਮਾਂ ਨੂੰ ਵਾਚਣ ਲਈ, ਅੱਠ ਦੇਵੀ ਦੇਵਤੇ ਮੁਕੱਰਰ ਕੀਤੇ ਹੋਏ ਹਨ। ਇਨ੍ਹਾਂ ਅੱਠਾਂ ਦਾ ਸਾਮੂਹਿਕ ਨਾਉਂ ਅਸ਼ਟ ਸਾਖੀ ਹੈ। ਇਹ ਦੇਵਤੇ ਪ੍ਰਾਣੀਆਂ ਦੇ ਸੰਸਾਰ ਵਿਚ ਕੀਤੇ ਕਰਮਾਂ ਦੀ ਸਾਖੀ ਅਗਲੇ ਲੋਕ ਵਿਚ ਭਰਦੇ ਹਨ, ਜਿਸ ਅਨੁਸਾਰ ਪ੍ਰਾਣੀਆਂ ਨੂੰ ਚੰਗੇ ਮੰਦੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਇਨ੍ਹਾਂ ਦੇਵੀ ਦੇਵਤਿਆਂ ਦੇ ਨਾਂ ਹਨ — ਸੂਰਜ, ਚੰਦ੍ਰਮਾ, ਧ੍ਰੂ, ਪ੍ਰਿਥਵੀ, ਅਗਨੀ, ਪਵਨ, ਪ੍ਰਤਯੁਸ਼ ਤੇ ਪ੍ਰਭਾਸ"। ਹਿੰਦੂ ਆਪਣੇ ਧਾਰਮਿਕ ਅਤੇ ਵਿਵਹਾਰਕ ਜੀਵਨ ਵਿਚ ਇਨ੍ਹਾਂ ਦੇਵਤਿਆਂ ਨੂੰ ਹੀ ਆਪਣੇ ਕਰਮ-ਕਾਂਡਾਂ ਦੇ ਸਾਖੀ ਬਣਾਉਂਦੇ ਹਨ। ਬਿਚਿਤ੍ਰ ਨਾਟਕ ਵਿਚ ਇਨ੍ਹਾਂ ਦੇਵਤਿਆਂ ਵਲ ਸੰਕੇਤ ਹੈ :—

'ਤਬ ਸਾਖੀ ਪ੍ਰਭੁ ਅਸਟ ਬਨਾਏ।<br>
ਸਾਖ ਨਮਿਤ ਦੈਬੇ ਠਹਿਰਾਏ<br>
ਤੇ ਕਹੈਂ ਕਰੋ ਹਮਾਰੀ ਪੂਜਾ<br>
ਹਮ ਬਿਨ ਅਪਰ ਨਾ ਠਾਕੁਰ ਦੂਜਾ।'

(ਅ-9) **ਅਸ਼ਟ ਸਿੱਧੀਆਂ** :

ਯੋਗ, ਤਪ ਤੇ ਜਾਪ ਦੁਆਰਾ ਪ੍ਰਾਪਤ ਅੱਠ ਦੈਵੀ ਸ਼ਕਤੀਆਂ। ਸਿੱਧੀਆਂ ਦੀ ਕੁਲ ਗਿਣਤੀ ਅਠਾਰਾਂ ਹੈ ਜਿਨ੍ਹਾਂ ਵਿਚੋਂ ਅੱਠ ਸਿੱਧੀਆਂ ਪ੍ਰਮੁਖ ਹਨ। ਇਨ੍ਹਾਂ ਸਿੱਧੀਆਂ ਦੇ ਨਾਉਂ ਹਨ :— ਅਣਿਮਾ, ਮਹਿਮਾ, ਗਰਿਮਾ, ਲਘਿਮਾ, ਪ੍ਰਾਪਤੀ, ਪ੍ਰਾਕਾਮਯ, ਈਸ਼ਿਤਾ, ਵਸ਼ਿਤਾ। (ਵੇਖੋ : ਸਿੱਧੀਆਂ)

(ਅ-10) **ਅਸ਼ਟ ਗ੍ਰਹਿ** :

ਜੋਤਿਸ਼ ਵਿੱਦਿਆ ਅਨੁਸਾਰ ਜੇ ਨੌਵਾਂ ਗ੍ਰਹਿਆਂ ਵਿਚੋਂ ਕੋਈ ਅੱਠ ਗ੍ਰਹਿ ਇਕੋ ਘਰ ਵਿਚ ਆ ਜਾਣ ਤਾਂ ਇਸ ਯੋਗ ਨੂੰ ਅਸ਼ਟ ਗ੍ਰਹਿ ਕਿਹਾ ਜਾਂਦਾ ਹੈ। ਇਹ ਯੋਗ ਬੜਾ ਅਸ਼ੁਭ ਮੰਨਿਆ ਗਿਆ ਹੈ। ਇਸ ਯੋਗ ਸਦਕਾ ਸੰਸਾਰ ਵਿਚ ਦੁਖ-ਦਲਿਦਰ ਫੈਲਦਾ, ਸੰਕਟ ਅਤੇ ਘੋਰ ਯੁਧ ਹੁੰਦੇ ਹਨ। ਸਨਾਤਨੀ ਹਿੰਦੂ ਅਸ਼ਟ ਗ੍ਰਹਿ ਦੇ ਬੁਰੇ ਪ੍ਰਭਾਵ ਨੂੰ ਖੰਡਿਤ ਕਰਨ ਲਈ ਮਹਾਂਯਗ ਕਰਵਾਉਂਦੇ ਹਨ।

(ਅ-11) **ਅਸ਼ਟਪਦੀ :**

ਇਕ ਕਾਵਿ-ਪ੍ਰਬੰਧ ਜਿਸ ਵਿਚ ਅੱਠ ਪਦੇ ਹੁੰਦੇ ਹਨ। ਇਹ ਅੱਠੋ ਪਦੇ ਇਕੋ ਛੰਦ-ਰੂਪ ਵਿਚ ਰਚੇ ਜਾਂਦੇ ਹਨ। ਅਸ਼ਟਪਦੀ ਲਈ ਕੋਈ ਨਵੇਕਲਾ ਤੋਲ-ਤੁਕਾਂਤ ਨਿਸਚਤ ਨਹੀਂ, ਕੇਵਲ ਅੱਠ ਪਦਾਂ ਦਾ ਇਕ ਪ੍ਰਬੰਧ ਵਿਚ ਹੋਣਾ ਹੀ ਲਾਜ਼ਮੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਪ੍ਰਕਾਰ ਦੇ ਛੰਦਾਂ ਵਿਚ ਅਸ਼ਟਪਦੀਆਂ ਮਿਲਦੀਆਂ ਹਨ, ਜਿਵੇਂ ਗੁਰੂ ਨਾਨਕ ਦੇਵ ਦੀ ਗਉੜੀ ਰਾਗ ਦੀ ਅਸ਼ਟਪਦੀ ਚੌਪਈ ਛੰਦ ਵਿਚ ਹੈ, ਪਰ ਮਾਰੂ ਰਾਗ ਦੀ ਅਸ਼ਟਪਦੀ ਨਿਸ਼ਾਨੀ ਛੰਦ ਵਿਚ। ਸੋ, ਅਸ਼ਟਪਦੀ ਕਿਸੇ ਛੰਦ ਦਾ ਨਾਉਂ ਨਹੀਂ, ਇਕ ਕਾਵਿ ਪ੍ਰਬੰਧ ਦਾ ਨਾਉਂ ਹੈ। (ਵੇਖੋ : ਪਦੇ)

(ਅ-12) **ਅਸ਼ਟ ਪ੍ਰਵਾਹ :**

ਪੁਰਾਣਾਂ ਤੇ ਸਿਮ੍ਰਤੀਆਂ ਅਨੁਸਾਰ ਅੱਠ ਵਿਸ਼ੇਸ਼ ਨਦੀਆਂ ਜੋ ਬੜੀਆਂ ਪਵਿਤ੍ਰ ਮੰਨੀਆਂ ਗਈਆਂ ਹਨ। ਇਨ੍ਹਾਂ ਦੇ ਇਸ਼ਨਾਨ ਨਾਲ ਪ੍ਰਾਣੀ ਦੇ ਸਭ ਪਾਪ ਧੁਲ ਜਾਂਦੇ ਹਨ। ਇਨ੍ਹਾਂ ਵਿਚੋਂ ਛੇ ਨਦੀਆਂ ਤਾਂ ਪੰਜਾਬ ਦੀਆਂ ਹਨ :— ਸਰਸ੍ਵਤੀ, ਸ਼ਤਦ੍ਰਵ (ਸਤਲੁਜ), ਵਿਪਾਸ਼ਾ (ਬਿਆਸ), ਏਰਾਵਤੀ (ਰਾਵੀ), ਚੰਦ੍ਰਭਾਗਾ (ਝਨਾਂ), ਵਿਤਸਤਾ (ਜਿਹਲਮ); ਬਾਕੀ ਦੋ ਨਦੀਆਂ ਗੰਗਾ ਤੇ ਜਮਨਾ ਹਨ।

ਆਰੀਆ ਲੋਕ ਪਹਿਲਾਂ ਪਹਿਲ ਪੰਜਾਬ ਵਿਚ ਹੀ ਵਸਦੇ ਸਨ। ਸਰਸਵਤੀ ਤੋਂ ਲੈ ਕੇ ਅਟਕ ਦਰਿਆ ਤਕ ਦਾ ਸਾਰਾ ਇਲਾਕਾ ਜਿਸ ਵਿਚ ਸੱਤ ਦਰਿਆ ਵਗਦੇ ਸਨ, ਸਪਤ-ਸਿੰਧੂ ਅਖਵਾਉਂਦਾ ਸੀ। ਇਨ੍ਹਾਂ ਦਰਿਆਵਾਂ ਦੇ ਕੰਢਿਆਂ ਉਤੇ ਹੀ ਵੇਦਾਂ ਦਾ ਵਡੇਰਾ ਭਾਗ ਰਚਿਆ ਗਿਆ, ਜਿਸ ਕਰ ਕੇ ਆਰੀਆ ਜਾਤੀ ਇਨ੍ਹਾਂ ਦਰਿਆਵਾ ਨੂੰ ਪਵਿਤ੍ਰ ਮੰਨਣ ਲੱਗੀ।

ਆਰੀਆ ਜਾਤੀ ਦੇ ਮੁਢਲੇ ਸਾਰੇ ਤੀਰਥ ਇਨ੍ਹਾਂ ਅੱਠਾਂ ਦਰਿਆਵਾਂ ਦੇ ਕੰਢੇ ਉਤੇ ਹੀ ਸਨ। ਕਈ ਪ੍ਰਸਿਧ ਹਿੰਦੂ ਤੀਰਥ ਅੱਜ ਵੀ ਇਨ੍ਹਾਂ ਦਰਿਆਵਾਂ ਦੇ ਕੰਢਿਆਂ ਉਤੇ ਹਨ, ਜਿਵੇਂ ਪ੍ਰਯਾਗ (ਅਲਾਹਬਾਦ), ਹਰਦੁਆਰ, ਬਨਾਰਸ ਆਦਿ।

(ਅ-13) **ਅਸ਼ਟ ਭੁਜੀ :**

ਅੱਠਾਂ ਬਾਹਵਾਂ ਵਾਲੀ ਦੇਵੀ; ਅੱਠਾਂ ਬਾਹਵਾਂ ਕਰ ਕੇ ਦੁਰਗਾ ਦੀ ਇਹ ਉਪਾਧੀ ਪ੍ਰਚਲਤ ਹੋ ਗਈ। ਦੁਰਗਾ ਨੇ ਅੱਠਾਂ ਹੱਥਾਂ ਵਿਚ ਅੱਠ ਵੱਖੋ ਵੱਖਰੇ ਸ਼ਸਤ੍ਰ ਧਾਰਨ ਕੀਤੇ ਹੋਏ ਹਨ। (ਵੇਖੋ : ਦੁਰਗਾ)

(ਅ-14) **ਅਸ਼ਟਮੀ :**

ਚੰਦ੍ਰਮੇ ਦੇ ਚਾਨਣੇ ਅਤੇ ਹਨੇਰੇ ਪੱਖ ਦੀ ਅਠਵੀਂ ਤਿਥ; ਕ੍ਰਿਸ਼ਨ ਦਾ ਜਨਮ ਭਾਦਰੋਂ ਦੇ ਕ੍ਰਿਸ਼ਨਾ ਪਖ ਦੀ ਅਸ਼ਟਮੀ ਨੂੰ ਹੋਇਆ ਸੀ ਜਿਸ ਲਈ ਵੈਸ਼ਨੋ ਇਸ ਤਿਥ ਨੂੰ ਪਵਿਤ੍ਰ ਤੇ ਕਲਿਆਨੀ ਮੰਨ ਕੇ ਵਰਤ ਰਖਦੇ ਹਨ। ਜਨਮ ਅਸ਼ਟਮੀ ਨੂੰ ਮੰਦਰਾਂ ਵਿਚ ਕ੍ਰਿਸ਼ਨ ਦੀ ਜਨਮ ਕਥਾ ਸੁਣਾਈ ਜਾਂਦੀ ਹੈ। ਪੰਜਾਬ ਦੇ ਪਿੰਡਾਂ ਵਿਚ ਇਹਨੀਂ ਦਿਨੀਂ ਰਾਸ ਲੀਲਾ ਖੇਡੀ ਜਾਂਦੀ ਹੈ। (ਵੇਖੋ : ਜਨਮ ਅਸ਼ਟਮੀ)

(ਅ-15) **ਅਸ਼ਟ ਮੂਰਤਿ :**

ਸ਼ਿਵਜੀ ਦਾ ਇਕ ਉਪਨਾਮ; ਭਵਿਸ਼ ਪੁਰਾਣ ਵਿਚ ਸ਼ਿਵ ਦੀਆਂ ਅੱਠ ਮੂਰਤੀਆਂ ਦਸੀਆਂ ਗਈਆਂ ਹਨ : ਪ੍ਰਿਥਵੀ, ਜਲ, ਤੇਜ, ਵਾਯੂ, ਆਕਾਸ਼, ਯਜਮਾਨ, ਸੋਮ ਤੇ ਸੂਰਯ। ਸ਼ੈਵ ਸਿਧਾਂਤ ਵਿਚ ਪੰਜ ਮਹਾਂ ਤਤਵਾਂ ਤੋਂ ਬਣੇ ਮਹਾਂਸਾਕਾਰ ਪਿੰਡ ਤੋਂ, ਸ਼ਿਵ ਦੀਆਂ ਹੇਠ ਲਿਖੀਆਂ ਅੱਠ ਮੂਰਤੀਆਂ ਦੀ ਉਤਪੱਤੀ ਮੰਨੀ ਗਈ ਹੈ :— ਸ਼ਿਵ, ਭੈਰਵ, ਸ੍ਰੀਕੰਠ, ਸਦਾਸ਼ਿਵ, ਈਸ਼ਵਰ, ਰੁਦ੍ਰ, ਵਿਸ਼ਣੂ, ਬ੍ਰਹਮਾ। (ਵੇਖੋ : ਸ਼ਿਵ)

(ਅ-16) **ਅਸ਼ਟ ਲੋਕ :**

ਸ਼ਾਸਤ੍ਰਾਂ ਅਨੁਸਾਰ ਆਕਾਸ਼ ਅਤੇ ਪਾਤਾਲ ਮੰਡਲ ਵਿਚ ਅੱਠ ਭਿੰਨ ਭਿੰਨ ਲੋਕ ਹਨ, ਜਿਨ੍ਹਾਂ ਵਿਚ ਦੇਵਤੇ, ਗੰਧਰਵ ਤੇ ਅਸੁਰ ਆਦਿ ਰਹਿੰਦੇ ਹਨ। ਇਨ੍ਹਾਂ ਲੋਕਾਂ ਦੇ ਨਾਂ ਇਹ ਹਨ :— ਬ੍ਰਹਮ ਲੋਕ, ਪਿਤਰ ਲੋਕ, ਚੰਦਰ ਲੋਕ, ਇੰਦਰ ਲੋਕ, ਗੰਧਰਵ ਲੋਕ, ਰਾਖਸ਼ ਲੋਕ, ਯੱਖ ਲੋਕ ਤੇ ਪਿਸਾਚ ਲੋਕ। ਇਨ੍ਹਾਂ ਲੋਕਾਂ ਦਾ ਸਮੁੱਚਾ ਨਾਂ ਅਸ਼ਟ ਲੋਕ ਹੈ। (ਵੇਖੋ : ਲੋਕ)

(ਅ-17) **ਅਸ਼ਟਾਂਗ ਪ੍ਰਣਾਮ** :

ਸਰੀਰ ਦੇ ਅੰਗਾਂ — ਪੈਰ, ਗੋਡੇ, ਹੱਥ, ਛਾਤੀ, ਸਿਰ, ਬਾਣੀ, ਦ੍ਰਿਸ਼ਟੀ ਅਤੇ ਅੰਤਹਕਰਣ ਦੁਆਰਾ ਇਕ ਰਸ ਕੀਤਾ ਪ੍ਰਣਾਮ। ਗੁਰਮਤ ਸੁਧਾਕਰ (ਪੰਨਾ 52) ਅਨੁਸਾਰ ਉਹ ਪ੍ਰਣਾਮ ਜਿਸ ਵਿਚ ਦੋ ਪੈਰ, ਦੋ ਗੋਡੇ, ਦੋ ਹੱਥ, ਛਾਤੀ ਅਤੇ ਮਸਤਕ ਪ੍ਰਿਥਵੀ ਨੂੰ ਛੁਹਣ। ਮੱਧਕਾਲ ਵਿਚ ਇਸ ਪ੍ਰਣਾਮ ਨੂੰ ਖ਼ਾਸ ਮਹਾਨਤਾ ਪ੍ਰਾਪਤ ਸੀ। ਅਨੇਕਾਂ ਸ਼ਰਧਾਲੂ ਆਪਣੇ ਇਸ਼ਟ ਦੇ ਮੰਦਰ ਵਿਚ ਅਸ਼ਟਾਂਗ ਪ੍ਰਣਾਮ ਕਰਦੇ ਹੋਏ ਜਾਂਦੇ ਸਨ। ਪਹਿਲਾਂ ਉਹ ਲੇਟ ਕੇ ਦੇਵਤੇ ਨੂੰ ਪ੍ਰਣਾਮ ਕਰਦੇ ਤੇ ਫਿਰ ਬਾਹਵਾਂ ਫੈਲਾ ਕੇ ਆਪਣੇ ਇਸ਼ਟ ਦੇਵ ਦੀ ਜੈਕਾਰ ਬੁਲਾਂਦੇ ਹੋਏ ਜਿਥੋਂ ਤਕ ਹੱਥ ਪਹੁੰਚਦਾ ਨਿਸ਼ਾਨ ਲਗਾਉਂਦੇ। ਫਿਰ ਉਹ ਆਪਣੇ ਪੈਰਾਂ ਉਤੇ ਖੜੇ ਹੋ ਕੇ ਉਸ ਨਿਸ਼ਾਨ ਤਕ ਤੁਰਦੇ ਹੋਏ ਪਹੁੰਚਦੇ। ਉਸ ਨਿਸ਼ਾਨ ਉਤੇ ਖਲੋ ਕੇ ਫਿਰ ਅਸ਼ਟਾਂਗ ਪ੍ਰਣਾਮ ਕਰਦੇ ਹੋਏ ਲੇਟ ਜਾਂਦੇ। ਇਸੇ ਵਿਧੀ ਨਾਲ ਸਾਰੀ ਯਾਤ੍ਰਾ ਤੈਅ ਕੀਤੀ ਜਾਂਦੀ ਸੀ। ਹੁਣ ਵੀ ਮੰਦਰਾਂ ਵਿਚ ਅਸ਼ਟਾਂਗ ਪ੍ਰਣਾਮ ਦਾ ਰਵਾਜ ਹੈ। ਅੱਜ ਵੀ ਹਨੂੰਮਾਨ ਦੇ ਕਈ ਸ਼ਰਧਾਲੂ ਮੰਗਲਵਾਰ ਨੂੰ ਅਸ਼ਟਾਂਗ ਪ੍ਰਣਾਮ ਕਰਦੇ ਹੋਏ ਆਪਣੇ ਘਰ ਤੋਂ ਹਨੂੰਮਾਨ ਦੇ ਮੰਦਰ ਤਕ ਜਾਂਦੇ ਵੇਖੇ ਗਏ ਹਨ। ਨੈਨਾਂ ਦੇਵੀ ਦੀ ਯਾਤ੍ਰਾ ਵੇਲੇ ਦੇਵੀ ਦੇ ਕਈ ਉਪਾਸ਼ਕ ਅਸ਼ਟਾਂਗ ਪ੍ਰਣਾਮ ਕਰਦੇ ਹੋਏ ਦੇਵੀ ਦੇ ਦੁਆਰੇ ਪਹੁੰਚਦੇ ਹਨ।

(ਅ-18) **ਅਸ਼ਟਾਂਗ ਯੋਗ** :

ਅੱਠਾਂ ਅੰਗਾਂ ਵਾਲਾ ਯੋਗ; ਪਤੰਜਲੀ ਰਿਸ਼ੀ ਅਨੁਸਾਰ ਚਿੱਤ ਤੇ ਬਿਰਤੀ ਦੇ ਨਿਰੋਧ ਦੇ ਅੱਠ ਅੰਗ ਹਨ। ਇਨ੍ਹਾਂ ਦਾ ਸਾਮੂਹਿਕ ਨਾਂ ਅਸ਼ਟਾਂਗ ਯੋਗ ਹੈ। ਅਸ਼ਟਾਂਗ ਯੋਗ ਦੇ ਅੰਤਰਗਤ ਪਹਿਲੇ ਪੰਜ ਅੰਗਾਂ (ਯਮ, ਨਿਯਮ, ਆਸਨ, ਪ੍ਰਾਣਾਯਾਮ ਤੇ ਪ੍ਰਤਯਾਹਾਰ) ਨੂੰ 'ਬਹਿਰੰਗ' ਕਹਿੰਦੇ ਹਨ ਅਤੇ ਬਾਕੀ ਤਿੰਨਾਂ ਅੰਗਾਂ (ਧਾਰਣਾ, ਧਿਆਨ ਅਤੇ ਸਮਾਧੀ) ਨੂੰ 'ਅੰਤਰੰਗ' ਕਿਹਾ ਜਾਂਦਾ ਹੈ।

(1) ਯਮ : ਇਸ ਦਾ ਅਰਥ ਸੰਜਮ ਹੈ ਜੋ ਪੰਜ ਪ੍ਰਕਾਰ ਦਾ ਮੰਨਿਆ ਗਿਆ ਹੈ — ਅਹਿੰਸਾ, ਸੱਚ, ਸੁੱਚਾ-ਵਿਹਾਰ, ਬ੍ਰਹਮਚਰਜ ਤੇ ਅਪਰਗ੍ਰਹ। ਇਨ੍ਹਾਂ ਦੀ ਪਾਲਣਾ ਆਚਾਰ ਦੀ ਸ਼ੁੱਧੀ ਲਈ ਜ਼ਰੂਰੀ ਹੈ।

(2) ਨਿਯਮ : ਇਹ ਵੀ ਪੰਜ ਪ੍ਰਕਾਰ ਦਾ ਹੈ। ਇਸ ਦੇ ਅੰਤਰਗਤ ਪਵਿਤ੍ਰਤਾ, ਸੰਤੋਖ, ਤਪ, ਜਪ (ਸ੍ਵਾਧਿਆਇ) ਅਤੇ ਈਸ਼ਵਰ ਪ੍ਰਾਣੀਧਾਨ ਆਉਂਦੇ ਹਨ।

(3) ਆਸਨ : ਸਰੀਰ ਨੂੰ ਸਾਧਨਾ ਦੁਆਰਾ ਸਥਿਰ ਰਖਣ ਲਈ ਬੈਠਣ ਦੀ ਵਿਧੀ। ਆਸਨਾਂ ਦੀ ਗਿਣਤੀ ਚੌਰਾਸੀ ਮੰਨੀ ਗਈ ਹੈ। (ਵੇਖੋ : ਆਸਨ)

(4) ਪ੍ਰਾਣਾਯਾਮ : ਪ੍ਰਾਣਾਂ ਦੀ ਸਾਧਨਾ ਜਿਸ ਦੁਆਰਾ ਸਾਹ ਦੀ ਗਤੀ ਉਤੇ ਕਾਬੂ ਹੋ ਜਾਂਦਾ ਹੈ। ਸਾਹ ਨੂੰ ਖ਼ਾਸ ਵਿਧੀ ਨਾਲ ਅੰਦਰ ਖਿਚਣਾ, ਰੋਕਣਾ ਅਤੇ ਫਿਰ ਬਾਹਰ ਕਢਣ ਦੀ ਪ੍ਰਕ੍ਰਿਆ ਜਿਸ ਦੇ ਅਭਿਆਸ ਨਾਲ ਪ੍ਰਾਣਾਂ ਵਿਚ ਸਥਿਰਤਾ ਆਉਂਦੀ ਹੈ।

(5) ਪ੍ਰਤਯਾਹਾਰ : ਇੰਦਰਿਆਂ ਨੂੰ ਬਾਹਰ-ਮੁਖੀ ਵਿਸ਼ਿਆਂ ਤੋਂ ਵਰਜ ਕੇ ਅੰਤਰਮੁਖੀ ਕਰਨਾ ਅਤੇ ਮਨ ਨੂੰ ਸਥਿਰ ਰਖਣਾ ਪ੍ਰਤਯਾਹਾਰ ਹੈ। ਇਸ ਕਿਰਿਆ ਦੁਆਰਾ ਬਿਰਤੀ ਕਾਬੂ ਵਿਚ ਰਹਿੰਦੀ ਹੈ। ਗੁਰਬਾਣੀ ਵਿਚ ਇਸ ਨੂੰ ਆਤਮ-ਚੀਨਣ ਕਹਿੰਦੇ ਹਨ।

(6) ਧਾਰਣਾ : ਮਨ ਤੇ ਬਿਰਤੀ ਨੂੰ ਇਕਾਗਰ ਕਰ ਕੇ ਕਿਸੇ ਦ੍ਰਿਸ਼ਟਮਾਨ ਵਸਤੂ ਵਿਚ ਲੀਨ ਕਰਨ ਨੂੰ ਧਾਰਣਾ ਆਖਦੇ ਹਨ, ਜਿਵੇਂ ਨੱਕ ਦੀ ਤੁਰੀ ਜਾਂ ਇਸ਼ਟ ਦੇਵ ਦੀ ਮੂਰਤੀ ਉਤੇ ਚਿੱਤ ਇਕਾਗਰ ਕਰਨਾ।

(7) ਧਿਆਨ : ਜਦੋਂ ਬਿਰਤੀ ਕਿਸੇ ਵਸਤੂ ਵਿਚ ਇਕਾਗਰ ਹੋ ਜਾਵੇ ਅਤੇ ਧਿਆਨ ਕਿਸੇ ਹੋਰ ਪਾਸੇ ਵਲ ਨਾ ਖਿੰਡੇ। ਇਸ ਇਕਾਗਰ ਅਵਸਥਾ ਨੂੰ ਧਿਆਨ ਕਹਿੰਦੇ ਹਨ। ਧਾਰਣਾ ਤੇ ਧਿਆਨ ਵਿਚ ਅੰਤਰ ਇਸ ਗੱਲ ਦਾ ਹੈ ਕਿ ਧਾਰਣਾ ਸਮੇਂ ਬਿਰਤੀ ਵਿਚ ਕੋਈ ਹੋਰ ਸੰਕਲਪ ਵੀ ਉਦੈ ਹੋ ਸਕਦਾ ਹੈ, ਪਰ ਧਿਆਨ ਵਿਚ ਇਕਾਗਰਤਾ ਚਰਮ ਸੀਮਾਂ ਉਤੇ ਹੁੰਦੀ ਹੈ।

(8) ਸਮਾਧੀ : ਧਿਆਨ ਦੀ ਸਹਿਜ ਅਵਸਥਾ ਨੂੰ ਸਮਾਧੀ ਕਹਿੰਦੇ ਹਨ। ਇਸ ਵਿਚ ਬਿਰਤੀ ਧੇਯ ਵਿਚ ਲੀਨ ਹੋ ਜਾਂਦੀ ਹੈ।

ਬੁਧ ਧਰਮ ਵਿਚ ਅਸ਼ਟਾਂਗ ਯੋਗ ਦੇ ਸਮਾਨ ਹੀ ਅੱਠਾਂ ਅੰਗਾਂ ਵਾਲਾ ਅਸ਼ਟ ਮਾਰਗ ਪ੍ਰਚਲਤ ਹੈ ।

(ਅ-19) **ਅਸ਼ਟਾਵਕ੍ਰ** :

ਕਹੋਡ ਬ੍ਰਾਹਮਣ ਦਾ ਪੁਤ੍ਰ ਜੋ ਉਦੱਾਲਕ ਦੀ ਕੰਨਿਆਂ ਸੁਜਾਤਾ ਦੇ ਉਦਰ ਤੋਂ ਜੰਮਿਆ । ਇਸ ਦਾ ਸਰੀਰ ਅੱਠਾਂ ਥਾਵਾਂ ਤੋਂ ਵਿੰਗਾ ਟੇਢਾ ਸੀ । ਮਹਾਂਭਾਰਤ ਅਨੁਸਾਰ ਜਦੋਂ ਅਸ਼ਟਾਵਕ੍ਰ ਗਰਭ ਵਿਚ ਸਥਿਤ ਸੀ ਤਾਂ ਇਸ ਨੇ ਆਪਣੇ ਪਿਤਾ ਕਹੋਡ ਨੂੰ ਅਸ਼ੁਧ ਵੇਦ ਪਾਠ ਪੜ੍ਹਨ ਕਰ ਕੇ ਟੋਕ ਦਿਤਾ । ਪਿਤਾ ਨੇ ਕਰੋਧ ਵਿਚ ਆ ਕੇ ਇਸ ਨੂੰ ਵਿੰਗੇ ਟੇਢੇ ਅੰਗ ਗ੍ਰਹਿਣ ਕਰਨ ਦਾ ਸਰਾਪ ਦਿਤਾ । ਫਲਸਰੂਪ ਜਦੋਂ ਇਹ ਜੰਮਿਆ ਤਾਂ ਇਹਦੇ ਸਰੀਰ ਦੇ ਅੱਠ ਅੰਗ ਵਿੰਗੇ ਸਨ ਜਿਸ ਤੋਂ ਇਸ ਦਾ ਨਾਂ ਅਸ਼ਟਾਵਕ੍ਰ ਪੈ ਗਿਆ। ਇਕ ਹੋਰ ਕਥਾ ਅਨੁਸਾਰ ਗਰਭ ਵਿਚੋਂ ਹੀ ਇਸ ਨੇ ਆਪਣੇ ਪਿਉ ਨੂੰ, ਮਾਂ ਵਲੋਂ ਅਣਗਹਿਲੀ ਵਿਖਾਣ ਕਰ ਕੇ ਲਾਅਨਤਾਂ ਪਾਈਆਂ। ਪਿਉ ਨੇ ਨਰਾਜ਼ ਹੋ ਕੇ ਇਸ ਨੂੰ ਵਿੰਗਾ ਟੇਢਾ ਸਰੀਰ ਗ੍ਰਹਿਣ ਕਰਨ ਦਾ ਸਰਾਪ ਦੇ ਦਿਤਾ ।

ਬ੍ਰਹਮ ਵੈਵਰਤ ਪੁਰਾਣ ਅਨੁਸਾਰ ਅਸ਼ਟਾਵਕ੍ਰ ਮੂਲ ਵਿਚ ਅਸਿਤ ਰਿਸ਼ੀ ਦੇ ਪੁੱਤਰ ਦੇਵਲ ਦਾ ਹੀ ਇਕ ਵਿਸ਼ੇਸ਼ਣ ਸੀ। ਇਕ ਵਾਰ ਦੇਵਲ ਗੰਧਮਾਦਨ ਪਰਬਤ ਉਤੇ ਤਪ ਕਰ ਰਿਹਾ ਸੀ ਕਿ ਰੰਭਾ ਅਪੱਛਰਾ ਉਧਰੋਂ ਦੀ ਲੰਘਦੀ ਰਿਸ਼ੀ ਦਾ ਰੂਪ ਵੇਖ ਕੇ ਕਾਮਾਤੁਰ ਹੋ ਗਈ। ਰਿਸ਼ੀ ਨੇ ਰੰਭਾ ਦੀ ਕਾਮ ਲੋਚਾ ਪੂਰੀ ਨਾ ਕੀਤੀ। ਅਪਮਾਨਤ ਰੰਭਾ ਨੇ ਰਿਸ਼ੀ ਨੂੰ ਸਰਾਪ ਦਿਤਾ ਕਿ ਉਸ ਦਾ ਸੁੰਦਰ ਸਰੀਰ ਅੱਠਾਂ ਥਾਵਾਂ ਤੋਂ ਵਿੰਗਾ ਟੇਢਾ ਤੇ ਕਰੂਪ ਹੋ ਜਾਏ। ਵਿੰਗੇ ਟੇਢੇ ਸਰੀਰ ਸਦਕਾ ਦੇਵਲ ਦਾ ਨਾਂ ਅਸ਼ਟਾਵਕ੍ਰ ਪੈ ਗਿਆ । (ਵੇਖੋ : ਦੇਵਲ)

ਅਸ਼ਟਾਵਕ੍ਰ ਬੜਾ ਹੀ ਸੂਝਵਾਨ ਅਤੇ ਸ਼ਾਸਤ੍ਰਾਂ ਦਾ ਗਿਆਤਾ ਸੀ। ਇਕ ਵਾਰ ਰਾਜਾ ਜਨਕ ਦੇ ਦਰਬਾਰ ਵਿਚ ਇਕ ਰਿਸ਼ੀ ਆਇਆ ਜਿਹੜਾ ਇਸ ਸ਼ਰਤ ਉਤੇ ਸ਼ਾਸਤ੍ਰਾਂ ਬਾਰੇ ਚਰਚਾ ਕਰਦਾ ਸੀ ਕਿ ਜੋ ਸ਼ਖ਼ਸ ਹਾਰ ਜਾਵੇ ਉਸ ਨੂੰ ਨਦੀ ਵਿਚ ਰੋਹੜ ਦਿਤਾ ਜਾਵੇ । ਅਸ਼ਟਾਵਕ੍ਰ ਦੇ ਪਿਤਾ ਕਹੋਡ ਨੂੰ ਚਰਚਾ ਵਿਚ ਹਾਰ ਜਾਣ ਕਰ ਕੇ ਨਦੀ ਵਿਚ ਡੁਬੋ ਦਿਤਾ ਗਿਆ । ਅਸ਼ਟਾਵਕ੍ਰ ਨੇ ਬਾਰਾਂ ਸਾਲਾਂ ਦੀ ਛੋਟੀ ਜਿਹੀ ਉਮਰ ਵਿਚ ਉਸੇ ਰਿਸ਼ੀ ਨਾਲ ਸ਼ਾਸਤ੍ਰਾਂ ਬਾਰੇ ਚਰਚਾ ਕਰ ਕੇ ਉਸ ਨੂੰ ਪ੍ਰਾਜਿਤ ਕੀਤਾ । ਅਸ਼ਟਾਵਕ੍ਰ ਨੇ ਜਦੋਂ ਰਿਸ਼ੀ ਨੂੰ ਨਦੀ ਵਿਚ ਡੁਬੋਣਾ ਚਾਹਿਆ, ਤਾਂ ਉਸ ਨੇ ਇਹ ਕਹਿ ਕੇ ਛੁਟਕਾਰਾ ਪਾਇਆ ਕਿ ਉਹ ਵਰੁਣ ਦੇਵਤੇ ਦਾ ਪੁੱਤਰ ਹੈ ਅਤੇ ਉਸੇ ਦੇਵਤੇ ਦੇ ਆਦੇਸ਼ ਉਤੇ ਹੀ ਬ੍ਰਾਹਮਣਾਂ ਨਾਲ ਸੰਬਾਦ ਕਰ ਕੇ ਹਾਰ ਜਾਣ ਤੇ ਉਨ੍ਹਾਂ ਨੂੰ ਪਾਣੀ ਵਿਚ ਡੁਬਵਾ ਰਿਹਾ ਹੈ। ਅਸ਼ਟਾਵਕ੍ਰ ਨੇ ਮਗਰੋਂ ਆਪਣੀ ਦੈਵੀ ਸ਼ਕਤੀ ਨਾਲ ਕਹੋਡ ਨੂੰ ਦਰਿਆ ਵਿਚੋਂ ਜਿਊਂਦਾ ਬਾਹਰ ਕਢ ਲਿਆਂਦਾ ।

ਕਹੋਡ ਦੇ ਆਦੇਸ਼ ਉਤੇ ਅਸ਼ਟਾਵਕ੍ਰ ਨੇ ਸਮੰਗਾ ਨਦੀ ਵਿਚ ਇਸ਼ਨਾਨ ਕੀਤਾ । ਸਿਟੇ ਵਜੋਂ ਉਸ ਦੇ ਸਾਰੇ ਅੰਗ ਨਵੇਂ ਨਰੋਏ ਹੋ ਗਏ ।

(ਅ-20) **ਅਸਤ੍ਰ** :

ਪੁਰਾਣਾਂ ਅਨੁਸਾਰ ਮੰਤਰਾਂ ਨਾਲ ਸਾਧੇ ਹੋਏ ਉਹ ਸ਼ਸਤਰ ਜੋ ਵਿਸ਼ੇਸ਼ ਮੰਤਰ ਪੜ੍ਹ ਕੇ ਚਲਾਏ ਜਾਣ । ਅਸਤ੍ਰ ਵੈਰੀ ਦਾ ਪਿੱਛਾ ਉਦੋਂ ਤਕ ਕਰਦਾ ਰਹਿੰਦਾ ਹੈ ਜਦੋਂ ਤਕ ਉਸ ਨੂੰ ਨਸ਼ਟ ਨਹੀਂ ਕਰ ਲੈਂਦਾ । ਅਸਤ੍ਰ ਕਈ ਰੂਪਾਂ ਤੇ ਸ਼ੈਲੀਆਂ ਦੇ ਹੁੰਦੇ ਸਨ ਤੇ ਉਨ੍ਹਾਂ ਦੀ ਸ਼ਕਤੀ ਤੇ ਸਮਰੱਥਾ ਵੀ ਭਿੰਨ ਭਿੰਨ ਸੀ । ਅਸਤ੍ਰਾਂ ਤੋਂ ਬਚਾਓ ਲਈ, ਵੈਰੀ ਵਲੋਂ ਛਡੇ ਗਏ ਅਸਤ੍ਰ ਤੋਂ ਵਧੇਰੇ ਬਲਵਾਨ ਅਸਤ੍ਰ ਚਲਾਣ ਦੀ ਲੋੜ ਹੁੰਦੀ ਸੀ। ਜੇ ਵੈਰੀ ਅਗਨ-ਅਸਤ੍ਰ ਛਡੇ ਤਾਂ ਉਸ ਦੇ ਮਾਰੂ ਅਸਰ ਤੋਂ ਬਚਣ ਵਾਸਤੇ ਅੱਗੋਂ ਯੋਧੇ ਲਈ ਮੇਘ ਜਾਂ ਵਰੁਣ ਅਸਤ੍ਰ ਛੱਡਣਾ ਲਾਜ਼ਮੀ ਹੁੰਦਾ ਸੀ। 'ਸਰਬ ਲੋਹ' ਵਿਚ ਇਨ੍ਹਾਂ ਅਸਤ੍ਰਾਂ ਦਾ ਵਿਸਥਾਰ ਪੂਰਵਕ ਵਰਨਣ ਮਿਲਦਾ ਹੈ ।

(ਅ-21) **ਅਸਤਾਚਲ** :

ਪੁਰਾਣਾਂ ਅਨੁਸਾਰ ਪੱਛਮ ਵਲ ਇਕ ਪਹਾੜ ਜਿਸ ਦੇ ਉਹਲੇ ਸੂਰਜ ਛੁਪਦਾ ਹੈ ।

(ਅ-22) **ਅਸਤੀ** :

ਜਰਾਸੰਧ ਦੀ ਵੱਡੀ ਲੜਕੀ ਜੋ ਕੰਸ ਦੀ ਪਤਨੀ ਸੀ। ਅਸਤੀ ਅਤੇ ਉਸ ਦੀ ਛੋਟੀ ਭੈਣ ਪ੍ਰਾਪਤੀ ਦੋਵੇਂ ਕੰਸ ਨਾਲ ਵਿਆਹੀਆਂ ਗਈਆਂ ਸਨ। (ਵੇਖੋ : ਕੰਸ)

(ਅ-23) **ਅਸਤੀਕ** :

ਬਾਸ਼ਕ ਨਾਗ ਦਾ ਪੋਤਰਾ ਜਿਸ ਦਾ ਜ਼ਿਕਰ ਗੁਗੇ ਦੇ ਕਥਾ-ਚਕਰ ਵਿਚ ਆਉਂਦਾ ਹੈ। ਗਰਭ ਦੇ ਦਿਨਾਂ ਵਿਚ ਗੁਗੇ ਦੀ ਮਾਂ ਬਾਚਲ, ਗੱਡੇ ਉਤੇ ਬੈਠ ਕੇ ਆਪਣੇ ਪੇਕੇ ਸਰਸਾ ਜਾ ਰਹੀ ਸੀ। ਰਾਹ ਵਿਚ ਜਦੋਂ ਗੱਡਾ ਬਾਸ਼ਕ ਨਾਗ ਦੀ ਖੁਡ ਦੇ ਕੋਲੋਂ ਦੀ ਲੰਘਿਆ ਤਾਂ ਬਾਸ਼ਕ ਨਾਗ ਨੇ ਸਿਧੀ ਦੁਆਰਾ ਜਾਣ ਲਿਆ ਕਿ ਗੁਗਾ ਵੱਡਾ ਹੋ ਕੇ ਨਾਗ ਜਾਤੀ ਦਾ ਦੁਸ਼ਮਣ ਬਣੇਗਾ ਅਤੇ ਸੱਪਾਂ ਦਾ ਬੀਜ ਨਾਸ਼ ਕਰੇਗਾ। ਸੋ ਬਾਸ਼ਕ ਨਾਗ ਨੇ ਆਪਣੀ ਪਤਨੀ ਨਾਲ ਸਲਾਹ ਕਰ ਕੇ ਬਾਚਲ ਨੂੰ ਡੰਗਣ ਲਈ ਆਪਣੇ ਪੋਤਰੇ ਅਸਤੀਕ ਨੂੰ ਭੇਜਿਆ, ਪਰ ਜਿਵੇਂ ਹੀ ਅਸਤੀਕ ਨੇ ਡੰਗ ਮਾਰਨ ਲਈ ਸਿਰ ਚੁਕਿਆ, ਬਾਚਲ ਨੇ ਮੁਕੇ ਨਾਲ ਉਸ ਨੂੰ ਹੇਠਾਂ ਵਲ ਧਕ ਦਿਤਾ। ਪਰ ਅਸਤੀਕ ਗੱਡੇ ਦੇ ਇਕ ਬਲਦ ਨੂੰ ਡੰਗਣ ਵਿਚ ਸਫਲ ਹੋ ਗਿਆ। ਫਲਸਰੂਪ ਗੱਡਾ ਉਥੇ ਹੀ ਰੁਕ ਗਿਆ। ਬਾਚਲ ਗੱਡੇ ਵਿਚ ਹੀ ਮੂਧੀ ਪੈ ਰਹੀ। ਸੁਪਨੇ ਵਿਚ ਗੁਗੇ ਨੇ ਪ੍ਰਗਟ ਹੋ ਕੇ ਬਾਚਲ ਨੂੰ ਕਿਹਾ ਕਿ ਉਹ ਮੋਏ ਹੋਏ ਬਲਦ ਦੇ ਸਿੰਙ ਨਾਲ ਧਾਗਾ ਬੰਨ੍ਹੇ। ਬਾਚਲ ਨੇ ਉਸੇ ਤਰ੍ਹਾਂ ਕੀਤਾ, ਬਲਦ ਮੁੜ ਸੁਰਜੀਤ ਹੋ ਗਿਆ।

(ਅ-24) **ਅਸਤੋਤ੍ਰ** :

ਕਾਵਿ ਦਾ ਇਕ ਵਿਸ਼ੇਸ਼ ਰੂਪ। (ਵੇਖੋ : ਸਤੋਤ੍ਰ)

(ਅ-25) **ਅਸਥਲ** :

ਕਿਸੇ ਜੋਗੀ, ਬੈਰਾਗੀ ਜਾਂ ਸਾਧ ਆਦਿ ਦਾ ਠਿਕਾਣਾ ਜਾਂ ਮੰਦਰ। ਕਰਨਾਲ ਵਿਚ ਬੈਰਾਗੀਆਂ ਦਾ ਇਕ ਮੰਦਰ 'ਅਸਥਲ ਬੈਰਾਗੀਆਂ' ਹੈ ਜਿਥੇ ਭਾਦਰੋਂ ਦੇ ਮਹੀਨੇ ਜਨਮ ਅਸ਼ਟਮੀ ਵਾਲੇ ਦਿਨ ਭਾਰੀ ਮੇਲਾ ਲਗਦਾ ਹੈ। ਇਹ ਅਸਥਲ ਪੰਜ ਸੌ ਸਾਲ ਤੋਂ ਵੀ ਵਧ ਪੁਰਾਣਾ ਹੈ। (ਗਲਾਸਰੀ. 1,285) ਇਸ ਮੰਦਰ ਵਿਚ ਕ੍ਰਿਸ਼ਨ ਤੇ ਰਾਧਾ ਦੀਆਂ ਪਿੱਤਲ ਦੀਆਂ ਮੂਰਤੀਆਂ, ਹਨੂੰਮਾਨ ਦੀ ਤਾਂਬੇ ਦੀ ਮੂਰਤੀ ਅਤੇ ਇਕ ਪੱਥਰ ਦਾ ਸਾਲਿਗਰਾਮ ਹੈ। ਇਸ ਤੋਂ ਇਲਾਵਾ ਹਨੂੰਮਾਨ ਦੀ ਇਕ ਮਿੱਟੀ ਦੀ ਮੂਰਤੀ ਕੰਧ ਨਾਲ ਲੱਗੀ ਹੋਈ ਹੈ। ਇਥੇ ਹਰ ਰੋਜ਼ ਸੰਝ ਵੇਲੇ ਨੇਮ ਨਾਲ ਪਾਵਨ ਜੋਤ ਜਗਾਈ ਜਾਂਦੀ ਹੈ।

ਬੈਰਾਗੀਆਂ ਦਾ ਇਕ ਹੋਰ 'ਅਸਥਲ' ਪਾਨੀਪਤ ਵਿਚ ਤ੍ਰਿਖੁ ਤੀਰਥ ਦੇ ਨੇੜੇ ਹੈ। ਇਸ ਅਸਥਲ ਦੀ ਨੀਂਹ ਬੈਰਾਗੀ ਸੋਹਲੂਰਾਮ ਨੇ ਰਖੀ ਅਤੇ ਇਹ ਵੀ ਪੰਜ ਸੌ ਸਾਲ ਪੁਰਾਣਾ ਹੈ। (ਗਲਾਸਰੀ. 1,288) ਇਸ ਅਸਥਲ ਵਿਚ ਕ੍ਰਿਸ਼ਨ, ਰਾਧਾ ਤੇ ਬਾਲਾ ਦਿਓ ਦੀਆਂ ਪੱਥਰ ਦੀਆਂ ਮੂਰਤੀਆਂ ਹਨ। ਇਨ੍ਹਾਂ ਮੂਰਤੀਆਂ ਦੇ ਹੇਠਾਂ, ਰਾਧਾ ਤੇ ਕ੍ਰਿਸ਼ਨ ਦੀਆਂ ਇਕ ਗਿਠ ਲੰਮੀਆਂ, ਪਿੱਤਲ ਦੀਆਂ ਮੂਰਤੀਆਂ ਹਨ। ਇਨ੍ਹਾਂ ਤੋਂ ਛੁਟ ਚਾਰ ਬਾਲਾ ਜੀ ਦੀਆਂ ਮੂਰਤੀਆਂ ਵੀ ਹਨ ਜਿਨ੍ਹਾਂ ਦੇ ਸਾਹਮਣੇ ਗੁਪਾਲ ਜੀ ਦੀਆਂ ਛੇ ਪਿੱਤਲ ਦੀਆਂ ਮੂਰਤੀਆਂ ਆਸਨ ਦੀ ਮੁਦਰਾ ਵਿਚ ਹਨ। ਇਨ੍ਹਾਂ ਮੂਰਤੀਆਂ ਦੇ ਸਾਹਮਣੇ ਸਾਲਿਗਰਾਮ ਦੀਆਂ ਪੱਥਰ-ਮੂਰਤੀਆਂ ਹਨ। ਹਰ ਰੋਜ਼ ਸਵੇਰੇ ਅਤੇ ਸ਼ਾਮ ਸ਼ਰਧਾਲੂ ਦੁਧ ਜਾਂ ਮਠਿਆਈ ਦਾ ਚੜ੍ਹਾਵਾ ਚਾੜ੍ਹਦੇ ਹਨ ਅਤੇ ਸੰਧਿਆ ਨੂੰ ਜੋਤ ਜਗਾਈ ਜਾਂਦੀ ਹੈ। ਸਵੇਰੇ ਸ਼ਾਮ ਮੂਰਤੀਆਂ ਨੂੰ ਨਿਤ ਇਸ਼ਨਾਨ ਕਰਵਾਇਆ ਜਾਂਦਾ ਹੈ।

(ਅ-26) **ਅਸਥਾਈ** :

ਲੋਕ ਗੀਤਾਂ ਦੀ ਬਣਤਰ ਵਿਚ ਅਸਥਾਈ ਤੇ ਅੰਤਰੇ ਦਾ ਬੜਾ ਮਹੱਤਵ ਹੈ। ਅਸਥਾਈ ਉਹ ਪੰਗਤੀ ਜਾਂ ਤੁਕ ਹੈ ਜੋ ਕਿਸੇ ਗੀਤ ਵਿਚ ਬਾਰ ਬਾਰ ਦੁਹਰਾਈ ਜਾਂਦੀ ਹੈ। ਗੀਤ ਦਾ ਮੂਲ ਭਾਵ ਇਸੇ ਤੁਕ ਵਿਚ ਸਥਿਤ ਹੁੰਦਾ ਹੈ। ਕਈ ਪੰਜਾਬੀ ਲੋਕ ਗੀਤਾਂ ਦੀਆਂ ਅਸਥਾਈਆਂ ਬੜੀਆਂ ਹੀ ਪੁਰਾਣੀਆਂ ਹਨ ਅਤੇ ਮੱਧਕਾਲ ਤੋਂ ਚਲੀਆਂ ਆ ਰਹੀਆਂ ਹਨ। ਅਸਲ ਵਿਚ ਪ੍ਰਸਿਧ ਗੀਤਾਂ

ਦੀਆਂ ਅਸਥਾਈਆਂ ਦੀਰਘ ਕਾਲ ਤਕ ਲੋਕਾਂ ਦੇ ਮੂੰਹ ਚੜ੍ਹੀਆਂ ਰਹਿੰਦੀਆਂ ਹਨ, ਪਰ ਅੰਤਰਿਆਂ ਵਿਚ ਪਰਿਵਰਤਨ ਹੁੰਦੇ ਰਹਿੰਦੇ ਹਨ। ਹਰ ਯੁਗ ਦੀ ਲੋੜ ਅਨੁਸਾਰ ਅੰਤਰੇ ਵਧਾ ਘਟਾ ਲਏ ਜਾਂਦੇ ਹਨ। ਪੰਜਾਬੀ ਵਿਚ ਪ੍ਰਚਲਤ ਅਨੇਕਾਂ ਲੋਕ-ਗੀਤਾਂ ਦੀਆਂ ਅਸਥਾਈਆਂ ਤਾਂ ਪੁਰਾਣੀਆਂ ਹਨ, ਪਰ ਅੰਤਰੇ ਨਹੀਂ। ਅੰਤਰੇ ਨਵੇਂ ਰਚੇ ਜਾਂਦੇ ਰਹੇ। ਹੇਠਾਂ ਲੋਕ-ਗੀਤ ਦਾ ਇਕ ਬੰਦ ਦਿਤਾ ਜਾਂਦਾ ਹੈ :—

ਰਸੀਆ ਨਿੰਬੂ ਲਿਆ ਦੇ ਵੇ,
ਮੇਰੀ ਉਠੀ ਕਲੇਜੇ ਪੀੜ।
ਨਾ ਇਹ ਨਿੰਬੂਆ ਨੇੜੇ ਤੇੜੇ,
ਨਾ ਨਿੰਬੂਆ ਕਸ਼ਮੀਰ।
ਸ਼ਾਵਾਸ਼ੇ ਮੇਰੇ ਮਾਹੀ ਦੇ,
ਜਿਸ ਨਿੰਬੂ ਲਿਆਂਦਾ ਚੀਰ।

ਪਹਿਲੀਆਂ ਦੋ ਸਤਰਾਂ ਅਸਥਾਈ ਦੀਆਂ ਹਨ ਅਤੇ ਅਗਲੀਆਂ ਚਾਰ ਅੰਤਰੇ ਦੀਆਂ। ਇਸ ਗੀਤ ਵਿਚ ਸੰਭਾਵਨਾ ਅਨੁਸਾਰ ਹੋਰ ਨਵੇਂ ਅੰਤਰੇ ਰਲਾਏ ਜਾ ਸਕਦੇ ਹਨ ਤੇ ਕਈ ਹੋਰ ਸ਼ਹਿਰਾਂ ਦੇ ਨਾਂ ਲੈ ਕੇ ਉਨ੍ਹਾਂ ਦੇ ਚਰਿਤ੍ਰ ਦੇ ਅਨੁਕੂਲ ਹੋਰ ਗੱਲਾਂ ਕਹੀਆਂ ਜਾ ਸਕਦੀਆਂ ਹਨ। ਅੰਤਰੇ ਲੱਸੀ ਦੇ ਵਧਾਣ ਵਾਂਗ ਇੱਛਾ ਅਨੁਸਾਰ ਵਧਾਏ ਜਾ ਸਕਦੇ ਹਨ, ਪਰ ਅਸਥਾਈ ਜਿਸ ਵਿਚ ਇਸ ਲੋਕ-ਗੀਤ ਦੇ ਪ੍ਰਾਣ ਹਨ, ਲਗਪਗ ਅਬਦਲ ਰਹੀ ਹੈ। ਅਸਥਾਈ ਵਿਚ ਹੀ ਕਿਸੇ ਲੋਕ-ਗੀਤ ਦੀ ਮੂਲ ਆਤਮਾ ਸੁੱਤੀ ਪਈ ਹੁੰਦੀ ਹੈ।

ਇਸੇ ਤਰ੍ਹਾਂ 'ਛੰਦ ਪਰਾਗੇ ਆਈਏ ਜਾਈਏ' ਦੇ ਟਪਿਆਂ ਵਿਚ 'ਛੰਦ ਪਰਾਗੇ ਆਈਏ ਜਾਈਏ' ਅਸਥਾਈ ਹੈ। ਸੰਮੀ ਦੇ ਗੀਤਾਂ ਵਿਚ 'ਸੰਮੀ ਮੇਰੀ ਵਣ' ਦੀ ਅਸਥਾਈ ਪ੍ਰਧਾਨ ਹੈ ਅਤੇ ਰਾਵੀ ਦੇ ਗੀਤਾਂ ਵਿਚ 'ਵਗਦੀ ਏ ਰਾਵੀ ਮਾਹੀ ਵੇ' ਦੀ ਅਸਥਾਈ। ਪੰਜਾਬ ਦੇ ਲੋਕ ਗੀਤਾਂ ਦੀਆਂ ਬਹੁਤੀਆਂ ਅਸਥਾਈਆਂ ਬੜੀਆਂ ਭਾਵਪੂਰਤ ਤੇ ਭਾਵਨਾ ਨਾਲ ਇਕਸੁਰ ਹਨ ਅਤੇ ਉਨ੍ਹਾਂ ਵਿਚ ਪੰਜਾਬੀਆਂ ਦੇ ਦਿਲਾਂ ਦੀ ਕੋਈ ਧੜਕਣ, ਉਮੰਗ ਜਾਂ ਪੀੜਾ ਛੁਪੀ ਹੋਈ ਹੈ।

(ਅ-27) **ਅਸਥੀਆਂ** :

ਮੋਏ ਪ੍ਰਾਣੀ ਦੀਆਂ ਦਾਹ-ਸੰਸਕਾਰ ਮਗਰੋਂ ਬਚੀਆਂ ਸੜੀਆਂ ਹੋਈਆਂ ਹੱਡੀਆਂ, ਜਿਨ੍ਹਾਂ ਲਈ ਆਦਰ ਬੋਧਿਕ ਪਦ 'ਫੁੱਲ' ਵੀ ਵਰਤਿਆ ਜਾਂਦਾ ਹੈ। ਦਾਹ-ਸੰਸਕਾਰ ਤੋਂ ਤੀਜੇ/ਚੌਥੇ ਦਿਨ ਫੁੱਲਾਂ ਨੂੰ ਇਕ ਖ਼ਾਸ ਰੀਤ ਨਾਲ ਇਕੱਠਾ ਕਰ ਕੇ, ਰਾਖ਼ ਨੂੰ ਕਿਸੇ ਨਦੀ ਨਾਲੇ ਵਿਚ ਪ੍ਰਵਾਹ ਦਿਤਾ ਜਾਂਦਾ ਹੈ, ਪਰ ਅਸਥੀਆਂ ਨੂੰ ਹਿੰਦੂ ਹਰਦੁਆਰ ਪੋਹੋਏ ਵਿਚ ਗੰਗਾ ਦੀ ਭੇਟ ਕਰਦੇ ਹਨ। ਕਈ ਹਿੰਦੂ ਅਸਥੀਆਂ ਦੀ ਰਾਖ਼ ਹਰਦੁਆਰ ਰਿਖੀ ਕੇਸ਼ ਵਿਚ ਅਤੇ ਫੁੱਲ ਲਛਮਨ ਝੂਲੇ ਵਿਚ ਅਰਪਿਤ ਕਰਦੇ ਹਨ। ਇਸ ਦਾ ਚੰਗਾ ਸੰਕਲਪ ਮੰਨਿਆ ਗਿਆ ਹੈ। ਲੋਕ-ਨਿਸਚੇ ਅਨੁਸਾਰ ਲਛਮਣ ਝੂਲੇ ਦਾ ਧਾਮ ਸਵਰਗ ਦੇ ਕਾਫ਼ੀ ਨੇੜੇ ਹੈ ਤੇ ਉਥੇ ਅਸਥੀਆਂ ਅਰਪਣ ਕਰਨ ਨਾਲ ਸਵਰਗ ਤੇ ਨਰਕ ਦੇ ਵਿਚਾਲੇ ਜੋ ਅੱਗ ਦੀ ਨਦੀ ਵਗਦੀ ਹੈ, ਉਸ ਨੂੰ ਪ੍ਰਾਣੀ ਸਹਿਜੇ ਹੀ ਪਾਰ ਕਰ ਜਾਂਦਾ ਹੈ।

ਸਿੱਖਾਂ ਵਿਚ 'ਫੁੱਲ' ਸਤਲੁਜ ਦਰਿਆ ਵਿਚ ਕੀਰਤਪੁਰ ਦੇ ਅਸਥਾਨ ਤੇ ਪ੍ਰਵਾਹ ਕੀਤੇ ਜਾਂਦੇ ਹਨ, ਪਰ ਕਈ ਸਿੱਖ ਹਰਦੁਆਰ ਗੰਗਾ ਨਦੀ ਵਿਚ ਵੀ 'ਫੁੱਲ' ਪ੍ਰਵਾਹ ਕਰਦੇ ਹਨ। (ਵੇਖੋ : ਫੁੱਲ)

(ਅ-28) **ਅਸਥੀ ਸੰਚਿਆ** :

ਹਿੰਦੂਆਂ ਵਿਚ ਮ੍ਰਿਤਕ ਨਾਲ ਸੰਬੰਧਿਤ ਇਕ ਰੀਤ, ਜੋ ਪ੍ਰਾਣੀ ਦੇ ਮਰਨ ਮਗਰੋਂ ਤੀਜੇ ਜਾਂ ਚੌਥੇ ਦਿਨ ਕੀਤੀ ਜਾਂਦੀ ਹੈ। ਇਸ ਦਿਨ ਮੋਏ ਪ੍ਰਾਣੀ ਦੇ ਫੁੱਲ ਤੇ ਭਸਮ ਇਕੱਠੀ ਕਰ ਕੇ ਕਿਸੇ ਦਰਿਆ ਅਥਵਾ ਨਦੀ ਨਾਲੇ ਵਿਚ ਪ੍ਰਵਾਹ ਦਿਤੀ ਜਾਂਦੀ ਹੈ। ਇਸ ਰੀਤ ਨੂੰ 'ਚੌਥਾ' ਵੀ ਕਹਿੰਦੇ ਹਨ। (ਵੇਖੋ : ਚੌਥਾ) ਇਸ ਦਿਨ ਮੋਏ ਪ੍ਰਾਣੀ ਨਮਿਤ ਸਰਾਧ ਵੀ ਕੀਤਾ ਜਾਂਦਾ ਹੈ ਜਿਸ ਨੂੰ 'ਚਤਰਥੀ ਸਰਾਧ' ਕਹਿੰਦੇ ਹਨ।

(ਅ-29) **ਅੰਸ਼** :

ਅੰਸ਼ ਮੂਲ ਦਾ ਇਕ ਮਹੱਤਵਪੂਰਣ ਹਿੱਸਾ ਹੈ। ਟੂਣਾ-ਚਿੰਤਨ ਅਨੁਸਾਰ ਅੰਸ਼ ਵਿਚ ਮੂਲ

ਵਿਅਕਤੀ (ਅੰਸ਼ੀ) ਬੀਜ ਰੂਪ ਵਿਚ ਸਮਾਇਆ ਰਹਿੰਦਾ ਹੈ, ਜਿਹਾ ਕਿ ਸਰੀਰ ਨਾਲੋਂ ਵੱਖ ਹੋਏ ਕਿਸੇ ਅੰਗ, ਵਾਲ, ਨਹੁੰ ਆਦਿ ਵਿਚ ਮੂਲ ਵਿਅਕਤੀ ਅੰਸ਼ ਰੂਪ ਵਿਚ ਵਿਦਮਾਨ ਹੈ। ਇਸੇ ਤਰ੍ਹਾਂ ਕੋਈ ਵਿਅਕਤੀ ਜੋ ਕਪੜਾ ਧਾਰਨ ਕਰਦਾ ਹੈ, ਉਸ ਕਪੜੇ ਦੇ ਕਿਸੇ ਟੁਕੜੇ ਵਿਚ ਉਹ ਵਿਅਕਤੀ ਅੰਸ਼ ਰੂਪ ਵਿਚ ਪ੍ਰਾਪਤ ਹੈ। ਇਥੋਂ ਤਕ ਕਿ ਪੈਰਾਂ ਦੀ ਧੂੜ ਵਿਚ, ਹੱਥਾਂ ਨਾਲ ਛੂਹੇ ਭੋਜਨ ਜਾਂ ਕਿਸੇ ਹੋਰ ਪਦਾਰਥ ਵਿਚ, ਵਿਅਕਤੀ ਅੰਸ਼ ਮਾਤਰ ਸਥਿਤ ਰਹਿੰਦਾ ਹੈ।

ਟੂਣਾ-ਚਿੰਤਨ ਅਨੁਸਾਰ ਇਸ ਅੰਸ਼ ਦਾ ਬੜਾ ਮਹੱਤਵ ਹੈ। ਮੰਤਰਾਂ ਤੇ ਟੂਣਿਆਂ ਦੁਆਰਾ ਇਸ ਅੰਸ਼ ਤੋਂ ਮੂਲ ਵਿਅਕਤੀ ਤਕ ਸਹਿਜੇ ਹੀ ਯਾਤ੍ਰਾ ਕੀਤੀ ਜਾ ਸਕਦੀ ਹੈ। ਅਥਵਾ ਕਿਸੇ ਸ਼ਖ਼ਸ ਦੇ ਵਾਲ, ਨਹੁੰ, ਕਪੜੇ ਦਾ ਕੋਈ ਟੁਕੜਾ, ਪੈਰਾਂ ਦੀ ਧੂੜ, ਜੂਠਾ ਭੋਜਨ ਆਦਿ ਵਸਤੂਆਂ ਦੁਆਰਾ ਉਸ ਵਿਅਕਤੀ ਤਕ ਪੁਜ ਕੇ ਉਸ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। (ਵੇਖੋ : ਅੰਸ਼ ਤੋਂ ਅੰਸ਼ੀ) ਇਸੇ ਭੈ ਕਾਰਨ ਕਈ ਲੋਕ ਆਪਣੇ ਸਿਰ ਦੇ ਵਾਲ ਤੇ ਨਹੁੰ ਆਦਿ ਕਟ ਕੇ ਗਲੀ ਵਿਚ ਨਹੀਂ ਸੁਟਦੇ। ਨਵੇਂ ਜੰਮੇਂ ਬੱਚੇ ਦੀ ਔਲ ਕਿਸੇ ਸੁਰੱਖਿਅਤ ਥਾਂ ਛੁਪਾ ਕੇ ਦੱਬ ਦਿਤੀ ਜਾਂਦੀ ਹੈ। (ਵੇਖੋ : ਔਲ) ਜਦੋਂ ਬੱਚਾ ਢਿੱਲਾ ਮੱਠਾ ਰਹਿੰਦਾ ਹੈ ਤਾਂ ਜਿਥੇ ਔਲ ਦੱਬੀ ਹੁੰਦੀ ਹੈ, ਉਸ ਥਾਂ ਦੀਵਾ ਬਾਲਿਆ ਜਾਂਦਾ ਹੈ। ਇਸ ਤਰ੍ਹਾਂ ਬੱਚੇ ਦੀ ਕਮਜ਼ੋਰ ਜੀਵਨ ਕਣੀ ਮੁੜ ਪ੍ਰਜੁਲਤ ਹੋ ਜਾਂਦੀ ਹੈ। ਇਹ ਵਿਚਾਰ ਲਾਗਵੇਂ ਟੂਣੇ (Contiguous Magic) ਉਤੇ ਆਧਾਰਤ ਹੈ। (ਵੇਖੋ : ਲਾਗਵਾਂ ਟੂਣਾ)

ਚਰਨ ਧੂੜੀ ਮੱਥੇ ਉਤੇ ਲਗਾਣ ਦਾ ਸਿਧਾਂਤ ਵੀ ਇਸੇ ਵਿਚਾਰ ਉਤੇ ਆਧਾਰਤ ਹੈ ਕਿ ਚਰਨਾਂ ਦੀ ਧੂੜ ਵਿਚ ਮੂਲ ਵਿਅਕਤੀ ਦਾ ਅੰਸ਼ ਵਿਦਮਾਨ ਹੈ। ਜਦੋਂ ਅਸੀਂ ਕਿਸੇ ਗੁਰੂ ਪੀਰ ਤੇ ਸਾਧ ਸੰਤ ਦੀ ਚਰਨ ਧੂੜ ਮੱਥੇ ਉਤੇ ਲਗਾਂਦੇ ਹਾਂ ਤਾਂ ਉਸ ਦੇ ਦੈਵੀ ਗੁਣਾਂ ਦਾ ਕੁਝ ਅੰਸ਼ ਜੋ ਪੈਰਾਂ ਦੁਆਰਾ ਨਿਕਲ ਕੇ ਚਰਨ ਧੂੜ ਦਾ ਅੰਗ ਬਣ ਚੁਕਾ ਹੁੰਦਾ ਹੈ, ਜਗਿਆਸੂ ਵਿਚ ਮੱਥੇ ਦੁਆਰਾ ਪ੍ਰਵੇਸ਼ ਕਰਦਾ ਹੈ ਜਿਸ ਤੋਂ ਉਸ ਵਿਚ ਦੈਵੀ ਗੁਣਾਂ ਦਾ ਅੰਕੁਰ ਫੁਟਦਾ ਹੈ। (ਵੇਖੋ : ਚਰਨ ਧੂੜ) ਇਸੇ ਤਰ੍ਹਾਂ ਜਦੋਂ ਕੋਈ ਸ਼ਖ਼ਸ ਕਿਸੇ ਮਹਾਂਪੁਰਖ ਦੇ ਸੀਤ-ਪ੍ਰਸ਼ਾਦਿ ਨੂੰ ਮੂੰਹ ਲਗਾਂਦਾ ਹੈ ਤਾਂ ਮਹਾਂਪੁਰਖ ਦੇ ਦੈਵੀ ਗੁਣ ਜੋ ਪ੍ਰਸ਼ਾਦਿ ਨੂੰ ਛੂਹਣ ਦੁਆਰਾ ਉਸ ਵਿਚ ਰਚ ਗਏ ਸਨ, ਖਾਣ ਵਾਲੇ ਦੇ ਅੰਦਰ ਸਦਾਚਾਰਕ ਤੇ ਅਧਿਆਤਮਕ ਭਾਵਨਾ ਜਾਗ੍ਰਿਤ ਕਰਦੇ ਹਨ।

ਅਵਤਾਰ ਵਿਚ ਕਿਸੇ ਦੇਵਤੇ ਦਾ ਅੰਸ਼ ਹੁੰਦਾ ਹੈ। ਸੰਪੂਰਨ ਅੰਸ਼ ਦੀਆਂ ਸੋਲ੍ਹਾਂ ਕਲਾਂ ਮੰਨੀਆਂ ਗਈਆਂ ਹਨ। ਵਿਸ਼ਨੂੰ ਦੇ ਸਭ ਅਵਤਾਰ ਅੰਸ਼ਾ ਅਵਤਾਰ ਅਖਵਾਉਂਦੇ ਹਨ ਕਿਉਂ ਜੋ ਉਨ੍ਹਾਂ ਸਭਨਾਂ ਵਿਚ ਵਿਸ਼ਨੂੰ ਦਾ ਹੀ ਅੰਸ਼ ਵਿਦਮਾਨ ਸੀ। ਪਰ ਇਹ ਅੰਸ਼ ਸਭਨਾਂ ਵਿਚ ਇਕਸਾਰ ਰੂਪ ਵਿਚ ਨਹੀਂ ਸੀ। (ਵੇਖੋ : ਅੰਸ਼ਾ ਅਵਤਾਰ) ਇਹੋ ਅੰਸ਼-ਸੰਕਲਪ ਸਿੱਖ ਧਰਮ ਵਿਚ ਜੋਤ-ਅੰਸ਼ ਦੇ ਸੰਕਲਪ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਸਭ ਗੁਰੂ-ਵਿਅਕਤੀ ਗੁਰੂ ਨਾਨਕ ਦੇਵ ਦੀ ਜੋਤ ਦਾ ਅੰਸ਼ ਮੰਨੇ ਗਏ। (ਵੇਖੋ : ਜੋਤ-ਅੰਸ਼)

### (ਅ-30) **ਅੰਸ਼ ਤੋਂ ਅੰਸ਼ੀ** :

ਜਾਦੂ ਟੂਣੇ ਦੇ ਸਿਧਾਂਤ ਅਨੁਸਾਰ ਮੰਤ੍ਰਾਂ ਅਤੇ ਟੂਣਿਆਂ ਦੁਆਰਾ ਕਿਸੇ ਵਿਅਕਤੀ ਦੇ ਅੰਸ਼ ਤੋਂ ਮੂਲ ਵਿਅਕਤੀ ਤਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ। ਇਸ ਲਈ ਜਾਦੂ ਟੂਣੇ ਵਿਚ ਵਿਸ਼ਵਾਸ਼ ਰਖਣ ਵਾਲੇ ਲੋਕ ਆਪਣੇ ਸਰੀਰ ਦੇ ਅੰਸ਼ – ਵਾਲ, ਨਹੁੰ ਆਦਿ ਨੂੰ ਕਟਣ ਮਗਰੋਂ ਗਲੀ ਵਿਚ ਨਹੀਂ ਸੁਟਦੇ। ਅੰਸ਼ ਦੁਆਰਾ ਅੰਸ਼ੀ ਦਾ ਭਲਾ ਵੀ ਕੀਤਾ ਜਾ ਸਕਦਾ ਹੈ ਅਤੇ ਨੁਕਸਾਨ ਵੀ ਪਹੁੰਚਾਇਆ ਜਾ ਸਕਦਾ ਹੈ। ਕਈ ਸਾਧੂ ਸੰਤ ਰੋਗੀ ਦੇ ਕਿਸੇ ਕਪੜੇ ਉਤੇ ਮੰਤ੍ਰ ਪੜ੍ਹ ਕੇ ਉਸ ਨੂੰ ਅਰੋਗ ਕਰ ਦੇਂਦੇ ਹਨ। ਟੂਣੇਹਾਰੀਆਂ ਤੀਵੀਆਂ ਦੁਸ਼ਮਣ ਦੇ ਨਹੁੰ, ਵਾਲ, ਪੈਰਾਂ ਦੀ ਮਿੱਟੀ ਤੇ ਕਪੜੇ ਦੀ ਕੋਈ ਕਾਤਰ ਲੈ ਕੇ ਉਸ ਉਤੇ ਟੂਣਾ ਕਰ ਕੇ ਦੁਸ਼ਮਣ ਨੂੰ ਨੁਕਸਾਨ ਪਹੁੰਚਾਣ ਦਾ ਯਤਨ ਕਰਦੀਆਂ ਹਨ। ਇਸੇ ਲਈ ਵਹਿਮੀ ਤੀਵੀਆਂ ਆਪਣੇ ਬੱਚਿਆਂ ਦੇ ਪੋਤੜੇ ਕਿਸੇ ਦੂਜੇ ਦੇ ਹੱਥ ਨਹੀਂ ਆਉਣ ਦੇਂਦੀਆਂ।

ਲੋਕ-ਕਹਾਣੀਆਂ ਵਿਚ ਵਾਲ ਧੁਖਾਣ ਨਾਲ ਤੇ ਮੁੰਦਰੀ ਜਾਂ ਦੀਵੇ ਦੇ ਰਗੜਨ ਨਾਲ ਦਿਓ ਦੇ ਪ੍ਰਗਟ ਹੋਣ ਦੀ ਕਥਾਨਿਕ ਰੂੜ੍ਹੀ ਅੰਸ਼ ਤੋਂ ਅੰਸ਼ੀ ਤਕ ਦੇ ਸੰਕਲਪ ਉਪਰ ਹੀ ਆਧਾਰਤ ਹੈ।

ਅੰਸ਼ ਤੋਂ ਅੰਸ਼ੀ ਸਿਧਾਂਤ ਹਿੰਦੂ ਦਰਸ਼ਨ ਦਾ ਥੰਮ ਹੈ। ਜੀਵ ਦੇ ਸਰੀਰ ਵਿਚ ਨਿਰੰਕਾਰ ਦੀ ਜੋਤ ਅੰਸ਼ ਰੂਪ ਵਿਚ ਵਿਦਮਾਨ ਹੈ। (ਸਰਬ ਜੋਤਿ ਮਹਿ ਜਾ ਕੀ ਜੋਤਿ — ਸੁਖਮਨੀ) ਜੀਵ ਇਸੇ ਜੋਤਿ ਨੂੰ ਸਾਧਨਾ ਦੁਆਰਾ ਪ੍ਰਜ੍ਵਲਤ ਕਰ ਕੇ ਇਸ ਜੋਤ-ਅੰਸ਼ ਤੋਂ ਮੂਲ-ਤੱਤ ਅਥਵਾ ਨਿਰੰਕਾਰ ਅੰਸ਼ ਤਕ ਸਹਿਜੇ ਹੀ ਪਹੁੰਚਣ ਵਿਚ ਸਫਲ ਹੋ ਸਕਦਾ ਹੈ।

(ਅ-31) **ਅੰਸ਼ ਦਾਨ** :

ਲੋਕ-ਨਿਸਚੇ ਅਨੁਸਾਰ ਜਦੋਂ ਕੋਈ ਮਹਾਂਪੁਰਖ ਅਥਵਾ ਸੰਤ ਕਿਸੇ ਅਨੁਯਾਈ ਦੀ ਪਿੱਠ ਉਤੇ ਹੱਥ ਫੇਰਦਾ ਹੈ ਜਾਂ ਉਸ ਨੂੰ ਆਪਣਾ ਸੀਤ ਪ੍ਰਸ਼ਾਦਿ ਮੂੰਹ ਲਗਾਉਣ ਲਈ ਦੇਂਦਾ ਹੈ ਤਾਂ ਉਸ ਮਹਾਂਪੁਰਖ ਦੇ ਦੈਵੀ ਗੁਣਾਂ ਦਾ ਕੁਝ ਅੰਸ਼ ਉਸ ਅਨੁਯਾਈ ਵਿਚ ਰਚ ਜਾਂਦਾ ਹੈ। ਅਸੀਸਾਂ ਵਿਚ, ਬਾਣੀ ਦੇ ਮਾਧਿਅਮ ਦੁਆਰਾ ਅੰਸ਼ ਦਾਨ ਕੀਤਾ ਜਾਂਦਾ ਹੈ। (ਵੇਖੋ : ਅੰਸ਼)

(ਅ-32) **ਅੰਸ਼ੁਮਾਨ** :

ਰਾਜੇ ਸਗਰ ਦਾ ਪੋਤਰਾ ਅਤੇ ਅਸਮੰਜਸ ਦਾ ਪੁੱਤਰ ਜੋ ਬੜਾ ਪ੍ਰਾਕ੍ਰਮੀ ਯੋਧਾ ਸੀ। ਪੁਰਾਣਾਂ ਅਨੁਸਾਰ ਰਾਜੇ ਸਗਰ ਦਾ ਅਸ਼੍ਵਮੇਧ ਯੱਗ ਦਾ ਘੋੜਾ ਜਦੋਂ ਰਾਜੇ ਇੰਦਰ ਨੇ ਚੁਰਾ ਕੇ ਕਪਿਲ ਮੁਨੀ ਦੇ ਕਿੱਲੇ ਉਤੇ ਬੰਨ੍ਹ ਦਿਤਾ ਸੀ ਤਾਂ ਉਸ ਨੂੰ ਅੰਸ਼ੁਮਾਨ ਨੇ ਹੀ ਆਪਣੇ ਸਾਹਸ ਦੁਆਰਾ ਵਾਪਿਸ ਲਿਆਂਦਾ ਸੀ। ਘੋੜੇ ਦੀ ਖੋਜ ਵਿਚ ਗਏ ਰਾਜਾ ਸਗਰ ਦੇ ਸੱਠ ਹਜ਼ਾਰ ਪੁੱਤਰ ਕਪਿਲ ਰਿਸ਼ੀ ਦੀ ਕ੍ਰੋਧ-ਅਗਨ ਨਾਲ ਭਸਮ ਹੋ ਗਏ ਸਨ। ਅੰਸ਼ੁਮਾਨ ਘੋੜੇ ਨੂੰ ਢੂੰਡਣ ਲਈ ਪਾਤਾਲ ਵਿਚ ਗਿਆ ਜਿਥੇ ਉਹ ਕਪਿਲ ਮੁਨੀ ਦੇ ਕਿੱਲੇ ਨਾਲ ਬੰਨ੍ਹਿਆ ਹੋਇਆ ਮਿਲਿਆ। ਅੰਸ਼ੁਮਾਨ ਨੇ ਕਪਿਲ ਮੁਨੀ ਨੂੰ ਪ੍ਰਸੰਨ ਕਰ ਕੇ ਘੋੜੇ ਨੂੰ ਪ੍ਰਾਪਤ ਕੀਤਾ ਅਤੇ ਦਾਦੇ ਦੇ ਯੱਗ ਨੂੰ ਸੰਪੂਰਨ ਕਰਵਾਇਆ।

(ਅ-33) **ਅੰਸ਼ਾ-ਅਵਤਾਰ** :

ਸ਼ਾਸਤਰਾਂ ਅਨੁਸਾਰ ਵਿਸ਼ਨੂੰ ਦੇਵਤੇ ਦੀਆਂ ਸੋਲ੍ਹਾਂ ਅੰਸ਼ਾਂ (ਕਲਾਂ) ਹਨ। ਵਿਸ਼ਨੂੰ ਦੇ ਜੋ ਅਵਤਾਰ ਸੰਸਾਰ ਵਿਚ ਆਏ, ਉਨ੍ਹਾਂ ਵਿਚੋਂ ਕਿਸੇ ਕੋਲ ਸੋਲ੍ਹਾਂ ਅਤੇ ਕਿਸੇ ਕੋਲ ਘਟ ਕਲਾ/ਅੰਸ਼ ਸਨ। ਰਾਮ ਚੰਦਰ ਵਿਚ ਵਿਸ਼ਨੂੰ ਦੇ ਚੌਦਾਂ ਅੰਸ਼ ਮੌਜੂਦ ਸਨ ਜਦੋਂ ਕਿ ਕ੍ਰਿਸ਼ਨ ਵਿਚ ਸੋਲ੍ਹਾਂ ਅੰਸ਼। ਦੇਵਤੇ ਦੇ 'ਅੰਸ਼ਾਂ' ਦੇ ਧਾਰਨੀ ਹੋਣ ਕਰ ਕੇ ਇਨ੍ਹਾਂ ਅਵਤਾਰਾਂ ਨੂੰ ਅੰਸ਼ਾਵਤਾਰ ਕਿਹਾ ਗਿਆ ਹੈ। ਵਿਸ਼ਨੂੰ ਦੇ ਸਭ ਅਵਤਾਰ ਅੰਸ਼ਾ-ਅਵਤਾਰ ਹਨ। 'ਅੰਸ਼ਾ ਅਉਤਾਰ ਉਪਾਇਓਨ ਭਾਉ ਦੂਜਾ ਕੀਆ।' (ਵਾਰ ਗੁ: ੧, ਮ: ੩) ਇਸ ਸੰਕਲਪ ਦੀ ਵਿਸਤਾਰ ਪੂਰਵਕ ਚਰਚਾ ਮਹਾਂਭਾਰਤ ਵਿਚ ਕੀਤੀ ਗਈ ਹੈ। ਹਨੂੰਮਾਨ ਵਿਚ ਸ਼ਿਵ ਦਾ ਅੰਸ਼ ਮੰਨਿਆ ਗਿਆ ਹੈ।

ਇਹੋ ਅੰਸ਼-ਸੰਕਲਪ ਸਿੱਖ ਧਰਮ ਵਿਚ ਜੋਤ-ਸੰਕਲਪ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਗੁਰੂ ਨਾਨਕ ਦੇਵ ਨੂੰ ਜੋਤ-ਬਿੰਦੂ ਮੰਨ ਕੇ ਬਾਕੀ ਸਭ ਗੁਰੂ ਉਨ੍ਹਾਂ ਦੀ ਜੋਤ ਦਾ ਹੀ ਵਿਸਤਾਰ ਜਾਂ ਜੋਤ-ਅੰਸ਼ ਮੰਨੇ ਗਏ ਹਨ।

(ਅ-34) **ਅਸਪਿੰਡਾ** :

ਵਰਜਿਤ ਗੋਤਰ ਤੋਂ ਬਾਹਰ ਦਾ ਵਰ; ਹਿੰਦੂਆਂ ਵਿਚ ਕੰਨਿਆਂ ਲਈ ਆਪਣੀ ਜਾਤ ਗੋਤਰ ਤੋਂ ਬਾਹਰ ਅਸਪਿੰਡਾ ਵਿਚੋਂ ਵਰ ਢੂੰਡਿਆ ਜਾਂਦਾ ਹੈ। ਕਈ ਜਾਤੀਆਂ ਵਿਚ ਵਿਆਹ ਲਈ ਮਾਂ ਪਿਉ ਦੀਆਂ ਦੋ ਗੋਤਰਾਂ ਵਰਜਿਤ ਹਨ, ਪਰ ਕਈ ਜਾਤੀਆਂ ਵਿਚ ਚਾਰ; ਦੋ ਮਾਂ ਪਿਉ ਦੀਆਂ ਅਤੇ ਦੋ ਦਾਦੀ ਨਾਨੀ ਦੀਆਂ। ਜੇ ਇਨ੍ਹਾਂ ਦੋਹਾਂ/ਚੌਹਾਂ ਵਿਚੋਂ ਕੋਈ ਗੋਤ ਵਰ ਤੇ ਕੰਨਿਆਂ ਦੀ ਮੇਲ ਖਾ ਜਾਵੇ ਤਾਂ ਇਸ ਨੂੰ 'ਅੰਗ ਮਿਲਣਾ' ਕਹਿੰਦੇ ਹਨ ਤੇ ਸਮਾਜਿਕ ਵਿਧਾਨ ਅਨੁਸਾਰ ਵਿਆਹ ਨਹੀਂ ਹੋ ਸਕਦਾ। ਜੇ ਵਰ ਤੇ ਕੰਨਿਆਂ ਦਾ ਕੋਈ ਵੀ 'ਅੰਗ' ਮੇਲ ਨਾ ਖਾਏ ਤਾਂ ਉਨ੍ਹਾਂ ਨੂੰ 'ਅਸਪਿੰਡਾ' ਕਿਹਾ ਜਾਂਦਾ ਹੈ ਤੇ ਵਿਆਹ ਰੀਤ ਅਨੁਕੂਲ ਹੈ। (ਵੇਖੋ : ਅੰਗ ਮਿਲਣਾ)

(ਅ-35) **ਅਸਪਰਸ (ਅਪਰਸ)** :

ਉਹ ਸਾਧੂ ਸੰਤ ਅਥਵਾ ਵਿਰਕਤ ਜਿਨ੍ਹਾਂ ਨੇ ਅੰਨ ਬਸਤ੍ਰ ਤੋਂ ਇਲਾਵਾ ਕਿਸੇ ਵੀ ਹੋਰ ਸੰਸਾਰਕ ਪਦਾਰਥ ਨੂੰ ਨਾ ਛੂਹਣ ਦਾ ਬ੍ਰਤ ਲਿਆ ਹੋਵੇ। ਕਈ ਅਸਪਰਸੀ ਤਾਂ ਖਾਣ ਪੀਣ ਦੀਆਂ ਵਸਤੂਆਂ ਤਕ ਨਹੀਂ ਛੂੰਹਦੇ ਅਤੇ ਭੋਜਨ ਵੀ ਅਜਿਹੀ ਵਿਧੀ ਨਾਲ ਕਰਦੇ ਹਨ ਕਿ ਪਦਾਰਥਾਂ ਨੂੰ ਹੱਥ ਨਾਲ ਛੂਹਣ ਦੀ ਲੋੜ ਨਾ ਪਏ। ਗੁਰਮਤਿ ਵਿਚ ਇਹ ਸ਼ਬਦ ਉਸ ਗੁਰਮੁਖ ਲਈ ਵਰਤਿਆ ਗਿਆ ਹੈ ਜਿਸ ਨੇ ਮਨ ਤੇ ਇੰਦਰਿਆਂ ਨੂੰ ਵਿਕਾਰਾਂ ਤੋਂ ਰੋਕ ਕੇ ਰਖਿਆ ਹੋਵੇ। "ਪਾਰਸ ਪਰਸ ਅਪਰਸ ਹੋਇ ਪਰ ਤਨ ਪਰਧਨ ਹੱਥ ਨਾ ਲਾਵੈ" — ਭਾਈ ਗੁਰਦਾਸ।

(ਅ-36) **ਅਸਮੰਜਸ** :

ਕੇਸ਼ਿਨੀ ਦੇ ਉਦਰ ਤੋਂ ਰਾਜੇ ਸਗਰ ਦਾ ਪੁੱਤਰ। ਜਵਾਨੀ ਵਿਚ ਇਹ ਬੜਾ ਕੁਕਰਮੀ ਅਤੇ ਨਿਰਦਈ ਸੀ ਜਿਸ ਕਰ ਕੇ ਰਾਜੇ ਸਗਰ ਨੇ ਇਸ ਨੂੰ ਦੇਸ ਨਿਕਾਲਾ ਦੇ ਦਿਤਾ, ਪਰ ਬਾਅਦ ਵਿਚ ਇਹ ਸੁਧਰ ਗਿਆ ਅਤੇ ਰਾਜੇ ਸਗਰ ਦਾ ਉਤਰਾਧਿਕਾਰੀ ਬਣਿਆ। ਇਸ ਨੇ ਬੀਰਤਾ ਦੇ ਅਨੇਕਾਂ ਕਾਰਨਾਮੇ ਵਿਖਾ ਕੇ ਬੜੀ ਪ੍ਰਸਿਧੀ ਪ੍ਰਾਪਤ ਕੀਤੀ। ਹਰੀਵੰਸ਼ ਅਨੁਸਾਰ ਅਸਮੰਜਸ ਦਾ ਇਕ ਨਾਉਂ ਪੰਜਜਨ ਸੀ। ਇਸ ਨਾਉਂ ਹੇਠ ਅਸਮੰਜਸ ਨੇ ਬਲ-ਪ੍ਰਾਕ੍ਰਮ ਦੇ ਕਈ ਕਾਰਨਾਮੇ ਵਿਖਾ ਕੇ ਬੜੀ ਨਾਮਣਾ ਖੱਟੀ। ਪ੍ਰਸਿਧ ਰਾਜਾ ਅੰਸ਼ੁਮਾਨ ਇਸੇ ਦਾ ਪੁੱਤਰ ਸੀ।

(ਅ-37) **ਅਸਫੰਦ-ਬਾਸ਼** :

(ਵੇਖੋ : ਅਸਫੰਦ ਯਾਰ)।

(ਅ-38) **ਅਸਫੰਦ ਯਾਰ** :

ਫ਼ਾਰਸ ਦੇ ਬਾਦਸ਼ਾਹ ਗੁਸ਼ਤਾਸਪ ਦਾ ਪੁੱਤਰ; ਰਵਾਇਤ ਹੈ ਕਿ ਇਸ ਦਾ ਸਰੀਰ ਲੋਹੇ ਦਾ ਬਣਿਆ ਹੋਇਆ ਸੀ। ਇਸ ਦੇ ਨਾਂ ਉਤੇ ਕੁਲਜ਼ਮ ਦੇ ਇਕ ਟਾਪੂ ਦਾ ਨਾਂ ਅਸਫੰਦ-ਯਾਰ ਰਖਿਆ ਗਿਆ। ਜਿਸ ਦਾ ਜ਼ਿਕਰ 'ਸੈਫੁਲ ਮਲੂਕ' ਦੇ ਕਿੱਸੇ ਵਿਚ ਆਉਂਦਾ ਹੈ। ਇਥੋਂ ਦੇ ਪ੍ਰਸਿਧ ਕਿਲ੍ਹੇ ਦਾ ਨਾਉਂ ਅਸਫੰਦ-ਬਾਸ਼ ਸੀ ਜਿਥੇ ਹਾਸ਼ਮ ਦੈਂਤ ਦੇ ਪੁੱਤਰ ਬਹਿਰਾਮ ਨੇ ਮਲਕਾ ਖ਼ਾਤੂੰ ਨੂੰ ਬੰਦੀ ਬਣਾ ਕੇ ਰਖਿਆ ਸੀ। (ਵੇਖੋ : ਸੈਫੁਲ ਮਲੂਕ) ਮਹਾਨ ਕੋਸ਼ (ਪੰਨਾ 21) ਅਨੁਸਾਰ ਅਸਫੰਦ ਯਾਰ ਬੜਾ ਬਹਾਦਰ ਯੋਧਾ ਸੀ ਜੋ ਆਪਣੇ ਪਿਤਾ ਦੇ ਹੁਕਮ ਅਨੁਸਾਰ ਰੁਸਤਮ ਨੂੰ ਫੜਨ ਵਾਸਤੇ ਗਿਆ ਅਤੇ ਉਸ ਦੇ ਹੱਥੋਂ ਮਾਰਿਆ ਗਿਆ।

(ਅ-39) **ਅਸ਼ਮਕ** :

ਕਲਮਾਸ਼ਪਾਦ ਦਾ ਪੁੱਤਰ ਜੋ ਮਦਯੰਤੀ ਦੇ ਉਦਰ ਤੋਂ ਹੋਇਆ। ਮਹਾਂਭਾਰਤ ਅਨੁਸਾਰ ਕਲਮਾਸ਼ਪਾਦ ਨੂੰ ਇਕ ਬ੍ਰਾਹਮਣੀ ਨੇ ਸਰਾਪ ਦਿਤਾ ਕਿ ਜਦੋਂ ਉਹ ਆਪਣੀ ਪਤਨੀ ਨਾਲ ਸਹਿਵਾਸ ਕਰੇਗਾ ਤਾਂ ਉਸੇ ਛਿਣ ਉਸ ਦੀ ਮੌਤ ਹੋ ਜਾਵੇਗੀ। ਵਸ਼ਿਸ਼ਠ ਦੀ ਪ੍ਰੇਰਨਾ ਉਤੇ ਬ੍ਰਾਹਮਣੀ ਨੇ ਸਰਾਪ ਦੀ ਤੀਬਰਤਾ ਘਟਾ ਦਿਤੀ। ਕਲਮਾਸ਼ਪਾਦ ਦੀ ਪਤਨੀ ਮਦਯੰਤੀ ਗਰਭਵਤੀ ਤਾਂ ਹੋ ਗਈ, ਪਰ ਉਸ ਨੂੰ ਸਤ ਸਾਲ ਤਕ ਗਰਭ ਠਹਿਰਿਆ ਰਿਹਾ। ਅਖ਼ੀਰ, ਮਦਯੰਤੀ ਨੇ ਇਕ ਤੇਜ਼ ਪੱਥਰ ਨਾਲ ਆਪਣਾ ਪੇਟ ਚੀਰਿਆ ਤਾਂ ਜਾ ਕੇ ਅਸ਼ਮਕ ਦਾ ਜਨਮ ਹੋਇਆ। ਪੱਥਰ ਦੀ ਸਟ ਦੁਆਰਾ ਪੈਦਾ ਹੋਣ ਕਰ ਕੇ ਉਸ ਦਾ ਨਾਂ ਅਸ਼ਮਕ ਰਖਿਆ ਗਿਆ।

(ਅ-40) **ਅਸਮਾਨੀ ਬਿਜਲੀ** :

ਅਸਮਾਨ ਵਿਚ ਲਿਸ਼ਕਦੀ ਬਿਜਲੀ ਨਾਲ ਕਈ ਤਰ੍ਹਾਂ ਦੇ ਭਰਮ, ਵਿਸ਼ਵਾਸ਼ ਤੇ ਕਥਾਵਾਂ ਜੁੜੀਆਂ ਹੋਈਆਂ ਹਨ। ਅਸਮਾਨੀ ਬਿਜਲੀ ਦੀ ਉਤਪੱਤੀ ਬਾਰੇ ਇਕ ਮਿੱਥ ਇਉਂ ਪ੍ਰਚਲਤ ਹੈ : ਕੰਸ ਦੀ ਚਚੇਰੀ ਭੈਣ ਦੇਵਕੀ ਦਾ ਵਿਆਹ ਜਦੋਂ ਵਾਸੂਦੇਵ ਨਾਲ ਹੋਇਆ ਤਾਂ ਕੰਸ ਉਨ੍ਹਾਂ ਦੋਹਾਂ ਨੂੰ ਰਥ ਉਤੇ ਬਿਠਾ ਕੇ ਨਗਰ ਦੀ ਪ੍ਰਕਰਮਾ ਕਰ ਰਿਹਾ ਸੀ ਕਿ ਉਸ ਨੂੰ ਆਕਾਸ਼ ਬਾਣੀ ਹੋਈ ਕਿ ਦੇਵਕੀ ਦਾ ਅਠਵਾਂ ਬੱਚਾ ਤੈਨੂੰ ਮਾਰ ਕੇ ਤੇਰਾ ਰਾਜ ਭਾਗ ਖੋਹ ਲਏਗਾ। ਕੰਸ ਨੇ ਉਸੇ ਵੇਲੇ ਦੇਵਕੀ ਅਤੇ ਉਸ ਦੇ ਪਤੀ ਵਾਸੂਦੇਵ ਨੂੰ ਬੰਦੀ ਬਣਾ ਲਿਆ। ਫਿਰ ਦੇਵਕੀ ਦੀ ਕੁਖੋਂ ਜੋ ਵੀ ਬੱਚਾ ਜੰਮਿਆ ਉਸ ਨੂੰ ਉਹ ਮੌਤ ਦੇ ਘਾਟ

ਉਤਾਰਦਾ ਗਿਆ। ਜਦੋਂ ਅੱਠਵਾਂ ਬੱਚਾ ਕ੍ਰਿਸ਼ਨ ਜੰਮਿਆ ਤਾਂ ਵਾਸੂਦੇਵ ਨੇ ਕ੍ਰਿਸ਼ਨ ਨੂੰ ਇਕ ਗਵਾਲਣ ਯਸ਼ੋਧਾਂ ਦੀ ਬੱਚੀ ਨਾਲ ਵਟਾ ਲਿਆਂਦਾ। ਕੰਸ ਨੂੰ ਜਦੋਂ ਬੱਚੀ ਦੇ ਜੰਮਣ ਦੀ ਖ਼ਬਰ ਮਿਲੀ ਤਾਂ ਉਸ ਨੇ ਬੱਚੀ ਨੂੰ ਦੇਵਕੀ ਤੋਂ ਖੋਹ ਕੇ ਇਕ ਪੱਥਰ ਉਤੇ ਪਟਕਾ ਕੇ ਮਾਰਿਆ। ਪੱਥਰ ਉਤੇ ਡਿਗਦੇ ਸਾਰ ਉਹ ਬੱਚੀ ਅਸਮਾਨ ਵਿਚ ਅਲੋਪ ਹੋ ਗਈ ਤੇ ਉਦੋਂ ਤੋਂ ਉਹ ਸ਼ਕਤੀ ਬਣ ਕੇ ਬੱਦਲਾਂ ਵਿਚ ਬਿਜਲੀ ਦੇ ਰੂਪ ਵਿਚ ਵਿਚਰਦੀ ਅਤੇ ਲਿਸ਼ਕਦੀ ਰਹਿੰਦੀ ਹੈ।

ਵਿਸ਼ਵਾਸ਼ ਹੈ ਕਿ ਅਸਮਾਨੀ ਬਿਜਲੀ ਕੈਂਹ ਦੇ ਭਾਂਡੇ ਜਾਂ ਕਾਲੇ ਰੰਗ ਦੀ ਚੀਜ਼ ਉਤੇ ਅਵੱਸ਼ ਡਿਗਦੀ ਹੈ। ਕੈਂਹ ਨਾਲ ਉਸ ਦਾ ਵੈਰ ਇਸ ਲਈ ਹੈ ਕਿ ਇਸ ਸ਼ਬਦ ਦੀ ਧੁਨੀ ਕੰਸ ਨਾਲ ਮਿਲਦੀ ਹੈ, ਜਿਸ ਨੇ ਉਸ ਦੀ ਮਨੁਖੀ ਕਾਇਆ ਨੂੰ ਪੱਥਰ ਉਤੇ ਪਟਕਾ ਕੇ ਮਾਰਿਆ ਸੀ। ਕਾਲੀ ਚੀਜ਼ ਨਾਲ ਬਿਜਲੀ ਦਾ ਵੈਰ ਇਸ ਖ਼ਾਤਰ ਹੈ ਕਿ ਕ੍ਰਿਸ਼ਨ ਦਾ ਰੰਗ ਸਾਂਵਲਾ ਸੀ ਤੇ ਕ੍ਰਿਸ਼ਨ ਕਰ ਕੇ ਉਸ ਨੂੰ ਅਣਿਆਈ ਮੌਤੇ ਮਰਨਾ ਪਿਆ।

ਧਾਰਨਾ ਹੈ ਕਿ ਜਿਥੇ ਮਾਮਾ ਭਣੇਵਾਂ ਦੋਵੇਂ ਇਕੱਠੇ ਬੈਠੇ ਹੋਣ ਉਥੇ ਬਿਜਲੀ ਅਵੱਸ਼ ਡਿਗਦੀ ਹੈ। ਕਾਰਨ ਇਹ ਦਸਿਆ ਜਾਂਦਾ ਹੈ ਕਿ ਕੰਸ ਤੇ ਕ੍ਰਿਸ਼ਨ ਮਾਮਾ ਭਣੇਵਾਂ ਸਨ ਤੇ ਮਾਮੇ ਭਣੇਵੇਂ ਦੇ ਆਪਸੀ ਵੈਰ ਵਿਰੋਧ ਵਿਚ ਹੀ ਉਸ ਬੱਚੀ ਨੂੰ ਕੁਰਬਾਨ ਹੋਣਾ ਪਿਆ। ਇਸ ਲਈ ਬਿਜਲੀ ਨੂੰ ਇਸ ਰਿਸ਼ਤੇ ਤੋਂ ਘ੍ਰਿਣਾ ਹੈ। ਜਦੋਂ ਆਕਾਸ਼ ਵਿਚ ਬਿਜਲੀ ਲਿਸ਼ਕ ਰਹੀ ਹੋਵੇ ਤਾਂ, ਪੰਜਾਬ ਵਿਚ, ਮਾਮਾ ਭਣੇਵਾਂ ਕਦੇ ਇਕੱਠੇ ਨਹੀਂ ਬੈਠਦੇ।

## (ਅ-41) **ਅਸਰ :**

ਮੁਸਲਮਾਨਾਂ ਦੀ ਤੀਜੇ ਪਹਿਰ ਦੀ ਨਮਾਜ਼ ਜਿਸ ਨੂੰ ਪੋਠੋਹਾਰ ਵਿਚ ਦੀਗਰ ਦੀ ਨਮਾਜ਼ ਕਹਿੰਦੇ ਹਨ। ਇਹ ਨਿਮਾਜ਼ ਲੌਢੇ ਵੇਲੇ ਤੋਂ ਸੂਰਜ ਡੁਬਣ ਦੇ ਵਿਚਕਾਰ ਪੜ੍ਹੀ ਜਾਂਦੀ ਹੈ। (ਵੇਖੋ : ਨਮਾਜ਼)

## (ਅ-42) **ਅਸਰਾਜ :**

ਅਸਰਾਜ, ਰਾਜੇ ਸਾਰੰਗ ਦਾ ਪੁੱਤਰ ਅਤੇ ਸਰਦੂਲ ਰਾਏ ਦਾ ਮਤ੍ਰੇਆ ਭਰਾ ਸੀ। ਇਸ ਦੀ ਇਕ ਵਾਰ 'ਟੁੰਡੇ ਅਸਰਾਜੇ' ਦੇ ਨਾਂ ਨਾਲ ਬੜੀ ਪ੍ਰਸਿਧ ਹੈ, ਜਿਸ ਦੀ ਧੁਨੀ ਆਦਿ ਗ੍ਰੰਥ ਵਿਚ ਆਸਾ ਦੀ ਵਾਰ ਉਤੇ ਚੜ੍ਹੀ ਹੋਈ ਹੈ। ਰਾਜੇ ਸਾਰੰਗ ਨੇ ਬੁਢੇ ਵਾਰੇ ਇਕ ਮੁਟਿਆਰ ਰੂਪਮਤੀ ਨਾਲ ਵਿਆਹ ਕਰਵਾ ਲਿਆ। ਅਸਰਾਜ ਉਦੋਂ ਚੜ੍ਹਦੀ ਜਵਾਨੀ ਵਿਚ ਸੀ। ਰਾਣੀ ਰੂਪਮਤੀ ਨੇ ਜਵਾਨੀ ਦੇ ਅੰਨ੍ਹੇ ਜੋਸ਼ ਵਿਚ ਆਪਣੀ ਸੌਂਕਣ ਦੇ ਪੁੱਤਰ ਅਸਰਾਜ ਨਾਲ ਲਿੰਗ-ਸਬੰਧ ਜੋੜਨੇ ਚਾਹੇ, ਪਰ ਧਰਮੀ ਅਸਰਾਜ ਧਰਮ ਤੋਂ ਨਾ ਡਿਗਿਆ।

ਰਾਣੀ ਰੂਪਮਤੀ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਸ ਨੇ ਅਸਰਾਜ ਉਤੇ ਝੂਠੀ ਤੁਹਮਤ ਲਗਾ ਕੇ ਰਾਜੇ ਦੇ ਅਜਿਹੇ ਕੰਨ ਭਰੇ ਕਿ ਰਾਜੇ ਸਾਰੰਗ ਨੇ ਅਸਰਾਜ ਨੂੰ ਫਾਹੇ ਦੇਣ ਦਾ ਹੁਕਮ ਦੇ ਦਿਤਾ। ਰਾਜੇ ਦੇ ਵਜ਼ੀਰ ਨੂੰ, ਅਸਰਾਜ ਦੇ ਨਿਰਦੋਸ਼ ਹੋਣ ਦਾ ਯਕੀਨ ਸੀ। ਸੋ ਉਸ ਨੇ ਜੱਲਾਦਾਂ ਨੂੰ ਅੰਦਰਖਾਤੇ ਕਹਿ ਦਿਤਾ ਕਿ ਅਸਰਾਜ ਨੂੰ ਮਾਰਨ ਦੀ ਥਾਂ, ਉਸ ਦਾ ਕੇਵਲ ਇਕੋ ਹੱਥ ਵੱਢ ਕੇ ਉਸ ਨੂੰ ਖੂਹ ਵਿਚ ਰੱਬ ਦੇ ਆਸਰੇ ਸੁਟ ਦਿਤਾ ਜਾਵੇ।

ਸੌਦਾਗਰਾਂ ਦਾ ਇਕ ਕਾਫ਼ਲਾ ਉਧਰੋਂ ਲੰਘਿਆ। ਉਨ੍ਹਾਂ ਨੇ ਖੂਹ ਵਿਚੋਂ ਟੁੰਡੇ ਨੂੰ ਬਾਹਰ ਕਢਿਆ ਤੇ ਜ਼ਖ਼ਮਾਂ ਦੀ ਮਲ੍ਹਮ ਪੱਟੀ ਕੀਤੀ। ਕਾਫ਼ਲੇ ਵਾਲੇ ਅਸਰਾਜ ਨੂੰ ਆਪਣੇ ਨਾਲ ਲੈ ਤੁਰੇ; ਪਰ ਰਾਹ ਵਿਚ ਉਨ੍ਹਾਂ ਨੇ ਟੁੰਡੇ ਨੂੰ ਇਕ ਧੋਬੀ ਅਗੇ ਵੇਚ ਦਿਤਾ। ਧੋਬੀ ਟੁੰਡੇ ਨੂੰ ਬਲਦ ਉਤੇ ਕਪੜਾ ਲਦ ਦੇਂਦਾ ਅਤੇ ਟੁੰਡਾ ਬਲਦ ਨੂੰ ਹਿਕਦਾ ਹੋਇਆ ਘਾਟ ਲੈ ਜਾਂਦਾ।

ਕੁਝ ਸਾਲ ਲੰਘੇ ਤਾਂ ਉਸ ਦੇਸ਼ ਦਾ ਰਾਜਾ ਮਰ ਗਿਆ। ਨਿਰਸੰਤਾਨ ਹੋਣ ਕਰ ਕੇ ਪਿਛੇ ਗੱਦੀ ਦਾ ਕੋਈ ਵਾਰਸ ਨਹੀਂ ਸੀ। ਵਜ਼ੀਰਾਂ ਨੇ ਸਲਾਹ ਕੀਤੀ ਕਿ ਸ਼ਹਿਰ ਦੇ ਵਡੇ ਦਰਵਾਜ਼ੇ ਨੂੰ ਬੰਦ ਕਰ ਕੇ ਜੰਦਰਾ ਮਾਰ ਦਿਤਾ ਜਾਵੇ। ਜਿਸ ਭਾਗਵਾਨ ਦੇ ਹੱਥਾਂ ਦੀ ਛੁਹ ਨਾਲ ਜੰਦਰਾ ਖੁਲ੍ਹੇ ਉਸੇ ਨੂੰ ਰਾਜ ਤਿਲਕ ਲਗਾ ਕੇ ਗੱਦੀ ਉਤੇ ਬਿਠਾ ਦਿਤਾ ਜਾਵੇ। ਉਦੋਂ ਇਸ ਤਰ੍ਹਾਂ ਦੀ ਚੋਵੀ ਚੋਣ ਦਾ ਆਮ ਰਵਾਜ ਸੀ।

ਸ਼ਹਿਰ ਦੇ ਸਭ ਲੋਕਾਂ ਨੇ ਵਾਰੋ ਵਾਰੀ ਜੰਦਰੇ ਨੂੰ ਹੱਥ ਲਗਾਇਆ, ਪਰ ਜੰਦਰਾ ਨਾ ਖੁਲ੍ਹਿਆ। ਧੋਬੀ ਨੇ ਟੁੰਡੇ ਅਸਰਾਜੇ ਨੂੰ ਕਿਹਾ ਕਿ ਉਹ ਵੀ ਕਿਸਮਤ ਅਜ਼ਮਾ ਵੇਖੇ। ਟੁੰਡੇ ਅਸਰਾਜੇ ਵਿਚ ਸ਼ਾਹੀ ਖ਼ੂਨ ਸੀ, ਉਸ ਦਾ ਹੱਥ ਲਗਦਿਆਂ ਸਾਰ ਤਾਲਾ ਖੁਲ੍ਹ ਗਿਆ। ਵਜ਼ੀਰਾਂ ਨੇ ਟੁੰਡੇ ਅਸਰਾਜੇ ਨੂੰ ਤਿਲਕ ਲਗਾ ਕੇ ਰਾਜ ਗੱਦੀ ਉਤੇ ਬਿਠਾ ਦਿਤਾ।

ਇਕ ਵਾਰ ਰਾਜੇ ਸਾਰੰਗ ਦੇ ਰਾਜ ਵਿਚ ਵਰਖਾ ਨਾ ਹੋਣ ਕਾਰਨ ਕਾਲ ਪੈ ਗਿਆ। ਟੁੰਡੇ ਅਸਰਾਜ ਕੋਲ ਅੰਨ ਦੇ ਚੋਖੇ ਭੰਡਾਰੇ ਸਨ। ਸਾਰੰਗ ਨੇ ਆਪਣੇ ਮੰਤਰੀ ਨੂੰ ਅਸਰਾਜ ਕੋਲ ਅੰਨ ਖ਼ਰੀਦਣ ਲਈ ਭੇਜਿਆ। ਸੰਜੋਗ ਨਾਲ ਇਹ ਉਹੀ ਮੰਤਰੀ ਸੀ ਜਿਸ ਨੇ ਜੱਲਾਦਾਂ ਨੂੰ ਅਸਰਾਜ ਨੂੰ ਕਤਲ ਕਰਨ ਤੋਂ ਵਰਜਿਆ ਸੀ। ਟੁੰਡੇ ਅਸਰਾਜ ਨੇ ਵਜ਼ੀਰ ਨੂੰ ਪਛਾਣ ਲਿਆ ਤੇ ਉਸ ਦੀ ਬੜੀ ਆਓ ਭਗਤ ਕੀਤੀ। ਅਸਰਾਜ ਨੇ ਵਜ਼ੀਰ ਨੂੰ ਆਪਣੀ ਅਸਲੀਅਤ ਦਸ ਦਿਤੀ। ਉਸ ਨੂੰ ਬਹੁਤ ਸਾਰਾ ਅੰਨ ਬਿਨਾਂ ਮੁੱਲ ਦੇ ਸਹਾਇਤਾ ਵਜੋਂ ਦਿਤਾ।

ਵਜ਼ੀਰ ਨੇ ਦੇਸ਼ ਵਾਪਸ ਜਾ ਕੇ ਰਾਜੇ ਸਾਰੰਗ ਨੂੰ ਟੁੰਡੇ ਅਸਰਾਜ ਦੀ ਸਾਰੀ ਵਿਥਿਆ ਸੁਣਾਈ ਅਤੇ ਉਸ ਦੇ ਰਾਜ ਪ੍ਰਬੰਧ ਦੀ ਬੜੀ ਸਿਫ਼ਤ ਕੀਤੀ। ਰਾਜੇ ਸਾਰੰਗ ਨੂੰ ਪਹਿਲੋਂ ਹੀ ਦਾਸੀਆਂ ਦੁਆਰਾ ਰਾਣੀ ਰੂਪਮਤੀ ਵਲੋਂ ਅਸਰਾਜ ਉਤੇ ਝੂਠੀ ਤੁਹਮਤ ਲਗਾਉਣ ਦੀ ਗੱਲ ਦਾ ਪਤਾ ਲੱਗ ਚੁਕਾ ਸੀ। ਸੋ ਉਹ ਪੁੱਤਰ ਦੇ ਰਾਜੇ ਦੇ ਰੂਪ ਵਿਚ ਜ਼ਿੰਦਾ ਹੋਣ ਦੀ ਗੱਲ ਸੁਣ ਕੇ ਬਹੁਤ ਖ਼ੁਸ਼ ਹੋਇਆ। ਉਸ ਨੇ ਅਸਰਾਜ ਨੂੰ ਵਾਪਸ ਲਿਆਉਣ ਲਈ ਉਸੇ ਪੈਰ ਵਜ਼ੀਰ ਨੂੰ ਭੇਜਿਆ ਤਾਂ ਜੋ ਸਾਰੰਗ ਆਪਣਾ ਰਾਜ ਭਾਗ ਉਸ ਨੂੰ ਸੌਂਪ ਸਕੇ।

ਜਦੋਂ ਟੁੰਡਾ ਅਸਰਾਜ ਲਸ਼ਕਰ ਸਮੇਤ ਰਾਜੇ ਸਾਰੰਗ ਦੀ ਨਗਰੀ ਦੇ ਬਾਹਰ ਪੁੱਜਾ ਤਾਂ ਅਸਰਾਜ ਦੇ ਮਤ੍ਰੇਏ ਭਰਾ ਸਰਦੂਲ ਨੂੰ ਸਾਰੀ ਗੱਲ ਦਾ ਪਤਾ ਲੱਗਾ। ਸੋ ਸਰਦੂਲ ਰਾਏ ਆਪਣੇ ਲਸ਼ਕਰ ਸਮੇਤ ਲੜਨ ਲਈ ਮੈਦਾਨ ਵਿਚ ਨਿਤਰਿਆ। ਦੋਹਾਂ ਭਰਾਵਾਂ ਵਿਚ ਚੰਗੀ ਲੜਾਈ ਹੋਈ। ਅਖ਼ੀਰ ਵਿਚ ਫ਼ਤਹਿ ਟੁੰਡੇ ਅਸਰਾਜ ਦੀ ਹੋਈ। ਟੁੰਡੇ ਅਸਰਾਜ ਨੇ ਦੋਹਾਂ ਦੇਸ਼ਾਂ ਨੂੰ ਮਿਲਾ ਕੇ ਇਕ ਵੱਡਾ ਰਾਜ ਸਥਾਪਿਤ ਕੀਤਾ।

ਢਾਡੀਆਂ ਨੇ ਧਰਮੀ ਤੇ ਸੂਰਬੀਰ ਟੁੰਡੇ ਅਸਰਾਜ ਦੀ ਉਸਤੱਤੀ ਵਿਚ ਇਕ ਵਾਰ ਰਚੀ ਜਿਸ ਦੀ ਇਕ ਪਉੜੀ ਇਉਂ ਹੈ :—

ਭਬਕਿਉ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ
ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ
ਖੱਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ
ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ
ਫੱਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ

ਇਹ ਵਾਰ ਮੁਕੰਮਲ ਰੂਪ ਵਿਚ ਨਹੀਂ ਮਿਲਦੀ।

ਇਹ ਕਥਾ ਪੂਰਨ ਭਗਤ ਦੇ ਕਿੱਸੇ ਨਾਲ ਕਾਫ਼ੀ ਸਮਾਨਤਾ ਰਖਦੀ ਹੈ। ਜਾਪਦਾ ਹੈ ਕਿ ਜੋਗ ਮਤ ਦੀ ਚੜ੍ਹਤ ਸਮੇਂ ਉਪ੍ਰੋਕਤ ਕਥਾ ਦੇ ਸਮਾਨਾਂਤਰ ਨਵੀਂ ਕਥਾ ਸਿਰਜ ਕੇ ਪੂਰਨ ਭਗਤ ਨਾਲ ਜੋੜ ਦਿਤੀ ਗਈ ਅਤੇ ਇਸ ਕਥਾ ਦੁਆਰਾ ਜੋਗ ਮਤ ਦੀ ਅਜ਼ਮਤ ਦਰਸਾਈ ਜਾਣ ਲੱਗੀ। (ਵੇਖੋ : ਪੂਰਨ ਭਗਤ)

(ਅ-43) **ਅਸਰਾਈਲ** :

(ਵੇਖੋ : ਇਸਰਾਈਲ)।

(ਅ-44) **ਅਸਲੀ ਜੱਟ** :

ਜੱਟਾਂ ਦੀਆਂ ਤਿੰਨ ਜਾਤੀਆਂ — 'ਭੁੱਲਰ', 'ਮਾਨ' ਤੇ 'ਹੇਰ੍ਹ' (ਹੇਹਰ) ਆਪਣੇ ਆਪ ਨੂੰ ਅਸਲੀ ਜੱਟਾਂ ਦੀਆਂ ਢਾਈ ਜਾਤੀਆਂ ਦਸਦੇ ਹਨ। ਧਾਰਨਾ ਅਨੁਸਾਰ 'ਭੁੱਲਰ' ਤੇ 'ਮਾਨ' ਪੂਰੇ ਅਸਲੀ ਜੱਟ ਹਨ, ਪਰ ਹੇਹਰ ਅੱਧੇ ਅਸਲੀ। ਇਨ੍ਹਾਂ ਤਿੰਨਾਂ ਕਬੀਲਿਆਂ ਅਨੁਸਾਰ ਬਾਕੀ ਸਭ ਜੱਟ ਕਬੀਲੇ ਮੁਢੋਂ ਦੇ ਜੱਟ ਨਹੀਂ; ਰਾਜਪੂਤੀ ਅਸਲੇ ਦੇ ਜੱਟ ਹਨ। ਇਨ੍ਹਾਂ ਜੱਟਾਂ ਦੇ ਕਥਨ ਅਨੁਸਾਰ ਇਹ ਤਿੰਨੋਂ ਜਾਤੀਆਂ ਪ੍ਰਾਚੀਨ ਕਾਲ ਤੋਂ ਹੀ ਬਾਰੀ ਦੁਆਬ ਵਿਚ ਵਸ ਰਹੀਆਂ ਹਨ ਅਤੇ ਪੰਜਾਬ ਦੇ ਮੂਲ ਆਦਿ ਵਾਸੀਆਂ ਵਿਚੋਂ ਹਨ। ਪ੍ਰਾਚੀਨ ਕਾਲ ਵਿਚ ਇਨ੍ਹਾਂ ਨੂੰ ਘਟਰ, ਘੋਟ ਜਾਂ ਗਟ (ਸੰਸਕ੍ਰਿਤ ਧਤ) ਕਹਿੰਦੇ ਸਨ ਤੇ ਇਹੋ ਸ਼ਬਦ ਪਿਛੋਂ ਜੱਟ ਵਿਚ ਬਦਲ ਗਿਆ। (ਵੇਖੋ : ਜੱਟ)

(ਅ-45) **ਅਸਲੇ ਤੇ ਮੁੱਢੀ** :

ਮਧਕਾਲੀ ਕਥਾ ਦੇ ਦੋ ਵਿਸ਼ੇਸ਼, ਵਿਲੱਖਣ ਤੇ ਰੌਚਕ ਰੂਪ ਮੁਢੀ ਤੇ ਅਸਲੇ ਹਨ। ਜਿਵੇਂ ਕਿ ਇਨ੍ਹਾਂ ਦੇ ਨਾਵਾਂ ਤੋਂ ਹੀ ਪ੍ਰਗਟ ਹੁੰਦਾ ਹੈ, ਇਨ੍ਹਾਂ ਕਥਾਵਾਂ ਵਿਚ ਕਿਸੇ ਵਸਤੂ, ਪ੍ਰਾਣੀ, ਰੂਪ-ਰੰਗ, ਪ੍ਰਾਕ੍ਰਿਤਕ ਪਰਪੰਚ ਤੇ ਚਰਿਤ੍ਰ-ਲਛਣ (Trait) ਦੇ ਮੁੱਢ ਬਾਰੇ ਜਾਂ ਕਿਸੇ ਕਾਰਨ ਦਾ ਨਿਰਣਾ, ਕਿਸੇ ਪ੍ਰਾਗਤਿਹਾਸਕ ਘਟਨਾ ਦੁਆਰਾ ਪੇਸ਼ ਕੀਤਾ ਹੁੰਦਾ ਹੈ ਜੋ ਮੂਲ ਵਿਚ ਲੋਕ-ਮਨ ਦੀ ਹੀ ਇਕ ਅਭਿਵਿਅਕਤੀ ਹੈ। ਇਸ ਮੁੱਢ, ਕਾਰਨ, ਨਿਰਣੇ ਤੇ ਵਿਆਖਿਆ ਦੀ ਕੋਈ ਵਿਗਿਆਨਕ ਹੋਂਦ ਨਹੀਂ ਹੁੰਦੀ।

ਇਨ੍ਹਾਂ ਕਥਾਵਾਂ ਦੀ ਸਿਰਜਨਾ ਦਾ ਇਕ ਆਧਾਰ ਸਾਦ੍ਰਿਸ਼ਤਾ ਹੈ, ਜੋ ਕਲਪਨਾ ਦੇ ਸੰਜੋਗ ਨਾਲ ਵਚਿਤ੍ਰ ਰੂਪ ਗ੍ਰਹਿਣ ਕਰ ਲੈਂਦੀ ਹੈ। ਜੋ ਕੁਝ ਮਾਨਵ-ਜਗਤ ਵਿਚ ਵਾਪਰਦਾ ਹੈ ਉਸ ਦੇ ਅਨੁਰੂਪ ਪ੍ਰਾਕ੍ਰਿਤਕ ਜਗਤ, ਜੜ੍ਹ-ਸੰਸਾਰ ਤੇ ਸੂਖਮ ਜਗਤ ਵਿਚ ਵੀ ਘਟਦਾ ਵਾਪਰਦਾ ਮੰਨਿਆ ਜਾਂਦਾ ਹੈ। ਮਾਨਵ ਵਾਂਗ ਹੀ ਸੂਖਮ ਤੇ ਜੜ੍ਹ-ਜਗਤ ਵਿਚ ਪ੍ਰਵਾਰਿਕ ਰਿਸ਼ਤੇ ਤੇ ਮਨੋ-ਬਿਰਤੀਆਂ ਹਨ। ਉਦਾਹਰਣ ਵਜੋਂ ਸੂਰਜ ਦੇ ਕਾਣੇ ਹੋਣ ਬਾਰੇ ਇਕ ਮੁਢੀ ਲਓ — ਇਕ ਵਾਰ ਸੂਰਜ ਤੇ ਚੰਨ ਦੀ ਮਾਂ ਕਹਿਣ ਲੱਗੀ — "ਬੱਚਿਓ ! ਮੈਂ ਨਹਾਣ ਲੱਗੀ ਹਾਂ, ਤੁਸੀਂ ਰਤਾ ਕੁ ਉਹਲੇ ਹੋ ਜਾਓ।" ਚੰਨ ਤੇ ਸੂਰਜ ਦੋਵੇਂ ਦਰੱਖ਼ਤ ਦੇ ਓਹਲੇ ਹੋ ਖਲੋਤੇ। ਚੰਨ ਤਾਂ ਸਿਰ ਨੀਵਾਂ ਪਾਈ ਧਿਆਨ ਮਗਨ ਖੜਾ ਰਿਹਾ, ਪਰ ਸੂਰਜ ਕਾਣੀ ਅੱਖ ਨਾਲ ਮਾਂ ਵਲ ਝਾਕਦਾ ਰਿਹਾ। ਮਾਂ ਨੇ ਵੇਖ ਲਿਆ ਤੇ ਕਰੋਧ ਵਿਚ ਆ ਕੇ ਸੂਰਜ ਨੂੰ ਸਰਾਪ ਦਿਤਾ — "ਸੂਰਜਾ ! ਤੂੰ ਹਮੇਸ਼ਾਂ ਕਾਣਾ ਹੀ ਰਹੇਂਗਾ।" ਸੋ ਸੂਰਜ ਰਹਿੰਦੀ ਦੁਨੀਆਂ ਤਕ ਕਾਣਾ ਹੋ ਗਿਆ। ਸੂਰਜ ਨੂੰ ਕਾਣਾ ਇਸ ਲਈ ਵੀ ਕਿਹਾ ਜਾਂਦਾ ਹੈ ਕਿ ਦੋਵੇਂ ਅੱਖਾਂ ਖੋਲ੍ਹ ਕੇ ਉਸ ਵਲ ਵੇਖਿਆ ਨਹੀਂ ਜਾ ਸਕਦਾ, ਕਾਣੀ ਅੱਖ ਨਾਲ ਹੀ ਵੇਖਣਾ ਪੈਂਦਾ ਹੈ।

ਨਾਰੀਅਲ ਦੀ ਮਨੁੱਖ ਦੇ ਸਿਰ ਨਾਲ ਸਾਦ੍ਰਿਸ਼ਤਾ ਤੋਂ ਇਕ ਮੁਢੀ ਦਾ ਨਿਰਮਾਣ ਹੋਇਆ : ਪਹਿਲਾਂ ਬੱਚੇ ਨਾਰੀਅਲ ਦੇ ਪੇੜ ਨਾਲ ਲੱਗਦੇ ਸਨ। ਜਿਸ ਕਿਸੇ ਨੂੰ ਬੱਚੇ ਦੀ ਲੋੜ ਪੈਂਦੀ, ਉਹ ਨਾਰੀਅਲ ਤੋੜ ਕੇ ਲੈ ਜਾਂਦਾ ਅਤੇ ਨਾਰੀਅਲ ਭੰਨ ਕੇ ਵਿਚੋਂ ਬਾਲ ਕੱਢ ਲੈਂਦਾ। ਜਦੋਂ ਕੋਈ ਬਾਲ ਬੀਮਾਰ ਪੈ ਜਾਂਦਾ ਤਾਂ ਲੋਕੀਂ ਉਸ ਨੂੰ ਸੰਭਾਲਣ ਦੀ ਥਾਂ ਰੂੜੀ ਉਪਰ ਸੁੱਟ ਆਉਂਦੇ। ਬੱਚਿਆਂ ਦੇ ਇਹ ਦੁਖ ਦੇਖ ਕੇ ਇਕ ਮਹਾਤਮਾ ਨੇ ਪ੍ਰਭੂ ਅੱਗੇ ਅਰਦਾਸ ਕੀਤੀ ਕਿ ਬੱਚੇ ਪੇੜ ਦੀ ਥਾਂ ਮਾਂ ਦੀ ਅੰਦਰ ਨਾਲ ਲੱਗਿਆ ਕਰਨ ਤਾਂ ਜੋ ਮਾਵਾਂ ਦੇ ਦਿਲ ਵਿਚ ਉਨ੍ਹਾਂ ਲਈ ਪਿਆਰ ਉਭਰੇ।

ਇਸੇ ਤਰ੍ਹਾਂ ਦੀਆਂ ਅਨੇਕਾਂ ਹੋਰ ਮੁਢੀਆਂ — ਮੋਰ ਦੇ ਪੰਖ ਪੱਖੇ ਵਾਂਗ ਕਿਉਂ ਹਨ; ਮੋਰ ਪੈਰਾਂ ਨੂੰ ਵੇਖ ਕੇ ਝੂਰਦਾ ਕਿਉਂ ਹੈ; ਸੂਰਜ ਗ੍ਰਹਿਣ ਕਿਉਂ ਲੱਗਦਾ ਹੈ; ਭੁਚਾਲ ਕਿਉਂ ਆਉਂਦੇ ਹਨ ਆਦਿ ਪ੍ਰਚਲਤ ਹਨ ਜੋ ਮਾਨਵ ਜੀਵਨ ਦੀ ਸਾਦ੍ਰਿਸ਼ਤਾ ਉਪਰ ਰਚੀਆਂ ਗਈਆਂ ਹਨ।

ਪਰ ਕੁਝ ਮੁਢੀਆਂ ਦਾ ਆਧਾਰ ਮਾਨਵ-ਜਗਤ ਦੇ ਕਿਸੇ ਕਰਮ ਦਾ ਅਦਭੁਤ ਪ੍ਰਤਿਕਰਮ ਜਾਂ ਫਲ ਹੈ। ਜਿਵੇਂ ਕਿਸੇ ਤੀਵੀਂ ਨੇ ਸਾਵੀਆਂ ਪੀਲੀਆਂ ਮਿਰਚਾਂ ਛੱਤ ਉਪਰ ਸੁਕਣੇ ਪਾਈਆਂ ਤਾਂ ਤੇਜ਼ ਹਨੇਰੀ ਆਉਣ ਨਾਲ ਉਹ ਅਸਮਾਨ ਤੇ ਤੋਤੇ ਬਣ ਕੇ ਉੱਡਣ ਲੱਗੀਆਂ। ਇਕ ਪਤੀਬ੍ਰਤ ਤੀਵੀਂ, ਜੋ ਸਦਾ ਖ਼ਾਵੰਦ ਦੇ ਭੋਜਨ ਕਰਨ ਤੋਂ ਬਾਅਦ ਖਾਣਾ ਖਾਇਆ ਕਰਦੀ ਸੀ, ਪਤੀ ਨੂੰ ਉਡੀਕਦੀ ਨੇ ਭੁੱਖ ਤੋਂ ਆਤੁਰ ਹੋ ਕੇ ਚਾਵਲ ਮੂੰਹ ਵਿਚ ਪਾ ਲਏ। ਅਚਨਚੇਤ ਪਤੀ ਉਪਰੋਂ ਆ ਧਮਕਿਆ। ਪਤਨੀ ਨੇ ਝਟ ਦਰਵਾਜ਼ੇ ਦੇ ਪਿਛੇ ਚਾਵਲ ਫਤੂਕ ਦਿਤੇ ਤੇ ਰੱਬ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਉਸ ਦੀ ਲਾਜ ਰਖੇ। ਉਹ ਚਾਵਲ ਚਿੱਟੇ ਕਬੂਤਰ ਬਣ ਕੇ ਉੱਡ ਗਏ।

ਮੁਢੀ ਦੀ ਰੌਚਕਤਾ ਉਸ ਦੀ ਘਟਨਾ ਵਿਚ ਨਹੀਂ, ਘਟਨਾ ਤੋਂ ਉਪਜੇ ਫਲ ਵਿਚ ਹੈ, ਜੋ ਹਮੇਸ਼ਾਂ ਅਸਚਰਜ ਹੁੰਦਾ ਹੈ। ਘਟਨਾ ਕਰਮ ਦੀ ਵਾਸਤਵਿਕਤਾ ਤੋਂ ਪਰਾਸਰੀਰਕਤਾ ਵਲ ਦਾ ਸਫ਼ਰ ਭਾਵੇਂ ਛਿੰਨ ਪਲ ਦਾ ਹੁੰਦਾ ਹੈ, ਇਸੇ ਵਿਚ ਹੀ ਉਸ ਦੀ ਰੌਚਕਤਾ ਤੇ ਸਿਖਰ ਹੈ। ਮੁਢੀ ਵਿਚ ਬ੍ਰਿਤਾਂਤ ਦਾ ਅੰਸ਼ ਅਲਪ ਮਾਤਰਾ ਵਿਚ ਹੀ ਹੁੰਦਾ ਹੈ। ਕਥਾ ਸਮੇਂ ਸਥਾਨ ਵਿਚ ਫੈਲਦੀ

ਨਹੀਂ, ਇਕ ਬਿੰਦੂ ਉਤੇ ਹੀ ਸਥਿਤ ਹੁੰਦੀ ਹੈ ਜੋ ਕਿਧਰੇ ਰਤਾ ਵਧੇਰੇ ਫੈਲ ਜਾਂਦਾ ਹੈ।

ਮੁਢੀ ਇਕ ਪਾਸੇ ਮਿਥ ਦੀ ਸੀਮਾ ਛੁੰਹਦੀ ਹੈ ਤਾਂ ਦੂਜੇ ਬੰਨੇ ਦੰਦ-ਕਥਾ (Legend) ਦੀ। ਮੁਢੀ ਤੇ ਮਿਥ ਵਿਚ ਮੂਲ ਅੰਤਰ ਇਸ ਗੱਲ ਵਿਚ ਹੈ ਕਿ ਮਿਥ ਵਿਚ ਕਿਸੇ ਕੁਲ ਕਬੀਲੇ, ਸੰਪ੍ਰਦਾਇ ਦੀ ਸ਼ਰਧਾ ਤੇ ਆਸਥਾ ਹੁੰਦੀ ਹੈ ਜੋ ਮੁਢੀ ਵਿਚ ਨਹੀਂ ਹੁੰਦੀ। ਮੁਢੀ ਨੂੰ ਕੇਵਲ ਕਹਾਣੀ ਰੂਪ ਵਿਚ ਹੀ ਸੁਣਿਆ ਸੁਣਾਇਆ ਜਾਂਦਾ ਹੈ। ਗ੍ਰਹਿਣ ਲੱਗਣ ਬਾਰੇ ਜੋ ਮਿਥ ਪ੍ਰਚਲਤ ਹੈ ਉਹ ਗ੍ਰਹਿਣ ਨੂੰ ਦੇਵਤਿਆਂ ਤੇ ਅਸੁਰਾਂ ਵਿਚਕਾਰ ਅੰਮ੍ਰਿਤ ਦੀ ਵੰਡ ਤੋਂ ਹੋਏ ਝਗੜੇ ਦਾ ਫਲ ਦਸਦੀ ਹੈ, ਪਰ ਮੁਢੀ ਅਨੁਸਾਰ ਸੂਰਜ ਨੇ ਡੂੰਮ ਤੋਂ ਰੁਪਏ ਉਧਾਰੇ ਲੈ ਕੇ ਵਾਪਸ ਨਹੀਂ ਕੀਤੇ ਤੇ ਜਦੋਂ ਡੂੰਮ ਰੁਪਏ ਮੰਗਣ ਨਿਕਲਦਾ ਹੈ ਤਾਂ ਸੂਰਜ ਮੂੰਹ ਛੁਪਾ ਲੈਂਦਾ ਹੈ ਤੇ ਲੋਕ ਭਾਟੜਿਆਂ ਨੂੰ ਦਾਨ ਦੇ ਕੇ ਉਸ ਦੇ ਰਿਣ ਦਾ ਵਿਆਜ ਉਤਾਰਦੇ ਹਨ।

ਮੁਢੀ ਜਦੋਂ ਕਿਸੇ ਸਥਾਨ ਨਾਲ ਸੰਬੰਧਿਤ ਹੋਵੇ ਤਾਂ ਉਹ ਸਥਾਨਿਕ ਦੰਦ-ਕਥਾ ਦਾ ਰੂਪ ਧਾਰ ਲੈਂਦੀ ਹੈ। ਅਨੇਕਾਂ ਕਥਾਵਾਂ ਜੋ ਕਿਸੇ ਸਰੋਵਰ, ਨਦੀ ਨਾਲੇ, ਚਸ਼ਮੇ, ਗੁਫਾ, ਪਹਾੜੀ ਟਿੱਲੇ ਤੇ ਸਿਲ ਆਦਿ ਦੇ ਮੁੱਢ ਦੀ ਵਿਆਖਿਆ ਕਰਦੀਆਂ ਜਾਂ ਕਿਸੇ ਵਿਸ਼ੇਸ਼ ਗੱਲ ਦਾ ਕਾਰਨ ਦਸਦੀਆਂ ਹਨ, ਜੇ ਮੂਲ ਘਟਨਾ ਪ੍ਰਾਗਤਿਹਾਸਕ ਕਾਲ ਵਿਚ ਵਾਪਰੀ ਹੋਵੇ ਤਾਂ ਉਹ ਮੁਢੀ ਹੈ; ਜੇ ਇਤਿਹਾਸਕ ਕਾਲ ਵਿਚ ਤਾਂ ਉਹ ਦੰਦ-ਕਥਾ। ਤਾਂ ਵੀ Explanatory ਸੁਭਾਵ ਦੀਆਂ ਕੁਝ ਦੰਦ-ਕਥਾਵਾਂ ਮੁਢੀ ਦੀ ਸੀਮਾ ਜਾ ਛੁਹੰਦੀਆਂ ਹਨ।

ਅਸਲੇ ਤੇ ਮੁਢੀ ਦੋਵੇਂ ਸ਼ਬਦ ਵਧੇਰੇ ਧਨੀ ਦੇ ਇਲਾਕੇ ਵਿਚ ਪ੍ਰਚਲਤ ਹਨ। ਮੁਢੀ ਤੇ ਅਸਲੇ ਦੋਵੇਂ ਇਕ ਦੂਜੇ ਦੇ ਸਮਾਨਾਰਥਕ ਵੀ ਵਰਤ ਲਏ ਜਾਂਦੇ ਹਨ ਤੇ ਦੋਹਾਂ ਦੇ ਸ਼ਾਬਦਿਕ ਅਰਥ ਵੀ ਇਕੋ ਹਨ। ਪਰ ਜੇ ਜ਼ਰਾ ਗਹੁ ਨਾਲ ਵਿਚਾਰਿਆ ਜਾਵੇ ਤਾਂ ਅਸਲਾ ਸ਼ਬਦ ਮੁਢੀ ਨਾਲੋਂ ਬੁਨਿਆਦੀ ਤੌਰ ਤੇ ਕੁਝ ਅੰਤਰ ਰਖਦਾ ਹੈ। ਸੈਮਟਿਕ ਤੇ ਇਸਲਾਮੀ ਮਿਥਾਂ, ਮਨੌਤਾਂ ਤੇ ਸੰਕਲਪਾਂ ਦੇ ਆਧਾਰ ਉਪਰ ਜਿਨ੍ਹਾਂ ਮੁਢੀਆਂ ਦਾ ਨਿਰਮਾਣ ਹੋਇਆ ਉਨ੍ਹਾਂ ਨੂੰ ਅਸਲਾ ਕਿਹਾ ਜਾਂਦਾ ਹੈ। ਮੁਰਕੀਆਂ (ਕੰਨ ਦਾ ਗਹਿਣਾ) ਬਾਰੇ ਇਕ ਅਸਲਾ ਇਉਂ ਪ੍ਰਚਲਤ ਹੈ — ਹਜ਼ਰਤ ਇਬਰਾਹੀਮ ਦੀ ਪਤਨੀ ਸਾਰਾਹ ਨੇ ਉਨ੍ਹਾਂ ਤੋਂ ਪ੍ਰਣ ਲਿਆ ਕਿ ਉਹ ਕਦੇ ਹਾਜਿਰਾ ਦੀ ਸੰਗਤ ਨਹੀਂ ਕਰਨਗੇ, ਪ੍ਰਣ ਭੰਗ ਕਰਨ ਉਤੇ ਇਬਰਾਹੀਮ ਨੂੰ ਹਾਜਿਰਾ ਦਾ ਕੋਈ ਅੰਗ ਭੰਗ ਕਰਨਾ ਪਏਗਾ। ਇਕ ਦਿਨ ਸਾਰਾਹ ਨੇ ਇਬਰਾਹੀਮ ਨੂੰ ਹਾਜਿਰਾ ਦੀ ਸੰਗਤ ਵਿਚ ਵੇਖ ਲਿਆ ਤੇ ਪ੍ਰਣ ਭੰਗ ਕਰਨ ਦੇ ਪ੍ਰਾਸਚਿਤ ਵਿਚ ਉਨ੍ਹਾਂ ਨੂੰ ਹਾਜਿਰਾ ਦਾ ਕੋਈ ਅੰਗ ਭੰਗ ਕਰਨ ਦੀ ਚੇਤਾਵਨੀ ਦਿਤੀ। ਹਜ਼ਰਤ ਇਬਰਾਹੀਮ ਨੇ ਹਾਜਿਰਾ ਦੇ ਕੰਨ ਵਿਚ ਮੋਰੀ ਕਰ ਕੇ ਸਾਰਾਹ ਨੂੰ ਖ਼ੁਸ਼ ਕਰ ਲਿਆ। ਮਗਰੋਂ ਹਾਜਿਰਾ ਦੇ ਕੰਨਾਂ ਦੀ ਮੋਰੀ ਵਿਚ ਮੁਰਕੀ ਪਹਿਨਾ ਕੇ ਉਸ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ। ਮੁਸਲਮਾਨਾਂ ਵਿਚ ਇਸੇ ਘਟਨਾ ਦੀ ਯਾਦ ਵਿਚ ਮੁਰਕੀਆਂ ਪਹਿਨਣ ਦੀ ਪ੍ਰਥਾ ਚਲੀ।

ਇਸੇ ਤਰ੍ਹਾਂ ਸੁੰਨਤ ਬਾਰੇ ਵੀ ਇਕ ਅਸਲਾ ਮਿਲਦਾ ਹੈ। (ਵੇਖੋ : ਸੁੰਨਤ)

ਇਸੇ ਤਰ੍ਹਾਂ ਧਰਤੀ ਦੇ ਲਹੂ ਨੂੰ ਨਾ ਪੀਣ ਬਾਰੇ ਇਕ ਅਸਲਾ ਇਉਂ ਪ੍ਰਚਲਤ ਹੈ — ਜਦੋਂ ਕਾਬੀਲ ਨੇ ਇਸਤ੍ਰੀ ਦੀ ਖ਼ਾਤਰ ਹਾਬੀਲ ਦੀ ਹੱਤਿਆ ਕਰ ਦਿਤੀ ਤਾਂ ਅੱਲਾ ਨੇ ਕਾਬੀਲ ਨੂੰ ਇਸ ਪਾਪ ਦੀ ਸਜ਼ਾ ਦੇਣੀ ਚਾਹੀ, ਪਰ ਕਾਬੀਲ ਨੇ ਅੱਲਾ ਤੋਂ ਕਤਲ ਦਾ ਸਬੂਤ ਮੰਗਿਆ। ਉਦੋਂ ਤੋਂ ਅੱਲਾ ਨੇ ਧਰਤੀ ਨੂੰ ਆਦੇਸ਼ ਦਿਤਾ ਕਿ ਉਹ ਲਹੂ ਨਾ ਪੀਤਾ ਕਰੇ ਤਾਂ ਜੋ ਜੀਵ-ਹੱਤਿਆ ਦਾ ਸਬੂਤ ਕਾਇਮ ਰਹੇ।

ਮੁਢੀ ਤੇ ਅਸਲਾ ਦੀਆਂ ਕਥਾਵਾਂ ਦਾ ਸਭਿਆਚਾਰਕ ਪਰਪੇਖ ਵਿਚ ਅਧਿਐਨ ਭਾਵੇਂ ਬੜਾ ਰੌਚਕ ਹੈ, ਪਰ ਇਹ ਕਥਾਵਾਂ ਬਹੁਤੀ ਮਾਤਰਾ ਵਿਚ ਮਿਲਦੀਆਂ ਨਹੀਂ। ('ਅਸਲੇ' ਬਾਰੇ ਇਕ ਹੱਥ-ਲਿਖਤੀ ਖਰੜਾ ਲੇਖਕ ਨੇ ਆਪਣੇ ਦਾਦਕੇ ਪਿੰਡ ਪਾਤਸ਼ਾਹਾਨ, ਜ਼ਿਲਾ ਜਿਹਲਮ ਵਿਚ ਵੇਖਿਆ ਸੀ। ਪਰ ਉਦੋਂ ਉਸ ਦੀ ਸੰਭਾਲ ਦੀ ਸੋਝੀ ਨਹੀਂ ਸੀ। ਦੇਸ਼ ਵੰਡ ਸਮੇਂ ਉਹ ਉਥੇ ਹੀ ਰਹਿ ਗਿਆ ਸੀ। ਲੇਖਕ ਦੇ ਦਾਦਾ ਜੀ ਪਟਵਾਰੀ ਸਨ ਤੇ ਉਨ੍ਹਾਂ ਦੇ ਕੋਲ ਕਈ ਖਰੜੇ ਸਨ।)

(ਅ-46) **ਅਸ਼੍ਵ :**

ਘੋੜਾ; ਵੈਦਿਕ ਕਾਲ ਤੋਂ ਹੀ ਅਸ਼੍ਵ ਨੂੰ ਸਮਾਜਕ ਤੇ ਧਾਰਮਿਕ ਜੀਵਨ ਵਿਚ ਬੜੀ ਮਾਨਤਾ ਪ੍ਰਾਪਤ ਰਹੀ ਹੈ। ਅਸ਼੍ਵਮੇਧ ਯੱਗ ਵਿਚ ਘੋੜੇ ਦੀ ਬਲੀ ਦੇਣ ਦੀ ਪ੍ਰਥਾ ਸੀ ਅਤੇ ਇਹ ਯੱਗ ਬਾਕੀ ਸਭ ਯੱਗਾਂ ਨਾਲੋਂ ਉੱਤਮ ਮੰਨਿਆ ਜਾਂਦਾ ਸੀ। ਅਸ਼੍ਵ ਦੋ ਪ੍ਰਸਿਧ ਦੇਵਤਿਆਂ — ਅਸ਼੍ਵਨੀ ਕੁਮਾਰਾਂ ਦਾ ਵੀ ਪ੍ਰਤੀਕ ਹੈ। ਇਹ ਦੋਵੇਂ ਜੋੜੇ ਭਰਾ ਸੰਝ ਤੇ ਸਵੇਰ ਦੇ ਦੇਵਤੇ ਮੰਨੇ ਜਾਂਦੇ ਹਨ। ਸੰਸਕ੍ਰਿਤ ਦੇ ਤਿੰਨ ਪ੍ਰਸਿਧ ਗ੍ਰੰਥ, ਅਸ਼੍ਵ ਨਾਲ ਸਬੰਧਿਤ ਹਨ — ਅਸ਼੍ਵ ਸਤੋਮਿਯ, ਅਸ਼੍ਵ ਸੂਕਤ, ਅਸ਼੍ਵਮੇਧ ਖੰਡ। ਅਸ਼੍ਵ ਅਜ ਕਲ੍ਹ ਵੀ ਕਈ ਸਮਾਜਿਕ ਰੀਤਾਂ ਸਮੇਂ ਮਹੱਤਵਪੂਰਨ ਸਥਾਨ ਰਖਦਾ ਹੈ, ਜਿਵੇਂ ਲਾੜ੍ਹੇ ਦਾ ਘੋੜੀ ਚੜ੍ਹਨਾ, ਘੋੜੀ ਦੇ ਵਾਲ ਗੁੰਦਣੇ, ਘੋੜੀ ਨੂੰ ਦਾਲ ਖਵਾਣੀ, ਕੰਨਿਆਂ ਨੂੰ ਵਰ ਦੀ ਘੋੜੀ ਹੇਠੋਂ ਤਿੰਨ ਵਾਰ ਲੰਘਾਉਣਾ ਆਦਿ। ਘੋੜੇ ਦੇ ਵਾਲ ਦੀ ਤਵੀਤਾਂ ਵਿਚ ਵਰਤੋਂ ਕੀਤੀ ਜਾਵੇ ਤਾਂ ਉਸ ਦੀ ਸਮਰਥਾ ਵਧਦੀ ਹੈ। ਨਵਾਂ ਭਾਂਡਾ ਪਹਿਲਾਂ ਘੋੜੇ ਨੂੰ ਸੁੰਘਾ ਕੇ ਵਰਤਿਆ ਜਾਂਦਾ ਹੈ। ਲੜਾਈ ਸਮੇਂ ਘੋੜੇ ਦਾ ਹਿਣਕਣਾ ਸ਼ੁਭ ਸ਼ਗਨ ਸਮਝਿਆ ਗਿਆ ਹੈ। (ਵੇਖੋ : ਘੋੜਾ)

(ਅ-47) **ਅਸ਼੍ਵਸੇਨ :**

ਨਾਗ-ਰਾਜਾ ਤਖਸ਼ਕ ਦਾ ਪੁੱਤਰ। ਜਦੋਂ ਪਾਂਡਵਾਂ ਨੇ ਖਾਂਡਵ ਬਣ ਵਿਚ ਅੱਗ ਲਗਾਈ ਤਾਂ ਅਸ਼੍ਵਸੇਨ ਦੀ ਰੱਖਿਆ ਕਰਦਿਆਂ ਉਸ ਦੀ ਮਾਤਾ ਮਾਰੀ ਗਈ। ਜਦੋਂ ਖਾਂਡਵ ਬਣ ਵਿਚ ਅਸ਼੍ਵਸੇਨ ਦਾ ਅੱਧਾ ਸਰੀਰ ਅੱਗ ਵਿਚ ਝੁਲਸ ਗਿਆ ਤਾਂ ਇੰਦਰ ਨੇ ਉਹਦੇ ਪ੍ਰਾਣਾਂ ਦੀ ਰੱਖਿਆ ਖ਼ਾਤਰ ਮੂਸਲਾਧਾਰ ਮੀਂਹ ਵਸਾਇਆ। ਮਹਾਂਭਾਰਤ ਦੇ ਯੁੱਧ ਵਿਚ ਅਸ਼੍ਵਸੇਨ ਨੇ ਕੌਰਵਾਂ ਦਾ ਸਾਥ ਦਿਤਾ ਅਤੇ ਆਪਣੀ ਮਾਤਾ ਦਾ ਬਦਲਾ ਲੈਣ ਲਈ ਉਸ ਨੇ ਅਰਜਨ ਨੂੰ ਮਾਰਨ ਦੀ ਪ੍ਰਤਿੱਗਿਆ ਕੀਤੀ, ਪਰ ਉਹ ਅਰਜਨ ਹੱਥੋਂ ਖ਼ੁਦ ਮਾਰਿਆ ਗਿਆ।

(ਅ-48) **ਅਸ਼੍ਵਕਰਣ :**

ਸਕੰਦ ਪੁਰਾਣ ਅਨੁਸਾਰ ਬਵਿੰਜਾ ਬੀਰਾਂ ਵਿਚੋਂ ਇਕ ਬੀਰ। (ਵੇਖੋ : ਬੀਰ)

(ਅ-49) **ਅਸ਼੍ਵਕੇਤੂ :**

ਇਕ ਰਾਜਾ ਜੋ ਮਹਾਂਭਾਰਤ ਦੇ ਯੁੱਧ ਵਿਚ ਕੌਰਵਾਂ ਵਲੋਂ ਲੜਦਾ ਹੋਇਆ ਅਭਿਮਨਯੂ ਹੱਥੋਂ ਮਾਰਿਆ ਗਿਆ।

(ਅ-50) **ਅਸ਼੍ਵਤਰ :**

ਸੱਪਾਂ ਦੀਆਂ ਅਠਾਰਾਂ ਕੁਲਾਂ ਵਿਚੋਂ ਇਕ ਕੁਲ। (ਵੇਖੋ : ਸੱਪ)

(ਅ-51) **ਅਸ਼੍ਵਥਾਮਾ :**

ਮਹਾਂਭਾਰਤ ਦੇ ਯੁੱਧ ਵਿਚ, ਕੌਰਵਾਂ ਦਾ ਇਕ ਸੈਨਾਪਤੀ, ਜੋ ਕ੍ਰਿਪੀ ਦੇ ਉਦਰ ਤੋਂ ਦ੍ਰੋਣ ਦਾ ਪੁੱਤਰ ਸੀ। ਜਨਮ ਵੇਲੇ ਇਸ ਦੇ ਕੰਠ ਵਿਚੋਂ ਹਿਣਕਣ ਦੀ ਧੁਨੀ ਨਿਕਲੀ ਜਿਸ ਕਰ ਕੇ ਇਸ ਦਾ ਨਾਉਂ ਅਸ਼੍ਵਥਾਮਾ ਰਖਿਆ ਗਿਆ। ਦ੍ਰੋਣਾ ਦਾ ਪੁੱਤਰ ਹੋਣ ਦੇ ਨਾਤੇ ਇਸ ਨੂੰ ਦ੍ਰੋਣਾਯਨ ਵੀ ਕਹਿੰਦੇ ਹਨ। ਮਹਾਂਭਾਰਤ ਦੇ ਯੁੱਧ ਵਿਚ ਇਸ ਨੇ ਬੜੀ ਬੀਰਤਾ ਵਿਖਾਈ ਅਤੇ ਪਾਂਡਵ-ਪੱਖ ਦੇ ਕਈ ਯੋਧਿਆਂ ਦਾ ਬੱਧ ਕੀਤਾ। ਇਕ ਵਾਰ ਅਸ਼੍ਵਥਾਮਾ ਨੇ ਰਾਤ ਵੇਲੇ ਸੁੱਤੇ ਪਏ ਪਾਂਡਵਾਂ ਉਤੇ ਹੱਲਾ ਬੋਲ ਕੇ ਧ੍ਰਿਸ਼ਟਦੁਮਨ ਨੂੰ, ਜਿਸ ਦੇ ਹੱਥੋਂ ਉਸ ਦੇ ਪਿਉ ਦ੍ਰੋਣ ਦੀ ਮੌਤ ਹੋਈ ਸੀ, ਮਾਰ ਸੁਟਿਆ। ਫਿਰ ਉਸ ਨੇ ਦਰੁਪਦ ਦੇ ਦੂਜੇ ਪੁੱਤਰ ਸ਼ਿਖੰਡੀ ਅਤੇ ਪਾਂਡਵਾਂ ਦੇ ਪੰਜਾਂ ਪੁੱਤਰਾਂ ਨੂੰ ਖ਼ਤਮ ਕਰ ਦਿਤਾ। ਪੁੱਤਰਾਂ ਦੇ ਵਿਜੋਗ ਵਿਚ ਦ੍ਰੋਪਦੀ ਵਿਰਲਾਪ ਕਰਨ ਲੱਗੀ। ਅਰਜਨ ਨੇ ਬਦਲਾ ਲੈਣ ਦੀ ਭਾਵਨਾ ਨਾਲ ਅਸ਼੍ਵਥਾਮਾ ਦਾ ਬ੍ਰਹਮ ਅਸਤ੍ਰ ਨਾਲ ਬੱਧ ਕਰਨਾ ਚਾਹਿਆ, ਪਰ ਵਿਆਸ, ਨਾਰਦ ਅਤੇ ਯੁਧਿਸ਼ਟਰ ਆਦਿ ਨੇ ਅਰਜਨ ਨੂੰ ਵਾਰ ਕਰਨ ਤੋਂ ਵਰਜਿਆ ਤੇ ਬ੍ਰਾਹਮਣ ਹੋਣ ਦੇ ਨਾਤੇ ਅਸ਼੍ਵਥਾਮਾ ਦੀ ਜਾਨ ਬਖ਼ਸ਼ੀ ਲਈ ਬੇਨਤੀ ਕੀਤੀ। ਅਰਜਨ ਦੀ ਪ੍ਰੇਰਨਾ ਤੇ ਦ੍ਰੋਪਦੀ ਨੇ ਇਸ ਸ਼ਰਤ ਉਤੇ ਅਸ਼੍ਵਥਾਮਾ ਦੀ ਜਾਨ ਬਖ਼ਸ਼ੀ ਕੀਤੀ ਕਿ ਉਸ ਤੋਂ ਮੁਕਟ-ਮਣੀ

ਖੋਹ ਲਈ ਜਾਵੇ। ਅਰਜਨ ਨੇ ਉਸ ਦੀ ਮਣੀ ਉਤਾਰ ਕੇ ਦ੍ਰੋਪਦੀ ਨੂੰ ਦਿਤੀ। ਦ੍ਰੋਪਦੀ ਨੇ ਉਹ ਮਣੀ ਅਗੋਂ ਯੁਧਿਸ਼ਟਰ ਨੂੰ ਆਪਣੇ ਸਿਰ ਉਤੇ ਧਾਰਨ ਲਈ ਦੇ ਦਿਤੀ।

ਅਸ੍ਵਥਾਮਾ ਨੇ ਪਰੀਕਸ਼ਤ ਨੂੰ ਗਰਭ ਵਿਚ ਹੀ ਬ੍ਰਹਮ ਅਸਤ੍ਰ ਦੁਆਰਾ ਨਸ਼ਟ ਕਰ ਦਿਤਾ। ਜਦੋਂ ਕ੍ਰਿਸ਼ਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਅਸ੍ਵਥਾਮਾ ਨੂੰ ਸਰਾਪ ਦੇ ਕੇ ਪਰੀਕਸ਼ਤ ਨੂੰ ਮੁੜ ਸੁਰਜੀਤ ਕਰ ਲਿਆ।

(ਅ-52) **ਅਸਵਦ (ਸੰਗੇ ਅਸਵਦ)** :

ਕਾਅਬੇ ਵਿਚ ਇਕ ਕਾਲੇ ਰੰਗ ਦਾ ਪੱਥਰ, ਜਿਸ ਨੂੰ ਮੁਸਲਮਾਨ ਸ੍ਰਿਸ਼ਟੀ ਦੀ ਸਭ ਤੋਂ ਪੂਜਨੀਕ ਵਸਤੂ ਮੰਨਦੇ ਹਨ। ਮੱਕੇ ਵਿਚ ਹੱਜ ਲਈ ਗਏ ਮੁਸਲਮਾਨ ਇਸੇ ਪੱਥਰ ਦੇ ਦਰਸ਼ਨ ਕਰਦੇ ਹੋਏ ਉਸ ਨੂੰ ਆਦਰ ਨਾਲ ਚੁੰਮਦੇ ਹਨ।

ਮੁਸਲਮਾਨੀ ਅਕੀਦੇ ਅਨੁਸਾਰ ਕਿਆਮਤ ਵੇਲੇ ਜਦੋਂ ਸਭ ਰੂਹਾਂ ਕਬਰਾਂ ਵਿਚੋਂ ਉਠਣਗੀਆਂ ਤਾਂ ਅੱਲਾ ਸਭਨਾਂ ਰੂਹਾਂ ਨੂੰ ਸੰਸਾਰ ਵਿਚ ਕੀਤੇ ਚੰਗੇ ਮੰਦੇ ਕਰਮਾਂ ਦਾ ਫਲ ਦੇਵੇਗਾ। ਉਦੋਂ ਅਸਵਦ ਨੂੰ ਅੱਖਾਂ ਤੇ ਜ਼ਬਾਨ ਲੱਗ ਜਾਵੇਗੀ ਅਤੇ ਇਹ ਪੱਥਰ ਉਨ੍ਹਾਂ ਮੋਮਨਾਂ ਨੂੰ ਪਛਾਣ ਲਏਗਾ ਜਿਨ੍ਹਾਂ ਹੱਜ ਕਰਨ ਵੇਲੇ ਉਸ ਨੂੰ ਚੁੰਮਿਆ ਸੀ। ਇਸੇ ਪੱਥਰ ਦੀ ਗਵਾਹੀ ਉਤੇ ਉਨ੍ਹਾਂ ਦੇ ਸਭ ਗੁਨਾਹ ਮੁਆਫ਼ ਕਰ ਦਿਤੇ ਜਾਣਗੇ। ਮੁਸਲਮਾਨੀ ਰਵਾਇਤਾਂ ਅਨੁਸਾਰ ਇਹ ਪੱਥਰ ਬਹਿਸ਼ਤ ਵਿਚੋਂ ਧਰਤੀ ਉਤੇ ਡਿਗਿਆ ਸੀ। ਪਹਿਲਾਂ ਇਹ ਪੱਥਰ ਧੌਲੇ ਰੰਗ ਦਾ ਸੀ, ਪਰ ਧਰਤੀ ਉਤੇ ਮਨੁਖ ਦੀ ਛੂਹ ਨਾਲ ਉਸ ਦਾ ਰੰਗ ਕਾਲਾ ਹੋ ਗਿਆ।

(ਅ-53) **ਅਸ਼੍ਵਨੀ** :

ਸਤਾਈ ਨਛੱਤ੍ਰਾਂ ਵਿਚੋਂ ਪਹਿਲਾ ਨਛੱਤ੍ਰ। ਇਸ ਨਛੱਤ੍ਰ ਵਿਚ ਤਾਰਿਆਂ ਦਾ ਸਮੂਹ ਘੋੜੇ ਦੇ ਮੂੰਹ ਦੀ ਸ਼ਕਲ ਦਾ ਹੈ, ਜਿਸ ਤੋਂ ਇਸ ਨਛੱਤ੍ਰ ਦਾ ਨਾਂ ਅਸ਼ਿਵਨੀ ਪਿਆ। ਅੱਸੂ ਦੀ 'ਸਰਦ ਪੂਰਨਮਾ' ਨੂੰ ਚੰਨ ਇਸੇ ਨਛੱਤ੍ਰ ਵਿਚ ਹੁੰਦਾ ਹੈ। (ਵੇਖੋ : ਸਰਦ ਪੂਰਨਮਾ) ਇਸ ਨਛੱਤ੍ਰ ਦਾ ਸਬੰਧ ਦਖਸ਼ ਦੀ ਜੇਠੀ ਲੜਕੀ ਅਸ਼ਵਨੀ ਨਾਲ ਵੀ ਜੋੜਿਆ ਜਾਂਦਾ ਹੈ। ਚੰਦਰਮਾ ਨੇ ਅਸ਼ਵਨੀ ਤੇ ਉਸ ਦੀਆਂ 26 ਹੋਰ ਭੈਣਾਂ ਨਾਲ ਵਿਆਹ ਕੀਤਾ ਹੋਇਆ ਸੀ। ਪਰ ਚੰਦਰਮਾ ਦਖਸ਼ ਦੀ ਚੌਥੀ ਲੜਕੀ ਰੋਹਿਨੀ ਨਾਲ ਵਧੇਰੇ ਪ੍ਰੇਮ ਕਰਦਾ ਸੀ ਜਿਸ ਕਰ ਕੇ ਅਸ਼ਵਨੀ ਤੇ ਉਸ ਦੀਆਂ ਬਾਕੀ ਭੈਣਾਂ ਰੋਹਿਨੀ ਨਾਲ ਈਰਖਾ ਕਰਦੀਆਂ ਸਨ। ਇਕ ਵਾਰ ਸਭਨਾਂ ਭੈਣਾਂ ਨੇ ਰਲ ਕੇ ਚੰਦਰਮੇ ਦੀ ਅਣਗਹਿਲੀ ਵਿਰੁੱਧ ਆਪਣੇ ਪਿਤਾ ਦਖਸ਼ ਅਗੇ ਸ਼ਿਕਾਇਤ ਕੀਤੀ। ਦਖਸ਼ ਨੇ ਚੰਦਰਮੇ ਨੂੰ ਬੜਾ ਸਮਝਾਇਆ ਕਿ ਉਹ ਸਭਨਾਂ ਨਾਲ ਇਕੋ ਜਿਹਾ ਪ੍ਰੇਮ ਕਰੇ, ਪਰ ਉਸ ਨੇ ਉੱਕੀ ਪਰਵਾਹ ਨਾ ਕੀਤੀ। ਦਖਸ਼ ਨੇ ਕਰੋਧ ਵਿਚ ਆ ਕੇ ਚੰਦਰਮੇ ਨੂੰ ਘੁਲ ਘੁਲ ਕੇ ਮਰਨ ਦਾ ਸਰਾਪ ਦੇ ਦਿਤਾ। ਚੌਧਵੇਂ ਦਿਨ ਜਦੋਂ ਚੰਦਰਮਾ ਸੁਕ ਕੇ ਤੀਲਾ ਹੋ ਗਿਆ ਤਾਂ ਅਸ਼ਵਨੀ ਤੇ ਉਸ ਦੀਆਂ ਭੈਣਾਂ ਇਹ ਦ੍ਰਿਸ਼ ਵੇਖ ਕੇ ਘਬਰਾ ਗਈਆਂ। ਉਨ੍ਹਾਂ ਨੇ ਦਖਸ਼ ਅਗੇ ਸਰਾਪ ਵਾਪਸ ਲੈਣ ਲਈ ਤਰਲੇ ਕੀਤੇ। ਦਖਸ਼ ਨੇ ਸਰਾਪ ਤਾਂ ਵਾਪਸ ਨਾ ਲਿਆ, ਪਰ ਚੰਦਰਮੇ ਨੂੰ ਇਹ ਵਰ ਦੇ ਦਿਤਾ ਕਿ ਚੌਧਵੇਂ ਦਿਨ ਮਗਰੋਂ ਉਹ ਮੁੜ ਪਹਿਲੀ ਅਵਸਥਾ ਵਿਚ ਆਉਣਾ ਸ਼ੁਰੂ ਹੋ ਜਾਵੇਗਾ ਅਤੇ ਇਹ ਸਿਲਸਿਲਾ ਉਸ ਦੀ ਹੋਣੀ ਬਣੇਗਾ। ਦਖਸ਼ ਦੇ ਵਰ ਸਦਕਾ ਚੰਦਰਮਾ ਫਿਰ ਨਰੋਆ ਹੋ ਕੇ ਵਧਣ ਲੱਗਾ।

ਇਕ ਹੋਰ ਕਥਾ ਅਨੁਸਾਰ ਅਸ਼ਵਨੀ ਤਵਸ਼ਟਾ ਦੀ ਕੰਨਿਆਂ ਸੀ। ਉਸ ਦਾ ਪਹਿਲਾ ਨਾਉਂ ਪ੍ਰਭਾ ਸੀ। ਉਸੇ ਨੂੰ ਸੰਗਿਆ ਵੀ ਕਹਿੰਦੇ ਹਨ। ਅਸ਼ਵਨੀ ਦਾ ਵਿਆਹ ਸੂਰਜ ਨਾਲ ਹੋਇਆ ਜਿਸ ਤੋਂ ਉਸ ਦੇ ਉਦਰ ਤੋਂ ਦੋ ਬੱਚੇ ਯਮ ਤੇ ਯਮੁਨਾ ਪੈਦਾ ਹੋਏ। ਜਦੋਂ ਸੂਰਜ ਦਾ ਤੇਜ ਪ੍ਰਤਾਪ ਉਸ ਤੋਂ ਝਲਿਆ ਨਾ ਗਿਆ ਤਾਂ ਉਹ ਆਪਣੀ ਥਾਂ 'ਛਾਇਆ' ਨੂੰ ਛੱਡ ਕੇ ਖ਼ੁਦ ਘੋੜੀ (ਅਸ਼ਵਨੀ) ਦਾ ਰੂਪ ਧਾਰ ਕੇ ਜੰਗਲ ਵਿਚ ਤਪੱਸਿਆ ਕਰਨ ਲੱਗੀ। ਉਦੋਂ ਤੋਂ ਉਸ ਦਾ ਨਾਂ ਅਸ਼ਵਨੀ ਪੈ ਗਿਆ। ਜਦੋਂ ਸੂਰਜ ਨੂੰ ਇਸ ਭੇਤ ਦਾ ਪਤਾ ਲੱਗਾ ਤਾਂ ਉਹ ਸੰਗਿਆ ਨੂੰ ਜੰਗਲ ਵਿਚ ਢੂੰਡਣ ਲਈ ਗਿਆ ਅਤੇ ਉਥੇ ਅਸ਼੍ਵ ਦਾ ਰੂਪ ਧਾਰ ਕੇ ਸੰਗਿਆ ਨਾਲ ਸਹਿਵਾਸ ਕੀਤਾ

ਜਿਸ ਤੋਂ ਅਸ਼੍ਵਿਨੀ ਕੁਮਾਰਾਂ ਦਾ ਜਨਮ ਹੋਇਆ। (ਵੇਖੋ : ਅਸ਼੍ਵਿਨੀ ਕੁਮਾਰ)

(ਅ-54) **ਅਸ਼੍ਵਿਨੀ ਕੁਮਾਰ** :

ਦੋ ਵੈਦਿਕ ਦੇਵਤੇ ਜੋ ਸੂਰਜ ਦੇ ਜੋੜੇ ਪੁੱਤਰ ਹਨ। ਹਰਿਵੰਸ਼ ਅਨੁਸਾਰ ਇਕ ਵਾਰ ਸੂਰਜ ਦੀ ਪਤਨੀ 'ਸੰਗਿਆ' ਆਪਣੇ ਪਤੀ ਦੇ ਤੇਜ ਪ੍ਰਤਾਪ ਦੀ ਝਾਲ ਨਾ ਝਲ ਸਕੀ ਤਾਂ ਉਹ ਘੋੜੀ ਦਾ ਰੂਪ ਧਾਰ ਕੇ ਜੰਗਲ ਵਿਚ ਜਾ ਛੁਪੀ ਅਤੇ ਆਪਣੀ ਥਾਂ ਆਪਣੀ ਹੀ ਆਕ੍ਰਿਤੀ ਦੀ ਇਕ ਬਨਾਉਟੀ ਇਸਤ੍ਰੀ 'ਛਾਇਆ' ਨੂੰ ਛਡ ਗਈ। ਸੂਰਜ ਨੇ ਦਿਬ-ਦ੍ਰਿਸ਼ਟੀ ਨਾਲ ਸਾਰੀ ਗੱਲ ਜਾਣ ਲਈ ਅਤੇ ਉਹ ਘੋੜੇ ਦਾ ਰੂਪ ਧਾਰ ਕੇ ਉਸ ਜੰਗਲ ਵਿਚ ਜਾ ਪਹੁੰਚਿਆ ਜਿਥੇ 'ਸੰਗਿਆ' ਘੋੜੀ ਦੀ ਕਾਇਆ ਵਿਚ ਘਾਹ ਚਰ ਰਹੀ ਸੀ। ਉਨ੍ਹਾਂ ਦੋਹਾਂ ਦੇ ਸੰਜੋਗ ਵਿਚੋਂ ਜੋ ਜੁੜਵੇਂ ਬੱਚੇ ਪੈਦਾ ਹੋਏ, ਉਹ ਅਸ਼੍ਵਿਨੀ ਕੁਮਾਰਾਂ ਦੇ ਨਾਂ ਨਾਲ ਪ੍ਰਸਿਧ ਹੋਏ। ਇਹ ਦੋਵੇਂ ਕੁਮਾਰ ਬੜੇ ਸੁੰਦਰ, ਤੇਜਸਵੀ ਤੇ ਜੋਬਨਵੰਤ ਹਨ।

ਦੋਵੇਂ ਅਸ਼੍ਵਿਨੀ ਪ੍ਰਭਾਤ ਤੇ ਸੰਝ ਦੇ ਦੇਵਤੇ ਮੰਨੇ ਜਾਂਦੇ ਹਨ। ਊਸ਼ਾ ਦੇ ਆਉਣ ਤੋਂ ਪਹਿਲਾਂ ਇਹ ਦੋਵੇਂ ਤਿੰਨ ਪਹੀਆਂ ਵਾਲੇ ਰੱਥ ਉਤੇ ਆਕਾਸ਼ ਮੰਡਲ ਦਾ ਭਰਮਣ ਕਰਦੇ ਹੋਏ ਊਸ਼ਾ ਲਈ ਰਾਹ ਬਣਾਉਂਦੇ ਹਨ। ਇਨ੍ਹਾਂ ਦੇ ਰਥ ਨੂੰ ਕਦੇ ਘੋੜੇ, ਕਦੇ ਗਰੜ, ਕਦੇ ਹੰਸ, ਬਲਦ ਜਾਂ ਖੋਤੇ ਹਿਕਦੇ ਹਨ। ਕਈ ਵਿਆਖਿਆਕਾਰ ਇਨ੍ਹਾਂ ਜੋੜੇ ਭਰਾਵਾਂ ਨੂੰ 'ਸਵਰਗ ਅਤੇ ਪ੍ਰਿਥਵੀ' ਜਾਂ 'ਦਿਨ ਅਤੇ ਰਾਤ' ਦੇ ਪ੍ਰਤੀਕ ਮੰਨਦੇ ਹਨ। ਯਾਸਕ ਦੇ ਵਿਚਾਰ ਅਨੁਸਾਰ ਅਸ਼੍ਵਿਨੀ ਜੋੜੇ ਅੰਧਕਾਰ ਤੋਂ ਪ੍ਰਕਾਸ਼ ਤਕ ਦੀ ਸੰਕ੍ਰਾਤੀ ਦਾ ਚਿੰਨ੍ਹ ਹਨ।

ਇਕ ਪੌਰਾਣਿਕ ਕਥਾ ਅਨੁਸਾਰ ਦੋਵੇਂ ਅਸ਼ਿਵਨੀ ਸਾਗਰ ਦੇ ਪੁੱਤਰ ਸਨ। ਧਾਰਨਾ ਹੈ ਕਿ ਇਨ੍ਹਾਂ ਦੀ ਪੂਜਾ ਕਰਨ ਨਾਲ ਸਮੁੰਦਰ ਵਿਚ ਜਹਾਜ਼ ਸੁਰੱਖਿਅਤ ਰਹਿੰਦੇ ਹਨ।

ਮਹਾਂਭਾਰਤ ਅਨੁਸਾਰ ਨਕੁਲ ਤੇ ਸਹਿਦੇਵ ਦੋਵੇਂ ਭਰਾ ਅਸ਼ਿਵਨੀ ਕੁਮਾਰਾਂ ਦੀ ਔਲਾਦ ਹਨ। ਇਹ ਦੋਵੇਂ ਭਰਾ ਪਾਂਡੂ ਦੀ ਵਿਧਵਾ ਇਸਤ੍ਰੀ 'ਮਾਦ੍ਰੀ' ਦੇ ਅਸ਼ਿਵਨੀ ਕੁਮਾਰਾਂ ਨਾਲ ਸਹਿਵਾਸ ਤੋਂ ਪੈਦਾ ਹੋਏ।

ਅਸ਼ਿਵਨੀ ਕੁਮਾਰਾਂ ਵਿਚ ਰੋਗਾਂ ਨੂੰ ਨਿਵਾਰਨ ਅਤੇ ਬੁੱਢਿਆਂ ਨੂੰ ਜਵਾਨੀ ਬਖ਼ਸ਼ਣ ਦੀ ਸਮ੍ਰਿਧੀ ਹੈ। ਸਤਪਥ ਬ੍ਰਾਹਮਣ ਅਨੁਸਾਰ ਸੁਕੰਨਿਆਂ ਦੇ ਪਤਿਬ੍ਰਤ ਧਰਮ ਉਤੇ ਖ਼ੁਸ਼ ਹੋਕੇ ਅਸ਼ਿਵਨੀ ਕੁਮਾਰਾਂ ਨੇ ਉਸ ਦੇ ਬੁੱਢੇ ਪਤੀ ਚਯਵਨ ਨੂੰ ਮੁੜ ਜਵਾਨ ਬਣਾ ਦਿਤਾ। (ਵੇਖੋ : ਚਯਵਨ) ਮਹਾਂਭਾਰਤ ਅਨੁਸਾਰ ਅਸ਼ਿਵਨੀਆਂ ਨੂੰ ਸੋਮਰਸ ਪੀਣ ਦੀ ਆਗਿਆ ਨਹੀਂ ਸੀ, ਚਯਵਨ ਨੇ ਯੱਗ ਕਰ ਕੇ ਅਤੇ ਇੰਦਰ ਨਾਲ ਯੁੱਧ ਕਰ ਕੇ ਇੰਦਰ ਤੋਂ ਅਸ਼ਿਵਨੀਆਂ ਨੂੰ ਸੋਮ ਰਸ ਪੀਣ ਦੀ ਆਗਿਆ ਦਿਵਾ ਦਿਤੀ।

(ਅ-55) **ਅਸ਼੍ਵਪਤੀ** :

(1) ਨਿਘਨ ਦੇ ਪੁੱਤਰ ਅਤੇ ਸਤ੍ਰਾਜਿਤ ਦੇ ਭਰਾ ਪ੍ਰਸੇਨ ਦੀ ਇਕ ਉਪਾਧੀ। ਪ੍ਰਸੇਨ ਦੈਵੀ ਮਣੀ 'ਸਯਮੰਤਕ' ਪਹਿਨ ਕੇ ਸ਼ਿਕਾਰ ਖੇਡਣ ਲਈ ਗਿਆ, ਪਰ ਸ਼ੇਰ ਹੱਥੋਂ ਮਾਰਿਆ ਗਿਆ। ਉਹ ਅਣਮੋਲ ਮਣੀ ਸੂਰਜ ਨੇ ਸਤ੍ਰਾਜਿਤ ਨੂੰ ਦਿਤੀ ਸੀ ਤੇ ਸਤ੍ਰਾਜਿਤ ਨੇ ਇਸ ਡਰੋਂ ਕਿ ਕਿਧਰੇ ਕ੍ਰਿਸ਼ਨ ਉਸ ਤੋਂ ਖੋਹ ਨਾ ਲਏ, ਉਹ ਮਣੀ ਆਪਣੇ ਭਰਾ ਪ੍ਰਸੇਨ ਦੇ ਹਵਾਲੇ ਕਰ ਦਿਤੀ, ਪਰ ਸ਼ੇਰ ਨੇ ਪ੍ਰਸੇਨ ਨੂੰ ਮਾਰ ਕੇ ਉਹ ਮਣੀ ਆਪਣੇ ਕੋਲ ਰਖ ਲਈ। ਰਿੱਛਾਂ ਦੇ ਰਾਜੇ, ਜਾਂਬਵਤ ਨੇ ਸ਼ੇਰ ਦਾ ਸੰਘਾਰ ਕਰ ਕੇ ਇਹ ਮਣੀ ਖ਼ੁਦ ਲੈ ਲਈ। ਪਰ ਅਖ਼ੀਰ ਕ੍ਰਿਸ਼ਨ ਨੇ ਜਾਂਬਵੰਤ ਨਾਲ ਯੁੱਧ ਕਰ ਕੇ ਉਸ ਤੋਂ ਇਹ ਮਣੀ ਪ੍ਰਾਪਤ ਕੀਤੀ ਅਤੇ ਮੁੜ ਸਤ੍ਰਾਜਿਤ ਨੂੰ ਸੌਂਪ ਦਿਤੀ। (ਵੇਖੋ : ਸਯਮੰਤਕ)

(2) ਕੈਕਯ ਦੇਸ਼ ਦਾ ਰਾਜਾ; ਦਸਰਥ ਦੀ ਛੋਟੀ ਰਾਣੀ ਕੈਕਈ ਇਸੇ ਦੀ ਲੜਕੀ ਸੀ।

(ਅ-56) **ਅਸ਼੍ਵਮੇਧ** :

ਇਕ ਵੈਦਿਕ ਯੱਗ, ਜਿਸ ਵਿਚ ਘੋੜੇ ਦੀ ਬਲੀ ਦੇਣ ਦਾ ਵਿਧਾਨ ਸੀ। ਇਹ ਯੱਗ ਸੰਤਾਨ ਦੀ ਪ੍ਰਾਪਤੀ ਅਤੇ ਰਾਜ ਖੇਤਰ ਦੇ ਵਿਸਥਾਰ ਦੀ ਕਾਮਨਾ ਨਾਲ ਕੀਤਾ ਜਾਂਦਾ ਸੀ। ਰਿਗ ਵੇਦ ਵਿਚ ਇਸ ਰਸਮ ਨਾਲ ਸੰਬੰਧਿਤ ਦੋ ਰਿਚਾਂ

ਉਪਲਬਧ ਹਨ, ਜਿਨ੍ਹਾਂ ਤੋਂ ਇਸ ਰੀਤ ਦੀ ਪ੍ਰਾਚੀਨਤਾ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸਤਪਥ ਬ੍ਰਾਹਮਣ (13, 1-5) ਅਤੇ ਤੈਤ੍ਰਿਯਾ ਬ੍ਰਾਹਮਣ (3, 8-9) ਵਿਚ ਅਸ੍ਵਮੇਧ ਦੀ ਰੀਤ ਸਮੇਂ ਦਿਤੀ ਜਾਂਦੀ ਬਲੀ ਦਾ ਵਿਸਥਾਰ ਪੂਰਵਕ ਵਰਨਣ ਦਰਜ ਹੈ। ਰਾਮਾਇਣ ਤੇ ਮਹਾਂਭਾਰਤ ਵਿਚ ਵੀ ਅਸ੍ਵਮੇਧ ਨਾਲ ਸੰਬੰਧਿਤ ਕਈ ਘਟਨਾਵਾਂ ਦਾ ਜ਼ਿਕਰ ਹੈ।

ਆਰੰਭ ਵਿਚ ਇਹ ਰਸਮ ਸੰਤਾਨ ਦੀ ਉਤਪੱਤੀ ਲਈ ਕੀਤੀ ਜਾਂਦੀ ਸੀ। ਵਿਸ਼ੇਸ਼ ਸੰਸਕਾਰਾਂ ਦੁਆਰਾ ਘੋੜੇ ਦੀ ਬਲੀ ਦਿਤੀ ਜਾਂਦੀ। ਵਡੀ ਰਾਣੀ ਇਕ ਚਾਦਰ ਓੜ੍ਹ ਕੇ ਸਾਰੀ ਰਾਤ ਘੋੜੇ ਦੀ ਲਾਸ਼ ਨਾਲ ਲੇਟੀ ਰਹਿੰਦੀ ਅਤੇ ਕੁਝ ਵਿਸ਼ੇਸ਼ ਪ੍ਰਕਾਰ ਦੇ ਕਰਮ-ਕਾਂਡ ਵੀ ਕਰਦੀ ਰਹਿੰਦੀ। ਰਾਜੇ ਦੀਆਂ ਬਾਕੀ ਰਾਣੀਆਂ ਸਾਰੀ ਰਾਤ ਘੋੜੇ ਦੀ ਮ੍ਰਿਤਕ ਦੇਹ ਕੋਲ ਮੌਨ ਬੈਠੀਆਂ ਰਹਿੰਦੀਆਂ। ਮਗਰੋਂ ਉਪਜਾਇਕਤਾ ਦੀ ਇਸ ਰੀਤ ਨਾਲ ਦਿਗ-ਵਿਜੈ ਦੀ ਰਸਮ ਵੀ ਜੋੜ ਦਿਤੀ ਗਈ ਤੇ ਅਸ੍ਵਮੇਧ ਰਾਜ ਖੇਤਰ ਨੂੰ ਵਿਸਥਾਰਣ ਤੇ ਸੈਨਿਕ ਪ੍ਰਾਕ੍ਰਮ ਨੂੰ ਪ੍ਰਗਟਾਣ ਦਾ ਇਕ ਵਸੀਲਾ ਬਣ ਗਿਆ। ਜਿਹੜਾ ਰਾਜਾ ਸਫਲਤਾ ਨਾਲ ਇਹ ਯੱਗ ਕਰ ਲੈਂਦਾ ਉਹ ਚੱਕਰਵਰਤੀ ਰਾਜਾ ਅਖਵਾਉਂਦਾ। ਐਤ੍ਰੇਯ ਬ੍ਰਾਹਮਣ ਵਿਚ ਉਨ੍ਹਾਂ ਪ੍ਰਾਚੀਨ ਕਾਲ ਦੇ ਰਾਜਿਆਂ ਦੀ ਲੰਮੀ ਸੂਚੀ ਮਿਲਦੀ ਹੈ, ਜਿਨ੍ਹਾਂ ਦਿਗ-ਵਿਜੈ ਤੋਂ ਪਿਛੋਂ ਅਸ੍ਵਮੇਧ ਕੀਤਾ ਤੇ ਚਕਰਵਰਤੀ ਰਾਜੇ ਪ੍ਰਸਿਧ ਹੋਏ।

ਅਸ੍ਵਮੇਧ ਦਾ ਆਰੰਭ ਫਗਣ ਜਾਂ ਜੇਠ ਸ਼ੁਦੀ ਅਠਵੀਂ ਨੂੰ ਕੀਤਾ ਜਾਂਦਾ ਸੀ, ਪਰ ਚੇਤਰ ਦੀ ਪੂਰਨਮਾਸ਼ੀ ਵਧੇਰੇ ਯੋਗ ਸਮਝੀ ਜਾਂਦੀ। ਖੁਲ੍ਹੀ ਰੁੱਤ ਵਿਚ ਚੰਗੀ ਨਸਲ ਦਾ ਚਿਟੇ ਰੰਗ ਦਾ ਇਕ ਘੋੜਾ ਚੁਣਿਆ ਜਾਂਦਾ, ਜਿਸ ਦੇ ਮਥੇ ਉਤੇ ਰਾਜੇ ਦਾ ਨਾਉਂ ਜਾਂ ਕੋਈ ਵਿਸ਼ੇਸ਼ ਰਾਜ-ਚਿੰਨ੍ਹ ਅੰਕਿਆ ਜਾਂਦਾ। ਫਿਰ ਕੁਝ ਰੀਤਾਂ ਰਸਮਾਂ ਤੇ ਵੇਦ ਮੰਤਰਾਂ ਦੇ ਉਚਾਰਨ ਮਗਰੋਂ ਘੋੜੇ ਨੂੰ ਇਕ ਸਾਲ ਲਈ ਬੇਮੁਹਾਰਾ ਛਡ ਦਿਤਾ ਜਾਂਦਾ। ਜਿਧਰ ਵੀ ਉਹ ਘੋੜਾ ਜਾਂਦਾ ਉਧਰ ਹੀ ਉਸ ਦੇ ਪਿਛੇ ਪਿਛੇ ਥੋੜੀ ਵਾਟ ਦੂਰ ਰਾਜੇ ਦੇ ਸਿਪਾਹੀ, ਰੱਖਿਅਕ ਤੇ ਉੱਚ-ਅਧਿਕਾਰੀ ਜਾਂਦੇ, ਤਾਂ ਜੋ ਕੋਈ ਉਸ ਘੋੜੇ ਨੂੰ ਚੁਰਾ ਕੇ ਨਾ ਲੈ ਜਾਵੇ ਜਾਂ ਉਸ ਦਾ ਰਾਹ ਨਾ ਰੋਕ ਲਏ। ਜਦੋਂ ਉਹ ਘੋੜਾ ਕਿਸੇ ਦੂਜੇ ਰਾਜੇ ਦੇ ਦੇਸ਼ ਦੀ ਹੱਦ ਵਿਚ ਦਾਖ਼ਲ ਹੁੰਦਾ ਤਾਂ ਉਥੋਂ ਦੇ ਰਾਜੇ ਨੂੰ ਜਾਂ ਤਾਂ ਘੋੜੇ ਦੇ ਸਵਾਮੀ ਰਾਜੇ ਦੀ ਅਧੀਨਗੀ ਕਬੂਲ ਕਰਨੀ ਪੈਂਦੀ ਜਾਂ ਫਿਰ ਯੁੱਧ ਕਰਨਾ ਪੈਂਦਾ। ਜਿਹੜਾ ਰਾਜਾ ਅਧੀਨਗੀ ਕਬੂਲ ਨਾ ਕਰਦਾ; ਉਹ ਘੋੜੇ ਨੂੰ ਪਕੜ ਕੇ ਬੰਨ੍ਹ ਲੈਂਦਾ। ਫਲਸਰੂਪ ਦੋਹਾਂ ਧਿਰਾਂ ਵਿਚ ਲੜਾਈ ਹੁੰਦੀ। ਜੇ ਘੋੜੇ ਦਾ ਸੁਆਮੀ ਫ਼ੌਜ ਦੁਆਰਾ ਘੋੜਾ ਛੁਡਾ ਲੈਂਦਾ ਤਾਂ ਹਾਰੇ ਹੋਏ ਰਾਜੇ ਨੂੰ ਉਸ ਦੀ ਤਹਿਤ ਕਬੂਲ ਕਰਨੀ ਪੈਂਦੀ। ਘੋੜੇ ਨੂੰ ਛੁਡਾਏ ਬਿਨਾਂ ਯੱਗ ਸੰਪੂਰਨ ਨਹੀਂ ਸੀ ਹੋ ਸਕਦਾ। ਜੇ ਘੋੜਾ ਗੁੰਮ/ਮਰ ਖਪ ਜਾਵੇ ਤਾਂ ਦੁਬਾਰਾ ਨਵਾਂ ਘੋੜਾ ਨਵੇਂ ਸਿਰਿਉਂ ਪੂਰਨ ਰੀਤ-ਮਰਯਾਦਾ ਨਾਲ ਛਡਿਆ ਜਾਂਦਾ।

ਸਾਲ ਭਰ ਦੇ ਦੌਰਾਨ ਜਦੋਂ ਘੋੜਾ ਦੂਜੇ ਦੇਸ਼ਾਂ ਵਿਚ ਵਿਚਰ ਰਿਹਾ ਹੁੰਦਾ; ਰਾਜਾ ਆਪਣੀ ਪਰਜਾ ਸਮੇਤ ਇਕ ਵਡੇ ਉਤਸ਼ਵ ਦੀ ਤਿਆਰੀ ਵਿਚ ਰੁਝਿਆ ਰਹਿੰਦਾ। ਹਰ ਰੋਜ਼ ਨੇਮ ਨਾਲ ਦੇਵਤਿਆਂ ਦੀ ਉਪਾਸ਼ਨਾ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਕੀਮਤੀ ਭੇਟਾਂ ਚਾੜ੍ਹੀਆਂ ਜਾਂਦੀਆਂ। ਪੰਡਤ ਦਿਗ-ਵਿਜੈ ਲਈ ਮੰਤਰਾਂ ਦਾ ਉਚਾਰਨ ਕਰਦੇ ਰਹਿੰਦੇ।

ਪੂਰੇ ਸਾਲ ਮਗਰੋਂ ਜਦੋਂ ਘੋੜਾ ਵਿਜੈ ਪ੍ਰਾਪਤ ਕਰ ਕੇ ਆਪਣੇ ਦੇਸ਼ ਵਾਪਸ ਆਉਂਦਾ ਤਾਂ ਤਿੰਨ ਦਿਨਾਂ ਲਈ ਇਕ ਵਡਾ ਸਮਾਗਮ ਕੀਤਾ ਜਾਂਦਾ, ਜਿਸ ਵਿਚ ਉਹ ਸਭ ਰਾਜੇ ਸ਼ਾਮਲ ਹੁੰਦੇ ਜਿਨ੍ਹਾਂ ਨੇ ਉਸ ਰਾਜੇ ਦੀ ਅਧੀਨਗੀ ਕਬੂਲ ਕਰ ਲਈ ਹੁੰਦੀ ਅਥਵਾ ਯੁੱਧ ਵਿਚ ਉਸ ਤੋਂ ਹਾਰ ਗਏ ਹੁੰਦੇ। ਇਕ ਵਡੇ ਯੱਗ ਮੰਡਪ ਵਿਚ ਅਠਾਰਾਂ ਹਵਨ ਬਣਾਏ ਜਾਂਦੇ। ਘੋੜੇ ਨੂੰ ਪਹਿਲਾਂ ਇਸ਼ਨਾਨ ਕਰਵਾਇਆ ਜਾਂਦਾ। ਫਿਰ ਉਸ ਨੂੰ ਕਈ ਤਰ੍ਹਾਂ ਦੇ ਸੁੰਦਰ ਬਸਤਰਾਂ ਅਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ। ਘੋੜੇ ਨੂੰ ਬਲੀ ਚਾੜ੍ਹਨ ਤੋਂ ਪਹਿਲਾਂ ਹੋਤਰ ਅਤੇ ਬ੍ਰਾਹਮਣ ਬ੍ਰਹਮੋਦਯ ਦੀ ਰੀਤ ਕਰਦੇ। ਹੋਤਰ ਬ੍ਰਾਹਮਣ ਤੋਂ ਕੁਝ ਅਧਿਆਤਮਕ ਬੁਝਾਰਤਾਂ ਪੁਛਦਾ। ਬਲੀ ਦੀਆਂ

ਹੀਤਾਂ ਸਮੇਂ ਰਾਜੇ ਦੀ ਵਡੀ ਰਾਣੀ ਸਭ ਤੋਂ ਵਧ ਚੜ੍ਹ ਕੇ ਹਿੱਸਾ ਲੈਂਦੀ ਤਾਂ ਜੋ ਉਸ ਵਿਚ ਸੰਤਾਨ ਪੈਦਾ ਕਰਨ ਦੀ ਸ਼ਕਤੀ ਵਧੇ। ਆਰੰਭ ਵਿਚ ਘੋੜੇ ਨਾਲ ਕੇਵਲ ਇਕੋ ਬਕਰੇ ਦੀ ਬਲੀ ਦਿਤੀ ਜਾਂਦੀ ਸੀ। ਪਰ ਹੌਲੇ ਹੌਲੇ ਜਦੋਂ ਇਹ ਰਸਮ ਵਧੇਰੇ ਗੁੰਝਲਦਾਰ ਹੁੰਦੀ ਗਈ ਤਾਂ ਅਨੇਕਾਂ ਪਸ਼ੂਆਂ ਦੀ ਬਲੀ ਦੇਣ ਦਾ ਰਿਵਾਜ ਪੈ ਗਿਆ। ਘੋੜੇ ਦਾ ਬੱਧ ਕਰਨ ਵੇਲੇ ਕਿਸੇ ਹਥਿਆਰ ਦੀ ਵਰਤੋਂ ਵਰਜਿਤ ਸੀ, ਕੇਵਲ ਇਕ ਚਿੱਟੇ ਕਪੜੇ ਨਾਲ ਉਸ ਦਾ ਗਲਾ ਘੁਟ ਦਿਤਾ ਜਾਂਦਾ ਸੀ। ਰਾਜੇ ਦੀ ਵਡੀ ਰਾਣੀ ਸਾਰੀ ਰਾਤ ਘੋੜੇ ਦੀ ਲਾਸ਼ ਨਾਲ ਚਾਦਰ ਓੜ੍ਹ ਕੇ ਲੇਟੀ ਰਹਿੰਦੀ। ਜਦੋਂ ਉਹ ਸੌਂ ਕੇ ਉਠਦੀ ਤਾਂ ਘੋੜੇ ਨੂੰ ਵਢ ਟੁਕ ਕੇ ਭੁੰਨਿਆਂ ਜਾਂਦਾ। ਮਾਸ ਦਾ ਕੁਝ ਹਿੱਸਾ ਪਰਜਾਪਤੀ ਨੂੰ ਭੇਟ ਕੀਤਾ ਜਾਂਦਾ। ਬਲੀ ਨਾਲ ਸੰਬੰਧਿਤ ਰਸਮਾਂ ਦੂਜੇ ਦਿਨ ਕੀਤੀਆਂ ਜਾਂਦੀਆਂ। ਤੀਜੇ ਦਿਨ ਸ਼ੁੱਧੀ ਦੀਆਂ ਰੀਤਾਂ ਕਰ ਕੇ ਦਾਨ-ਪੁੰਨ ਕੀਤਾ ਜਾਂਦਾ।

ਅਸ਼੍ਵਮੇਧ ਯੱਗ ਦਾ ਬੜਾ ਮਹਾਤਮ ਸੀ; ਅਜਿਹੇ ਸੌ ਯੱਗ ਕਰਨ ਵਾਲਾ ਰਾਜਾ, ਇੰਦਰ ਲੋਕ ਦਾ ਸਵਾਮੀ ਬਣ ਸਕਦਾ ਸੀ। ਅਜਿਹੇ ਰਾਜੇ ਦਾ ਵਿਸ਼ਵ ਦੇ ਸਭ ਦੇਵਤਿਆਂ ਉਤੇ ਅਧਿਕਾਰ ਕਾਇਮ ਹੋ ਜਾਂਦਾ ਸੀ। ਇਹੋ ਕਾਰਨ ਸੀ ਕਿ ਇੰਦਰ ਦੇਵਤਾ ਇਸ ਯੱਗ ਵਿਚ ਹਮੇਸ਼ਾਂ ਵਿਘਨ ਪਾਉਂਦਾ ਰਿਹਾ। ਪੁਰਾਣਾਂ ਵਿਚ ਕਈ ਥਾਈਂ ਇਸ ਵਿਘਨ ਦਾ ਉਲੇਖ ਹੈ।

ਪੁਰਾਣਾਂ ਅਨੁਸਾਰ ਬ੍ਰਹਮਾ ਨੇ ਅਜਿਹੇ ਦਸ ਯੱਗ ਬਨਾਰਸ ਵਿਚ ਦਸਮੇਧ ਘਾਟ ਉਤੇ ਕੀਤੇ ਸਨ, ਇਸੇ ਕਾਰਨ ਉਹ ਅਸਥਾਨ ਬੜਾ ਪਵਿੱਤਰ ਮੰਨਿਆ ਗਿਆ ਹੈ। ਅਸ਼੍ਵਮੇਧ ਯੱਗ ਗੁਨਾਹਾਂ ਦੇ ਪ੍ਰਾਸਚਿਤ ਲਈ ਵੀ ਕੀਤੇ ਜਾਂਦੇ ਰਹੇ। ਮਹਾਂਭਾਰਤ ਅਨੁਸਾਰ ਯੁਧਿਸ਼ਟਰ ਨੇ ਵਿਆਸ ਰਿਸ਼ੀ ਦੇ ਕਹਿਣ ਉਤੇ ਮਹਾਂਭਾਰਤ ਦੇ ਯੁੱਧ ਦੇ ਪ੍ਰਾਸਚਿਤ ਵਜੋਂ ਇਹ ਯੱਗ ਕੀਤਾ ਸੀ।

ਵਾਲਮੀਕੀ ਰਾਮਾਇਣ ਅਨੁਸਾਰ ਰਾਜਾ ਦਸਰਥ ਨੇ ਅਸ਼੍ਵਮੇਧ ਯੱਗ ਕੀਤਾ ਜਿਸ ਵਿਚ ਉਸ ਨੇ ਤਿੰਨ ਸੌ ਪਸ਼ੂਆਂ ਦੀ ਬਲੀ ਦਿਤੀ ਸੀ। ਬਲੀ ਵਾਲੇ ਘੋੜੇ ਨੂੰ ਰਾਣੀ ਕੁਸ਼ਲਿਆ ਨੇ ਖ਼ੁਦ ਤਲਵਾਰ ਨਾਲ ਕਟਿਆ ਤੇ ਉਹ ਸਾਰੀ ਰਾਤ ਉਸ ਦੀ ਦੇਹ ਨਾਲ ਸੁੱਤੀ ਰਹੀ। ਰਾਮ ਚੰਦਰ ਨੇ ਵੀ ਅਸ਼੍ਵਮੇਧ ਯੱਗ ਕੀਤਾ ਸੀ, ਪਰ ਉਨ੍ਹਾਂ ਦਾ ਘੋੜਾ ਲਊ ਕੁਸ਼ ਨੇ ਰੋਕ ਲਿਆ ਸੀ।

(ਅ-57) **ਅਸ਼੍ਵਮੁਖ** :

ਕਿੰਨਰ ਜਿਨ੍ਹਾਂ ਦੇ ਮੂੰਹ ਘੋੜਿਆਂ ਵਰਗੇ ਹਨ। ਪੁਰਾਣਾਂ ਅਨੁਸਾਰ ਕਿੰਨਰ ਨੱਚਣ ਗਾਉਣ ਵਿਚ ਬੜੇ ਮਾਹਿਰ ਹਨ। (ਵੇਖੋ : ਕਿੰਨਰ)

(ਅ-58) **ਅਸ਼੍ਵ-ਵਾਹਨ** :

ਸਕੰਦ ਪੁਰਾਣ ਅਨੁਸਾਰ ਬਵਿੰਜਾ ਬੀਰਾਂ ਵਿਚੋਂ ਇਕ ਬੀਰ। (ਵੇਖੋ : ਬੀਰ)

(ਅ-59) **ਅਸਵਾਰਾ ਸਾਹਿਬ** :

ਗੁਰੂ ਗ੍ਰੰਥ ਸਾਹਿਬ ਦਾ ਆਦਰ ਬੋਧਿਕ ਨਾਉਂ। ਜਲੂਸ ਵਿਚ ਆਦਿ ਗ੍ਰੰਥ ਦੀ ਸਜ-ਧਜ ਨਾਲ ਨਿਕਲੀ ਸਵਾਰੀ। ਜਦੋਂ ਗੁਰਪੁਰਬ ਸਮੇਂ ਜਲੂਸ ਨਿਕਲਦਾ ਹੈ ਤਾਂ ਜਲੂਸ ਦੇ ਅਖ਼ੀਰ ਵਿਚ ਇਕ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਹੁੰਦੀ ਹੈ, ਜਿਸ ਨੂੰ ਤਿਲੇ ਦੇ ਸਿਹਰਿਆਂ ਅਤੇ ਫੁੱਲਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇਸ ਸਵਾਰੀ ਨੂੰ ਸਤਿਕਾਰ ਨਾਲ ਅਸਵਾਰਾ ਸਾਹਿਬ ਕਹਿੰਦੇ ਹਨ। ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਥਾਨ ਤੋਂ ਦੂਜੇ ਸਥਾਨ ਉਤੇ ਲਿਜਾਉਣਾ ਹੋਵੇ ਤਾਂ ਸਤਿਕਾਰ ਵਜੋਂ ਇਹੋ ਪਦ ਵਰਤਿਆ ਜਾਂਦਾ ਹੈ।

(ਅ-60) **ਅਸਾ ਹਰਾ** :

ਇਕ ਸਥਾਨਿਕ ਦਿਉਤਾ; ਪੰਜਾਬ ਵਿਚ, ਖ਼ਾਸ ਤੌਰ ਤੇ ਗੁਰਦਾਸਪੁਰ ਦੇ ਇਲਾਕੇ ਵਿਚ, ਖੇਤਾਂ ਦੀਆਂ ਵਟਾਂ ਉਤੇ ਜਾਂ ਜੰਗਲ ਵਿਚ, ਪੱਥਰਾਂ ਨੂੰ ਇਕੱਠੇ ਕਰ ਕੇ ਬਣਾਏ ਮਟੀਲੇ ਆਮ ਵੇਖਣ ਵਿਚ ਆਉਂਦੇ ਹਨ, ਇਹ ਮਟੀਲੇ ਇਸੇ ਦਿਉਤੇ ਦਾ ਸਥਾਨ ਹੁੰਦੇ ਹਨ। ਇਹ ਦਿਉਤਾ ਖੇਤਾਂ ਦੀ ਰੱਖਿਆ ਕਰਦਾ ਅਤੇ ਫ਼ਸਲ ਨੂੰ ਨਸ਼ਟ ਹੋਣ ਤੋਂ ਬਚਾਉਂਦਾ ਹੈ।

(ਅ-61) **ਅਸ਼ਿਕਨੀ** :

ਪੰਜਾਬ ਦੇ ਪ੍ਰਸਿਧ ਦਰਿਆ ਝਨਾਂ ਦਾ ਵੈਦਿਕ ਨਾਂ। (ਵੇਖੋ : ਝਨਾਂ)

(ਅ-62) **ਅਸਿਪਤ੍ਰ** :

ਪੁਰਾਣਾਂ ਅਨੁਸਾਰ ਇਕ ਨਰਕ, ਜੋ ਵਿਕਰਾਲ ਜੰਗਲ ਦੇ ਸਮਾਨ ਹੈ। ਇਸ ਨਰਕ ਵਿਚ ਬੜੇ ਡਰਾਉਣੇ ਬ੍ਰਿਛ ਬੂਟੇ ਹਨ ਜਿਨ੍ਹਾਂ ਦੇ ਪੱਤੇ ਤਲਵਾਰ (ਅਸਿ) ਦੇ ਫਲ (ਪਤ੍ਰ) ਵਾਂਝ ਤਿੱਖੇ ਹਨ। ਇਥੋਂ ਦੀ ਭੋਇੰ ਹਮੇਸ਼ਾਂ ਅੱਗ ਵਾਂਗ ਤਪਦੀ ਰਹਿੰਦੀ ਹੈ। ਜੋ ਪਾਪੀ ਰੂਹਾਂ ਇਸ ਨਰਕ ਵਿਚ ਸੁੱਟੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਹੇਠੋਂ ਅੱਗ ਦੀ ਤਪਸ਼ ਸਾੜਦੀ ਹੈ ਅਤੇ ਉਪਰੋਂ ਬ੍ਰਿਛਾਂ ਦੇ ਪੱਤੇ ਡਿਗ ਕੇ ਸੂਈ ਦੀਆਂ ਨੋਕਾਂ ਜਾਂ ਤਲਵਾਰ ਦੇ ਪਿਪਲੇ ਵਾਂਝ ਚੁਭਦੇ ਹਨ। ਫਲਸਰੂਪ ਉਹ ਰੂਹਾਂ ਬੜੀਆਂ ਦੁਖੀ ਤੇ ਬੇਚੈਨ ਰਹਿੰਦੀਆਂ ਹਨ।

(ਅ-63) **ਅਸੀਸ** :

ਅਸ਼ੀਰਵਾਦ; ਲੋਕ-ਵਿਸ਼ਵਾਸ਼ ਅਨੁਸਾਰ ਬਜ਼ੁਰਗਾਂ ਤੇ ਮਹਾਂਪੁਰਖਾਂ ਦੇ ਮੂੰਹੋਂ ਸਹਿਜ ਸੁਭਾ ਨਿਕਲੇ ਬਚਨ ਸਦਾ ਅਟਲ ਹੁੰਦੇ ਹਨ (ਸਾਧ ਬਚਨ ਅਟਲਾਧਾ)। ਸੋ ਉਨ੍ਹਾਂ ਵਲੋਂ ਦਿਤੀ ਅਸੀਸ ਨੂੰ ਸਦਾ ਫਲ ਲੱਗਦਾ ਹੈ। ਇਹ ਵਿਚਾਰ ਵਾਕ-ਸਿਧੀ ਦੇ ਸੰਕਲਪ ਉਤੇ ਆਧਾਰਤ ਹੈ। ਸਾਧਾਂ-ਸੰਤਾਂ/ਬਜ਼ੁਰਗਾਂ ਨੂੰ ਪਰਨਾਮ ਕਰਨ ਵੇਲੇ ਜਦੋਂ ਕੋਈ ਸ਼ਖ਼ਸ ਉਨ੍ਹਾਂ ਦੇ ਪੈਰ ਛੂੰਹਦਾ ਹੈ ਤਾਂ ਉਹ ਅਗੋਂ ਪਿੱਠ ਉਤੇ ਹੱਥ ਫੇਰ ਕੇ ਅਸੀਸਾਂ ਦੇਂਦੇ ਹਨ।

ਮਹਾਂਪੁਰਖਾਂ ਦੀਆਂ ਅਸੀਸਾਂ ਵਿਚ ਸ੍ਵੈ-ਸਿਧੀ ਦੀ ਸ਼ਕਤੀ ਸਹਿਜ ਰੂਪ ਵਿਚ ਸਮਾਈ ਹੋਈ ਮੰਨੀ ਗਈ ਹੈ। ਲੋਕ-ਨਿਸਚੇ ਅਨੁਸਾਰ ਮਹਾਂਪੁਰਖਾਂ ਦੇ ਬਚਨਾਂ ਵਿਚ ਉਨ੍ਹਾਂ ਦੀ ਸਾਧਨਾ ਦਾ ਅੰਸ਼ ਜਾਂ ਪ੍ਰਭੁਤਾ ਦੀ ਕੋਈ ਕਣੀ ਰਚੀ ਰਹਿੰਦੀ ਹੈ। ਜਿਸ ਕਰ ਕੇ ਉਨ੍ਹਾਂ ਦੇ ਬਚਨ ਪ੍ਰਜਵਲਤ ਹੋ ਕੇ ਸੱਚੇ ਸਿਧ ਹੁੰਦੇ ਹਨ। ਅਸੀਸਾਂ ਵਿਚ ਵੀ ਇਹੋ ਕਣੀ ਵਿਦਮਾਨ ਹੁੰਦੀ ਹੈ।

ਬੁੱਢੀਆਂ ਤੀਵੀਆਂ ਵੀ ਆਪਣੀਆਂ ਨੂੰਹਾਂ ਧੀਆਂ ਨੂੰ ਮਿਲਣ ਤੇ ਵਿਛੜਨ ਵੇਲੇ ਅਸੀਸਾਂ ਦੇਂਦੀਆਂ ਹਨ ਜੋ ਆਮ ਤੌਰ ਉਤੇ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ — 'ਸਤ ਪੁੱਤਰੀਂ ਹੋਵੇਂ'; 'ਦੁੱਧੀਂ ਪੁੱਤਰੀਂ ਨ੍ਹਾਵੇਂ'; 'ਬੁਢ-ਸੁਹਾਗਣ ਹੋਵੇਂ'; 'ਵੇਲ ਵਧੇ'; 'ਸੁਖੀ ਵਸੇਂ', 'ਵਧੇ ਫੁੱਲੇਂ'; ਇਤਿਆਦਿ।

(ਅ-64) **ਅਸੀਸੜੀਆਂ** :

ਸ਼ਗਨਾਂ ਦੇ ਗੌਣਾਂ ਦਾ ਇਕ ਖ਼ਾਸ ਰੂਪ; ਅਸੀਸੜੀਆਂ ਵਿਆਹ ਦੇ ਦਿਨੀਂ ਕੰਨਿਆਂ ਦੇ ਘਰ ਗਾਈਆਂ ਜਾਂਦੀਆਂ ਹਨ। ਇਨ੍ਹਾਂ ਗੀਤਾਂ ਵਿਚ ਕੰਨਿਆਂ ਨੂੰ ਪਤੀ ਦੇ ਘਰ ਦਾ ਸੁਖ ਭੋਗਣ ਤੇ ਥਿਰ ਸੁਹਾਗ ਦਾ ਆਨੰਦ ਮਾਨਣ ਦੀਆਂ ਅਸੀਸਾਂ ਹੁੰਦੀਆਂ ਹਨ। ਇਹ ਗੀਤ ਸੁਹਾਗ ਦੇ ਗੀਤਾਂ ਨਾਲ ਰਲਾ ਕੇ ਗਾਏ ਜਾਂਦੇ ਹਨ :—

(ੳ) ਨੀ ਮਾਊ ਰਿਧਾ ਸਾਗ,
ਤੇਰਾ ਜੀਵੇ ਸੁਹਾਗ।
ਤੇਰੀ ਝੋਲੀ ਵਿਚ ਦਾਣੇ,
ਨੀ ਸੁਹਾਗ ਸਦਾ ਮਾਣੇ।
ਤੇਰੀ ਬੁਕ ਵਿਚ ਚੌਲ,
ਤੇਰਾ ਜੀਵੇ ਸਦਾ ਢੋਲ।

(ਅ) ਚੰਬੇ ਦੀ ਬੂਟੀ
ਤੇਰੀ ਝੋਲੀ ਵਿਚ ਖਿਲਾਰੀ।
ਸੁਰਮ-ਸਲਾਈਆਂ ਨਾਲ ਭਰੀ ਰਹੇ
ਤੇਰੀ ਸੁਹਾਗ ਪਟਾਰੀ।
ਚੰਬੇ ਦੇ ਫੁੱਲ
ਤੇਰੇ ਵਾਲਾਂ ਵਿਚ ਪਰੋਏ।
ਲੱਖ ਸੈ ਵਰ੍ਹਿਆਂ ਜੀਵੇ,
ਬੰਨੜਾ ਤਾਰਿਆਂ ਜੇਡਾ ਹੋਏ।

(ਅ-65) **ਅਸ਼ੁੱਧੀ** :

ਲੋਕ-ਨਿਸਚੇ ਅਨੁਸਾਰ ਬੱਚੇ ਦੇ ਜਨਮ ਨਾਲ ਘਰ ਅਸ਼ੁੱਧ ਹੋ ਜਾਂਦਾ ਹੈ। ਬ੍ਰਾਹਮਣਾਂ ਲਈ ਇਹ ਅਸ਼ੁੱਧਤਾ ਦਸ ਦਿਨ, ਖੱਤ੍ਰੀਆਂ ਲਈ ਗਿਆਰਾਂ ਦਿਨ, ਵੈਸ਼ਾਂ ਲਈ ਤੇਰਾਂ ਦਿਨ ਅਤੇ ਸੂਦਰਾਂ ਲਈ ਸਤਾਰਾਂ ਦਿਨ ਤਕ ਮੰਨੀ ਜਾਂਦੀ ਹੈ। ਇਸ ਨੂੰ 'ਸੂਤਕ' ਵੀ ਕਹਿੰਦੇ ਹਨ। ਕਿਸੇ ਦੇ ਮਰਨ ਨਾਲ ਵੀ ਘਰ ਅਸ਼ੁੱਧ ਹੋ ਜਾਂਦਾ ਹੈ, ਇਸ ਅਸ਼ੁੱਧੀ ਨੂੰ 'ਪਾਤਕ' ਕਹਿੰਦੇ ਹਨ।

(ਵੇਖੋ : ਸੂਤਕ-ਪਾਤਕ; ਸੋਚਾਚਾਰ)

(ਅ-66) **ਅਸ਼ੁਭ ਸਮਾਂ** :

ਜੋ ਸਮਾਂ ਕਿਸੇ ਰੀਤ/ਸੰਸਕਾਰ/ਕੰਮ ਲਈ ਚੰਗਾ ਨਾ ਹੋਵੇ, ਜਾਂ ਪ੍ਰਕ੍ਰਿਤੀ ਦੇ ਉਹ ਚਿੰਨ੍ਹ ਜੋ ਕਿਸੇ ਕੰਮ ਲਈ ਸ਼ੁਭ ਨਾ ਹੋਣ ਜਿਵੇਂ ਗ੍ਰਹਿਣ ਦਾ ਸਮਾਂ ਅਸ਼ੁਭ ਹੈ। ਹਿੰਦੂ ਵਿਚਾਰਧਾਰਾ ਅਨੁਸਾਰ ਗ੍ਰਹਿਆਂ ਦੀਆਂ ਸਥਿਤੀਆਂ ਤੇ ਸੰਜੋਗ ਅਤੇ ਪ੍ਰਕ੍ਰਿਤੀ ਦੇ ਸੁਭਾਵ ਤੇ ਪ੍ਰਕ੍ਰਿਆ ਆਦਿ ਦਾ ਮਨੁੱਖ ਦੇ ਜੀਵਨ ਤੇ ਕੰਮ-ਧੰਦੇ ਉਤੇ ਚੰਗਾ ਮੰਦਾ ਅਸਰ ਪੈਂਦਾ ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ (Sympathetic Magic) ਉਤੇ ਆਧਾਰਤ ਹੈ। (ਵੇਖੋ : ਸ਼ਗਨ-ਅਪਸ਼ਗਨ)

ਹਿੰਦੂਆਂ ਵਿਚ ਕੁਝ ਵਾਰ, ਤਿਥਾਂ, ਦਿਨ-ਦਿਹਾਰ ਮਹੀਨੇ ਸਹਿਜ ਰੂਪ ਹੀ ਅਸ਼ੁਭ ਸਮਝੇ ਗਏ ਹਨ। ਵਾਰਾਂ ਵਿਚੋਂ ਸਨਿਚਰਵਾਰ, ਤਿਥਾਂ ਵਿਚੋਂ ਮਸਿਆ, ਮਹੀਨਿਆਂ ਵਿਚੋਂ ਕੱਤਕ ਤੇ ਦਿਨ-ਦਿਹਾਰਾਂ ਵਿਚੋਂ ਸਰਾਧ ਆਦਿ। ਇਨ੍ਹਾਂ ਦਿਨਾਂ ਵਿਚ ਕੋਈ ਮੰਗਲ ਕਾਰਜ ਨਹੀਂ ਕੀਤਾ ਜਾਂਦਾ।

ਕੁਝ ਨਛੱਤ੍ਰ ਵੀ ਅਸ਼ੁਭ ਮੰਨੇ ਜਾਂਦੇ ਹਨ ਜਿਵੇਂ ਕਿ ਮੂਲ ਨਛੱਤ੍ਰ ਵਿਚ ਪੈਦਾ ਹੋਇਆ ਬੱਚਾ ਆਪਣੇ ਮਾਪਿਆਂ ਉਤੇ ਸਹਿਜ ਰੂਪ ਵਿਚ ਹੀ ਭਾਰਾ ਹੁੰਦਾ ਹੈ। ਮੂਲ ਤੇ ਜੇਸ਼ਟਾ ਨਛੱਤ੍ਰ ਵਿਚ ਪਹਿਲੀ ਤੇ ਨੌਵੀਂ ਤਿਥ ਅਥਵਾ ਸੋਮਵਾਰ ਤੇ ਸਨਿਚਰਵਾਰ ਨੂੰ ਪੂਰਬ ਦਿਸ਼ਾ ਵਲ ਸਫ਼ਰ ਕਰਨਾ ਅਸ਼ੁਭ ਹੈ। ਇਸੇ ਤਰ੍ਹਾਂ ਰੋਹਨੀ ਨਛੱਤ੍ਰ ਵਿਚ ਛਟੀ ਤੇ ਚੌਦਸ ਤਿਥ ਅਤੇ ਮੰਗਲਵਾਰ, ਸ਼ੁਕਰਵਾਰ ਤੇ ਸੋਮਵਾਰ ਨੂੰ ਪਛਮ ਦਿਸ਼ਾ ਵਲ ਸਫ਼ਰ ਦੁਖਦਾਈ ਹੁੰਦਾ ਹੈ। ਨਛੱਤ੍ਰਾਂ ਬਾਰੇ ਕਈ ਹੋਰ ਮਨੌਤਾਂ ਤੇ ਭਰਮ ਵਹਿਮ ਪ੍ਰਚਲਤ ਹਨ। (ਵੇਖੋ : ਨਛੱਤ੍ਰ)

ਅਸ਼ੁਭ ਗ੍ਰਹਿ : ਕੁਝ ਗ੍ਰਹਿਆਂ ਦਾ ਯੋਗ, ਚਾਲ ਜਾਂ ਸਥਿਤੀ ਦਾ ਸਮਾਂ ਅਸ਼ੁਭ ਮੰਨਿਆ ਗਿਆ ਹੈ। ਅਸ਼ੁਭ ਗ੍ਰਹਿਆਂ ਹੇਠ ਪੈਦਾ ਹੋਏ ਬੱਚੇ ਨੂੰ ਪੁਰਾਣੇ ਜ਼ਮਾਨੇ ਵਿਚ ਖੂਹ ਜਾਂ ਨਦੀ ਨਾਲੇ ਵਿਚ ਰੁੜ੍ਹਾ ਦਿਤਾ ਜਾਂਦਾ ਸੀ। ਕਿੱਸਾ ਸਾਹਿੱਤ ਵਿਚ ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਸੱਸੀ ਅਸ਼ੁਭ ਗ੍ਰਹਿਆਂ ਥੱਲੇ ਪੈਦਾ ਹੋਣ ਕਰ ਕੇ ਨਦੀ ਵਿਚ ਰੋੜ੍ਹ ਦਿਤੀ ਗਈ। ਪੂਰਨ ਦੇ ਜੰਮਣ ਸਮੇਂ ਵੀ ਗ੍ਰਹਿ ਅਸ਼ੁਭ ਸਨ ਸੋ ਉਸ ਨੂੰ ਬਾਰਾਂ ਸਾਲ ਭੋਰੇ ਵਿਚ ਰਹਿਣਾ ਪਿਆ। ਜੇ ਅੱਠ ਗ੍ਰਹਿ ਇਕੋ ਘਰ ਵਿਚ ਹੋਣ ਤਾਂ ਇਹ ਯੋਗ, ਜਿਸ ਨੂੰ ਅਸ਼ਟ ਗ੍ਰਹਿ ਕਿਹਾ ਜਾਂਦਾ ਹੈ, ਬੜਾ ਅਸ਼ੁਭ ਹੁੰਦਾ ਹੈ ਅਤੇ ਇਸ ਦੇ ਦੁਖਦਾਈ ਅਸਰ ਤੋਂ ਬਚਣ ਲਈ ਯੱਗ ਕੀਤੇ ਜਾਂਦੇ ਹਨ। ਅਸ਼ੁਭ ਗ੍ਰਹਿਆਂ ਤੇ ਨਛੱਤਰਾਂ ਦੇ ਪ੍ਰਭਾਵ ਤੋਂ ਬਚਣ ਲਈ ਕੁਝ ਉਪਾ ਵੀ ਕੀਤੇ ਜਾਂਦੇ ਹਨ। ਨੂਰਪੁਰ ਵਿਚ ਮਾੜੇ ਨਛੱਤਰਾਂ ਵਾਲੇ ਬੱਚੇ ਨੂੰ ਇਕ ਸੌ ਮੋਰੀਆਂ ਵਾਲੇ ਭਾਂਡੇ ਵਿਚ ਇਕ ਸੌ ਅੱਠ ਬਿਰਖਾਂ ਦੇ ਪੱਤਿਆਂ ਅਤੇ ਇਕ ਸੌ ਅੱਠ ਪਿੰਡਾਂ ਦੀਆਂ ਗੀਟੀਆਂ ਰਾਹੀਂ ਇਕ ਸੌ ਅੱਠ ਖੂਹਾਂ ਦਾ ਪਾਣੀ ਪਾ ਕੇ ਨਹਾਉਂਦੇ ਹਨ। ਕਰਨਾਲ, ਕਾਂਗੜੇ ਅਤੇ ਰੋਹਤਕ ਵਿਚ ਖੂਹਾਂ, ਬਿਰਛਾਂ ਤੇ ਪਿੰਡਾਂ ਦੀ ਗਿਣਤੀ 27 ਰਖੀ ਜਾਂਦੀ ਹੈ। (ਪੰਜਾਬ, 169)

ਮੰਗਲ ਗ੍ਰਹਿ ਦੇ ਪ੍ਰਭਾਵ ਹੇਠ ਜੰਮੇ ਬੱਚੇ ਨੂੰ ਮੰਗਲੀਕ ਕਹਿੰਦੇ ਹਨ। ਮੰਗਲੀਕ ਮੁੰਡੇ ਦਾ ਵਿਆਹ ਮੰਗਲੀਕ ਕੰਨਿਆਂ ਨਾਲ ਹੀ ਕੀਤਾ ਜਾਂਦਾ ਹੈ, ਨਹੀਂ ਤਾਂ ਮੰਗਲ ਦੇਵਤੇ ਦੀ ਕਰੋਪੀ ਕਾਰਨ ਉਨ੍ਹਾਂ ਦਾ ਜੀਵਨ ਨਰਕ ਬਣ ਜਾਂਦਾ ਹੈ। (ਵੇਖੋ : ਮੰਗਲੀਕ) ਸਨਿਚਰ ਗ੍ਰਹਿ ਦਾ ਪ੍ਰਭਾਵ ਵੀ ਅਸ਼ੁਭ ਹੈ। ਇਹ ਗ੍ਰਹਿ ਇਕ ਰਾਸ਼ੀ ਵਿਚ ਢਾਈ ਵਰ੍ਹੇ ਟਿਕਦਾ ਹੈ, ਇਸ ਲਈ ਇਸ ਦਾ ਮੰਦ-ਪ੍ਰਭਾਵ 'ਢਈਆ', ਢਾਈ ਸਾਲ ਤਕ ਰਹਿੰਦਾ ਹੈ। (ਵੇਖੋ : ਢਈਆ) ਸਨਿਚਰ ਗ੍ਰਹਿ ਦੀ ਇਕ ਹੋਰ ਦੁਖਦਾਇਕ ਦਸ਼ਾ 'ਸਾੜ੍ਹਸਤੀ' ਸਾਢੇ ਸਤ ਸਾਲ ਤਕ ਰਹਿੰਦੀ ਹੈ। ਇਹ ਸਮਾਂ ਸਨਿਚਰ ਗ੍ਰਹਿ ਦਾ ਤਿੰਨਾਂ ਰਾਸ਼ੀਆਂ ਵਿਚ ਢਾਈ ਢਾਈ ਵਰ੍ਹੇ ਸਥਿਤ ਰਹਿਣ ਨਾਲ ਬਣਦਾ ਹੈ। (ਵੇਖੋ : ਸਾੜ੍ਹਸਤੀ), ਰਾਹੂ ਤੇ ਕੇਤੂ ਗ੍ਰਹਿ ਵੀ ਅਸ਼ੁਭ ਮੰਨੇ ਜਾਂਦੇ ਹਨ।

ਅਸ਼ੁਭ ਵਾਰ : ਦਿਨਾਂ ਦੇ ਚੰਗੇ ਮੰਦੇ ਹੋਣ ਬਾਰੇ ਅਨੇਕਾਂ ਭਰਮ ਵਹਿਮ ਪ੍ਰਚਲਤ ਹਨ। ਮੁਸਲਮਾਨਾਂ ਵਿਚ ਵੀਰਵਾਰ ਅਤੇ ਖ਼ਾਸ ਕਰ ਕੇ ਸ਼ੁਕਰਵਾਰ ਚੰਗਾ ਦਿਨ ਹੈ, ਸੋਮਵਾਰ ਤੇ ਬੁਧਵਾਰ

ਨਾ ਚੰਗਾ ਦਿਨ ਹੈ ਤੇ ਨਾ ਹੀ ਮੰਦਾ। ਪਰ ਐਤਵਾਰ, ਮੰਗਲਵਾਰ ਤੇ ਖ਼ਾਸ ਤੌਰ ਉਤੇ ਸਨਿਚਰਵਾਰ ਅਸ਼ੁਭ ਦਿਨ ਹਨ। ਇਹ ਵਿਚਾਰ ਹਿੰਦੂਆਂ ਦਾ ਅਸਰ ਜਾਪਦਾ ਹੈ ਕਿਉਂ ਜੋ ਹਿੰਦੂਆਂ ਵਿਚ ਵੀ ਮੰਗਲਵਾਰ ਤੇ ਸਨਿਚਰਵਾਰ ਨੂੰ ਅਸ਼ੁਭ ਮੰਨਿਆ ਗਿਆ ਹੈ।

ਮੁਸਲਮਾਨਾਂ ਵਿਚ ਹਰ ਚੰਦਰ ਮਾਸ ਦੀਆਂ ਸਤ ਤਿੱਥਾਂ ਅਸ਼ੁਭ ਹਨ। ਇਹ ਤਿੱਥਾਂ ਹਨ — ਤੀਜੀ ਤਿੱਥ, ਜਦੋਂ ਆਦਮ ਦੇ ਪੁੱਤਰ ਕਾਬੀਲ ਨੇ ਆਪਣੇ ਭਰਾ ਹਾਬੀਲ ਨੂੰ ਕਤਲ ਕੀਤਾ ਸੀ। ਪੰਜਵੀਂ ਤਿੱਥ, ਜਦੋਂ ਖ਼ੁਦਾ ਨੇ ਆਦਮ ਨੂੰ ਜੰਨਤ ਵਿਚੋਂ ਬਾਹਰ ਕਢਿਆ ਸੀ। ਇਸੇ ਤਿੱਥ ਨੂੰ ਯੂਸਫ਼ ਦੇ ਭਰਾਵਾਂ ਨੇ ਉਸ ਨੂੰ ਖੂਹ ਵਿਚ ਸੁਟਿਆ ਸੀ। ਤੇਰ੍ਹਵੀਂ ਤਿੱਥ, ਜਦੋਂ ਖ਼ੁਦਾ ਨੇ ਸੁਲੇਮਾਨ ਤੋਂ ਤਖ਼ਤ ਖੋਹ ਲਿਆ ਸੀ। ਇਸੇ ਦਿਨ ਯਹੂਦੀਆਂ ਦੇ ਪੈਗ਼ੰਬਰ ਨੂੰ ਵੀ ਕਤਲ ਕੀਤਾ ਗਿਆ ਸੀ। ਸੋਲ੍ਹਵੀਂ ਤਿੱਥ, ਜਦੋਂ ਖ਼ੁਦਾ ਨੇ ਲੂਤ ਕਬੀਲੇ ਦੇ ਲੋਕਾਂ ਨੂੰ ਧਰਤੀ ਵਿਚ ਦਬ ਕੇ ਨਸ਼ਟ ਕਰ ਦਿਤਾ; ਇਸੇ ਤਿੱਥ ਨੂੰ ਯਹੂਦੀਆਂ ਨੇ ਜ਼ਕਰੀਏ ਨੂੰ ਆਰੇ ਨਾਲ ਚੀਰਿਆ ਸੀ। ਇਕੀਵੀਂ ਤਿੱਥ, ਜਦੋਂ ਫ਼ਰੌਹ ਦਾ ਜਨਮ ਹੋਇਆ ਅਤੇ ਇਸੇ ਤਿੱਥ ਨੂੰ ਹੀ ਉਹ ਡੁਬ ਕੇ ਮਰਿਆ ਸੀ। ਇਸੇ ਅਸ਼ੁਭ ਦਿਨ ਉਸ ਦੀ ਕੌਮ ਪਲੇਗ ਦਾ ਸ਼ਿਕਾਰ ਬਣੀ ਸੀ। ਚੌਵੀਹਵੀਂ ਤਿੱਥ, ਜਦੋਂ ਨਮਰੂਦ ਨੇ 70 ਤੀਵੀਆਂ ਨੂੰ ਕਤਲ ਕੀਤਾ ਅਤੇ ਇਬਰਾਹੀਮ ਨੂੰ ਬਲਦੀ ਅੱਗ ਵਿਚ ਸੁਟਿਆ। ਪੰਜੀਹਵੀਂ ਤਿੱਥ, ਜਦੋਂ ਹੂਦ ਪੈਗ਼ੰਬਰ ਨੇ, ਅਰਬ ਦੀ ਇਕ ਪੁਰਾਣੀ ਜਾਤੀ 'ਆਦਿ' ਵਿਚ ਸਾਹ-ਘੁਟਵੀਂ ਹਵਾ ਭੇਜੀ ਸੀ।

ਹਿੰਦੂ ਚੰਦਰਮਾਸ ਵਿਚ ਮਸਿਆ ਦੀ ਤਿੱਥ ਨੂੰ ਅਸ਼ੁਭ ਸਮਝਦੇ ਹਨ। ਸੰਗਰਾਂਦ ਤੋਂ ਪੂਰਬਲਾ ਦਿਨ ਵੀ ਅਸ਼ੁਭ ਹੈ, ਇਸ ਨੂੰ 'ਘਟਦਾ' ਕਹਿੰਦੇ ਹਨ। ਇਸ ਦਿਨ ਕੋਈ ਨਵਾਂ ਕੰਮ ਜਾਂ ਮੰਗਲ ਕਾਰਜ ਨਹੀਂ ਕੀਤਾ ਜਾਂਦਾ। ਹਿੰਦੂਆਂ ਵਿਚ ਗ੍ਰਹਿਣ ਅਤੇ ਸਰਾਧਾਂ ਦੇ ਦਿਨ ਵੀ ਅਸ਼ੁਭ ਮੰਨੇ ਜਾਂਦੇ ਹਨ। ਜਦੋਂ ਸ਼ੁਕਰ ਤਾਰਾ ਡੁਬਿਆ ਹੋਵੇ, ਤਾਂ ਹਿੰਦੂ ਵਿਆਹ ਨਹੀਂ ਕਰਦੇ। ਕੱਤਕ ਦਾ ਮਹੀਨਾ ਵਿਆਹ ਲਈ ਅਸ਼ੁਭ ਹੈ। ਪੋਹ ਦਾ ਮਹੀਨਾ ਵਿਆਹ ਲਈ ਠੰਢਾ ਮੰਨਿਆ ਗਿਆ ਹੈ।

ਐਤਵਾਰ ਨੂੰ ਦਰਿਆ ਪਾਰ ਕਰਨਾ ਅਸ਼ੁਭ ਹੈ — "ਐਤਵਾਰ ਨਾ ਲਗੀਂ ਪਾਰ, ਮਤੇ ਜਿਤੀ ਬਾਜ਼ੀ ਆਵੇਂ ਹਾਰ।" ਮੰਗਲਵਾਰ ਤੇ ਬੁਧਵਾਰ ਨੂੰ ਪਹਾੜ ਵਲ ਜਾਣਾ ਚੰਗਾ ਨਹੀਂ ਹੁੰਦਾ — "ਮੰਗਲ ਬੁਧ ਨਾ ਜਾਈਏ ਪਹਾੜ, ਜਿਤੀ ਬਾਜ਼ੀ ਆਈਏ ਹਾਰ", ਇਸੇ ਤਰ੍ਹਾਂ ਬੁਧਵਾਰ ਉਭੇ ਵਲ ਜਾਣਾ ਅਸ਼ੁਭ ਹੈ — "ਬੁਧਵਾਰ ਉਭੇ ਨਾ ਜਾਈਏ, ਜੇ ਜਾਈਏ ਤਾਂ ਬੜਾ ਦੁਖ ਪਾਈਏ।" ਵੀਰਵਾਰ ਵਾਲੇ ਦਿਨ ਲੰਮੇ ਵਲ ਸਫ਼ਰ ਕਰਨਾ ਮਾੜਾ ਹੈ — "ਵੀਰਵਾਰ ਨਾ ਜਾਈਏ ਲੰਮੇ, ਚਾਹੇ ਘਰ ਬਹੀਏ ਨਿਕੰਮੇ।" ਮੰਗਲਵਾਰ ਨੂੰ ਕੇਸੀ ਇਸ਼ਨਾਨ ਕਰਨਾ ਚੰਗਾ ਨਹੀਂ, ਸਿਰ ਨੂੰ ਹਮੇਸ਼ਾਂ ਦਰਦ ਰਹਿੰਦਾ ਹੈ। ਵੀਰਵਾਰ ਦਾ ਸੰਬੰਧ ਵੀਰ ਪਿਆਰ ਨਾਲ ਜੋੜਿਆ ਗਿਆ ਹੈ। ਇਸ ਦਿਨ ਕਈ ਭੈਣਾਂ ਵੀਰਾਂ ਨੂੰ ਘਰੋਂ ਨਹੀਂ ਟੋਰਦੀਆਂ। ਅਖਾਣ ਏ — "ਵੀਰਵਾਰ ਦੇ ਵਿਛੜੇ ਮੇਲੇ ਸੰਜੋਗੀ।" ਐਤਵਾਰ ਨੂੰ ਕਿਸੇ ਦੇ ਘਰ ਮੁਕਾਣ ਜਾਣਾ ਵੀ ਮਾੜਾ ਹੈ। ਕਹਿੰਦੇ ਹਨ, ਦੁਖ ਲੰਮਾ ਹੁੰਦਾ ਅਤੇ ਵਧਦਾ ਹੈ। ਪਸ਼ੂਆਂ ਨੂੰ ਖ਼ਰੀਦਣ ਵੇਲੇ ਵੀ ਵਾਰਾਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ —

ਮੰਗਲ ਧੌਰੀ ਵਰਜੀਏ, ਬੁਧ ਵਰਜੀਏ ਗਾਏ।
ਸ਼ੁਕਰ ਘੋੜੀ ਵਰਜੀਏ, ਭੈਂਸ ਸਨਿਚਰਵਾਰ।

ਹੋਲੀ, ਲੋਹੜੀ ਅਤੇ ਦੀਵਾਲੀ ਦਾ ਤਿਓਹਾਰ ਜੇ ਮੰਗਲਵਾਰ ਨੂੰ ਪਏ ਤਾਂ ਸੰਸਾਰ ਵਿਚ ਕਾਲ ਪੈਂਦੇ, ਸੰਗ੍ਰਾਮ ਹੁੰਦੇ ਅਤੇ ਅਨੇਕਾਂ ਰੋਗ ਫੈਲਦੇ ਹਨ :—

ਹੋਲੀ ਲੋਹੜੀ ਅਤੇ ਦੀਵਾਲੀ
ਮੰਗਲਵਾਰ ਜੇ ਹੋਇ।
ਚਰਖ ਚੜ੍ਹੇਗੀ ਪ੍ਰਿਥਵੀ
ਵਿਰਲਾ ਜੀਵੇ ਕੋਇ।

ਜੇ ਜੇਠ ਦੀ ਦਸਵੀਂ ਸਨਿਚਰਵਾਰ ਨੂੰ ਪਏ ਤਾਂ ਧਰਤੀ ਉਤੇ ਕਾਲ ਪੈਂਦਾ ਹੈ ਅਤੇ ਲੋਕ ਭੁਖ ਹੱਥੋਂ ਮਰਦੇ ਹਨ :—

ਜੇਠ ਵਿਧੀ ਦਸਵੀਂ ਜੇ ਸ਼ਨਿਚਰ ਹੋਏ
ਪਾਣੀ ਹੋਏ ਨ ਧਰਤ ਪੁਰ ਵਿਰਲਾ ਜੀਵੇ ਕੋਏ।

ਦਿਨਾਂ ਬਾਰੇ ਅਨੇਕਾਂ ਹੋਰ ਭਰਮ ਵਹਿਮ ਵੀ ਪ੍ਰਚਲਤ ਹਨ। (ਵੇਖੋ : ਵਾਰ)

**(ਅ-67) ਅਸੁਰ :**

ਅਸੁਰ ਦਾ ਸ਼ਾਬਦਿਕ ਅਰਥ ਹੈ — ਜੋ ਸੁਰ ਅਥਵਾ ਦੇਵਤਾ ਨਹੀਂ। ਸੁਰ ਪਦ ਸੁਰਾ ਪੀਣ ਵਾਲੇ ਵਿਅੱਕਤੀ ਲਈ ਵੀ ਵਰਤਿਆ ਜਾਂਦਾ ਰਿਹਾ। ਸੋ ਅਸੁਰ ਤੋਂ ਭਾਵ ਜੋ ਸੁਰਾ ਤੋਂ ਪ੍ਰਹੇਜ਼ ਕਰੇ। ਪਹਿਲਾਂ ਪਹਿਲ ਆਰੀਆ ਸੋਮ ਰਸ ਬਹੁਤ ਪੀਂਦੇ ਸਨ ਜੋ ਇਕ ਤਰ੍ਹਾਂ ਦੀ ਸ਼ਰਾਬ ਹੀ ਸੀ। ਸੁਰਾ ਪੀਣ ਕਾਰਨ ਉਨ੍ਹਾਂ ਨੂੰ ਸੁਰ ਕਿਹਾ ਜਾਣ ਲੱਗਾ ਅਤੇ ਦਰਾਵੜ ਜਾਤੀਆਂ ਜਿਨ੍ਹਾਂ ਨੂੰ ਸ਼ਰਾਬ ਕੱਢਣ ਦੀ ਕਲਾ ਨਹੀਂ ਸੀ ਆਉਂਦੀ, ਅਸੁਰ ਨਾਉਂ ਨਾਲ ਜਾਣੀਆਂ ਗਈਆਂ। ਵਾਲਮੀਕੀ ਰਾਮਾਇਣ (45 ਅਧਿਆਇ) ਅਨੁਸਾਰ ਖੀਰ ਸਮੁੰਦਰ ਨੂੰ ਰਿੜਕਦਿਆਂ ਵਰੁਣ ਦੀ ਪਤਨੀ ਵਾਰੁਣੀ, ਜੋ ਮਦਰਾ ਦੀ ਦੇਵੀ ਹੈ ਅਤੇ ਜਿਸ ਨੂੰ ਮਦਰਾ ਤੇ ਸੁਰਾ ਵੀ ਕਹਿੰਦੇ ਹਨ, ਹੱਥ ਵਿਚ ਸੁਰਾ ਦਾ ਕਲਸ ਲੈ ਕੇ ਪ੍ਰਗਟ ਹੋਈ। ਦੇਵਤਿਆਂ ਨੇ ਇਸ ਕਲਸ ਵਿਚੋਂ ਸੁਰਾ ਲੈ ਕੇ ਪੀਤੀ ਜਿਸ ਕਰ ਕੇ ਉਹ 'ਸੁਰ' ਪ੍ਰਸਿਧ ਹੋਏ, ਪਰ ਦੈਂਤਾਂ ਨੇ ਸੁਰਾ ਪੀਣ ਤੋਂ ਇਨਕਾਰ ਕਰ ਦਿਤਾ, ਜਿਸ ਕਰ ਕੇ ਉਨ੍ਹਾਂ ਨੂੰ 'ਅਸੁਰ' ਕਿਹਾ ਜਾਣ ਲੱਗਾ।

ਕਈ ਵਿਦਵਾਨਾਂ ਦਾ ਮੱਤ ਹੈ ਕਿ ਅਸੁਰ ਸ਼ਬਦ ਅਸੀਰੀਅਨ ਲਈ ਆਰੀਆ ਜਾਤੀ ਦੇ ਲੋਕ ਵਰਤਦੇ ਸਨ। ਪ੍ਰਾਚੀਨ ਕਾਲ ਵਿਚ ਇੰਡੋ-ਆਰੀਅਨ ਦਾ ਅਸੀਰੀ ਲੋਕਾਂ ਨਾਲ ਵੈਰ ਰਿਹਾ ਅਤੇ ਉਨ੍ਹਾਂ ਨਾਲ ਆਰੀਆ ਜਾਤੀ ਨੇ ਕਈ ਯੁੱਧ ਵੀ ਲੜੇ।

ਵੈਦਿਕ ਕਾਲ ਵਿਚ ਹੀ ਅਸੁਰ ਸ਼ਬਦ ਦੇ ਅਰਥਾਂ ਵਿਚ ਭਾਰੀ ਪਰਿਵਰਤਨ ਆਏ। ਰਿਗ ਵੇਦ ਦੇ ਸਭ ਤੋਂ ਪੁਰਾਣੇ ਭਾਗ ਅਥਵਾ ਮੁਢਲੀ ਵੈਦਿਕ ਪੁਰਾਣਧਾਰਾ ਵਿਚ ਇਹ ਸ਼ਬਦ ਪਰਮ-ਆਤਮਾ (Supreme Spirit) ਦਾ ਬੋਧਿਕ ਰਿਹਾ ਅਤੇ ਇਹ ਪਦ ਦੇਵਤਿਆਂ ਦੀ ਉਪਾਧੀ ਵਜੋਂ ਵੀ ਵਰਤਿਆ ਗਿਆ, ਖ਼ਾਸ ਕਰ ਕੇ ਵਰੁਣ ਦੇਵਤੇ ਲਈ। ਰਿਗ ਵੇਦ ਦੇ ਅੰਤਲੇ ਭਾਗ ਅਤੇ ਅਥਰਵ ਵੇਦ ਵਿਚ 'ਅਸੁਰ' ਸ਼ਬਦ ਨੂੰ ਦੇਵਤਿਆਂ ਦੇ ਵੈਰੀ ਦੈਂਤਾਂ ਲਈ ਵਰਤਿਆ ਜਾਣ ਲੱਗਾ।

ਬ੍ਰਾਹਮਣ ਗ੍ਰੰਥਾਂ ਵਿਚ ਦੇਵਤਿਆਂ ਅਤੇ ਅਸੁਰਾਂ ਵਿਚ ਹੋਏ ਕਈ ਯੁੱਧਾਂ ਦਾ ਵਰਨਣ ਹੈ। ਇਨ੍ਹਾਂ ਗ੍ਰੰਥਾਂ ਅਨੁਸਾਰ ਅਸੁਰ ਸ਼ਬਦ ਦੀ ਵਿਉਤਪਤੀ 'ਅਸੁ' ਤੋਂ ਹੋਈ ਜਿਸ ਦਾ ਅਰਥ ਹੈ – ਸਾਹ ਤੋਂ ਪੈਦਾ ਹੋਇਆ; ਸ਼ਤਪਥ ਬ੍ਰਾਹਮਣ ਅਨੁਸਾਰ ਅਸੁਰ ਪ੍ਰਜਾਪਤੀ ਦੇ ਪ੍ਰਾਣ ਵਿਚੋਂ ਉਪਜੇ। ਤੈਤਿਰੀਯਾ ਆਰਣਯਕ ਅਨੁਸਾਰ ਪ੍ਰਜਾਪਤੀ ਨੇ ਦੇਵਤੇ, ਮਨੁਖ, ਗੰਧਰਵ ਤੇ ਅਪੱਛਰਾਂ ਨੂੰ ਪਾਣੀ ਤੋਂ ਪੈਦਾ ਕੀਤਾ। ਉਦੋਂ ਪਾਣੀ ਦੀਆਂ ਕੁਝ ਬੂੰਦਾਂ ਪ੍ਰਿਥਵੀ ਉਤੇ ਡਿਗੀਆਂ ਜਿਨ੍ਹਾਂ ਵਿਚੋਂ ਅਸੁਰ, ਰਾਖਸ਼ ਤੇ ਪਿਸ਼ਾਚ ਪੈਦਾ ਹੋਏ।

ਭਾਰਤੀ ਪੁਰਾਣਧਾਰਾ ਵਿਚ ਸੁਰ ਅਤੇ ਅਸੁਰ ਦਾ ਵਿਰੋਧ ਨਿਰੰਤਰ ਮਿਲਦਾ ਹੈ। ਦੇਵ ਤੇ ਦੈਂਤ ਦਾ ਸਾਰਾ ਸੰਘਰਸ਼ ਸੁਰ ਤੇ ਅਸੁਰ ਬਿਰਤੀ ਦੇ ਤਣਾਓ ਤੋਂ ਉਪਜਿਆ ਹੈ। ਅਸੁਰ ਸ਼ਕਤੀਆਂ ਦਾ ਵਿਨਾਸ਼ ਕਰਨ ਲਈ ਹੀ ਅਵਤਾਰ ਦੇ ਸੰਕਲਪ ਦੀ ਸਿਰਜਨਾ ਹੋਈ।

ਸੁਰਾਂ ਅਤੇ ਅਸੁਰਾਂ ਦੀ ਉਤਪਤੀ ਇਕੋ ਮਹਾਂ ਰਿਸ਼ੀ ਕਸ਼ਯਪ ਤੋਂ ਹੋਈ ਜਿਸ ਦੀ ਅਦਿਤੀ ਨਾਂ ਦੀ ਪਤਨੀ ਤੋਂ ਦੇਵ; ਦਿਤੀ ਅਤੇ ਦਨੁ ਨਾਂ ਦੀ ਪਤਨੀ ਤੋਂ ਦੈਂਤ-ਦਾਨਵ ਅਤੇ ਮਨੁ ਨਾਂ ਦੀ ਪਤਨੀ ਤੋਂ ਮਨੁਖ ਜਾਤੀ ਦਾ ਜਨਮ ਹੋਇਆ। ਬ੍ਰਿਹਦਾਰਿਣਯਕ ਉਪਨਿਸ਼ਦ (5/3/11) ਵਿਚ ਸੁਰ ਅਸੁਰ ਤੇ ਮਾਨਵ ਤਿੰਨੋ ਪ੍ਰਜਾਪਤੀ ਦੀ ਸੰਤਾਨ ਦਸੇ ਗਏ ਹਨ। ਜਿਸ ਤੋਂ ਜਾਪਦਾ ਹੈ ਕਿ ਵੈਦਿਕ ਕਾਲ ਵਿਚ ਸੁਰਾਂ ਅਸੁਰਾਂ ਵਿਚ ਆਪਸੀ ਵਿਰੋਧ ਦੀ ਭਾਵਨਾ ਇਤਨੀ ਬਲਵਾਨ ਨਹੀਂ ਸੀ ਜਿਤਨੀ ਪੌਰਾਣਿਕ ਕਾਲ ਵਿਚ ਹੋਈ।

**(ਅ-68) ਅਸੁਰ ਵਿਆਹ :**

ਵਿਆਹ ਦੀ ਇਕ ਕਿਸਮ, ਜਿਸ ਵਿਚ ਕੰਨਿਆਂ ਦਾ ਪਿਉ ਲੜਕੇ ਦੇ ਪਿਉ ਤੋਂ ਮੁਆਵਜ਼ੇ ਵਜੋਂ ਕੁਝ ਰਕਮ ਵਸੂਲ ਕਰਦਾ ਹੈ, ਇਸ ਨੂੰ 'ਟਕਾ ਵਿਆਹ' ਵੀ ਕਹਿੰਦੇ ਹਨ। ਪੱਛੜੀਆਂ ਤੇ ਟਪਰੀਵਾਸੀ ਜਾਤੀਆਂ ਵਿਚ ਇਸ ਕਿਸਮ ਦੇ ਵਿਆਹ ਦਾ ਰਵਾਜ ਆਮ ਹੈ।

ਇਸ ਦੇ ਉਲਟ ਜਿਸ ਵਿਆਹ ਵਿਚ ਕੰਨਿਆਂ ਪੱਖ ਵਾਲੇ ਵਰ ਪੱਖ ਤੋਂ ਰੁਪਏ ਲੈਣ ਦੀ ਥਾਂ ਉਲਟਾ ਦਾਜ-ਦਿਤ ਦੇਣ, ਉਸ ਨੂੰ 'ਬ੍ਰਹਮ ਵਿਆਹ' ਕਿਹਾ ਜਾਂਦਾ ਹੈ।

(ਅ-69) **ਅਸੁਰ ਦਾਨੋਂ** :

ਇਕ ਦਾਨਵ ਜੋ ਹਿਮਾਲਾ ਪਰਬਤ ਦੀ 'ਚੂਰ' ਧਾਰ ਵਿਚ ਰਿਹਾ ਕਰਦਾ ਸੀ। ਇਹ ਧਾਰ ਸ਼ਿਮਲੇ ਤੋਂ ਵਿਖਾਈ ਦੇਂਦੀ ਹੈ। ਸਿਰਮੂਰ ਵਿਚ ਪ੍ਰਚਲਤ ਦੰਦ-ਕਥਾ ਅਨੁਸਾਰ ਜਦੋਂ ਇਥੋਂ ਦਾ ਸਥਾਨਿਕ ਦਿਓਤਾ ਸ਼ਿਰੀਗੁਲ ਦਿੱਲੀ ਦੀ ਯਾਤ੍ਰਾ ਉਤੇ ਗਿਆ ਤਾਂ ਉਹ 'ਚੂਰ' ਧਾਰ ਨੂੰ ਚੁਰੂ ਨਾਉਂ ਦੇ ਕਨੈਤ ਦੇ ਹਵਾਲੇ ਕਰ ਗਿਆ। ਪਿਛੋਂ ਅਸੁਰ ਦਾਨੋਂ ਨੇ ਚੂਰ ਉਤੇ ਆਪਣਾ ਕਬਜ਼ਾ ਜਮਾ ਲਿਆ। ਸ਼ਿਰੀਗੁਲ ਨੇ ਇੰਦਰ ਅੱਗੇ ਸਹਾਇਤਾ ਲਈ ਪ੍ਰਾਰਥਨਾ ਕੀਤੀ, ਉਸਨੇ ਬਿਜਲੀ ਦੀ ਮਦਦ ਨਾਲ ਅਸੁਰ ਦਾਨੋਂ ਨੂੰ ਚੂਰ ਧਾਰ ਵਿਚੋਂ ਕੱਢ ਦਿਤਾ। ਅਸੁਰ ਦਾਨੋਂ ਜਦੋਂ ਇਥੋਂ ਨਸ ਕੇ ਜਾ ਰਿਹਾ ਸੀ ਤਾਂ ਉਸ ਦਾ ਸਿਰ ਜੁੱਬਲ ਵਿਚ, ਇਕ ਪਹਾੜੀ ਨਾਲ ਟਕਰਾ ਗਿਆ ਤੇ ਉਹ ਪਹਾੜੀ ਨੂੰ ਚੀਰਦਾ ਹੋਇਆ ਪਾਰ ਲੰਘ ਗਿਆ, ਇਸ ਪਹਾੜੀ ਦੀ ਗੁਫਾ ਇਸ ਘਟਨਾ ਦੀ ਸਾਖੀ ਭਰਦੀ ਹੈ। ਇਥੋਂ ਉਹ ਦਰਿਆ ਦੁਆਰਾ ਸਮੁੰਦਰ ਵਿਚ ਜਾ ਪਹੁੰਚਿਆ। (ਗਲਾਸਰੀ. 1,292)

(ਅ-70) **ਅਸੁਰਾਂਤ** :

ਸਕੰਦ ਪੁਰਾਣ ਅਨੁਸਾਰ ਬਵਿੰਜਾ ਬੀਰਾਂ ਵਿਚੋਂ ਇਕ ਬੀਰ। (ਵੇਖੋ : ਬੀਰ)

(ਅ-71) **ਅੱਸੂ** :

ਦੇਸੀ ਵਰ੍ਹੇ ਦਾ ਸਤਵਾਂ ਮਹੀਨਾ। ਇਸ ਮਹੀਨੇ ਤੋਂ ਪੰਜਾਬ ਵਿਚ ਸਰਦ ਰੁੱਤ ਸ਼ੁਰੂ ਹੁੰਦੀ ਹੈ। ਇਸੇ ਬਾਰੇ ਅਖਾਣ ਹੈ : 'ਅੱਸੂ ਪੁੱਤਰ ਸਿਆਲੇ ਦਾ।' ਇਸ ਮਹੀਨੇ ਦਾ ਸੁਭਾਵ ਇਕ ਹੋਰ ਅਖਾਣ ਵਿਚ ਇਉਂ ਪ੍ਰਗਟ ਕੀਤਾ ਗਿਆ ਹੈ :— 'ਅੱਸੂ ਮਾਹ ਨਿਰਾਲਾ, ਦਿਹੁੰ ਧੁੱਪ ਤੇ ਰਾਤੀਂ ਪਾਲਾ'। ਇਸ ਮਹੀਨੇ ਨਾ ਧੁਪ ਚੰਗੀ ਲੱਗਦੀ ਹੈ ਨਾ ਛਾਂ — 'ਅੱਸੂ ਦੀ ਰੁੱਤ, ਨਾ ਛਾਂ ਭਾਵੇ ਨਾ ਧੁੱਪ।' ਅੱਸੂ ਦੇ ਚੜ੍ਹਦੇ ਸਾਰ ਬਾਰਸ਼ਾਂ ਦਾ ਜ਼ੋਰ ਘਟ ਜਾਂਦਾ ਹੈ ਅਤੇ ਹਫ਼ਤੇ ਕੁ ਮਗਰੋਂ ਮੀਂਹ ਬਿਲਕੁਲ ਨਹੀਂ ਪੈਂਦਾ। ਇਸੇ ਲਈ ਅਖਾਣ ਹੈ : 'ਅੱਸੂ ਭਾਲੇ ਮੇਘਲਾ ਭੁਲੀ ਫਿਰੇ ਗੰਵਾਰ।'

ਵਿਆਹ ਦੇ ਸਾਹੇ ਲਈ ਅੱਸੂ ਬੜਾ ਸ਼ੁਭ ਮਹੀਨਾ ਹੈ। ਕਿਉਂ ਜੋ ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ ਅਸ਼੍ਵਨੀ ਨਛੱਤ੍ਰ ਵਿਚ ਸਥਿਤ ਹੁੰਦਾ ਹੈ। ਅੱਸੂ ਦੇ ਮਹੀਨੇ ਵਿਚ ਨਰਾਤਿਆਂ ਦੇ ਦਿਨ ਬੜੇ ਪਵਿਤ੍ਰ ਮੰਨੇ ਗਏ ਹਨ ਜੋ ਅੱਸੂ ਦੇ ਮਹੀਨੇ ਦੀ ਸੁਦੀ ਪੱਖ ਦੀ ਏਕਮ ਤੋਂ ਨੌਮੀ ਤਕ ਦੇ ਨੌਂ ਦਿਨ ਹਨ। ਇਨ੍ਹਾਂ ਦਿਨਾਂ ਵਿਚ ਦੇਵੀ ਭਗਤ ਵਰਤ ਰਖਦੇ ਅਤੇ ਦੇਵੀ ਦੀ ਪੂਜਾ ਅਰਚਾ ਕਰਦੇ ਹਨ। (ਵੇਖੋ : ਨਰਾਤੇ)

ਅੱਸੂ ਦੀ ਪਹਿਲੀ ਤਿੱਥ ਤੋਂ ਰਾਮ ਲੀਲਾ ਸ਼ੁਰੂ ਹੁੰਦੀ ਹੈ ਤੇ ਦਸਵੀਂ ਤਿੱਥ ਨੂੰ ਦੁਸਹਿਰੇ ਦਾ ਪੁਰਬ ਮਨਾਇਆ ਜਾਂਦਾ ਹੈ। ਇਸ ਲਈ ਅੱਸੂ ਤਿਉਹਾਰਾਂ ਦਾ ਮਹੀਨਾ ਹੈ। ਅੱਸੂ ਦੇ ਹਨੇਰੇ ਪੱਖ ਵਿਚ ਸਰਾਧ ਪੈਂਦੇ ਹਨ। ਇਨ੍ਹਾਂ ਦਿਨਾਂ ਵਿਚ ਪਿਤਰਾਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਇਹ ਦਿਨ ਅਸ਼ੁਭ ਮੰਨੇ ਜਾਂਦੇ ਹਨ। 'ਅੱਸੂ ਦੇ ਮਹੀਨੇ ਜੀ ਸਰਾਧ ਮਸਾਂ ਆਏ। ਨਿਖਰੀਆਂ ਰਾਤਾਂ ਲੋਹੜੇ ਤਾਰਿਆਂ ਨੇ ਪਾਏ।' (ਲੋਕ ਗੀਤ)

ਕਹਿੰਦੇ ਹਨ, ਅੱਸੂ ਦੇ ਮਹੀਨੇ ਵਿਚ ਹੀ ਕ੍ਰਿਸ਼ਨ ਨੇ ਆਪਣੀ ਪਤਨੀ ਰੁਕਮਣੀ ਦੀ ਖ਼ੁਸ਼ੀ ਲਈ ਪਾਰਜਾਤ ਦਾ ਦੈਵੀ ਰੁੱਖ ਇੰਦਰ ਦੇ ਬਾਗ ਵਿਚੋਂ ਧਰਤੀ ਉਤੇ ਲਿਆਂਦਾ ਸੀ। ਇਸ ਦੈਵੀ ਕਰਮ ਸਦਕਾ ਇਨ੍ਹੀਂ ਦਿਨੀਂ ਮੌਸਮ ਉਤੇ ਦੈਵੀ ਜੋਬਨ ਸਹਿਜ ਰੂਪ ਵਿਚ ਛਾ ਜਾਂਦਾ ਹੈ। ਅੱਸੂ ਦੇ ਮਹੀਨੇ ਰੁੱਖਾਂ ਤੇ ਫੁੱਲਾਂ-ਬੂਟਿਆਂ ਦੀ ਛਬੀ ਬੜੀ ਅਨੂਪਮ ਹੁੰਦੀ ਹੈ। ਸਿੱਟਿਆਂ ਨੂੰ ਬੂਰ ਪੈਂਦਾ ਹੈ। ਅੱਸੂ ਦੇ ਮਹੀਨੇ ਦੀ ਪ੍ਰਕ੍ਰਿਤੀ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ — ਇਕ ਵਾਰ ਇਕ ਰਾਜੇ ਨੇ ਕਿਸੇ ਦੂਜੇ ਰਾਜੇ ਨੂੰ ਬੰਦੀ ਬਣਾ ਕੇ ਭੋਰੇ ਵਿਚ ਕੈਦ ਕਰ ਦਿਤਾ। ਕੁਝ ਮਹੀਨਿਆਂ ਮਗਰੋਂ ਰਾਜੇ ਨੇ ਬੰਦੀ ਵਿਚ ਪਏ ਰਾਜੇ ਨੂੰ ਕਿਹਾ ਕਿ ਜੇ ਉਹ ਇਹ ਦਸ ਦੇਵੇ ਕਿ ਹੁਣ ਕਿਹੜਾ ਮਹੀਨਾ ਚਲ ਰਿਹਾ ਹੈ ਤਾਂ ਉਹ ਉਸ ਨੂੰ ਮੁਕਤ ਕਰ ਦੇਵੇਗਾ। ਬੰਦੀ ਵਿਚ ਪਏ ਰਾਜੇ ਦੇ ਮਰਾਸੀ

ਨੂੰ ਜਦੋਂ ਇਸ ਸ਼ਰਤ ਦਾ ਪਤਾ ਲੱਗਾ ਤਾਂ ਉਹ ਛੋਰੇ ਦੇ ਆਸ ਪਾਸ ਚੱਕਰ ਕੱਢ ਕੇ ਉੱਚੀ ਸੁਰ ਵਿਚ ਗਾਣ ਲੱਗਾ :

ਸਿੱਟੀਂ ਪਿਆ ਬੂਰ ਕਾਹੀਂ ਨਿਸਾਰ ਤੇ
ਹੋ ਜਜਮਾਨਾ ਸਮਝ ਮੀਰ ਪੁਕਾਰਦੇ ।

ਕੈਦੀ ਰਾਜੇ ਨੇ ਇਸ ਟੱਪੇ ਤੋਂ ਅੱਸੂ ਮਹੀਨੇ ਦਾ ਅੰਦਾਜ਼ਾ ਲਗਾ ਲਿਆ ਕਿਉਂ ਜੋ ਅੱਸੂ ਦੇ ਮਹੀਨੇ ਵਿਚ ਹੀ ਸਿੱਟਿਆਂ ਨੂੰ ਬੂਰ ਅਤੇ ਕਾਹੀ ਦਾ ਨਿਸਾਰ ਹੁੰਦਾ ਹੈ ।

ਅੱਸੂ ਦੇ ਮਹੀਨੇ ਦਾ ਪਾਣੀ ਬੜਾ ਸ਼ੁਭ ਤੇ ਗੁਣਕਾਰੀ ਮੰਨਿਆ ਜਾਂਦਾ ਹੈ । ਧਨ-ਪੋਠੋਹਾਰ ਵਿਚ ਜੇ ਕਿਸੇ ਗਰਭਵਤੀ ਨੂੰ ਕੱਤਕ ਦੇ ਮਹੀਨੇ ਬੱਚਾ ਹੋਣ ਦੀ ਆਸ ਹੋਵੇ ਤਾਂ ਉਹ ਅੱਸੂ ਦੇ ਮਹੀਨੇ ਹੀ ਪਾਣੀ ਦੇ ਘੜੇ ਭਰ ਕੇ, ਆਪਣੇ ਪੀਣ ਲਈ ਰਾਖਵੇਂ ਕਰ ਲੈਂਦੀ ਹੈ । ਜੇ ਕੱਤਕ ਵਿਚ ਬੱਚਾ ਜੰਮੇ ਤਾਂ ਜਣਨੀ ਅਤੇ ਬੱਚਾ ਦੋਵੇਂ ਪਹਿਲੀ ਵਾਰ ਅੱਸੂ ਦਾ ਪਾਣੀ ਹੀ ਮੂੰਹ ਲਗਾਂਦੇ ਹਨ । ਅੱਸੂ ਦੇ ਪਾਣੀ ਬਾਰੇ ਇਕ ਅਖਾਣ ਵੀ ਹੈ :

ਰੱਬਾ ! ਇਕ ਵਾਰ ਫਿਰ ਜੀਆਂ
ਤੇ ਅੱਸੂ ਦਾ ਪਾਣੀ ਪੀਆਂ ।

ਅੱਸੂ ਦਾ ਪਾਣੀ ਬੜਾ ਮਿੱਠਾ ਹੁੰਦਾ ਹੈ । ਇਸ ਪਾਣੀ ਬਾਰੇ ਇਕ ਟੂਣਾ ਵੀ ਪ੍ਰਚਲਤ ਹੈ । ਜੇ ਕੋਈ ਪਤਨੀ ਆਪਣੇ ਪਤੀ ਨੂੰ, ਅੱਸੂ ਦੇ ਸਾਰੇ ਮਹੀਨੇ ਇਕ ਵਾਰ ਰੋਜ਼ ਪਾਣੀ ਵਿਚ ਮਿਸ਼ਰੀ ਘੋਲ ਕੇ ਪਿਲਾਵੇ ਤਾਂ ਪਤੀ ਉਸ ਨਾਲ ਬੜਾ ਮਿੱਠਾ ਵਿਹਾਰ ਕਰਨ ਲੱਗ ਪੈਂਦਾ ਹੈ ।

## (ਅ-72) ਅਸ਼ੋਕ ਬ੍ਰਿਛ :

ਇਕ ਬ੍ਰਿਛ ਜਿਸ ਨੂੰ ਹਿੰਦੂ ਅਤੇ ਬੋਧੀ ਬੜਾ ਪਵਿਤ੍ਰ ਤੇ ਸ਼ੁਭ ਮੰਨਦੇ ਹਨ । ਗਰੁੜ ਪੁਰਾਣ ਅਨੁਸਾਰ ਚੇਤਰ ਸੁਦੀ ਅਸ਼ਟਮੀ ਨੂੰ ਜੇ ਕੋਈ ਸ਼ਖ਼ਸ ਅਸ਼ੋਕ ਬ੍ਰਿਛ ਦੀਆਂ ਅੱਠ ਕਲੀਆਂ ਖਾਵੇ ਤਾਂ ਉਸ ਦੇ ਘਰ ਕਦੇ ਮਾਤਮ ਨਹੀਂ ਹੁੰਦਾ ।

ਅਸ਼ੋਕ ਬ੍ਰਿਛ ਨੂੰ ਸਦਾ ਹਰੇ ਭਰੇ ਰਹਿਣ ਦਾ ਵਰ ਸ਼ਿਵਜੀ ਨੇ ਦਿਤਾ ਸੀ । ਪਾਰਬਤੀ ਸ਼ਿਵਜੀ ਦੀ ਪੂਜਾ ਹਮੇਸ਼ਾਂ ਅਸ਼ੋਕ ਦੇ ਫੁੱਲਾਂ ਦੁਆਰਾ ਕੀਤਾ ਕਰਦੀ ਸੀ । ਸੋ ਸ਼ਿਵ ਨੇ ਪ੍ਰਸੰਨ ਹੋ ਕੇ ਅਸ਼ੋਕ ਬ੍ਰਿਛ ਨੂੰ ਸਦਾ ਖਿੜੇ ਤੇ ਮਹਿਕੇ ਰਹਿਣ ਦਾ ਵਰ ਦਿਤਾ । ਹਿੰਦੂ ਪੂਜਾ ਅਰਚਾ ਤੇ ਹੋਰ ਰਸਮਾਂ ਰੀਤਾਂ ਵੇਲੇ ਆਮ ਤੌਰ ਤੇ ਅਸ਼ੋਕ ਦੇ ਫੁੱਲਾਂ ਦਾ ਚੜ੍ਹਾਵਾ ਚਾੜ੍ਹਦੇ ਹਨ । ਸ਼ਿਵ ਦੇ ਉਪਾਸ਼ਕ ਇਸ ਬ੍ਰਿਛ ਨੂੰ ਆਪਣੇ ਘਰਾਂ ਤੇ ਮੰਦਰਾਂ ਵਿਚ ਦੱਖਣੀ ਪੂਰਬੀ ਗੁੱਠ ਵਿਚ ਲਗਾਉਂਦੇ ਹਨ ।

ਅਸ਼ੋਕ ਬ੍ਰਿਛ ਦਾ ਸੰਬੰਧ ਪ੍ਰੇਮ ਦੇ ਦੇਵਤੇ ਕਾਮਦੇਵ ਨਾਲ ਵੀ ਹੈ । ਪ੍ਰਾਚੀਨ ਕਾਲ ਵਿਚ ਜਦੋਂ ਕਾਮਦੇਵ ਦੀ ਪੂਜਾ ਦਾ ਆਮ ਰਵਾਜ ਸੀ, ਹਿੰਦੂ ਅਸ਼ੋਕ ਦੇ ਫੁੱਲਾਂ ਦੁਆਰਾ ਇਸ ਦੇਵਤੇ ਦੀ ਪੂਜਾ ਕਰਦੇ ਸਨ ।

ਰਾਮਾਇਣ ਅਨੁਸਾਰ ਰਾਵਣ ਜਦੋਂ ਸੀਤਾ ਨੂੰ ਉਧਾਲ ਕੇ ਲੰਕਾ ਲੈ ਗਿਆ ਤਾਂ ਉਥੇ ਇਸ ਨੂੰ ਅਸ਼ੋਕ ਬਾਗ਼ ਵਿਚ ਰਖਿਆ ਗਿਆ, ਜਿਸ ਬਾਗ਼ ਵਿਚ ਬਹੁਤੇ ਬ੍ਰਿਛ ਅਸ਼ੋਕ ਦੇ ਸਨ । ਸੀਤਾ ਨੇ ਲੰਕਾ ਵਿਚ ਬਹੁਤਾ ਸਮਾਂ ਅਸ਼ੋਕ ਦੇ ਬ੍ਰਿਛਾਂ ਹੇਠ ਹੀ ਗੁਜ਼ਾਰਿਆ । ਕਹਿੰਦੇ ਹਨ ਕਿ ਅਸ਼ੋਕ ਦੇ ਫੁੱਲ ਸਤੀਤੱਵ ਦੀ ਰੱਖਿਆ ਲਈ ਇਕ ਟੂਣੇ ਦਾ ਕੰਮ ਦੇਂਦੇ ਹਨ; ਅਸ਼ੋਕ ਬ੍ਰਿਛ ਦੀ ਛਾਇਆ ਹੇਠ ਰਹਿਣ ਕਰ ਕੇ ਹੀ ਸੀਤਾ ਆਪਣੇ ਇਸਤ੍ਰੀ ਧਰਮ ਦੀ ਰੱਖਿਆ ਵਿਚ ਸਫਲ ਰਹੀ । ਇਸੇ ਤੋਂ ਇਹ ਧਾਰਨਾ ਬਣੀ ਕਿ ਜੇ ਕਿਸੇ ਕੰਨਿਆਂ ਨੂੰ ਜੰਮਣ ਮਗਰੋਂ ਅਸ਼ੋਕ ਬ੍ਰਿਛ ਦੀ ਛਾਂ ਹੇਠ ਰਖਿਆ ਜਾਵੇ ਜਾਂ ਉਸ ਦਾ ਜਿਸਮ ਅਸ਼ੋਕ ਦੇ ਫੁੱਲ ਪੱਤਿਆਂ ਨਾਲ ਛੁਹਾਇਆ ਜਾਵੇ ਤਾਂ ਉਹ ਕੰਨਿਆਂ ਸਤੀਤੱਵ ਵਿਚ ਬੜੀ ਦ੍ਰਿੜ੍ਹ ਰਹਿੰਦੀ ਹੈ ।

ਬੰਗਾਲ ਵਿਚ ਅਸ਼ੋਕ ਬ੍ਰਿਛ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਅਸ਼ੋਕ ਸ਼ਸ਼ਠੀ (ਛਟੀ) ਨੂੰ ਤੀਵੀਆਂ ਅਸ਼ੋਕ ਬ੍ਰਿਛ ਦੀਆਂ ਕਲੀਆਂ ਸ਼ਰਧਾ ਭਾਵਨਾ ਨਾਲ ਪ੍ਰਸ਼ਾਦਿ ਵਜੋਂ ਖਾਂਦੀਆਂ ਹਨ ।

ਬੋਧੀ ਅਸ਼ੋਕ ਬ੍ਰਿਛ ਨੂੰ ਪੂਜਦੇ ਹਨ; ਕਿਉਂ ਜੋ ਮਹਾਤਮਾ ਬੁਧ ਦਾ ਜਨਮ ਇਸੇ ਬ੍ਰਿਛ ਹੇਠ ਹੋਇਆ ਮੰਨਿਆ ਗਿਆ ਹੈ । ਬੋਧੀ ਆਪਣੇ ਮੰਦਰਾਂ ਵਿਚ ਅਸ਼ੋਕ ਬ੍ਰਿਛ ਨੂੰ ਉਚੇਚੇ ਤੌਰ ਉਤੇ ਲਗਾਉਂਦੇ ਹਨ ਅਤੇ ਧਾਰਮਿਕ ਰਸਮਾਂ-ਰੀਤਾਂ ਸਮੇਂ ਇਸੇ ਦੇ ਪੱਤੇ ਵਰਤਦੇ ਹਨ ।

ਜੈਨੀ ਵੀ ਇਸ ਬ੍ਰਿਛ ਨੂੰ ਪੂਜਦੇ ਹਨ । ਮਹਾਂਵੀਰ ਨੂੰ ਇਸੇ ਬ੍ਰਿਛ ਹੇਠਾਂ ਗਿਆਨ ਹੋਇਆ ਸੀ ।

(ਅ-73) **ਅਸ਼ੋਕ ਵਾਟਿਕਾ :**

ਲੰਕਾ ਵਿਚ, ਰਾਵਣ ਦਾ ਇਕ ਸੁੰਦਰ ਬਾਗ਼, ਜਿਸ ਵਿਚ ਅਸ਼ੋਕ ਦੇ ਅਨੇਕਾਂ ਬ੍ਰਿਛ ਲੱਗੇ ਹੋਏ ਸਨ। ਇਸ ਬਾਗ਼ ਵਿਚ ਹਮੇਸ਼ਾਂ ਬਹਾਰ ਰਹਿੰਦੀ ਸੀ ਅਤੇ ਕਦੇ ਕੋਈ ਫੁੱਲ ਨਹੀਂ ਸੀ ਮੁਰਝਾਂਦਾ। ਰਾਵਣ ਨੇ ਸੀਤਾ ਨੂੰ ਹਰਣ ਤੋਂ ਬਾਅਦ ਇਸੇ ਬਾਗ਼ ਵਿਚ ਬੰਦੀ ਬਣਾ ਕੇ ਰਖਿਆ ਸੀ। ਹਨੂੰਮਾਨ ਸੀਤਾ ਨੂੰ ਲਭਦਾ ਹੋਇਆ ਜਦੋਂ ਇਥੇ ਪਹੁੰਚਿਆ ਤਾਂ ਉਸ ਨੇ ਰਾਖਸ਼ਾਂ ਦਾ ਧਿਆਨ ਖਿੱਚਣ ਲਈ ਇਸ ਬਾਗ਼ ਨੂੰ ਉਜਾੜ ਦਿਤਾ ਸੀ। ਰਾਮਚੰਦਰ ਨੇ ਰਾਵਣ ਉਤੇ ਵਿਜੈ ਪ੍ਰਾਪਤ ਕਰਨ ਉਪਰੰਤ ਅਜੁੱਧਿਆ ਜਾ ਕੇ ਇਸੇ ਤਰ੍ਹਾਂ ਦਾ ਇਕ ਬਾਗ਼ ਬਣਵਾਇਆ, ਜਿਸ ਦਾ ਨਾਂ ਵੀ ਅਸ਼ੋਕ ਵਾਟਿਕਾ ਰਖਿਆ।

(ਅ-74) **ਅਹਿਦ :**

ਇਸਲਾਮੀ ਪੁਰਾਣਧਾਰਾ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਸੁੰਨ ਅਵਸਥਾ। ਸੂਫ਼ੀ ਮੱਤ ਅਨੁਸਾਰ ਪਹਿਲਾਂ ਅੱਲਾ ਅਹਿਦ ਅਵਸਥਾ ਵਿਚ ਵਿਚਰਦਾ ਸੀ। ਫਿਰ ਆਪਣੇ ਆਪ ਨਾਲ ਇਸ਼ਕ ਕਰਨ ਕਰ ਕੇ ਸਹਿਜ ਸੁਭਾ ਅੱਲਾ ਦਾ ਨੂਰ ਪ੍ਰਗਟ ਹੋਇਆ, ਜਿਸ ਤੋਂ ਸ੍ਰਿਸ਼ਟੀ ਦੀ ਉਤਪੱਤੀ ਹੋਈ ਅਤੇ ਅੱਲਾ 'ਅਹਿਦ' ਤੋਂ 'ਅਹਿਮਦ' ਬਣ ਗਿਆ, ਭਾਵ ਅਹਿਦ ਵਿਚ ਮੀਮ ਰਲ ਗਿਆ। ਬੁਲ੍ਹੇ ਸ਼ਾਹ ਨੇ ਆਪਣੀਆਂ ਕਾਫ਼ੀਆਂ ਵਿਚ ਇਸ ਸੰਕਲਪ ਵਲ ਸੰਕੇਤ ਕੀਤਾ ਹੈ :— 'ਅਹਿਦ ਦੇ ਵਿਚ ਮੀਮ ਰਲਾਇਆ ਤੇ ਕੀਤਾ ਏਡ ਪਸਾਰਾ।' ਬੁਲ੍ਹੇ ਸ਼ਾਹ।

(ਅ-75) **ਅਹਿਣ ਉਡਾਣਾ :**

ਜਦੋਂ ਮੀਂਹ ਦੇ ਨਾਲ ਅਹਿਣ ਡਿੱਗੇ ਤਾਂ ਉਸ ਨੂੰ ਉਡਾਣ ਲਈ ਵਿਹੜੇ/ਖੇਤ ਵਿਚ ਤਵਾ ਮੂਧਾ ਮਾਰ ਕੇ ਰਖ ਦਿਤਾ ਜਾਂਦਾ ਹੈ, ਇਸ ਤਰ੍ਹਾਂ ਅਹਿਣ ਉੱਡ ਜਾਂਦੀ ਹੈ। (ਵੇਖੋ : ਔਲੇ)

(ਅ-76) **ਅਹਿਮਦ ਕਬੀਰ ਸੱਯਦ :**

ਇਕ ਮੁਸਲਮਾਨ ਫ਼ਕੀਰ, ਜਿਸ ਦੀ ਖ਼ਾਨਗਾਹ ਹਾਬੜੀ, ਤਹਿਸੀਲ ਕੈਂਥਲ ਵਿਚ ਹੈ। ਇਥੇ ਮੁਹੱਰਮ ਦੀ 24 ਤਾਰੀਖ਼ ਨੂੰ ਉਰਸ ਦਾ ਭਾਰੀ ਮੇਲਾ ਲੱਗਦਾ ਹੈ, ਜੋ ਤਿੰਨ ਦਿਨ ਰਹਿੰਦਾ ਹੈ।

(ਅ-77) **ਅਹਿਮਦ ਸ਼ਾਹ ਅਬਦਾਲੀ :**

ਅਹਿਮਦ ਸ਼ਾਹ ਅਬਦਾਲੀ ਦਾ ਜਨਮ 1722 ਈ: ਵਿਚ ਮੁਹੰਮਦ ਜ਼ਮਾਨ ਖ਼ਾਨ ਦੇ ਘਰ ਹੋਇਆ ਜੋ ਅਬਦਾਲੀਆਂ ਦੇ ਸਦੋਜ਼ਈ ਕਬੀਲੇ ਨਾਲ ਸੰਬੰਧ ਰਖਦਾ ਸੀ। ਅਹਿਮਦ ਸ਼ਾਹ ਦਾ ਪਿਤਾ ਹੈਰਾਤ ਦਾ ਇਕ ਸਾਧਾਰਨ ਜਿਹਾ ਸਰਦਾਰ ਸੀ। ਜਦੋਂ ਨਾਦਰ ਸ਼ਾਹ ਨੇ ਹੈਰਾਤ ਉਤੇ 1731 ਈ: ਵਿਚ ਧਾਵਾ ਬੋਲਿਆ ਤਾਂ ਅਬਦਾਲੀਆਂ ਦੀ ਹਾਰ ਹੋਈ। ਨਾਦਰ ਸ਼ਾਹ ਨੇ ਜਿਨ੍ਹਾਂ ਲੋਕਾਂ ਨੂੰ ਬੰਦੀ ਬਣਾਇਆ, ਉਨ੍ਹਾਂ ਵਿਚ ਅਹਿਮਦ ਸ਼ਾਹ ਵੀ ਇਕ ਸੀ। ਆਪਣੀ ਪ੍ਰਤਿਭਾ, ਪ੍ਰਾਕ੍ਰਮੀ ਸੁਭਾਵ ਤੇ ਬੁਧ ਬਲ ਸਦਕਾ ਅਹਿਮਦ ਸ਼ਾਹ, ਛੇਤੀ ਹੀ ਨਾਦਰ ਸ਼ਾਹ ਦਾ ਸੈਨਾਪਤੀ ਬਣ ਗਿਆ। ਨਾਦਰ ਸ਼ਾਹ ਦੀ ਮੌਤ ਮਗਰੋਂ ਅਹਿਮਦ ਸ਼ਾਹ ਨੇ ਪਹਿਲਾਂ ਕੰਧਾਰ ਅਤੇ ਫਿਰ ਕਾਬਲ ਉਤੇ ਆਪਣਾ ਅਧਿਕਾਰ ਕਾਇਮ ਕਰ ਲਿਆ। ਅਹਿਮਦ ਖ਼ਾਂ ਨੇ ਸ਼ਾਹ ਦੀ ਪਦਵੀ ਗ੍ਰਹਿਣ ਕਰ ਕੇ ਆਪਣਾ ਲਕਬ 'ਦੁਰੇ ਦੁਰਾਨੀ' (ਸਰਵੋੱਤਮ ਮੋਤੀ) ਰਖਿਆ। ਉਦੋਂ ਤੋਂ ਅਹਿਮਦ ਸ਼ਾਹ ਅਤੇ ਉਸ ਦਾ ਕਬੀਲਾ ਦੁਰਾਨੀ ਦੇ ਨਾਂ ਨਾਲ ਪ੍ਰਸਿਧ ਹੋਇਆ।

ਮੁਗ਼ਲ ਸਾਮਰਾਜ ਦੇ ਭਾਰਤ ਵਿਚ ਕਮਜ਼ੋਰ ਪੈ ਜਾਣ ਨਾਲ ਪੰਜਾਬ ਵਿਚ ਅਰਾਜਕਤਾ ਫੈਲ ਗਈ, ਜਿਸ ਦਾ ਲਾਭ ਉਠਾਉਣ ਲਈ ਅਹਿਮਦ ਸ਼ਾਹ ਨੇ ਭਾਰਤ ਉਤੇ 1747 ਈ: ਤੋਂ ਲੈ ਕੇ 1767 ਈ: ਤਕ ਕਈ ਵਾਰ ਹਮਲੇ ਕੀਤੇ। 1755 ਈ: ਵਿਚ ਉਸ ਨੇ 40 ਦਿਨ ਤਕ ਲਗਾਤਾਰ ਦਿੱਲੀ ਨੂੰ ਲੁਟਿਆ ਅਤੇ 1761 ਈ: ਵਿਚ ਕਲੰਦਰ ਖ਼ਾਂ ਦੁਆਰਾ ਅੰਮ੍ਰਿਤਸਰ ਦਾ ਹਰਿਮੰਦਰ ਤਬਾਹ ਕਰਵਾ ਕੇ ਸਰੋਵਰ ਨੂੰ ਪੂਰ ਦਿਤਾ। ਉਸ ਦੀ ਮ੍ਰਿਤੂ 1773 ਈ: ਵਿਚ ਮੁਰਗ਼ਾਬ ਨਗਰ ਵਿਚ ਹੋਈ।

ਅਹਿਮਦ ਸ਼ਾਹ ਨੇ ਪੰਜਾਬ ਵਿਚ ਬੜੀ ਲੁੱਟ ਮਚਾਈ, ਜਿਸ ਤੋਂ ਇਹ ਅਖਾਣ ਪ੍ਰਚਲਤ ਹੋ ਗਏ :

(1) ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ ।

(2) ਕੁਝ ਹਾਲੀ ਦੀ ਕੁਝ ਪਾਲੀ ਦੀ
ਬਾਕੀ ਅਹਿਮਦ ਸ਼ਾਹ ਅਬਦਾਲੀ ਦੀ ।

ਕੁਝ ਲੋਕ ਗੀਤਾਂ ਵਿਚ ਵੀ ਅਹਿਮਦ ਸ਼ਾਹ ਅਬਦਾਲੀ ਦੇ ਅੱਤਿਆਚਾਰਾਂ ਵਲ ਸੰਕੇਤ ਮਿਲਦਾ ਹੈ, ਪਰ ਕੁਝ ਕੁ ਗੀਤਾਂ ਵਿਚ ਉਸ ਵਿਰੁੱਧ ਜੂਝੇ ਸਿੱਖਾਂ ਦੇ ਪ੍ਰਾਕ੍ਰਮ ਤੇ ਗੌਰਵ ਦਾ :—

ਅਹਿਮਦੇ ਪੰਜਾਬ ਲੁਟਿਆ,
ਘਰ ਘਰ ਫੂੜੀਆਂ ਪਈਆਂ;
ਰਾਜ ਅਬਦਾਲੀ ਦਾ
ਖੁਲ੍ਹੇ ਪੰਛੀ ਨਾ ਲੈਣ ਉਡਾਰੀ;
ਬਾਬੇ ਨੌਦ ਅਬਦਾਲੀ ਮਾਰੇ
ਸੰਧੂ ਰਣ ਖੇਤ ਰਹਿ ਗਿਆ;
ਜਦੋਂ ਮਾਰ ਪਈ ਅਬਦਾਲੀ
ਅੱਲਾ ਹੂ ਦਾ ਨਾਹਰਾ ਮਾਰਦਾ ।

(ਅ-78) **ਅਹਿਮਦ ਚਿਸ਼ਤੀ ਸ਼ੇਖ਼** :

ਇਕ ਮੁਸਲਮਾਨ ਪੀਰ ਜਿਸ ਦੀ ਮਜ਼ਾਰ ਪਲਵਲ ਤਹਿਸੀਲ ਦੇ ਸਜਵਰੀ ਕਸਬੇ ਵਿਚ ਹੈ, ਇਥੇ ਰਬੀ-ਉਲ-ਅੱਵਲ ਦੀ 11ਵੀਂ ਤੇ 12ਵੀਂ ਨੂੰ ਇਕ ਭਾਰੀ ਮੇਲਾ ਲੱਗਦਾ ਹੈ । ਇਲਾਕੇ ਦੇ ਜਾਟ ਆਪਣੇ ਬੱਚਿਆਂ ਦਾ ਮੁੰਡਨ-ਸੰਸਕਾਰ ਇਥੇ ਕਰਦੇ ਹਨ । ਇਹ ਮਜ਼ਾਰ ਭਾਵੇਂ ਮੁਸਲਮਾਨ ਫ਼ਕੀਰ ਦੀ ਹੈ, ਪਰ ਹਿੰਦੂਆਂ ਵਿਚ ਇਸ ਦੀ ਬੜੀ ਮਾਨਤਾ ਹੈ ।

(ਅ-79) **ਅਹਿਰਮਨ** :

ਪਾਰਸੀ ਧਰਮ ਦਾ ਬਦੀ ਦਾ ਦੇਵਤਾ ਜੋ ਜੀਵਾਂ ਵਿਚ ਕਾਮਾਦਿਕ ਰੁਚੀ ਪੈਦਾ ਕਰ ਕੇ ਉਨ੍ਹਾਂ ਨੂੰ ਪਾਪ ਲਈ ਉਕਸਾਂਦਾ ਹੈ । ਅਵੇਸਤਾ ਗ੍ਰੰਥ ਵਿਚ ਇਸ ਦਾ ਨਾਂ ਅੰਗ੍ਰ ਮੈਨਯੂ ਅਤੇ ਪਹਿਲਵੀ ਵਿਚ ਅਹਿਲਮਨ ਹੈ ।

(ਅ-80) **ਅਹਿਰਾਵਣ** :

ਇਕ ਅਸੁਰ ਜੋ ਰਾਵਣ ਦਾ ਮਿੱਤਰ ਸੀ । ਇਹ ਮਹਿਰਾਵਣ ਨਾਲ ਪਤਾਲ ਲੰਕਾ ਵਿਚ ਰਹਿਦਾ ਸੀ । ਅਹਿਰਾਵਣ ਬੜਾ ਬਲਵਾਨ ਤੇ ਕੁਕਰਮੀ ਯੋਧਾ ਸੀ । ਰਾਮ ਤੇ ਲਛਮਨ ਨੇ ਮਾਰੂਤ ਦੀ ਮਦਦ ਨਾਲ ਇਸ ਨੂੰ ਮਾਰਿਆ । ਇਸਦੇ ਭਰਾ ਮਹਿਰਾਵਣ ਦਾ ਬੱਧ ਰਾਮ ਚੰਦਰ ਨੇ ਕੀਤਾ। (ਵੇਖੋ : ਮਹਿਰਾਵਣ)

(ਅ-81) **ਅਹਿਲਾਵਤ** :

ਜੱਟਾਂ ਦਾ ਇਕ ਕਬੀਲਾ ਜੋ ਚੁਹਾਨ ਰਾਜਪੂਤਾਂ ਦੀ ਵੰਸ਼ ਹੈ । ਇਸ ਕਬੀਲੇ ਦੀ ਬਹੁਤੀ ਵਸੋਂ ਰੋਹਤਕ, ਦਿੱਲੀ ਤੇ ਕਰਨਾਲ ਵਿਚ ਹੈ। ਗਲਾਸਰੀ. (2,7) ਅਨੁਸਾਰ ਇਸ ਕਬੀਲੇ ਦੇ ਲੋਕ 30 ਕੁ ਪੁਸ਼ਤਾਂ ਪਹਿਲਾਂ ਸਾਂਭਰ (ਜੈਪੁਰ) ਤੋਂ ਇਧਰ ਆਏ । ਅਹਿਲਾਵਤ ਕਬੀਲੇ ਦੇ ਲੋਕਾਂ ਦਾ ਜਠੇਰਾ ਸਾਧੂ ਦੇਬ ਸੀ, ਜਿਸਨੂੰ ਮੰਗਲ ਕਾਰਜਾਂ ਸਮੇਂ ਪੂਜਿਆ ਜਾਂਦਾ ਹੈ ।

(ਅ-82) **ਅਹਿੱਲਿਆ** :

ਅਹਿੱਲਿਆ ਗੌਤਮ ਰਿਸ਼ੀ ਦੀ ਪਤਨੀ ਅਤੇ ਵ੍ਰਿਧਾਸ਼ਵ ਦੀ ਪੁੱਤਰੀ ਸੀ । ਇਹ ਸੰਸਾਰ ਦੀ ਸਭ ਤੋਂ ਵਧ ਸੁੰਦਰ ਅਤੇ ਸੁਸ਼ੀਲ ਇਸਤ੍ਰੀ ਮੰਨੀ ਗਈ ਹੈ । ਰਾਮਾਇਣ ਦੇ ਕਥਨ ਅਨੁਸਾਰ ਬ੍ਰਹਮਾ ਨੇ ਸੰਸਾਰ ਦੀਆਂ ਸੱਤ ਸੁੰਦਰ ਵਸਤੂਆਂ ਦਾ ਸਾਰ ਲੈ ਕੇ ਅਹਿੱਲਿਆ ਨੂੰ ਆਪਣੇ ਹੱਥਾਂ ਨਾਲ ਸਿਰਜਿਆ ਤੇ ਉਸ ਨੂੰ ਅਦੁੱਤੀ ਰੂਪ ਦੇ ਕੇ ਗੌਤਮ ਨੂੰ ਸੌਂਪ ਦਿਤਾ ।

ਅਹਿੱਲਿਆ ਦੀ ਕਥਾ ਪੰਜਾਬ ਦੀਆਂ ਕੁਝ ਕੁ ਪ੍ਰਾਚੀਨ ਪੌਰਾਣਿਕ ਕਥਾਵਾਂ ਵਿਚੋਂ ਇਕ ਹੈ । ਇਸ ਕਥਾ ਦੇ ਬੀਜ ਵੈਦਿਕ ਸਾਹਿੱਤ ਵਿਚ ਵੀ ਮਿਲਦੇ ਹਨ । ਸ਼ਤਪਥ ਬ੍ਰਾਹਮਣ, ਜੈਮਿਨੀ ਬ੍ਰਾਹਮਣ ਅਤੇ ਕੁਝ ਹੋਰ ਪੁਰਾਤਨ ਸੂਤਰਾਂ ਵਿਚ ਵੀ ਇਸ ਕਥਾ ਵਲ ਸੰਕੇਤ ਮਿਲਦੇ ਹਨ ।

ਕਈ ਵਿਦਵਾਨਾਂ ਨੇ ਇਸ ਕਥਾ ਨੂੰ ਪ੍ਰਕ੍ਰਿਤੀ ਨਾਲ ਸੰਬੰਧਿਤ ਕਿਸੇ ਦ੍ਰਿਸ਼ਟਮਾਨ ਦਾ ਰੂਪਕ ਮੰਨਿਆ ਹੈ । ਵੇਬਰ ਅਨੁਸਾਰ ਅਹਿੱਲਿਆ ਊਸ਼ਾ ਹੈ ਅਤੇ ਇੰਦਰ ਮੇਘ । ਹਾਪਕਿਨਜ਼ ਸ਼ਬਦ ਵਿਉਤਪਤੀ ਦੇ ਅਧਾਰ ਉਤੇ ਅਹਿੱਲਿਆ ਨੂੰ 'ਨਾ ਵਾਹੀ ਗਈ ਭੂੰਮੀ' ਮੰਨਦਾ ਹੈ। ਸਵਾਮੀ ਦਇਆਨੰਦ ਨੇ ਨਿਰੁਕਤ ਦੇ ਆਧਾਰ ਉਤੇ ਇੰਦਰ ਨੂੰ ਸੂਰਜ, ਅਹਿੱਲਿਆ ਨੂੰ ਰਾਤ

ਅਤੇ ਗੌਤਮ ਨੂੰ ਚੰਨ ਦਾ ਪ੍ਰਤੀਕ ਮੰਨਿਆ ਹੈ।

ਸਮੇਂ ਨਾਲ ਅਹਿੱਲਿਆ ਦੀ ਕਥਾ ਵਿਚ ਕਈ ਪਰਿਵਰਤਨ ਆਏ ਅਤੇ ਇਸ ਦੇ ਭਿੰਨ ਭਿੰਨ ਰੂਪਾਂਤਰ ਸੰਸਕ੍ਰਿਤ ਦੇ ਕਈ ਗ੍ਰੰਥਾਂ ਵਿਚ ਮਿਲਦੇ ਹਨ। ਇਕ ਰੂਪਾਂਤਰ ਅਨੁਸਾਰ ਅਹਿੱਲਿਆ ਇੰਦਰ ਦੇ ਗੁਰੂ ਗੌਤਮ ਦੀ ਪਤਨੀ ਸੀ। ਦੋਹਾਂ ਦਾ ਆਪੋ ਵਿਚ ਬੜਾ ਪ੍ਰੇਮ ਸੀ। ਦੋਵੇਂ ਕਈ ਵਾਰ ਗੌਤਮ ਰਿਸ਼ੀ ਤੋਂ ਚੋਰੀ ਇਕ ਦੂਜੇ ਨੂੰ ਮਿਲਦੇ ਰਹਿੰਦੇ ਸਨ। ਪਹਿਲੀ ਵਾਰ ਗੌਤਮ ਨੇ ਜਦੋਂ ਦੋਹਾਂ ਨੂੰ ਚੋਰੀ ਮਿਲਦਿਆਂ ਵੇਖਿਆ ਤਾਂ ਉਸ ਨੇ ਇੰਦਰ ਨੂੰ ਸਹਸ ਭਗ ਗਾਮੀ ਹੋਣ ਦਾ ਸਰਾਪ ਦਿਤਾ। ਇੰਦਰ ਨੇ ਪ੍ਰਾਸਚਿਤ ਕਰ ਕੇ ਗੁਰੂ ਕੋਲੋਂ 'ਸਹਸ ਭਗ' ਦੀ ਥਾਂ 'ਸਹਸ ਲੋਇਣ' ਦਾ ਵਰ ਪ੍ਰਾਪਤ ਕਰ ਲਿਆ। ਦੂਜੀ ਵਾਰ ਜਦੋਂ ਗੌਤਮ ਨੇ ਦੋਹਾਂ ਨੂੰ ਫਿਰ ਇਕੱਠਾ ਸੁੱਤਿਆਂ ਵੇਖਿਆ ਤਾਂ ਉਸ ਨੇ ਅਹਿੱਲਿਆ ਨੂੰ ਪੱਥਰ ਬਣਨ ਅਤੇ ਇੰਦਰ ਨੂੰ ਨਿਪੁੰਸਕ ਹੋਣ ਦਾ ਸਰਾਪ ਦਿਤਾ। ਰਾਮਾਇਣ ਕਾਲ ਵਿਚ ਇਸ ਕਥਾ ਨੂੰ ਰਾਮ ਨਾਲ ਜੋੜ ਦਿਤਾ ਗਿਆ। ਅਹਿੱਲਿਆ ਨੂੰ ਪੱਥਰ ਹੋ ਜਾਣ ਦਾ ਸਰਾਪ ਦੇਣ ਮਗਰੋਂ ਗੌਤਮ ਨੇ ਕਿਹਾ ਕਿ ਤ੍ਰੇਤੇ ਯੁਗ ਵਿਚ ਰਾਮ ਦੀ ਚਰਨ-ਛੁਹ ਨਾਲ ਅਹਿੱਲਿਆ ਮੁਕਤ ਹੋ ਜਾਵੇਗੀ। ਪੁਰਾਣਾਂ ਵਿਚ ਇਸ ਕਥਾ ਨੂੰ ਹੋਰ ਵਿਸਥਾਰ ਦਿਤਾ ਗਿਆ। ਸਕੰਦ ਪੁਰਾਣ ਅਨੁਸਾਰ ਇੰਦਰ ਅਤੇ ਅਹਿੱਲਿਆ ਦੀਆਂ ਚੋਰ-ਮਿਲਣੀਆਂ ਦੀ ਸੂਚਨਾ ਨਾਰਦ ਨੇ ਗੌਤਮ ਰਿਸ਼ੀ ਨੂੰ ਦਿਤੀ।

ਪੰਜਾਬ ਵਿਚ ਅਹਿੱਲਿਆ ਅਤੇ ਇੰਦਰ ਦੀ ਜੋ ਗਾਥਾ ਲੋਕਾਂ ਵਿਚ ਪ੍ਰਚਲਤ ਹੈ, ਉਹ ਸਰੂਪ ਵਿਚ ਪੌਰਾਣਿਕ ਨਾਲੋਂ ਵਧੇਰੇ ਲੌਕਿਕ ਹੈ: ਰਾਜਾ ਇੰਦਰ ਅਹਿੱਲਿਆ ਦੀ ਸੁੰਦਰਤਾ ਉਤੇ ਮੋਹਿਤ ਸੀ। ਉਸ ਨੇ ਅਹਿੱਲਿਆ ਦੇ ਆਲਿੰਗਨ ਲਈ ਚੰਦਰਮੇ ਨਾਲ ਗਠਜੋੜ ਕੀਤਾ। ਚੰਦਰਮੇ ਨੇ ਅੱਧੀ ਰਾਤ ਵੇਲੇ ਹੀ ਕੁਕੜ ਦਾ ਰੂਪ ਧਾਰ ਕੇ ਬਾਂਗ ਦਿਤੀ ਤਾਂ ਜੋ ਗੌਤਮ ਰਿਸ਼ੀ ਸਰਘੀ ਵੇਲਾ ਜਾਣ ਕੇ, ਇਸ਼ਨਾਨ ਲਈ ਨਦੀ ਉਤੇ ਚਲਾ ਜਾਏ। ਪਿਛੋਂ ਇੰਦਰ ਨੇ ਗੌਤਮ ਦਾ ਰੂਪ ਧਾਰ ਕੇ ਅਹਿੱਲਿਆ ਦੀ ਸੇਜ ਭੋਗੀ। ਜਦੋਂ ਰਿਸ਼ੀ ਨਦੀ ਵਿਚ ਇਸ਼ਨਾਨ ਕਰਨ ਲੱਗਾ ਤਾਂ ਨਦੀ ਨੇ ਉਸ ਅੱਗੇ ਸਾਰਾ ਰਹੱਸ ਖੋਲ੍ਹ ਦਿਤਾ। ਗੌਤਮ ਉਸੇ ਪੈਰ ਵਾਪਸ ਘਰ ਆਇਆ ਅਤੇ ਚੰਦਰਮੇ ਨੂੰ ਕੁਕੜ ਦੇ ਰੂਪ ਵਿਚ ਬੂਹੇ ਅੱਗੇ ਪਹਿਰਾ ਦੇਂਦਾ ਵੇਖ ਕਰੋਧ ਵਿਚ ਆਪਣਾ ਗਿੱਲਾ ਤੌਲੀਆ ਉਸ ਉਤੇ ਪਟਕਾ ਕੇ ਮਾਰਿਆ। ਕੁਕੜ ਦੇ ਰੂਪ ਵਿਚ ਬੈਠਾ ਚੰਦਰਮਾ ਨਸ ਗਿਆ, ਪਰ ਤੌਲੀਏ ਦੇ ਨਿਸ਼ਾਨ ਉਸ ਦੀ ਹੋਣੀ ਬਣ ਕੇ ਉਸ ਦੇ ਮੱਥੇ 'ਤੇ ਅਜਿਹੇ ਉਕਰੇ ਗਏ ਕਿ ਹੁਣ ਤਕ ਕਾਲੇ ਧੱਬਿਆਂ ਦੇ ਰੂਪ ਵਿਚ ਵਿਖਾਈ ਦੇਂਦੇ ਹਨ। ਅਹਿੱਲਿਆ ਨੂੰ ਰਿਸ਼ੀ ਨੇ ਸੈਲ ਪੱਥਰ ਹੋ ਜਾਣ ਦਾ ਸਰਾਪ ਦਿਤਾ। ਕਈ ਵਰ੍ਹੇ ਉਹ ਇਸੇ ਅਵਸਥਾ ਵਿਚ ਸਥਿਤ ਰਹੀ। ਤ੍ਰੇਤਾ ਯੁਗ ਵਿਚ ਰਾਮ ਚੰਦਰ ਦੀ ਚਰਨ ਛੁਹ ਨਾਲ ਅਹਿੱਲਿਆ ਨੂੰ ਮੁਕਤੀ ਮਿਲੀ।

ਅਹਿੱਲਿਆ ਦੇ ਪੁੱਤਰ ਦਾ ਨਾਂ ਸ਼ਤਾਨੰਦ ਸੀ ਜੋ ਰਾਜੇ ਜਨਕ ਦਾ ਪ੍ਰੋਹਿਤ ਸੀ।

(ਅ-83) **ਅਹਿਲੇ ਕਿਤਾਬ :**

ਮੁਸਲਮਾਨ ਧਾਰਮਿਕ ਦ੍ਰਿਸ਼ਟੀ ਤੋਂ ਸੰਸਾਰ ਦੇ ਲੋਕਾਂ ਨੂੰ ਦੋ ਭਾਗਾਂ ਵਿਚ ਵੰਡਦੇ ਹਨ — ਅਹਿਲੇ ਕਿਤਾਬ ਅਤੇ ਕਾਫ਼ਰ। ਅਹਿਲੇ ਕਿਤਾਬ ਤੋਂ ਭਾਵ ਮੂਸਾਈਆਂ, ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਤੋਂ ਹੈ ਜੋ ਤਰਤੀਬਵਾਰ ਤੌਰੇਤ, ਜ਼ਬੂਰ, ਅੰਜੀਲ ਅਤੇ ਕੁਰਾਨ ਵਿਚ ਵਿਸ਼ਵਾਸ਼ ਰਖਦੇ ਹਨ, ਕਿਉਂ ਜੋ ਇਸਲਾਮ ਅਨੁਸਾਰ ਇਨ੍ਹਾਂ ਧਰਮਾਂ ਦੇ ਪੈਗੰਬਰਾਂ ਨੂੰ ਅੱਲਾ ਨੇ ਅਧਿਆਤਮਕ ਗਿਆਨ ਖ਼ੁਦ ਇਲਹਾਮ ਦੁਆਰਾ ਦਿਤਾ, ਜੋ ਉਨ੍ਹਾਂ ਨੇ ਉਪ੍ਰੋਕਤ ਗ੍ਰੰਥਾਂ ਵਿਚ ਸੁਰੱਖਿਅਤ ਕੀਤਾ। ਤੌਰੇਤ ਦਾ ਇਲਹਾਮ ਹਜ਼ਰਤ ਮੂਸਾ ਨੂੰ ਹੋਇਆ। ਜ਼ਬੂਰ ਹਜ਼ਰਤ ਦਾਊਦ ਦੁਆਰਾ ਉਤਰੀ। ਅੰਜੀਲ ਈਸਾ ਦੁਆਰਾ ਅਤੇ ਕੁਰਾਨ ਮੁਹੰਮਦ ਸਾਹਿਬ ਦੁਆਰਾ ਪ੍ਰਗਟ ਹੋਇਆ। ਮੁਸਲਮਾਨੀ ਅਕੀਦੇ ਅਨੁਸਾਰ ਕੁਰਾਨ ਤੋਂ ਬਿਨਾਂ ਬਾਕੀ ਤਿੰਨਾਂ ਧਾਰਮਿਕ ਗ੍ਰੰਥਾਂ ਦੇ ਇਲਹਾਮ ਵੀ ਭ੍ਰਿਸ਼ਟ ਗਏ ਹਨ ਅਤੇ ਉਨ੍ਹਾਂ ਵਿਚ ਕਾਫ਼ੀ ਮਿਲਾਵਟ ਹੋ ਗਈ ਹੈ, ਇਸ ਲਈ ਮੁਸਲਮਾਨ ਕੇਵਲ ਕੁਰਾਨ ਨੂੰ ਹੀ ਅਸਲੀ ਇਲਹਾਮੀ ਗ੍ਰੰਥ ਮੰਨਦੇ ਹਨ।

ਕਾਫ਼ਰ ਉਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਹੈ ਜੋ ਉਪ੍ਰੋਕਤ ਇਲਹਾਮੀ ਗ੍ਰੰਥਾਂ ਤੋਂ ਬਿਨਾਂ ਕਿਸੇ ਹੋਰ ਧਾਰਮਿਕ ਗ੍ਰੰਥ ਵਿਚ ਵਿਸ਼ਵਾਸ਼ ਰਖਦੇ ਹਣ।

(ਅ-84) **ਅਹਿਲੇ ਹਦੀਸ** :

ਮੁਸਲਮਾਨਾਂ ਦਾ ਇਕ ਫ਼ਿਰਕਾ ਜੋ ਸੁੰਨੀਆਂ ਵਲੋਂ ਇਕੱਤ੍ਰ ਕੀਤੀਆਂ ਗਈਆਂ ਛੇ ਹਦੀਸਾਂ ਵਿਚ ਵਿਸ਼ਵਾਸ਼ ਰਖਦਾ ਹੈ। ਇਹ ਲੋਕ ਇਕੀਸ਼ਵਰਵਾਦੀ ਹਨ ਅਤੇ ਪੀਰਾਂ ਪੈਗ਼ੰਬਰਾਂ ਦੀ ਪੂਜਾ ਦਾ ਖੰਡਨ ਕਰਦੇ ਹਨ। ਇਸ ਫ਼ਿਰਕੇ ਵਿਚ ਇਕ ਮਹਾਂਪੁਰਖ ਅਬਦੁਲ ਵਾਹਬ ਹੋਇਆ ਹੈ, ਜਿਸ ਦਾ ਜਨਮ ਨਜਦ ਵਿਚ 1691 ਈਸਵੀ ਵਿਚ ਹੋਇਆ। ਇਸ ਮਹਾਂਪੁਰਖ ਨੇ ਵਾਹਬੀ ਫ਼ਿਰਕੇ ਦੀ ਨੀਂਹ ਰਖੀ। (ਵੇਖੋ : ਵਾਹਬੀ)

(ਅ-85) **ਅਹੀ** :

(1) ਇਕ ਅਸੁਰ ਜਿਸ ਦਾ ਸੰਘਾਰ ਇੰਦਰ ਨੇ ਕੀਤਾ ਸੀ। ਰਿਗ ਵੇਦ ਵਿਚ, ਇੰਦਰ ਦੇਵਤੇ ਦੀ ਮਹਿਮਾ ਵਿਚ ਰਚੀ ਇਕ ਰਿਚ ਵਿਚ ਅਹੀ ਦਾ ਉਲੇਖ ਹੈ। ਵੈਦਿਕ ਪੁਰਾਣਧਾਰਾ ਅਨੁਸਾਰ ਅਹੀ, ਜਿਸ ਦਾ ਅਸਲੀ ਨਾਂ ਵ੍ਰਿੱਤਰ ਸੀ, ਇਕ ਭਿਆਨਕ ਸਰਪ-ਦੈਂਤ ਸੀ, ਜੋ ਸਮਸ਼ਟੀ ਜਲ ਨੂੰ ਆਪਣੇ ਵਿਚ ਸਮੋ ਕੇ ਪਹਾੜ ਦੀ ਚੋਟੀ ਉਤੇ ਕੁੰਡਲ ਮਾਰ ਕੇ ਬੈਠ ਗਿਆ। ਜਲ ਬਿਨਾਂ ਧਰਤੀ ਦੇ ਸਾਰੇ ਜੀਵ-ਜੰਤੂ ਵਿਆਕੁਲ ਹੋਣ ਲੱਗੇ। ਰਿਗ ਵੇਦ ਅਨੁਸਾਰ ਇੰਦਰ ਨੇ ਤ੍ਰਿਕਦਰੁਕ ਉਤਸ਼ਵ ਉਤੇ, ਸੋਮ ਰਸ ਪੀ ਕੇ, ਅਹੀ ਦੈਂਤ ਨੂੰ ਆਪਣੇ ਬੱਜਰ ਦੀ ਇਕੋ ਚੋਟ ਨਾਲ ਮਾਰ ਦਿਤਾ। ਇਸ ਦੇ ਬਾਅਦ ਇੰਦਰ ਨੇ ਉਸ ਦੀ ਮਾਂ ਦਨੁ ਨਾਲ ਯੁਧ ਕਰ ਕੇ ਉਸ ਨੂੰ ਵੀ ਮਾਰ ਦਿਤਾ। ਅਹੀ ਦੇ ਪੇਟ ਨੂੰ ਚੀਰਨ ਨਾਲ ਉਸ ਵਿਚੋਂ ਅਥਾਹ ਜਲ ਵਗਿਆ, ਜਿਸ ਨਾਲ ਨਦੀਆਂ ਫਿਰ ਪਹਿਲਾਂ ਵਾਂਗ ਵਗਣ ਲੱਗੀਆਂ, ਦਰੱਖ਼ਤਾਂ ਤੇ ਪੌਦਿਆਂ ਵਿਚ ਰਸ ਭਰ ਗਿਆ ਅਤੇ ਜੀਵਾਂ ਦੀਆਂ ਨਾੜੀਆਂ ਵਿਚ ਲਹੂ ਸਰਕਣ ਲੱਗਾ। ਕਈ ਵਿਦਵਾਨ ਅਹੀ (ਵ੍ਰਿੱਤਰ) ਨੂੰ ਸਿਆਲ ਰੁੱਤ ਦਾ ਮਾਨਵੀਕਰਣ ਮੰਨਦੇ ਹਨ; ਜਦੋਂ ਸਖ਼ਤ ਸਰਦੀ ਪੈਣ ਨਾਲ ਪਾਣੀ ਜੰਮ ਜਾਂਦਾ ਹੈ ਤੇ ਪਹਾੜਾਂ ਉਤੇ ਮੀਂਹ ਦੀ ਥਾਂ ਬਰਫ਼ ਪੈਂਦੀ ਹੈ। ਇਸ ਤਰ੍ਹਾਂ ਅਹੀ ਦੀ ਮੌਤ ਹੁਨਾਲੇ ਰੁੱਤ ਦੀ ਵਾਚਕ ਹੈ, ਜਦੋਂ ਜੰਮੀਆਂ ਹੋਈਆਂ ਬਰਫ਼ਾਂ ਪਿਘਲਦੀਆਂ ਹਨ ਅਤੇ ਨਦੀਆਂ ਦਾ ਪ੍ਰਵਾਹ ਤੇਜ਼ ਹੋ ਜਾਂਦਾ ਹੈ।

(2) ਇਕ ਸਰਪ-ਦੈਂਤ ਕਾਲੀਆ ਜੋ ਜਮਨਾ ਦਰਿਆ ਵਿਚ ਰਹਿੰਦਾ ਸੀ ਤੇ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ। (ਵੇਖੋ : ਕਾਲੀਆ)

(ਅ-86) **ਅਹੀਪਤੀ** :

(1) ਕ੍ਰਿਸ਼ਨ ਦੀ ਇਕ ਉਪਾਧੀ ਜੋ ਅਹੀ ਦੈਂਤ ਨੂੰ ਮਾਰਨ ਕਰ ਕੇ ਪ੍ਰਚਲਤ ਹੋਈ।

(2) ਸੱਪਾਂ ਦਾ ਰਾਜਾ, ਸ਼ੇਸ਼ਨਾਗ।

(ਅ-87) **ਅਹੀਰ** :

ਭਾਰਤ ਦੀ ਇਕ ਪ੍ਰਾਚੀਨ ਜਾਤੀ; ਅਹੀਰ ਜਾਤੀ ਦਾ ਜ਼ਿਕਰ ਵਿਸ਼ਨੂੰ ਪੁਰਾਣ ਤੇ ਬ੍ਰਹਮ ਪੁਰਾਣ ਵਿਚ ਮਿਲਦਾ ਹੈ। ਅਹੀਰ ਸ਼ਬਦ ਸੰਸਕ੍ਰਿਤ ਦੇ ਅਭੀਰ ਦਾ ਤੱਦਭਵ ਹੈ, ਜਿਸ ਦੇ ਅਰਥ ਗੁਆਲੇ ਦੇ ਹਨ। ਅਹੀਰ ਸ਼ਬਦ ਨੂੰ 'ਅਹੀ-ਮਾਰ' ਦਾ ਸੰਯੁਕਤ ਰੂਪ ਵੀ ਮੰਨਿਆ ਗਿਆ ਹੈ। ਅਹੀ ਇਕ ਵਿਕਰਾਲ ਸਰਪ-ਦੈਂਤ ਸੀ ਜੋ ਜਮਨਾ ਦਰਿਆ ਵਿਚ ਰਹਿੰਦਾ ਸੀ। ਕ੍ਰਿਸ਼ਨ ਨੇ ਅਹੀ ਦਾ ਸੰਘਾਰ ਕਰ ਕੇ ਜਮਨਾ ਦਰਿਆ ਨੂੰ ਉਸ ਤੋਂ ਵਿਮੁਕਤ ਕੀਤਾ ਸੀ। ਅਹੀ-ਮਾਰ ਪਦ ਕ੍ਰਿਸ਼ਨ ਦਾ ਬੋਧਿਕ ਹੈ। ਇਸੇ ਸ਼ਬਦ ਵਿਉਤਪਤੀ ਦੇ ਆਧਾਰ ਉਤੇ ਅਹੀਰ ਆਪਣੇ ਆਪ ਨੂੰ ਕ੍ਰਿਸ਼ਨ ਦੀ ਵੰਸ਼ ਅਥਵਾ ਜਾਦਵ ਕੁਲ ਨਾਲ ਜੋੜਦੇ ਹਨ।

ਅਹੀਰਾਂ ਦੀ ਉਤਪੱਤੀ ਬਾਰੇ ਕਈ ਮੱਤ ਹਨ। ਮਨੂ (10,15) ਅਨੁਸਾਰ ਅਹੀਰ ਬ੍ਰਾਹਮਣ ਦੁਆਰਾ ਅੰਬਸ਼ਠ (ਬ੍ਰਾਹਮਣ ਪੁਰਸ਼ ਤੇ ਵੈਸ਼ ਇਸਤ੍ਰੀ ਦੇ ਸੰਜੋਗ ਤੋਂ ਉਤਪੰਨ ਸੰਤਾਨ) ਤੀਵੀਂ ਤੋਂ ਉਤਪੰਨ ਸੰਤਾਨ ਹੈ। ਪਰ ਬ੍ਰਹਮ ਪੁਰਾਣ ਅਨੁਸਾਰ ਅਹੀਰ ਕਸ਼ਤਰੀ ਪਿਉ ਤੇ ਵੈਸ਼ ਮਾਂ ਦੀ ਸੰਤਾਨ ਹਨ। ਅਹੀਰਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ (ਗਲਾਸਰੀ. 2,4) ਇਕ ਬ੍ਰਾਹਮਣ ਨੇ ਵੈਸ਼ ਕੰਨਿਆਂ ਨਾਲ ਵਿਆਹ ਕੀਤਾ, ਇਨ੍ਹਾਂ ਦੀ

ਔਲਾਦ 'ਅਮਤ ਸੰਗਿਆ' ਅਥਵਾ ਅਛੂਤ ਅਖਵਾਈ। 'ਅਮਤ ਸੰਗਿਆ' ਦੀ ਲੜਕੀ ਨੇ ਅੱਗੋਂ ਫਿਰ ਕਿਸੇ ਬ੍ਰਾਹਮਣ ਨਾਲ ਵਿਆਹ ਕਰਵਾ ਲਿਆ, ਉਸ ਦੀ ਔਲਾਦ 'ਅਭੀਰ' ਅਖਵਾਈ। ਇਹੋ ਅਭੀਰ ਸ਼ਬਦ ਵਿਗੜ ਕੇ ਅਹੀਰ ਹੋ ਗਿਆ। ਪਰ ਇਲੀਅਟ ਇਸ ਮੱਤ ਨਾਲ ਸਹਿਮਤ ਨਹੀਂ।

ਅਹੀਰ ਹਰਿਆਣੇ ਦੇ ਗੁੜਗਾਉਂ ਤੇ ਰੋਹਤਕ ਜ਼ਿਲੇ ਤੋਂ ਛੁਟ ਪੰਜਾਬ ਦੇ ਉਸ ਇਲਾਕੇ ਵਿਚ ਜਿਸ ਨੂੰ ਪਹਿਲਾਂ 'ਪੈਪਸੂ' ਕਿਹਾ ਜਾਂਦਾ ਸੀ, ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਪੱਛਮੀ ਪੰਜਾਬ ਵਿਚ ਕਿਸੇ ਸਮੇਂ ਅਭੀਰ ਕਬੀਲਿਆਂ ਦਾ ਬੜਾ ਜ਼ੋਰ ਰਿਹਾ।

ਅਹੀਰ ਤਿੰਨ 'ਥਾਂਪਾਂ' ਜਾਂ ਉਪ-ਸ਼੍ਰੇਣੀਆਂ ਵਿਚ ਵੰਡੇ ਹੋਏ ਹਨ : ਨੰਦ ਬੰਸੀ, ਜਾਦਵ ਬੰਸੀ ਤੇ ਗੁਆਲ ਬੰਸੀ। ਕ੍ਰਿਸ਼ਨ ਨੂੰ ਪਾਲਣ ਵਾਲੇ ਗੁਆਲੇ ਦਾ ਨਾਉਂ ਨੰਦ ਸੀ ਜਿਸ ਤੋਂ ਉਸ ਦੀ ਵੰਸ਼ ਨੰਦ ਬੰਸੀ ਪ੍ਰਸਿਧ ਹੋਈ। ਜਾਦਵ ਕ੍ਰਿਸ਼ਨ ਜੀ ਦੀ ਆਪਣੀ ਵੰਸ਼ ਸੀ। ਗੁਆਲ ਬੰਸੀ ਉਨ੍ਹਾਂ ਗੁਆਲਿਆਂ ਤੇ ਗੋਪੀਆਂ ਦੀ ਵੰਸ਼ ਸੀ, ਜੋ ਬਿੰਦਰਾਬਨ ਅਤੇ ਗੋਕਲ ਵਿਚ ਕ੍ਰਿਸ਼ਨ ਨਾਲ ਕ੍ਰੀੜਾ ਕਰਦੀਆਂ ਸਨ। ਹਰਿਆਣੇ ਵਿਚ ਵਧੇਰੇ ਜਾਦਵ ਬੰਸੀ ਅਹੀਰ ਮਿਲਦੇ ਹਨ, ਪਰ ਮਥਰਾ ਅਤੇ ਬਿੰਦਰਾਬਨ ਵਿਚ ਨੰਦ ਬੰਸੀ ਤੇ ਗੁਆਲ ਬੰਸੀ। ਇਨ੍ਹਾਂ ਦੀਆਂ ਅੱਗੋਂ ਕਈ ਗੋਤਾਂ ਹਨ। ਗਲਾਸਰੀ. (2,5) ਵਿਚ ਜਾਦਵ ਬੰਸੀ ਅਹੀਰਾਂ ਦੀਆਂ 57 ਗੋਤਾਂ ਤੇ ਨੰਦ ਬੰਸੀ ਦੀਆਂ 7 ਗੋਤਾਂ ਦੀ ਨਾਮਾਵਲੀ ਦਰਜ ਹੈ।

ਅਹੀਰ ਮੁਖ ਰੂਪ ਵਿਚ ਪਸ਼ੂ ਚਾਰਨ ਵਾਲੀ ਜਾਤੀ ਹੈ, ਪਰ ਪੰਜਾਬ ਵਿਚ ਵਸਦੇ ਕੁਝ ਅਹੀਰ ਵਾਹੀ ਖੇਤੀ ਵੀ ਕਰਦੇ ਹਨ ਅਤੇ ਉਨ੍ਹਾਂ ਦਾ ਸਮਾਜਕ ਦਰਜਾ ਜੱਟਾਂ ਤੇ ਗੁਜਰਾਂ ਵਾਲਾ ਹੀ ਹੈ।

ਅਹੀਰ ਧਰਮ ਵਜੋਂ ਹਿੰਦੂ ਹਨ। ਇਹ ਸ਼ਿਵਜੀ ਤੋਂ ਬਿਨਾਂ ਦੇਵੀ ਦੇਵਤਿਆਂ ਤੇ ਠਾਕਰ ਜੀ ਦੀ ਉਪਾਸ਼ਨਾ ਵੀ ਕਰਦੇ ਹਨ। ਨਾਭੇ ਦੀ ਬਾਵਲ ਨਿਜ਼ਾਮਤ ਵਿਚ ਰਾਏਪੁਰ ਵਿਖੇ ਬਨਦਿਓ ਦਾ ਸਥਾਨ ਹੈ ਜਿਸ ਦੀ ਪੂਜਾ ਅਹੀਰ ਕਰਦੇ ਹਨ। ਬਨਦਿਓ ਇਕ ਕਾਲਾ ਸਰਪ ਸੀ ਜਿਸ ਨੂੰ ਅਹੀਰ ਪੂਜਦੇ ਸਨ। ਅਹੀਰ ਹੁਣ ਵੀ ਕਾਲੇ ਸਰਪ ਨੂੰ ਬਨਦਿਓ ਦਾ ਅਵਤਾਰ ਮੰਨਦੇ ਹੋਏ ਉਸ ਨੂੰ ਭੁਲ ਭੁਲੇਖੇ ਵੀ ਕਦੇ ਨਹੀਂ ਮਾਰਦੇ।

ਅਹੀਰਨਾਂ ਦੀ ਪੁਸ਼ਾਕ ਨਵੇਕਲੀ ਕਿਸਮ ਦੀ ਹੁੰਦੀ ਹੈ। ਉਹ ਲਾਲ ਖੱਟੀ ਚੋਲੀ ਤੇ ਨੀਲੀ ਘਗਰੀ ਪਹਿਨਦੀਆਂ ਹਨ ਅਤੇ ਸਿਰ ਉਤੇ ਲਾਲ ਮਲਮਲ ਦੀ ਓੜ੍ਹਨੀ ਲੈਂਦੀਆਂ ਹਨ। ਅਹੀਰਾਂ ਵਿਚ ਕਰੇਵੇ ਦਾ ਰਵਾਜ ਹੈ, ਪਰ ਜੀਂਦ ਦੇ ਇਲਾਕੇ ਵਿਚ ਅਹੀਰ ਵਿਧਵਾ ਆਪਣੇ ਜੇਠ ਨਾਲ ਕਰੇਵਾ ਨਹੀਂ ਕਰਦੀ। ਕੁਝ ਅਹੀਰ ਪਰਿਵਾਰਾਂ ਵਿਚ ਪੁਨਰ-ਵਿਆਹ ਦੀ ਮਨਾਹੀ ਹੈ।

(ਅ-88) **ਅਹੂਤੀ :**

ਦੇਵਤਿਆਂ ਦੀ ਪੂਜਾ ਅਰਚਾ ਅਤੇ ਯੱਗ ਸਮੇਂ ਉਨ੍ਹਾਂ ਦੀ ਪ੍ਰਸੰਨਤਾ ਲਈ ਘਿਉ ਤੇ ਕੁਝ ਹੋਰ ਸਾਮਗਰੀ ਜੋ ਮੰਤਰ ਪੜ੍ਹ ਕੇ ਹਵਨ ਦੀ ਅੱਗ ਵਿਚ ਸੁੱਟੀ ਜਾਂਦੀ ਹੈ; ਧਾਰਨਾ ਅਨੁਸਾਰ ਅਗਨੀ ਦੇਵਤਾ ਇਨ੍ਹਾਂ ਵਸਤੂਆਂ ਨੂੰ ਅਗਲੇ ਲੋਕ ਵਿਚ ਸੰਬੰਧਿਤ ਦੇਵਤੇ ਕੋਲ ਪ੍ਰਵਾਨ ਚੜ੍ਹਨ ਲਈ ਪਹੁੰਚਾ ਦੇਂਦਾ ਹੈ।

(ਅ-89) **ਅਹੇਰੀ :**

ਇਕ ਪਛੜੀ ਤੇ ਖ਼ਾਨਾਬਦੋਸ਼ ਜਾਤੀ; ਦੱਖਣ ਪੂਰਬੀ ਪੰਜਾਬ, ਖ਼ਾਸ ਤੌਰ ਤੇ ਨਾਭੇ ਦੇ ਇਲਾਕੇ ਵਿਚ ਅਹੇਰੀਆਂ ਦੀ ਕਾਫ਼ੀ ਸਾਰੀ ਵਸੋਂ ਮਿਲਦੀ ਹੈ। ਅਹੇਰੀ ਸ਼ਬਦ 'ਹੇੜ' ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਇੱਜੜ'। ਇਸ ਜਾਤੀ ਦੇ ਲੋਕ ਮੂਲ ਵਿਚ ਰਾਜਸਥਾਨ ਦੇ ਵਸਨੀਕ ਸਨ, ਖ਼ਾਸ ਕਰ ਜੋਧਪੁਰ ਤੇ ਬੀਕਾਨੇਰ ਦੇ। ਉਥੋਂ ਹੀ ਇਹ ਜਾਤੀ ਪੰਜਾਬ ਵਿਚ ਆ ਕੇ ਵਸੀ।

ਅਹੇਰੀਆਂ ਦਾ ਜੱਦੀ ਪੇਸ਼ਾ ਸ਼ਿਕਾਰ ਕਰਨਾ ਤੇ ਪੰਛੀਆਂ ਨੂੰ ਫੜਨਾ ਹੈ, ਪਰ ਵਾਢੀਆਂ ਦੇ ਦਿਨਾਂ ਵਿਚ ਇਹ ਕਾਮਿਆਂ ਦਾ ਕੰਮ ਵੀ ਕਰਦੇ ਹਨ। ਗਲਾਸਰੀ. (2,4) ਅਨੁਸਾਰ ਹਿਸਾਰ ਵਿਚ ਅਹੇਰੀ ਭੋਇੰ ਵਾਹੁੰਦੇ ਤੇ ਕਰਨਾਲ ਵਿਚ ਨਿਮਕ ਬਣਾਉਣ ਦਾ ਕੰਮ ਕਰਦੇ ਹਨ। ਕਈ ਅਹੇਰੀ ਛੱਜ ਤੇ ਟੋਕਰੀਆਂ ਵੀ ਬਣਾਉਂਦੇ ਹਨ।

ਅਹੇਰੀ ਕਈ ਗੋਤਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਦੀਆਂ ਕੁਝ ਗੋਤਾਂ ਜੋ ਨਾਭੇ ਦੀ ਬਾਵਲ ਨਿਜ਼ਾਮਤ ਵਿਚ ਮਿਲਦੀਆਂ ਹਨ, ਦੀ ਸੂਚੀ ਗਲਾਸਰੀ. (2,4) ਵਿਚ ਮਿਲਦੀ ਹੈ। ਅਹੇਰੀਆਂ ਵਿਚ ਵਿਆਹ ਲਈ ਮਾਂ, ਪਿਉ, ਨਾਨੀ ਤੇ ਦਾਦੀ ਦੀਆਂ ਚਾਰ ਗੋਤਾਂ ਨਿਸ਼ੇਧ ਹਨ। ਹੋਰ ਪਛੜੀਆਂ ਜਾਤੀਆਂ ਵਾਂਗ ਅਹੇਰੀਆਂ ਵਿਚ ਵਿਧਵਾ ਦੇ ਪੁਨਰ ਵਿਆਹ ਦੀ ਪ੍ਰਥਾ ਹੈ।

ਅਹੇਰੀ ਧਰਮ ਵਜੋਂ ਬਹੁਤੇ ਹਿੰਦੂ ਹਨ, ਪਰ ਪਟਿਆਲੇ, ਨਾਭੇ ਤੇ ਬਠਿੰਡੇ ਦੇ ਇਲਾਕੇ ਵਿਚ ਕੁਝ ਸਿੱਖ ਅਹੇਰੀ ਵੀ ਮਿਲਦੇ ਹਨ। ਅਹੇਰੀ ਸਥਾਨਕ ਦੇਵੀ ਦਿਓਤਿਆਂ, ਖੇਤਰਪਾਲ ਆਦਿ ਨੂੰ ਮੰਨਦੇ ਹਨ ਅਤੇ ਮਸਾਣੀ ਦੇਵੀ ਨੂੰ ਵੀ ਪੂਜਦੇ ਹਨ।

(ਅ-90) **ਅਹੋਈ** :

ਇਕ ਦੇਵੀ ਜੋ ਭਗਵਤੀ ਦੇਵੀ ਦਾ ਹੀ ਇਕ ਰੂਪ ਮੰਨੀ ਜਾਂਦੀ ਹੈ। ਇਕ ਧਾਰਨਾ ਅਨੁਸਾਰ ਅਹਿ ਵੰਸ਼ ਵਿਚੋਂ ਹੋਣ ਕਰ ਕੇ ਇਸ ਦਾ ਨਾਂ ਅਹੋਈ ਪਿਆ। ਇਹ ਦੇਵੀ ਹਰਨਾਕਸ਼, ਹਿਰਣਾਕਸ਼ਿਪ, ਬ੍ਰਿਤ੍ਰਾਸੁਰ, ਵਿਸ਼੍ਵਰੂਪ ਅਤੇ ਅਹਿ ਆਦਿ ਦੈਂਤਾਂ ਦੀ ਭੈਣ ਅਤੇ ਪ੍ਰਹਿਲਾਦ ਦੀ ਭੂਆ ਸੀ। ਨੇਕ ਤੇ ਸੁਸ਼ੀਲ ਹੋਣ ਕਰ ਕੇ ਇਸ ਨੇ ਪ੍ਰਹਿਲਾਦ ਅਤੇ ਹਰਨਾਕਸ਼ ਵਿਚ ਸੁਲਹ ਕਰਾਉਣ ਦੇ ਯਤਨ ਕੀਤੇ, ਪਰ ਸਫਲ ਨਾ ਹੋ ਸਕੀ। ਕੱਤਕ ਵਦੀ ਅਸ਼ਟਮੀ ਨੂੰ ਅਹੋਈ ਦਾ ਵਰਤ ਰਖਿਆ ਜਾਂਦਾ ਹੈ ਅਤੇ ਇਸ ਦਿਨ ਮਥਰਾ ਦੇ ਜ਼ਿਲੇ ਰਾਧਾ ਕੁੰਡ ਵਿਚ ਅਹੋਈ ਦਾ ਬੜਾ ਭਾਰੀ ਮੇਲਾ ਲੱਗਦਾ ਹੈ। ਕੱਤਕ ਦੀ ਚਾਨਣੀ ਏਕਮ ਨੂੰ ਇਹਦੀ ਮੂਰਤੀ ਜਲ-ਪ੍ਰਵਾਹ ਕਰ ਦਿਤੀ ਜਾਂਦੀ ਹੈ। (ਵੇਖੋ : ਅਹੋਈ ਅਸ਼ਟਮੀ, ਅਹੋਈ ਵਰਤ)

(ਅ-91) **ਅਹੋਈ ਅਸ਼ਟਮੀ** :

ਕੱਤਕ ਵਦੀ ਅਠਵੀਂ ਨੂੰ ਅਹੋਈ ਅਸ਼ਟਮੀ ਕਹਿੰਦੇ ਹਨ। ਇਸ ਦਿਨ ਸੰਤਾਨ ਵਾਲੀਆਂ ਤੀਵੀਆਂ ਆਪਣੇ ਬੱਚਿਆਂ ਦੇ ਸੁਖ ਤੇ ਕਲਿਆਣ ਲਈ ਵਰਤ ਰਖਦੀਆਂ ਤੇ ਅਹੋਈ ਦੇਵੀ ਦੀ ਪੂਜਾ ਕਰਦੀਆਂ ਹਨ। ਪਹਿਲਾਂ ਕਿਸੇ ਕੰਧ ਉਤੇ ਮਿੱਟੀ ਨਾਲ ਅਹੋਈ ਦੀ ਮੂਰਤੀ ਬਣਾ ਕੇ ਚਿਪਕਾਈ ਜਾਂਦੀ ਹੈ। ਫਿਰ ਉਸ ਨੂੰ ਗਹਿਣਿਆਂ ਤੇ ਰੰਗਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਕਈ ਵਾਰ ਇਸ ਮੂਰਤੀ ਦੇ ਨੇੜੇ ਸਹੇ ਦੇ ਬੱਚਿਆਂ ਦੇ ਚਿੱਤਰ ਵੀ ਵਾਹ ਦਿਤੇ ਜਾਂਦੇ ਹਨ। ਮੂਰਤੀ ਦੇ ਸਾਹਮਣੇ ਜ਼ਮੀਨ ਉਤੇ ਗੋਹੇ ਦਾ ਪੋਚਾ ਦੇ ਕੇ ਚੌਂਕ ਪੂਰਿਆ ਜਾਂਦਾ ਹੈ ਤੇ ਉਸ ਵਿਚ ਪੀਲੇ ਰੰਗ ਦਾ ਇਕ ਕਲਸ਼ ਵੀ ਰਖਿਆ ਜਾਂਦਾ ਹੈ। ਇਸ ਕਲਸ਼ ਦੇ ਕੋਲ ਅੱਠ ਕੁ ਉਂਗਲ ਲੰਮੀ ਅਹੋਈ ਦੀ ਪੁਤਲੀ ਸਥਾਪਿਤ ਕਰ ਕੇ ਪਹਿਲਾਂ ਧੂਪ ਦੀਪ ਨਾਲ ਕਲਸ਼ ਦੀ ਅਤੇ ਫਿਰ ਅਹੋਈ ਦੀ ਪੂਜਾ ਕੀਤੀ ਜਾਂਦੀ ਹੈ। ਦੇਵੀ ਨੂੰ ਦੁੱਧ ਚਾਵਲ ਦਾ ਭੋਗ ਲਗਵਾ ਕੇ ਪ੍ਰੋਹਤਣੀ ਤੋਂ ਅਹੋਈ ਦੇਵੀ ਦੀ ਕਥਾ ਸੁਣੀ ਜਾਂਦੀ ਹੈ, ਜੋ ਇਸ ਪ੍ਰਕਾਰ ਹੈ : ਇਕ ਤੀਵੀਂ ਜਿਸ ਦੇ ਸੱਤ ਪੁੱਤਰ ਸਨ, ਦੀਵਾਲੀ ਤੋਂ ਕੁਝ ਦਿਨ ਪਹਿਲਾਂ ਘਰ ਦੀ ਸ਼ੁੱਧੀ ਤੇ ਪੋਚਾ ਪਾਚੀ ਵਾਸਤੇ ਬਾਹਰੋਂ ਟਿੱਬੇ ਤੋਂ ਮਿੱਟੀ ਪੁੱਟਣ ਗਈ। ਮਿੱਟੀ ਪੁਟਦਿਆਂ ਖੁਰਪੀ ਦੀ ਸੱਟ ਨਾਲ ਇਕ ਸਹੇ ਦਾ ਬੱਚਾ ਮਾਰਿਆ ਗਿਆ। ਫਲਸਰੂਪ ਕੁਝ ਦਿਨਾਂ ਵਿਚ ਹੀ ਇਕ ਇਕ ਕਰ ਕੇ ਉਸ ਤੀਵੀਂ ਦੇ ਸੱਤੇ ਬੱਚੇ ਮਰ ਗਏ। ਉਸ ਤੀਵੀਂ ਨੇ ਆਪਣੀ ਕਰੁਣਾਮਈ ਵਿਥਿਆ ਇਕ ਭਗਤਣੀ ਨੂੰ ਸੁਣਾ ਕੇ ਕਿਹਾ ਕਿ ਉਸ ਨੇ ਜੀਵਨ ਵਿਚ ਹੋਰ ਤਾਂ ਕਦੇ ਕੋਈ ਪਾਪ ਨਹੀਂ ਕੀਤਾ, ਪਰ ਇਕ ਵਾਰ ਮਿੱਟੀ ਪੁਟਦਿਆਂ ਇਕ ਸੇਹਾ ਉਸ ਦੀ ਖੁਰਪੀ ਨਾਲ ਮਾਰਿਆ ਗਿਆ ਸੀ। ਉਸ ਭਗਤਣੀ ਨੇ ਉਪਾ ਦਸਦਿਆਂ ਕਿਹਾ ਕਿ ਉਹ ਕੱਤਕ ਵਦੀ ਅਸ਼ਟਮੀ ਨੂੰ ਭਗਵਤੀ ਦੀ ਮੂਰਤੀ ਬਣਾ ਕੇ ਅਤੇ ਨਾਲ ਹੀ ਸਹੇ ਦੇ ਬੱਚੇ ਦਾ ਚਿੱਤਰ ਉਲੀਕ ਕੇ ਪੂਜਾ ਕਰੇ। ਉਸ ਤੀਵੀਂ ਨੇ ਇਸੇ ਤਰ੍ਹਾਂ ਕੀਤਾ ਅਤੇ ਉਸ ਦੇ ਘਰ ਉਪਰਥਲੀ ਸੱਤ ਪੁੱਤਰ ਜੰਮੇ। ਉਦੋਂ ਤੋਂ ਸੰਤਾਨ ਵਾਲੀਆਂ ਤੀਵੀਆਂ ਆਪਣੀ ਔਲਾਦ ਦੀ ਰੱਖਿਆ ਅਤੇ ਕਲਿਆਣ ਦੀ ਖ਼ਾਤਰ, ਅਹੋਈ ਅਸ਼ਟਮੀ ਨੂੰ, ਦੇਵੀ ਦੀ ਪੂਜਾ ਕਰਦੀਆਂ ਆ ਰਹੀਆਂ ਹਨ।

(ਅ-92) **ਅਹੋਈ ਦਾ ਵਰਤ** :

ਅਹੋਈ ਦੇਵੀ ਦੀ ਪ੍ਰਸੰਨਤਾ ਲਈ ਕੱਤਕ ਵਦੀ ਅੱਠਵੀਂ ਨੂੰ ਕਈ ਹਿੰਦੂ ਤੀਵੀਆਂ ਵਰਤ ਰਖਦੀਆਂ ਹਨ। ਇਹ ਵਰਤ ਬੜਾ ਕਰੜਾ ਹੁੰਦਾ ਹੈ, ਕਿਉਂ ਜੋ ਸਾਰਾ ਦਿਨ ਅੰਨ ਪਾਣੀ ਕੁਝ ਵੀ ਮੂੰਹ ਨਹੀਂ ਲਗਾਇਆ ਜਾਂਦਾ। ਜਿਵੇਂ ਕਰਵਾ ਚੌਥ ਦਾ ਵਰਤ ਸੁਹਾਗ ਦੀ ਸਥਿਰਤਾ ਲਈ ਰਖਿਆ ਜਾਂਦਾ ਹੈ, ਉਸੇ ਤਰ੍ਹਾਂ ਅਹੋਈ ਦਾ ਵਰਤ ਸੰਤਾਨ ਦੀ ਰੱਖਿਆ ਤੇ ਕਲਿਆਣ ਲਈ ਪ੍ਰਚਲਤ ਹੈ। ਇਹ ਵਰਤ ਰਾਤੀਂ ਤਾਰਿਆਂ ਦੀ ਛਾਂ ਵਿਚ ਖੋਲ੍ਹਿਆ ਜਾਂਦਾ ਹੈ। ਇਸ ਵਰਤ ਬਾਰੇ ਕ੍ਰਿਸ਼ਨ ਭਗਤਾਂ ਵਿਚ ਇਹ ਕਥਾ ਪ੍ਰਚਲਤ ਹੈ :

ਕੁੰਜਨ ਬਨ ਵਿਚ ਅਕਾਸੁਰ ਤੇ ਬਕਾਸੁਰ ਨਾਂ ਦੇ ਦੋ ਰਾਖਸ਼ ਰਹਿੰਦੇ ਸਨ, ਜੋ ਬਨ ਵਿਚ ਪਾਣੀ ਭਰਨ ਆਈਆਂ ਤੀਵੀਆਂ ਨੂੰ ਬੜਾ ਤੰਗ ਕਰਦੇ ਸਨ। ਕੱਤਕ ਵਦੀ ਅਸ਼ਟਮੀ ਨੂੰ ਕ੍ਰਿਸ਼ਨ ਉਨ੍ਹਾਂ ਦੁਹਾਂ ਦਾ ਸੰਘਾਰ ਕਰਨ ਦੀ ਪ੍ਰਤਿਗਿਆ ਕਰ ਕੇ ਜੰਗਲ ਵਲ ਤੁਰ ਪਏ। ਪਿਛੋਂ ਯਸ਼ੋਧਰਾਂ ਸਾਰਾ ਦਿਨ ਕ੍ਰਿਸ਼ਨ ਦੀ ਚਿੰਤਾ ਵਿਚ ਡੁਬੀ ਰਹੀ ਤੇ ਉਨ੍ਹਾਂ ਦੇ ਵਿਜੋਗ ਵਿਚ ਉਸ ਨੇ ਅੰਨ-ਜਲ ਮੂੰਹ ਨਾ ਲਗਾਇਆ। ਜਦੋਂ ਕ੍ਰਿਸ਼ਨ ਦੋਹਾਂ ਰਾਖਸ਼ਾਂ ਨੂੰ ਮਾਰ ਕੇ ਵਾਪਸ ਘਰ ਪਰਤੇ ਤਾਂ ਤਾਰੇ ਚੜ੍ਹ ਚੁਕੇ ਸਨ। ਯਸ਼ੋਧਰਾਂ ਨੇ ਉਨ੍ਹਾਂ ਨੂੰ ਸਾਮਰਤਖ ਵੇਖ ਕੇ ਫਿਰ ਅੰਨ ਪਾਣੀ ਮੂੰਹ ਲਾਇਆ। ਉਦੋਂ ਤੋਂ ਇਹ ਵਰਤ ਮਾਂਵਾਂ ਆਪਣੇ ਬੱਚਿਆਂ ਦੇ ਕਲਿਆਣ ਦੀ ਖ਼ਾਤਰ ਰਖਦੀਆਂ ਆ ਰਹੀਆਂ ਹਨ।

ਦੋਹਾਂ ਰਾਖਸ਼ਾਂ ਨੂੰ ਮਾਰਨਾ ਅਸੰਭਵ ਸੀ। ਜਦੋਂ ਲੋਕਾਂ ਨੇ ਇਸ ਘਟਨਾ ਬਾਰੇ ਪਹਿਲਾਂ ਪਹਿਲ ਸੁਣਿਆ ਤਾਂ ਉਨ੍ਹਾਂ ਇਸ ਗੱਲ ਨੂੰ 'ਅਨਹੋਣੀ' ਕਿਹਾ। ਧਾਰਨਾ ਹੈ ਕਿ ਇਹੋ ਸ਼ਬਦ ਹੌਲੇ ਹੌਲੇ 'ਅਨਹੋਈ', 'ਅਹੋਈ' ਬਣ ਗਿਆ ਤੇ ਇਸ ਦਿਨ ਦਾ ਵਰਤ ਅਹੋਈ ਦੇ ਵਰਤ ਦੇ ਨਾਉਂ ਨਾਲ ਪ੍ਰਸਿਧ ਹੋਇਆ। ਇਹ ਵਰਤ ਕ੍ਰਿਸ਼ਨ ਦੇ ਭਗਤਾਂ ਵਿਚ ਬੜਾ ਪ੍ਰਚਲਤ ਹੈ। ਪਰ ਗੁਰਮਤਿ ਵਿਚ ਮਨ੍ਹਾਂ ਹੈ :

ਹਰਿ ਕਾ ਸਿਮਰਨ ਛਾਡਿ ਕੈ ਅਹੋਈ ਰਾਖੈ ਨਾਰਿ
ਗਧੀ ਹੋ ਕੈ ਉਤਰੈ ਭਾਰ ਸਹੇ ਮਨ ਚਾਰ।

— ਸੂਹੀ ਕਬੀਰ

(ਅ-93) **ਅੱਕ** :

ਕਈ ਗੋਤਾਂ ਵਿਚ ਸੰਸਕਾਰਾਂ ਅਤੇ ਰੀਤਾਂ ਵੇਲੇ ਅੱਕ ਦੀ ਪੂਜਾ ਪ੍ਰਚਲਤ ਹੈ। ਬੱਚੇ ਦੇ ਜਨਮ ਵੇਲੇ ਚੂਹੜਿਆਂ ਆਦਿ ਵਿਚ ਚੰਦਰੀਆਂ ਰੂਹਾਂ ਨੂੰ ਦੂਰ ਰਖਣ ਲਈ, ਅੱਕ ਦੇ ਪੱਤੇ ਦੁਆਰ ਅੱਗੇ ਰਖ ਦਿਤੇ ਜਾਂਦੇ ਹਨ। ਚੌਥੇ ਦੇ ਬੁਖ਼ਾਰ ਵਿਚ, ਅੱਕ ਦਾ ਟੂਣਾ ਵੀ ਕੀਤਾ ਜਾਂਦਾ ਹੈ। ਅੱਕ ਦੇ ਕਿਸੇ ਅਜਿਹੇ ਬੂਟੇ ਨਾਲੋਂ ਜਿਹਨੂੰ ਚਾਰ ਅੱਕੜੀਆ ਲੱਗੀਆਂ ਹੋਣ, ਇਕ ਅੱਕੜੀ ਤੋੜ ਕੇ ਉਸ ਦਾ ਦੁੱਧ ਰੋਗੀ ਦੇ ਦਸਾਂ ਨਹੁੰਆਂ ਉਤੇ ਲਗਾਇਆ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਰੋਗੀ ਛੇਤੀ ਰਾਜ਼ੀ ਹੋ ਜਾਂਦਾ ਹੈ। (ਵੇਖੋ : ਬੁਖ਼ਾਰ)

ਜਣੇਪੇ ਦੇ ਦਿਨੀਂ ਚਿਲੇ ਵਾਲੇ ਕੋਠੇ ਦੀ ਛੱਤ ਉਤੇ ਅੱਕ ਰਖ ਦਿਤਾ ਜਾਂਦਾ ਹੈ। ਇਸ ਤਰ੍ਹਾਂ ਉਪਰੋਂ ਲੰਘਦੀ ਕਿਸੇ ਚੰਦਰੀ ਰੂਹ ਦਾ ਅਸਰ ਬੱਚੇ ਉਤੇ ਨਹੀਂ ਪੈਂਦਾ।

ਲੋਕ-ਕਲਪਨਾ ਨੇ ਸਾਧਾਰਨ ਜਿਹੇ ਅੱਕ ਦੇ ਬੂਟੇ ਨੂੰ ਬੁਝਾਰਤ ਦੁਆਰਾ ਕਿਤਨਾ ਵਿਸ਼ੇਸ਼ ਤੇ ਸਮ੍ਰਿਧ ਬਣਾ ਦਿਤਾ ਹੈ :—

ਜੇ ਚਲਿਆਂ ਏਂ ਬਾਜ਼ਾਰ,
ਮਹਿੰਡੇ ਪੈਸੇ ਘਿੰਨ ਵੰਞ ਚਾਰ,
ਨਾਲੇ ਆਣੀ ਖਖੜੀਆਂ,
ਨਾਲੇ ਆਣੀ ਲਕੜੀਆਂ,
ਨਾਲੇ ਆਣੀ ਅੰਬ ਤਰੋੜ,
ਨਾਲੇ ਆਣੀ ਪੈਸੇ ਮੋੜ।

(ਅ-94) **ਅੰਕ** :

ਅੰਕਾਂ ਬਾਰੇ ਕਈ ਭਰਮ-ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਕਈ ਅੰਕੜੇ ਸ਼ੁਭ ਹਨ, ਪਰ ਕਈ ਅਸ਼ੁਭ। ਮੁਖੀ ਰੂਪ ਵਿਚ ਤਾਕ ਅੰਕੜੇ ਜਿਸਤ ਅੰਕੜਿਆਂ ਨਾਲੋਂ ਵਧੇਰੇ ਸ਼ੁਭ ਤੇ ਕਲਿਆਣਕਾਰੀ ਮੰਨੇ ਗਏ ਹਨ। ਇਸੇ ਲਈ ਬੱਚੇ ਦੇ ਜਨਮ, ਮੰਗਣੇ, ਵਿਆਹ ਆਦਿ ਦੇ ਮੰਗਲਮਈ ਮੌਕਿਆਂ ਉਤੇ ਲੈਣ ਦੇਣ ਵੇਲੇ ਤਾਕ ਅੰਕੜਿਆਂ ਦੀ ਵਰਤੋਂ ਸ਼ੁਭ ਜਾਣ ਕੇ, ਵਧੇਰੇ ਕੀਤੀ ਜਾਂਦੀ ਹੈ ਅਥਵਾ 5, 7, 11, 21, 31, 51, 101 ਰੁਪਏ ਦੀ ਭਾਜੀ ਸ਼ਗਨ/ਨੇਂਦਰੇ ਵਜੋਂ ਦੇਣੀ ਰੀਤ ਹੈ।

ਏਕਾ ਪ੍ਰਭੂ ਦਾ ਪ੍ਰਤੀਕ ਹੋਣ ਕਰ ਕੇ ਵਾਧੇ ਦਾ ਬੋਧਿਕ ਹੈ।

ਧਰਮ ਅਰਥ ਦਿਤੀ ਰਕਮ ਅਤੇ ਦਾਨ-ਪੁੰਨ ਵੇਲੇ ਵੀ ਤਾਕ ਅੰਕੜੇ ਹੀ ਸ਼ੁਭ ਮੰਨੇ ਜਾਂਦੇ ਹਨ। ਸਿੱਖਾਂ ਵਿਚ ਸਵਾਇਆ ਅੰਕ ਧਰਮ ਕਾਰਜਾਂ ਲਈ ਵਧੇਰੇ ਸ਼ੁਭ ਮੰਨਿਆ ਗਿਆ ਹੈ। ਗੁਰਦੁਆਰੇ ਵਿਚ ਕੜਾਹ ਪ੍ਰਸ਼ਾਦਿ ਕਰਵਾਉਣ ਲੱਗਿਆਂ, ਸਵਾਏ ਅੰਕੜੇ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ, ਜਿਵੇਂ ਕਿ ਸਵਾ ਰੁਪਿਆ, ਢਾਈ ਰੁਪਏ, ਪੰਜ ਰੁਪਏ, ਦਸ ਰੁਪਏ ਇਤਿਆਦਿ। ਜੇ ਜ਼ਿਆਦਾ ਰੁਪਿਆਂ ਦਾ ਪ੍ਰਸ਼ਾਦਿ ਕਰਵਾਣਾ/ਚੜ੍ਹਾਵਾ ਚੜ੍ਹਾਉਣਾ ਹੋਵੇ ਤਾਂ ਏਕੇ ਅੰਤ ਵਾਲੇ ਅੰਕੜੇ ਹੀ ਸ਼ੁਭ ਹਨ, ਜਿਵੇਂ 11, 21, 31, 51, 101, 201 ਰੁਪਏ ਆਦਿ। ਇਨ੍ਹਾਂ ਅੰਕਾਂ ਦਾ ਮਹਾਤਮ ਵਧੇਰੇ ਹੈ।

ਵੈਸੇ ਤਾਂ ਤਾਕ ਅੰਕ ਸ਼ੁਭ ਹੁੰਦੇ ਹਨ, ਪਰ ਤਿੰਨ ਤੇ ਤੇਰਾਂ ਦਾ ਅੰਕ ਕਈ ਲੋਕ ਸ਼ੁਭ ਮੰਨਦੇ ਹਨ, ਪਰ ਕਈ ਅਸ਼ੁਭ। ਤਿੰਨ ਦੇ ਅੰਕੜੇ ਦੀ ਅਸ਼ੁਭਤਾ ਬਾਰੇ ਕਹਾਵਤ ਹੈ :—

ਤੀਜਾ ਰਲਿਆ ਤੇ ਕੰਮ ਗਲਿਆ

ਤਿੰਨ ਦੇ ਅੰਕ ਨੂੰ ਤਾਂ ਕਈ ਹਿੰਦੂ ਇਤਨਾ ਅਸ਼ੁਭ ਮੰਨਦੇ ਹਨ ਕਿ ਜੇ ਕਿਸੇ ਸ਼ਖ਼ਸ ਨੇ, ਪਹਿਲੀਆਂ ਦੋ ਵਹੁਟੀਆਂ ਦੀ ਮੌਤ ਤੋਂ ਬਾਅਦ ਤੀਜਾ ਵਿਆਹ ਕਰਨਾ ਹੋਵੇ ਤਾਂ ਉਹ ਤੀਜਾ ਵਿਆਹ ਪਹਿਲਾਂ ਕਿਸੇ ਪੌਦੇ ਅਥਵਾ ਤੁਲਸੀ ਦੇ ਬੂਟੇ ਨਾਲ ਰਚਾਂਦਾ ਹੈ ਅਤੇ ਫਿਰ ਚੌਥਾ ਵਿਆਹ ਕਿਸੇ ਤੀਵੀਂ ਨਾਲ। ਇਸ ਤਰ੍ਹਾਂ ਉਸ ਦਾ ਤੀਵੀਂ ਨਾਲ ਵਿਆਹ ਚੌਥਾ ਗਿਣਿਆ ਜਾਂਦਾ ਹੈ, ਤੀਜਾ ਨਹੀਂ। ਇਸੇ ਭਾਂਤ ਤਿੰਨ ਕੁੜੀਆਂ ਤੋਂ ਜੰਮਿਆ ਲੜਕਾ ਤੇ ਤਿੰਨ ਲੜਕਿਆਂ ਤੋਂ ਜੰਮੀ ਕੁੜੀ ਜਿਸ ਨੂੰ 'ਤ੍ਰਿਖਲ' ਕਹਿੰਦੇ ਹਨ, ਮਾਪਿਆਂ ਉਤੇ ਭਾਰੀ ਮੰਨੀ ਗਈ ਹੈ। (ਵੇਖੋ : ਤ੍ਰਿਖਲ)

ਪਰ ਤਿੰਨ ਦਾ ਅੰਕ ਤ੍ਰੈਮੂਰਤੀ ਦਾ ਬੋਧਿਕ ਵੀ ਹੈ, ਇਸ ਲਈ ਕਈ ਹਿੰਦੂ ਇਸ ਨੂੰ ਸ਼ੁਭ ਮੰਨਦੇ ਹਨ। ਤੇਰਾਂ ਦਾ ਅੰਕ ਹਿੰਦੂ ਅਸ਼ੁਭ ਸਮਝਦੇ ਹਨ ਕਿਉਂ ਜੋ ਇਸ ਵਿਚ ਤਿੰਨ ਦਾ ਅੰਕ ਆ ਰਲਿਆ ਹੈ, ਪਰ ਸਿੱਖ ਇਸ ਅੰਕ ਨੂੰ ਕਲਿਆਣੀ ਮੰਨਦੇ ਹਨ, ਕਿਉਂ ਜੋ ਗੁਰੂ ਨਾਨਕ ਦੇਵ ਜਦੋਂ ਮੋਦੀਖ਼ਾਨੇ ਵਿਚ ਮੋਦੀ ਸਨ, ਉਦੋਂ ਤੇਰ੍ਹਵੀਂ ਧਾਰਨ ਤੋਲਦਿਆਂ ਉਹ ਵਿਸਮਾਦ ਵਿਚ ਆ ਜਾਂਦੇ ਸਨ ਅਤੇ 'ਤੇਰਾ ਤੇਰਾ' ਕਰਦੇ ਰੱਬੀ ਰੰਗ ਵਿਚ ਲੀਨ ਹੋ ਜਾਂਦੇ ਸਨ। ਸੋ ਤੇਰਾਂ ਦਾ ਅੰਕ ਸਿੱਖਾਂ ਵਿਚ ਵਿਸਮਾਦ ਦਾ ਬੋਧਿਕ ਬਣ ਗਿਆ ਹੈ।

ਚਾਰ ਦਾ ਅੰਕ ਹਿੰਦੂਆਂ ਵਿਚ ਨਾ ਸ਼ੁਭ ਹੈ ਅਤੇ ਨਾ ਅਸ਼ੁਭ; ਸਿੱਖਾਂ ਵਿਚ ਚਾਰ ਦਾ ਸ਼ਬਦ ਸ਼ੁਭ ਸਮਝਿਆ ਜਾਂਦਾ ਹੈ, ਕਿਉਂ ਜੋ ਸਿੱਖਾਂ ਦੇ ਪਵਿਤ੍ਰ ਤਖ਼ਤਾਂ ਦੀ ਗਿਣਤੀ ਚਾਰ ਹੈ। ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ਵੀ ਚਾਰ ਸਨ ਜੋ ਮੁਗ਼ਲਾਂ ਹੱਥੋਂ ਸ਼ਹੀਦ ਹੋਏ।

ਪੰਜ ਦਾ ਅੰਕ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਸਭਨਾਂ ਧਰਮਾਂ ਵਿਚ ਪਵਿਤ੍ਰ ਤੇ ਸ਼ੁਭ ਮੰਨਿਆ ਗਿਆ ਹੈ। ਪੰਜ ਪੂਰਨਤਾ ਦਾ ਬੋਧ ਕਰਵਾਉਂਦਾ ਹੈ, ਕਿਉਂ ਜੋ ਹੱਥਾਂ ਪੈਰਾਂ ਦੀਆਂ ਪੰਜ ਪੰਜ ਉਂਗਲਾਂ ਹਨ। ਪੰਜਾਂ ਵਿਚ ਪਰਮੇਸ਼ਰ ਮੰਨਿਆ ਗਿਆ ਹੈ। ਮੁਸਲਮਾਨਾਂ ਵਿਚ ਪੰਜ ਪੀਰਾਂ ਦੀ ਬੜੀ ਮਹੱਤਤਾ ਹੈ। ਸਿੱਖਾਂ ਵਿਚ ਪੰਜ ਪਿਆਰੇ ਗੁਰੂ ਦਾ ਸਰੂਪ ਮੰਨੇ ਗਏ ਹਨ। ਭੂਮੀਆ ਦੇਵਤੇ ਦਾ ਸਥਾਨ ਪੰਜ ਇੱਟਾਂ ਦਾ ਬਣਾਇਆ ਜਾਂਦਾ ਹੈ ਅਤੇ ਭੂਮੀਆ ਨੂੰ ਜੋ ਵੀ ਸਾਮਗਰੀ ਭੇਟ ਕੀਤੀ ਜਾਂਦੀ ਹੈ, ਉਹ ਪੰਜ ਦੀ ਗੁਣਾਂ ਵਿਚ ਹੋਣੀ ਲਾਜ਼ਮੀ ਹੈ। ਘਰ ਦੇ ਮੋਹਰਲੇ ਬੂਹੇ ਉਤੇ ਪੰਜੇ ਦਾ ਨਿਸ਼ਾਨ ਲਗਾਣ ਨਾਲ ਬਦਰੂਹਾਂ ਘਰ ਵਿਚ ਦਾਖ਼ਲ ਨਹੀਂ ਹੁੰਦੀਆਂ। (ਵੇਖੋ : ਪੰਜਾ)

ਸੱਤ ਦਾ ਅੰਕ ਵੀ ਪਾਵਨ ਮੰਨਿਆ ਜਾਂਦਾ ਹੈ। ਮੁਸਲਮਾਨ ਪੁਰਾਣਧਾਰਾ ਸੱਤ ਤਬਕ ਮੰਨਦੀ ਹੈ। ਹਿੰਦੂਆਂ ਅਨੁਸਾਰ ਸੱਤ ਦਾ ਅੰਕ ਸੱਚਾਈ ਤੇ ਸਥਿਰਤਾ ਦਾ ਬੋਧ ਕਰਾਉਂਦਾ ਹੈ।

ਅੱਠ ਦਾ ਅੰਕ ਅਸ਼ੁਭ ਮੰਨਿਆ ਗਿਆ ਹੈ। ਅੱਠਵਾਂ ਬੱਚਾ ਮਾਂ ਪਿਓ ਉਤੇ ਭਾਰਾ ਦਸਿਆ ਜਾਂਦਾ ਹੈ। ਕਈ ਹਿੰਦੂ ਬੱਚੇ ਦੀ ਉਮਰ ਦਾ ਅੱਠਵਾਂ ਤੇ ਬਾਰ੍ਹਵਾਂ ਵਰ੍ਹਾ ਅਸ਼ੁਭ ਮੰਨਦੇ ਹੋਏ ਉਸ ਨੂੰ ਮੰਗਲ ਭਾਸ਼ਾ ਵਿਚ 'ਅਣਗਿਣਤ' ਕਹਿੰਦੇ ਹਨ। (ਵੇਖੋ : ਅਣਗਿਣਤ) ਜੋਤਿਸ਼ ਵਿਚ ਅਠਵਾਂ ਘਰ ਮੌਤ ਨਾਲ ਸੰਬੰਧਿਤ ਹੈ।

ਅਠਮਾਹਾ ਬੱਚਾ ਆਮ ਤੌਰ ਤੇ ਬਚਦਾ ਨਹੀਂ। ਜੇ ਅੱਠ ਗ੍ਰਹਿ ਇਕੋ ਘਰ ਵਿਚ ਇਕੱਠੇ ਹੋ ਜਾਣ ਤਾਂ ਸੰਸਾਰ ਵਿਚ ਘੋਰ ਯੁੱਧ ਹੁੰਦੇ ਹਨ।

ਨੌਂ ਦਾ ਅੰਕ ਨਾ ਸ਼ੁਭ ਮੰਨਿਆ ਜਾਂਦਾ ਹੈ ਤੇ ਨਾ ਅਸ਼ੁਭ, ਪਰ ਕਈ ਹਿੰਦੂ ਇਸ ਅੰਕ ਨੂੰ ਤਿੰਨ ਦਾ ਮੁਰੱਬਾ ਹੋਣ ਕਰ ਕੇ ਕਲਿਆਣੀ ਨਹੀਂ ਸਮਝਦੇ ਅਤੇ ਬੱਚਾ ਜਦੋਂ ਨਾਵੇਂ ਵਰ੍ਹੇ ਵਿਚ ਹੋਵੇ ਤਾਂ ਉਮਰ ਦਾ ਜ਼ਿਕਰ ਕਰਨ ਵੇਲੇ ਮੰਗਲ ਭਾਸ਼ਾ ਵਿਚ 'ਅਣਗਿਣਤ' ਸ਼ਬਦ ਵਰਤਦੇ ਹਨ। ਪਰ ਨੌਲੱਖਾ ਹਾਰ ਬੜਾ ਕੀਮਤੀ ਹਾਰ ਮੰਨਿਆ ਗਿਆ ਹੈ, ਜਿਸ ਵਿਚ ਨੌਂ ਦੀ ਸੰਖਿਆ ਨੂੰ ਹੀ ਪ੍ਰਧਾਨਤਾ ਹੈ। ਜੋਤਿਸ਼ ਅਨੁਸਾਰ ਨੌਂ ਦਾ ਅੰਕ ਬ੍ਰਹਿਮ ਦਾ ਰੂਪ ਹੋਣ ਕਰ ਕੇ ਖ਼ਾਸ ਮਹਾਨਤਾ ਰਖਦਾ ਹੈ। ਸਤਿਜੁਗ, ਦੁਆਪਰ, ਤ੍ਰੇਤਾ, ਕਲਜੁਗ ਦੀ ਅਵੱਧੀ ਦੇ ਅੰਕਾਂ ਦੇ ਜੋੜ 9 ਦੇ ਅੰਕ ਦਾ ਹੀ ਭਾਗ ਹਨ। (ਵੇਖੋ : ਨੌਂ)

ਉਪਰੋਕਤ ਅੰਕਾਂ ਤੋਂ ਬਿਨਾਂ ਕੁਝ ਰਹੱਸਮਈ ਅੰਕ ਹਨ, ਜਿਵੇਂ ਇੱਕੀ, ਚੌਰਾਸੀ, ਇਕੋਤਰ ਸੌ, ਇਕ ਸੌ ਅੱਠ, ਤਿੰਨ ਸੌ ਸੱਠ; ਇਨ੍ਹਾਂ ਅੰਕੜਿਆਂ ਦਾ ਵਰਨਣ ਸ਼ਬਦ ਸਥਿਤੀ ਅਨੁਸਾਰ ਯੋਗ ਥਾਂ ਕੀਤਾ ਗਿਆ ਹੈ।

(ਅ-95) **ਅਕਸ਼ :**

ਰਾਵਣ ਦਾ ਜੇਠਾ ਪੁਤ੍ਰ ਜੋ ਮੰਦੋਦਰੀ ਦੇ ਉਦਰ ਤੋਂ ਜੰਮਿਆ। ਜਦੋਂ ਹਨੂੰਮਾਨ ਅਸ਼ੋਕ ਵਾਟਿਕਾ ਨੂੰ ਉਜਾੜ ਰਿਹਾ ਸੀ ਤਾਂ ਉਸ ਨੂੰ ਬੰਦੀ ਬਨਾਉਣ ਖ਼ਾਤਰ ਰਾਵਣ ਨੇ ਆਪਣੇ ਹੋਰ ਸੈਨਿਕਾਂ ਨਾਲ ਅਕਸ਼ ਨੂੰ ਭੇਜਿਆ, ਪਰ ਅਕਸ਼ ਉਲਟਾ ਹਨੂੰਮਾਨ ਦੇ ਹੱਥੋਂ ਮਾਰਿਆ ਗਿਆ।

(ਅ-96) **ਅੰਕਣਾ :**

ਲੋਕ-ਕਹਾਣੀਆਂ ਦੀ ਇਕ ਪ੍ਰਸਿੱਧ ਕਥਾਨਿਕ-ਰੂੜ੍ਹੀ। ਕਿਸੇ ਛਲੀਏ ਪਾਤਰ ਨੂੰ, ਅਪਰਾਧ ਦੇ ਕਰਮ-ਖੰਡ ਵਿਚ ਕਿਸੇ ਨਿਸ਼ਾਨੀ ਦੁਆਰਾ ਅੰਕਿਤ ਕਰ ਦਿਤਾ ਜਾਂਦਾ ਹੈ ਤਾਂ ਜੋ ਪਿਛੋਂ ਉਸ ਨਿਸ਼ਾਨੀ ਦੇ ਆਧਾਰ ਤੇ ਉਸ ਨੂੰ ਪਛਾਣਿਆ ਜਾ ਸਕੇ, ਪਰ ਛਲੀਆ ਪਛਾਣੇ ਜਾਣ ਤੋਂ ਬਚਣ ਲਈ ਦੂਜਿਆਂ ਨੂੰ ਵੀ ਉਸੇ ਵਿਧੀ ਨਾਲ ਅੰਕਿਤ ਕਰ ਦੇਂਦਾ ਹੈ। 'ਅਲੀ ਬਾਬਾ ਚਾਲੀ ਚੋਰ' ਵਿਚ ਡਾਕੂਆਂ ਦਾ ਸਰਦਾਰ ਅਲੀ ਬਾਬੇ ਦੇ ਦਰਵਾਜ਼ੇ ਉਤੇ ਕੋਈ ਨਿਸ਼ਾਨ ਲਗਵਾ ਦਿੰਦਾ ਹੈ, ਪਰ ਅਲੀ ਬਾਬਾ ਦੀ ਨੌਕਰਾਣੀ ਮੋਰਗਿਆਨਾ ਸਾਰੇ ਗਲੀ ਦੇ ਬੂਹਿਆਂ ਉਤੇ ਉਹੋ ਨਿਸ਼ਾਨ ਅੰਕਿਤ ਕਰ ਦੇਂਦੀ ਹੈ, ਜਿਸ ਕਰ ਕੇ ਰਾਤ ਵੇਲੇ ਡਾਕੂ ਅਲੀ ਬਾਬੇ ਦੇ ਘਰ ਨੂੰ ਪਛਾਣ ਨਹੀਂ ਸਕਦੇ। ਪੰਜਾਬ ਦੀਆਂ ਲੋਕ-ਕਥਾਵਾਂ ਵਿਚ ਇਹ ਕਥਾਨਿਕ-ਰੂੜ੍ਹੀ ਆਮ ਮਿਲਦੀ ਹੈ।

(ਅ-97) **ਅਕੱਢਣ :**

ਫੁਲਕਾਰੀ ਜਾਂ ਬਾਗ਼ਾ ਆਦਿ ਦਾ ਕੋਈ ਵਿਸ਼ੇਸ਼ ਹਿੱਸਾ ਜਾਂ ਕੋਈ ਅਧੂਰਾ ਫੁੱਲ ਜੋ ਜਾਣ ਬੁਝ ਕੇ ਅਣ-ਕੱਢਿਆ ਛੱਡ ਦਿਤਾ ਜਾਂਦਾ ਹੈ, ਤਾਂ ਜੋ ਫੁਲਕਾਰੀ ਨੂੰ ਕਿਸੇ ਦੀ ਮੈਲੀ ਨਜ਼ਰ ਨਾ ਲੱਗ ਸਕੇ। ਇਸ ਹਿੱਸੇ/ਫੁੱਲ ਨੂੰ ਧਨੀ ਵਿਚ ਅਕੱਢਣ ਕਹਿੰਦੇ ਹਨ। ਲੋਕਾਂ ਦਾ ਨਿਸ਼ਚਾ ਹੈ ਕਿ ਸੁਹਣੀ, ਇਕਸਾਰ ਤੇ ਸੰਪੂਰਨ ਸ਼ੈ ਨੂੰ ਛੇਤੀ ਨਜ਼ਰ ਲੱਗ ਜਾਂਦੀ ਹੈ, ਪਰ ਕੋਝੀ ਜਾਂ ਅਧੂਰੀ ਨੂੰ ਨਹੀਂ।

(ਅ-98) **ਅਕਸਾ :**

ਯਹੂਦੀਆਂ ਦਾ ਇਕ ਧਰਮ-ਸਥਾਨ ਜੋ ਮੱਕੇ ਤੋਂ ਕਾਫ਼ੀ ਦੂਰ ਯਰੂਸ਼ਲਮ ਵਿਚ ਹੋਣ ਕਰ ਕੇ ਬੈਤੁਲ ਅਕਸਾ (ਦੂਰ ਦਾ ਸਥਾਨ) ਦੇ ਨਾਉਂ ਨਾਲ ਪ੍ਰਸਿਧ ਹੈ :

ਗੋਇਆ ਅਕਸਾ ਦੇ ਨਾਲ ਦੀ ਭੈਣ ਦੂਜੀ
ਸ਼ਾਇਦ ਸੰਦਲੇ ਨੂਰ ਸਵਾਰਿਆ ਨੇ।
— ਵਾਰਸ ਸ਼ਾਹ

(ਅ-99) **ਅਕਤਾ :**

ਇਕ ਵਿਸ਼ੇਸ਼ ਕਰਮ-ਕਾਂਡ ਜੋ ਪਸ਼ੂਆਂ ਵਿਚ ਮਹਾਂਮਰੀ ਦੇ ਫੈਲਣ ਵੇਲੇ ਰੱਖਿਆ ਵਜੋਂ ਕੀਤਾ ਜਾਂਦਾ ਹੈ। ਪਿੰਡ ਦੇ ਸਭ ਪਸ਼ੂਆਂ ਤੇ ਲਵੇਰਿਆਂ ਨੂੰ ਪਿੰਡੋਂ ਬਾਹਰ ਕਿਸੇ ਨਵੇਕਲੀ ਥਾਂ ਇਕੱਠਾ ਕਰ ਕੇ 'ਚੇਲੇ' ਨੂੰ ਸੱਦਿਆ ਜਾਂਦਾ ਹੈ। ਚੇਲਾ ਕੁਝ ਰੀਤ-ਕਰਮ ਕਰ ਕੇ ਧੂਪ ਧੁਖਾਂਦਾ ਹੈ। ਫਿਰ ਸਭ ਪਸ਼ੂਆਂ ਨੂੰ ਵਾਰੋ ਵਾਰੀ ਇਕ ਇਕ

ਕਰ ਕੇ ਇਕ ਮੰਤਰੀ ਹੋਈ ਪਾਵਨ ਸੋਟੀ ਦੇ ਹੇਠੋਂ ਦੀ ਲੰਘਾਉਂਦਾ ਹੈ; ਇਸ ਤੋਂ ਬਾਅਦ ਪਿੰਡ ਦੇ ਸਭ ਘਰਾਂ ਵਿਚ ਗੰਗਾ ਜਲ ਦਾ ਛੱਟਾ ਤਰੌਂਕਿਆ ਜਾਂਦਾ ਹੈ। ਇਸ ਰੀਤ ਵਾਲੇ ਦਿਨ ਕਿਸੇ ਬਾਹਰਲੇ ਸ਼ਖ਼ਸ ਨੂੰ ਪਿੰਡ ਵਿਚ ਦਾਖ਼ਲ ਨਹੀਂ ਹੋਣ ਦਿਤਾ ਜਾਂਦਾ ਤਾਂ ਜੋ ਕੋਈ ਸ਼ਖ਼ਸ ਪਿੰਡੋਂ ਬਾਹਰ ਕੱਢੀ ਗਈ ਬੀਮਾਰੀ ਨੂੰ ਆਪਣੇ ਨਾਲ ਮੁੜ ਪਿੰਡ ਵਿਚ ਨਾ ਲੈ ਆਏ। ਨਾ ਹੀ ਕਿਸੇ ਸ਼ਖ਼ਸ ਨੂੰ ਪਿੰਡੋਂ ਬਾਹਰ ਜਾਣ ਦਿਤਾ ਜਾਂਦਾ ਹੈ। ਇਸ ਦਿਨ ਕਈ ਹੋਰ ਗੱਲਾਂ ਵੀ ਨਿਸ਼ੇਧ ਹਨ, ਜਿਵੇਂ ਲੋਹੇ ਦਾ ਭਾਂਡਾ ਵਰਤਣਾ, ਚੱਕੀ ਵਿਚ ਆਟਾ ਪੀਠਣਾ, ਘਰਾਂ ਦੀ ਸਫ਼ਾਈ ਕਰਨੀ ਆਦਿ। ਇਹ ਰਸਮ ਆਮ ਤੌਰ ਤੇ ਸਨਿਚਰਵਾਰ ਨੂੰ ਸ਼ੁਰੂ ਕੀਤੀ ਜਾਂਦੀ ਹੈ ਅਤੇ ਐਤਵਾਰ ਸ਼ਾਮ ਨੂੰ ਮੁਕਦੀ ਹੈ। ਇਸ ਰੀਤ ਸਮੇਂ ਮਹਾਂਮਰੀ ਨਾਲ ਮਰੇ ਸਭ ਪਸ਼ੂਆਂ ਨੂੰ ਇਕੱਠਾ ਹੀ ਕਿਸੇ ਗੜੇ ਵਿਚ ਦਬ ਦਿਤਾ ਜਾਂਦਾ ਹੈ।

(ਅ-100) **ਅਕੰਪਨ** :

ਸੁਮਾਲੀ ਦਾ ਪੁੱਤਰ ਜੋ ਕੇਤੁਮਾਲਿਨੀ ਵਿਚੋਂ ਹੋਇਆ; ਅਕੰਪਨ ਰਾਵਣ ਦਾ ਇਕ ਪ੍ਰਾਕ੍ਰਮੀ ਯੋਧਾ ਤੇ ਮੰਤਰੀ ਹੋਣ ਤੋਂ ਇਲਾਵਾ ਰਾਵਣ ਦੇ ਮੁਖੀ ਜਰਨੈਲਾਂ ਵਿਚੋਂ ਇਕ ਸੀ। ਇਸ ਦੀ ਭੈਣ 'ਕੇਕਸੀ' ਰਾਵਣ ਦੀ ਮਾਤਾ ਸੀ, ਜਿਸ ਨਾਤੇ ਇਹ ਰਾਵਣ ਦਾ ਮਾਮਾ ਲੱਗਦਾ ਸੀ। ਇਸ ਦੀ ਮੌਤ ਯੁੱਧ ਦੇ ਦੌਰਾਨ ਹਨੂੰਮਾਨ ਦੇ ਹੱਥੋਂ ਹੋਈ।

(ਅ-101) **ਅਕਬਰ** :

ਲੋਕ-ਪ੍ਰਿਯ ਬਾਦਸ਼ਾਹ ਹੋਣ ਕਰ ਕੇ, ਮੁਗ਼ਲ ਸਮਰਾਟ ਅਕਬਰ (1542-1605) ਨਾਲ ਕਈ ਤਰ੍ਹਾਂ ਦੀ ਲੋਕਧਾਰਾ ਜੁੜਨੀ ਸਹਿਜ ਕਰਮ ਸੀ। ਇਕ ਦੰਦ-ਕਥਾ ਅਨੁਸਾਰ ਅਕਬਰ ਪਿਛਲੇ ਜਨਮ ਵਿਚ ਸ਼ੈਵ ਬ੍ਰਾਹਮਣ ਸੀ ਜਿਸ ਦਾ ਨਾਉਂ ਮੁਕੰਦਾ ਸੀ। ਸ਼ਿਵ ਨੂੰ ਪ੍ਰਸੰਨ ਕਰਨ ਲਈ ਮੁਕੰਦੇ ਨੇ ਉਜੜਾਂ ਵਿਚ ਘੋਰ ਤਪੱਸਿਆ ਕੀਤੀ। ਜਦੋਂ ਸ਼ਿਵ ਨੇ ਪ੍ਰਗਟ ਹੋ ਕੇ ਮੁਕੰਦੇ ਨੂੰ ਵਰ ਮੰਗਣ ਲਈ ਕਿਹਾ ਤਾਂ ਮੁਕੰਦੇ ਨੇ ਉਸ ਤੋਂ ਭਾਰਤ ਦੀ ਬਾਦਸ਼ਾਹੀ ਮੰਗੀ। ਸ਼ਿਵ ਨੇ ਮੁਕੰਦੇ ਦੀ ਇਤਨੀ ਵੱਡੀ ਲਾਲਸਾ ਪੂਰੀ ਕਰਨ ਤੋਂ ਇਨਕਾਰ ਕਰ ਦਿਤਾ; ਉਲਟਾ ਕਰੋਧ ਵਿਚ ਆ ਕੇ ਕਿਹਾ ਕਿ ਵਿਤੋਂ ਵਧ ਅਭਿਲਾਸ਼ਾ ਰਖਣ ਦੇ ਪ੍ਰਾਸ਼ਚਿਤ ਵਜੋਂ ਉਸ ਲਈ ਪ੍ਰਯਾਗ ਜਾ ਕੇ ਤ੍ਰਿਬੈਣੀ ਵਿਚ ਡੁਬ ਕੇ ਆਤਮਘਾਤ ਕਰਨਾ ਜ਼ਰੂਰੀ ਹੈ। ਮੁਕੰਦੇ ਨੇ ਇਸ ਸ਼ਰਤ ਉਤੇ ਆਤਮਘਾਤ ਕਰਨਾ ਪ੍ਰਵਾਨ ਕਰ ਲਿਆ ਕਿ ਅਗਲੇ ਜਨਮ ਵਿਚ ਉਸ ਨੂੰ ਇਸ ਜਨਮ ਦੀਆਂ ਸਾਰੀਆਂ ਘਟਨਾਵਾਂ ਯਾਦ ਰਹਿਣਗੀਆਂ। ਸ਼ਿਵ ਨੇ ਇਹ ਗੱਲ ਮੰਨ ਲਈ। ਮੁਕੰਦੇ ਨੇ ਇਕ ਤਾਂਬੇ ਦੇ ਪੱਤਰੇ ਉਤੇ ਆਪਣਾ ਨਾਉਂ ਅਤੇ ਥਹੁ-ਪਤਾ ਉਕਰ ਕੇ, ਉਸ ਪੱਤਰੇ ਨੂੰ ਆਪਣੀ ਮ੍ਰਿਗ-ਛਾਲ, ਤੂੰਬੇ ਅਤੇ ਕੁਝ ਹੋਰ ਵਸਤਾਂ ਸਮੇਤ ਜਮਨਾ ਦੇ ਕੰਢੇ ਇਕ ਬ੍ਰਿਛ ਹੇਠ ਦਬ ਦਿਤਾ ਅਤੇ ਫਿਰ ਉਸ ਨੇ ਖ਼ੁਦ ਤ੍ਰਿਬੈਣੀ ਵਿਚ ਡੁਬ ਕੇ ਪ੍ਰਾਣ ਤਿਆਗ ਦਿਤੇ।

ਮੁਕੰਦੇ ਦੇ ਆਤਮ-ਸਮਰਪਣ ਉਤੇ ਸ਼ਿਵ ਨੇ ਪ੍ਰਸੰਨ ਹੋ ਕੇ, ਉਸ ਦੀ ਮਨੋ-ਕਾਮਨਾ ਪੂਰੀ ਕਰ ਦਿਤੀ। ਉਹ ਅਗਲੇ ਜਨਮ ਹਮਾਯੂੰ ਦੀ ਪਤਨੀ ਹਮੀਦਾ ਬਾਨੋਂ ਦੀ ਕੁੱਖੋਂ ਅਕਬਰ ਦੇ ਜਾਮੇ ਵਿਚ ਪੈਦਾ ਹੋਇਆ। ਜਦੋਂ ਅਕਬਰ ਤਖ਼ਤ ਉਤੇ ਬੈਠਾ ਤਾਂ ਉਸ ਨੂੰ ਪਿਛਲੇ ਜਨਮ ਦੀ ਸਿਮਰਤੀ ਸਹਿਜ ਭਾਵ ਵਿਚ ਉਜਾਗਰ ਹੋ ਗਈ। ਉਸ ਨੇ ਪ੍ਰਮਾਣ ਵਜੋਂ ਜਮਨਾ ਦੇ ਕੰਢੇ ਉਤੇ ਉਹ ਥਾਂ ਖੋਦੀ ਜਿਥੇ ਪਿਛਲੇ ਜਨਮ ਉਸ ਨੇ ਤਾਂਬੇ ਦਾ ਪੱਤਰਾ, ਮ੍ਰਿਗ-ਛਾਲ ਅਤੇ ਤੂੰਬਾ ਆਦਿ ਦੱਬੇ ਸਨ। ਇਹ ਸਭ ਚੀਜ਼ਾਂ ਉਥੋਂ ਨਿਕਲ ਆਈਆਂ।

ਅਕਬਰ ਦੀ ਜਨਮ ਤਿੱਥ ਬਾਰੇ ਵੀ ਇਕ ਦੰਦ-ਕਥਾ ਪ੍ਰਚਲਤ ਹੈ — ਅਕਬਰ ਦਾ ਜਨਮ ਹਮਾਯੂੰ ਬਾਦਸ਼ਾਹ ਦੇ ਘਰ 23 ਨਵੰਬਰ 1542 ਈ: ਨੂੰ ਅਮਰਕੋਟ (ਸਿੰਧ) ਵਿਚ ਹੋਇਆ। ਜੋਤਸ਼ੀਆਂ ਤੇ ਨਜੂਮੀਆਂ ਨੇ ਗ੍ਰਹਿਆਂ ਦੀ ਚਾਲ, ਯੋਗ ਤੇ ਸਥਿਤੀ ਦਾ ਹਿਸਾਬ ਲਗਾ ਕੇ ਦਸਿਆ ਕਿ ਇਹ ਦਿਨ ਬੜਾ ਹੀ ਅਸ਼ੁਭ ਹੈ ਅਤੇ ਇਸ ਤਿੱਥ ਨੂੰ ਜੰਮੇ ਬਾਲ ਨੂੰ ਘਣੇ ਦੁਖ ਤੇ ਸੰਕਟ ਭੋਗਣੇ ਪੈਣਗੇ। ਸੋ ਉਪਾ ਵਜੋਂ ਅਕਬਰ ਦੀ ਜਨਮ-ਤਿੱਥ ਬਦਲ ਦੇਣ ਦਾ ਸੁਝਾ ਦਿਤਾ ਗਿਆ। ਇਸ ਤਿੱਥ ਦੇ ਨੇੜੇ ਸ਼ੁਭ ਗ੍ਰਹਿਆਂ ਵਾਲਾ ਦਿਵਸ 15 ਅਕਤੂਬਰ ਸੀ; ਸੋ 15 ਅਕਤੂਬਰ ਹੀ ਅਕਬਰ ਦੀ ਜਨਮ

ਤਿੱਥ ਮਿਥ ਕੇ ਪ੍ਰਚਲਤ ਕੀਤੀ ਗਈ। ਨਾਮ ਸੰਸਕਾਰ ਵੇਲੇ ਅਕਬਰ ਦਾ ਜੋ ਨਾਂ ਪਹਿਲਾਂ ਰਖਿਆ ਗਿਆ ਉਹ ਬਦਰਉਦੀਨ ਅਹਿਮਦ ਸੀ। ਜੋਤਸ਼ੀਆਂ ਦੇ ਕਹਿਣ ਉਤੇ ਉਸ ਦਾ ਨਾਂ ਵੀ ਬਦਲ ਕੇ ਜਲਾਲਉਦੀਨ ਅਕਬਰ ਰਖਿਆ ਗਿਆ।

ਅਕਬਰ ਆਪਣੇ ਆਪ ਨੂੰ ਖ਼ਲੀਫ਼ਾ ਸਮਝਦਾ ਸੀ। ਇਸ ਨੇ ਇਕ ਨਵਾਂ ਮੱਤ 'ਦੀਨੇ ਇਲਾਹੀ' ਸ਼ੁਰੂ ਕੀਤਾ, ਜਿਸ ਦਾ ਮੰਤਵ ਸਭ ਧਰਮਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਸੀ। 'ਦੀਨੇ ਇਲਾਹੀ' ਦੇ ਪੈਰੋਕਾਰ ਆਪੋ ਵਿਚ ਮਿਲਣ ਲੱਗਿਆਂ 'ਸਲਾਮਾ ਲੇਕਮ' ਦੀ ਥਾਂ 'ਅੱਲਾ ਹੂ ਅਕਬਰ' ਕਹਿੰਦੇ ਸਨ ਅਤੇ ਅੱਗੋਂ ਸਲਾਮ ਕਬੂਲ ਕਰਨ ਵਾਲਾ 'ਜਲੇ ਜਲਾਲ ਹੂ' ਕਹਿੰਦਾ। ਅਕਬਰ ਨੇ ਆਪਣੇ ਸਿੱਕੇ ਅਫਤਾਬੀ ਅਤੇ ਆਪਣੀ ਮੋਹਰ ਉਤੇ ਵੀ 'ਅੱਲਾ ਹੂ ਅਕਬਰ ਜਲੇ ਜਲਾਲ' ਦਾ ਵਾਕੰਸ਼ ਲਿਖਵਾਇਆ। ਸਰ ਹੈਨਰੀ ਐਮ. ਇਲੀਅਟ (Memories, 1,262) ਅਨੁਸਾਰ ਇਹ ਸਭ ਕੁਝ ਉਸ ਨੇ ਆਪਣੀ ਹਉਂ ਦੀ ਪੂਰਤੀ ਲਈ ਕੀਤਾ ਕਿਉਂ ਜੋ ਇਨ੍ਹਾਂ ਦੋਹਾਂ ਵਾਕੰਸ਼ਾਂ ਵਿਚ ਉਸ ਦੇ ਆਪਣੇ ਨਾਉਂ ਦਾ ਕੋਈ ਨਾ ਕੋਈ ਅੰਸ਼ ਆ ਜਾਂਦਾ ਸੀ।

ਅਕਬਰ ਦਾ ਜ਼ਿਕਰ ਕੁਝ ਲੋਕ-ਗੀਤਾਂ ਵਿਚ ਵੀ ਆਉਂਦਾ ਹੈ। ਇਕ ਗੀਤ ਅਨੁਸਾਰ ਅਕਬਰ ਦੇਵੀ ਦੀ ਪੂਜਾ ਕਰਨ ਲਈ ਜਵਾਲਾਮੁਖੀ ਗਿਆ ਅਤੇ ਉਸ ਨੇ ਉਥੇ ਸੋਨੇ ਦਾ ਛਤਰ ਝੁਲਾਇਆ :—

ਮੰਗਲੇ ਨੂੰ ਹੋਈ ਪਰਗਾਸ, ਮਾਤਾ ਮੰਗਲੀਏ।
ਨੰਗੇ ਨੰਗੇ ਪੈਰੀਂ ਦੇਵਾ ਅਕਬਰ ਆਇਆ,
ਸੁਇਨੇ ਦਾ ਛਤਰ ਝੁਲਾਇਆ,
ਮਾਤਾ ਮੰਗਲੀਏ।

## (ਅ-102) **ਅਕਲ ਖੂਹੀ :**

ਰਾਜੇ ਭੋਜ ਦੀ ਬਣਾਈ ਧਾਰਾ ਨਗਰੀ ਵਿਚ ਇਕ ਖੂਹੀ ਜਿਸ ਨੂੰ 'ਸਰਸਵਤੀ ਕੂਪ' ਵੀ ਕਿਹਾ ਜਾਂਦਾ ਹੈ। ਇਹ ਖੂਹ ਭੋਜਸ਼ਾਲਾ ਦੇ ਨੇੜੇ ਸਥਿਤ ਹੈ। ਲੋਕ ਧਾਰਨਾ ਹੈ ਕਿ ਜੋ ਪ੍ਰਾਣੀ ਇਸ ਖੂਹ ਦਾ ਪਾਣੀ ਪੀ ਲਏ, ਉਸ ਉਤੇ ਸਰਸਵਤੀ ਦੇਵੀ ਦੀ ਅਪਾਰ ਬਖ਼ਸ਼ਿਸ਼ ਹੋ ਜਾਂਦੀ ਹੈ। ਰਾਜਾ ਭੋਜ ਆਪਣੇ ਸਮੇਂ ਦਾ ਵੱਡਾ ਵਿਦਵਾਨ ਸੀ, ਅਤੇ ਉਸ ਉਤੇ ਸਰਸਵਤੀ ਦੇਵੀ ਦੀ ਬੜੀ ਕ੍ਰਿਪਾ ਸੀ। (ਵੇਖੋ : ਰਾਜਾ ਭੋਜ)

## (ਅ-103) **ਅਕਲ ਦਾੜ੍ਹ :**

ਮਨੁੱਖ ਦੀ ਸਭ ਤੋਂ ਪਿਛਲੀ ਦਾੜ੍ਹ ਜੋ ਕਿਸ਼ੋਰ ਅਵਸਥਾ ਵਿਚ ਨਿਕਲਦੀ ਹੈ। ਲੋਕ-ਨਿਸਚੇ ਅਨੁਸਾਰ ਇਸ ਦਾੜ੍ਹ ਦੇ ਨਿਕਲਣ ਮਗਰੋਂ ਅਕਲ ਆਉਂਦੀ ਹੈ। ਸਰਸਵਤੀ ਦੇ ਉਪਾਸ਼ਕ ਇਸ ਦਾੜ੍ਹ ਨੂੰ 'ਸਰਸਵਤੀ ਦਾੜ੍ਹ' ਵੀ ਕਹਿੰਦੇ ਹਨ ਅਤੇ ਇਸ ਦਾੜ੍ਹ ਦੇ ਨਿਕਲਣ ਵੇਲੇ ਸਰਸਵਤੀ ਦੇਵੀ ਦੀ ਪੂਜਾ ਵੀ ਕਰਦੇ ਹਨ। ਇਹ ਦਾੜ੍ਹ ਜਿਤਨੀ ਛੇਤੀ ਨਿਕਲੇ, ਸਰਸਵਤੀ ਦੀ ਉਸ ਬੱਚੇ ਉਤੇ ਉਤਨੀ ਜ਼ਿਆਦਾ ਬਖ਼ਸ਼ਿਸ਼ ਹੁੰਦੀ ਹੈ ਅਤੇ ਉਹ ਜੁਆਨ ਹੋ ਕੇ ਉਤਨਾ ਹੀ ਵੱਡਾ ਵਿਦਵਾਨ ਪ੍ਰਸਿਧ ਹੁੰਦਾ ਹੈ।

## (ਅ-104) **ਅਕ੍ਰੂਰ :**

ਇਕ ਯਾਦੱਵਵੰਸ਼ੀ ਕ੍ਰਿਸ਼ਨ ਭਗਤ ਜੋ ਗਾਂਦਿਨੀ ਦੇ ਉਦਰ ਤੋਂ ਸ੍ਵਫਲਕ ਦਾ ਪੁੱਤਰ ਸੀ। ਇਸ ਦਾ ਵਿਆਹ ਉਗ੍ਰਸੇਨ ਨਾਲ ਹੋਇਆ। ਇਹ ਰਿਸ਼ਤੇ ਵਲੋਂ ਕੰਸ ਦਾ ਭਣਵਈਆ ਸੀ। ਭਾਗਵਤ ਅਨੁਸਾਰ ਕੰਸ ਨੇ ਰਾਜਸੂਆ ਯੱਗ ਸਮੇਂ ਕ੍ਰਿਸ਼ਨ ਤੇ ਬਲਰਾਮ ਨੂੰ ਯੱਗ ਵਿਚ ਸ਼ਾਮਲ ਹੋਣ ਦਾ ਸੰਦੇਸ਼ ਅਕ੍ਰੂਰ ਹੱਥ ਹੀ ਭੇਜਿਆ ਸੀ ਅਤੇ ਉਹੋ ਹੀ ਕ੍ਰਿਸ਼ਨ ਨੂੰ ਬਿੰਦਰਾਬਨ ਤੋਂ ਮਥਰਾ ਲੈ ਕੇ ਗਿਆ ਸੀ। ਇਸੇ ਯੱਗ ਸਮੇਂ ਕ੍ਰਿਸ਼ਨ ਨੇ ਮਹਾਂ ਧਨੁਸ਼ ਨੂੰ ਤੋੜਿਆ ਅਤੇ ਬੀਰਤਾ ਦੇ ਕਈ ਚਮਤਕਾਰ ਵਿਖਾ ਕੇ ਅਖ਼ੀਰ ਕੰਸ ਦਾ ਸੰਘਾਰ ਕਰ ਕੇ ਆਪਣੇ ਨਾਨੇ ਨੂੰ ਮੁੜ ਰਾਜ ਗੱਦੀ ਉਤੇ ਬਿਠਾਇਆ।

ਸਯਾਮੰਤਕ ਮਣੀ, ਜਿਸ ਦਾ ਪੁਰਾਣਾਂ ਵਿਚ ਅਨੇਕ ਥਾਈਂ ਜ਼ਿਕਰ ਹੈ, ਦਾ ਅਕ੍ਰੂਰ ਨਾਲ ਵੀ ਸੰਬੰਧ ਰਿਹਾ। ਭਾਗਵਤ ਅਨੁਸਾਰ ਇਹ ਮਣੀ ਅਕ੍ਰੂਰ ਨੂੰ ਸ਼ਤਧਵਨ ਤੋਂ ਪ੍ਰਾਪਤ ਹੋਈ ਸੀ; ਜਿਸ ਨੇ ਸਤਰਾਜਿਤ ਨੂੰ ਮਾਰ ਕੇ ਉਸ ਤੋਂ ਇਹ ਮਣੀ ਖੋਹੀ ਤੇ ਦਵਾਰਕਾ ਤੋਂ ਬਾਹਰ ਨੱਠ ਗਿਆ।

ਕ੍ਰਿਸ਼ਨ ਨੇ ਅਕ੍ਰੂਰ ਤੋਂ ਇਹ ਮਣੀ ਪ੍ਰਾਪਤ ਕਰ ਲਈ, ਪਰ ਇਹ ਮਣੀ ਕੁਝ ਚਿਰ ਆਪਣੇ ਕੋਲ ਰਖ ਕੇ ਮੁੜ ਅਕ੍ਰੂਰ ਨੂੰ ਦੇ ਦਿਤੀ। ਵਿਸ਼ਨੂੰ ਪੁਰਾਣ ਅਨੁਸਾਰ ਅਕ੍ਰੂਰ ਯਾਦਵਾਂ ਦੀ ਆਪਸੀ ਲੜਾਈ ਵਿਚ ਪ੍ਰਭਾਸ ਨਾਂ ਦੇ ਸਥਾਨ ਤੇ ਮਾਰਿਆ ਗਿਆ।

ਅਕ੍ਰੂਰ ਨਾਲ ਸੰਬੰਧਿਤ ਕਥਾਵਾਂ ਭਾਗਵਤ ਦੇ ਦਸਮ ਸਕੰਧ ਵਿਚ ਮਿਲਦੀਆਂ ਹਨ। ਇਕ ਕਥਾ ਅਨੁਸਾਰ ਅਕ੍ਰੂਰ ਕਿਸੇ ਮਜਬੂਰੀ ਕਾਰਨ ਦਵਾਰਕਾ ਛਡ ਕੇ ਚਲਾ ਗਿਆ। ਉਸ ਦੇ ਜਾਣ ਤੋਂ ਬਾਅਦ ਦਵਾਰਕਾ ਵਿਚ ਕਾਲ ਅਤੇ ਮਰੀ ਫੈਲ ਗਈ। ਕ੍ਰਿਸ਼ਨ ਦੇ ਆਦੇਸ਼ ਉਤੇ ਦਵਾਰਕਾ ਦੇ ਵਾਸੀ ਅਕ੍ਰੂਰ ਨੂੰ ਮੁੜ ਦਵਾਰਕਾ ਲੈ ਆਏ ਤਾਂ ਉਨ੍ਹਾਂ ਦੇ ਸਭ ਦੁਖ ਦੂਰ ਹੋ ਗਏ।

(ਅ-105) **ਅੱਕੜ ਬੱਕੜ** :

ਬੱਚਿਆਂ ਦੀ ਖੇਡ ਵਿਚ ਪੁੱਗਣ ਵੇਲੇ ਵਰਤਿਆ ਜਾਂਦਾ ਇਕ ਟੱਪਾ ਜਿਸ ਨੂੰ 'ਉਕੜ ਦੁਕੜ' ਵੀ ਕਹਿੰਦੇ ਹਨ। (ਵੇਖੋ : ਉਕੜ ਦੁਕੜ)

(ਅ-106) **ਅਕਾਸ਼ਤੀ** :

(ਵੇਖੋ : ਇਕਾਦਸ਼ੀ)।

(ਅ-107) **ਅਕਾਸੁਰ** :

ਇਕ ਦੈਂਤ ਜਿਸ ਦਾ ਬੱਧ ਕ੍ਰਿਸ਼ਨ ਨੇ ਕੱਤਕ ਵਦੀ ਅਸ਼ਟਮੀ ਨੂੰ ਕੀਤਾ। ਇਹ ਦੈਂਤ ਬਕਾਸੁਰ ਨਾਲ ਰਲ ਕੇ ਜੰਗਲ ਵਿਚ ਪਾਣੀ ਭਰਨ ਲਈ ਗਈਆਂ ਤੀਵੀਆਂ ਨੂੰ ਬੜਾ ਤੰਗ ਕਰਦਾ ਸੀ। (ਵੇਖੋ : ਅਹੋਈ ਦਾ ਵਰਤ)

(ਅ-108) **ਅਕਾਲਸਰ** :

ਅੰਮ੍ਰਿਤਸਰ ਵਿਚ ਇਕ ਖੂਹ ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਸੰਮਤ 1669 ਵਿਚ ਬਣਵਾਇਆ। ਇਸ ਦਾ ਜਲ ਕਈ ਰੋਗਾਂ ਲਈ ਔਸ਼ਧੀ ਮੰਨਿਆ ਗਿਆ ਹੈ।

(ਅ-109) **ਅਕਾਲ ਤਖ਼ਤ** :

(ਵੇਖੋ : ਤਖ਼ਤ)।

(ਅ-110) **ਅਕਾਲ ਪੁਰਖ** :

ਅਕਾਲ ਸ਼ਬਦ ਦੇ ਅਰਥ ਹਨ -- ਕਾਲ ਰਹਿਤ, ਜੋ ਤਿੰਨਾਂ ਕਾਲਾਂ ਤੋਂ ਨਿਰਲੇਪ ਹੋਵੇ ਅਥਵਾ ਜਨਮ ਮਰਨ ਦੇ ਬੰਧਨ ਤੋਂ ਮੁਕਤ ਹੋਵੇ; ਜੋ ਸਦਾ ਸਤਿ ਚਿੱਤ ਆਨੰਦ ਦੀ ਅਵਸਥਾ ਵਿਚ ਰਹੇ। ਅਕਾਲਪੁਰਖ ਪਦ ਉਸ ਅਨਾਦੀ ਹਸਤੀ ਦਾ ਬੋਧ ਕਰਾਉਂਦਾ ਹੈ ਜੋ ਸਦਾ ਇਕ ਰਸ ਵਿਗਸਦੀ ਹੈ; ਜੋ ਅਮਰ ਤੇ ਅਜਰ ਹੈ। ਗੁਰੂ ਨਾਨਕ ਦੇਵ ਨੇ ਸਭ ਤੋਂ ਪਹਿਲਾਂ ਆਪਣੀ ਬਾਣੀ ਵਿਚ ਇਹ ਸ਼ਬਦ ਪ੍ਰਮਾਤਮਾ ਲਈ ਵਰਤਿਆ ਹੈ।

(ਅ-111) **ਅਕਾਲ ਬਾਂਗਾ** :

ਨਿਹੰਗ ਸਿੰਘਾਂ ਦਾ ਉੱਚੀ ਤੇ ਲੰਮੀ ਸੁਰ ਵਿਚ ਲੈਅ ਨਾਲ ਲਗਾਇਆ ਗਿਆ 'ਸਤਿ ਸ੍ਰੀ ਅਕਾਲ' ਦਾ ਜੈਕਾਰਾ। ਮੁਸਲਮਾਨਾਂ ਵਿਚ ਇਸੇ ਸੁਰ ਵਿਚ ਬਾਂਗ ਦਿਤੀ ਜਾਂਦੀ ਹੈ, ਜਿਸ ਤੋਂ ਉਸ ਲੈਅ ਵਿਚ ਮਾਰੇ ਜੈਕਾਰੇ ਨੂੰ ਅਕਾਲ ਬਾਂਗਾ ਕਿਹਾ ਜਾਣ ਲੱਗਾ। (ਵੇਖੋ : ਬਾਂਗ)

(ਅ-112) **ਅਕਾਲ ਬੁੰਗਾ** :

ਅੰਮ੍ਰਿਤਸਰ ਵਿਚ, ਹਰਿਮੰਦਰ ਸਾਹਿਬ ਦੇ ਸਨਮੁਖ ਬਣਿਆ ਇਕ ਉੱਚਾ ਰਾਜ-ਸਿੰਘਾਸਣ ਜਿਸ ਨੂੰ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ 1665 ਵਿਚ ਤਿਆਰ ਕਰਵਾਇਆ। ਬੁੰਗਾ ਅਜਿਹੇ ਵੱਡੇ ਆਕਾਰ ਦੇ ਭਵਨ ਨੂੰ ਕਹਿੰਦੇ ਹਨ, ਜਿਸ ਉਤੇ ਗੁੰਬਦ ਬਣਿਆ ਹੋਵੇ। ਅਕਾਲ ਬੁੰਗੇ ਦੇ ਅੰਦਰ ਅਕਾਲ ਤਖ਼ਤ ਹੈ ਜੋ ਸਿੱਖਾਂ ਦੇ ਚਾਰ ਪਵਿਤ੍ਰ ਰਾਜ ਸਿੰਘਾਸਨਾਂ ਵਿਚੋਂ ਇਕ ਹੈ। ਇਥੇ ਪੰਜ ਸਿੱਖ ਜੋ ਫ਼ੈਸਲਾ ਕਰਦੇ ਹਨ, ਉਨ੍ਹਾਂ ਨੂੰ ਗੁਰਮਤਾ ਕਿਹਾ ਜਾਂਦਾ ਹੈ ਜਿਸ ਦੀ ਪਾਲਨਾ ਕਰਨੀ ਹਰੇਕ ਸਿੱਖ ਦਾ ਕਰਤੱਵ ਹੈ। ਅਕਾਲ ਬੁੰਗੇ ਵਿਚ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੇ ਸ਼ਸਤ੍ਰ ਵੀ ਰਖੇ ਹੋਏ ਹਨ। (ਵੇਖੋ : ਤਖ਼ਤ)

(ਅ-113) **ਅਕਾਲੀ ਲਹਿਰ** :

ਸਿੱਖਾਂ ਦੀ ਇਕ ਧਾਰਮਿਕ-ਰਾਜਨੀਤਕ ਲਹਿਰ ਜੋ 1920 ਈ: ਵਿਚ ਗੁਰਦੁਆਰਿਆਂ ਦੇ ਸੁਧਾਰ ਲਈ ਚੱਲੀ। ਇਸ ਦਾ ਮਨੋਰਥ ਸਿੱਖਾਂ ਵਿਚ ਧਾਰਮਿਕ ਤੇ ਸਮਾਜਿਕ ਜਾਗ੍ਰਿਤੀ ਲਿਆਉਣਾ ਸੀ, ਪਰ ਮਗਰੋਂ ਇਹ ਲਹਿਰ ਇਕ ਰਾਜਨੀਤਕ ਸੰਸਥਾ ਦਾ ਰੂਪ ਧਾਰਨ ਕਰ ਗਈ। ਕੁਝ ਲੋਕ-ਗੀਤਾਂ ਵਿਚ ਅਕਾਲੀ ਲਹਿਰ ਵਲ ਸੰਕੇਤ ਮਿਲਦੇ ਹਨ :—

ਅਕਾਲੀਆਂ ਨੇ ਅਤਿ ਚੁਕ ਲਈ,
ਸਾਰੇ ਪਿੰਡ ਦੇ ਸਰਾਧ ਬੰਦ ਕੀਤੇ।
ਮੈਂ 'ਕਾਲਣ ਬਣ ਗਈ ਵੇ
ਤੇਰਿਆਂ ਦੁਖਾਂ ਦੀ ਮਾਰੀ।

(ਅ-114) **ਅਕੀਕਾ** :

ਬੱਚੇ ਦੇ ਜਨਮ ਨਾਲ ਸੰਬੰਧਿਤ ਇਕ ਰੀਤ; ਮੁਸਲਮਾਨਾਂ ਵਿਚ ਬੱਚੇ ਦੇ ਜਨਮ ਮਗਰੋਂ ਛੇਵੇਂ ਦਿਨ ਅਕੀਕਾ ਕੀਤਾ ਜਾਂਦਾ ਹੈ। ਕਈ ਮੁਸਲਮਾਨ ਇਹ ਰੀਤ ਸਤਵੇਂ, ਨਾਵੇਂ ਜਾਂ ਗਿਆਰਵੇਂ ਦਿਨ ਵੀ ਕਰਦੇ ਹਨ। ਪਰ ਇਹ ਰੀਤ ਸਾਲ ਦੇ ਅੰਦਰ ਅੰਦਰ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ। ਇਸ ਦਿਨ ਬੱਚੇ ਦਾ ਨਾਮਕਰਣ ਕਰ ਕੇ ਬਕਰੇ ਦੀ ਬਲੀ ਵੀ ਦਿਤੀ ਜਾਂਦੀ ਹੈ। ਜ਼ਿਲਾ ਮੁਲਤਾਨ ਵਿਚ ਇਸ ਮੌਕੇ ਉਤੇ ਜੇ ਲੜਕੇ ਦਾ ਅਕੀਕਾ ਹੋਵੇ ਤਾਂ ਦੋ ਬਕਰੇ ਅਤੇ ਜੇ ਲੜਕੀ ਦਾ ਹੋਵੇ ਤਾਂ ਇਕੋ ਬਕਰਾ ਹਲਾਲ ਕੀਤਾ ਜਾਂਦਾ ਹੈ। ਕਈ ਮੁਸਲਮਾਨ ਲੜਕੇ ਦੇ ਅਕੀਕੇ ਵੇਲੇ ਬਕਰਾ ਤੇ ਲੜਕੀ ਵੇਲੇ ਬਕਰੀ ਦੀ ਬਲੀ ਦੇਂਦੇ ਹਨ। ਬਲੀ ਦੇ ਪਸ਼ੂ ਦੀਆਂ ਹੱਡੀਆਂ ਤੇ ਖੱਲ ਘਰ ਦੇ ਵਿਹੜੇ ਵਿਚ ਦੱਬ ਦਿਤੀ ਜਾਂਦੀ ਹੈ। ਨਾਈ ਨੂੰ ਲਾਗ ਵਜੋਂ ਆਟਾ ਦਾਲ ਤੇ ਕੁਝ ਰੁਪਏ ਦਿਤੇ ਜਾਂਦੇ ਹਨ।

ਹਰਿਆਣੇ ਵਿਚ ਵਸਦੀ ਮੀਓ ਜਾਤੀ ਵਿਚ ਇਸ ਮੌਕੇ ਤੇ ਦੋ ਬਕਰੇ ਕੁਰਬਾਨ ਕੀਤੇ ਜਾਂਦੇ ਹਨ। ਹਲਾਲ ਕੀਤੇ ਜਾਣ ਵਾਲੇ ਬਕਰੇ ਦੀ ਉਮਰ ਸਾਲ ਤੋਂ ਘਟ ਅਤੇ ਘਟੋ ਘਟ ਦੋ ਦੰਦ ਹੋਣੇ ਲਾਜ਼ਮੀ ਹਨ। ਇਸ ਮੌਕੇ ਉਤੇ ਬਰਾਦਰੀ ਨੂੰ ਵੀ ਦਾਅਵਤ ਦਿਤੀ ਜਾਂਦੀ ਹੈ।

ਕੁਝ ਧਨੀ ਮੁਸਲਮਾਨਾਂ ਵਿਚ ਅਕੀਕਾ ਦੀ ਰਸਮ ਸਮੇਂ ਬੱਚੇ ਦੇ ਵਾਲਾਂ ਦੀ ਝੰਡ ਕਟ ਕੇ ਉਸ ਦੇ ਬਰਾਬਰ ਦਾ ਸੋਨਾ ਜਾਂ ਚਾਂਦੀ ਗ਼ਰੀਬਾਂ ਵਿਚ ਵੰਡਿਆ ਜਾਂਦਾ ਹੈ। ਬਕਰੇ ਦੀ ਕੁਰਬਾਨੀ ਵੀ ਦਿਤੀ ਜਾਂਦੀ ਹੈ ਜਿਸ ਵਿਚੋਂ ਥੋੜਾ ਜਿਹਾ ਮਾਸ ਘਰ ਰਖ ਕੇ ਬਾਕੀ ਕੁਝ ਦੋਸਤਾਂ ਯਾਰਾਂ ਵਿਚ ਅਤੇ ਬਹੁਤਾ ਗ਼ਰੀਬ-ਗ਼ੁਰਬਿਆਂ ਵਿਚ ਵੰਡ ਦਿਤਾ ਜਾਂਦਾ ਹੈ। ਕਈ ਇਲਾਕਿਆਂ ਵਿਚ ਬੱਚੇ ਦੇ ਮਾਪੇ ਇਸ ਮਾਸ ਨੂੰ ਨਿਸ਼ੇਧ ਸਮਝ ਕੇ ਨਹੀਂ ਖਾਂਦੇ।

ਅਕੀਕੇ ਸਮੇਂ ਮੁੰਨੇ ਗਏ ਵਾਲਾਂ ਨੂੰ ਧਰਤੀ ਵਿਚ ਦੱਬਣ ਦਾ ਦਸਤੂਰ ਹੈ। ਮਲੇਰ ਕੋਟਲੇ ਵਿਚ ਇਨ੍ਹਾਂ ਵਾਲਾਂ ਨੂੰ ਆਟੇ ਦੇ ਪੇੜੇ ਵਿਚ ਲਪੇਟ ਕੇ ਦਬਿਆ ਜਾਂਦਾ ਹੈ। ਪੋਠੋਹਾਰ ਵਿਚ ਅਕੀਕੇ ਸਮੇਂ ਕੱਟੇ ਵਾਲਾਂ ਨੂੰ ਬੱਚੇ ਦੀ ਭੈਣ ਜਾਂ ਭੂਆ ਆਪਣੀ ਝੋਲੀ ਵਿਚ ਪੁਵਾ ਲੈਂਦੀ ਹੈ। ਜੇ ਕੋਈ ਵਾਲ ਹੇਠਾਂ ਡਿੱਗ ਪਏ ਤਾਂ ਬਦਸ਼ਗਨੀ ਮੰਨਦੇ ਹਨ। ਇਹ ਵਾਲ ਘਰ ਵਿਚ ਸੰਭਾਲ ਕੇ ਰਖ ਦਿਤੇ ਜਾਂਦੇ ਹਨ।

(ਅ-115) **ਅਕੁੰਭ** :

(1) ਕੁੰਭਕਰਣ ਦਾ ਪੁਤਰ ਜੋ ਕੁੰਭ ਦਾ ਛੋਟਾ ਭਰਾ ਸੀ।

(2) ਅਨਕੁੰਭ ਦੈਂਤ ਲਈ ਵੀ ਅਕੁੰਭ ਸ਼ਬਦ ਵਰਤਿਆ ਜਾਂਦਾ ਹੈ, ਜਿਸ ਨੂੰ ਦੁਰਗਾ ਨੇ ਮਾਰਿਆ ਸੀ। ਇਸ ਦੈਂਤ ਦੀ ਕਥਾ ਮਾਰਕੰਡੇਯ ਪੁਰਾਣ ਵਿਚ ਮਿਲਦੀ ਹੈ।

(ਅ-116) **ਅਕੂਤੀ** :

ਸਵਾਯੰਭੁਵ ਮਨੂੰ ਦੀ ਕੰਨਿਆਂ ਜੋ ਸਤਰੂਪਾਂ ਦੇ ਉਦਰ ਤੋਂ ਜੰਮੀ। ਅਕੂਤੀ ਉਤਾਨਪਾਦ ਦੀ ਭੈਣ ਅਤੇ ਰੁਚੀ ਦੀ ਪਤਨੀ ਸੀ, ਜੋ ਪਤੀਵਰਤ ਧਰਮ ਅਤੇ ਪ੍ਰਭੂ-ਭਗਤੀ ਲਈ ਪ੍ਰਸਿਧ ਹੈ।

(ਅ-117) **ਅਕੋਤਰ** :

ਇਕ ਉਤੇ ਸੌ; ਇਹ ਸੰਖਿਆ ਰਹੱਸਮਈ ਹੈ ਅਤੇ ਸ਼ੁਭ ਜਾਣ ਕੇ ਸ਼ਗਨ ਦੇ ਮੌਕਿਆਂ ਉਤੇ ਲੈਣ ਦੇਣ ਲਈ ਵਰਤੀ ਜਾਂਦੀ ਹੈ। ਇਕ ਸੌ ਇਕ ਮਣਕਿਆਂ ਦੀ ਮਾਲਾ ਨੂੰ 'ਅਕੋਤਰੀ' ਕਹਿੰਦੇ

ਹਨ। ਵਿਸ਼ਨੂੰ ਦੇ 101 ਨਾਂਵਾਂ ਤੇ ਉਪਨਾਮਾਂ ਦਾ ਜਾਪ ਵੈਸ਼ਨੋ ਮੱਤ ਵਾਲੇ ਅਕੋਤਰੀ ਮਾਲਾ ਉਪਰ ਕਰਦੇ ਹਨ। (ਵੇਖੋ : ਇਕੋਤਰ ਸੌ)

(ਅ-118) **ਅੱਖ ਸਲਾਈ** :

ਗਰਭ ਨਾਲ ਸੰਬੰਧਿਤ ਇਕ ਰੀਤ; ਫ਼ਾਜ਼ਲਕਾ ਦੇ ਹਿੰਦੂ ਅਰੋੜਿਆਂ ਵਿਚ ਜਦੋਂ ਕਿਸੇ ਤੀਵੀਂ ਨੂੰ ਪਹਿਲਾ ਗਰਭ ਠਹਿਰਦਾ ਹੈ ਤਾਂ ਉਸ ਦੀ ਨਨਾਣ ਤੀਜੇ ਮਹੀਨੇ ਉਸ ਦੀਆਂ ਅੱਖਾਂ ਵਿਚ ਸਲਾਈ ਨਾਲ ਸੁਰਮਾ ਪਾਉਣ ਦੀ ਰੀਤ ਕਰਦੀ ਹੈ। ਇਸ ਰੀਤ ਤੋਂ ਬਾਅਦ ਗਰਭਵਤੀ ਬੱਚੇ ਦੇ ਜੰਮਣ ਤਕ ਸੁਰਮਾ ਨਹੀਂ ਪਾਉਂਦੀ। ਇਸ ਰੀਤ ਸਮੇਂ ਗਰਭਵਤੀ ਦੇ ਮਾਪੇ ਕੁਝ ਚਾਵਲ ਭੇਜਦੇ ਹਨ ਜੋ ਪਕਾ ਕੇ ਸਾਕ ਸੰਬੰਧੀਆਂ ਵਿਚ ਵੰਡੇ ਜਾਂਦੇ ਹਨ। (ਗਲਾਸਰੀ. 1,731)

ਸੁਰਮਾ ਸ਼ਿੰਗਾਰ ਦਾ ਚਿੰਨ੍ਹ ਹੈ ਅਤੇ ਇਸ ਰੀਤ ਦੁਆਰਾ ਖ਼ਾਵੰਦ ਨੂੰ ਸੁਝਾਇਆ ਜਾਂਦਾ ਹੈ ਕਿ ਉਸ ਦੀ ਤੀਵੀਂ ਨੇ ਸ਼ਿੰਗਾਰ ਤੱਜ ਦਿਤਾ ਹੈ ਤੇ ਉਹ ਬੱਚੇ ਦੇ ਜੰਮਣ ਤਕ, ਤੀਵੀਂ ਨਾਲ ਆਲਿੰਗਨ ਦੀ ਇੱਛਾ ਤਿਆਗ ਦੇਵੇ ਤਾਂ ਜੋ ਗਰਭ ਵਿਚਲਾ ਬੱਚਾ ਨਿਰਵਿਘਨ ਪਲਦਾ ਰਹੇ।

(ਅ-119) **ਅੱਖ ਮਚੋਲੀ :**

ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਬੱਚਿਆਂ ਦੀ ਇਕ ਖੇਡ। ਇਸ ਖੇਡ ਵਿਚ ਹਿੱਸਾ ਲੈਣ ਵਾਲੇ ਬੱਚੇ ਪਹਿਲਾਂ ਵਾਰੋ ਵਾਰੀ ਪੁੱਗਦੇ ਹਨ। ਉਨ੍ਹਾਂ ਵਿਚੋਂ ਜਿਹੜਾ ਬੱਚਾ ਅਣਪੁੱਗਿਆ ਰਹਿ ਜਾਂਦਾ ਹੈ, ਉਸ ਸਿਰ ਮੀਟੀ ਆ ਜਾਂਦੀ ਹੈ। ਪੁੱਗੇ ਹੋਏ ਬੱਚਿਆਂ ਵਿਚੋਂ ਕੋਈ ਇਕ ਜਾਂ ਸਭ ਤੋਂ ਪਹਿਲਾਂ ਪੁੱਗਿਆ ਬੱਚਾ 'ਦਾਈ' ਬਣ ਜਾਂਦਾ ਹੈ। 'ਦਾਈ' ਕਿਸੇ ਮਿਥੀ ਹੋਈ ਥਾਂ ਉਤੇ ਬੈਠ ਕੇ, ਮੀਟੀ ਦੇਣ ਵਾਲੇ ਬੱਚੇ ਦੀਆਂ ਦੋਵੇਂ ਅੱਖਾਂ, ਹੱਥਾਂ ਨਾਲ ਮੀਟਦੀ ਹੋਈ ਇਹ ਟੱਪਾ ਉਚਾਰਦੀ ਹੈ :—

ਲੁਕ ਛਿਪ ਜਾਣਾ,
ਮਕੱਈ ਦਾ ਦਾਣਾ,
ਰਾਜੇ ਦੀ ਬੇਟੀ ਆਈ ਜੇ।

ਤੁਕ ਦੇ ਉੱਚਾਰਨ ਦੇ ਦੌਰਾਨ ਸਭ ਬੱਚੇ ਕਿਸੇ ਓਟ/ਓਹਲੇ ਵਿਚ ਛੁਪ ਜਾਂਦੇ ਹਨ। ਕੋਈ ਘਰਾਂ ਦੇ ਭਿੱਤਾਂ ਉਹਲੇ, ਕੋਈ ਖੁਰਲੀ ਜਾਂ ਬਨੇਰੇ ਪਿਛੇ, ਆਦਿ। ਮੀਟੀ ਵਾਲਾ ਬੱਚਾ ਸਭ ਨੂੰ ਢੂੰਡਦਾ ਹੈ ਤੇ ਜੇ ਕੋਈ ਬੱਚਾ ਵਿਖਾਈ ਦੇ ਜਾਵੇ, ਤਾਂ ਉਸ ਦਾ ਪਿੱਛਾ ਕਰਦਾ ਹੈ। ਜਿਹੜੇ ਬੱਚੇ ਦਾਈ ਨੂੰ ਛੁਹ ਲੈਣ, ਉਨ੍ਹਾਂ ਨੂੰ ਨਹੀਂ ਫੜਿਆ ਜਾਂਦਾ। ਅਖ਼ੀਰ ਜਿਹੜਾ ਬੱਚਾ ਛੁਹਿਆ ਜਾਵੇ, ਉਹ 'ਚੋਰ' ਅਖਵਾਉਂਦਾ ਹੈ ਤੇ ਉਸ ਸਿਰ ਮੀਟੀ ਆ ਜਾਂਦੀ ਹੈ। ਫਿਰ ਪਹਿਲਾਂ ਵਾਂਗ ਹੀ ਖੇਡ ਮੁਢੇ-ਸਿਰਿਉਂ ਸ਼ੁਰੂ ਹੋ ਜਾਂਦੀ ਹੈ।

(ਅ-120) **ਅਖੰਡ ਪਾਠ** :

ਸਿੱਖਾਂ ਦੀ ਧਾਰਮਿਕ ਪੁਸਤਕ ਆਦਿ ਗ੍ਰੰਥ ਦਾ, ਆਦਿ ਤੋਂ ਅੰਤ ਤਕ ਬਿਨਾਂ ਬਿਸਰਾਮ ਨਿਰੰਤਰ ਪਾਠ। ਇਹ ਪਾਠ ਅਠਤਾਲੀ ਘੰਟਿਆਂ ਅਥਵਾ ਦੋ ਦਿਨ ਤੇ ਦੋ ਰਾਤਾਂ ਵਿਚ ਸੰਪੂਰਨ ਕਰਨ ਦੀ ਪ੍ਰਥਾ ਹੈ। ਪਰੰਪਰਾ ਅਨੁਸਾਰ ਦਿਨ ਦੇ ਜਿਸ ਵੇਲੇ ਪਾਠ ਆਰੰਭ ਕੀਤਾ ਜਾਂਦਾ ਹੈ, ਦੋ ਦਿਨ ਮਗਰੋਂ ਕਰੀਬ ਕਰੀਬ ਉਸੇ ਸਮੇਂ ਭੋਗ ਪਾਇਆ ਜਾਂਦਾ ਹੈ। ਖ਼ੁਸ਼ੀ ਦੇ ਮੌਕੇ ਉਤੇ ਇਹ ਪਾਠ ਸਵੇਰੇ ਰਖਿਆ ਜਾਂਦਾ ਹੈ, ਪਰ ਮਾਤਮ ਦੇ ਸੰਬੰਧ ਵਿਚ ਪਾਠ ਦੁਪਹਿਰ ਉਪਰੰਤ ਰਖਣ ਦਾ ਰਵਾਜ ਹੈ। ਉਂਜ ਇਸ ਬਾਰੇ ਪੱਕੀ ਪਰੰਪਰਾ ਕੋਈ ਨਹੀਂ।

ਅਖੰਡ ਪਾਠ ਆਰੰਭ ਕਰਨ ਤੋਂ ਪਹਿਲਾਂ ਕੀਰਤਨ ਕੀਤਾ ਜਾਂਦਾ ਹੈ। ਫਿਰ ਅਰਦਾਸਾ ਸੋਧ ਕੇ ਆਦਿ ਗ੍ਰੰਥ ਦਾ ਗੁਰਵਾਕ ਲਿਆ ਜਾਂਦਾ ਹੈ ਅਤੇ ਸੰਗਤ ਤੋਂ ਆਗਿਆ ਲੈ ਕੇ ਇਕ ਪਾਠੀ ਪਾਠ ਆਰੰਭ ਕਰਦਾ ਹੈ। ਆਮ ਤੌਰ ਉਤੇ ਪਾਠੀ ਪੰਜ ਹੁੰਦੇ ਹਨ, ਪਰ ਲੋੜ ਅਤੇ ਮੌਕੇ ਮੁਤਾਬਿਕ ਘਟ ਵਧ ਵੀ ਹੋ ਸਕਦੇ ਹਨ। ਪਾਠੀ ਪਹਿਲਾਂ ਤੋਂ ਮਿਥੀ ਹੋਈ ਤਰਤੀਬ ਨਾਲ ਬਦਲਦੇ ਰਹਿੰਦੇ ਹਨ ਅਤੇ ਹਰ ਪਾਠੀ ਨਿਸਚਤ ਸਮੇਂ ਦੋ ਜਾਂ ਢਾਈ ਘੰਟੇ ਤਕ ਨਿਰੰਤਰ ਪਾਠ ਕਰਦਾ ਹੈ। ਜਦੋਂ ਅਗਲਾ ਪਾਠੀ ਤਾਬੇ ਬੈਠਦਾ ਹੈ ਤਾਂ ਜਿਥੋਂ ਪਹਿਲਾ ਪਾਠੀ ਪਾਠ ਛਡਦਾ ਹੈ ਉਥੋਂ ਹੀ ਦੂਜਾ ਪੜ੍ਹਨਾ ਸ਼ੁਰੂ ਕਰਦਾ ਹੈ, ਇਕ ਦੋ ਤੁਕਾਂ ਦੋਵੇਂ

ਰਲ ਕੇ ਪੜ੍ਹਦੇ ਹਨ।

ਅਖੰਡ ਪਾਠ ਦੇ ਪਾਠੀ ਲਈ ਸਵੇਰੇ ਕੇਸੀ ਇਸ਼ਨਾਨ ਕਰਨਾ ਵਿਧਾਨ ਹੈ। ਪਾਠ ਦੇ ਦੌਰਾਨ ਉਹ ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰਦਾ। ਜੇ ਪਾਠੀ ਪਾਠ ਕਰਦਿਆਂ ਗੱਲ ਕਰੇ ਜਾਂ ਕਿਸੇ ਕਾਰਨ ਵਸ ਪਾਠ ਵਿਚੋਂ ਉਕ ਜਾਵੇ ਤਾਂ ਪਾਠ ਖੰਡਤ ਹੋ ਜਾਂਦਾ ਹੈ, ਜੋ ਅਸ਼ੁਭ ਹੈ। ਪ੍ਰਾਸਚਿਤ ਵਜੋਂ ਫਿਰ ਦੋਬਾਰਾ ਆਦਿ ਤੋਂ ਅੰਤ ਤਕ ਪਾਠ ਆਰੰਭ ਕੀਤਾ ਜਾਂਦਾ ਹੈ।

ਅਖੰਡ ਪਾਠ ਦੇ ਦੌਰਾਨ ਅਖੰਡ ਜੋਤ ਜਗਾਣ ਦੀ ਵੀ ਮਰਯਾਦਾ ਹੈ। ਇਕ ਜਲ ਦੇ ਭਰੇ ਹੋਏ ਕੁੰਭ ਉਤੇ ਦੀਵੇ ਵਿਚ ਘਿਉ ਨਾਲ ਜੋਤ ਜਗਾਈ ਜਾਂਦੀ ਹੈ। ਕੋਲ ਹੀ ਇਕ ਨਾਰੀਅਲ ਰਖਿਆ ਜਾਂਦਾ ਹੈ। ਅਸਵਾਰਾ ਸਾਹਿਬ ਦੀ ਪੀੜੀ ਹੇਠ ਇਕ ਭਾਂਡੇ ਵਿਚ ਜਲ ਭਰ ਕੇ ਧਰਿਆ ਜਾਂਦਾ ਹੈ। ਇਸ ਜਲ ਨੂੰ 'ਅੰਮ੍ਰਿਤ' ਕਹਿੰਦੇ ਹਨ।

ਅਖੰਡ ਪਾਠ ਦੇ ਭੋਗ ਉਪਰੰਤ 'ਆਰਤੀ' ਪੜ੍ਹਨ ਦਾ ਰਵਾਜ ਪੈ ਗਿਆ ਹੈ। 'ਗਗਨ ਮੈ ਥਾਲ' ਤੇ 'ਗੋਪਾਲ ਤੇਰਾ ਆਰਤਾ' ਆਦਿ ਸ਼ਬਦ ਆਰਤੀ ਦੀ ਵਿਸ਼ੇਸ਼ ਧਾਰਨਾ ਵਿਚ ਗਾਏ ਜਾਂਦੇ ਹਨ ਤੇ ਅਖ਼ੀਰਲੇ ਬੰਦਾਂ ਉਤੇ ਫੁੱਲਾਂ ਦੀ ਬਰਖਾ ਵੀ ਕੀਤੀ ਜਾਂਦੀ ਹੈ। ਕਈ ਸ਼ਰਧਾਲੂ ਥਾਲ ਵਿਚ ਪੰਜ ਜੋਤਾਂ ਜਗਾ ਕੇ ਆਦਿ ਗ੍ਰੰਥ ਦੀ 'ਆਰਤੀ' ਵੀ ਉਤਾਰਦੇ ਹਨ। ਆਰਤੀ ਤੋਂ ਬਾਅਦ ਕੀਰਤਨ ਕਰ ਕੇ ਅਰਦਾਸਾ ਕੀਤਾ ਜਾਂਦਾ ਹੈ।

ਅਖੰਡ ਪਾਠ ਦੀ ਇਕ ਕਿਸਮ 'ਅਤਿ ਅਖੰਡ ਪਾਠ' ਹੈ, ਜਿਸ ਵਿਚ ਇਕੋ ਗ੍ਰੰਥੀ ਸ਼ੁਰੂ ਤੋਂ ਅਖ਼ੀਰ ਤਕ ਸਾਰਾ ਪਾਠ ਕਰਦਾ ਹੈ। ਪਰ ਇਹ ਪਾਠ ਬਹੁਤ ਕਠਿਨ ਹੈ। ਸੋ ਇਸ ਦਾ ਆਮ ਰਵਾਜ ਨਹੀਂ। ਅਖੰਡ ਪਾਠ ਦੀ ਇਕ ਹੋਰ ਕਿਸਮ 'ਸੰਪਟ ਪਾਠ' ਹੈ, ਜਿਸ ਵਿਚ ਆਦਿ ਗ੍ਰੰਥ ਦੇ ਹਰ ਸ਼ਬਦ ਮਗਰੋਂ ਆਦਿ ਗ੍ਰੰਥ ਵਿਚੋਂ ਚੁਣੇ ਕਿਸੇ ਵਿਸ਼ੇਸ਼ ਸ਼ਬਦ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। (ਵੇਖੋ : ਸੰਪਟ ਪਾਠ) 'ਸਪਤਾਹਕ ਪਾਠ' ਨੂੰ ਇਕੋ ਪਾਠੀ ਸਤ ਦਿਨਾਂ ਵਿਚ ਪੂਰਾ ਕਰਦਾ ਹੈ।

ਗੁਰਮਤਿ ਸੁਧਾਕਰ (ਪੰਨਾ 306) ਅਨੁਸਾਰ ਅਖੰਡ ਪਾਠ ਦੀ ਮਰਯਾਦਾ ਪੰਥ ਵਿਚ ਬੁਢੇ ਦਲ ਨੇ ਤੋਰੀ। ਗੁਰੂ ਸਾਹਿਬਾਨ ਦੇ ਸਮੇਂ ਅਖੰਡ ਪਾਠ ਦੀ ਰੀਤ ਪ੍ਰਚਲਤ ਨਹੀਂ ਸੀ।

### (ਅ-121) ਅਖਤੀਜ (ਅਖੈਤੀਜ) :

ਵਿਸਾਖ ਸੁਦੀ ਤ੍ਰਿਤੀਆ ਦਾ ਪੁਰਬ; ਅਖੈਤੀਜ ਦਾ ਸ਼ਾਬਦਿਕ ਅਰਥ ਹੈ — ਉਹ ਤ੍ਰਿਤੀਆ ਜੋ ਅਖੈ ਅਥਵਾ ਵਿਨਾਸ਼ ਤੋਂ ਮੁਕਤ ਹੋਵੇ। ਹਿੰਦੂ ਸ਼ਾਸਤਰਾਂ ਅਨੁਸਾਰ ਸਤਜੁਗ ਦਾ ਆਰੰਭ ਇਸੇ ਪਵਿਤ੍ਰ ਤਿੱਥ ਨੂੰ ਹੋਇਆ ਸੀ। ਪੁਰਾਣਧਾਰਾ ਅਨੁਸਾਰ ਬ੍ਰਹਮਾ ਨੇ ਸੰਸਾਰ ਦੀ ਸਿਰਜਨਾ ਵੀ ਇਸੇ ਤ੍ਰਿਤੀਆ ਨੂੰ ਕੀਤੀ ਸੀ। ਇਸ ਪਖੋਂ ਅਖੈਤੀਜ ਸੰਸਾਰ ਦੀ ਵਰ੍ਹੇ-ਗੰਢ ਹੈ।

ਪੰਜਾਬ ਅਤੇ ਉਤਰੀ ਭਾਰਤ ਵਿਚ ਵਾਹੀ ਖੇਤੀ ਅਥਵਾ ਜ਼ਿਮੀਂਦਾਰੀ ਦਾ ਸਾਲ ਅਖਤੀਜ ਤੋਂ ਆਰੰਭ ਹੁੰਦਾ ਹੈ। ਯੂ. ਪੀ. ਤੇ ਕਈ ਹੋਰ ਇਲਾਕਿਆਂ ਵਿਚ ਇਸ ਦਿਨ ਹਿੰਦੂ, ਪੰਡਤ ਨੂੰ ਸੱਦ ਕੇ, ਕਿਸੇ ਸ਼ੁਭ ਘੜੀ ਹੱਲ ਦੀਆਂ ਪਹਿਲੀਆਂ ਸੀਆਂ ਕੱਢਦੇ ਹਨ। ਕਈ ਥਾਈਂ, ਇਸ ਤਿੱਥ ਨੂੰ ਸ਼ੇਸ਼ਨਾਗ, ਜਿਸ ਦੇ ਫਣਾਂ ਉਤੇ ਪ੍ਰਿਥਵੀ ਟਿਕੀ ਹੋਈ ਹੈ, ਦੀ ਵੀ ਪੂਜਾ ਕੀਤੀ ਜਾਂਦੀ ਹੈ। ਪਹਿਲੀਆਂ ਸੀਆਂ ਇਕ ਖ਼ਾਸ ਰੀਤ ਨਾਲ ਕੱਢੀਆਂ ਜਾਂਦੀਆਂ ਹਨ। ਪਹਿਲਾਂ ਕੁੰਭ ਵਿਚੋਂ ਭੋਇੰ ਉਤੇ ਜਲ ਛਿਣਕਿਆ ਜਾਂਦਾ ਹੈ। ਕਈ ਵਾਰ ਇਸ ਜਲ ਵਿਚ ਗੰਗਾਜਲੀ ਨੂੰ ਵੀ ਰਲਾ ਲੈਂਦੇ ਹਨ। ਫਿਰ ਅੰਬ ਦੀ ਟਹਿਣੀ ਨਾਲ ਭੋਇੰ ਨੂੰ ਸਾਫ਼ ਕਰ ਕੇ ਪੰਜ ਸੀਆਂ ਕੱਢੀਆਂ ਜਾਂਦੀਆਂ ਹਨ।

ਪੰਜਾਬ ਵਿਚ ਹਿੰਦੂ ਕਿਸਾਨ ਅਖਤੀਜ ਵਾਲੇ ਦਿਨ ਭੋਇੰ ਉਤੇ ਨਿਰਮਲ ਜਲ ਦਾ ਛੱਟਾ ਦੇ ਕੇ ਸੱਤ ਸੀਆਂ ਵਾਹ ਦੇਂਦੇ ਹਨ। ਪਰ ਇਸ ਦਿਨ ਬੀਜ ਬੀਜਣਾ ਚੰਗਾ ਨਹੀਂ ਸਮਝਿਆ ਜਾਂਦਾ। ਕਿਸਾਨੀ ਨਾਲ ਸੰਬੰਧਿਤ ਸੰਦ ਇਸ ਦਿਨ ਬਨਾਉਣੇ ਸ਼ੁਰੂ ਕਰਨੇ ਸ਼ੁਭ ਮੰਨੇ ਗਏ ਹਨ। ਸੋ, ਕਈ ਕਿਸਾਨ ਨਵੇਂ ਸੰਦ ਬਨਾਉਣ ਲਈ ਅਖਤੀਜ ਨੂੰ ਹੀ ਪੇਸ਼ਗੀ ਰਕਮ ਦੇਂਦੇ ਹਨ।

ਇਸੇ ਦਿਨ ਨਵਾਂ ਅੰਨ ਵੀ ਮੂੰਹ ਲਗਾਇਆ ਜਾਂਦਾ ਹੈ। ਅਖਤੀਜ ਵਾਲੇ ਦਿਨ ਕਿਸਾਨ ਰਬੀ ਦੀ ਫ਼ਸਲ ਦਾ ਹਿਸਾਬ ਕਿਤਾਬ

ਕਰਦੇ ਹਨ। ਇਸ ਦਿਨ ਨੂੰ ਪਾਵਨ ਮੰਨ ਕੇ ਕਈ ਹਿੰਦੂ ਬ੍ਰਾਹਮਣਾਂ ਨੂੰ ਭੋਜ ਖਵਾਂਦੇ ਤੇ ਦਾਨ-ਪੁੰਨ ਵੀ ਕਰਦੇ ਹਨ।

(ਅ-122) **ਅਖ਼ਰੋਟ** :

ਅਖ਼ਰੋਟ ਨਾਲ ਕਈ ਮਨੌਤਾਂ ਜੁੜੀਆਂ ਹੋਈਆਂ ਹਨ। ਚੰਬੇ ਵਿਚ ਜਦੋਂ ਬੱਚਾ ਨੌਂ ਮਹੀਨੇ ਦਾ ਹੋ ਜਾਂਦਾ ਹੈ ਤਾਂ ਮਾਪੇ ਅਰਗ (ਮੰਨ), ਰੋਟ ਤੇ ਕੁਝ ਹੋਰ ਸਾਮਗਰੀ ਲੈ ਕੇ ਉਸ ਨੂੰ ਕਿਸੇ ਧਰਮ ਅਸਥਾਨ ਉਤੇ ਲੈ ਜਾਂਦੇ ਹਨ, ਜਿਥੇ ਬਾਲ ਸੂਰਜ ਵਲ ਅਖ਼ਰੋਟ ਸੁੱਟਦਾ ਹੈ। ਹਾਜ਼ਰ ਔਰਤਾਂ ਉਸ ਨੂੰ ਦੌੜ ਕੇ ਚੁਕਦੀਆਂ ਹਨ। ਵਿਚਾਰ ਅਨੁਸਾਰ ਜਿਹੜੀ ਤੀਵੀਂ ਉਸ ਅਖ਼ਰੋਟ ਨੂੰ ਚੁਕ ਲਏਗੀ, ਉਸ ਦੇ ਅਵੱਸ਼ ਮੁੰਡਾ ਹੋਵੇਗਾ। (ਪੰਜਾਬ, 170)

ਗਧੀ ਜਾਤੀ ਦੇ ਲੋਕਾਂ ਵਿਚ ਵਿਆਹ ਦੀਆਂ ਰੀਤਾਂ ਸਮੇਂ ਅਖ਼ਰੋਟ ਦੇ ਫੁੱਲਾਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ।

(ਅ-123) **ਅੱਖਾਂ** :

ਅੱਖਾਂ ਬਾਰੇ ਇਕ ਉਤਪੱਤੀ ਕਥਾ ਇਉਂ ਪ੍ਰਚਲਤ ਹੈ — ਪਹਿਲਾਂ ਮਨੁੱਖ ਦੀਆਂ ਅੱਖਾਂ ਨਹੀਂ ਸਨ ਹੁੰਦੀਆਂ। ਮਨੁੱਖ ਸੰਸਾਰ ਨੂੰ ਅੰਦਰਲੀ ਦ੍ਰਿਸ਼ਟੀ ਨਾਲ ਵੇਖ ਤਾਂ ਲੈਂਦਾ ਸੀ, ਪਰ ਪੂਰਾ ਆਨੰਦ ਨਹੀਂ ਸੀ ਮਾਣ ਸਕਦਾ। ਮਨੁੱਖ ਦੇ ਤਰਲਾ ਕਰਨ ਉਤੇ ਬ੍ਰਹਮਾ ਨੇ ਉਸ ਨੂੰ ਦੋ ਅੱਖਾਂ ਦੇ ਦਿਤੀਆਂ, ਪਰ ਮਨੁੱਖ ਦੀ ਅੰਤਰ ਦ੍ਰਿਸ਼ਟੀ ਖੋਹ ਲਈ। ਉਦੋਂ ਤੋਂ ਮਨੁੱਖ ਸੰਸਾਰ ਨੂੰ ਵੇਖਣ ਤਾਂ ਲੱਗ ਪਿਆ, ਪਰ ਅੰਤਰ-ਦ੍ਰਿਸ਼ਟੀ ਦੇ ਖੀਣ ਹੋ ਜਾਣ ਨਾਲ ਉਹ ਬ੍ਰਹਿਮੰਡ ਦੇ ਰਹੱਸਾਂ ਨੂੰ ਨਾ ਸਮਝ ਸਕਿਆ।

ਅੱਖਾਂ ਨਾਲ ਕਈ ਭਰਮ ਵਹਿਮ ਜੁੜੇ ਹੋਏ ਹਨ। ਜੇ ਮਰਦ ਦੀ ਸੱਜੀ ਅੱਖ ਫੜਕੇ ਤਾਂ ਚੰਗੀ, ਖੱਬੀ ਫੜਕੇ ਤਾਂ ਨੁਕਸਾਨ ਦਾ ਡਰ ਹੁੰਦਾ ਹੈ। ਇਸ ਦੇ ਉਲਟ ਇਸਤ੍ਰੀ ਦੀ ਖੱਬੀ ਅੱਖ ਫੜਕੇ ਤਾਂ ਲਾਭ, ਸੱਜੀ ਫੜਕੇ ਤਾਂ ਨੁਕਸਾਨ। ਅੱਖਾਂ ਦਾ ਨਜ਼ਰ ਨਾਲ ਵੀ ਬੜਾ ਸੰਬੰਧ ਹੈ। (ਵੇਖੋ : ਨਜ਼ਰ) ਧਾਰਨਾ ਹੈ ਕਿ ਦੇਵੀ ਦੇਵਤੇ ਅਤੇ ਦੈਵੀ ਪੁਰਸ਼ ਅੱਖਾਂ ਨਹੀਂ ਝਮਕਾਂਦੇ।

ਅੱਖਾਂ ਨਾਲ ਵਿਆਹ ਤੇ ਜਨਮ ਦੀਆਂ ਕਈ ਰਸਮਾਂ ਜੁੜੀਆਂ ਹੋਈਆਂ ਹਨ, ਜਿਵੇਂ ਫ਼ਾਜ਼ਲਕਾ ਵਿਚ ਗਰਭ ਦੇ ਕੁਝ ਮਹੀਨੇ ਬਾਅਦ ਅੱਖ ਸਲਾਈ ਦੀ ਰੀਤ ਪ੍ਰਚਲਤ ਹੈ। ਇਸੇ ਤਰ੍ਹਾਂ ਲਾੜ੍ਹਾ ਜਦੋਂ ਘੋੜੀ ਤੇ ਚੜ੍ਹਦਾ ਹੈ ਤਾਂ ਉਸ ਦੀ ਭਰਜਾਈ ਉਸ ਦੀਆਂ ਅੱਖਾਂ ਵਿਚ ਸੁਰਮਾ ਪਾਉਣ ਦੀ ਰਸਮ ਕਰਦੀ ਹੈ।

ਅੱਖਾਂ ਬਾਰੇ ਕਈ ਬੁਝਾਰਤਾਂ ਪ੍ਰਚਲਤ ਹਨ :–

(1) ਸ਼ੀਸ਼ਿਆਂ ਦਾ ਟੋਭਾ,
ਕੰਡਿਆਂ ਦੀ ਵਾੜ,
ਬੁਝਣੀ ਆਂ ਤਾਂ ਬੁੱਝ,
ਨਹੀਂ ਤਾਂ ਹੋ ਜਾ ਬਾਹਰਵਾਰ।

(2) ਦੋ ਕਬੂਤਰ ਡੱਬ ਖੜੱਬੇ,
ਵੱਖੋ ਵੱਖ ਉਨ੍ਹਾਂ ਦੇ ਖੁੱਡੇ,
ਉੱਡ ਹਵਾ ਅਸਮਾਨੋਂ ਆਵਣ,
ਘਰ ਤੋਂ ਬਾਹਰ ਪੈਰ ਨਾ ਪਾਵਣ।

(3) ਇਕ ਕਬੂਤਰਾਂ ਦੀ ਜੋੜੀ,
ਰੰਗ ਉਨ੍ਹਾਂ ਦੇ ਕਾਲੇ,
ਨਾ ਕੁਝ ਖਾਵਣ ਨਾ ਕੁਝ ਪੀਵਣ,
ਰੱਬ ਉਨ੍ਹਾਂ ਨੂੰ ਪਾਲੇ।

ਅੱਖ ਅਨੇਕਾਂ ਲੋਕ-ਗੀਤਾਂ ਦਾ ਵੀ ਵਿਸ਼ਾ ਹੈ। ਇਕ ਪ੍ਰਸਿੱਧ ਲੋਕ-ਗੀਤ ਹੈ : ਅੱਖੀਆਂ ਨੀਂ ਰਾਤੀਂ ਸੌਣ ਨਾ ਦੇਂਦੀਆਂ। ਕੁਝ ਲੋਕ-ਕਹਾਣੀਆਂ ਵਿਚ ਸੁਲੇਮਾਨੀ ਸੁਰਮੇ ਦਾ ਜ਼ਿਕਰ ਆਉਂਦਾ ਹੈ ਜਿਸ ਨੂੰ ਅੱਖਾਂ ਵਿਚ ਪਾਉਣ ਨਾਲ ਬੰਦਾ ਖ਼ੁਦ ਤਾਂ ਅਦ੍ਰਿਸ਼ਟ ਹੋ ਜਾਂਦਾ ਹੈ, ਪਰ ਉਹ ਦੂਜਿਆਂ ਨੂੰ ਵੇਖ ਸਕਦਾ ਹੈ।

ਅੱਖਾਂ ਬਾਰੇ ਸਭ ਤੋਂ ਵਧ ਮੁਹਾਵਰੇ ਪ੍ਰਚਲਤ ਹਨ, ਜਿਨ੍ਹਾਂ ਦੁਆਰਾ ਮਨੁੱਖੀ ਚਰਿਤ੍ਰ ਦੇ ਅਨੇਕਾਂ ਪਹਿਲੂ ਪ੍ਰਗਟ ਕੀਤੇ ਗਏ ਹਨ। ਅਖਾਣਾਂ ਵਿਚ ਵੀ ਅੱਖ ਦਾ ਉਲੇਖ ਹੈ —

ਅੱਖੋਂ ਅੰਨ੍ਹੀ ਤੇ ਨਾਂ ਨੂਰਭਰੀ।
ਅੱਖ ਦਾ ਅੰਨ੍ਹਾਂ ਗੰਢ ਦਾ ਪੂਰਾ।

(ਅ-124) **ਅਖਾਣ** :

ਸੰਜਮ ਤੇ ਲੈਅ ਭਰਪੂਰ ਉਹ ਵਾਕ, ਜਿਨ੍ਹਾਂ ਵਿਚ ਜੀਵਨ ਬਾਰੇ ਕੋਈ ਤੱਥ, ਵਿਹਾਰ ਜਾਂ ਨਿਰਣਾ

ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੋਵੇ, ਅਖਾਣ ਹਨ। ਅਖਾਣ ਪਦ ਵੈਦਿਕ ਭਾਸ਼ਾ ਦੇ ਸ਼ਬਦ 'ਆਖਯਾਨ' ਦਾ ਹੀ ਪੰਜਾਬੀ ਰੂਪ ਹੈ। ਸੰਸਕ੍ਰਿਤ ਦੇ ਪੁਰਾਤਨ ਗ੍ਰੰਥਾਂ ਵਿਚ ਕਈ ਥਾਈਂ 'ਆਖਯਾਨ' ਸ਼ਬਦ ਦਾ ਪ੍ਰਯੋਗ ਹੈ। ਪਰ ਕਿਧਰੇ ਇਹ ਪਦ ਲੋਕ-ਕਥਾ ਦੇ ਅਰਥਾਂ ਵਿਚ ਅਤੇ ਕਿਧਰੇ ਲਖਸ਼ਣਾਂ ਜਾਂ ਅਲੰਕਾਰ ਦੀ ਇਕ ਸ਼ੈਲੀ ਦੇ ਰੂਪ ਵਿਚ ਵਰਤਿਆ ਗਿਆ ਹੈ। ਆਖਯਾਨ ਲੋਕੋਕਤੀ ਦੇ ਅਰਥਾਂ ਵਿਚ ਕਿਧਰੇ ਵੀ ਨਹੀਂ ਵਰਤਿਆ ਗਿਆ। ਹਾਂ, ਅਪਭ੍ਰੰਸ਼ ਵਿਚ 'ਅਹਾਣ' ਸ਼ਬਦ ਜੋ 'ਆਖਯਾਨ' ਦਾ ਹੀ ਤਦਭਵ ਰੂਪ ਹੈ, ਲੋਕੋਕਤੀ ਦੇ ਸਮਾਨ ਅਰਥਾਂ ਵਿਚ ਵਰਤਿਆ ਮਿਲਦਾ ਹੈ। ਪੰਜਾਬੀ ਵਿਚ ਅਖਾਣ ਲਈ ਅਖੌਤ ਅਤੇ ਕਹਾਵਤ ਸ਼ਬਦ ਵੀ ਵਰਤੇ ਜਾਂਦੇ ਹਨ। 'ਅਖੌਤ' ਅਖਾਣ ਦਾ ਹੀ ਇਕ ਲੋਕ-ਰੂਪ ਹੈ ਜੋ ਕਹਾਵਤ ਦੀ ਸਾਦ੍ਰਿਸ਼ਤਾ ਉਤੇ ਅਖਾਣ, ਅਖਾਵਤ, ਅਖੌਤ ਬਣਿਆ ਜਾਪਦਾ ਹੈ। ਕਹਾਵਤ ਸ਼ਬਦ ਉਰਦੂ ਤੇ ਹਿੰਦੀ ਵਿਚ ਲੋਕੋਕਤੀਆਂ ਲਈ ਵਰਤਿਆ ਜਾਂਦਾ ਹੈ। ਇਹ ਸ਼ਬਦ ਉਰਦੂ ਵਿਚੋਂ ਹੀ ਪੰਜਾਬੀ ਵਿਚ ਆਇਆ ਹੈ। (ਵੇਖੋ : ਕਹਾਵਤ)

ਅਖਾਣ ਦੀ ਕੋਈ ਇਕ ਨਿਸਚਤ ਅਤੇ ਵਿਗਿਆਨਕ ਪਰਿਭਾਸ਼ਾ ਦੇਣੀ ਕਠਨ ਹੈ। ਵਿਦਵਾਨਾਂ ਨੇ ਆਪੋ ਆਪਣੀ ਸੂਝ ਅਨੁਸਾਰ ਅਖਾਣਾਂ ਦੀਆਂ ਵੱਖੋ ਵੱਖ ਪਰਿਭਾਸ਼ਾਵਾਂ ਦਿਤੀਆਂ ਹਨ, ਜੋ ਕਿਸੇ ਇਕ ਪੱਖ ਨੂੰ ਹੀ ਬਲਵਾਨ ਰੂਪ ਵਿਚ ਉਜਾਗਰ ਕਰਦੀਆਂ ਹਨ। ਅਰਸਤੂ ਅਨੁਸਾਰ "ਅਖਾਣ ਪ੍ਰਾਚੀਨ ਦਰਸ਼ਨ ਦੇ ਖੰਡਰਾਂ ਦੀਆਂ ਉਹ ਪਚਰਾਂ ਹਨ ਜੋ ਸੰਖਿਪਤ ਅਤੇ ਪ੍ਰਯੋਗ ਲਈ ਢੁਕਵੀਆਂ ਹੋਣ ਕਰ ਕੇ ਵਿਨਾਸ਼ ਤੋਂ ਬਚ ਗਈਆਂ ਹਨ।" ਟੈਨੀਸਨ ਅਨੁਸਾਰ "ਕਹਾਵਤਾਂ ਉਹ ਰਤਨ ਹਨ ਜੋ ਪੰਜ ਕੁ ਸ਼ਬਦ ਲੰਮੇ ਹਨ ਅਤੇ ਅਨੰਤ ਕਾਲ ਦੀ ਪਸਰੀ ਹੋਈ ਉਂਗਲੀ ਉਤੇ ਸਦਾ ਜਗਮਗ ਕਰਦੇ ਰਹਿੰਦੇ ਹਨ।" ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, "ਅਖਾਣ ਜੀਵਨ ਦੇ ਦੀਰਘ-ਕਾਲੀ ਅਨੁਭਵ ਤੋਂ ਉਪਜੇ ਸੰਖਿਪਤ ਵਾਕ ਹਨ।" ਜੂਬਰਟ ਨੇ ਕਹਾਵਤਾਂ ਨੂੰ "ਵਿਵੇਕ ਦਾ ਸੰਜਮੀਕਰਣ" ਕਿਹਾ ਹੈ। ਜੌਨ ਐਗਰੀਕੋਲਾ ਦੀ ਨਜ਼ਰ ਵਿਚ "ਅਖਾਣ ਉਹ ਸੰਖੇਪ ਵਾਕ ਹਨ ਜਿਨ੍ਹਾਂ ਵਿਚ ਪ੍ਰਾਚੀਨ ਕਾਲ ਦੇ ਪੁਰਖਾਂ ਨੇ ਆਪਣੇ ਅਨੁਭਵਾਂ ਨੂੰ ਸੂਤਰਾਂ ਵਿਚ ਬੱਧ ਕੀਤਾ ਹੈ।" ਸਰਵੇਂਟਸ ਦੀ ਦ੍ਰਿਸ਼ਟੀ ਵਿਚ "ਅਖਾਣ ਉਹ ਛੋਟੇ ਛੋਟੇ ਵਾਕ ਹਨ ਜੋ ਜੀਵਨ ਦੇ ਦੀਰਘ ਕਾਲੀਨ ਅਨੁਭਵਾਂ ਦੀ ਉਪਜ ਹਨ।" ਰਸਲ ਨੇ ਅਖਾਣਾਂ ਨੂੰ "ਅਨੇਕਾਂ ਦੀ ਵਿਵੇਕ ਅਤੇ ਇਕ ਦੀ ਸੂਝ" ਕਿਹਾ ਹੈ। ਐਚ. ਐਚ. ਰਿਜ਼ਲੇ ਨੇ ਅਖਾਣ ਨੂੰ "ਪਦਾਰਥਵਾਦ ਦਾ ਬੀਜ-ਗਣਿਤ" ਕਿਹਾ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਹੋਰ ਪਰਿਭਾਸ਼ਾਵਾਂ ਪ੍ਰਚਲਤ ਹਨ। ਭਾਵੇਂ ਅਖਾਣਾਂ ਦੀ ਕੋਈ ਠੁਕ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ, ਫਿਰ ਵੀ ਅਖਾਣਾਂ ਦੀ ਪ੍ਰਕ੍ਰਿਤੀ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਖਾਣ ਨਿੱਤ ਦੀ ਬੋਲਚਾਲ ਵਿਚ ਵਰਤੀਂਦੇ ਪ੍ਰਵਾਨ ਹੋਏ ਉਹ ਕਥਨ ਹਨ, ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਅਨੁਭਵ ਸੂਤ੍ਰਬੱਧ ਕਰ ਕੇ ਦਿਲ-ਖਿਚਵੀਂ ਜਾਂ ਅਲੰਕਾਰਿਕ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਅਖਾਣ ਸੰਖੇਪ, ਸਰਲ ਤੇ ਭਾਵ ਪੂਰਤ ਵਾਕ ਜਾਂ ਤੁਕਾਂ ਹਨ ਜੋ ਜਾਤੀ ਦਾ ਲੋਕ-ਦਰਸ਼ਨ ਹੋਣ ਕਰ ਕੇ ਬੜੇ ਲੋਕ-ਪ੍ਰਿਯ ਹੁੰਦੇ ਹਨ। ਇਸ ਤਰ੍ਹਾਂ ਅਖਾਣਾਂ ਦੇ ਚਾਰ ਮੁਖ ਲੱਛਣ ਹਨ —

(1) ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਅਨੁਭਵ।
(2) ਸੰਖੇਪਤਾ ਅਤੇ ਸੰਜਮ।
(3) ਭਾਵੁਕ ਤੇ ਢੁਕਵੀਂ ਸ਼ੈਲੀ।
(4) ਲੋਕ-ਪ੍ਰਵਾਨਗੀ ਅਥਵਾ ਲੋਕ-ਪ੍ਰਿਯਤਾ।

ਅਖਾਣ ਦਾ ਜੀਵਨ ਤੇ ਸਾਹਿੱਤ ਵਿਚ ਬੜਾ ਮਹੱਤਵਪੂਰਨ ਸਥਾਨ ਰਿਹਾ ਹੈ। ਅਖਾਣ ਨਿੱਤ ਦੀ ਬੋਲ ਚਾਲ ਦਾ ਸੁਹਜ ਹਨ। ਇਹ ਗੱਲਬਾਤ ਨੂੰ ਚਟਪਟਾ, ਸਵਾਦਲਾ ਤੇ ਰੌਚਕ ਬਨਾਣ ਵਿਚ ਉਹੋ ਕੰਮ ਕਰਦੇ ਹਨ ਜੋ ਦਾਲ ਭਾਜੀ ਵਿਚ ਮਸਾਲੇ। ਇਹ ਬੋਲੀ ਵਿਚ ਸਜੀਵਤਾ, ਸੰਜਮ ਤੇ ਚੁਸਤੀ ਲੈ ਆਉਂਦੇ ਹਨ। ਅਖਾਣਾਂ ਦਾ ਅਸਰ ਬੜਾ ਤਿੱਖਾ ਤੇ ਜ਼ੋਰਦਾਰ ਹੋਣ ਕਰ ਕੇ, ਇਹ ਤੀਰ ਵਾਂਗ ਸਿੱਧੇ ਆਪਣੇ ਨਿਸ਼ਾਨੇ ਉਤੇ ਲੱਗਦੇ ਹਨ।

ਅਖਾਣਾਂ ਵਿਚ ਕਿਸੇ ਜਾਤੀ ਦੇ ਸਮਾਜਿਕ, ਆਰਥਿਕ ਤੇ ਭਾਈਚਾਰਕ ਜੀਵਨ ਦਾ ਪੂਰਾ ਚਿੱਤਰ ਉਲੀਕਿਆ ਮਿਲਦਾ ਹੈ। ਸੰਸਕ੍ਰਿਤੀ ਦੇ ਹਰੇਕ ਪਹਿਲੂ ਉਤੇ ਅਖਾਣ ਪੂਰੀ ਤਰ੍ਹਾਂ ਰੋਸ਼ਨੀ ਪਾਉਂਦੇ ਹਨ। ਜੇ ਕਿਸੇ ਜਾਤੀ ਦੇ ਸਮਾਜਿਕ ਰਿਸ਼ਤਿਆਂ ਤੇ ਰੀਤਾਂ ਰਵਾਜਾਂ, ਮਨੌਤਾਂ, ਭਰਮਾਂ ਵਹਿਮਾਂ, ਰਜ ਆਚਾਰ, ਲੋਕ-ਸੂਝ ਤੇ ਲੋਕ-ਧਰਮ ਬਾਰੇ ਜਾਣਕਾਰੀ ਹਾਸਿਲ ਕਰਨੀ ਹੋਵੇ ਤਾਂ ਸੌਖਾ ਢੰਗ ਉਸ ਜਾਤੀ ਦੇ ਅਖਾਣਾਂ ਦਾ ਅਧਿਐਨ ਕਰਨਾ ਹੈ। ਜੋ ਤਸਵੀਰ ਇਥੋਂ ਮਿਲੇਗੀ ਉਹ ਅਸਲੀ ਅਤੇ ਬਿਨਾਂ ਖੋਟ ਦੇ ਹੋਵੇਗੀ।

ਕੁਝ ਅਖਾਣਾਂ ਵਿਚ ਕਿਸੇ ਇਤਿਹਾਸਕ ਘਟਨਾ ਜਾਂ ਪ੍ਰਸਥਿਤੀ ਵਲ ਸੰਕੇਤ ਮਿਲਦਾ ਹੈ, ਜੋ ਇਤਿਹਾਸਕਾਰਾਂ ਲਈ ਪ੍ਰਮਾਣਿਤ ਸਾਮਗਰੀ ਦਾ ਕੰਮ ਦੇਂਦੇ ਹਨ। ਪੁਰਾਣੇ ਇਤਿਹਾਸ ਦੇ ਕਈ ਗਵਾਚੇ ਪਤਰੇ ਅਖਾਣਾਂ ਦੁਆਰਾ ਲੱਭੇ ਗਏ ਹਨ। ਭਾਸ਼ਾ ਵਿਗਿਆਨੀਆਂ ਲਈ ਵੀ ਅਖਾਣ ਬੜੀ ਮਹੱਤਤਾ ਰਖਦੇ ਹਨ। ਅਖਾਣਾਂ ਵਿਚ ਕਈ ਪ੍ਰਾਚੀਨ ਸ਼ਬਦ ਤੇ ਵਿਆਕਰਣਿਕ ਬਣਤਰਾਂ ਮੂਲ ਰੂਪ ਵਿਚ ਵਿਦਮਾਨ ਮਿਲਦੀਆਂ ਹਨ ਜਿਨ੍ਹਾਂ ਦੁਆਰਾ ਬੋਲੀ ਦੇ ਵਿਕਾਸ ਦੇ ਕੁਝ ਪੜਾਵਾਂ ਦੀ ਸੋਝੀ ਹੁੰਦੀ ਹੈ।

ਅਖਾਣ ਆਕਾਰ ਵਿਚ ਛੋਟੇ, ਭਾਵ ਵਿਚ ਤਿੱਖੇ ਤੇ ਸ਼ੈਲੀ ਦੇ ਪੱਖੋਂ ਗੁੰਦਵੀਂ ਵਿਧੀ ਦੇ ਹੁੰਦੇ ਹਨ। ਇਨ੍ਹਾਂ ਦੀ ਸ਼ਿਲਪ ਬੜੀ ਜੋਖਵੀਂ ਤੇ ਸੰਤੁਲਿਤ ਹੁੰਦੀ ਹੈ ਅਤੇ ਚਾਲ ਲੈਅ ਭਰਪੂਰ। ਵੱਡੇ ਆਕਾਰ ਦੇ ਅਖਾਣ ਛੋਟੇ ਛੋਟੇ ਜੁਜ਼ਾਂ ਵਿਚ ਵੰਡੇ ਹੁੰਦੇ ਹਨ, ਜਿਵੇਂ 'ਉੱਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ, ਭੀਖ ਨਦਾਰ' ਵਿਚ ਚਾਰ ਅੰਗ ਹਨ। ਇਕ ਨਿੱਕਾ ਜਿਹਾ ਅਖਾਣ ਵੀ ਰਚਨਾਤਮਕ ਪੱਖ ਤੋਂ ਕਈ ਗੁਣਾਂ ਤੇ ਵਸਫ਼ਾਂ ਦਾ ਧਾਰਨੀ ਹੁੰਦਾ ਹੈ। ਇਸੇ ਲਈ ਸਦੀਆਂ ਬੀਤਣ ਦੇ ਬਾਅਦ ਵੀ ਉਨ੍ਹਾਂ ਦੀ ਆਭਾ ਫਿੱਕੀ ਨਹੀਂ ਪੈਂਦੀ। ਜਿਵੇਂ ਅਸੀਂ ਮਹਾਂ ਪੁਰਖਾਂ ਦੇ ਜੀਵਨ ਵਿਚ ਕੋਈ ਕਣੀ ਮੰਨਦੇ ਹਾਂ, ਉਸੇ ਤਰ੍ਹਾਂ ਅਖਾਣਾਂ ਵਿਚ ਕਲਾ ਦੀ ਇਕ ਕਣੀ ਵਿਦਮਾਨ ਹੈ ਜੋ ਉਨ੍ਹਾਂ ਨੂੰ ਇਕ ਆਭਾ, ਇਕ ਗੌਰਵ ਬਖ਼ਸ਼ਦੀ ਤੇ ਅਮਰ ਬਣਾ ਦੇਂਦੀ ਹੈ।

ਅਖਾਣਾਂ ਵਿਚਲੀ ਇਹ ਕਣੀ, ਸੁਹਜ, ਅਨੁਭਵ ਤੇ ਸ਼ਿਲਪ ਨਾਲ ਜਿਵੇਂ ਭੱਖ ਰਹੀ ਹੁੰਦੀ ਹੈ, ਉਸ ਦਾ ਅਨੁਮਾਨ ਹੇਠਲੀਆਂ ਉਦਾਹਰਣਾਂ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ —

ਆਂਦਰਾਂ ਭੁੱਖੀਆਂ ਮੁੱਛ ਤੇ ਚਾਵਲ।
ਭੇਡ ਲਿਆਂਦੀ ਉੱਨ ਨੂੰ ਬੈਠੀ ਚਰੇ ਕਪਾਹ।
ਚਰਖਾ 'ਵਾ ਉਡਾਇਆ,
ਰੰਨ ਢੂੰਡੇਂਦੀ ਪੂਣੀਆਂ।
ਮੂੰਹ ਦੀ ਲਹਿਰ ਬਹਿਰ, ਹੱਥਾਂ ਦੀ ਹੜਤਾਲ।
ਭੁੱਖ ਨਾ ਪੁੱਛਦੀ ਤਾਲਵਾਂ,
ਇਸ਼ਕ ਨਾ ਪੁੱਛਦਾ ਜ਼ਾਤ।

ਪੰਜਾਬੀ ਦੇ ਬਹੁਤੇ ਅਖਾਣ ਕਾਵਿਮਈ ਹਨ ਅਤੇ ਰਾਗ ਤੇ ਲੈਅ ਨਾਲ ਛਲਕਦੇ ਹਨ। ਅਨੇਕਾਂ ਅਖਾਣਾਂ ਦੀ ਸ਼ਿਲਪ ਵਿਚ ਸੰਤੁਲਨ, ਸੁਮੇਲ ਤੇ ਸੰਗਤੀ ਹੈ, ਜਿਵੇਂ 'ਪੀਵਣ ਭੰਗਾਂ ਸੇਵਣ ਬਾਗੀਂ, ਪਿਛਲੇ ਜੀਵਣ ਆਪਣੇ ਭਾਗੀਂ' ਵਿਚ ਹਰੇਕ ਸ਼ਬਦ ਚਾਰ ਮਾਤਰਾਂ ਦਾ ਹੈ ਅਤੇ 'ਵੰਡ ਖਾਣ ਖੰਡ ਖਾਣ' ਵਿਚ ਤਿੰਨ ਮਾਤਰਾਂ ਦਾ; 'ਮਾਵਾਂ ਠੰਡੀਆਂ ਛਾਵਾਂ' ਦੇ ਸਾਰੇ ਅੱਖਰ ਦੀਰਘ ਹਨ। ਕਿਧਰੇ ਇਕ ਸਵੱਰ ਨੂੰ ਜ਼ਿਆਦਾ ਵਰਤ ਕੇ, ਕਿਧਰੇ ਵਿਭਿੰਨ ਜੁਜ਼ਾਂ ਦੇ ਸਵੱਰਾਂ ਵਿਚ ਸੁਮੇਲ ਤੇ ਸਹਿਜ ਸੰਤੁਲਨ ਨਾਲ, ਕਿਧਰੇ ਵਿਅੰਜਨਾਂ ਦੇ ਅਨੁਪ੍ਰਾਸ ਦੁਆਰਾ, ਕਿਧਰੇ ਮੁੱਢਲੇ, ਅੰਤਲੇ ਤੇ ਅੰਦਰਲੇ ਤੁਕਾਂਤ ਮੇਲ ਦੁਆਰਾ ਅਖਾਣਾਂ ਵਿਚ ਸੁਹਜ, ਲੈਅ ਤੇ ਸੁਮੇਲ ਲਿਆਂਦਾ ਗਿਆ ਹੈ।

ਅਖਾਣ ਵਿਚ ਪੁਰਖਿਆਂ ਦਾ ਅਨੁਭਵ ਅਤੇ ਜਾਤੀ ਦੀ ਸਿਆਣਪ ਕੈਪਸੂਲ ਵਿਚ ਸੁਰੱਖਿਅਤ ਪਈ ਚੀਜ਼ ਵਾਂਗ ਅਛੂਤੀ ਰਹਿੰਦੀ ਹੈ। ਜਾਤੀ ਦੀ ਸਮੁੱਚੀ ਪ੍ਰਤਿਭਾ ਅਖਾਣਾਂ ਵਿਚ ਢਲ ਕੇ ਸਥੂਲ ਰੂਪ ਵਿਚ ਵਿਚਰਦੀ ਹੈ। ਜਾਤੀ ਦੇ ਅਨੁਭਵ, ਲੰਮੇ ਸਮੇਂ ਤਕ ਲੋਕ-ਪ੍ਰਵਾਹ ਵਿਚ ਰੀਂਗਦੇ ਰਹਿੰਦੇ ਹਨ ਤੇ ਫਿਰ ਕੋਈ ਸਮਾਂ ਆਉਂਦਾ ਹੈ, ਜਦੋਂ ਕਿਸੇ ਅਨੁਭਵੀ ਦੀ ਛੁਹ ਨਾਲ, ਉਨ੍ਹਾਂ ਵਿਚੋਂ ਕੋਈ ਅਨੁਭਵ, ਸ਼ਬਦ ਦਾ ਸਰੂਪ ਧਾਰ ਲੈਂਦਾ ਹੈ। ਜਿਵੇਂ ਦਾਈ ਕਿਸੇ ਬੱਚੇ ਨੂੰ ਜਨਮਾ ਕੇ ਉਸ ਦੀ ਜਨਮ-ਦਾਤੀ ਨਹੀਂ ਬਣ ਸਕਦੀ, ਉਸੇ ਤਰ੍ਹਾਂ ਲੋਕ-ਪ੍ਰਵਾਹ ਵਿਚ ਖੁਰੇ ਅਨੁਭਵ ਜਦੋਂ ਕਿਸੇ

ਵਿਅੱਕਤੀ ਦੇ ਹੱਥੋਂ ਸ਼ਬਦ-ਰੂਪ ਲੈ ਕੇ ਸਾਕਾਰ ਹੋ ਜਾਂਦੇ ਹਨ ਤਾਂ ਉਹ ਆਪਣੇ ਆਪ ਨੂੰ ਉਨ੍ਹਾਂ ਦਾ ਸਿਰਜਨਹਾਰ ਨਹੀਂ ਸਮਝਦਾ। ਕਿਉਂ ਜੋ ਉਸ ਨੇ ਕਿਸੇ ਸਾਮੂਹਿਕ ਭਾਂਤ ਦੇ ਅਨੁਭਵ ਨੂੰ ਹੀ ਅਖਾਣ ਵਿਚ ਸਾਕਾਰ ਕੀਤਾ ਹੈ। ਵਿਅੱਕਤੀ ਰਚਨਾ ਕਰਨ ਪਿਛੋਂ ਅਖਾਣ ਨਾਲੋਂ ਅੱਡ ਹੋ ਜਾਂਦਾ ਹੈ ਤੇ ਦਰਿਆ ਵਿਚ ਰੁੜ੍ਹਦੇ ਉਨ੍ਹਾਂ ਪੱਥਰ-ਗੀਟਿਆਂ ਵਾਂਗ ਜੋ ਕਈ ਵਹਿਣਾਂ ਵਿਚ ਵਗ ਕੇ, ਇਕ ਗੋਲਾਈ ਧਾਰਨ ਕਰ ਲੈਂਦੇ ਹਨ, ਇਹ ਰਚਨਾ ਵੀ ਮੂੰਹੋਂ ਮੂੰਹ ਵਿਚਰਦੀ, ਕਈ ਰੂਪ ਵਟਾਂਦੀ, ਅਖੀਰ ਇਕ ਦਿਲ-ਖਿਚਵਾਂ ਜਿਹਾ ਸਰੂਪ ਧਾਰਨ ਕਰ ਲੈਂਦੀ ਹੈ। ਰਚਨਾ ਨੂੰ ਇਹ ਸਰੂਪ ਦੇਣ ਵਿਚ ਕਿਸੇ ਇਕ ਸ਼ਖ਼ਸ ਦਾ ਹੱਥ ਨਹੀਂ ਹੁੰਦਾ।

ਅਖਾਣਾਂ ਰਾਹੀਂ, ਪੁਰਖਿਆਂ ਦਾ ਅਨੁਭਵ ਮੂੰਹੋਂ ਮੂੰਹ ਅੱਗੇ ਤੁਰਦਾ ਯੁਗਾਂ ਦੇ ਪੈਂਡੇ ਮਾਰ ਲੈਂਦਾ ਹੈ। ਕਦੇ ਅਸੀਂ ਸੋਚ ਵੀ ਨਹੀਂ ਸਕਦੇ ਕਿ ਕਈ ਅਖਾਣ ਜੋ ਅੱਜ ਸਾਡੀ ਬੋਲ ਚਾਲ ਦਾ ਹਿੱਸਾ ਹਨ, ਆਰੀਆ ਜਾਤੀ ਦੇ ਮੁਢਲੇ ਅਨੁਭਵ ਸਨ। ਜਦੋਂ ਪੰਜਾਬ ਦੇ ਦਰਿਆਵਾਂ ਦੇ ਕੰਢੇ ਰਿਗ ਵੇਦ ਦੀਆਂ ਮੁਢਲੀਆਂ ਰਿਚਾਂ ਰਚੀਆਂ ਜਾ ਰਹੀਆਂ ਸਨ ਤਾਂ ਉਦੋਂ ਲੋਕੀਂ ਆਪਣੇ ਘਰਾਂ ਵਿਚ, ਆਮ ਬੋਲ ਚਾਲ ਵਿਚ, ਪਰ ਉਦੋਂ ਦੀ ਲੋਕ-ਭਾਸ਼ਾ ਦੇ ਚੋਲੇ ਵਿਚ 'ਅੱਗਾਂ ਬਿਨਾਂ ਧੂੰ ਕਿਥੇ', 'ਪਿਆਸਾ ਹਮੇਸ਼ਾਂ ਖੂਹ ਕੋਲ ਜਾਂਦਾ ਹੈ', 'ਨਦੀ ਨਾਂਵ ਸੰਜੋਗੀ ਮੇਲੇ', ਆਦਿ ਅਖਾਣ ਬੋਲਿਆ ਕਰਦੇ ਸਨ, ਤੇ ਇਹੋ ਅਖਾਣ ਅੱਜ ਵੀ ਅਸੀਂ ਉਸੇ ਭਾਵਨਾ ਨਾਲ ਉਸੇ ਤਰ੍ਹਾਂ ਦੀ ਮਾਨਸਿਕ ਸਥਿਤੀ ਵਿਚ ਵਰਤਦੇ ਹਾਂ। ਇਸ ਅਨੁਭਵ ਨੇ ਅਜੇ ਕਈ ਯੁਗ ਹੋਰ ਲੰਮੀ ਯਾਤਰਾ ਕਰਨੀ ਹੈ।

ਆਖਦੇ ਹਨ, ਅਖਾਣ ਹਵਾ ਦੀ ਤੋਰੇ ਤੁਰਦੇ ਹਨ। ਭੂਗੋਲਿਕ ਤੇ ਰਾਜਨੀਤਿਕ ਹੱਦਬੰਦੀਆਂ ਇਨ੍ਹਾਂ ਸਾਹਮਣੇ ਕੋਈ ਅਰਥ ਨਹੀਂ ਰਖਦੀਆਂ। ਪੰਜਾਬੀ ਦਾ ਇਕ ਅਖਾਣ ਹੈ :— 'ਧੀਏ ਨੀਂ ਤੂੰ ਗੱਲ ਸੁਣ, ਨੂੰਹੇਂ ਨੀਂ ਤੂੰ ਕੰਨ ਧਰ।' ਇਹੋ ਅਖਾਣ, ਇਸੇ ਰੂਪ ਵਿਚ ਸਪੇਨ ਵਿਚ ਪ੍ਰਚਲਤ ਹੈ, ਜਿਸ ਦਾ ਅੰਗ੍ਰੇਜ਼ੀ ਅਨੁਵਾਦ ਹੈ :—

I am saying to you, my daughter.
But I want to understand it,
my daughter-in-law.

ਇਸ ਅਖਾਣ ਵਿਚ ਇਕ ਵਿਸ਼ੇਸ਼ ਅਨੁਭਵ ਹੈ ਜੋ ਸਹਿਜ-ਸੁਤੰਤਰ ਰੂਪ ਵਿਚ ਦੋ ਭਿੰਨ ਭਿੰਨ ਜਾਤੀਆਂ ਨੂੰ ਨਹੀਂ ਸੁੱਝ ਸਕਦਾ। ਇਹ ਅਖਾਣ ਜਿਸ ਘਰੋਗੀ ਵਾਤਾਵਰਣ ਵਿਚ ਨਿੰਮਿਆ ਹੈ, ਉਹ ਪ੍ਰਤੱਖ ਤੌਰ ਤੇ ਸਪੈਨਿਸ਼ ਨਹੀਂ, ਪੰਜਾਬੀ ਹੈ। ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਅਖਾਣ ਪੰਜਾਬ ਵਿਚੋਂ ਪੱਗ ਯਾਤਰਾ ਕਰ ਕੇ ਸਪੇਨ ਵਿਚ ਗਿਆ। ਕਿਵੇਂ ਤੇ ਕਦੋਂ ਗਿਆ, ਇਤਿਹਾਸ ਚੁੱਪ ਹੈ। ਅਨੇਕਾਂ ਹੋਰ ਅਜਿਹੇ ਅਖਾਣ ਵੀ ਮਿਲਦੇ ਹਨ।

ਅਖਾਣ ਪੇਂਡੂ ਜੀਵਨ ਵਿਚ ਲਹੂ ਮਾਸ ਵਾਂਗ ਰਚੇ ਹੋਏ ਹਨ। ਨਿੱਤ ਦੇ ਵਿਹਾਰ ਵਿਚ ਪੇਂਡੂ ਲੋਕ ਅੱਜ ਵੀ ਅਖਾਣਾਂ ਤੋਂ ਹੀ ਅਗਵਾਈ ਲੈਂਦੇ ਹਨ। ਅਖਾਣ ਉਨ੍ਹਾਂ ਲਈ ਗਿਆਨ-ਕੋਸ਼ ਹਨ ਜਿਨ੍ਹਾਂ ਵਿਚ ਜੀਵਨ ਨਾਲ ਸੰਬੰਧਿਤ ਹਰ ਗੱਲ ਬਾਰੇ ਨਿਰਣੇ ਲਏ ਗਏ ਹਨ। ਪਿੰਡਾਂ ਵਿਚ ਅੱਜ ਵੀ ਸੰਬਾਦ ਸਮੇਂ ਲੋਕੀਂ ਪ੍ਰਮਾਣ ਵਜੋਂ ਅਖਾਣਾਂ ਦੀ ਵਰਤੋਂ ਕਰਦੇ ਹਨ :—

ਉੱਦਮ ਅੱਗੇ ਲੱਛਮੀ ਜਿਉਂ ਪੱਖੇ ਅੱਗੇ ਪੌਣ।
ਆਰੀ ਨੂੰ ਇਕ ਪਾਸੇ ਦੰਦੇ
ਜਹਾਨ ਨੂੰ ਦੋਹੀਂ ਪਾਸੀਂ।
ਦੋ ਘਰਾਂ ਦਾ ਮਹਿਮਾਨ ਭੁੱਖਾ।
ਖ਼ਵਾਜੇ ਦਾ ਗਵਾਹ ਡੱਡੂ।
ਅੱਗੋਂ ਮਿਲੀ ਨਾ ਤੇ ਪਿਛੋਂ ਕੁੱਤਾ ਲੈ ਗਿਆ।

ਮਰਦਾਂ ਨਾਲੋਂ ਤੀਵੀਆਂ ਅਖਾਣਾਂ ਦਾ ਪ੍ਰਯੋਗ ਵਧੇਰੇ ਕਰਦੀਆਂ ਹਨ।

ਪੰਜਾਬੀ ਸੁਭਾਵ ਦਾ ਇਕ ਗੁਣ ਟਿਚਕਰਬਾਜ਼ੀ ਹੈ। ਰੋਟੀ ਟੁੱਕਰ ਤੋਂ ਬਿਨਾਂ ਭਾਵੇਂ ਪੰਜਾਬੀ ਰਹਿ ਲਏ, ਪਰ ਮਸ਼ਕਰੀ ਤੋਂ ਬਿਨਾਂ ਉਸ ਨੂੰ ਅਲਖਤ ਜਿਹੀ ਰਹਿੰਦੀ ਹੈ। ਪੰਜਾਬੀਆਂ ਦੀ ਟਿਚਕਰ ਮੋਟੀ-ਠੁਲ੍ਹੀ ਤੇ ਹਾਸ ਵਿਅੰਗ ਵਾਲੀ ਹੁੰਦੀ ਹੈ। ਅਖਾਣਾਂ ਵਿਚ ਪੰਜਾਬੀ ਸੁਭਾਵ ਦਾ ਇਹ ਰੰਗ ਬਹੁਤ ਸੁਹਣਾ ਉੱਘੜਿਆ ਹੈ। ਥੋੜੇ ਜਿਹੇ ਸ਼ਬਦਾਂ ਵਿਚ ਵੱਡੀ ਸਾਰੀ ਗੱਲ ਆਖ ਦੇਣੀ ਪੰਜਾਬੀ ਸੂਝ ਬੂਝ ਦਾ ਚਮਤਕਾਰ ਹੈ।

ਹੇਠਲੇ ਅਖਾਣ ਪੰਜਾਬੀਆਂ ਦੇ ਬੌਧਿਕ ਹਾਸ-ਵਿਲਾਸ ਦਾ ਸੁੰਦਰ ਪ੍ਰਮਾਣ ਹਨ :—

ਮੱਛੀ ਰਹੀ ਦਰਿਆ, ਰੰਨ ਮਿਰਚਾਂ ਕੁੱਟੇ।
ਮਾਂ ਨਾਲੋਂ ਧੀ ਸਿਆਣੀ,
ਰਿਧੇ ਪੱਕੇ ਪਾਵੇ ਪਾਣੀ।
ਘੋਲ ਘੁਮਾਈਆਂ ਸੱਠ ਗਜ਼,
ਪਾੜ ਨਾ ਦੇਂਦੀ ਇਕ ਗਜ਼।
ਬਾਪ ਨਾ ਮਾਰੀ ਪਿੱਦੜੀ,
ਬੇਟਾ ਤੀਰ ਅੰਦਾਜ਼।
ਮਾਮੇ ਦੇ ਕੰਨ ਬੀਰਬਲੀਆਂ,
ਭਣੇਵਾਂ ਆਕੜ ਆਕੜ ਟੁਰੇ।

ਅਖਾਣ ਉਹੀ ਚਿਰੰਜੀਵ ਤੇ ਪ੍ਰਭਾਵਸ਼ਾਲੀ ਹੁੰਦੇ ਹਨ, ਜਿਨ੍ਹਾਂ ਵਿਚ ਕੋਈ ਸੰਕਲਪ ਚਿਤ੍ਰ ਜਾਂ ਬਿੰਬ ਹੋਵੇ ਅਤੇ ਜਿਨ੍ਹਾਂ ਵਿਚਲਾ ਰੂਪਕ ਉਸੇ ਤਰ੍ਹਾਂ ਦੀ ਮਿਲਦੀ ਜੁਲਦੀ ਹੋਰ ਸਥਿਤੀ ਉਤੇ ਵੀ ਢੁਕਾਇਆ ਜਾ ਸਕੇ। ਉਪਰਲੇ ਸਭ ਅਖਾਣ ਇਸੇ ਵੰਨਗੀ ਦੇ ਹਨ। ਪੰਜਾਬੀ ਵਿਚ ਅਜਿਹੇ ਮਿਸਾਲੀ (allegorical) ਅਖਾਣਾਂ ਦੀ ਭਰਮਾਰ ਹੈ, ਇਹ ਅਖਾਣ ਸਦਾ ਸਜੀਵ ਰਹਿੰਦੇ ਹਨ।

ਪੰਜਾਬੀ ਅਖਾਣਾਂ ਵਿਚ ਜੀਵਨ ਦੀ ਸਾਰੀ ਅਮੀਰੀ, ਸ਼ੋਖੀ ਤੇ ਰੰਗਤ ਭਰੀ ਪਈ ਹੈ। ਇਨ੍ਹਾਂ ਨਾਲ ਸਾਡੀਆਂ ਸਾਂਝਾਂ ਸਦੀਵੀ ਹਨ। ਇਹ ਸਾਡੇ ਮਿੱਤਰ ਵੀ ਹਨ ਤੇ ਪੱਥ-ਪ੍ਰਦਰਸ਼ਕ ਵੀ। ਰਾਹਾਂ ਉਤੇ ਗੱਡੇ ਮੀਲ-ਪੱਥਰ ਵਾਂਗ, ਅਖਾਣ ਸਾਨੂੰ ਬਹੁਤ ਕੁਝ ਸੁਝਾ ਜਾਂਦੇ ਹਨ, ਪਰ ਕੌੜੇ ਨਹੀਂ ਲੱਗਦੇ, ਕਿਉਂ ਜੋ ਇਨ੍ਹਾਂ ਦੇ ਮਨ ਵਿਚ ਅੰਮ੍ਰਿਤ ਭਰਿਆ ਹੋਇਆ ਹੈ।

(ਅ-125) **ਅਖਾੜਾ :**

(1) ਕੁਸ਼ਤੀ ਲੜਨ ਲਈ ਪੁੱਟ ਕੇ ਪੋਲੀ ਕੀਤੀ ਥਾਂ; ਪਹਿਲਵਾਨ ਅਖਾੜੇ ਦੇ ਅੰਦਰ ਹੀ ਕੁਸ਼ਤੀ ਲੜਦੇ ਹਨ। ਅਖਾੜੇ ਨੂੰ ਪਵਿਤ੍ਰ ਸਮਝਿਆ ਜਾਂਦਾ ਹੈ ਅਤੇ ਇਸ ਵਿਚ ਜੁੱਤੀ ਲਿਜਾਣੀ ਵਰਜਿਤ ਹੈ। ਅਖਾੜੇ ਵਿਚ ਕਸਰਤ ਵੀ ਕੀਤੀ ਜਾਂਦੀ ਹੈ।

(2) ਅਖਾੜਾ ਸ਼ਬਦ ਸਾਧੂਆਂ ਦੇ ਡੇਰੇ ਲਈ ਵੀ ਵਰਤਿਆ ਜਾਂਦਾ ਹੈ। ਮੱਧਕਾਲ ਵਿਚ ਸਾਧੂਆਂ ਦੇ ਡੇਰੇ ਵਿਚ ਸ਼ਾਸਤ੍ਰਾਂ ਦੀ ਚਰਚਾ ਤੇ ਅਧਿਆਤਮਕ ਗੋਸ਼ਟਾਂ ਹੋਇਆ ਕਰਦੀਆਂ ਸਨ, ਜਿਨ੍ਹਾਂ ਨੂੰ ਸੁਣਨ ਲਈ ਦੂਰੋਂ ਦੂਰੋਂ ਲੋਕ ਆਉਂਦੇ ਸਨ। ਜੇ ਮਲ ਸਰੀਰਕ ਜ਼ੋਰ ਵਿਖਾਂਦੇ ਸਨ ਤਾਂ ਸਾਧੂ ਵਿਵੇਕ ਤੇ ਬੁਧ ਦਾ। ਜਿਸ ਤੋਂ ਇਨ੍ਹਾਂ ਡੇਰਿਆਂ ਦਾ ਨਾਂ ਅਖਾੜਾ ਪੈ ਗਿਆ। ਮਗਰੋਂ ਧਰਮ ਪ੍ਰਚਾਰ ਦੇ ਅਸਥਾਨਾਂ ਨੂੰ ਵੀ ਅਖਾੜਾ ਕਿਹਾ ਜਾਣ ਲੱਗਾ।

(ਅ-126) **ਅਖੂਣੀ** :

(ਵੇਖੋ : ਖੂਣੀ)।

(ਅ-127) **ਅਖੇਤੀਜ** :

(ਵੇਖੋ : ਅਖਤੀਜ)।

(ਅ-128) **ਅਖੇ ਨੌਮੀ** :

ਕੱਤਕ ਸੁਦੀ ਨੌਮੀ ਦਾ ਪੁਰਬ। ਪੁਰਾਣਾਂ ਅਨੁਸਾਰ ਇਸ ਤਿੱਥ ਨੂੰ ਤ੍ਰੇਤੇ ਯੁਗ ਦਾ ਆਰੰਭ ਹੋਇਆ ਸੀ। ਅਖੇ ਨਾਉਂ ਇਸ ਲਈ ਪਿਆ ਕਿ ਇਸ ਦਿਨ ਜੋ ਪੁੰਨ ਦਾਨ ਤੇ ਪੂਜਾ ਅਰਚਾ ਕੀਤੀ ਜਾਵੇ, ਉਸ ਦਾ ਫਲ ਕਦੇ ਅਖੈ (ਨਾਸ) ਨਹੀਂ ਹੁੰਦਾ।

ਇਸ ਤਿੱਥ ਨੂੰ ਹਿੰਦੂ ਸਵੇਰੇ ਇਸ਼ਨਾਨ ਕਰ ਕੇ ਵਰਤ ਦਾ ਸੰਕਲਪ ਕਰਦੇ ਹਨ ਅਤੇ ਦੇਵੀ ਦੇਵਤਿਆਂ ਦੀ ਪੂਜਾ ਮਗਰੋਂ 'ਓਂ ਨਮੋ ਭਗਵਤੇ ਬਾਸੂਦੇਵਾਯ' ਦੇ ਬਾਰਾਂ ਅੱਖਰੀ ਮੰਤ੍ਰ ਨੂੰ 108 ਵਾਰ ਉਚਾਰਦੇ ਹਨ। ਕਈ ਹਿੰਦੂ ਇਸ ਦਿਨ ਸਾਲਗਰਾਮ ਤੇ ਤੁਲਸੀ ਦਾ ਵਿਆਹ ਰਚਾ ਕੇ ਪੁੰਨ ਦਾਨ ਕਰਦੇ ਹਨ। ਮਨੌਤ ਹੈ ਕਿ ਇਸ ਦਿਨ ਅੰਨ, ਘਿਉ, ਗਊ, ਸੋਨਾ, ਵਸਤ੍ਰ ਤੇ ਭੂੰਮੀ ਆਦਿ ਦਾ ਦਾਨ ਕਰਨ ਨਾਲ ਵੱਡੇ ਤੋਂ ਵੱਡਾ ਪਾਪ ਸਹਿਜ ਰੂਪ ਵਿਚ ਨਸ਼ਟ ਹੋ ਜਾਂਦਾ ਹੈ।

ਇਸ ਤਿੱਥ ਨੂੰ, ਆਂਵਲੇ ਦੇ ਬੂਟੇ ਹੇਠ ਅਰਚਾ ਪੂਜਾ ਕਰਨ ਅਤੇ ਬ੍ਰਾਹਮਣਾਂ ਨੂੰ ਭੋਜਨ ਖਵਾਣ ਦਾ ਵੀ ਬੜਾ ਮਹਾਤਮ ਹੈ। ਸਨਾਤਨੀ ਹਿੰਦੂ ਆਂਵਲੇ ਦੇ ਬੂਟੇ ਹੇਠਾਂ ਪੂਰਬ-ਮੁਖ ਬੈਠ ਕੇ ਵਿਸ਼ਨੂੰ ਦੀ ਪੂਜਾ ਕਰਦੇ ਹਨ। ਪੂਜਾ ਤੋਂ ਬਾਅਦ ਚੰਦਨ, ਅੰਬਰ ਅਤੇ ਦੁੱਧ ਮਿਲੇ ਜਲ ਦੀ ਧਾਰ ਆਂਵਲੇ ਦੇ

ਬੂਟੇ ਦੀਆਂ ਜੜ੍ਹਾਂ ਵਿਚ ਮਾਰਦੇ ਹਨ। ਫਿਰ ਬੂਟੇ ਨੂੰ ਸੂਤ ਨਾਲ ਲਪੇਟ ਕੇ ਧੂਪ ਦੀਪ ਨਾਲ ਉਸ ਦੀ ਆਰਤੀ ਉਤਾਰਦੇ ਤੇ ਸੱਤ ਪਰਕਰਮਾ ਕਰਦੇ ਹਨ। (ਵੇਖੋ : ਆਂਵਲਾ)

(ਅ-129) **ਅਖੈਬਟ** :

ਪੁਰਾਣਾਂ ਅਨੁਸਾਰ ਇਕ ਬੋਹੜ ਜੋ ਅਜਰ ਤੇ ਅਮਰ ਹੈ। ਇਹ ਬੋਹੜ ਕਾਲ-ਚੱਕਰ ਅਤੇ ਪ੍ਰਲੈ ਦੇ ਅਸਰ ਤੋਂ ਵਿਮੁਕਤ ਹੋਣ ਕਰ ਕੇ ਪ੍ਰਲੈ ਮਗਰੋਂ ਵੀ ਹਰਿਆ ਭਰਿਆ ਝੂਮਦਾ ਰਹੇਗਾ। ਵਿਸ਼ਨੂੰ ਭਗਤਾਂ ਦੇ ਵਿਸ਼ਵਾਸ ਅਨੁਸਾਰ ਇਸ ਬ੍ਰਿਛ ਉਤੇ ਵਿਸ਼ਨੂੰ ਮਹਾਰਾਜ ਹਮੇਸ਼ਾਂ ਬਾਲਕ ਰੂਪ ਵਿਚ ਵਿਦਮਾਨ ਰਹਿੰਦੇ ਹਨ ਤੇ ਪੈਰ ਦਾ ਅੰਗੂਠਾ ਚੂਸਦੇ ਹੋਏ ਸ੍ਰਿਸ਼ਟੀ ਦੇ ਅਨਾਦੀ ਰਹੱਸ ਨੂੰ ਵੇਖਦੇ ਰਹਿੰਦੇ ਹਨ।

ਇਹ ਬ੍ਰਿਛ ਪ੍ਰਯਾਗ ਵਿਚ ਤ੍ਰਿਬੈਣੀ ਸੰਗਮ ਉਤੇ ਸਥਿਤ ਸੀ। ਪੁਰਾਣਾਂ ਅਨੁਸਾਰ ਇਸ ਬੋਹੜ ਤੋਂ ਛਾਲ ਮਾਰ ਕੇ ਮਰਨ ਵਾਲਾ ਪ੍ਰਾਣੀ ਸਿੱਧਾ ਬੈਕੁੰਠ ਨੂੰ ਜਾਂਦਾ ਹੈ। ਪਹਿਲਿਆਂ ਵਿਚ ਕਈ ਯਾਤ੍ਰੀ ਮੁਕਤੀ ਦੀ ਆਸ ਨਾਲ ਇਸ ਬ੍ਰਿਛ ਤੋਂ ਛਾਲ ਮਾਰ ਕੇ ਆਤਮਘਾਤ ਕਰ ਲਿਆ ਕਰਦੇ ਸਨ। ਮੁਗਲ ਬਾਦਸ਼ਾਹ ਜਹਾਂਗੀਰ ਨੇ ਅਖੈਬਟ ਨੂੰ ਕਟਵਾ ਦਿਤਾ। ਪਰ ਵਿਸ਼ਨੂੰ ਭਗਤਾਂ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਇਹ ਅਖੈਬਟ ਕਦੇ ਨਸ਼ਟ ਨਹੀਂ ਹੋ ਸਕਦਾ ਅਤੇ ਹੁਣ ਵੀ ਅਦ੍ਰਿਸ਼ਟ ਰੂਪ ਵਿਚ ਪਹਿਲੇ ਵਾਲੀ ਥਾਂ ਉਤੇ ਹੀ ਖੜਾ ਹੈ, ਪਰ ਕੇਵਲ ਅਨਿੰਨ ਤੇ ਸੱਚੇ ਭਗਤਾਂ ਨੂੰ ਵਿਖਾਈ ਦੇਂਦਾ ਹੈ।

ਹਿੰਦੀ ਸਾਹਿੱਤ ਕੋਸ਼ (2,6) ਅਨੁਸਾਰ ਅਲਾਹਬਾਦ ਵਿਚ ਅਕਬਰ ਦੁਆਰਾ ਬਣਾਏ ਕਿਲ੍ਹੇ ਦੇ ਅੰਦਰ ਐਲਨਬਰਟ ਬੈਰਕ ਦੇ ਪੂਰਬ ਵਲ ਇਕ ਪੁਰਾਣੇ ਮੰਦਰ ਦੇ ਨੇੜੇ ਸਥਿਤ ਬਟ ਬ੍ਰਿਛ ਹੀ ਪੌਰਾਣਿਕ ਅਖੈਬਟ ਦਾ ਅਵਸ਼ੇਸ਼ ਮੰਨਿਆ ਜਾਂਦਾ ਹੈ। ਅਕਬਰ ਦੇ ਸਮੇਂ ਹਿੰਦੂ ਇਸੇ ਬ੍ਰਿਛ ਤੋਂ ਗੰਗਾ ਵਿਚ ਕੁਦ ਕੇ ਆਤਮ-ਸਮਰਪਣ ਕਰਦੇ ਸਨ। ਇਸ ਬ੍ਰਿਛ ਦੇ ਚਾਰੇ ਪਾਸੇ ਪੱਕੀ ਚਿਣਾਈ ਸੀ। ਜਿਥੇ ਇਹ ਬ੍ਰਿਛ ਸਥਿਤ ਹੈ, ਉਥੇ ਕਾਫ਼ੀ ਹਨੇਰਾ ਰਹਿੰਦਾ ਹੈ। ਇਸੇ ਬ੍ਰਿਛ ਨੂੰ ਪਾਂਡੇ ਵਿਖਾ ਕੇ ਭੇਟਾ ਲੈਂਦੇ ਹਨ।

ਇਕ ਅਖੈਬਟ ਗਯਾ ਵਿਚ ਵੀ ਹੈ। ਲੋਮਸ਼ ਰਿਸ਼ੀ ਦੇ ਆਦੇਸ਼ ਉਤੇ ਪਾਂਡਵਾਂ ਨੇ ਬਨਬਾਸ ਦੇ ਦਿਨਾਂ ਵਿਚ ਇਸ ਬ੍ਰਿਛ ਦੇ ਦਰਸ਼ਨ ਕੀਤੇ ਸਨ।

(ਅ-130) **ਅਖੌਤ** :

ਪ੍ਰਮਾਣਿਕ ਵਾਕ ਜੋ ਬੋਲ ਚਾਲ ਦਾ ਅੰਗ ਬਣ ਗਏ ਹੋਣ ਅਤੇ ਜਿਸ ਵਿਚ ਜੀਵਨ ਦਾ ਕੋਈ ਅਨੁਭਵ ਸੁੰਦਰ ਜਾਂ ਅਲੰਕਾਰਕ ਸ਼ੈਲੀ ਵਿਚ ਬੰਨ੍ਹਿਆ ਗਿਆ ਹੋਵੇ। (ਵੇਖੋ : ਅਖਾਣ)

(ਅ-131) **ਅੱਗ** :

ਮਨੁੱਖ ਆਦਿ ਕਾਲ ਤੋਂ ਗਰਮੀ ਤੇ ਪ੍ਰਕਾਸ਼ ਲਈ ਅੱਗ ਦੀ ਵਰਤੋਂ ਕਰਦਾ ਰਿਹਾ ਹੈ। ਆਦਿਮ ਮਨੁੱਖ ਅੱਗ ਪੈਦਾ ਕਰਨ ਲਈ ਕਈ ਵਿਧੀਆਂ ਵਰਤਦਾ ਸੀ। ਪਹਿਲਾਂ ਪੱਥਰਾਂ ਨੂੰ ਟਕਰਾ ਕੇ ਅੱਗ ਦੀਆਂ ਚਿੰਗਾੜੀਆਂ ਉਤਪੰਨ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਸੁਕੀ ਘਾਹ ਦੇ ਤ੍ਰਿਣ ਦੁਆਰਾ ਸਮੇਟ ਲਿਆ ਜਾਂਦਾ ਸੀ। ਮਗਰੋਂ ਰਗੜ ਦੁਆਰਾ ਅਗਨੀ ਪੈਦਾ ਕਰਨ ਦਾ ਰਿਵਾਜ ਪਿਆ। ਰਗੜ ਨਾਲ ਅਗਨੀ ਉਤਪੰਨ ਕਰਨ ਦੀ ਸਰਲ ਤੇ ਪ੍ਰਚਲਤ ਵਿਧੀ ਲਕੜੀ ਦੇ ਪਟੜੇ ਉਪਰ ਲਕੜੀ ਦੀ ਛੜੀ ਰਗੜਨ ਦੀ ਸੀ।

ਵੈਦਿਕ ਕਾਲ ਵਿਚ ਰਹੁ-ਰੀਤਾਂ ਤੇ ਕਰਮ ਕਾਂਡਾਂ ਸਮੇਂ ਅਰਣੀ ਦੁਆਰਾ ਅਗਨੀ ਪੈਦਾ ਕੀਤੀ ਜਾਂਦੀ ਸੀ। ਲਕੜੀ ਦੇ ਫੱਟੇ ਵਿਚ ਛੇਦ ਕਰ ਕੇ ਉਸ ਵਿਚ ਲਕੜੀ ਦੀ ਛੜੀ ਮਧਾਣੀ ਵਾਂਗ ਘੁੰਮਾਈ ਜਾਂਦੀ। ਛੜੀ ਦੇ ਟੁਕੜੇ ਨੂੰ 'ਉਤਰਾ' ਤੇ ਫੱਟੇ ਨੂੰ 'ਅਧਰਾ' ਕਹਿੰਦੇ ਸਨ। ਇਸੇ ਯੰਤਰ ਦਾ ਨਾਂ ਅਰਣੀ ਸੀ। ਅਰਣੀ ਦੁਆਰਾ ਉਤਪੰਨ ਅੱਗ ਨੂੰ ਬੜਾ ਪਵਿਤ੍ਰ ਮੰਨਿਆ ਜਾਂਦਾ ਸੀ।

ਆਦਿਮ ਮਨੁੱਖ ਨੂੰ ਅੱਗ ਪੈਦਾ ਕਰਨ ਲਈ ਇਤਨੀ ਕਠਨਾਈ ਹੁੰਦੀ ਸੀ ਕਿ ਉਹ ਇਕ ਵਾਰ ਉਤਪੰਨ ਹੋਈ ਅੱਗ ਨੂੰ ਨਿਰੰਤਰ ਪ੍ਰਜਵਲਿਤ ਰਖਣ ਦਾ ਯਤਨ ਕਰਦਾ। ਇਸੇ ਚੇਸ਼ਟਾ ਨੇ ਅੱਗ ਦੱਬਣ ਦਾ ਰਵਾਜ ਪਾਇਆ। (ਵੇਖੋ : ਅੱਗ ਦਬਣਾ)

ਅੱਗ ਦੀ ਉਤਪੱਤੀ ਬਾਰੇ ਇਕ ਮਿਥ ਪੰਜਾਬ ਵਿਚ ਇਉਂ ਪ੍ਰਚਲਤ ਹੈ : ਪਹਿਲਾਂ ਅੱਗ ਪ੍ਰਗਟ ਨਹੀਂ ਸੀ ਹੁੰਦੀ ਤੇ ਲੋਕ ਕੱਚੇ ਮਾਸ ਤੇ ਫਲ ਸਬਜ਼ੀ ਨੂੰ ਖਾਧਾ ਕਰਦੇ ਸਨ। ਸਮੁੰਦਰ ਮਥਣ ਵੇਲੇ ਜਦੋਂ ਦੇਵਤਿਆਂ ਤੇ ਦੈਂਤਾਂ ਵਿਚ ਅੰਮ੍ਰਿਤ ਦੇ ਕਲਸ਼ ਦੀ ਪ੍ਰਾਪਤੀ ਲਈ ਯੁੱਧ ਹੋਇਆ ਤਾਂ ਦੇਵਤਿਆਂ ਨੇ ਦੈਂਤਾਂ ਉਤੇ ਵੱਡੇ ਵੱਡੇ ਪੱਥਰ ਸੁਟੇ। ਉਦੋਂ ਪੱਥਰਾਂ ਦੇ ਟਕਰਾਣ ਨਾਲ ਪਹਿਲੀ ਵਾਰ ਅਗਨੀ ਪ੍ਰਗਟ ਹੋਈ, ਜਿਸ ਨੂੰ ਕੁਸਾ ਘਾਹ ਦੇ ਸੁਕੇ ਤ੍ਰਿਣਾਂ ਵਿਚ ਸੰਭਾਲ ਲਿਆ ਗਿਆ।

ਅੱਗ ਨਾਲ ਕਈ ਤਰ੍ਹਾਂ ਦੇ ਵਿਚਾਰ ਜੁੜੇ ਮਿਲਦੇ ਹਨ। ਅੱਗ ਦਾ ਧੂੰਆਂ ਜੇ ਕਿਸੇ ਜੁਆਨ ਮੁੰਡੇ ਕੁੜੀ ਵਲ ਜਾਵੇ ਤਾਂ ਸੱਸ ਉਸ ਨਾਲ ਬੜਾ ਪਿਆਰ ਕਰਦੀ ਹੈ। ਅੱਗ ਤੋਂ ਟਪਣਾ ਬਦਸ਼ਗਨੀ ਹੈ। ਅੱਗ ਨੂੰ ਬੁਝਾਣ ਲਈ ਜੂਠੇ ਪਾਣੀ ਦੀ ਵਰਤੋਂ ਕਰਨ ਨਾਲ ਦੇਵਤੇ ਨਰਾਜ਼ ਹੋ ਜਾਂਦੇ ਹਨ। ਜੇ ਕਿਸੇ ਸੱਜ-ਵਿਆਹੀ ਦੀ ਚੁੰਨੀ ਅੱਗ ਦੀ ਚਿੰਗਾੜੀ ਨਾਲ ਸੜ ਜਾਵੇ ਤਾਂ ਬਦਸ਼ਗਨੀ ਹੈ। ਸੜੀ ਹੋਈ ਚੁੰਨੀ ਸਿਰ ਉਤੇ ਨਹੀਂ ਕੀਤੀ ਜਾਂਦੀ। ਸੁਹਾਗ ਉਤੇ ਮੁਸੀਬਤਾਂ ਅਤੇ ਸੰਕਟ ਪੈਂਦੇ ਹਨ।

ਲੋਹੜੀ ਦੀ ਅੱਗ ਬੜੀ ਪਵਿਤ੍ਰ ਮੰਨੀ ਗਈ ਹੈ। ਪਹਿਲਿਆਂ ਵਿਚ ਇਸ ਅੱਗ ਨੂੰ ਘਰ ਦੇ ਚੁਲ੍ਹੇ ਵਿਚ ਦਬ ਕੇ ਰਖਿਆ ਜਾਂਦਾ ਸੀ ਅਤੇ ਅਗਲੀ ਲੋਹੜੀ ਤਕ ਇਸ ਨਾਲ ਘਰ ਦੀ ਅਗਨੀ ਜਲਾਈ ਜਾਂਦੀ ਸੀ। ਲੋਹੜੀ ਦੀ ਅੱਗ ਵਿਚ ਕਈ ਰੋਗਾਂ ਨੂੰ ਸਹਿਜ ਰੂਪ ਵਿਚ ਦੂਰ ਕਰਨ ਦੀ ਵੀ ਸ਼ਕਤੀ ਮੰਨੀ ਗਈ ਹੈ। (ਵੇਖੋ : ਲੋਹੜੀ)

ਅੱਗ ਦੀ ਪੂਜਾ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ। ਵੇਦੀ ਦੀਆਂ ਲਾਵਾਂ ਅੱਗ ਦੁਆਲੇ ਹੀ ਹੁੰਦੀਆਂ ਹਨ। (ਵੇਖੋ : ਅਗਨ ਪੂਜਾ) ਅੱਗ ਦੀ ਬੁਝੌਲੀ ਅੱਗ ਦੀ ਚੰਗਿਆੜੀ ਵਾਂਗ ਛੋਟੀ, ਪਰ ਬੜੀ ਅਰਥ ਭਰਪੂਰ ਹੈ :

ਇਤਨੀ ਕੁ ਰਾਈ ਸਾਰੇ ਪਿੰਡ 'ਚ ਖਿੰਡਾਈ।

**(ਅ-132) ਅੱਗ ਦੱਬਣਾ :**

ਪੰਜਾਬ ਵਿਚ, ਪ੍ਰਾਚੀਨ ਕਾਲ ਤੋਂ ਹੀ ਰਾਤ ਵੇਲੇ ਅੱਗ ਬੁਝਾਣ ਦੀ ਥਾਂ ਦੱਬਣ ਦਾ ਰਵਾਜ ਚਲਿਆ ਆ ਰਿਹਾ ਹੈ। ਅੱਜ ਕਲ੍ਹ ਵੀ ਰੂੜ੍ਹੀਵਾਦੀ ਇਕਾਂਤ ਪਿੰਡਾਂ ਵਿਚ, ਕਈ ਸਵਾਣੀਆਂ ਰਾਤ ਨੂੰ ਅੱਗ ਬੁਝਾਣ ਦੀ ਥਾਂ ਸਵਾਹ ਵਿਚ ਬਲਦੀ ਲਕੜ ਦੱਬ ਦੇਂਦੀਆਂ ਹਨ ਅਤੇ ਸਵੇਰੇ ਉਪਰੋਂ ਸਵਾਹ ਝਾੜ ਕੇ, ਮੁੜ ਨਵੀਂ ਅੱਗ ਸੁਲਗਾ ਲੈਂਦੀਆਂ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਧਨੀ-ਪੋਠੋਹਾਰ ਦੇ ਕਈ ਪਿੰਡਾਂ ਵਿਚ ਅੱਗ ਦੱਬਣ ਦਾ ਰਵਾਜ ਆਮ ਸੀ ਅਤੇ ਕਈ ਘਰਾਣਿਆਂ ਵਿਚ ਪੀੜ੍ਹੀਆਂ ਤੋਂ ਨਿਰੰਤਰ ਅਗਨ-ਪ੍ਰਵਾਹ ਚਲਿਆ ਆ ਰਿਹਾ ਸੀ। ਚੁਲ੍ਹੇ ਦੀ ਇਸ ਪਰੰਪਰਾਗਤ ਅੱਗ ਨੂੰ ਪਵਿਤ੍ਰ ਮੰਨਿਆ ਜਾਂਦਾ ਸੀ। ਜਿਨ੍ਹਾਂ ਦੇ ਘਰ ਦੀ ਅੱਗ ਕਿਸੇ ਵਡਿਕੇ ਤੋਂ ਚਲੀ ਆ ਰਹੀ ਸੀ, ਉਹ ਕੁਲ-ਦੇਵਤੇ ਦੇ ਸਮਾਨ ਹੀ ਉਸ ਅੱਗ ਨੂੰ ਪੂਜਦੇ ਸਨ।

ਪਹਿਲਿਆਂ ਵਿਚ, ਜਦੋਂ ਕੋਈ ਨਵਾਂ ਪਿੰਡ ਬਝਦਾ ਤਾਂ ਵਡਿਕਾ ਆਪਣੇ ਮੂਲ ਪਿੰਡ ਤੋਂ ਅੱਗ ਲਿਆ ਕੇ ਇਕ ਵੱਡੀ ਸਾਰੀ ਢਾਂਡੀ ਬਾਲਦਾ। ਫਿਰ ਇਸ ਅੱਗ ਨੂੰ ਪੂਜ ਕੇ, ਨਵੇਂ ਪਿੰਡ ਵਿਚ ਵਸਣ ਵਾਲੇ ਸਭ ਪਰਿਵਾਰਾਂ ਵਿਚ ਇਹ ਪਾਵਨ ਅਗਨੀ ਵੰਡ ਦਿਤੀ ਜਾਂਦੀ ਅਤੇ ਹਰ ਪਰਿਵਾਰ, ਅੱਗੋਂ ਪੀੜ੍ਹੀ ਦਰ ਪੀੜ੍ਹੀ ਉਸੇ ਅੱਗ ਨੂੰ ਚੁਲ੍ਹੇ ਵਿਚ ਦਬ ਕੇ ਸੰਭਾਲੀ ਰਖਦਾ। ਉਸ ਅੱਗ ਦੀ ਨਿਰਾਦਰੀ ਪਿਤਰਾਂ ਤੇ ਕੁਲ-ਦੇਵਤਿਆਂ ਦੀ ਨਿਰਾਦਰੀ ਦੇ ਤੁਲ ਸਮਝੀ ਜਾਂਦੀ ਸੀ।

ਇਸੇ ਤਰ੍ਹਾਂ ਲੋਹੜੀ ਦੇ ਦਿਨ ਰਾਤ ਵੇਲੇ ਜੋ ਢਾਂਡੀ ਬਾਲੀ ਜਾਂਦੀ ਸੀ ਉਸ ਵਿਚੋਂ ਕਈ ਰੂੜ੍ਹੀਵਾਦੀ ਲੋਕ ਥੋੜੀ ਜਿਹੀ ਅੱਗ ਘਰ ਲੈ ਜਾਂਦੇ ਅਤੇ ਉਸ ਨੂੰ ਦੱਬ ਕੇ ਅਗਲੀ ਲੋਹੜੀ ਤਕ ਵਰਤਦੇ ਸਨ। ਇਸ ਅੱਗ ਨੂੰ ਵੀ ਬੜਾ ਪਵਿਤ੍ਰ ਮੰਨਿਆ ਗਿਆ ਹੈ। ਧਾਰਨਾ ਹੈ ਕਿ ਜਿਨ੍ਹਾਂ ਚੁਲ੍ਹਿਆਂ ਵਿਚ ਲੋਹੜੀ ਦੀ ਅੱਗ ਬਾਲੀ ਜਾਵੇ ਉਥੇ ਕਦੇ ਅੰਨ ਦਾ ਘਾਟਾ ਨਹੀਂ ਹੁੰਦਾ।

**(ਅ-133) ਅੱਗ :**

(ਵੇਖੋ : 'ਅੰਗ-ਪਰੰਗ' ਅਤੇ 'ਅੰਗ-ਪਿੰਡ')।

(ਅ-134) **ਅੰਗ-ਸੰਕੇਤ** :

ਵਿਚਾਰਾਂ ਤੇ ਮਨੋਭਾਵਾਂ ਨੂੰ ਪ੍ਰਗਟਾਣ ਲਈ ਕਈ ਵਾਰ ਬਚਨਾਂ ਦੀ ਥਾਂ ਸਰੀਰ ਦੇ ਕਿਸੇ ਅੰਗ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਨੂੰ ਅੰਗ-ਸੰਕੇਤ ਕਹਿੰਦੇ ਹਨ। ਬਹੁਤੇ ਸੰਕੇਤ ਸਰੀਰ ਦੇ ਵਿਸ਼ੇਸ਼ ਅੰਗਾਂ — ਸਿਰ, ਨੱਕ, ਮੂੰਹ, ਅੱਖ ਤੇ ਹੱਥ ਨਾਲ ਕੀਤੇ ਜਾਂਦੇ ਹਨ। ਸਿਰ ਨੂੰ ਉਪਰੋਂ ਹੇਠਾਂ ਵਲ ਹਿਲਾਣ ਦਾ ਭਾਵ ਕਿਸੇ ਵਿਚਾਰ ਨਾਲ ਸੰਮਤੀ ਪ੍ਰਗਟ ਕਰਨਾ ਹੈ ਜਦੋਂ ਕਿ ਸਿਰ ਨੂੰ ਮੋਢਿਆਂ ਦੇ ਦਾਅ ਫੇਰਨ ਦਾ ਭਾਵ ਅਸੰਮਤੀ ਪ੍ਰਗਟ ਕਰਨਾ ਹੈ। ਜੇ ਸਿਰ ਨੂੰ ਉਪਰ ਵਲ ਚੁਕ ਕੇ ਪਿਛੇ ਵਲ ਹਲਕਾ ਜਿਹਾ ਝਟਕਾ ਦਿੰਦਿਆਂ ਭਰਵੱਟੇ ਉਪਰ ਚੜ੍ਹਾਏ ਜਾਣ ਤਾਂ ਇਸ ਦਾ ਭਾਵ ਕਿਸੇ ਤੋਂ ਕੋਈ ਗੱਲ ਪੁੱਛਣਾ ਹੈ; ਕਈ ਵਾਰ ਸਿਰਫ਼ ਭਰਵੱਟੇ ਉਪਰ ਵਲ ਚੜ੍ਹਾ ਕੇ ਜਾਂ ਸਿਰ ਪਿਛੇ ਵਲ ਝਟਕਾ ਕੇ ਹੀ ਕੰਮ ਸਾਰ ਲਿਆ ਜਾਂਦਾ ਹੈ। ਜੇ ਕਿਸੇ ਸ਼ਖ਼ਸ ਵਲ ਵੇਖ ਕੇ ਸਿਰ ਨੂੰ ਉਪਰੋਂ ਹੇਠਾਂ ਵਲ ਝਟਕਾਇਆ ਜਾਵੇ ਤਾਂ ਇਹ ਸੱਦਣ ਦਾ ਸੰਕੇਤ ਹੈ।

ਸੱਜੇ ਹੱਥ ਦੀਆਂ ਉਂਗਲਾਂ ਨੂੰ ਢਿੱਲਾ ਛੱਡਕੇ ਡੁਗਡੁਗੀ ਵਜਾਉਣ ਵਾਂਗ ਹੱਥ ਹਿਲਾਣ ਦਾ ਭਾਵ ਹੈ: ਮੈਨੂੰ ਕੁਝ ਨਹੀਂ ਪਤਾ। ਹੱਥ ਦੀ ਹਥੇਲੀ ਨੂੰ ਤਿਰਛੀ ਰਖ ਕੇ ਉਪਰ ਵਲ ਰਤਾ ਕੁ ਝਟਕਾ ਦੇਣ ਦਾ ਭਾਵ ਹੈ : ਕੀ ਹੋਇਆ; ਹੱਥ ਮਲਣ ਤੋਂ ਭਾਵ ਪਛਤਾਵਾ ਕਰਨਾ ਹੈ।

ਅੰਗੂਠਾ ਵਿਖਾਣ ਦਾ ਭਾਵ ਘ੍ਰਿਣਾਜਨਕ ਢੰਗ ਨਾਲ ਕਿਸੇ ਨੂੰ ਇਨਕਾਰ ਕਰਨਾ ਹੈ। ਵਿਚਕਾਰਲੀ ਉਂਗਲ, ਜਿਸ ਨੂੰ ਧੀਰੀ ਕਹਿੰਦੇ ਹਨ, ਨੂੰ ਹਿਲਾਉਣ ਦਾ ਮਤਲਬ ਕਿਸੇ ਦਾ ਠੱਠਾ ਉਡਾਉਣਾ ਹੈ। ਅੰਗੂਠੇ ਦੇ ਨਾਲ ਦੀ ਉਂਗਲੀ ਨੂੰ ਹਿਲਾਉਣ ਦਾ ਮਤਲਬ ਕਿਸੇ ਨੂੰ ਕੋਈ ਕੰਮ ਕਰਨ ਤੋਂ ਹੋੜਨਾ ਹੈ। ਪਿੱਠ ਉਤੇ ਥਾਪੜੀ ਦੇਣ ਦਾ ਭਾਵ ਕਿਸੇ ਦੀ ਪ੍ਰਸ਼ੰਸਾ ਕਰਨੀ ਹੈ ਤੇ ਪਿੱਠ ਉਤੇ ਹੱਥ ਫੇਰਨ ਦਾ ਭਾਵ ਸਨੇਹ ਪ੍ਰਗਟ ਕਰਨਾ ਹੈ।

ਨੱਕ ਚਾੜ੍ਹਨ ਦਾ ਭਾਵ ਘ੍ਰਿਣਾ ਪ੍ਰਗਟ ਕਰਨੀ ਹੈ। ਮੂੰਹ ਨੂੰ ਅੱਡ ਕੇ ਹੈਰਾਨੀ ਨਾਲ ਤੱਕਣਾ ਵਿਸਮੈਂ ਹੋਣਾ ਹੈ। ਦੰਦੀਆਂ ਕਰੀਚਣ ਤੋਂ ਭਾਵ ਗੁੱਸਾ ਪ੍ਰਗਟ ਕਰਨਾ ਹੈ! ਪੇਟ ਵਜਾਣਾ ਭੁੱਖੇ ਹੋਣ ਦਾ ਸੰਕੇਤ ਹੈ। ਖੱਬੀ ਅੱਖ ਦਬ ਕੇ ਗੱਲ ਕਰਨ ਦਾ ਭਾਵ ਹੈ ਕਿ ਉਸ ਦਾ ਸਾਥੀ ਉਸ ਦੀ ਗੱਲ ਦੀ ਪ੍ਰੋੜ੍ਹਤਾ ਕਰੇ। ਹੱਥ ਜੋੜਨ ਦਾ ਭਾਵ ਆਜਜ਼ ਹੋ ਕੇ ਬੇਨਤੀ ਕਰਨਾ ਹੈ। ਜੇ ਕੋਈ ਲੜਕਾ ਕਿਸੇ ਲੜਕੀ ਨੂੰ ਖੱਬੀ ਅੱਖ ਮਾਰੇ ਤਾਂ ਕਾਮ ਚੇਸ਼ਟਾ ਦਾ ਪ੍ਰਗਟਾਵਾ ਹੈ।

(ਅ-135) **ਅਗਸਤ ਰਿਸ਼ੀ** :

ਇਕ ਪ੍ਰਸਿਧ ਰਿਸ਼ੀ, ਜੋ ਰਿਗ-ਵੇਦ ਦੀਆਂ ਅਨੇਕਾਂ ਰਿਚਾਂ ਦਾ ਕਰਤਾ ਮੰਨਿਆ ਗਿਆ ਹੈ। ਅਗਸਤ ਰਿਸ਼ੀ ਦਾ ਜਨਮ ਤ੍ਰੇਤਾ ਯੁਗ ਵਿਚ ਹੋਇਆ। ਇਨ੍ਹਾਂ ਦੇ ਜੀਵਨ ਬਾਰੇ ਅਨੇਕਾਂ ਕਥਾਵਾਂ ਪੁਰਾਣਾਂ ਵਿਚ ਮਿਲਦੀਆਂ ਹਨ। ਇਨ੍ਹਾਂ ਦੇ ਜਨਮ ਦੀ ਕਥਾ ਬੜੀ ਵਚਿਤ੍ਰ ਹੈ। ਪੁਰਾਣਾਂ ਅਨੁਸਾਰ ਮਿਤ੍ਰ ਅਤੇ ਵਰੁਣ ਦੇਵਤੇ ਨੇ ਉਰਵਸ਼ੀ ਨਾਉਂ ਦੀ ਅਪੱਛਰਾਂ ਨੂੰ ਵੇਖਿਆ ਤਾਂ ਕਾਮਾਤੁਰ ਹੋ ਕੇ ਉਨ੍ਹਾਂ ਦਾ ਵੀਰਜ ਝੜ ਕੇ ਮਾਤਲੋਕ ਵਿਚ ਪਾਣੀ ਦੇ ਇਕ ਕਲਸ ਵਿਚ ਜਾ ਡਿੱਗਾ। ਇਸੇ ਵੀਰਜ ਤੋਂ ਅਗਸਤ ਤੇ ਵਸ਼ਿਸ਼ਠ ਰਿਸ਼ੀ ਨੇ ਜਨਮ ਲਿਆ। ਕਈ ਗ੍ਰੰਥਾਂ ਵਿਚ ਲਿਖਿਆ ਹੈ ਕਿ ਅਗਸਤ ਨੇ ਇਸ ਕਲਸ ਵਿਚੋਂ ਇਕ ਸੁਨਹਿਰੀ ਮੱਛੀ ਦੇ ਰੂਪ ਵਿਚ ਜਨਮ ਲਿਆ, ਜਿਸ ਕਰ ਕੇ ਇਨ੍ਹਾਂ ਨੂੰ ਕੁੰਭ ਸੰਭਵ, ਘਟੋਦਭਵ ਤੇ ਕਲਸ਼ੀਸੁਤ ਆਦਿ ਨਾਵਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਸੁਨਹਿਰੀ ਮੱਛੀ ਦੇ ਰੂਪ ਵਿਚ ਜਨਮ ਲੈਣ ਵੇਲੇ ਅਗਸਤ ਦੀ ਲੰਬਾਈ ਸਿਰਫ਼ ਇਕ ਗਿੱਠ ਸੀ, ਇਸੇ ਕਰ ਕੇ ਇਨ੍ਹਾਂ ਨੂੰ 'ਮਾਨ' ਵੀ ਕਿਹਾ ਜਾਂਦਾ ਹੈ।

ਅਗਸਤ ਰਿਸ਼ੀ ਦੇ ਲੋਪਾ ਮੁਦਰਾ ਨਾਲ ਵਿਆਹ ਬਾਰੇ ਮਹਾਂਭਾਰਤ ਵਿਚ ਇਕ ਦਿਲਚਸਪ ਕਥਾ ਮਿਲਦੀ ਹੈ। ਅਗਸਤ ਰਿਸ਼ੀ ਨੇ ਆਪਣੇ ਪਿਤਰਾਂ ਨੂੰ ਪੂਨਾਂ ਦੇ ਨਰਕ ਵਿਚ ਪੁੱਠੇ ਲਟਕਿਆ ਵੇਖ ਕੇ ਕਾਰਨ ਪੁਛਿਆ। ਪਿਤਰਾਂ ਨੇ ਦਸਿਆ ਕਿ ਜਦੋਂ ਤਕ ਅਗਸਤ ਸੰਤਾਨ ਪੈਦਾ ਕਰ ਕੇ ਪਿਤਰੀ ਰਿਣ ਨਹੀਂ ਉਤਾਰਦਾ, ਉਦੋਂ ਤਕ ਉਨ੍ਹਾਂ ਦੀ ਨਰਕ ਤੋਂ ਮੁਕਤੀ ਨਹੀਂ ਹੋ ਸਕਦੀ। ਇਸ ਉਤੇ ਅਗਸਤ ਨੇ ਵੱਖ ਵੱਖ ਪਸ਼ੂਆਂ ਦੇ

ਮੁੰਦਰ ਅੰਗਾਂ ਨੂੰ ਇਕੱਠਿਆਂ ਕਰ ਕੇ ਉਸ ਵਿਚੋਂ ਇਕ ਕੰਨਿਆਂ ਲੋਪਾ ਮੁਦਰਾ ਦੀ ਸਿਰਜਨਾ ਕੀਤੀ। ਫਿਰ ਉਨ੍ਹਾਂ ਨੇ ਇਸ ਕੰਨਿਆਂ ਨੂੰ ਅਛੋਪਲੇ ਹੀ ਵਿਦਰਭ ਰਾਜੇ ਦੇ ਮਹਿਲ ਵਿਚ ਪਹੁੰਚਾ ਦਿਤਾ ਅਤੇ ਜਵਾਨ ਹੋਣ ਉਤੇ ਉਸ ਨਾਲ ਵਿਆਹ ਕਰ ਲਿਆ।

ਮਹਾਂਭਾਰਤ ਅਨੁਸਾਰ ਜਦੋਂ ਕਾਲਕੇਯ ਦੈਂਤ ਸੰਸਾਰ ਵਿਚ ਉਪਦ੍ਰਵ ਮਚਾ ਕੇ, ਰਿਸ਼ੀਆਂ ਦੇ ਯੱਗ ਖੰਡਨ ਕਰ ਕੇ ਅਤੇ ਦੇਵਤਿਆਂ ਨੂੰ ਕਾਫ਼ੀ ਸਾਰਾ ਨੁਕਸਾਨ ਪਹੁੰਚਾ ਕੇ, ਸਮੁੰਦਰ ਦੀ ਤਹਿ ਵਿਚ ਛੁਪ ਗਏ ਤਾਂ ਦੇਵਤਿਆਂ ਨੇ ਅਗਸਤ ਰਿਸ਼ੀ ਤੋਂ ਸਹਾਇਤਾ ਮੰਗੀ। ਰਿਸ਼ੀ ਨੇ ਸਮੁੰਦਰ ਦਾ ਸਾਰਾ ਪਾਣੀ ਪੀ ਲਿਆ। ਦੇਵਤਿਆਂ ਨੇ ਖ਼ੁਸ਼ਕ ਸਤਹਿ ਵਿਚੋਂ ਦੈਂਤਾਂ ਨੂੰ ਚੁਣ ਚੁਣ ਕੇ ਮਾਰ ਸੁਟਿਆ। ਇਸੇ ਘਟਨਾ ਤੋਂ ਅਗਸਤ ਦਾ ਨਾਉਂ ਸਮੁਦ੍ਰਚੁਲੁਕ ਪ੍ਰਸਿਧ ਹੋਇਆ।

ਮਹਾਂਭਾਰਤ ਵਿਚ ਦਰਜ ਇਕ ਹੋਰ ਕਥਾ ਅਨੁਸਾਰ ਅਗਸਤ ਰਿਸ਼ੀ ਇਕ ਵਾਰ ਨਹੁਸ਼ ਰਾਜੇ ਦਾ ਰਥ ਚੁਕੀ ਜਾ ਰਹੇ ਸਨ ਕਿ ਰਾਜੇ ਨੇ ਅਭਿਮਾਨ ਵਿਚ ਆ ਕੇ ਰਿਸ਼ੀ ਨੂੰ ਲੱਤ ਕੱਢ ਮਾਰੀ। ਰਿਸ਼ੀ ਨੇ ਕਰੋਧਵਾਨ ਹੋ ਕੇ ਨਹੁਸ਼ ਨੂੰ ਸੱਪ ਬਣਨ ਦਾ ਸਰਾਪ ਦਿਤਾ। ਰਾਜੇ ਨਹੁਸ਼ ਦੇ ਪਸਚਾਤਾਪ ਕਰਨ ਉਤੇ ਅਗਸਤ ਨੇ ਸਰਾਪ ਦਾ ਸਮਾਂ ਨਿਸਚਤ ਕਰ ਦਿਤਾ; ਜਿਸ ਦੇ ਪੁਗਣ ਮਗਰੋਂ ਨਹੁਸ਼ ਮੁੜ ਮਨੁੱਖੀ ਜਾਮੇ ਵਿਚ ਆ ਗਿਆ।

ਰਾਮਾਇਣ ਦੀ ਇਕ ਕਥਾ ਅਨੁਸਾਰ ਅਗਸਤ ਰਿਸ਼ੀ ਨੇ ਹੀ ਵਿੰਧਿਆਚਲ ਪਰਬਤ ਨੂੰ ਸੂਰਜ ਦੇ ਭਰਮਣ ਦਾ ਪੰਧ ਬੰਦ ਕਰਨ ਤੋਂ ਵਰਜਿਆ। ਵਿੰਧਿਆਚਲ ਪਰਬਤ ਦੀ ਇੱਛਾ ਸੀ ਕਿ ਉਹ ਸੁਮੇਰ ਪਰਬਤ ਤੋਂ ਵੀ ਉੱਚਾ ਉਠੇ। ਪਰ ਇਸ ਤਰ੍ਹਾਂ ਕਰਨ ਨਾਲ ਚੰਨ ਤੇ ਸੂਰਜ, ਜੋ ਸੁਮੇਰ ਪਰਬਤ ਦੇ ਦੁਆਲੇ ਘੁੰਮਦੇ ਮੰਨੇ ਗਏ ਸਨ, ਦੀ ਗਤੀ ਰੁਕ ਜਾਣ ਦਾ ਅੰਦੇਸ਼ਾ ਸੀ। ਵਿੰਧਿਆਚਲ ਨੂੰ ਨਿੱਤ ਉੱਚਾ ਉਠਦਿਆਂ ਵੇਖ ਦੇਵਤੇ ਘਬਰਾ ਗਏ ਤੇ ਉਨ੍ਹਾਂ ਅਗਸਤ ਰਿਸ਼ੀ ਤੋਂ ਮਦਦ ਮੰਗੀ। ਦੇਵਤਿਆਂ ਦੀ ਬੇਨਤੀ ਮੰਨ ਕੇ ਅਗਸਤ ਰਿਸ਼ੀ ਪਰਿਵਾਰ ਸਮੇਤ ਦੱਖਣ ਵਲ ਆ ਗਏ। ਅਗਸਤ ਨੇ ਵਿੰਧਿਆਚਲ ਨੂੰ ਪ੍ਰਸੰਨ ਕਰ ਕੇ ਉਸ ਤੋਂ ਵਰ ਲੈ ਲਿਆ ਕਿ ਜਦੋਂ ਤਕ ਉਹ ਇਸ ਇਲਾਕੇ ਵਿਚ ਸਥਿਤ ਹਨ, ਉਦੋਂ ਤਕ ਵਿੰਧਿਆਚਲ ਹੋਰ ਉਪਰ ਵਲ ਨਹੀਂ ਵਧੇਗਾ। ਰਿਸ਼ੀ ਦੀ ਗੱਲ ਮੰਨ ਕੇ ਵਿੰਧਿਆਚਲ ਉਸੇ ਉਚਾਈ ਉਤੇ ਰੁਕ ਗਿਆ। ਉਦੋਂ ਤੋਂ ਅਗਸਤ ਰਿਸ਼ੀ ਹਮੇਸ਼ਾਂ ਲਈ ਹੀ ਦੱਖਣ ਵਿਚ ਰਹਿਣ ਲੱਗੇ। ਇਸ ਤਰ੍ਹਾਂ ਵਿੰਧਿਆਚਲ ਦੇ ਵਾਧੇ ਵਿਚ ਸਦੀਵੀ ਰੋਕ ਪੈ ਗਿਆ। ਇਸ ਅਨੂਠੀ ਸ਼ਕਤੀ ਸਦਕਾ ਅਗਸਤ ਰਿਸ਼ੀ ਦਾ ਨਾਂ 'ਵਿੰਧਿਆ-ਕੂਟ' ਪੈ ਗਿਆ।

ਰਾਮਾਇਣ ਦੀ ਇਕ ਹੋਰ ਕਥਾ ਅਨੁਸਾਰ ਅਗਸਤ ਰਿਸ਼ੀ ਦੀ ਪਾਚਨ ਸ਼ਕਤੀ ਬੜੀ ਬਲਵਾਨ ਸੀ। ਜਦੋਂ ਅਗਸਤ ਰਿਸ਼ੀ ਵਿੰਧਿਆਚਲ ਦੇ ਦੱਖਣ ਵਲ, ਇਕ ਆਸ਼ਰਮ ਵਿਚ ਰਹਿੰਦੇ ਸਨ ਤਾਂ ਵਾਤਾਪੀ ਤੇ ਇਲਵਲ ਨਾਂ ਦੇ ਦੋਹਾਂ ਰਾਖਸ਼ਾਂ ਨੇ ਦੱਖਣੀ ਖੇਤਰ ਵਿਚ ਅਗਸਤ ਦਾ ਵਧਦਾ ਪ੍ਰਭਾਵ ਵੇਖ ਕੇ ਉਨ੍ਹਾਂ ਨੂੰ ਮਾਰ ਦੇਣ ਦੀ ਤਰਕੀਬ ਸੋਚੀ। ਵਿਉਂਤ ਅਨੁਸਾਰ ਵਾਤਾਪੀ ਦੈਂਤ ਨੇ ਮੇਢੇ ਦਾ ਰੂਪ ਧਾਰਨ ਕੀਤਾ। ਬ੍ਰਾਹਮਣਾਂ ਨੇ ਇਕ ਯੱਗ ਵਿਚ ਇਸ ਮੇਢੇ ਦੀ ਬਲੀ ਦਿਤੀ। ਯੱਗ ਵਿਚ ਸ਼ਾਮਲ ਅਗਸਤ ਰਿਸ਼ੀ ਨੇ ਵੀ ਮੇਢੇ ਦਾ ਮਾਸ ਖਾਧਾ ਤਾਂ ਵਾਤਾਪੀ ਦੈਂਤ ਨੇ ਉਨ੍ਹਾਂ ਦੇ ਪੇਟ ਵਿਚ ਜਾ ਕੇ ਆਪਣੀ ਸ਼ਕਤੀ ਦੁਆਰਾ ਫਿਰ ਮੇਢੇ ਦਾ ਰੂਪ ਧਾਰਨ ਕਰ ਲਿਆ ਅਤੇ ਅੰਦਰੋਂ ਹੀ ਅਗਸਤ ਰਿਸ਼ੀ ਨੂੰ ਖ਼ਤਮ ਕਰਨ ਲਈ ਯਤਨ ਕਰਨ ਲੱਗਾ, ਪਰ ਅਗਸਤ ਦੇ ਮਿਹਦੇ ਦੀ ਵਚਿਤ੍ਰ ਪਾਚਨ ਸ਼ਕਤੀ ਨੇ ਸਮੂਲੜੇ ਮੇਢੇ ਨੂੰ ਹੀ ਹਜ਼ਮ ਕਰ ਲਿਆ। ਵਾਤਾਪੀ ਦੇ ਭਰਾ ਇਲਵਲ ਦੈਂਤ ਨੂੰ ਅਗਸਤ ਰਿਸ਼ੀ ਨੇ ਮਗਰੋਂ ਦ੍ਰਿਸ਼ਟ-ਅਗਨ ਨਾਲ ਭਸਮ ਕਰ ਦਿਤਾ।

ਰਾਮਾਇਣ ਅਨੁਸਾਰ, ਬਨਬਾਸ ਦੇ ਦਿਨਾਂ ਵਿਚ ਰਾਮ ਚੰਦਰ ਸੀਤਾ ਅਤੇ ਲਛਮਣ ਸਮੇਤ ਕੁਝ ਦਿਨ ਅਗਸਤ ਰਿਸ਼ੀ ਦੇ ਆਸ਼ਰਮ ਵਿਚ ਠਹਿਰੇ ਸਨ। ਉਦੋਂ ਅਗਸਤ ਨੇ ਉਨ੍ਹਾਂ ਨੂੰ ਵਿਸ਼ਨੂੰ ਦਾ ਧਨੁਸ਼ ਪ੍ਰਦਾਨ ਕੀਤਾ। ਅਜੁਧਿਆ ਵਾਪਸ ਜਾਣ ਵੇਲੇ ਅਗਸਤ ਰਿਸ਼ੀ ਵੀ ਰਾਮਚੰਦਰ ਦੇ ਨਾਲ ਹੀ ਗਏ।

ਦੱਖਣ ਦੀਆਂ ਰਵਾਇਤਾਂ ਅਨੁਸਾਰ, ਅਗਸਤ ਰਿਸ਼ੀ ਟਰਾਵਨਕੋਰ ਵਿਚ, ਅਗਸਤਯ ਪਰਬਤ ਵਿਚ ਹੁਣ ਵੀ ਜੀਊਂਦੇ ਮੌਜੂਦ ਹਨ, ਪਰ ਉਹ ਸਾਧਾਰਨ ਅੱਖ ਨਾਲ ਵਿਖਾਈ ਨਹੀਂ ਦੇਂਦੇ। ਦੱਖਣ ਵਿਚ ਅਗਸਤ ਰਿਸ਼ੀ ਦੀ ਬੜੀ ਮਾਨਤਾ ਹੈ। ਕਿਉਂ ਜੋ ਇਸ ਇਲਾਕੇ ਵਿਚ ਉਨ੍ਹਾਂ ਨੇ ਹੀ ਹਿੰਦੂ ਧਰਮ ਤੇ ਗ੍ਰੰਥਾਂ ਦਾ ਪ੍ਰਚਾਰ ਕੀਤਾ ਸੀ। ਅਗਸਤ ਰਿਸ਼ੀ ਪਰਲੋਕ ਗਮਨ ਕਰਨ ਮਗਰੋਂ ਆਪਣੇ ਨੇਕ ਕਰਮਾਂ ਦੇ ਫਲ ਵਜੋਂ ਆਕਾਸ਼ ਵਿਚ ਤਾਰਾ ਬਣ ਕੇ ਚਮਕੇ। (ਵੇਖੋ : ਅਗੱਥ)

(ਅ-136) **ਅੰਗ-ਸਾਕ** :

ਮਨੁੱਖ ਸਮਾਜ ਵਿਚ ਜੀਊਂਦਾ ਤੇ ਸਾਕ-ਸੰਬੰਧੀਆਂ ਵਿਚ ਵਿਗਸਦਾ ਹੈ। ਲਹੂ ਦੇ ਰਿਸ਼ਤੇ ਉਸ ਨੂੰ ਰੱਬੋਂ ਦਾਤ ਵਜੋਂ ਮਿਲਦੇ ਹਨ ਜੋ ਸਹਿਜ ਭਾਵ ਵਿਚ ਹੀ ਉਸ ਦੇ ਜੀਵਨ ਦਾ ਅੰਗ ਬਣ ਜਾਂਦੇ ਹਨ। ਪਰ ਅਲਹੂ ਦੇ ਰਿਸ਼ਤੇ ਉਹ ਖ਼ੁਦ ਸਿਰਜਦਾ ਤੇ ਜੀਵਨ ਵਿਚ ਰਚਾਂਦਾ ਹੈ। ਪਹਿਲਿਆਂ ਨਾਲ ਉਹ ਜਨਮ ਸਦਕਾ ਬਝਿਆ ਹੁੰਦਾ ਹੈ, ਪਰ ਦੂਜਿਆਂ ਨਾਲ ਮਨ ਸਦਕਾ। ਇਹ ਦੋਵੇਂ ਰਿਸ਼ਤੇ ਉਸ ਦੇ ਜੀਵਨ ਦੀਆਂ ਦੋ ਚੂਲ਼ਾਂ ਹਨ। ਜੀਵਨ ਦੀ ਫੁਲਕਾਰੀ ਵਿਚ ਸਭ ਤੋਂ ਪੀਡੀ ਤੰਦ ਲਹੂ-ਮਾਸ ਦੀ ਹੁੰਦੀ ਹੈ, ਜੋ ਫਿੱਕੀ ਭਾਵੇਂ ਪੈ ਜਾਵੇ, ਪਰ ਜੀਊਂਦੇ-ਜੀਅ ਗਲ ਕੇ ਟੁਟਦੀ ਨਹੀਂ। ਪੰਜਾਬੀ ਸਾਕ-ਸੰਬੰਧੀਆਂ ਨਾਲ ਭਾਵੁਕ ਤੌਰ ਉਤੇ ਕੁਝ ਵਧੇਰੇ ਹੀ ਬਝੇ ਹੁੰਦੇ ਹਨ। ਉਹ ਰਿਸ਼ਤੇ ਦੀ ਨਿੱਘ ਤੇ ਹੁਲਾਸ, ਹੋਰਨਾਂ ਜਾਤੀਆਂ ਨਾਲੋਂ ਕੁਝ ਵਧੇਰੇ ਹੰਢਾਂਦੇ ਹਨ।

ਰਿਸ਼ਤੇਦਾਰੀਆਂ ਦੀ ਭਰਪੂਰ ਫੁਲਵਾੜੀ ਵਿਚ, ਹਰ ਤੰਦ ਦਾ ਆਪਣਾ ਰੰਗ ਤੇ ਸੁਹਜ ਹੋਣ ਕਰ ਕੇ ਉਸ ਦਾ ਵਿਸ਼ੇਸ਼ ਮਹੱਤਵ ਵੀ ਹੈ। ਹਰੇਕ ਸਾਕ-ਸੰਬੰਧੀ ਦੇ ਰਿਸ਼ਤੇ ਮੁਤਾਬਿਕ ਨਿੱਤ ਦੇ ਜੀਵਨ-ਵਿਹਾਰ ਵਿਚ, ਖ਼ੁਸ਼ੀ ਅਤੇ ਸੋਗ ਦੇ ਵੇਲੇ, ਦੂਜਿਆਂ ਪ੍ਰਤੀ ਕੁਝ ਕਰਤੱਵ ਤੇ ਜ਼ਿਮੇਂਵਾਰੀਆਂ ਵੀ ਹਨ, ਜਿਨ੍ਹਾਂ ਨੂੰ ਉਹ ਪੂਰੀ ਭਾਵਨਾ ਨਾਲ ਨਿਭਾਉਂਦਾ ਹੈ। ਇਸ ਤਰ੍ਹਾਂ ਸਾਰੇ ਸਾਕ ਇਕ ਮਾਨਸਿਕ ਸੰਗਠਨ ਵਿਚ ਬੀੜੇ ਰਹਿੰਦੇ ਹਨ।

ਹਰ ਸਾਕ ਲਈ ਨਵੇਕਲਾ ਸੰਬੰਧ-ਬੋਧਿਕ ਸ਼ਬਦ ਹੈ ਤੇ ਹਰ ਸ਼ਬਦ ਦਾ ਵੱਖਰਾ ਬੋਧ। ਪਿਉ ਦਾ ਭਰਾ ਚਾਚਾ ਹੁੰਦਾ ਹੈ, ਪਰ ਮਾਂ ਦਾ ਭਰਾ ਮਾਮਾ। ਮਾਮੇ ਨਾਲ ਜੇ ਭਾਵੁਕ ਸਾਂਝ ਹੈ ਤਾਂ ਚਾਚੇ ਨਾਲ ਪੀੜ੍ਹੀ ਤੇ ਪਰੰਪਰਾ ਦੀ। ਇਸੇ ਤਰ੍ਹਾਂ ਮਾਂ ਦੀ ਭੈਣ ਮਾਸੀ ਤੇ ਪਿਉ ਦੀ ਭੈਣ ਭੂਆ ਹੁੰਦੀ ਹੈ। ਮਾਸੀ ਮਾਂ ਦਾ ਹੀ ਰੂਪ ਸਮਝੀ ਗਈ ਹੈ, ਇਸੇ ਲਈ ਮਾਸੀ ਦਾ ਰਿਸ਼ਤਾ ਭੂਆ ਤੇ ਚਾਚੀ ਦੇ ਰਿਸ਼ਤੇ ਨਾਲੋਂ ਵਧੇਰੇ ਨਿੱਘਾ ਤੇ ਹੁਲਾਸ ਭਰਿਆ ਹੈ। ਤਾਂ ਹੀ ਤਾਂ ਕਹਿੰਦੇ ਹਨ — 'ਮਾਂ ਨਾ ਸੂਈ ਮਾਸੀ ਸੂਈ'। ਫਿਰ ਉਮਰ ਵਿਚ ਵੱਡੇ ਸਾਕਾਂ ਲਈ ਹੋਰ ਸ਼ਬਦ ਵਰਤੇ ਜਾਂਦੇ ਹਨ, ਅਤੇ ਛੋਟੇ ਸਾਕਾਂ ਲਈ ਹੋਰ। ਜਿਵੇਂ ਪਿਉ ਦੇ ਵੱਡੇ ਭਰਾ ਨੂੰ ਤਾਇਆ ਕਹਿੰਦੇ ਹਨ, ਪਰ ਛੋਟੇ ਭਰਾ ਨੂੰ ਚਾਚਾ। ਪਤੀ ਦਾ ਵੱਡਾ ਭਰਾ ਜੇਠ ਹੁੰਦਾ ਹੈ, ਪਰ ਨਿੱਕਾ ਭਰਾ ਦੇਵਰ। ਸਿਰਫ਼ ਸ਼ਬਦਾਵਲੀ ਹੀ ਵੱਖਰੀ ਨਹੀਂ, ਰਿਸ਼ਤੇ ਦੀ ਸਾਂਝ ਤੇ ਭਾਵਨਾ ਵੀ ਵੱਖਰੀ ਹੈ। ਭਰਜਾਈ ਦੇਵਰ ਨਾਲ ਹੱਸ ਖੇਡ ਲੈਂਦੀ ਹੈ, ਪਰ ਜੇਠ ਤੋਂ ਸਦਾ ਘੁੰਡ ਕਢਦੀ ਹੈ। ਇਕ ਬੋਲੀ ਅਨੁਸਾਰ : 'ਮੈਂ ਜੇਠ ਨੂੰ ਲੱਸੀ ਨਹੀਂ ਦੇਣੀ ਦੇਵਰ ਭਾਵੇਂ ਦੁੱਧ ਪੀ ਜਾਏ।'

ਸਾਕਾਂ ਦੇ ਦੋ ਵੱਡੇ ਭੌਰ ਨਾਨਕੇ ਤੇ ਦਾਦਕੇ ਹਨ। ਦੋਹਾਂ ਫੁਲਵਾੜੀਆਂ ਦਾ ਆਪੋ ਆਪਣਾ ਰਸ ਤੇ ਸਵਾਦ ਹੈ; ਇਕ ਦੇ ਫੁੱਲ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੇ। ਇਕ ਫੁਲਵਾੜੀ ਦਾ ਰਸ ਪੀ ਪੀ ਕੇ ਜਦੋਂ ਬੱਚਾ ਉਕਤਾ ਜਾਂਦਾ ਹੈ ਤਾਂ ਦੂਜੀ ਲਈ ਸਹਿਕਦਾ ਹੈ। ਸਮਾਜਿਕ ਤੇ ਸਭਿਆਚਾਰਕ ਜੀਵਨ ਵਿਚ ਵੀ ਨਾਨਕਿਆਂ ਦੀ ਥਾਂ, ਫ਼ਰਜ਼ ਤੇ ਅਧਿਕਾਰ ਦਾਦਕਿਆਂ ਨਾਲੋਂ ਵੱਖਰੇ ਹਨ। ਵਿਆਹ ਸਮੇਂ ਨਾਨਕੇ ਛਕ ਢੋਂਦੇ ਹਨ। ਮਾਮਾ, ਕੰਨਿਆਂ ਦੀਆਂ ਬਾਹਵਾਂ ਵਿਚ ਸ਼ਗਨਾਂ ਦਾ ਰੰਗਲਾ ਚੂੜਾ ਪਹਿਨਾਂਦਾ ਹੈ। ਤਿਉਹਾਰਾਂ ਉਤੇ ਨਾਨਕਿਆਂ ਵਲੋਂ ਨਿੱਤ ਸੁਗਾਤਾਂ ਆਉਂਦੀਆਂ ਰਹਿੰਦੀਆਂ ਹਨ। ਦੁਰਾਡੇ ਰਹਿਣ ਕਰ ਕੇ, ਨਾਨਕਿਆਂ ਵਿਚ, ਬੱਚਿਆਂ ਦਾ ਮੋਹ ਵਧੇਰੇ ਹੁੰਦਾ ਹੈ। ਬੱਚੇ ਬੜੇ ਚਾਅ ਨਾਲ ਨਾਨਕੇ ਜਾਣ ਲਈ ਤਾਂਘਦੇ ਰਹਿੰਦੇ ਹਨ :

ਨਾਨਕੇ ਘਰ ਜਾਵਾਂਗੇ,
ਲੱਡੂ ਪੇੜੇ ਖਾਵਾਂਗੇ,
ਮੋਟੇ ਹੋ ਕੇ ਆਵਾਂਗੇ ।

ਨਾਨਕੇ ਪਿਆਰ ਵਿਚ ਮਾਂ ਦੀ ਅੰਦਰ ਦੀ ਨਿੱਘ ਹੁੰਦੀ ਹੈ ।

ਪਰ ਬੱਚਾ ਦਾਦਕੀ ਰੂੜ੍ਹੀ ਵਿਚ ਹੀ ਨਿਸਰਦਾ ਤੇ ਫਲਦਾ ਫੁਲਦਾ ਹੈ। ਦਾਦਕੇ ਪਿੰਡ ਵਿਚ ਹੀ ਉਸ ਦਾ ਜੱਦੀ ਜਾਇਦਾਦ, ਘਰ ਤੇ ਭੋਇੰ ਹੁੰਦੀ ਹੈ । ਇਥੋਂ ਦੀ ਮਿੱਟੀ ਵਿਚੋਂ ਹੀ ਉਸ ਨੂੰ ਆਪਣੇ ਪੁਰਖਿਆਂ ਦੀ ਮਹਿਕ ਆਉਂਦੀ ਹੈ। ਇਥੋਂ ਦੇ ਰੀਤ-ਰਵਾਜ ਤੇ ਪਰੰਪਰਾ ਉਸ ਦੇ ਜੀਵਨ ਪ੍ਰਵਾਹ ਵਿਚ ਸਹਿਜ ਰੂਪ ਵਿਚ ਰਚਦੇ ਰਹਿੰਦੇ ਹਨ ।

ਆਮ ਤੌਰ ਤੇ ਸਾਰਾ ਦਾਦਕਾ ਪਰਿਵਾਰ ਇਕੋ ਪਿੰਡ ਵਿਚ ਹੀ ਵਸਿਆ ਹੁੰਦਾ ਹੈ । ਇਸ ਲਈ, ਦਾਦਕਿਆਂ ਨਾਲ ਜੀਵਨ-ਤੰਦਾਂ ਤਾਣੇ ਪੇਟੇ ਵਾਂਗ ਓਤਪੋਤ ਹੁੰਦੀਆਂ ਹਨ। ਦਾਦਕੇ ਪਿੰਡ ਵਿਚ ਹੀ ਉਸ ਦੀ ਬਰਾਦਰੀ ਜਾਂ ਭਾਈਚਾਰੇ ਦੇ ਹੋਰ ਲੋਕ ਵਸ ਰਹੇ ਹੁੰਦੇ ਹਨ। ਪੰਜਾਬੀ ਸਮਾਜ ਵਿਚ ਇਸ ਬਰਾਦਰੀ ਦਾ ਵਿਸ਼ੇਸ਼ ਸਥਾਨ ਹੈ। ਦੁਖ ਸੁਖ ਵਿਚ ਜੇ ਬਰਾਦਰੀ ਸ਼ਾਮਲ ਨਾ ਹੋਵੇ ਤਾਂ ਨਕ-ਨਮੂਜ ਨਹੀਂ ਰਹਿੰਦਾ। ਬਰਾਦਰੀ ਬੁਨਿਆਦੀ ਤੌਰ ਤੇ ਆਪਣੀ ਜਾਤ ਦੇ ਅੰਗਾਂ ਸਾਕਾਂ ਦਾ ਹੀ ਸਮੂਹ ਹੈ। ਕਿਸੇ ਸਾਂਝੇ ਵਡਿਕੇ ਦੀ ਵੰਸ਼ ਹੋਣ ਕਰ ਕੇ, ਬਰਾਦਰੀ ਵਿਚੋਂ ਸਾਂਝੇ ਲਹੂ ਦੀ ਮਹਿਕ ਆਉਂਦੀ ਹੈ। ਸਾਰੀ ਬਰਾਦਰੀ ਦੀ ਇੱਜ਼ਤ ਸਾਂਝੀ ਹੁੰਦੀ ਹੈ। ਜੇ ਇਕ ਦੇ ਮੱਥੇ ਕਾਲਖ ਲੱਗ ਜਾਵੇ ਤਾਂ ਸਾਰੀ ਬਰਾਦਰੀ ਦਾ ਇਕੋ ਜਿਹਾ ਨੱਕ ਵੱਢਿਆ ਜਾਂਦਾ ਹੈ। ਵਿਆਹ ਸ਼ਾਦੀ ਤੇ ਹੋਰ ਢੰਗ-ਸਵਾਰਥਾਂ ਵੇਲੇ, ਜੇ ਸਾਰੀ ਬਰਾਦਰੀ ਸ਼ਾਮਲ ਹੋਵੇ ਤਾਂ ਸ਼ੋਭਾ ਵਧਦੀ ਹੈ। ਇਸੇ ਲਈ ਤਾਂ ਆਖਦੇ ਹਨ — 'ਬਰਾਦਰੀ ਨਾਲ ਹੀ ਬੰਦਾ ਸ਼ੋਭਦਾ ਏ' । ਜਿਨ੍ਹਾਂ ਸਾਕ-ਸੰਬੰਧੀਆਂ ਨਾਲ ਲਹੂ ਦੀ ਸਾਂਝ ਨਹੀਂ ਹੁੰਦੀ, ਉਨ੍ਹਾਂ ਨੂੰ 'ਸ਼ਰੀਕਾ' ਕਿਹਾ ਜਾਂਦਾ ਹੈ। ਇਹ ਆਮ ਤੌਰ ਉਤੇ ਧੀਆਂ ਭੈਣਾਂ ਦੇ ਸਹੁਰੇ ਸਾਕ ਹੁੰਦੇ ਹਨ ਜੋ ਲਾਗਲੇ ਪਿੰਡਾਂ ਵਿਚ ਹੀ ਵਸਦੇ ਹਨ। ਬਰਾਦਰੀ ਵਾਂਗ ਹੀ ਸ਼ਰੀਕੇ ਨਾਲ ਵੀ ਵਰਤਣ ਭਾਜੀ ਬਣੀ ਹੁੰਦੀ ਹੈ ਅਤੇ ਛੱਟੀ, ਨਾਮ-ਸੰਸਕਾਰ, ਮੁੰਡਨ, ਸ਼ਗਨ ਤੇ ਵਿਆਹ ਸ਼ਾਦੀ ਦੇ ਮੰਗਲ ਕਾਰਜਾਂ ਅਤੇ ਕਿਰਿਆ ਕਰਮ ਦੀਆਂ ਸੋਗੀ ਰੀਤਾਂ ਉਤੇ ਸ਼ਰੀਕਾ ਵੀ ਸ਼ਾਮਲ ਹੁੰਦਾ ਹੈ ।

ਹਰ ਸਮਾਗਮ ਤੇ ਰਸਮ ਰੀਤ ਵੇਲੇ, ਸਭ ਸਾਕਾਂ ਸੰਬੰਧੀਆਂ ਦਾ ਹੋਣਾ ਲਾਜ਼ਮੀ ਸਮਝਿਆ ਜਾਂਦਾ ਹੈ, ਨਹੀਂ ਤਾਂ ਨੱਕ-ਨਮੂਜ ਨਹੀਂ ਰਹਿੰਦਾ। ਜਿਨ੍ਹਾਂ ਸਾਕਾਂ ਨਾਲ ਕਿਸੇ ਕਾਰਨ ਫਿੱਕ ਪਈ ਹੋਵੇ, ਉਨ੍ਹਾਂ ਨਾਲ ਰਾਜ਼ੀਨਾਵੇਂ ਕੀਤੇ ਜਾਂਦੇ ਤੇ ਭੁਲੇਖੇ ਕਢੇ ਜਾਣ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ। ਪੰਜਾਬੀ ਕਿਸੇ ਹੋਰ ਅੱਗੇ ਭਾਵੇਂ ਨਾ ਨਿੰਵੇਂ, ਪਰ ਆਪਣੇ ਲਹੂ ਅੱਗੇ ਨਿੰਵ ਜਾਂਦਾ ਹੈ । ਲਹੂ ਨੂੰ ਵਸੇਂ ਵਸੇਂ ਪਾਣੀ ਨਹੀਂ ਬਣਨ ਦੇਂਦਾ।

ਪੰਜਾਬੀ ਸਮਾਜ ਦੀ ਪ੍ਰਥਮ ਇਕਾਈ ਟੱਬਰ ਹੈ। ਇਹ ਟੱਬਰ ਕਈ ਵਾਰ ਤਾਂ ਵਿਵਾਹਿਤ ਮਰਦ ਇਸਤ੍ਰੀ ਅਤੇ ਉਸ ਦੇ ਬੱਚਿਆਂ ਤਕ ਸੀਮਤ ਹੁੰਦਾ ਹੈ, ਪਰ ਕਿਧਰੇ ਸਾਂਝੇ ਪਰਿਵਾਰਾਂ ਵਿਚ, ਇਹ ਇਤਨਾ ਵਿਆਪਕ ਹੁੰਦਾ ਹੈ ਕਿ ਇਸ ਵਿਚ ਮਾਂ-ਪਿਓ, ਵਿਆਹੇ ਭਰਾ ਭਰਜਾਈਆਂ, ਭਤੀਜੇ ਭਤੀਜੀਆਂ, ਅਤੇ ਕੰਵਾਰੇ ਭੈਣ ਭਰਾ ਸਭੋ ਰਹਿੰਦੇ ਹਨ। ਸਾਂਝੇ ਪਰਿਵਾਰਾਂ ਵਿਚ ਜਦੋਂ ਭਰਾਵਾਂ ਦੀਆਂ ਵਹੁਟੀਆਂ ਦੀ ਆਪੋ ਵਿਚ ਨਹੀਂ ਨਿਭਦੀ ਤਾਂ ਭਰਾ ਅੱਡ ਹੋ ਕੇ ਰਹਿਣ ਲੱਗਦੇ ਹਨ। ਬਹੁਤੀ ਵਾਰ ਘਰ ਵਿਚ ਹੀ ਚੌਂਕਾ ਚੁਲ੍ਹਾ ਵੱਖਰਾ ਕਰ ਲਿਆ ਜਾਂਦਾ ਹੈ, ਪਰ ਕਈ ਵਾਰ ਅੱਡਰਾ ਘਰ ਵੀ ਲੈ ਲਿਆ ਜਾਂਦਾ ਹੈ । ਚੁਲ੍ਹਾ ਵੱਖ ਹੋ ਜਾਣ ਦੀ ਹਾਲਤ ਵਿਚ ਵੀ ਬਹੁਤੀ ਵਾਰ ਕੰਮ ਕਾਰ ਸਾਂਝਾ ਰਹਿੰਦਾ ਹੈ।

ਪੰਜਾਬ ਵਿਚ ਪ੍ਰਾਚੀਨ ਕਾਲ ਤੋਂ ਹੀ ਸਾਂਝੇ ਟੱਬਰਾਂ ਦਾ ਰਵਾਜ ਚਲਿਆ ਆ ਰਿਹਾ ਹੈ। ਕਟੁੰਬ ਦੇ ਪਾਲਣ ਪੋਸਣ ਤੇ ਰਿਸ਼ਤੇ ਨਾਤਿਆਂ ਦੀ ਜ਼ਿਮੇਂਵਾਰੀ, ਕੁਲ ਦੇ ਵਡਿਕੇ ਸਿਰ ਹੁੰਦੀ ਹੈ। ਇਹ ਪ੍ਰਥਾ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਪਿਤਰੀ-ਪ੍ਰਣਾਲੀ ਦੀ ਹੀ ਰਹਿੰਦ-ਮਾਤ੍ਰ ਹੈ । ਕਟੁੰਬ ਦਾ ਕੋਈ ਜੀਅ ਵੀ ਕਟੁੰਬ ਦੇ ਵਡਿਕੇ ਦੇ ਕਿਸੇ ਫ਼ੈਸਲੇ ਉਤੇ ਕਿੰਤੂ ਨਹੀਂ ਕਰ ਸਕਦਾ, ਇਥੋਂ ਤਕ ਕਿ ਰਿਸ਼ਤੇ ਨਾਤੇ ਵੇਲੇ ਵੀ ਵਡਿਕਾ ਆਪਣੇ ਪੁੱਤਰ ਜਾਂ ਧੀ ਦੀ ਮਰਜ਼ੀ ਨਹੀਂ ਪੁਛਦਾ।

ਭਾਈਚਾਰੇ ਵਿਚ ਹਰ ਤਰ੍ਹਾਂ ਦੇ ਸਮਾਗਮਾਂ ਉਤੇ ਵਡਿਕਾ ਹੀ ਕਟੁੰਬ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਦੇ ਚਲਾਣੇ ਪਿਛੋਂ, ਪੁਰਖਾ-ਸ਼ਕਤੀ ਉਸ ਦੇ ਜੇਠੇ ਪੁੱਤਰ ਨੂੰ ਵਿਰਸੇ ਵਿਚ ਦਾਤ ਵਜੋਂ ਮਿਲਦੀ ਹੈ; ਜੋ ਕਟੁੰਬ ਦਾ ਮੁਖੀਆ ਬਣ ਕੇ, ਬਰਾਦਰੀ ਵਿਚ ਆਪਣੇ ਸਾਰੇ ਕਟੁੰਬ ਦੀ ਪ੍ਰਤੀਨਿਧਤਾ ਕਰਨ ਲੱਗਦਾ ਹੈ। ਇਹ ਪੁਰਖਾ-ਸ਼ਕਤੀ, ਬਾਕਾਇਦਾ ਰਸਮੀ ਢੰਗ ਨਾਲ ਭਰੀ ਬਰਾਦਰੀ ਵਿਚ ਪੁੱਤਰ ਨੂੰ ਪੱਗ ਬੰਨ੍ਹਾ ਕੇ ਪ੍ਰਦਾਨ ਕੀਤੀ ਜਾਂਦੀ ਹੈ। (ਵੇਖੋ : ਪੱਗ ਬੰਨ੍ਹਣਾ)

ਵਡਿਕੇ ਦੀ ਆਪਣੇ ਕਟੁੰਬ ਵਿਚ ਬੜੀ ਮਾਣ ਵਡਿਆਈ ਹੁੰਦੀ ਹੈ। ਉਸ ਦਾ ਤੇਜ ਪ੍ਰਤਾਪ ਸਾਰੇ ਘਰ ਉਤੇ ਸੂਰਜ ਦੇ ਪ੍ਰਕਾਸ਼ ਵਾਂਗ ਫੈਲਿਆ ਹੁੰਦਾ ਹੈ। ਮਰਯਾਦਾ ਅਨੁਸਾਰ ਛੋਟੇ ਉਸ ਦੇ ਸਾਹਮਣੇ ਖੁਲ੍ਹੀਆਂ ਗੱਲਾਂ ਜਾਂ ਹਾਸਾ ਮਜ਼ਾਕ ਨਹੀਂ ਕਰਦੇ। ਵਡਿਕੇ ਸਾਹਮਣੇ ਹੁੱਕਾ ਪੀਣ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਕਰਨ ਦੀ ਖੁਲ੍ਹ ਨਹੀਂ ਹੁੰਦੀ। ਜਿਨ੍ਹਾਂ ਗੱਲਾਂ ਨੂੰ ਵਡਿਕਾ ਪਸੰਦ ਨਹੀਂ ਕਰਦਾ, ਉਹ ਸਭ ਉਸ ਤੋਂ ਉਹਲੇ ਹੋ ਕੇ ਕੀਤੀਆਂ ਜਾਂਦੀਆਂ ਹਨ।

ਪਰਦੇ ਦੀ ਪ੍ਰਥਾ ਹੋਣ ਕਰ ਕੇ, ਘਰ ਦੀ ਨੂੰਹ ਬਜ਼ੁਰਗਾਂ ਤੋਂ ਘੁੰਡ ਕਢਦੀ ਹੈ। ਜੇ ਸਹੁਰਾ ਜਾਂ ਕੋਈ ਹੋਰ ਬਜ਼ੁਰਗ ਸਾਹਮਣੇ ਹੋਵੇ ਤਾਂ ਨੂੰਹ ਮਰਯਾਦਾ ਅਨੁਸਾਰ ਬੜੀ ਮੱਧਮ ਸਵਰ ਵਿਚ, ਦੂਜਿਆਂ ਨਾਲ ਗੱਲਾਂ ਕਰਦੀ ਹੈ। ਜਦੋਂ ਕੋਈ ਬਜ਼ੁਰਗ ਘਰ ਵਿਚ ਪੈਰ ਪਾਉਂਦਾ ਹੈ ਤਾਂ ਉਹ ਖੰਘੂਰਾ ਮਾਰ ਕੇ, ਬੂਹੇ ਦਾ ਭਿੱਤ ਖੜਕਾ ਕੇ ਜਾਂ ਕਿਸੇ ਹੋਰ ਵਿਧੀ ਨਾਲ ਆਪਣੇ ਆਉਣ ਦਾ ਸੰਕੇਤ ਕਰਦਾ ਹੈ ਤਾਂ ਜੋ ਘਰ ਦੀਆਂ ਨੂੰਹਾਂ ਜਾਂ ਪਰਦਾ ਕਰਨ ਵਾਲੀਆਂ ਹੋਰ ਤੀਵੀਆਂ ਘੁੰਡ ਕੱਢ ਲੈਣ ਅਤੇ ਸਲੀਕੇ ਵਿਚ ਹੋ ਜਾਣ। ਨੂੰਹਾਂ ਆਮ ਤੌਰ ਤੇ ਆਪਣੇ ਸਹੁਰੇ ਜਾਂ ਕਿਸੇ ਹੋਰ ਬਜ਼ੁਰਗ ਨਾਲ ਗੱਲ-ਕਥ ਨਹੀਂ ਕਰਦੀਆਂ, ਪਰ ਜੇ ਵਿਸ਼ੇਸ਼ ਹਾਲਾਤ ਵਿਚ ਜਾਂ ਘਰ ਵਿਚ ਕਿਸੇ ਹੋਰ ਦੀ ਮੌਜੂਦਗੀ ਨਾ ਹੋਣ ਕਰ ਕੇ, ਗੱਲ-ਕਥ ਕਰਨੀ ਪੈ ਵੀ ਜਾਵੇ, ਤਾਂ ਵਾਰਤਾਲਾਪ ਬੜੀ ਸੰਖੇਪ ਤੇ ਦੋ ਲਫ਼ਜ਼ੀ ਹੁੰਦੀ ਹੈ ਅਤੇ ਨੂੰਹ ਇਤਨੀ ਧੀਮੀ ਬੋਲਦੀ ਹੈ ਕਿ ਆਵਾਜ਼ ਮਸਾਂ ਸਹੁਰੇ ਦੇ ਕੰਨਾਂ ਵਿਚ ਪੈਂਦੀ ਹੈ। ਵੱਡੇ ਜੇਠ ਨੂੰ ਵੀ ਸਹੁਰੇ ਜਿਤਨਾ ਆਦਰ ਮਾਣ ਦਿਤਾ ਜਾਂਦਾ ਹੈ।

ਦਿਉਰ ਭਰਜਾਈ ਦੇ ਰਿਸ਼ਤੇ ਵਿਚ ਸੰਕੋਚ ਨਹੀਂ। ਦੋਵੇਂ ਖੁਲ੍ਹ ਕੇ ਇਕ ਦੂਜੇ ਨਾਲ ਹਾਸਾ ਠੱਠਾ ਤੇ ਟਿਚਕਰ ਕਰ ਲੈਂਦੇ ਹਨ। ਸਹੁਰੇ ਘਰ ਵਿਚ ਪਤੀ ਤੋਂ ਬਿਨਾਂ ਦਿਉਰ ਹੀ ਹੁੰਦਾ ਹੈ, ਜਿਸ ਨਾਲ ਘਰ ਦੀ ਨੂੰਹ, ਨਿਰਸੰਕੋਚ ਹੋ ਕੇ, ਦਿਲਾਂ ਦੇ ਭੇਤ ਲੈ ਦੇ ਲੈਂਦੀ ਹੈ। ਦਿਉਰ ਦੀ ਭਰਜਾਈ ਨਾਲ ਪਹਿਲੀ ਮਿਲਣੀ ਤੋਂ ਹੀ ਸਾਂਝ ਹੋ ਜਾਂਦੀ ਹੈ, ਜਦੋਂ ਛੋਟਾ ਦਿਉਰ ਰਸਮੀ ਢੰਗ ਨਾਲ ਉਸ ਦਾ ਘੁੰਡ ਚੁਕ ਕੇ ਮੂੰਹ ਵੇਖਦਾ ਹੈ। (ਵੇਖੋ : ਮੂੰਹ ਵਿਖਾਈ) ਜਿਨ੍ਹਾਂ ਕਬੀਲਿਆਂ ਵਿਚ ਵੱਡੇ ਭਰਾ ਦੀ ਵਿਧਵਾ ਛੋਟੇ ਦਿਉਰ ਨਾਲ ਚਾਦਰਾਂ ਪਾ ਲੈਂਦੀ ਹੈ, ਉਨ੍ਹਾਂ ਵਿਚ ਦਿਉਰ ਭਾਬੀ ਦਾ ਵਿਹਾਰ ਬਹੁਤ ਖੁਲ੍ਹਾ ਡੁਲ੍ਹਾ ਹੈ। ਪੰਜਾਬੀ ਲੋਕ-ਗੀਤਾਂ ਵਿਚ ਦਿਉਰ ਭਾਬੀ ਦੀ ਟਿਚਕਰਬਾਜ਼ੀ ਵਲ ਸੰਕੇਤ ਆਮ ਹੈ —

ਮੇਰਾ ਦਿਉਰ ਬੜਾ ਟੁਟ ਪੈਣਾ
ਹੱਸਦੀ ਦੇ ਦੰਦ ਗਿਣਦਾ।

ਕਈ ਬਰਾਦਰੀਆਂ ਵਿਚ, ਦਿਉਰ ਵੱਡੀ ਭਰਜਾਈ ਦਾ ਮਾਂ ਬਰਾਬਰ ਆਦਰ ਸਤਿਕਾਰ ਕਰਦਾ ਹੈ।

ਵਿਆਹੀ ਇਸਤ੍ਰੀ ਦਾ ਜੀਵਨ ਦੋ ਚੂਲਾਂ — ਪੇਕੇ ਤੇ ਸਹੁਰੇ, ਦੁਆਲੇ ਘੁੰਮਦਾ ਹੈ। ਪੇਕਿਆਂ ਵਿਚ ਉਸ ਦੇ ਆਪਣੇ ਲਹੂ ਦੀ ਮਹਿਕ ਹੁੰਦੀ ਹੈ ਤੇ ਸਹੁਰਿਆਂ ਵਿਚ ਪਤੀ ਦੇ ਲਹੂ ਦੀ। ਇਕ ਵਿਚ ਉਸ ਦਾ ਦਿਲ ਹੁੰਦਾ ਹੈ ਤਾਂ ਦੂਜੇ ਵਿਚ ਪ੍ਰਾਣ। ਉਹ ਦੋਹਾਂ ਦੇ ਹੁਲਾਸ ਵਿਚ ਵਿਗਸਦੀ ਹੈ। ਵਿਆਹ ਤੋਂ ਬਾਅਦ ਪਹਿਲੇ ਕੁਝ ਕੁ ਸਾਲ ਤਾਂ ਉਹ ਪੀਂਘ ਦੇ ਹੁਲਾਰੇ ਵਾਂਗ ਕਦੇ ਪੇਕੇ ਕਦੇ ਸਹੁਰੇ ਫੇਰੇ ਪਾਉਂਦੀ ਰਹਿੰਦੀ ਹੈ, ਪਰ ਪਿਛੋਂ ਸਹੁਰੇ ਘਰ ਟਿਕ ਕੇ ਰਹਿਣ ਲੱਗਦੀ ਹੈ। ਜੀਵਨ ਦੀ ਇਕਸਾਰਤਾ ਨੂੰ ਤੋੜਨ ਲਈ, ਵਿਚੋਂ ਕਦੇ ਕਦੇ ਪੇਕੇ ਫੇਰਾ ਮਾਰ ਆਉਂਦੀ ਹੈ। ਪੇਕਾ ਘਰ ਸਦਾ ਉਸ ਨੂੰ ਪਨਾਹ ਦੇਂਦਾ ਹੈ, ਪੇਕੇ ਘਰ ਦੇ ਦਰ ਹਮੇਸ਼ਾਂ ਉਸ ਲਈ ਖੁਲ੍ਹੇ ਰਹਿੰਦੇ ਹਨ, ਜਦੋਂ ਮਾਪੇ ਚਲਾਣਾ ਕਰ ਜਾਣ ਤਾਂ ਭਰਾਵਾਂ ਦਾ ਘਰ

ਹੀ ਉਸ ਦਾ ਪੇਕਾ ਘਰ ਬਣ ਜਾਂਦਾ ਹੈ। ਪਤੀ ਖ਼ਾਸ ਖ਼ਾਸ ਸਮਾਗਮਾਂ ਉਤੇ ਜਾਂ ਕਦੇ ਪੇਕੇ ਗਈ ਪਤਨੀ ਨੂੰ ਲੈਣ ਲਈ ਹੀ ਸਹੁਰੇ ਜਾਂਦਾ ਹੈ। ਸਹੁਰੇ ਘਰ ਉਸ ਨੂੰ ਉਚੇਚਾ ਆਦਰ ਮਾਣ ਮਿਲਦਾ ਹੈ। ਭਾਵੇਂ ਸੱਸ ਬੜੇ ਚਾਅ-ਮਲ੍ਹਾਰਾਂ ਤੇ ਰੀਝਾਂ ਨਾਲ ਨੂੰਹ ਨੂੰ ਵਿਆਹ ਕੇ ਲਿਆਉਂਦੀ ਹੈ, ਪਰ ਦੋਹਾਂ ਦੇ ਪਿਆਰ ਦਾ ਰੰਗ ਕਸੁੰਭੇ ਵਾਂਗ ਛੇਤੀ ਹੀ ਫਿੱਕਾ ਪੈ ਜਾਂਦਾ ਹੈ। ਗੱਲਾਂ ਛੋਟੀਆਂ ਹੁੰਦੀਆਂ ਹਨ, ਪਰ ਝਗੜੇ ਲੰਮੇਂ, ਚਿੜੀ ਦੇ ਖੰਭ ਦੀਆਂ ਡਾਰਾਂ ਬਣਦੀਆਂ ਹਨ। ਇਸ ਵਾਦ-ਵਿਵਾਦ ਵਿਚ ਸੱਸ ਦਾ ਪਲੜਾ ਭਾਰਾ ਰਹਿੰਦਾ ਹੈ। ਧੀਆਂ ਹਮੇਸ਼ਾਂ ਮਾਂ ਦਾ ਸਾਥ ਦੇਂਦੀਆਂ ਹਨ ਤੇ ਕਈ ਵਾਰ ਬਲਦੀ ਉਤੇ ਤੇਲ ਛਿੜਕਦੀਆਂ ਹਨ। ਲੋਕ-ਗੀਤਾਂ ਵਿਚ ਸੱਸ ਨੂੰਹ ਦੇ ਝਗੜੇ-ਝੇੜੇ ਵਲ ਸੰਕੇਤ ਮਿਲਦੇ ਹਨ। ਇਕ ਬੋਲੀ ਵਿਚ, ਦੁਖੀ ਨੂੰਹ, ਆਪਣੀ ਸੱਸ ਦੇ ਨਰਕ ਵਿਚੋਂ ਨਿਕਲਣ ਲਈ, ਪਿਓ ਨੂੰ ਤਰਲੇ ਨਾਲ ਕਹਿੰਦੀ ਹੈ :—

ਯਾ ਤਾਂ ਬਾਪੂ ਮੈਂ ਮਰ ਜਾਂ
ਜਾਂ ਮਰ ਜਾਏ ਕੁੜਮਣੀ ਤੇਰੀ।

ਭਰਾਵਾਂ ਵਿਚ ਅਕਸਰ ਨਿੱਘਾ ਤੇ ਸਨੇਹ ਭਰਿਆ ਵਿਹਾਰ ਹੁੰਦਾ ਹੈ। ਉਹ ਬ੍ਰਿਛ ਦੀਆਂ ਵੱਖੋ ਵੱਖ ਟਹਿਣੀਆਂ ਵਾਂਗ, ਇਕ ਦੂਜੇ ਨੂੰ ਛਾਉਂ ਤੇ ਸ਼ਕਤੀ ਦੇਂਦੇ ਹਨ ਤੇ ਦੁਖ ਸੁਖ ਵਿਚ ਇਕ ਦੂਜੇ ਦੇ ਸ਼ਰੀਕ ਬਣਦੇ ਹਨ। ਵੱਡੇ ਭਰਾ ਨੂੰ ਛੋਟੇ ਭਰਾ ਪਿਉ ਬਰਾਬਰ ਆਦਰ ਮਾਣ ਦੇਂਦੇ ਹਨ। ਵਿਆਹ ਤੋਂ ਪਹਿਲਾਂ ਸਾਰੇ ਭਰਾ, ਗੁਲਦਸਤੇ ਵਾਂਗ ਇਕ ਦੂਜੇ ਨਾਲ ਬਝੇ, ਘਰ ਦੇ ਵਾਤਾਵਰਣ ਵਿਚ ਮਹਿਕ ਖਿੰਡਾਈ ਰਖਦੇ ਹਨ, ਪਰ ਵਿਆਹ ਪਿਛੋਂ ਉਨ੍ਹਾਂ ਵਿਚ ਝਗੜੇ ਝੇੜੇ ਤੇ ਤਕਰਾਰ ਸ਼ੁਰੂ ਹੋ ਜਾਂਦੇ ਹਨ। ਕਿਧਰੇ ਤਾਂ ਇਹ ਝਗੜੇ ਪਰਿਵਾਰਕ ਏਕਤਾ ਤੇ ਘਰੋਗੀ ਸ਼ਾਂਤੀ ਨੂੰ ਭੰਗ ਕਰ ਦੇਂਦੇ ਹਨ। ਜੱਦੀ ਜਾਇਦਾਦ ਦੀ ਵੰਡ ਵੇਲੇ ਵੀ ਕਈ ਵਾਰ ਵਾਤਸਲ ਪਿਆਰ ਤੇ ਲਿਹਾਜ਼ਦਾਰੀ ਨੂੰ ਛਿੱਕੇ ਉਤੇ ਟੰਗ ਦਿਤਾ ਜਾਂਦਾ ਹੈ ਤੇ ਜਨਮ ਤੋਂ ਚਲੀਆਂ ਆ ਰਹੀਆਂ ਸਾਂਝਾਂ ਦੁਸ਼ਮਣੀਆਂ ਵਿਚ ਵਟ ਜਾਂਦੀਆਂ ਹਨ।

ਪੰਜਾਬ ਵਿਚ, ਭੈਣ ਭਰਾ ਦਾ ਰਿਸ਼ਤਾ ਸਭਨਾਂ ਰਿਸ਼ਤਿਆਂ ਤੋਂ ਵਧ ਨਿੱਘਾ, ਨਿਰਮਲ ਅਤੇ ਮੋਹ-ਭਿੱਜਾ ਹੈ। ਦੋਵੇਂ ਅਜਿਹੀ ਅਜ਼ਲੀ ਗੰਢ ਵਿਚ ਬਝੇ ਹੋਏ ਹਨ ਜੋ ਕਦੇ ਛਿਜਦੀ ਨਹੀਂ; ਜਿਸ ਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ। ਨਿੱਕਿਆਂ ਹੁੰਦਿਆਂ ਭੈਣ 'ਕਿਕਲੀ' ਤੇ 'ਖੇਹਨੂੰ' ਦੇ ਗੀਤਾਂ ਵਿਚ ਆਪਣੇ ਵੀਰ ਰਾਜੇ ਦਾ ਜਸ ਗਾਉਂਦੀ ਥਕਦੀ ਨਹੀਂ। ਜਦੋਂ ਉਹ ਪਰਾਈ ਜੂਹ ਵਿਚ ਚਲੀ ਜਾਂਦੀ ਹੈ ਤਾਂ ਸਹੁਰੇ ਘਰ ਉਸ ਨੂੰ ਸਭ ਤੋਂ ਵਧ ਤਾਂਘ ਆਪਣੇ ਵੀਰ ਨੂੰ ਮਿਲਣ ਦੀ ਹੀ ਹੁੰਦੀ ਹੈ। ਦਿਨ ਦਿਹਾਰਾਂ ਉਤੇ ਵੀਰ ਹੀ ਭੈਣ ਦੇ ਘਰ ਸੰਧਾਰਾ ਅਤੇ ਹੋਰ ਸੁਗਾਤਾਂ ਲੈ ਕੇ ਜਾਂਦਾ ਹੈ। ਵਿਆਹ ਢੰਗਾਂ ਵੇਲੇ ਉਸ ਦਾ ਵੀਰ ਹੀ ਉਸ ਨੂੰ ਸਹੁਰੇ ਘਰੋਂ ਪੇਕੇ ਲਿਆਉਂਦਾ ਹੈ। ਵੀਰ ਨੇ ਹੀ ਭੀੜਾ ਵੇਲੇ ਉਸ ਦੀ ਸਾਰ ਲੈਣੀ ਹੁੰਦੀ ਹੈ ਤੇ ਭੈਣ ਦੇ ਮਿੱਠੇ ਸੁਪਨੇ ਵੀਰ ਦੁਆਲੇ ਬੁਣੇ ਹੁੰਦੇ ਹਨ। ਜਿਨ੍ਹਾਂ ਕੁੜੀਆਂ ਦੇ ਵੀਰ ਨਹੀਂ ਹੁੰਦੇ, ਉਹ ਰੱਬ ਅੱਗੇ ਤਰਲੇ ਕਢਦੀਆਂ ਹਨ —

ਇਕ ਵੀਰ ਦਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।

ਆਮ ਤੌਰ ਤੇ ਮਾਪਿਆਂ ਲਈ ਵਿਆਹੀ ਧੀ ਦੇ ਘਰੋਂ ਪਾਣੀ ਦਾ ਘੁਟ ਭਰਨਾ ਨਿਸ਼ੇਧ ਹੈ। ਧਾਰਨਾ ਹੈ ਕਿ ਧੀ ਦੇ ਘਰ ਦਾ ਖਾਧਾ ਹਰ ਪਦਾਰਥ, ਅਗਲੇ ਲੋਕ ਵਿਚ 32 ਗੁਣਾਂ ਵਧ ਦੇਣਾ ਪਏਗਾ। ਜਿਹੜਾ ਸ਼ਖ਼ਸ ਦੇਣ ਤੋਂ ਅਸਮਰਥ ਹੋਵੇਗਾ ਉਹ ਨਰਕਾਂ ਦਾ ਭਾਗੀ ਬਣੇਗਾ। ਕਈ ਕਹਿੰਦੇ ਹਨ ਜੋ ਧੀ ਦੇ ਘਰ ਦਾ ਖਾਂਦੇ ਹਨ, ਉਨ੍ਹਾਂ ਦੀਆਂ ਧੀਆਂ ਅਗਲੇ ਲੋਕ ਵਿਚ ਉਨ੍ਹਾਂ ਦੇ ਸਰੀਰ ਦਾ ਉਤਨਾ ਹੀ ਮਾਸ ਕਟ ਕੇ ਤੇ ਤਲ ਕੇ ਖਾਂਦੀਆਂ ਹਨ। ਇਸ ਸੰਕਲਪ ਦੀ ਪ੍ਰੋੜ੍ਹਤਾ ਕਈ ਮਨੌਤ-ਕਥਾਵਾਂ ਵਿਚ ਕੀਤੀ ਮਿਲਦੀ ਹੈ। ਕਈ ਘਰਾਂ ਵਿਚ ਤਾਂ ਇਸ ਨੇਮ ਦੀ ਇਤਨੀ ਕਰੜਾਈ ਨਾਲ ਪਾਲਨਾ ਹੁੰਦੀ ਹੈ ਕਿ ਵਡੇ ਭੈਣ ਭਰਾ ਵੀ ਛੋਟੀ ਭੈਣ ਦੇ ਘਰੋਂ ਕੋਈ ਚੀਜ਼ ਵਸਤ ਮੂੰਹ ਨਹੀਂ ਲਗਾਂਦੇ।

ਕੁਝ ਦੋਸਤ ਮਿੱਤਰ ਜਿਨ੍ਹਾਂ ਦਾ ਆਪੋ ਵਿਚ ਬਹੁਤਾ ਮੋਹ ਪਿਆਰ ਪੈ ਜਾਂਦਾ ਹੈ, ਧਰਮ ਦਾ ਰਿਸ਼ਤਾ ਕਾਇਮ ਕਰ ਲੈਂਦੇ ਹਨ। ਅਜਿਹੇ ਰਿਸ਼ਤੇ ਨੂੰ ਧਾਰਮਿਕ ਜਾਂ ਸਮਾਜਿਕ ਸਵੀਕ੍ਰਿਤੀ ਦੇਣ ਲਈ, ਇਕ ਵਿਸ਼ੇਸ਼ ਰਸਮ ਵੀ ਕੀਤੀ

ਜਾਂਦੀ ਹੈ। ਜੇ ਦੋ ਦੋਸਤ ਧਰਮ ਦੇ ਭਰਾ ਬਣਨਾ ਚਾਹੁਣ ਤਾਂ ਉਹ ਅਕੀਦੇ ਅਨੁਸਾਰ ਮੰਦਰ ਜਾਂ ਗੁਰਦੁਆਰੇ ਜਾ ਕੇ, ਆਪਣੀਆਂ ਪੱਗਾਂ ਇਕ ਦੂਜੇ ਨਾਲ ਵਟਾ ਲੈਂਦੇ ਹਨ ਤੇ ਫਿਰ ਇਕੋ ਥਾਲੀ ਵਿਚ ਇਕੱਠੇ ਬੈਠ ਕੇ ਰੋਟੀ ਖਾਂਦੇ ਹਨ। ਇਸ ਸਮੇਂ ਕਈ ਵਾਰ ਬਰਾਦਰੀ ਵੀ ਸੱਦ ਲਈ ਜਾਂਦੀ ਹੈ। ਇਸ ਆਪ ਸਿਰਜੇ ਰਿਸ਼ਤੇ ਨੂੰ 'ਪੱਗ ਵਟ' ਭਰਾ ਜਾਂ 'ਧਰਮ ਦੇ ਭਰਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕੋਈ ਲੜਕੀ ਕਿਸੇ ਲੜਕੇ ਦੀ ਵੀਣੀ ਉਤੇ ਮੌਲੀ ਦਾ ਧਾਗਾ/ਰੱਖੜੀ ਬੰਨ੍ਹ ਕੇ, ਉਸ ਦੀ ਧਰਮ ਦੀ ਭੈਣ ਬਣ ਜਾਂਦੀ ਹੈ। ਧਰਮ ਦੇ ਰਿਸ਼ਤਿਆਂ ਨੂੰ ਬੜੀ ਗੰਭੀਰਤਾ ਨਾਲ ਨਿਭਾਹਿਆ ਜਾਂਦਾ ਹੈ ਤੇ ਇਨ੍ਹਾਂ ਨੂੰ ਅਸਲ ਰਿਸ਼ਤੇ ਵਾਲਾ ਹੀ ਦਰਜਾ ਦਿਤਾ ਜਾਂਦਾ ਹੈ।

ਪਿੰਡ ਵਿਚ ਸਾਰੇ ਲੋਕ ਇਕ ਕਟੁੰਬ ਵਾਂਗ ਰਹਿੰਦੇ ਹਨ। ਉਨ੍ਹਾਂ ਵਿਚ ਇਕ ਅਨੂਠੀ ਸਾਂਝ, ਭਾਵਨਾ ਤੇ ਰਵਾਦਾਰੀ ਹੁੰਦੀ ਹੈ। ਗਭਰੂ ਆਪਣੇ ਪਿੰਡ ਦੇ ਬਜ਼ੁਰਗਾਂ ਦਾ ਪੂਰਾ ਸਤਿਕਾਰ ਕਰਦੇ ਹਨ। ਵੱਡਿਆਂ ਨੂੰ ਸੰਬੋਧਨ ਕਰਨ ਦਾ ਢੰਗ ਬੜਾ ਆਦਰ ਭਰਿਆ ਹੈ। ਯੁਵਕ ਵੱਡਿਆਂ ਨੂੰ ਚਾਚਾ; ਤਾਇਆ ਜਾਂ ਬਾਬਾ; ਵੱਡੀਆਂ ਤੀਵੀਆਂ ਨੂੰ ਮਾਸੀ, ਚਾਚੀ ਜਾਂ ਤਾਈ ਕਰ ਕੇ ਸੰਬੋਧਨ ਕਰਦੇ ਹਨ। ਇਕ ਦੀ ਧੀ ਸਾਰੇ ਪਿੰਡ ਦੀ ਧੀ ਧਿਆਣੀ ਸਮਝੀ ਜਾਂਦੀ ਹੈ।

(ਅ-137) **ਅਗੱਥ** :

(1) ਇਕ ਤਾਰਾ ਜੋ 17 ਭਾਦਰੋਂ ਤੋਂ 22 ਭਾਦਰੋਂ ਤਕ ਦੱਖਣ ਦਿਸ਼ਾ ਵਲ ਚੜ੍ਹਦਾ ਹੈ। ਜਦੋਂ ਇਹ ਤਾਰਾ ਉਦੈ ਹੋਵੇ ਤਾਂ ਸਖ਼ਤ ਝੱਖੜ ਅਤੇ ਹਨੇਰੀਆਂ ਝੁਲਦੀਆਂ ਹਨ, ਜਿਨ੍ਹਾਂ ਨਾਲ ਮਕੱਈ ਦੇ ਟਾਂਡੇ ਭੱਜ ਜਾਂਦੇ ਹਨ। ਅਖਾਣ ਹੈ :

ਅਗੱਥ ਮੱਕੀ ਨੂੰ ਬੁਰੀ ਬਲਾ,
ਭੰਨ ਤੋੜ ਕੇ ਕਰੇ ਫ਼ਨਾਹ।
ਇਥੋਂ ਬਚਦੀ ਹੈਗੀ ਤਾਂ,
ਪੰਦਰਾਂ ਵੀਹ ਸਾਵਣ ਬੀਜੇ ਜਾਂ।

ਅਗੱਥ ਦਾ ਨਾਂ ਅਗਸਤ ਰਿਸ਼ੀ ਦੇ ਨਾਂ ਦਾ ਹੀ ਵਿਕ੍ਰਤ ਹੈ। ਧਾਰਨਾ ਹੈ ਕਿ ਅਗਸਤ ਰਿਸ਼ੀ ਨੂੰ ਮਰਨ ਮਗਰੋਂ ਤਾਰੇ ਦੇ ਰੂਪ ਵਿਚ, ਆਕਾਸ਼ ਵਿਚ ਸਥਾਨ ਪ੍ਰਾਪਤ ਹੋਇਆ।

(2) ਇਕ ਵਿਸ਼ੇਸ਼ ਪ੍ਰਕਾਰ ਦਾ ਛੱਤਰ ਜਿਸ ਨੂੰ ਘੋੜੀ ਉਤੇ ਸਵਾਰ ਲਾੜ੍ਹੇ ਦੇ ਸਿਰ ਉਪਰ ਝੁਲਾਇਆ ਜਾਂਦਾ ਹੈ।

(ਅ-138) **ਅੰਗਦ** :

(1) ਕਿਸ਼ਕੰਧਾ ਦੇ ਵਾਨਰ ਰਾਜੇ ਬਾਲੀ ਦਾ ਪੁੱਤਰ, ਜੋ ਤਾਰਾ ਦੇ ਉਦਰ ਤੋਂ ਪੈਦਾ ਹੋਇਆ। ਭਾਵੇਂ ਰਾਮ ਚੰਦਰ ਨੇ ਅੰਗਦ ਦੇ ਪਿਉ ਬਾਲੀ ਦਾ ਬੱਧ ਕੀਤਾ ਸੀ, ਪਰ ਅੰਗਦ ਨੇ, ਰਾਵਣ ਦੇ ਵਿਰੁੱਧ ਲੜਾਈ ਵਿਚ, ਰਾਮ ਚੰਦਰ ਦਾ ਤਨੋਂ ਮਨੋਂ ਸਾਥ ਦਿਤਾ। ਅੰਗਦ ਹਨੂੰਮਾਨ ਵਾਂਗ ਹੀ ਬਲ, ਸਾਹਸ ਤੇ ਵਿਵੇਕ ਦਾ ਮਾਲਕ ਸੀ। ਰਾਮਾਇਣ ਅਨੁਸਾਰ ਅੰਗਦ ਨੇ ਰਾਵਣ ਦੇ ਦਰਬਾਰ ਵਿਚ ਆਪਣਾ ਪੈਰ ਟਿਕਾ ਕੇ ਪ੍ਰਤਿੱਗਿਆ ਕੀਤੀ ਕਿ ਜੇ ਰਾਵਣ ਦੀ ਸੈਨਾ ਦਾ ਕੋਈ ਯੋਧਾ ਉਸ ਦਾ ਪੈਰ ਹਿਲਾ ਦੇਵੇ ਤਾਂ ਉਹ ਸੀਤਾ ਨੂੰ ਮੁਕਤ ਕਰਵਾਉਣ ਦੇ ਸਭ ਯਤਨ ਤਿਆਗ ਦੇਵੇਗਾ, ਪਰ ਰਾਵਣ ਦਾ ਕੋਈ ਇਕ ਯੋਧਾ ਵੀ ਅੰਗਦ ਦੇ ਪੈਰ ਨੂੰ ਹਿਲਾਣ ਵਿਚ ਸਫਲ ਨਾ ਹੋਇਆ।

(2) ਕ੍ਰਿਸ਼ਨ ਦੇ ਭਰਾ ਗਦ ਦਾ ਪੁੱਤਰ ਜੋ ਵ੍ਰਿਹਤੀ ਦੇ ਉਦਰ ਤੋਂ ਜੰਮਿਆ।

(3) ਲਛਮਣ ਦਾ ਇਕ ਪੁੱਤਰ ਜਿਸ ਨੇ ਆਪਣੇ ਨਾਂ ਉਤੇ ਆਂਗਦੀ ਨਗਰੀ ਵਸਾਈ।

(4) ਅੰਗਾਂ ਨੂੰ ਸਜਾਣ ਵਾਲਾ ਇਕ ਗਹਿਣਾ।

(5) ਇਕ ਤਵੀਤ ਜੋ ਸਰੀਰ ਦੀ ਰੱਖਿਆ ਲਈ ਸੱਜੇ ਡੌਲੇ ਉਤੇ ਬੰਨ੍ਹਿਆ ਜਾਂਦਾ ਹੈ। ਇਹ ਤਵੀਤ ਭੂਤ-ਪ੍ਰੇਤ ਅਤੇ ਹੋਰ ਕਰੂਰ ਸ਼ਕਤੀਆਂ ਤੋਂ ਰੱਖਿਆ ਕਰਦਾ ਹੈ।

(ਅ-139) **ਅੰਗਦਾ** :

ਚੰਦਰਮੇਂ ਦੀਆਂ ਸੋਲਾਂ ਕਲਾਂ ਵਿਚੋਂ ਚੌਦਵੀਂ ਕਲਾ; (ਵੇਖੋ : ਸੋਲ੍ਹਾਂ ਕਲਾ)

(ਅ-140) **ਅੰਗਣੀ** :

ਗਾਹ ਗਾਹਣ ਤੋਂ ਬਾਅਦ ਜਦੋਂ ਦਾਣਿਆਂ ਦਾ ਭੰਡਾਰਾ ਸਮੇਟਿਆ ਜਾਂਦਾ ਹੈ ਤਾਂ ਭੋਇੰ ਉਤੇ ਜੋ ਦਾਣੇ ਬਿਖਰੇ ਰਹਿ ਜਾਂਦੇ ਹਨ, ਉਨ੍ਹਾਂ ਨੂੰ

'ਅੰਗਣੀ' ਕਿਹਾ ਜਾਂਦਾ ਹੈ। ਪਿੰਡ ਦੇ ਕਾਮੇ — ਲੋਹਾਰ, ਤਰਖਾਣ, ਮੋਚੀ, ਨਾਈ ਤੇ ਝੀਵਰ ਆਦਿ, ਜੋ ਸਾਰਾ ਸਾਲ ਲੋੜ ਵੇਲੇ ਕਿਸਾਨ ਦੀ ਸੇਵਾ ਵਿਚ ਜੁਟੇ ਰਹਿੰਦੇ ਹਨ, ਇਸ ਅੰਗਣੀ ਉਤੇ ਸਹਿਜ ਰੂਪ ਵਿਚ ਆਪਣਾ ਹੱਕ ਸਮਝਦੇ ਹਨ। ਹਰੇਕ ਇਲਾਕੇ ਵਿਚ ਅੰਗਣੀ ਬਾਰੇ ਵੱਖੋ ਵੱਖਰੇ ਰਵਾਜ ਹਨ। ਕਈ ਥਾਈਂ ਅੰਗਣੀ ਖੇਤ ਵਿਚ ਕੰਮ ਕਰਨ ਵਾਲਿਆਂ ਕਾਮਿਆਂ ਨੂੰ ਦਿਤੀ ਜਾਂਦੀ ਹੈ। ਕਿਧਰੇ ਜ਼ਿਮੀਂਦਾਰ ਕਾਮਿਆਂ ਦੇ ਹਿੱਸੇ ਵਿਚੋਂ ਕੁਝ ਦਾਣੇ ਰਖ ਲੈਂਦਾ ਹੈ ਅਤੇ ਵੱਟੇ ਵਿਚ ਅੰਗਣੀ ਦੇ ਦੇਂਦਾ ਹੈ।

ਜਦੋਂ ਅੰਗਣੀ ਸੰਭਾਲ ਲਈ ਜਾਂਦੀ ਹੈ ਤਾਂ ਹੇਠਾਂ ਮਿੱਟੀ ਵਿਚ ਜੋ ਬਾਕੀ ਵਿਰਲੇ ਦਾਣੇ ਬਚ ਰਹਿੰਦੇ ਹਨ, ਉਨ੍ਹਾਂ ਨੂੰ 'ਕੁਧੀ' ਕਿਹਾ ਜਾਂਦਾ ਹੈ। 'ਕੁਧੀ' ਆਮ ਤੌਰ ਉਤੇ ਮੋਚੀਆਂ ਨੂੰ ਦਾਨ ਕੀਤੀ ਜਾਂਦੀ ਹੈ। 'ਅੰਗਣੀ' ਤੇ 'ਕੁਧੀ' ਬਾਰੇ ਲੋਕ-ਵਿਸ਼ਵਾਸ਼ ਹੈ ਕਿ ਇਹ ਦੋਵੇਂ ਅੰਨ ਕਿਸੇ ਪੋਟਲੀ ਵਿਚ ਬੰਨ੍ਹ ਕੇ ਅਤੇ ਮੰਤਰ ਪੜ੍ਹ ਕੇ ਜੇ ਕਿਸੇ ਧਨੀ ਦੇ ਘਰ ਵਿਚ ਸੁਟ ਦਿਤੇ ਜਾਣ ਤਾਂ ਉਸ ਦੀ ਆਰਥਿਕ ਹਾਲਤ ਦਿਨ ਬਦਿਨ ਨਿਘਰਣ ਲੱਗਦੀ ਹੈ।

(ਅ-141) **ਅਗਨ-ਅਸਤ੍ਰ** :

ਅਗਨੀ ਦੇਵਤੇ ਦਾ ਮੰਤ੍ਰ ਸਿੱਧ ਕਰ ਕੇ ਵੈਰੀ ਉਪਰ ਛੱਡਿਆ ਗਿਆ ਇਕ ਸ਼ਸਤ੍ਰ। ਇਹ ਅਸਤ੍ਰ ਵੈਰੀ ਉਤੇ ਅੱਗ ਦੀ ਵਰਖਾ ਕਰਦਾ ਹੈ। ਤੰਤ੍ਰ ਸ਼ਾਸਤ੍ਰ ਅਤੇ ਪੁਰਾਣਾਂ ਵਿਚ ਇਸ ਅਸਤ੍ਰ ਦਾ ਵਰਨਣ ਆਮ ਹੈ। ਇਸ ਨੂੰ ਅਗਨ ਬਾਣ ਵੀ ਕਿਹਾ ਜਾਂਦਾ ਹੈ। (ਵੇਖੋ : ਅਸਤ੍ਰ)

(ਅ-142) **ਅਗਨ ਸਾਖੀ** :

ਇਕ ਸਹੁੰ ਜੋ ਹਿੰਦੂ ਆਪਣੇ ਕਿਸੇ ਕਥਨ ਦੀ ਸੱਚਾਈ ਵਜੋਂ ਚੁਕਦੇ ਹਨ। ਸ਼ਾਸਤ੍ਰਾਂ ਅਨੁਸਾਰ ਹਰੇਕ ਪ੍ਰਾਣੀ ਇਸ ਸੰਸਾਰ ਵਿਚ ਜੋ ਚੰਗੇ ਮੰਦੇ ਕਰਮ ਕਰਦਾ ਹੈ, ਉਨ੍ਹਾਂ ਦੀ ਸਾਖੀ ਅੱਠ ਦੇਵੀ ਦੇਵਤੇ ਭਰਦੇ ਹਨ। ਉਨ੍ਹਾਂ ਦੇਵਤਿਆਂ ਦੀ ਗਵਾਹੀ ਉਤੇ ਹੀ ਅਗਲੇ ਲੋਕ ਵਿਚ ਪ੍ਰਾਣੀ ਨੂੰ ਆਪਣੇ ਚੰਗੇ ਮੰਦੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਇਨ੍ਹਾਂ ਅੱਠਾਂ ਦੇਵੀ ਦੇਵਤਿਆਂ ਦਾ ਸਾਮੂਹਿਕ ਨਾਉਂ 'ਅਸ਼ਟ ਸਾਖੀ' ਹੈ। ਇਨ੍ਹਾਂ ਵਿਚੋਂ ਹੀ ਇਕ ਦੇਵਤਾ ਅਗਨੀ ਹੈ। (ਵੇਖੋ : ਅਸ਼ਟ ਸਾਖੀ) ਅਗਨੀ ਨੂੰ ਸਾਖੀ ਬਣਾ ਕੇ ਕੀਤੀ ਪ੍ਰਤਿੱਗਿਆ ਪਾਲੀ ਨਾ ਜਾਵੇ ਅਰਥਾਤ ਝੂਠ ਬੋਲਿਆ ਜਾਵੇ ਤਾਂ ਅਗਨ ਦਾਹ-ਸੰਸਕਾਰ ਸਮੇਂ ਉਸ ਪ੍ਰਾਣੀ ਦੀ ਦੇਹ ਨੂੰ ਬੜੇ ਤਸੀਹੇ ਦੇਂਦੀ ਹੈ।

(ਅ-143) **ਅਗਨ ਕੁੰਡ** :

ਸੰਸਕਾਰਾਂ ਵੇਲੇ ਹਵਨ ਦੀ ਅੱਗ ਬਾਲਣ ਲਈ, ਧਰਤੀ ਵਿਚ ਖੋਦਿਆ ਗਿਆ ਟੋਆ। ਇਸ ਟੋਏ ਨੂੰ ਮੰਤ੍ਰਾਂ ਦੁਆਰਾ ਪਵਿਤ੍ਰ ਕਰ ਕੇ ਉਸ ਵਿਚ ਅੱਗ ਬਾਲੀ ਜਾਂਦੀ ਹੈ। ਅੱਜ ਕਲ੍ਹ ਹਵਨ ਦੀ ਅੱਗ ਇਕ ਵਿਸ਼ੇਸ਼ ਪ੍ਰਕਾਰ ਦੇ ਭਾਂਡੇ ਵਿਚ ਬਾਲ ਲੈਂਦੇ ਹਨ, ਜਿਸ ਨੂੰ ਵੀ ਅਗਨ-ਕੁੰਡ ਕਿਹਾ ਜਾਂਦਾ ਹੈ। ਸ਼ਾਸਤਰਾਂ ਵਿਚ ਅਗਨ ਕੁੰਡ ਦੇ ਆਕਾਰ, ਮਿਣਤੀ, ਰੂਪ ਤੇ ਸਥਿਤੀ-ਦਿਸ਼ਾ ਦਾ ਵਰਨਣ ਵੇਰਵੇ ਨਾਲ ਮਿਲਦਾ ਹੈ। 'ਆਮਨਾਯ ਰਹੱਸਯ' ਅਨੁਸਾਰ ਅਗਨ ਕੁੰਡ ਪੂਰਵ ਦਿਸ਼ਾ ਵਿਚ ਚੌਰਸ, ਅਗਨੀ ਕੋਣ ਵਿਚ ਯੋਨੀ ਦੀ ਸ਼ਕਲ ਦਾ, ਦੱਖਣ ਵਿਚ ਅਰਧ-ਚੰਦਰਮੇ ਦੇ ਆਕਾਰ ਦਾ, ਨੈਰਤ ਵਿਚ ਤਿਕੋਨਾ, ਪੱਛਮ ਵਿਚ ਗੋਲ, ਵਾਯੂ ਕੋਣ ਵਿਚ ਛੇਕੋਨਾ, ਉਤਰ ਵਲ ਕਮਲ ਦੇ ਆਕਾਰ ਦਾ ਤੇ ਈਸ਼ਾਨ ਕੋਣ ਵਿਚ ਅੱਠਕੋਨਾ ਹੋਣਾ ਚਾਹੀਦਾ ਹੈ। ਭਵਿਸ਼ ਪੁਰਾਣ ਅਨੁਸਾਰ ਕੁੰਡ ਦੀ ਗਹਿਰਾਈ ਹਵਨ-ਯੱਗਾਂ ਦੀ ਗਿਣਤੀ ਅਨੁਸਾਰ ਹੋਣੀ ਚਾਹੀਦੀ ਹੈ। ਭਾਵ ਪੰਜਾਹ ਹਵਨ ਯੱਗਾਂ ਲਈ ਮੁੱਠੀ ਜਿਤਨਾ, ਹਜ਼ਾਰ ਹਵਨਾਂ ਲਈ ਇਕ ਹੱਥ ਲੰਮਾ ਅਤੇ ਕਰੋੜ ਹਵਨਾਂ ਲਈ ਅੱਠ ਹੱਥ ਲੰਮਾ ਕੁੰਡ ਹੋਣਾ ਚਾਹੀਦਾ ਹੈ।

(ਅ-144) **ਅਗਨ ਬਾਹੂ** :

ਪ੍ਰਿਯਵ੍ਰਤ ਰਾਜੇ ਦਾ ਪੁੱਤਰ ਜੋ ਕਾਮਯਾ ਦੇ ਉਦਰ ਵਿਚੋਂ ਜੰਮਿਆ। ਇਹ ਦਸ ਭਰਾ ਸਨ, ਜਿਨ੍ਹਾਂ ਵਿਚੋਂ ਤਿੰਨਾਂ ਨੇ ਘੋਰ ਤਪੱਸਿਆ ਕੀਤੀ, ਬਾਕੀ ਸੱਤੋ ਭਰਾ ਪ੍ਰਿਯਵ੍ਰਤ ਦੇ ਸਤ ਦੀਪਾਂ ਦੇ ਰਾਜੇ ਬਣੇ। ਅਗਨ ਬਾਹੂ ਨੂੰ ਪੂਰਵ ਜਨਮ ਦੀ ਸਿਮਰਤੀ ਸੀ, ਇਸ ਲਈ ਉਸ ਨੇ ਰਾਜ ਭਾਗ

ਤਿਆਗ ਕੇ ਜੀਵਨ ਭਰ ਤਪੱਸਿਆ ਕੀਤੀ।

(ਅ-145) **ਅਗਨ ਬਾਣ** :

(ਵੇਖੋ : ਅਗਨ ਅਸਤ੍ਰ)

(ਅ-146) **ਅਗਨਾਖ** :

ਪੁਰਾਣਾਂ ਅਨੁਸਾਰ ਸ਼ਿਵਜੀ ਦੀ ਤੀਜੀ ਅੱਖ ਜੋ ਉਸ ਦੇ ਮੱਥੇ ਵਿਚ ਸਥਿਤ ਹੈ। ਇਸ ਅੱਖ ਵਿਚ ਅਗਨੀ ਦਾ ਨਿਵਾਸ ਹੈ। ਸ਼ਿਵਜੀ ਹਮੇਸ਼ਾਂ ਤੀਜੀ ਅੱਖ ਮੀਟੀ ਰਖਦਾ ਹੈ, ਪਰ ਜਦੋਂ ਉਹ ਇਸ ਅੱਖ ਨੂੰ ਖੋਲ੍ਹ ਕੇ ਕਿਸੇ ਵਲ ਵੇਖਦਾ ਹੈ ਤਾਂ ਛਿਣ ਵਿਚ ਉਸ ਪ੍ਰਾਣੀ ਦਾ ਨਾਸ਼ ਹੋ ਜਾਂਦਾ ਹੈ। ਸ਼ਿਵ ਨੇ ਇਸੇ ਅੱਖ ਨਾਲ ਕਾਮਦੇਵ ਨੂੰ ਭਸਮ ਕੀਤਾ ਸੀ। ਪ੍ਰਲੈ ਸਮੇਂ ਸ਼ਿਵ ਦੀ ਇਹੋ ਅੱਖ ਖੁਲ੍ਹੀ ਹੁੰਦੀ ਹੈ।

(ਅ-147) **ਅਗਨਾਯੀ** :

ਅਗਨੀ ਦੇਵਤੇ ਦੀ ਪਤਨੀ; ਹਿੰਦੂ ਪੁਰਾਣ-ਧਾਰਾ ਵਿਚ ਅਗਨਾਯੀ ਨੂੰ ਕੋਈ ਮਹੱਤਤਾ ਪ੍ਰਾਪਤ ਨਹੀਂ ਹੋਈ।

(ਅ-148) **ਅਗਨੀਕੁਲ** :

ਰਾਜਪੂਤਾਂ ਦੀ ਇਕ ਵੰਸ਼ ਜਿਸ ਦੀ ਉਤਪੱਤੀ ਵਿਸ਼ਵਾਮਿਤ੍ਰ ਦੁਆਰਾ ਹੋਈ। ਵਿਸ਼ਵਾਮਿਤ੍ਰ ਨੇ ਕੁਝ ਰਿਸ਼ੀਆਂ ਨੂੰ ਸੱਦ ਕੇ ਆਬੂ ਪਹਾੜ ਉਤੇ ਇਕ ਭਾਰੀ ਯੱਗ ਕੀਤਾ। ਫਲਸਰੂਪ ਹਵਨ-ਕੁੰਡ ਵਿਚੋਂ ਚਾਰ ਪ੍ਰਤਿਭਾਸ਼ਾਲੀ ਯੋਧੇ ਉਤਪੰਨ ਹੋਏ, ਜਿਨ੍ਹਾਂ ਦੇ ਨਾਉਂ ਸਨ — ਪਰਮਾਰ, ਚੌਹਾਨ, ਸੋਲੰਕੀ ਅਤੇ ਪ੍ਰਹਾਰ। ਉਨ੍ਹਾਂ ਚੌਹਾਂ ਤੋਂ ਏਨਾਂ ਨਾਵਾਂ ਦੀਆਂ ਚਾਰ ਰਾਜਪੂਤ-ਕੁਲਾਂ ਦਾ ਮੁੱਢ ਬਝਿਆ। ਇਹ ਚਾਰੇ ਕੁਲਾਂ ਅਗਨੀ ਕੁਲਾਂ ਪ੍ਰਸਿਧ ਹੋਈਆਂ।

ਇਨ੍ਹਾਂ ਚੌਹਾਂ ਨੂੰ ਅਗਨੀ ਧਰਾ ਰਾਜਪੂਤ ਵੀ ਕਿਹਾ ਜਾਂਦਾ ਹੈ। ਕਿਉਂ ਜੋ ਇਨ੍ਹਾਂ ਕੁਲਾਂ ਦੀ ਉਤਪੱਤੀ ਕਰਨ ਵਾਲੇ ਵਿਸ਼ਵਾਮਿਤ੍ਰ ਰਿਸ਼ੀ ਇਸੇ ਉਪਾਧੀ ਨਾਲ ਪ੍ਰਸਿਧ ਸਨ।

(ਅ-149) **ਅਗਨੀ ਦੇਵਤਾ** :

ਹਿਦੂਆਂ ਦਾ ਇਕ ਪ੍ਰਸਿਧ ਦੇਵਤਾ; ਅਗਨੀ ਪ੍ਰਾਚੀਨ ਦੇਵਤਿਆਂ ਵਿਚੋਂ ਇਕ ਹੈ। ਵੈਦਿਕ ਕਾਲ ਵਿਚ ਇਸ ਦੇਵਤੇ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਸੀ ਅਤੇ ਉਹ ਤਿੰਨ ਪ੍ਰਮੁਖ ਦੇਵਤਿਆਂ ਵਿਚੋਂ ਇਕ ਸੀ; ਬਾਕੀ ਦੋ ਦੇਵਤੇ ਵਾਯੂ (ਇੰਦਰ) ਅਤੇ ਸੂਰਯ ਸਨ। ਇਨ੍ਹਾਂ ਤਿੰਨਾਂ ਦੇਵਤਿਆਂ ਦਾ ਕ੍ਰਮਵਾਰ ਪ੍ਰਿਥਵੀ, ਪੁਲਾੜ ਤੇ ਆਕਾਸ਼ ਉਤੇ ਪੂਰਨ ਅਧਿਕਾਰ ਮੰਨਿਆ ਜਾਂਦਾ ਸੀ। ਵੇਦਾਂ ਵਿਚ ਸਭ ਤੋਂ ਵਧ ਰਿਚਾਂ, ਇੰਦਰ ਤੋਂ ਛੁਟ ਅਗਨੀ ਦੇਵਤੇ ਨੂੰ ਹੀ ਸੰਬੋਧਨ ਕੀਤੀਆਂ ਗਈਆਂ ਹਨ, ਜਿਸ ਤੋਂ ਸਹਿਜ ਰੂਪ ਵਿਚ ਇਸ ਦੇਵਤੇ ਦੀ ਪ੍ਰਤਿਸ਼ਠਾ ਸਿਧ ਹੁੰਦੀ ਹੈ।

ਅਗਨੀ ਦੇਵਤੇ ਦੀ ਉਤਪੱਤੀ ਬਾਰੇ ਕਈ ਪੌਰਾਣਿਕ ਕਥਾਵਾਂ ਮਿਲਦੀਆਂ ਹਨ। ਕਿਧਰੇ ਅਗਨੀ ਨੂੰ ਬ੍ਰਹਮਾ ਦਾ ਪੁੱਤਰ ਦਸਿਆ ਹੈ ਅਤੇ ਕਿਧਰੇ ਦਯੌਸ ਤੋਂ ਪ੍ਰਿਥਵੀ ਦੀ ਸੰਤਾਨ। ਇਕ ਪੌਰਾਣਿਕ ਕਥਾ ਅਨੁਸਾਰ ਅਗਨੀ ਅੰਗੀਰਸ ਦਾ ਪੁੱਤਰ ਸੀ; ਇਕ ਹੋਰ ਕਥਾ ਅਗਨੀ ਨੂੰ ਕੇਸ਼ਪ ਤੋਂ ਅਦਿਤੀ ਦੀ ਸੰਤਾਨ ਦਰਸਾਂਦੀ ਹੈ। ਇਕ ਪੌਰਾਣਿਕ ਕਥਾ ਅਨੁਸਾਰ ਅਗਨੀ ਦੇਵਤੇ ਦੀ ਉਤਪੱਤੀ ਕੰਵਲ ਫੁੱਲ ਵਿਚੋਂ ਹੋਈ। ਅਗਨੀ ਦੀ ਪਾਲਨਾ ਭਿਰਗੂ ਰਿਸ਼ੀ ਨੇ ਕੀਤੀ ਤਾਂ ਜੋ ਉਹ ਪ੍ਰਿਥਵੀ ਨੂੰ ਆਪਣੀ ਨਿੱਘ ਨਾਲ ਨਿਵਾਜਦਾ ਰਹੇ।

ਵਿਸ਼ਨੂੰ ਪੁਰਾਣ ਵਿਚ ਅਗਨੀ ਦੇਵਤੇ ਨੂੰ ਬ੍ਰਹਮਾ ਦਾ ਵੱਡਾ ਪੁੱਤਰ ਦਸਿਆ ਹੈ। ਉਸ ਦਾ ਵਿਆਹ ਸ੍ਵਾਹਾ ਨਾਲ ਹੋਇਆ ਜਿਸ ਤੋਂ ਪਾਵਕ, ਪਵਮਾਨ ਤੇ ਸ਼ੁਚੀ ਨਾਂ ਦੇ ਤਿੰਨ ਪੁੱਤਰ ਜੰਮੇ। ਇਨ੍ਹਾਂ ਤਿੰਨਾਂ ਦੇ ਅੱਗੋਂ ਹੋਰ ਪੰਜਤਾਲੀ ਪੁੱਤਰ ਹੋਏ। ਇਸ ਵੰਸ਼ ਦੇ ਤਿੰਨਾਂ ਪੁਸ਼ਤਾਂ ਵਿਚ ਕੁਲ 49 ਵਿਅੱਕਤੀ ਪੈਦਾ ਹੋਏ, ਜਿਨ੍ਹਾਂ ਨਾਲ ਉਨਿੰਜਾ ਪ੍ਰਕਾਰ ਦੀਆਂ ਅਗਨੀਆਂ ਸੰਬੰਧਿਤ ਹਨ। ਵਾਯੂ ਪੁਰਾਣ ਵਿਚ ਇਨ੍ਹਾਂ 49 ਅਗਨੀਆਂ ਦਾ ਵਿਸਥਾਰ ਪੂਰਵਕ ਵਰਨਣ ਮਿਲਦਾ ਹੈ। (ਵੇਖੋ : ਉਨਿੰਜਾ ਅਗਨੀਆਂ)

ਮਹਾਂਭਾਰਤ ਅਨੁਸਾਰ ਅਗਨੀ ਦੇਵਤਾ ਜਦੋਂ ਬਹੁਤ ਸਾਰੀਆਂ ਅਹੂਤੀਆਂ ਲੈਣ ਕਰ ਕੇ, ਆਪਣੀ ਸਮਰੱਥਾ ਸ਼ਕਤੀ ਗੰਵਾ ਬੈਠਾ ਤਾਂ ਆਪਣੇ ਅੰਦਰ ਪੁਨਰ-ਸ਼ਕਤੀ ਉਤਪੰਨ ਕਰਨ ਲਈ ਉਸ ਨੇ ਖਾਂਡਵ ਬਣ ਨੂੰ ਭਸਮ ਕਰਨਾ ਚਾਹਿਆ।

ਇੰਦਰ ਨੇ ਅਗਨੀ ਨੂੰ ਇਸ ਕੰਮ ਤੋਂ ਵਰਜਿਆ, ਪਰ ਅਗਨੀ ਦੇਵਤੇ ਨੇ ਕ੍ਰਿਸ਼ਨ ਅਤੇ ਅਰਜਨ ਦੀ ਮਦਦ ਨਾਲ ਆਪਣੀ ਇਹ ਚੇਸ਼ਟਾ ਪੂਰੀ ਕਰਨੀ ਚਾਹੀ। ਕ੍ਰਿਸ਼ਨ ਤੇ ਅਰਜਨ ਖਾਂਡਵ ਬਣ ਦੇ ਦੋਹਾਂ ਸਿਰਿਆਂ ਉਤੇ ਖੜੇ ਰਹੇ ਤਾਂ ਜੋ ਕੋਈ ਵੀ ਪ੍ਰਾਣੀ ਬਣ ਵਿਚੋਂ ਬਚ ਕੇ ਨਿਕਲ ਨਾ ਸਕੇ। ਅਗਨੀ ਨੇ ਸਾਰਾ ਬਣ ਭਸਮ ਕਰ ਦਿਤਾ। ਅਗਨੀ ਨੇ ਇਸ ਸਹਾਇਤਾ ਦੇ ਬਦਲੇ ਕ੍ਰਿਸ਼ਨ ਨੂੰ ਗਦਾ ਅਤੇ ਅਰਜਨ ਨੂੰ ਗਾਂਡੀਵ ਧਨੁਸ਼ ਪ੍ਰਦਾਨ ਕੀਤਾ।

ਇਕ ਹੋਰ ਪੌਰਾਣਿਕ ਕਥਾ ਅਨੁਸਾਰ ਅਗਨੀ ਦੇਵਤੇ ਨੇ, ਭਿਰਗੂ ਦੀ ਪਤਨੀ ਨੂੰ ਧੋਖੇ ਨਾਲ ਦੈਂਤਾਂ ਦੇ ਹਵਾਲੇ ਕਰ ਦਿਤਾ। ਭਿਰਗੂ ਨੇ ਕਰੋਧ ਵਿਚ ਆ ਕੇ ਅਗਨੀ ਦੇਵਤੇ ਨੂੰ ਸਰਾਪ ਦਿਤਾ ਕਿ ਤੂੰ ਭਖ-ਅਭਖ ਨਿਗਲਣ ਕਰ ਕੇ ਹਮੇਸ਼ਾਂ ਦੁਰਕਾਰਿਆ ਜਾਂਦਾ ਰਹੇਂਗਾ। ਅਗਨੀ ਦੇਵਤੇ ਨੇ ਰੋਸ ਵਜੋਂ ਆਪਣੇ ਆਪ ਨੂੰ ਉਦੋਂ ਤਕ ਛੁਪਾਈ ਰਖਿਆ, ਜਦੋਂ ਤਕ ਦੇਵਤਿਆਂ ਤੇ ਮਾਤ-ਲੋਕ ਦੇ ਜੀਵਾਂ ਨੇ ਇਹ ਗੱਲ ਪ੍ਰਵਾਨ ਨਾ ਕਰ ਲਈ ਕਿ ਅਗਨੀ ਦੇਵਤਾ ਹਮੇਸ਼ਾਂ ਪਵਿੱਤਰ ਹੈ ਅਤੇ ਭਖ ਅਭਖ ਨਿਗਲਣ ਮਗਰੋਂ ਵੀ ਨਿਰਲੇਪ ਹੈ।

ਅਗਨੀ ਦੇਵਤੇ ਦਾ ਸਰੂਪ ਬੜਾ ਅਲੌਕਿਕ ਹੈ। ਉਸ ਦੇ ਚਿਹਰੇ ਦਾ ਰੰਗ ਲਾਲ ਸੂਹਾ ਹੈ। ਉਸ ਦੇ ਦੋ ਮੂੰਹ ਤੇ ਸੱਤ ਜੀਭਾਂ ਹਨ, ਜਿਨ੍ਹਾਂ ਨਾਲ ਉਹ ਯੱਗ ਦੇ ਵੇਲੇ ਘਿਉ ਅਤੇ ਹੋਰ ਸਾਮਗ੍ਰੀ ਚਟਦਾ ਹੈ। ਅਗਨੀ ਆਪਣੇ ਦੋ ਵੱਡੇ ਦੰਦਾਂ ਨਾਲ ਦੁਸ਼ਮਣ ਨੂੰ ਮੂੰਹ ਵਿਚ ਪਾ ਕੇ ਨਿਗਲ ਜਾਂਦਾ ਹੈ। ਕਈ ਵਾਰ ਅਗਨੀ ਨੂੰ ਤਿੰਨ ਸਿਰਾਂ ਤੇ ਚਾਰ ਹੱਥਾਂ ਵਾਲੇ ਦੇਵਤੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜੋ ਸੱਤ ਪ੍ਰਕਾਰ ਦੀਆਂ ਲਾਟਾਂ ਛੱਡਦਾ ਤੇ ਕਾਲੇ ਰੰਗ ਦੇ ਕਪੜੇ ਪਹਿਨਦਾ ਹੈ। ਅਗਨੀ ਨੇ ਹੱਥ ਵਿਚ ਲਾਟਾਂਦਾਰ ਬਰਛਾ ਧਾਰਨ ਕੀਤਾ ਹੋਇਆ ਹੈ। ਉਸ ਦਾ ਰਥ ਲਾਲ ਰੰਗ ਦੇ ਘੋੜੇ ਖਿਚਦੇ ਹਨ। ਸੱਤੇ ਪੌਣਾਂ ਉਸ ਦੇ ਰਥ ਦੇ ਪਹੀਏ ਹਨ। ਧੂੰਆਂ ਉਸ ਦੀ ਧੁਜਾ ਅਤੇ ਸਿਰ ਦਾ ਮੁਕਟ ਹੈ। ਇਕ ਭੇਡੂ ਹਮੇਸ਼ਾਂ ਉਸ ਦੇ ਨਾਲ ਰਹਿੰਦਾ ਹੈ, ਜਿਸ ਉਤੇ ਉਹ ਲੋੜ ਪੈਣ ਤੇ ਸਵਾਰੀ ਵੀ ਕਰਦਾ ਹੈ।

ਪ੍ਰਿਥਵੀ ਉਤੇ ਹਰ ਘਰ ਵਿਚ ਅਗਨੀ ਦੇਵਤੇ ਦਾ ਨਿਵਾਸ ਹੈ। ਜਿਥੇ ਅਗਨੀ ਠੀਕ ਵਿਧੀ ਨਾਲ ਬਲ ਰਹੀ ਹੋਵੇ ਉਥੇ ਅਗਨੀ ਦੇਵਤੇ ਦਾ ਪ੍ਰਵੇਸ਼ ਹੁੰਦਾ ਹੈ। ਇਸੇ ਲਈ ਕਈ ਹਿੰਦੂ ਬਲਦੀ ਅਗਨ ਨੂੰ ਫੋਲਦੇ ਜਾਂ ਛੇੜਦੇ ਨਹੀਂ, ਤਾਂ ਜੋ ਕਿਧਰੇ ਦੇਵਤਾ ਨਰਾਜ਼ ਹੋ ਕੇ ਚਲਾ ਨਾ ਜਾਵੇ। ਅਗਨੀ ਉਤੇ ਜੂਠਾ ਪਾਣੀ ਪਾਉਣਾ ਦੇਵਤੇ ਦਾ ਅਪਮਾਨ ਕਰਨਾ ਹੈ।

ਅਗਨੀ ਦੇਵਤਾ ਸੰਸਾਰ ਦੇ ਪ੍ਰਾਣੀਆਂ ਤੇ ਦੇਵਤਿਆਂ ਵਿਚਕਾਰ ਇਕ ਸਹਿਜ ਕੜੀ ਹੈ। ਸ਼ਰਧਾਲੂ ਜੋ ਸਾਮਗ੍ਰੀ ਇਸ ਲੋਕ ਵਿਚ ਕਿਸੇ ਦੇਵਤੇ ਨਮਿਤ ਅਗਨੀ ਨੂੰ ਭੇਟ ਕਰਦੇ ਹਨ, ਅਗਨੀ ਉਸ ਸਾਮਗ੍ਰੀ ਨੂੰ ਉਸੇ ਰੂਪ ਅਤੇ ਮਾਤਰਾ ਵਿਚ ਸੰਬੰਧਿਤ ਦੇਵਤੇ ਕੋਲ ਪਹੁੰਚਾ ਦੇਂਦਾ ਹੈ। ਇਸੇ ਭਾਵ ਨਾਲ ਹਿੰਦੂ ਪਵਿੱਤਰ ਮੌਕਿਆਂ ਅਤੇ ਸੰਸਕਾਰਾਂ ਸਮੇਂ ਅਗਨੀ ਦੇਵਤੇ ਦੀ ਅਰਾਧਨਾ ਤੇ ਯੱਗ ਕਰਦੇ ਹਨ।

ਹਿੰਦੂ ਅਗਨੀ ਦੇਵਤੇ ਨੂੰ ਦਾਹ ਸੰਸਕਾਰ ਦੁਆਰਾ ਮ੍ਰਿਤਕ ਦੇਹ ਦੀ ਭੇਟ ਕਰਦੇ ਹਨ। ਧਾਰਨਾ ਹੈ ਕਿ ਅਗਨੀ ਦੇਵਤਾ ਸਰੀਰ ਨੂੰ ਉਸੇ ਰੂਪ ਵਿਚ, ਅਗਲੇ ਲੋਕ ਵਿਚ ਪਹੁੰਚਾ ਦੇਂਦਾ ਹੈ। ਇਕ ਹੋਰ ਧਾਰਨਾ ਅਨੁਸਾਰ ਅਗਨੀ ਦੇਵਤਾ ਸਰੀਰ ਨੂੰ ਸਾੜ ਕੇ ਭਸਮ ਕਰ ਦੇਂਦਾ ਹੈ, ਪਰ ਉਹ ਜੀਵਾਤਮਾ ਨੂੰ ਸ਼ੁਧ ਕਰ ਕੇ ਉਸ ਨੂੰ ਅਮਰ ਅੰਸ਼ਾਂ ਸਮੇਤ ਸਵਰਗ ਵਿਚ ਪਹੁੰਚਾ ਦੇਂਦਾ ਹੈ।

ਅਗਨੀ ਦੇਵਤਾ ਲੋਕਾਂ ਦੇ ਕਰਮਾਂ ਦਾ ਸਾਖੀ ਮੰਨਿਆ ਗਿਆ ਹੈ। (ਵੇਖੋ : ਅਸ਼ਟ ਸਾਖੀ) ਇਸੇ ਲਈ ਹਰ ਸੰਸਕਾਰ ਵੇਲੇ ਹਿੰਦੂ ਅਗਨੀ ਦੀ ਅਰਾਧਨਾ ਕਰਦੇ ਹਨ। ਅਗਨੀ ਦੇਵਤਾ ਅੱਠ ਲੋਕਪਾਲਾਂ ਵਿਚੋਂ ਇਕ ਹੈ ਅਤੇ ਉਹ ਦੱਖਣ-ਪੂਰਬੀ ਦਿਸ਼ਾ ਦਾ ਰੱਖਿਅਕ ਹੈ। ਉਸ ਦੇ ਅਧੀਨ ਜੋ ਖੇਤਰ ਹੈ ਉਸ ਨੂੰ ਪੁਰਜਯੋਤਿਸ਼ ਕਹਿੰਦੇ ਹਨ।

(ਅ-150) **ਅਗਨੀਧਰਾ** :

(ਵੇਖੋ : ਅਗਨੀ ਕੁਲ)

**(ਅ-151) ਅਗਨੀ ਪ੍ਰੀਖਿਆ :**

ਸੱਚ ਤੇ ਝੂਠ ਦੇ ਨਿਤਾਰੇ ਜਾਂ ਸਤੀਤਵ ਦੇ ਪਰਖਣ ਦੀ ਇਕ ਲੋਕ-ਵਿਧੀ; ਲੋਕ-ਨਿਸਚੇ ਅਨੁਸਾਰ ਜੋ ਸ਼ਖਸ ਅੱਗ ਵਰਗੀ ਭਿਅੰਕਰ ਤੇ ਵਿਨਾਸ਼ਕਾਰੀ ਵਸਤੂ ਨੂੰ ਛੂਹ ਕੇ ਵੀ ਬੇਦਾਗ ਰਹਿ ਜਾਂਦਾ ਹੈ, ਉਹ ਸ਼ੁਧ ਤੇ ਪਵਿਤ੍ਰ ਹੈ। ਇਸੇ ਲਈ ਪ੍ਰਾਚੀਨ ਕਾਲ ਤੋਂ ਇਸਤ੍ਰੀਆਂ ਦੇ ਨਾਰੀਤਵ ਅਤੇ ਅਪਰਾਧੀਆਂ ਦੀ ਨਿਰਦੋਸ਼ਤਾ ਦੀ ਪਰਖ ਕਰਨ ਲਈ ਇਸਤ੍ਰੀ/ਅਪਰਾਧੀ ਨੂੰ ਅੱਗ ਵਿਚ ਹੱਥ ਪਾਉਣ/ਲੰਘਣ ਦਾ ਆਦੇਸ਼ ਦਿਤਾ ਜਾਂਦਾ ਸੀ। ਜੇ ਉਸ ਪ੍ਰਾਣੀ ਨੂੰ ਕੋਈ ਆਂਚ ਨਾ ਆਵੇ ਤਾਂ ਉਸ ਨੂੰ ਨਿਰਦੋਸ਼ ਸਮਝਿਆ ਜਾਂਦਾ। ਅਗਨੀ ਪ੍ਰੀਖਿਆ ਦੀਆਂ ਕਈ ਵਿਧੀਆਂ ਹਨ —

(ੳ) ਤੇਲ ਦੇ ਤਪਦੇ ਕੜਾਹੇ ਵਿਚ ਹੱਥ ਪਾਉਣਾ।

(ਅ) ਲੋਹੇ ਦੀ ਸਲਾਖ਼ ਅੱਗ ਵਿਚ ਲਾਲ ਕਰ ਕੇ ਸਰੀਰ ਦੇ ਕਿਸੇ ਅੰਗ ਉਤੇ ਲਗਾਣੀ।

(ੲ) ਅੱਗ ਦੀ ਚਿਖਾ ਵਿਚ ਬਿਠਾਣਾ।

ਅਗਨੀ ਪ੍ਰੀਖਿਆ ਸਮੇਂ ਜੇ ਕਿਸੇ ਇਸਤ੍ਰੀ ਦਾ ਅੰਗ ਜਲ ਜਾਵੇ ਤਾਂ ਉਹ ਦੁਸ਼ਟ ਤੇ ਚਰਿਤ੍ਰਹੀਨ ਮੰਨੀ ਜਾਂਦੀ ਸੀ। ਰਾਮਾਇਣ ਅਨੁਸਾਰ ਰਾਮ ਚੰਦਰ ਨੇ ਸੀਤਾ ਦੇ ਨਾਰੀਤਵ ਦੀ ਅਗਨ-ਪ੍ਰੀਖਿਆ ਕੀਤੀ। ਸੀਤਾ ਚਿਖਾ ਦੀ ਪ੍ਰਦਖਣਾ ਕਰ ਕੇ ਬਲਦੀ ਚਿਖਾ ਵਿਚ ਕੁਦ ਪਈ। ਅਗਨੀ ਦੇਵ ਮਾਨਵ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਸੀਤਾ ਨੂੰ ਉਠਾ ਕੇ ਬਾਹਰ ਲੈ ਆਇਆ।

ਸਿਮਰਤੀਆਂ ਵਿਚ ਅਗਨੀ ਪ੍ਰੀਖਿਆ ਦੀ ਵਿਧੀ ਇਸ ਪ੍ਰਕਾਰ ਮਿਲਦੀ ਹੈ — ਪੱਛਮ ਤੇ ਪੂਰਬ ਵਲ ਗਊ ਦੇ ਗੋਹੇ ਨਾਲ ਅਗਨੀ, ਕਰੁਣ, ਵਾਯੂ, ਯਮ, ਇੰਦ੍ਰ, ਕੁਬੇਰ, ਸੋਮ, ਸਵਿਤਾ ਤੇ ਵਿਸ਼ਵਦੇਵ ਨਮਿਤ ਨੌਂ ਮੰਡਲ ਬਣਾਏ ਜਾਣ। ਹਰੇਕ ਮੰਡਲ ਸੋਲ੍ਹਾਂ ਉਂਗਲਾਂ ਦੇ ਅਰਧ ਵਿਆਸ ਦਾ ਹੋਵੇ ਅਤੇ ਦੋ ਮੰਡਲਾਂ ਵਿਚ ਸੋਲ੍ਹਾਂ ਉਂਗਲਾਂ ਦੀ ਵਿਥ ਹੋਣੀ ਲਾਜ਼ਮੀ ਹੈ। ਹਰੇਕ ਮੰਡਲ ਨੂੰ ਕੁਸ਼ਾ ਘਾਹ ਨਾਲ ਢਕ ਦਿਤਾ ਜਾਵੇ। ਪ੍ਰੀਖਿਆ ਦੇਣ ਵੇਲੇ ਵਿਅੱਕਤੀ ਇਸੇ ਘਾਹ ਉਤੇ ਤੁਰਦਾ ਹੈ। ਮੰਡਲ ਤਿਆਰ ਹੋਣ ਤਕ ਲੋਹਾਰ ਅੱਠ ਉਂਗਲ ਲੰਮੇ ਲੋਹੇ ਦੇ ਗੋਲੇ ਨੂੰ ਅੱਗ ਵਿਚ ਖ਼ੂਬ ਗਰਮ ਕਰੇ। ਪ੍ਰੀਖਿਆ ਲੈਣ ਵਾਲਾ ਬ੍ਰਾਹਮਣ, ਪ੍ਰੀਖਿਆ ਦੇਣ ਵਾਲੇ ਸ਼ਖ਼ਸ ਦੇ ਹੱਥ ਉਪਰ ਪਿੱਪਲ ਦੇ ਸੱਤ ਪੱਤੇ ਰਖੇ; ਫਿਰ ਉਨ੍ਹਾਂ ਉਪਰ ਤਪੇ ਲੋਹੇ ਦਾ ਗੋਲਾ ਰਖਿਆ ਜਾਵੇ। ਇਸ ਤੋਂ ਬਾਅਦ ਪ੍ਰੀਖਿਆਰਥੀ ਪਹਿਲੇ ਮੰਡਲ ਤੋਂ ਅਠਵੇਂ ਮੰਡਲ ਤਕ ਹੌਲੇ ਹੌਲੇ ਤੁਰੇ ਅਤੇ ਨੌਵੇਂ ਮੰਡਲ ਵਿਚ ਜਾ ਕੇ ਉਹ ਲੋਹਾ ਹੇਠਾਂ ਸੁਟ ਦੇਵੇ। ਜੇ ਉਸ ਦੇ ਹੱਥਾਂ ਉਤੇ ਕੋਈ ਆਂਚ ਨਾ ਆਵੇ ਜਾਂ ਛਾਲਾ ਨਾ ਪਏ ਤਾਂ ਉਹ ਨਿਰਦੋਸ਼ ਹੈ।

ਅਗਨੀ ਪ੍ਰੀਖਿਆ ਬਾਰੇ ਕਈ ਲੋਕ-ਕਹਾਣੀਆਂ ਪ੍ਰਚਲਤ ਹਨ। ਇਕ ਦਿਲਚਸਪ ਕਥਾ ਇਸ ਪ੍ਰਕਾਰ ਹੈ — ਇਕ ਰਾਜੇ ਨੂੰ ਆਪਣੀ ਰਾਣੀ ਦੇ ਨਾਰੀਤਵ ਉਤੇ ਸੰਦੇਹ ਸੀ। ਉਸ ਨੇ ਰਾਣੀ ਦੀ ਅਗਨ ਪ੍ਰੀਖਿਆ ਲਈ ਮੰਡਲ ਤਿਆਰ ਕਰਵਾਇਆ। ਰਾਣੀ ਦਾ ਪ੍ਰੇਮੀ ਵੀ ਸਾਧੂ ਦਾ ਰੂਪ ਧਾਰ ਕੇ ਉਸ ਮੰਡਲ ਦੇ ਨੇੜੇ ਆ ਬੈਠਾ। ਜਦੋਂ ਰਾਣੀ ਅਗਨੀ ਪ੍ਰੀਖਿਆ ਦੇਣ ਲੱਗੀ ਤਾਂ ਸਾਧੂ ਦੇ ਰੂਪ ਵਿਚ ਬੈਠੇ ਪ੍ਰੇਮੀ ਨੇ ਰਾਣੀ ਦਾ ਹੱਥ ਫੜ ਕੇ ਉਸਨੂੰ ਅਗਨੀ ਪ੍ਰੀਖਿਆ ਤੋਂ ਰੋਕ ਲਿਆ। ਰਾਣੀ ਨੇ ਸ਼ੋਰ ਮਚਾ ਦਿਤਾ ਕਿ ਸਾਧੂ ਨੇ ਉਸ ਨੂੰ ਛੂਹ ਕੇ ਉਹਦਾ ਨਾਰੀਤਵ ਭ੍ਰਿਸ਼ਟ ਕਰ ਦਿਤਾ ਹੈ। ਇਸ ਲਈ ਹੁਣ ਉਹ ਅਗਨੀ ਪ੍ਰੀਖਿਆ ਦੇਣ ਤੋਂ ਅਸਮਰਥ ਹੈ। ਪਰ ਜਦੋਂ ਰਾਜੇ ਨੇ ਉਸ ਨੂੰ ਅਗਨੀ ਪ੍ਰੀਖਿਆ ਲਈ ਮਜਬੂਰ ਕੀਤਾ ਤਾਂ ਰਾਣੀ ਇਹ ਕਹਿੰਦੀ ਹੋਈ ਅਗਨੀ ਪ੍ਰੀਖਿਆ ਲਈ ਨਿਤਰੀ ਕਿ ਰਾਜੇ ਅਤੇ ਉਸ ਵਿਅੱਕਤੀ ਤੋਂ ਬਗ਼ੈਰ ਜੇ ਉਸ ਨੇ ਕਿਸੇ ਹੋਰ ਨਾਲ ਆਲਿੰਗਨ ਕੀਤਾ ਹੋਵੇ ਤਾਂ ਅਗਨੀ ਦੇਵਤਾ ਉਸ ਨੂੰ ਜਲਾ ਦੇਵੇ। ਸੋ, ਉਹ ਅਗਨੀ ਪ੍ਰੀਖਿਆ ਵਿਚ ਪੂਰੀ ਉਤਰੀ ਤੇ ਰਾਜੇ ਨੇ ਉਸ ਨੂੰ ਅੰਗੀਕਾਰ ਕਰ ਲਿਆ।

ਕਈ ਹੋਰ ਵਿਧੀਆਂ ਨਾਲ ਵੀ ਪ੍ਰੀਖਿਆ ਕੀਤੀ ਜਾਂਦੀ ਸੀ। ਜਿਵੇਂ ਕਿਸੇ ਪ੍ਰਾਣੀ ਨੂੰ ਪਾਣੀ ਵਿਚ ਡਬੋਣਾ ਜਿਸ ਨੂੰ 'ਜਲਦਿਵਯ' ਕਹਿੰਦੇ ਹਨ ਅਤੇ ਖਾਣ ਲਈ ਜ਼ਹਿਰ ਦੇਣਾ ਜਿਸ ਨੂੰ 'ਵਿਸਦਿਵਯ' ਕਹਿੰਦੇ ਹਨ। (ਵੇਖੋ : ਦਿਵਯ)

ਮੁਗਲਾਂ ਦੇ ਰਾਜ ਤਕ ਅਗਨੀ ਪ੍ਰੀਖਿਆ ਤੇ ਦਿਵਯ ਦੀ ਪ੍ਰਥਾ ਆਮ ਸੀ। ਅਕਬਰ ਨੇ

ਇਕ ਕਾਨੂੰਨ ਦੁਆਰਾ ਇਹ ਪ੍ਰੀਖਿਆ ਵਿਧੀ ਬੰਦ ਕਰ ਦਿਤੀ।

(ਅ-152) **ਅਗਨੀ ਪੁਰਾਣ** :

ਇਕ ਪੁਰਾਣ, ਜੋ ਅਗਨੀ ਦੇਵਤੇ ਨੇ; ਵਸਿਸ਼ਠ ਮੁਨੀ ਨੂੰ ਬ੍ਰਹਮ ਗਿਆਨ ਦੇਣ ਲਈ ਉਚਾਰਨ ਕੀਤਾ ਸੀ। ਅਗਨੀ ਦੇਵਤੇ ਦਾ ਉਚਾਰਿਆ ਹੋਣ ਕਰ ਕੇ ਇਸ ਨੂੰ ਅਗਨੀ ਪੁਰਾਣ ਕਹਿੰਦੇ ਹਨ। ਇਸ ਪੁਰਾਣ ਦੇ ਸਲੋਕਾਂ ਦੀ ਗਿਣਤੀ ਬਾਰੇ ਮਤਭੇਦ ਹੈ। ਜੌਨ ਡੌਸਨ ਅਨੁਸਾਰ ਅਗਨੀ ਪੁਰਾਣ ਦੇ ਸਲੋਕਾਂ ਦੀ ਗਿਣਤੀ ਪੰਦਰਾਂ ਤੋਂ ਸੋਲ੍ਹਾਂ ਹਜ਼ਾਰ ਤਕ ਹੈ। ਪਰ ਆਨੰਦ ਆਸ਼ਰਮ ਤੋਂ ਪ੍ਰਕਾਸ਼ਿਤ ਅਗਨੀ ਪੁਰਾਣ ਵਿਚ 383 ਅਧਿਆਇ ਹਨ, ਜਿਨ੍ਹਾਂ ਵਿਚ ਸਲੋਕਾਂ ਦੀ ਸੰਖਿਆ 11,457 ਹੈ। ਇਸ ਪੁਰਾਣ ਵਿਚ ਸਭ ਤੋਂ ਵਧੇਰੇ ਸ਼ਿਵਜੀ ਦੀ ਮਹਿਮਾ ਹੈ। ਇਸ ਤੋਂ ਇਲਾਵਾ ਰਾਮਾਇਣ, ਮਹਾਂਭਾਰਤ ਤੇ ਹਰੀਵੰਸ਼ ਦਾ ਸਾਰ ਤੇ ਕੁਝ ਅਵਤਾਰਾਂ ਦਾ ਵਰਨਣ ਵੀ ਹੈ। ਇਸ ਪੁਰਾਣ ਵਿਚ ਭਾਰਤੀ ਸੰਸਕ੍ਰਿਤੀ ਦੇ ਅਨੇਕਾਂ ਅੰਗਾਂ ਦਾ ਵੇਰਵੇ ਭਰਿਆ ਵਰਨਣ ਹੈ ਅਤੇ ਧਰਮ ਸ਼ਾਸਤ੍ਰ, ਮੰਤ੍ਰ ਸ਼ਾਸਤ੍ਰ, ਯੋਗ ਸ਼ਾਸਤ੍ਰ, ਰਾਜ ਧਰਮ, ਰਾਜਨੀਤੀ, ਵਸਤੂ ਵਿੱਦਿਆ, ਧੁਨਰਵੇਦ, ਆਯੁਰਵੇਦ, ਪਸ਼ੂ ਚਿਕਿਤਸਾ, ਜੋਤਿਸ਼ ਵਿੱਦਿਆ, ਛੰਦ ਸ਼ਾਸਤ੍ਰ, ਕਾਵਿ, ਨਾਟਕ, ਅਲੰਕਾਰ, ਵਿਆਕਰਣ ਆਦਿ ਅਨੇਕਾਂ ਵਿਸ਼ਿਆਂ ਉਤੇ ਭਰਪੂਰ ਵਾਕਫ਼ੀ ਦਰਜ ਹੈ। ਅਗਨੀ ਪੁਰਾਣ ਨੂੰ ਪੁਰਾਣ ਨਾਲੋਂ ਵਿਸ਼ਵ ਕੋਸ਼ ਕਹਿਣਾ ਵਧੇਰੇ ਯੋਗ ਹੋਵੇਗਾ। ਧਰਮ ਸ਼ਾਸਤ੍ਰ ਅਧੀਨ ਦੇਵ ਪੂਜਨ ਵਿਧੀ, ਤੀਰਥਾਂ ਦਾ ਮਹਾਤਮ, ਤਿੱਥਾਂ ਤੇ ਵਰਤਾਂ ਆਦਿ ਦਾ ਉਲੇਖ ਹੈ।

ਜੌਨ ਡੌਸਨ ਅਨੁਸਾਰ ਅਗਨੀ ਪੁਰਾਣ ਦੇ "ਕੁਝ ਕਾਂਡ ਜੋ ਰਾਜ ਧਰਮ ਅਤੇ ਯੁੱਧ ਕਲਾ ਸਬੰਧੀ ਹਨ, ਕਿਸੇ ਪ੍ਰਾਚੀਨ ਪੁਸਤਕ ਤੋਂ ਲਏ ਗਏ ਪ੍ਰਤੀਤ ਹੁੰਦੇ ਹਨ। ਇਕ ਕਾਂਡ ਯਾਗਵਲਕਯ ਸਿਮ੍ਰਤੀ ਤੋਂ ਅਤੇ ਕੁਝ ਕਾਂਡ ਜੋ ਆਯੁਰਵੇਦ ਸਬੰਧੀ ਹਨ, ਸੁਸ਼੍ਰਤ ਤੋਂ ਲਏ ਗਏ ਹਨ। ਇਸੇ ਤਰ੍ਹਾਂ ਕੁਝ ਨਿਬੰਧ ਅਲੰਕਾਰ ਸ਼ਾਸਤਰ, ਛੰਦ ਸ਼ਾਸਤਰ ਤੇ ਵਿਆਕਰਣ ਸਬੰਧੀ ਵੀ ਮਿਲਦੇ ਹਨ ਜਿਨ੍ਹਾਂ ਦੀ ਰਚਨਾ ਪਿੰਗਲ ਤੇ ਪਾਣਿਨੀ ਦੇ ਨਿਯਮਾਂ ਅਨੁਸਾਰ ਕੀਤੀ ਗਈ ਹੈ।" ਜੌਨ ਡੌਸਨ ਅਨੁਸਾਰ ਇਸ ਦਾ ਰਚਨਾ ਕਾਲ ਬਹੁਤਾ ਪ੍ਰਾਚੀਨ ਨਹੀਂ।

(ਅ-153) **ਅਗਨੀ ਪੂਜਾ** :

ਪ੍ਰਾਚੀਨ ਕਾਲ ਵਿਚ ਅਗਨੀ ਨੂੰ ਵਿਸ਼ੇਸ਼ ਮਹਾਨਤਾ ਪ੍ਰਾਪਤ ਸੀ। ਆਦਿਮ ਅਵਸਥਾ ਵਿਚ ਹੀ ਮਨੁੱਖ ਅਗਨੀ ਦੀ ਪੂਜਾ ਕੀਤਾ ਕਰਦਾ ਸੀ। ਆਦਿਮ ਮਨੁੱਖ ਦਾ ਵਿਸ਼ਵਾਸ਼ ਸੀ ਕਿ ਜਿਥੇ ਅਗਨੀ ਦਾ ਨਿਵਾਸ ਹੋਵੇ, ਉਥੇ ਭੂਤ ਪ੍ਰੇਤ ਅਤੇ ਬਦ-ਰੂਹਾਂ ਨਹੀਂ ਠਹਿਰ ਸਕਦੀਆਂ। ਦੀਵਾਲੀ ਅਤੇ ਹੋਲੀ ਆਦਿ ਦੇ ਤਿਉਹਾਰਾਂ ਦਾ ਮੁੱਢ ਇਸੇ ਆਦਿਮ ਵਿਸ਼ਵਾਸ਼ ਤੋਂ ਬਝਿਆ। ਕੱਤਕ ਦੇ ਮਹੀਨੇ ਵਿਚ ਬਦ-ਰੂਹਾਂ ਦਾ ਕਾਫ਼ੀ ਜ਼ੋਰ ਮੰਨਿਆ ਜਾਂਦਾ ਸੀ, ਇਸੇ ਲਈ ਕਦੇ ਕੱਤਕ ਦੇ ਸਾਰੇ ਮਹੀਨੇ ਦੀਵੇ ਬਾਲੇ ਜਾਂਦੇ ਅਤੇ ਮੱਸਿਆ ਨੂੰ ਉਚੇਚਾ ਉਤਸ਼ਵ ਮਨਾਇਆ ਜਾਂਦਾ ਸੀ, ਜੋ ਮਗਰੋਂ ਦੀਵਾਲੀ ਦਾ ਰੂਪ ਧਾਰਨ ਕਰ ਗਿਆ। ਇਹੋ ਗੱਲ ਹੋਲੀ ਦੇ ਪੁਰਬ ਬਾਰੇ ਹੈ। ਸੂਰਜ ਨੂੰ ਵੀ ਅੱਗ ਦਾ ਹੀ ਇਕ ਪ੍ਰਕਾਸ਼ ਮੰਨ ਕੇ ਪੂਜਿਆ ਜਾਂਦਾ ਰਿਹਾ ਹੈ।

ਵੈਦਿਕ ਕਾਲ ਵਿਚ ਆਰੀਆ ਜਾਤੀ ਵਿਚ ਅਗਨੀ ਦੀ ਪੂਜਾ ਵਿਸ਼ੇਸ਼ ਰੂਪ ਵਿਚ ਪ੍ਰਚਲਤ ਸੀ। ਰਿਗ ਵੇਦ ਵਿਚ ਕਈ ਥਾਈਂ ਅਗਨੀ ਨੂੰ 'ਗ੍ਰਹਿਪਤ' ਅਥਵਾ 'ਘਰ ਦਾ ਸਵਾਮੀ' ਕਿਹਾ ਗਿਆ ਹੈ। ਅਵੇਸਤਾ ਭਾਸ਼ਾ ਵਿਚ ਅੱਗ ਲਈ 'ਅਤਰ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਦਾ ਸ਼ਾਬਦਿਕ ਅਰਥ ਹੈ — 'ਸਭ ਘਰਾਂ ਦਾ ਸਵਾਮੀ'। ਲਤੀਨੀ ਵਿਚ ਅਗਨੀ ਲਈ 'ਇਗਨਿਸ' ਅਤੇ ਲੁਥੀਨੀਅਨ ਵਿਚ 'ਉਗਨੀ' ਸ਼ਬਦ ਵਰਤਿਆ ਜਾਂਦਾ ਹੈ। ਇਹ ਸਮਾਨਤਾ ਪ੍ਰਗਟ ਕਰਦੀ ਹੈ ਕਿ ਭਾਰਤੀ ਆਰੀਆ ਜਾਤੀ ਦੇ ਬਜ਼ੁਰਗ ਜਦੋਂ ਯੂਰਪੀਨ ਤੇ ਈਰਾਨੀ ਆਰੀਆਈ ਪੂਰਵਜਾਂ ਨਾਲ ਮੱਧ-ਏਸ਼ੀਆ ਵਿਚ ਵਸਦੇ ਸਨ ਤਦੋਂ ਤੋਂ ਹੀ ਉਹ ਅੱਗ ਨੂੰ ਪਵਿੱਤਰ ਦੇਵਤਾ ਮੰਨ ਕੇ ਪੂਜਦੇ ਆ ਰਹੇ ਸਨ।

ਆਰੀਆ ਜਾਤੀ ਵਿਚ ਅਗਨੀ ਦੀ ਇਤਨੀ ਮਾਨਤਾ ਸੀ ਕਿ ਹਰ ਘਰੋਗੀ ਤੇ ਸਮਾਜਿਕ ਰੀਤਾਂ ਰਸਮਾਂ ਸਮੇਂ ਪਹਿਲਾਂ ਅਗਨੀ ਜਲਾਈ ਜਾਂਦੀ। ਹਿੰਦੂਆਂ ਦੇ ਸੰਸਕਾਰਾਂ ਸਮੇਂ ਅੱਜ ਵੀ ਸ਼ੁੱਧੀ ਲਈ, ਹਵਨ ਕਰਨ ਦੀ ਪ੍ਰਥਾ ਹੈ। ਅਗਨੀ, ਭੂਤ ਪ੍ਰੇਤਾਂ ਤੇ ਬਦਰੂਹਾਂ ਦੇ ਮੰਦੇ ਅਸਰ ਨੂੰ ਦੂਰ ਰਖਣ ਵਿਚ ਬੜੀ ਸਹਾਇਕ ਸਮਝੀ ਜਾਂਦੀ ਹੈ। ਇਸੇ ਲਈ ਸੰਸਕਾਰ ਸਮੇਂ ਅਗਨੀ ਦਾ ਹੋਣਾ ਲਾਜ਼ਮੀ ਹੈ। ਪੰਜਾਬ ਵਿਚ ਹੁਣ ਵੀ ਬੱਚੇ ਦੇ ਜਨਮ ਤੋਂ ਬਾਅਦ ਤੇਰਾਂ ਦਿਨਾਂ ਤਕ, ਛਿਲੇ ਵਿਚ ਦੀਵੇ ਦੀ ਜੋਤ ਜਗਾਈ ਜਾਂਦੀ ਹੈ। ਜੇ ਬੱਚੇ ਨੂੰ ਨਜ਼ਰ ਲੱਗ ਜਾਵੇ ਤਾਂ ਮਿਰਚਾਂ ਵਾਰ ਕੇ ਧੁਖਾਈਆਂ ਜਾਂਦੀਆਂ ਹਨ। ਜੇ ਕੋਈ ਬਦਰੂਹ ਕਿਸੇ ਸ਼ਖ਼ਸ ਦੇ ਸਰੀਰ ਉਤੇ ਆਪਣਾ ਅਧਿਕਾਰ ਜਮਾ ਲਏ ਤਾਂ ਧੂਣੀ ਧੁਖਾ ਕੇ ਬਦਰੂਹ ਨੂੰ ਕੱਢਿਆ ਜਾਂਦਾ ਹੈ। ਪਕੜ ਵਾਲੇ ਰੋਗੀਆਂ ਦੇ ਸਰੀਰ ਵਿਚੋਂ ਜਿੰਨ-ਭੂਤ ਕੱਢਣ ਵੇਲੇ ਚੇਲੇ ਰੋਗੀ ਦੀਆਂ ਨਾਸਾਂ ਵਿਚ ਧੂੰ ਦੇਂਦੇ ਹਨ ਤੇ ਕਈ ਵਾਰ ਲੋਹੇ ਦੀ ਸਲਾਖ਼ ਗਰਮ ਕਰ ਕੇ ਰੋਗੀ ਦੇ ਸਰੀਰ ਉਤੇ ਲਗਾਂਦੇ ਹਨ। ਨਿਸਚਾ ਹੈ ਕਿ ਇਹ ਅੱਗ ਰੋਗੀ ਨੂੰ ਕਿਸੇ ਤਰ੍ਹਾਂ ਦਾ ਕੋਈ ਦੁਖ ਨਹੀਂ ਪਹੁੰਚਾਂਦੀ ਸਗੋਂ ਉਸ ਦੇ ਅੰਦਰ ਵਸਦੇ ਭੂਤ ਨੂੰ ਕਲੇਸ਼ ਦੇਂਦੀ ਹੈ। ਫਲਸਰੂਪ ਪ੍ਰੇਤ-ਰੂਹ ਰੋਗੀ ਦਾ ਸਰੀਰ ਛੱਡ ਕੇ ਨਠ ਜਾਂਦੀ ਹੈ।

ਪੰਜਾਬੀ ਸਵਾਣੀਆਂ ਪਿੰਡਾਂ ਵਿਚ ਦੀਵੇ ਨੂੰ ਫੂਕ ਮਾਰ ਕੇ ਨਹੀਂ ਬੁਝਾਂਦੀਆਂ ਸਗੋਂ ਹੱਥ ਜਾਂ ਪੱਲੂ ਦੇ ਝੱਕੇ ਨਾਲ ਦੀਵਾ ਬੁਝਾਇਆ ਜਾਂਦਾ ਹੈ। ਕਿਉਂਕਿ ਫੂਕ ਮਾਰਨ ਨਾਲ ਜੂਠਾ ਸਾਹ ਅਗਨੀ ਨੂੰ ਛੁਹੰਦਾ ਹੈ, ਜਿਸ ਨਾਲ ਦੇਵਤੇ ਦੀ ਨਿਰਾਦਰੀ ਹੁੰਦੀ ਹੈ। ਇਸ ਤੋਂ ਇਲਾਵਾ ਪਹਿਲਿਆਂ ਵਿਚ 'ਅੱਗ ਬੁਝਾਣਾ' ਅਸ਼ੁਭ ਸਮਝਿਆ ਜਾਂਦਾ ਸੀ, ਇਸ ਲਈ ਦੀਵੇ ਦੀ ਪੂਜਾ ਅਰਚਾ ਕਰ ਕੇ ਉਸ ਨੂੰ ਵਿਦਾ ਕੀਤਾ ਜਾਂਦਾ ਸੀ ਅਤੇ ਨਾਲ ਹੀ ਅਗਲੇ ਦਿਨ ਮੁੜ ਆਉਣ ਦੀ ਪ੍ਰਾਰਥਨਾ ਵੀ ਕੀਤੀ ਜਾਂਦੀ ਸੀ :

ਜਾ ਦੀਵਿਆ ਘਰ ਆਪਣੇ,  
ਤੇਰੀ ਮਾਂ ਉਡੀਕੇ ਬਾਰ।  
ਆਈਂ ਸਵੇਰੇ, ਜਾਈਂ ਸਵੇਰੇ,  
ਸਭੇ ਸ਼ਗਨ ਵਿਚਾਰ।

ਇਸੇ ਤਰ੍ਹਾਂ ਚੁਲ੍ਹੇ ਦੀ ਬਲਦੀ ਅੱਗ ਨੂੰ ਬੁਝਾਣ ਦੀ ਥਾਂ ਚੁਲ੍ਹੇ ਵਿਚ ਹੀ ਦੱਬ ਦੇਣ ਦੀ ਪ੍ਰਥਾ ਸੀ। (ਵੇਖੋ : ਅੱਗ ਦਬਣੀ) ਜੇ ਮਜਬੂਰੀ ਵਸ ਅੱਗ ਬੁਝਾਣੀ ਵੀ ਪੈ ਜਾਵੇ ਤਾਂ ਉਸ ਉਤੇ ਹਮੇਸ਼ਾਂ ਸੁੱਚਾ ਪਾਣੀ ਪਾਇਆ ਜਾਂਦਾ ਹੈ। ਇਹ ਸਭ ਗੱਲਾਂ ਪ੍ਰਾਚੀਨ ਕਾਲ ਦੀ ਅਗਨ-ਪੂਜਾ ਦੀਆਂ ਰਹਿੰਦਾਂ ਹਨ ਜੋ ਹੁਣ ਤਕ ਭਰਮਾਂ ਵਹਿਮਾਂ ਦੇ ਰੂਪ ਵਿਚ ਪ੍ਰਚਲਤ ਹਨ।

ਪੰਜਾਬ ਵਿਚ ਤੈਮੂਰ ਦੇ ਹੱਲਿਆਂ ਤਕ ਅਗਨੀ ਪੂਜਾ ਦਾ ਰਿਵਾਜ ਰਿਹਾ। ਇੰਡੋ-ਸਿਥੀਅਨ ਸਿੱਕਿਆਂ ਉਤੇ ਬਾਦਸ਼ਾਹ ਨੂੰ ਵੇਦੀ ਦੀ ਅੱਗ ਦੀ ਪੂਜਾ ਕਰਦਾ ਵਿਖਾਇਆ ਗਿਆ ਹੈ। ਮੁਢਲੇ ਮੁਸਲਮਾਨ ਇਤਿਹਾਸਕਾਰਾਂ ਨੇ ਵੀ ਲਿਖਿਆ ਹੈ ਕਿ ਪੰਜਾਬ ਵਿਚ ਚੌਧਵੀਂ ਸਦੀ ਦੇ ਅਖ਼ੀਰ ਤੇ, ਤੈਮੂਰ ਦੇ ਹੱਲਿਆਂ ਤਕ, ਅਗਨੀ ਪੂਜਾ ਦਾ ਰਵਾਜ ਸੀ।

ਵਿਲੀਅਮ ਕਰੁਕ ਅਨੁਸਾਰ ਮੁਗਲ ਸਮਰਾਟ ਅਕਬਰ ਵੀ ਸੂਰਜ ਦੀ ਪੂਜਾ ਕੀਤਾ ਕਰਦਾ ਸੀ ਜੋ ਅਗਨੀ ਪੂਜਾ ਦਾ ਹੀ ਇਕ ਰੂਪ ਹੈ। ਨਵ ਰੋਜ਼ ਵਾਲੇ ਦਿਨ ਸੂਰਜ ਦੀ ਉਚੇਚੀ ਉਪਾਸ਼ਨਾ ਕੀਤੀ ਜਾਂਦੀ। ਸੂਰਜ ਦੀਆਂ ਰਿਸ਼ਮਾਂ ਸ਼ੀਸ਼ੇ ਦੇ ਟੁਕੜੇ ਦੁਆਰਾ ਰੂੰ ਉਤੇ ਸੁਟੀਆਂ ਜਾਂਦੀਆਂ ਅਤੇ ਜਦੋਂ ਉਸ ਵਿਚੋਂ ਅੱਗ ਭੜਕ ਉਠਦੀ ਤਾਂ ਉਸ ਅੱਗ ਦੀ ਪੂਜਾ ਕਰ ਕੇ ਘਰ ਦੀ ਸਾਰੀ ਅੱਗ ਉਸ ਨਾਲ ਜਲਾਈ ਜਾਂਦੀ।

### (ਅ-154) **ਅਗਨੀਵੇਸ਼ :**

ਇਕ ਰਿਸ਼ੀ ਜੋ ਅਗਨੀ ਦੇਵਤੇ ਦਾ ਪੁੱਤਰ ਸੀ।

### (ਅ-155) **ਅੰਗ-ਪਰੰਗ :**

ਵਿਆਹ ਵੇਲੇ ਜਦੋਂ ਬਰਾਤ ਦੁਲ੍ਹਨ ਦੇ ਪਿੰਡ ਆ ਕੇ ਠਹਿਰਦੀ ਹੈ ਤਾਂ ਦੂਲ੍ਹੇ ਦੇ ਪਰਿਵਾਰ ਵਲੋਂ, ਮਿਰਾਸੀਆਂ ਵਿਚ ਲਾਗ ਵੰਡੀ ਜਾਂਦੀ ਹੈ। ਪਿੰਡ ਦੇ ਸਥਾਨਿਕ ਮਿਰਾਸੀਆਂ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਦੇ ਮਿਰਾਸੀ ਵੀ ਲਾਗ ਲੈਣ ਲਈ ਹਾਜ਼ਰ ਹੁੰਦੇ ਹਨ। ਮਿਰਾਸੀ ਆਪਣੀ ਸ਼ਬਦਾਵਲੀ ਵਿਚ ਪਿੰਡ ਦੀ ਧੀ ਧਿਆਣੀ ਲਈ 'ਅੰਗ' ਸ਼ਬਦ

ਵਰਤਦੇ ਹਨ। ਮਿਰਾਸੀ ਦੇ ਪਿੰਡ ਦੀਆਂ ਧੀਆਂ ਧਿਆਣੀਆਂ ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿਚ ਵਿਆਹੀਆਂ ਗਈਆਂ ਹੋਣ, ਉਹ ਸਾਰੇ ਪਿੰਡ ਉਸ ਮਿਰਾਸੀ ਦੇ 'ਅੰਗ-ਪਿੰਡ' ਹੁੰਦੇ ਹਨ।

ਪਰੰਗ ਸ਼ਬਦ ਪਿੰਡ ਦੀ ਕਿਸੇ ਧੀ-ਧਿਆਣੀ ਦੀ ਧੀ ਅਰਥਾਤ ਪਿੰਡ ਦੀ ਦੋਹਤਰਵਾਨ ਦੇ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ। ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿਚ ਮਿਰਾਸੀ ਦੇ ਪਿੰਡ ਦੀ ਧੀ ਦੀ ਅੱਗੋਂ ਧੀ-ਧਿਆਣੀ ਵਿਆਹੀ ਹੋਵੇ ਉਹ ਸਭ ਪਿੰਡ ਉਸ ਮਿਰਾਸੀ ਦੇ ਪਰੰਗ ਪਿੰਡ ਹੁੰਦੇ ਹਨ। ਮਿਰਾਸੀ ਨੂੰ ਵਿਆਹ ਸ਼ਾਦੀ ਆਦਿ ਦੀਆਂ ਰਸਮਾਂ ਵੇਲੇ ਅੰਗ-ਪਿੰਡ ਲਈ ਜਿਤਨੀ ਲਾਗ ਦਿਤੀ ਜਾਂਦੀ ਹੈ, ਪਰੰਗ-ਪਿੰਡ ਲਈ ਉਸ ਤੋਂ ਅੱਧੀ ਮਿਲਦੀ ਹੈ।

ਕੰਨਿਆਂ ਦੇ ਪਿੰਡ ਦੇ ਮਿਰਾਸੀ ਦਾ ਜੇ ਕੋਈ ਅੰਗ/ਪਰੰਗ ਉਸ ਪਿੰਡ ਵਿਚ ਰਹਿੰਦਾ ਹੋਵੇ ਜਿਥੋਂ ਬਰਾਤ ਢੁਕੀ ਹੈ ਤਾਂ ਉਸ ਮਿਰਾਸੀ ਦੀ ਅੰਗ/ਪਰੰਗ ਲਾਗ ਵੱਖਰੀ ਬਣਦੀ ਹੈ।

### (ਅ-156) **ਅੰਗ-ਪਿੰਡ** :

ਕਿਸੇ ਮਿਰਾਸੀ ਦੇ ਪਿੰਡ ਦੀਆਂ ਧੀਆਂ-ਧਿਆਣੀਆਂ ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿਚ ਵਿਆਹੀਆਂ ਹੁੰਦੀਆਂ ਹਨ, ਉਹ ਸਭ ਪਿੰਡ ਉਸ ਮਿਰਾਸੀ ਦੇ ਅੰਗ-ਪਿੰਡ ਅਖਵਾਉਂਦੇ ਹਨ। ਅੰਗ-ਪਿੰਡਾਂ ਤੋਂ ਜਦੋਂ ਕੋਈ ਬਰਾਤ ਕਿਸੇ ਮਿਰਾਸੀ ਦੇ ਆਪਣੇ ਜਾਂ ਨੇੜੇ ਦੇ ਕਿਸੇ ਪਿੰਡ ਵਿਚ ਢੁਕਦੀ ਹੈ ਤਾਂ ਉਹ ਮਿਰਾਸੀ ਅੰਗ-ਪਿੰਡ ਦੇ ਰਿਸ਼ਤੇ ਸਦਕਾ ਲਾਗ ਲੈਣ ਦਾ ਅਧਿਕਾਰੀ ਹੁੰਦਾ ਹੈ। ਦੇਸ਼ ਵੰਡ ਤੋਂ ਬਾਅਦ ਪੂਰਬੀ ਪੰਜਾਬ ਵਿਚੋਂ ਮਿਰਾਸੀ ਪੱਛਮੀ ਪੰਜਾਬ ਵਿਚ ਚਲੇ ਗਏ ਹਨ, ਇਸ ਲਈ ਲਾਗ ਦੀ ਇਹ ਪ੍ਰਥਾ ਪੂਰਬੀ ਪੰਜਾਬ ਵਿਚੋਂ ਲਗਪਗ ਖ਼ਤਮ ਹੋ ਗਈ ਹੈ, ਪਰ ਪੱਛਮੀ ਪੰਜਾਬ ਵਿਚ ਅਜੇ ਇਸ ਦਾ ਰਵਾਜ ਹੈ।

### (ਅ-157) **ਅੰਗ ਫੁਰਨੇ (ਫਰਕਣੇ)** :

ਸਰੀਰ ਦੇ ਅੰਗਾਂ ਦੇ ਫਰਕਣ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਜੁੜੇ ਹੋਏ ਹਨ। ਕੁਝ ਅੰਗਾਂ ਦੇ ਫਰਕਣ ਦੇ ਫਲ ਸ਼ੁਭ ਕਲਪੇ ਗਏ ਹਨ ਅਤੇ ਕੁਝ ਦੇ ਅਸ਼ੁਭ। ਸ਼ਤਪਥ ਬ੍ਰਾਹਮਣ ਅਨੁਸਾਰ ਆਦਮੀ ਦੇ ਸੱਜੇ ਅੰਗਾਂ ਤੇ ਤੀਵੀਂ ਦੇ ਖੱਬੇ ਅੰਗਾਂ ਵਿਚ ਦੇਵਤਿਆਂ ਦਾ ਨਿਵਾਸ ਹੁੰਦਾ ਹੈ। ਇਸ ਲਈ ਜੇ ਮਰਦ ਦੇ ਸੱਜੇ ਅੰਗ — ਅੱਖ, ਬਾਂਹ ਜਾਂ ਪੱਠੇ ਅਤੇ ਤੀਵੀਂ ਦੇ ਖੱਬੇ ਅੰਗ ਫਰਕਣ ਤਾਂ ਸ਼ੁਭ ਮੰਨੇ ਜਾਂਦੇ ਹਨ। ਜੇ ਇਸ ਤੋਂ ਉਲਟੇ ਅੰਗ ਫਰਕਣ ਤਾਂ ਅਸ਼ੁਭ ਹਨ — "ਆਦਮੀ ਦੇ ਬਾਹੇਂ ਅੰਗ, ਤੀਵੀਂ ਸੰਦੇ ਦਾਹੇਂ ਅੰਗ, ਭੈੜੇ ਦਿਨ ਆਵਣ ਤਾਂ ਅਗੇਤਰੇ ਹੀ ਫਰਕਦੇ।" (ਕਾਲੀਦਾਸ ਰਾਮਾਇਣ)

ਜੇ ਕਿਸੇ ਮਰਦ ਦੀ ਸੱਜੀ ਹਥੇਲੀ ਉਤੇ ਖ਼ਾਰਸ਼ ਹੋਵੇ ਤਾਂ ਕਿਧਰੋਂ ਅਚਾਨਕ ਰੁਪਏ ਪੈਸੇ ਮਿਲਣ ਦੀ ਆਸ ਹੁੰਦੀ ਹੈ, ਪਰ ਜੇ ਖੱਬੀ ਤਲੀ ਉਤੇ ਹੋਵੇ ਤਾਂ ਵਾਧੂ ਖ਼ਰਚਾ ਪੈਂਦਾ ਹੈ। ਇਸ ਦੇ ਉਲਟ ਤੀਵੀਂ ਦੀ ਖੱਬੀ ਹਥੇਲੀ ਉਤੇ ਖ਼ਾਰਸ਼ ਚੰਗੀ ਹੁੰਦੀ ਹੈ ਜਦੋਂ ਕਿ ਸੱਜੀ ਉਤੇ ਮੰਦੀ। ਰੁਪਏ ਦੇ ਆਉਣ/ਜਾਣ ਤੇ ਖ਼ਰਚੇ ਦਾ ਸੰਬੰਧ ਹੱਥਾਂ ਦੀਆਂ ਤਲੀਆਂ ਨਾਲ ਇਸ ਲਈ ਜੁੜਿਆ ਹੋਇਆ ਹੈ ਕਿ ਰੁਪਏ ਦਾ ਸਾਰਾ ਲੈਣ ਦੇਣ ਹੱਥਾਂ ਦੁਆਰਾ ਹੁੰਦਾ ਹੈ।

ਪੈਰਾਂ ਦਾ ਸੰਬੰਧ ਸਫ਼ਰ ਨਾਲ ਹੈ। ਜੇ ਕਿਸੇ ਸ਼ਖ਼ਸ ਦੇ ਪੈਰਾਂ ਦੀਆਂ ਤਲੀਆਂ ਵਿਚ ਖ਼ਾਰਸ਼ ਹੋਵੇ ਤਾਂ ਇਹ ਕਿਸੇ ਸਫ਼ਰ ਦੀ ਅਗਾਊਂ ਸੂਚਨਾ ਹੈ। ਦੋਸਤ ਮਿੱਤਰ ਦੁਖ ਸੁਖ ਵੇਲੇ ਮੋਢਾ ਦੇਂਦੇ ਹਨ। ਇਸ ਲਈ ਮੋਢਾ ਮਿੱਤਰਤਾ ਨਾਲ ਸੰਬੰਧਿਤ ਹੈ। ਜੇ ਸੱਜੇ ਮੋਢੇ ਦਾ ਮਾਸ/ਸੱਜੀ ਬਾਂਹ ਫਰਕੇ ਤਾਂ, ਜਾਂ ਕੋਈ ਵਿਛੜਿਆ ਮਿੱਤਰ ਮਿਲੇਗਾ ਜਾਂ ਕੋਈ ਨਵਾਂ ਮਿੱਤਰ ਬਣੇਗਾ, ਪਰ ਜੇ ਖੱਬਾ ਮੋਢਾ/ਬਾਂਹ ਫਰਕੇ ਤਾਂ ਮਿੱਤਰਾਂ ਦੇ ਵਿਛੜਨ ਜਾਂ ਬੀਮਾਰ ਪੈਣ ਦਾ ਡਰ ਹੁੰਦਾ ਹੈ।

ਰੋਟੀ ਖਾਂਦਿਆਂ ਜਾਂ ਗੱਲਾਂ ਵੇਲੇ ਜੇ ਤੁਹਾਡੀ ਜੀਭ ਦੰਦਾਂ ਹੇਠਾਂ ਆ ਜਾਵੇ ਤਾਂ ਕੋਈ ਤੁਹਾਨੂੰ ਗਾਲ੍ਹਾਂ ਕੱਢ ਰਿਹਾ ਹੈ ਜਾਂ ਤੁਹਾਡੀ ਚੁਗ਼ਲੀ ਖਾ ਰਿਹਾ ਹੈ। ਮੰਜੇ ਉਤੇ ਬੈਠ ਕੇ ਲੱਤਾਂ ਹਿਲਾਣੀਆਂ ਠੀਕ ਨਹੀਂ, ਇਸ ਨਾਲ ਧਨ ਦਾ ਘਾਟਾ ਹੁੰਦਾ ਹੈ ਜਾਂ ਘਰ ਵਿਚ ਬੀਮਾਰੀ ਫੈਲਦੀ ਹੈ।

ਗੁਰਮਤਿ ਵਿਚ ਅੰਗ ਫਰਕਣ ਨੂੰ ਪ੍ਰਾਕ੍ਰਿਤਕ ਕਰਮ ਮੰਨ ਕੇ ਉਪ੍ਰੋਕਤ ਨਿਸਚੇ ਦਾ ਖੰਡਨ ਕੀਤਾ ਗਿਆ ਹੈ। ਭਾਈ ਗੁਰਦਾਸ ਅਨੁਸਾਰ

ਅਸਲੀ ਗੁਰਸਿੱਖ ਉਹ ਹੈ ਜੋ "ਦੇਵੀ ਦੇਵ ਨ ਸੇਵਕਾ, ਤੰਤ ਨਾ ਮੰਤ ਨਾ ਫੁਰਣ ਵਿਚਾਰੇ।"

ਮੱਧਕਾਲ ਵਿਚ ਅੰਗ ਫੁਰਨ ਬਾਰੇ ਭਰਮ ਲੋਕਾਂ ਦੇ ਮਾਨਸਿਕ ਜੀਵਨ ਦਾ ਅੰਗ ਬਣ ਗਏ ਸਨ। ਅੰਗ ਫੁਰਨੇ ਦੇ ਫਲ ਬਾਰੇ ਕਈ ਹੱਥ-ਲਿਖਤਾਂ ਮਿਲਦੀਆਂ ਹਨ। ਹੇਠਲੀ ਟੂਕ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ ਹੱਥ-ਲਿਖਤ ਨੰ: 374 ਵਿਚੋਂ ਹੈ ਜੋ 1804 ਈਸਵੀ ਦਾ ਉਤਾਰਾ ਹੈ ਅਤੇ ਜਿਸ ਦਾ ਹਵਾਲਾ ਡਾ: ਮੋਹਨ ਸਿੰਘ ਨੇ 'ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਪੰਨਾ 64 ਉਤੇ ਦਿਤਾ ਹੈ :

"ਜੇ ਕੋਈ ਅੰਗ ਉਸ ਦਾ ਫੁਰੈ ਤਾਂ ਫਲ ਮਲੂਮ ਕਰ। ਜੇ ਸਿਰ ਫੁਰੈ ਵਿਚੋਂ ਤਾਂ ਰਾਜ ਪਾਵੈ। ਸਤਰੇ ਬਲਾਈਂ ਤੇ ਫਿਕਰ ਦੂਰਿ ਹੋਇ। ਤੇ ਦੌਲਤ ਮਰਾਤਬਾ ਉਸ ਨੋ ਹਾਸਲ ਹੋਵੈ ਤੇ ਧਨੁ ਪ੍ਰਾਪਤਿ ਹੋਇ। ਜੇ ਦਾਹਣੀ ਵਲਿ ਸਿਰ ਫੁਰੈ ਤਾਂ ਪੈਂਡਾ ਦੇਖੈ ਤੇ ਮੁਰਾਦ ਨੋ ਪਹੁਚੈ। ਜੇ ਬਾਂਵੀ ਵਲਿ ਸਿਰ ਫੁਰੈ ਤਾਂ ਬਖਤ ਖੁਲੈ ਤੇ ਮੁਰਾਤਬਾ ਪਾਵੈ ਤੇ ਨਿਆਮਤ ਪਾਵੈ। ਜੇ ਖਬਹਿ ਅੱਖਿ ਫੁਰੈ ਤਾਂ ਦਲਗੀਰ ਹੋਇ। ਜੇ ਖੱਬੀ ਅੱਖਿ ਦੀ ਤਲੇ ਦੀ ਪਲਕ ਫੁਰੈ ਤਾਂ ਖੁਸ਼ਹਾਲੀ ਦੇਖੇ ਤੇ ਐਸ਼ ਦੇਖੇ, ਮੁਦੇ ਨੂੰ ਪਹੁੰਚੇ। ਜੇ ਸੱਜੀ ਅੱਖ ਦੀ ਪਿਪਣੀ ਫੁਰੇ ਤਾਂ ਬਹੁਤ ਖੇਦ ਹੋਹੁ। ਤੇ ਅਜਾਬ ਪਾਵੈ ਸੋਇ। ਪੰਜੇ ਸਭ ਅੰਗੁਲੀਆਂ ਖੱਬੇ ਪੈਰ ਦੀਆਂ ਫੁਰਨਿ ਤਾਂ ਦੁਖ ਤੇ ਛੂਟੈ ਤੇ ਤਾਲਿਆਹ ਖੁਲਨਿ।"

ਅੰਗ ਫੁਰਨ ਬਾਰੇ ਕਈ ਹੋਰ ਹੱਥ-ਲਿਖਤਾਂ ਵੀ ਮਿਲਦੀਆਂ ਹਨ। ਦੋ ਹੱਥ-ਲਿਖਤਾਂ (ਨੰਬਰ 206 ਅਤੇ 298) ਭਾਸ਼ਾ ਵਿਭਾਗ ਵਿਚ ਹਨ। 'ਅੰਗ ਫੁਰਨਾ' (ਹੱਥ-ਲਿਖਤ ਨੰ: 206) ਦੇ ਲੇਖਕ ਦਾ ਨਾਂ ਨਹੀਂ ਲਿਖਿਆ ਹੋਇਆ। ਉਸ ਵਿਚੋਂ ਇਕ ਟੂਕ ਹੇਠਾਂ ਦਿਤੀ ਜਾਂਦੀ ਹੈ :—

'ਜੇ ਕਰਿ ਖਬੇ ਪੈਰ ਦੇ ਸਭੇ ਨਖ ਫੁਰਨ ਤਾਂ ਭਲਾਈ ਕੋਈ ਪ੍ਰਾਪਤ ਹੋਵੇ। ਧੰਨਵਾਨ ਵਡਾ ਹੋਵੇ। ਇਤਨੀ ਦੌਲਤ ਆਵੇ ਜੋ ਲੰਗਰ ਚਲੇ ਲੋਕਾਂ ਵਿਚ। ਪੁਰਖ ਦਾ ਸੱਜਾ। ਇਸਤ੍ਰੀ ਦਾ ਖੱਬਾ।"

ਦੂਜੀ ਹੱਥ-ਲਿਖਤ (ਨੰ: 298) ਦਾ ਨਾਂ 'ਅੰਕ ਫੁਰਕਣੀ' ਹੈ ਜੋ ਕਵੀ ਬੁਧ ਸਿੰਘ ਦੀ ਕ੍ਰਿਤ ਹੈ।

(ਅ-158) **ਅੰਗ ਭੰਗ ਕਰਨਾ :**

ਹਿੰਦੂਆਂ ਵਿਚ ਕਿਸੇ ਕੰਵਾਰੇ ਬਾਲਕ ਜਾਂ ਗਭਰੂ ਦੇ ਦਾਹ-ਸੰਸਕਾਰ ਵੇਲੇ ਉਸ ਦਾ ਕੋਈ ਅੰਗ ਡੰਡੇ ਨਾਲ ਭੰਗ ਕਰਨ ਦੀ ਪ੍ਰਥਾ ਹੈ। ਇਸ ਤਰ੍ਹਾਂ ਉਸ ਪ੍ਰਾਣੀ ਦੇ ਮਸਾਣ ਉਤੇ ਟੂਣਾ ਟੱਪਾ ਨਹੀਂ ਚਲਦਾ। ਲੋਕ-ਨਿਸਚੇ ਅਨੁਸਾਰ ਟੂਣਾ ਸੰਪੂਰਨ ਮ੍ਰਿਤਕ ਦੇਹ ਉਤੇ ਹੀ ਚਲ ਸਕਦਾ ਹੈ।

ਜੇ ਕਿਸੇ ਸ਼ਖਸ ਦੇ ਸਰੀਰ ਦਾ ਕੋਈ ਅੰਗ ਭੰਗ ਹੋਇਆ ਹੋਵੇ ਤਾਂ ਹਿੰਦੂ ਮਰਯਾਦਾ ਅਨੁਸਾਰ ਉਸ ਦੀ ਬਲੀ ਦੇਵਤੇ ਪ੍ਰਵਾਨ ਨਹੀਂ ਕਰਦੇ। ਪਹਿਲਿਆਂ ਵਿਚ ਜਦੋਂ ਮਨੁੱਖ ਦੀ ਬਲੀ ਦੀ ਪ੍ਰਥਾ ਸੀ ਤਾਂ ਪੂਰਨ ਅੰਗਾਂ ਵਾਲੇ ਮਨੁੱਖ ਦੀ ਹੀ ਬਲੀ ਦਿਤੀ ਜਾਂਦੀ ਸੀ। ਇਸ ਭਾਵ ਦੀ ਇਕ ਕਥਾ ਵੀ ਪ੍ਰਚਲਤ ਹੈ — ਇਕ ਰਾਜੇ ਦੀ ਉਂਗਲੀ ਕੱਟੀ ਗਈ। ਵਜ਼ੀਰ ਨੇ ਕਿਹਾ, "ਜੋ ਰੱਬ ਕਰਦਾ ਏ ਚੰਗਾ ਹੀ ਕਰਦਾ ਏ।" ਰਾਜੇ ਨੇ ਕਰੋਧ ਵਿਚ ਆ ਕੇ ਵਜ਼ੀਰ ਨੂੰ ਬੰਦੀਖ਼ਾਨੇ ਵਿਚ ਸੁਟ ਦਿਤਾ। ਇਕ ਦਿਨ ਰਾਜਾ ਸ਼ਿਕਾਰ ਖੇਡਦਾ ਹੋਇਆ ਰਾਹ ਭੁੱਲ ਗਿਆ ਅਤੇ ਜਾਂਗਲੀਆਂ ਦੇ ਹੱਥ ਜਾ ਲੱਗਾ, ਜੋ ਕਾਲੀ ਮਾਈ ਨੂੰ ਮਨੁੱਖ ਦੀ ਬਲੀ ਦੇਣਾ ਚਾਹੁੰਦੇ ਸਨ। ਜਦੋਂ ਉਨ੍ਹਾਂ ਨੇ ਰਾਜੇ ਦੀ ਉਂਗਲ ਕੱਟੀ ਹੋਈ ਵੇਖੀ ਤਾਂ ਉਸ ਨੂੰ ਬਲੀ ਦੇ ਯੋਗ ਨਾ ਸਮਝ ਕੇ ਮੁਕਤ ਕਰ ਦਿਤਾ।

ਨਕ ਕੰਨ ਆਦਿ ਅੰਗ ਵੇਦ ਕਰਨ ਪਿਛੇ ਵੀ ਇਹੋ ਧਾਰਨਾ ਹੈ ਕਿ ਜਿਸ ਸ਼ਖਸ ਦਾ ਕੋਈ ਅੰਗ ਭੰਗ ਹੋਇਆ ਹੋਵੇਗਾ, ਉਸ ਉਪਰ ਟੂਣਾ ਟੱਪਾ ਨਹੀਂ ਚਲ ਸਕਦਾ ਅਤੇ ਬਦਰੂਹਾਂ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦੀਆਂ। (ਵੇਖੋ : ਕਰਨਵੇਦ)

(ਅ-159) **ਅੰਗ ਭਰਮ :**

ਸਰੀਰ ਦੇ ਅੰਗਾਂ — ਹੱਥਾਂ ਪੈਰਾਂ ਦੀਆਂ ਉਂਗਲੀਆਂ, ਅੱਖਾਂ ਤੇ ਹਥੇਲੀ ਆਦਿ ਬਾਰੇ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਚੀਚੀ ਉਂਗਲੀ ਜ਼ਿਮੀਂ ਨਾਲ ਛੂਹਦੀ ਹੋਵੇ ਤਾਂ ਲੋਕ-ਨਿਸਚੇ ਅਨੁਸਾਰ ਉਹ ਕੰਨਿਆਂ ਬਹੁਤਾ ਚਿਰ ਸੁਹਾਗ ਨਹੀਂ

ਮਾਣਦੀ। ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਦੂਜੀ ਉਂਗਲੀ ਅੰਗੂਠੇ ਨਾਲੋਂ ਵੱਡੀ ਹੋਵੇ ਤਾਂ ਉਹ ਸਤਿ ਧਰਮ ਵਿਚ ਦ੍ਰਿੜ੍ਹ ਨਹੀਂ ਹੁੰਦੀ। ਜੇ ਕੰਨਿਆਂ ਦੀਆਂ ਚੂਚੀਆਂ ਉਤੇ ਰੋਮ ਹੋਣ ਤਾਂ ਉਹ ਪਤੀ ਲਈ ਭਾਰੀ ਹੈ; ਖ਼ੁਸ਼ਕ ਵਾਲਾਂ ਵਾਲੀ ਕੰਨਿਆਂ ਝਗੜਾਲੂ ਸੁਭਾ ਦੀ ਮੰਨੀ ਗਈ ਹੈ। ਲੱਤਾਂ ਉਤੇ ਬਹੁਤੇ ਵਾਲ ਚੰਗੇ ਨਹੀਂ ਗਿਣੇ ਜਾਂਦੇ। ਬਿੱਲੀਆਂ ਅੱਖਾਂ ਵਾਲਾ ਪ੍ਰਾਣੀ ਚਤੁਰ ਅਤੇ ਸ਼ਰਾਬੀ ਅੱਖਾਂ ਵਾਲਾ ਆਸ਼ਕ ਮਜ਼ਾਜ ਹੁੰਦਾ ਹੈ।

ਜੇ ਕਿਸੇ ਕੰਨਿਆਂ ਦੀ ਹਥੇਲੀ ਦੀ ਕੰਵਲ ਵਾਂਗ ਕਟੋਰੀ ਬਣੇ ਤੇ ਉਂਗਲਾਂ ਕੇਵਲ ਦੀਆਂ ਪੱਤੀਆਂ ਵਾਂਗ ਵਖਰੀਆਂ ਜਾਪਣ ਤਾਂ ਉਹ ਕੰਨਿਆਂ ਬੜੀ ਭਾਗਵਾਨ ਹੁੰਦੀ ਹੈ। ਲੱਛਮੀ ਹਮੇਸ਼ਾਂ ਉਸ ਦੇ ਅੱਗੇ ਪਿਛੇ ਰਹਿੰਦੀ ਹੈ। ਜੇ ਪੈਰਾਂ ਦੀਆਂ ਤਲੀਆਂ ਉਤੇ ਅੰਕੁਸ਼ ਜਾਂ ਜੌਂ ਦੇ ਸਿੱਟੇ ਵਰਗਾ ਚਿੰਨ੍ਹ ਹੋਵੇ ਤਾਂ ਉਹ ਕੰਨਿਆਂ ਵੀ ਕਲਿਆਣੀ ਮੰਨੀ ਜਾਂਦੀ ਹੈ। ਮੱਥਾ ਚੌੜਾ,ਧੁਨੀ ਡੂੰਘੀ ਤੇ ਪੇਟ ਉਤੇ ਤ੍ਰੈ ਉਭਰਦੀਆਂ ਡੂੰਘੀਆਂ ਲਹਿਰਾਂ ਸ਼ੁਭ ਗਿਣੀਆਂ ਜਾਂਦੀਆਂ ਹਨ। ਵੱਡਾ ਸਿਰ ਸਰਦਾਰੀ ਦਾ ਚਿੰਨ੍ਹ ਹੈ —

ਸਿਰ ਵੱਡੇ ਸਰਦਾਰਾਂ ਦੇ,
ਪੇਟ ਵੱਡੇ ਬਘਿਆੜਾਂ ਦੇ,
ਪੈਰ ਵੱਡੇ ਘੁੰਮਿਆਰਾਂ ਦੇ।

ਅੰਗਾਂ ਦੇ ਫਰਕਣ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਜੁੜੇ ਹੋਏ ਹਨ। (ਵੇਖੋ : ਅੰਗ ਫਰਕਣੇ)

(ਅ-160) **ਅੰਗ ਮੇਲਣਾ :**

ਰਿਸ਼ਤੇ ਨਾਤੇ ਕਰਨ ਵੇਲੇ ਜੱਟਾਂ, ਰਾਜਪੂਤਾਂ, ਖੱਤਰੀਆਂ ਆਦਿ ਜਾਤਾਂ ਵਿਚ ਮੁੰਡੇ ਤੇ ਕੁੜੀ ਦੇ ਮਾਪਿਆਂ ਤੋਂ ਛੁਟ ਨਾਨਕਿਆਂ ਤੇ ਦਾਦਕਿਆਂ ਦੀਆਂ ਗੋਤਾਂ ਨੂੰ ਵੀ ਧਿਆਨ ਵਿਚ ਰਖਿਆ ਜਾਂਦਾ ਹੈ। ਵਧ ਤੋਂ ਵਧ ਚਾਰ ਗੋਤਾਂ ਮੇਲੀਆਂ ਜਾਂਦੀਆਂ ਹਨ ਜੋ ਇਸ ਪ੍ਰਕਾਰ ਹਨ — ਲੜਕੇ ਦੀ ਗੋਤ, ਉਸ ਦੀ ਮਾਂ, ਦਾਦੀ ਤੇ ਨਾਨੀ ਦੀ ਗੋਤ। ਕਈ ਜਾਤਾਂ ਵਿਚ ਰਿਸ਼ਤਾ ਕਰਨ ਵੇਲੇ ਕੇਵਲ ਦੋ ਗੋਤਾਂ — ਲੜਕੇ ਦੇ ਮਾਂ ਤੇ ਪਿਉ ਦੀ ਗੋਤ ਹੀ ਧਿਆਨ ਵਿਚ ਰਖੀ ਜਾਂਦੀ ਹੈ, ਪਰ ਕਈਆਂ ਵਿਚ ਤਿੰਨ। ਇਨ੍ਹਾਂ ਗੋਤਾਂ ਨੂੰ'ਅੰਗ' ਕਹਿੰਦੇ ਹਨ। ਜੇ ਵਿਆਹ ਵੇਲੇ ਦੋ ਗੋਤਾਂ ਧਿਆਨ ਵਿਚ ਰਖੀਆਂ ਜਾਣ ਤਾਂ ਦੋ ਅੰਗ, ਜੇ ਤਿੰਨ/ਚਾਰ ਗੋਤਾਂ ਵਿਚਾਰ ਗੋਚਰੇ ਹੋਣ ਤਾਂ ਤਿੰਨ/ਚਾਰ ਅੰਗ ਬਣਦੇ ਹਨ। ਜੇ ਇਨ੍ਹਾਂ ਅੰਗਾਂ ਵਿਚੋਂ ਲੜਕੀ ਤੇ ਲੜਕੇ ਦਾ ਕੋਈ ਇਕ ਅੰਗ ਵੀ ਮਿਲ ਜਾਵੇ ਤਾਂ ਰਿਸ਼ਤਾ ਮਰਯਾਦਾ ਅਨੁਕੂਲ ਨਾ ਹੋਣ ਕਰ ਕੇ ਰੱਦ ਕਰ ਦਿਤਾ ਜਾਂਦਾ ਹੈ। (ਵੇਖੋ : ਗੋਤ)

(ਅ-161) **ਅਗੰਮ ਵਿੱਦਿਆ** :

ਰਹੱਸਮਈ ਵਿੱਦਿਆ ਜਿਸ ਦੁਆਰਾ ਗ਼ੈਬ ਦੀਆਂ ਉਨ੍ਹਾਂ ਗੱਲਾਂ ਨੂੰ ਵੀ ਜਾਣਿਆ ਜਾ ਸਕੇ, ਜੋ ਗਿਆਨ-ਇੰਦਰਿਆਂ ਰਾਹੀਂ ਨਹੀਂ ਜਾਣੀਆਂ ਜਾ ਸਕਦੀਆਂ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਕਰਣੀ ਵਾਲੇ ਸਾਧੂ ਸੰਤ ਤੇ ਪੀਰ ਫ਼ਕੀਰ ਅਗੰਮ ਵਿੱਦਿਆ ਤੋਂ ਜਾਣੂੰ ਹੁੰਦੇ ਹਨ ਤੇ ਉਨ੍ਹਾਂ ਨੂੰ ਗ਼ੈਬ ਦੀਆਂ ਗੱਲਾਂ ਦਾ ਸਹਿਜ ਸੁਭਾ ਹੀ ਪਤਾ ਲੱਗ ਜਾਂਦਾ ਹੈ। (ਵੇਖੋ : ਪੁੱਛਾਂ)

(ਅ-162) **ਅੰਗਰਖਾ :**

ਤਣੀਆਂ ਵਾਲਾ ਵੱਡਾ ਚੋਗਾ ਜੋ ਗੋਡਿਆਂ ਤਕ ਲੰਮਾ ਹੁੰਦਾ ਹੈ। ਇਸ ਨੂੰ ਸਰਦੀਆਂ ਵਿਚ ਕੁੜਤੇ ਉਤੇ ਪਾਇਆ ਜਾਂਦਾ ਹੈ। ਹਿੰਦੂ ਇਸ ਦੀਆਂ ਤਣੀਆਂ ਨੂੰ ਸੱਜੇ ਪਾਸੇ ਅਤੇ ਮੁਸਲਮਾਨ ਖੱਬੇ ਪਾਸੇ ਵਲ ਬੰਨ੍ਹਦੇ ਹਨ।

(ਅ-163) **ਅਗਰਬਤੀ :**

ਇਕ ਸੁਗੰਧਤ ਬ੍ਰਿਛ ਅਗਰ ਦੀ ਗੂੰਦ, ਜਿਸ ਨੂੰ ਧੂਪ ਵਿਚ ਮਿਲਾ ਕੇ ਬੱਤੀ ਬਣਾ ਲਈ ਜਾਂਦੀ ਹੈ। ਇਸ ਨੂੰ ਧੁਖਾਣ ਨਾਲ ਸੁਗੰਧੀ ਦੀਆਂ ਲਪਟਾਂ ਚਾਰੇ ਪਾਸੇ ਖਿੰਡਦੀਆਂ ਹਨ। ਹਿੰਦੂਆਂ ਵਿਚ ਪੂਜਾ-ਅਰਚਾ ਸਮੇਂ ਅਗਰਬਤੀ ਧੁਖਾਣ ਦੀ ਪ੍ਰਥਾ ਹੈ। ਸਿੱਖਾਂ ਵਿਚ ਵੀ ਕੀਰਤਨ ਜਾਂ ਅਖੰਡ ਪਾਠ ਵੇਲੇ ਆਦਿ ਗ੍ਰੰਥ ਸਾਹਿਬ ਅੱਗੇ ਅਗਰਬਤੀ ਜਲਾਣਾ ਵਿਧਾਨ ਹੈ। ਨਿਸਚਾ ਹੈ ਕਿ ਜਿਸ ਥਾਂ ਅਗਰਬਤੀ ਧੁਖਾਈ ਜਾਵੇ ਉਥੋਂ ਭੂਤ ਪ੍ਰੇਤ ਤੇ ਬਦ-ਰੂਹਾਂ ਦੂਰ ਨਠਦੀਆਂ ਹਨ ਅਤੇ

ਪੂਜਾ ਅਰਚਾ ਵਿਚ ਕੋਈ ਵਿਘਨ ਨਹੀਂ ਪਾਉਂਦੀਆਂ ।

(ਅ-164) **ਅਗਰਵਾਲ** :

ਵੈਸ਼ਾਂ ਦੀ ਇਕ ਉਪ-ਜਾਤੀ । ਇਸ ਜਾਤੀ ਦਾ ਮੂਲ ਨਿਵਾਸ ਅਸਥਾਨ ਅਗਰੋਹਾ ਮੰਨਿਆ ਜਾਂਦਾ ਹੈ, ਜੋ ਪੱਛਮੀ ਰਾਜਸਥਾਨ ਤੇ ਹਰਿਆਣੇ ਦੀ ਸੀਮਾ ਉਤੇ ਸਥਿਤ ਹੈ । ਅਗਰੋਹਾ ਦੇ ਨਿਵਾਸੀ ਹੋਣ ਕਰ ਕੇ ਉਥੋਂ ਦੇ ਵੈਸ਼ ਅਗਰਵਾਲ ਦੇ ਨਾਉਂ ਨਾਲ ਪ੍ਰਸਿਧ ਹੋਏ । ਸ਼ਹਾਬ-ਉੱਦੀਨ ਗ਼ੌਰੀ ਦੇ ਸਮੇਂ ਇਹ ਲੋਕ ਅਗਰੋਹੇ ਤੋਂ ਪੰਜਾਬ ਅਤੇ ਭਾਰਤ ਦੇ ਹੋਰ ਖੇਤਰਾਂ ਵਿਚ ਫੈਲੇ ਦਸੇ ਜਾਂਦੇ ਹਨ ।

ਅਗਰਵਾਲਾਂ ਦੀਆਂ ਗੋਤਾਂ ਬਾਰੇ ਇਕ ਦੰਦ-ਕਥਾ ਇਉਂ ਪ੍ਰਚਲਤ ਹੈ — ਬਾਸ਼ਕ ਨਾਗ ਦੀਆਂ ਸਤਾਰਾਂ ਧੀਆਂ ਸਨ, ਜਿਨ੍ਹਾਂ ਦੇ ਵਿਆਹ ਅਗਰ ਜਾਂ ਉਗਰਸੈਨ ਦੇ 17 ਲੜਕਿਆਂ ਨਾਲ ਹੋਏ । ਬਾਸ਼ਕ ਨਾਗ ਦੀਆਂ ਸਤਾਰਾਂ ਧੀਆਂ ਤੋਂ ਜੋ ਸੰਤਾਨ ਪੈਦਾ ਹੋਈ ਉਨ੍ਹਾਂ ਤੋਂ ਹੀ ਅਗਰਵਾਲਾਂ ਦੀਆਂ 17 ਗੋਤਾਂ ਚਲੀਆਂ । ਪਰ ਇਹ ਸਭ ਨਾਗਣਾਂ, ਰਾਤ ਵੇਲੇ ਆਪਣੇ ਪਤੀਆਂ ਨੂੰ ਦਾਸੀਆਂ ਕੋਲ ਇਕੱਲਿਆਂ ਛੱਡ ਕੇ ਮਾਪਿਆਂ ਦੇ ਘਰ ਚਲੀਆਂ ਜਾਂਦੀਆਂ ਸਨ । ਪਿਛੋਂ ਉਨ੍ਹਾਂ ਦੇ ਪਤੀ ਦਾਸੀਆਂ ਨਾਲ ਰੰਗ-ਰਲੀਆਂ ਮਾਣਦੇ ਸਨ । ਇਨ੍ਹਾਂ ਦਾਸੀਆਂ ਤੋਂ ਪੈਦਾ ਹੋਈ ਔਲਾਦ ਦਾਸ ਜਾਂ ਛੋਟੀ ਸਰਨ ਗੋਤ ਅਖਵਾਈ, ਜੋ ਅਗਰਵਾਲਾਂ ਦੀ ਅੱਧੀ ਗੋਤ ਮੰਨੀ ਜਾਂਦੀ ਹੈ । ਪਰ ਇਕ ਹੋਰ ਧਾਰਨਾ ਅਨੁਸ ਰ ਇਕ ਵਾਰ ਅਣਗਹਿਲੀ ਨਾਲ ਗੋਇਲ ਗੋਤ ਦੇ ਲੜਕੇ ਤੇ ਲੜਕੀ ਦਾ ਆਪੋ ਵਿਚ ਵਿਆਹ ਹੋ ਗਿਆ; ਉਨ੍ਹਾਂ ਦੋਹਾਂ ਦੀ ਵੰਸ਼ ਗੋਂਡ ਅਖਵਾਈ ਤੇ ਅਗਰਵਾਲਾਂ ਦੀ ਇਹ ਅੱਧੀ ਗੋਤ ਮੰਨੀ ਜਾਣ ਲੱਗੀ । ਇਸ ਤਰ੍ਹਾਂ ਅਗਰਵਾਲਾਂ ਦੀਆਂ ਸਾਢੇ ਸਤਾਰਾਂ ਗੋਤਾਂ ਪ੍ਰਸਿਧ ਹੋਈਆਂ, ਪਰ ਸਤਯਕੇਤੂ ਵਿੱਦਿਆਲੰਕਾਰ ਦੀ ਪੁਸਤਕ 'ਅਗਰਵਾਲ ਜਾਤੀ ਦਾ ਇਤਿਹਾਸ' ਅਨੁਸਾਰ ਅਗਰਸੈਨ ਦੇ 18 ਪੁੱਤਰ ਸਨ, ਜਿਨ੍ਹਾਂ ਤੋਂ 18 ਗੋਤਾਂ ਦਾ ਆਰੰਭ ਹੋਇਆ ।

ਅਗਰਵਾਲ ਜਾਤੀ ਦਾ ਗੁਗੇ ਪੀਰ ਨਾਲ ਵੀ ਨਿਕਟ ਸੰਬੰਧ ਜੋੜਿਆ ਜਾਂਦਾ ਹੈ । ਭਾਦਰੋਂ ਦੇ ਮਹੀਨੇ ਜਦੋਂ ਚੂਹੜੇ ਪੀਰ ਦਾ ਝੰਡਾ ਫੇਰਦੇ ਹਨ ਤਾਂ ਉਹ ਅਗਰਵਾਲ ਗੋਤ ਦੇ ਬਾਣੀਏਂ ਨੂੰ ਉਚੇਚਾ ਢੂੰਡ ਕੇ ਝੰਡੇ ਦੇ ਦਰਸ਼ਨ ਕਰਵਾਉਂਦੇ ਤੇ ਉਨ੍ਹਾਂ ਤੋਂ ਭੇਟਾ ਵਸੂਲ ਕਰਦੇ ਹਨ । ਕਾਰਨ ਇਹ ਦਸਿਆ ਜਾਂਦਾ ਹੈ ਕਿ ਅਗਰਵਾਲ ਉਸੇ ਥਾਂ ਦੇ ਮੂਲ ਨਿਵਾਸੀ ਹਨ ਜਿਥੋਂ ਦਾ ਗੁਗਾ ਪੀਰ ਸੀ । ਗੁਗੇ ਦਾ ਜਨਮ ਵੀ ਅਗਰੋਹੇ ਵਿਚ ਹੀ ਹੋਇਆ ਸੀ । (ਵੇਖੋ : ਗੁਗਾ ਪੀਰ)

ਅਗਰਵਾਲ ਹਰ ਸਾਲ ਅਗਰੋਹੇ ਦੀ ਯਾਤਰਾ ਕਰਦੇ ਹਨ ਅਤੇ ਆਪਣੇ ਲੜਕੇ ਦਾ ਪਹਿਲਾ ਮੁੰਡਨ ਸੰਸਕਾਰ ਵੀ ਅਗਰੋਹੇ ਹੀ ਕਰਦੇ ਹਨ । ਅਗਰਵਾਲ ਆਪਣੀ ਗੋਤ ਨੂੰ ਛੱਡ ਕੇ ਬਾਕੀ ਸਭ ਗੋਤਾਂ ਵਿਚ ਵਿਆਹ ਕਰ ਲੈਂਦੇ ਹਨ ।

(2) ਖੱਤ੍ਰੀਆਂ ਦੀ ਇਕ ਗੋਤ ਜੋ ਸਰੀਣਾਂ ਵਿਚੋਂ ਹੈ । (ਵੇਖੋ : ਸਰੀਣ)

(ਅ-165) **ਅਗਰੀ** :

ਇਕ ਜਾਤੀ ਜੋ ਲੂਣ ਬਨਾਉਣ ਦਾ ਧੰਦਾ ਕਰਦੀ ਹੈ । ਇਹ ਲੋਕ ਜਿਸ ਭਾਂਡੇ ਵਿਚ ਲੂਣ ਬਣਾਉਂਦੇ ਹਨ, ਉਸ ਨੂੰ 'ਆਗਰ' ਕਹਿੰਦੇ ਹਨ । ਜਿਸ ਤੋਂ ਉਨ੍ਹਾਂ ਦਾ ਨਾਉਂ 'ਅਗਰੀ' ਪੈ ਗਿਆ । ਗੁੜਗਾਉਂ ਦੇ ਇਲਾਕੇ ਦੇ ਅਗਰੀ ਆਪਣੇ ਆਪ ਨੂੰ ਚਿਤੌੜ ਦੇ ਰਾਜਪੂਤਾਂ ਦੀ ਵੰਸ਼ ਵਿਚੋਂ ਦਸਦੇ ਹਨ । ਰੋਹਤਕ ਤੇ ਗੁੜਗਾਉਂ ਵਿਚ ਅਗਰੀ ਖੂਹਾਂ ਦੇ ਖਾਰੇ ਪਾਣੀ ਤੋਂ ਲੂਣ ਬਣਾਉਂਦੇ ਹਨ । ਇਨ੍ਹਾਂ ਬਾਰੇ ਅਖਾਣ ਹੈ :–

ਅੱਕ, ਜਵਾਸਾ, ਅਗਰੀ, ਚੌਥਾ ਗਾੜੀਵਾਨ
ਚਾਰੇ ਮੀਂਹ ਨਾ ਮੰਗਦੇ
ਭਾਵੇਂ ਉਜੜ ਜਾਏ ਜਹਾਨ ।

(ਅ-166) **ਅਗਰੋਹਾ** :

ਹਿਸਾਰ ਜ਼ਿਲੇ ਵਿਚ ਫ਼ਤੇਹਬਾਦ ਤੋਂ ਸਰਸਾ ਜਾਣ ਵਾਲੀ ਸੜਕ ਉਤੇ ਇਕ ਬਸਤੀ । ਭਾਰਤੀ ਪੁਰਾਤਤਵ ਵਿਭਾਗ ਨੇ ਅਗਰੋਹਾ ਵਿਚ ਖੁਦਾਈ ਕਰ ਕੇ ਕੁਝ ਪੁਰਾਣੇ ਤਾਂਬੇ ਦੇ ਸਿਕੇ ਲੱਭੇ ਹਨ । ਇਹ ਇਲਾਕੇ ਕਦੇ ਅਗਰੋਦਕ ਜਾਤੀ ਦਾ ਜਨਪਦ ਸੀ, ਮਗਰੋਂ ਸ਼ਹਿਰ ਦਾ ਨਾਂ ਅਗਰੋਹਾ ਪ੍ਰਸਿਧ ਹੋ ਗਿਆ । ਗੁਗਾ ਪੀਰ ਇਥੋਂ ਦਾ ਹੀ

ਨਿਵਾਸੀ ਸੀ। (ਵੇਖੋ : ਗੁਗਾ)

(ਅ-167) **ਅੰਗਲੀ ਪਟੰਗਲੀ** :

ਜਦੋਂ ਕੋਈ ਬੱਚਾ, ਅਖੌਤੀ ਨੀਚ ਜਾਤ ਦੇ ਕਿਸੇ ਬੰਦੇ ਜਾਂ ਚੂਹੜੇ ਚੁਮਿਆਰ ਨਾਲ ਛੂਹ ਜਾਵੇ ਅਥਵਾ ਉਸ ਦੇ ਜਿਸਮ ਦਾ ਕੋਈ ਅੰਗ ਨਾਲੀ ਦੇ ਗੰਦੇ ਪਾਣੀ ਤੇ ਮੈਲੇ ਆਦਿ ਨਾਲ ਭਰਿਆ ਜਾਵੇ ਤਾਂ ਬੱਚੇ ਨੂੰ ਭਿੱਟਿਆ ਹੋਇਆ ਜਾਣ ਕੇ, ਬਾਕੀ ਸਭ ਬੱਚੇ ਉਸ ਤੋਂ ਦੂਰ ਨਠਦੇ ਹਨ। ਕਈ ਵਾਰ ਭਿੱਟਿਆ ਬੱਚਾ ਦੂਜੇ ਬੱਚਿਆਂ ਨੂੰ ਭਿਟਾਣ ਦੇ ਵਿਚਾਰ ਨਾਲ ਛੂਹੰਦਾ ਹੈ। ਭਿੱਟ ਤੋਂ ਬਚਾਉ ਲਈ ਬੱਚੇ ਆਪੋ ਆਪਣੇ ਸੱਜੇ ਹੱਥ ਦੀਆਂ ਪਹਿਲੀਆਂ ਦੋਹਾਂ ਉਂਗਲੀਆਂ ਨੂੰ ਇਕ ਦੂਜੇ ਉਤੇ ਚੜ੍ਹਾ ਕੇ ਇਹ ਤੁਕਾਂ ਪੜ੍ਹਦੇ ਹੋਏ ਆਪਣੇ ਦੁਆਲੇ ਇਕ ਕਲਪਿਤ ਕਾਰ ਜਿਹੀ ਵਾਹ ਲੈਂਦੇ ਹਨ :

ਅੰਗਲੀ ਪਟੰਗਲੀ ਪਰਾਈ ਭਿੱਟ ਕੋਈ ਨਾ

ਬੱਚਿਆਂ ਦਾ ਵਿਸ਼ਵਾਸ਼ ਹੈ ਕਿ ਇਸ ਤੁਕ ਦੇ ਉਚਾਰਨ ਉਪਰੰਤ ਜੇ ਭਿੱਟਿਆ ਹੋਇਆ ਬੱਚਾ ਕਿਸੇ ਬਾਲ ਨੂੰ ਛੂਹ ਵੀ ਲਏ ਤਾਂ, ਉਸ ਬੱਚੇ ਦੀ ਭਿੱਟ ਦੂਜੇ ਬੱਚੇ ਨੂੰ ਨਹੀਂ ਲੱਗਦੀ। ਇਹ ਤੁਕਾਂ ਪੁਰਾਣੇ ਵੇਲੇ ਦੇ ਕਿਸੇ ਮੰਤਰ ਦੀਆਂ ਰਹਿੰਦ ਜਾਪਦੀਆਂ ਹਨ। ਭਿੱਟਿਆ ਬੱਚਾ ਆਪਣੀ ਭਿੱਟ ਨੂੰ ਉਤਾਰਨ ਲਈ ਜਾਂ ਤਾਂ ਇਸ਼ਨਾਨ ਕਰਦਾ ਹੈ ਜਾਂ ਪਾਣੀ ਦੇ ਸਤ ਛੱਟੇ ਆਪਣੇ ਸਰੀਰ ਉਤੇ ਮਾਰਦਾ ਹੋਇਆ ਭਿੱਟੇ ਹੋਏ ਅੰਗ ਨੂੰ ਖ਼ਾਸ ਤੌਰ ਤੇ ਧੋਂਦਾ ਹੈ।

(ਅ-168) **ਅਗਵਾਣੀ** :

ਗੁੜਗਾਵਾਂ ਦੀ ਮਿਊ ਜਾਤੀ ਦੀ ਇਕ ਰਸਮ; ਜਦੋਂ ਬਰਾਤ ਕੰਨਿਆਂ ਪੱਖ ਦੇ ਪਿੰਡ ਵਲ ਜਾ ਰਹੀ ਹੁੰਦੀ ਹੈ, ਤਾਂ ਕੰਨਿਆਂ ਪੱਖ ਦਾ ਨਾਈ ਦੋ ਤਿੰਨ ਬਲਦਾਂ ਦੀਆਂ ਬਹਿਲੀਆਂ ਲੈ ਕੇ ਬਰਾਤ ਨੂੰ ਰਾਹ ਵਿਚ ਹੀ ਮਿਲਦਾ ਅਤੇ ਰਸਮੀ ਤੌਰ ਤੇ ਪਿੰਡ ਆਉਣ ਦਾ ਸੱਦਾ ਦੇਂਦਾ ਹੈ। ਇਸ ਰਸਮ ਨੂੰ ਅਗਵਾਣੀ ਕਹਿੰਦੇ ਹਨ। ਬਰਾਤ ਨੂੰ ਨਿਉਤਾ ਦੇ ਕੇ ਨਾਈ ਉਸੇ ਪੈਰ ਪਿਛੇ ਪਿੰਡ ਵਲ ਮੁੜ ਪੈਂਦਾ ਹੈ ਅਤੇ ਬਰਾਤ ਉਹਦੇ ਪਿਛੇ ਪਿਛੇ ਆਉਂਦੀ ਹੈ।

(ਅ-169) **ਅਗਵਾਨੀ ਦੇਵੀ** :

ਇਕ ਦੇਵੀ ਜੋ ਬੱਚਿਆਂ ਵਿਚ ਰੋਗ ਫੈਲਾਂਦੀ ਹੈ। ਇਹ ਸੀਤਲਾ ਦੇਵੀ ਦੀਆਂ ਛੇ ਭੈਣਾਂ ਵਿਚੋਂ ਇਕ ਹੈ; ਬਾਕੀ ਪੰਜ ਭੈਣਾਂ ਮਸਾਣੀ, ਬਸੰਤੀ, ਮਹਾਂ ਮਾਈ, ਲਮਕੜੀ, ਪੋਲਮੜੇ ਆਦਿ ਹਨ, ਇਨ੍ਹਾਂ ਸਭਨਾਂ ਦੇਵੀਆਂ ਦੀਆਂ ਮਾੜੀਆਂ ਸੀਤਲਾ ਦੇਵੀ ਦੀ ਮਾੜੀ ਦੁਆਲੇ ਬਣਾਈਆਂ ਜਾਂਦੀਆਂ ਹਨ। ਸੀਤਲਾ ਸਪਤਮੀ ਵਾਲੇ ਦਿਨ ਅਗਵਾਨੀ ਅਤੇ ਦੂਜੀਆਂ ਸਭ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ। (ਵੇਖੋ : ਸੀਤਲਾ)

(ਅ-170) **ਅੰਗੜਾਈ ਲੈਣੀ** :

ਰੋਟੀ ਖਾਣ ਮਗਰੋਂ ਉਠਦਿਆਂ ਸਾਰ ਅੰਗੜਾਈ ਲੈਣੀ ਅਸ਼ੁਭ ਸਮਝੀ ਗਈ ਹੈ। ਲੋਕ-ਨਿਸਚੇ ਅਨੁਸਾਰ ਅਜਿਹਾ ਸ਼ਖ਼ਸ ਅਗਲੇ ਜਨਮ ਖੋਤੇ ਦੀ ਜੂਨ ਵਿਚ ਪੈਂਦਾ ਹੈ। ਇਕ ਵਿਚਾਰ ਅਨੁਸਾਰ ਰੋਟੀ ਖਾਣ ਮਗਰੋਂ ਉਬਾਸੀ ਲੈਣ ਵਾਲੇ ਸ਼ਖ਼ਸ ਦਾ ਉਸ ਦਿਨ ਕੋਈ ਕੰਮ ਸਿਰੇ ਨਹੀਂ ਚੜ੍ਹਦਾ ਤੇ ਉਸ ਨੂੰ ਸਾਰਾ ਦਿਨ ਖੋਤੇ ਵਾਂਗ ਘਾਲਣਾ ਘਾਲਣੀ ਪੈਂਦੀ ਹੈ।

ਸ਼ੁਭ ਸ਼ਗਨ ਜਾਂ ਮੰਗਲ ਕਾਰਜ ਸਮੇਂ ਹਾਜ਼ਰ ਲੋਕਾਂ ਵਿਚ ਕਿਸੇ ਦਾ ਅੰਗੜਾਈ ਲੈਣਾ ਅਸ਼ੁਭ ਸਮਝਿਆ ਜਾਂਦਾ ਹੈ। ਕਈ ਲੋਕ ਇਸ ਗੱਲ ਨੂੰ ਨਹਿਸ਼ ਸਮਝਦੇ ਹਨ।

(ਅ-171) **ਅਗਾੜੀ ਪਿਛਾੜੀ ਸਾਹਿਬ** :

ਕਰੀਰ ਦੇ ਦਰੱਖ਼ਤ ਜੋ ਤਰਨ ਤਾਰਨ ਦੇ ਇਕ ਪਿੰਡ ਜੀਉ ਵਾਲਾ ਵਿਚ ਸਥਿਤ ਹਨ। ਮਹਾਨ ਕੋਸ਼ (ਪੰਨਾ, 393) ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਝਬਾਲ ਤੋਂ ਜਦੋਂ ਇਥੇ ਆਏ ਸਨ ਤਾਂ ਉਨ੍ਹਾਂ ਨੇ ਜਿਨ੍ਹਾਂ ਕਰੀਰਾਂ ਨਾਲ ਘੋੜਾ ਬੰਨ੍ਹਿਆ ਸੀ, ਉਨ੍ਹਾਂ ਨੂੰ ਲੋਕੀਂ ਆਦਰ ਨਾਲ 'ਅਗਾੜੀ ਪਿਛਾੜੀ ਸਾਹਿਬ' ਕਹਿਣ ਲੱਗ ਪਏ। ਜੀਉ ਪਿੰਡ ਤੋਂ ਇਕ ਮੀਲ ਦੱਖਣ ਵਲ ਗੁਰੂ ਹਰਿਗੋਬਿੰਦ ਦਾ ਗੁਰਦੁਆਰਾ ਹੈ। ਜੀਉ ਪਿੰਡ ਰੇਲਵੇ ਸਟੇਸ਼ਨ ਜੰਡੋਕੀ ਤੋਂ ਛੇ ਮੀਲ ਪੱਛਮ ਵਲ ਹੈ।

(ਅ-172) **ਅਗਿਆਤਵਾਸ** :

ਅਗਿਆਤਵਾਸ ਦਾ ਭਾਵ ਹੈ ਆਪਣੀ ਅਸਲੀਅਤ ਨੂੰ ਛੁਪਾ ਕੇ ਕਿਸੇ ਅਣਜਾਣੀ ਥਾਂ ਟਿਕਾਣਾ ਕਰਨਾ। ਜੂਏ ਵਿਚ ਹਾਰਨ ਮਗਰੋਂ ਪਾਂਡਵਾਂ ਨੇ ਬਾਰਾਂ ਸਾਲ ਜੰਗਲ ਵਿਚ ਬਨਬਾਸ ਕਟਿਆ, ਤੇਹਰਵਾਂ ਸਾਲ ਉਨ੍ਹਾਂ ਨੇ ਅਗਿਆਤਵਾਸ ਵਿਚ ਗੁਜ਼ਾਰਿਆ। ਇਹ ਅਗਿਆਤਵਾਸ ਪਾਂਡੋਆਂ ਦੇ ਜੀਵਨ ਵਿਚ ਬੜਾ ਮਹੱਤਵਪੂਰਣ ਸੀ। ਆਪਣੇ ਅਸਲੀ ਰੂਪ ਅਤੇ ਹੋਂਦ ਨੂੰ ਛੁਪਾ ਕੇ, ਪਾਂਡਵਾਂ ਨੇ ਆਪਣਾ ਨਾਂ ਤੇ ਵੇਸ ਬਦਲ ਕੇ, ਮਤਸਯ ਜਨਪਦ ਦੀ ਰਾਜਧਾਨੀ ਵਿਰਾਟ ਨਗਰ ਵਿਚ ਨਿਵਾਸ ਕੀਤਾ। ਯੁਧਿਸ਼ਟਰ ਕੰਕ ਬ੍ਰਾਹਮਣ ਦੇ ਵੇਸ ਵਿਚ ਰਾਜੇ ਵਿਰਾਟ ਦਾ ਨਿਜੀ ਸਾਥੀ ਤੇ ਚੌਸਰ ਦੀ ਖੇਡ ਦਾ ਉਸਤਾਦ ਬਣਿਆ। ਭੀਮ ਨੇ ਬਲਵ ਦੇ ਨਾਂ ਹੇਠ ਰਸੋਈਏ ਦਾ ਕੰਮ ਸੰਭਾਲਿਆ ਅਤੇ ਅਰਜਨ ਨੇ ਬ੍ਰਿਹਨਨਲ ਦੇ ਨਾਂ ਹੇਠ ਰਾਜੇ ਦੀ ਕੰਨਿਆਂ ਨੂੰ ਨਿਰਤ ਸਿਖਾਣਾ ਸ਼ੁਰੂ ਕੀਤਾ। ਨਕੁਲ ਗ੍ਰੰਥਿਕ ਦੇ ਨਾਂ ਨਾਲ ਘੋੜਿਆਂ ਦਾ ਰਾਖਾ ਬਣਿਆ ਅਤੇ ਸਹਿਦੇਵ ਤੰਤੀਪਲ ਦੇ ਨਾਂ ਨਾਲ ਪਸ਼ੂਆਂ ਦਾ ਚਰਵਾਹਾ। ਦ੍ਰੋਪਦੀ ਨੇ ਰਾਣੀ ਸੁਦੇਸ਼ਣਾਂ ਦੀ ਨੈਣ ਬਣ ਕੇ ਉਸ ਦੇ ਕੇਸ ਸ਼ਿੰਗਾਰਨ ਦਾ ਕੰਮ ਆਪਣੇ ਜ਼ਿੰਮੇ ਲਿਆ। ਪਾਂਡਵਾਂ ਨੇ ਅਗਿਆਤਵਾਸ ਪੂਰੀ ਸਫਲਤਾ ਨਾਲ ਬਿਤਾਇਆ।

(ਅ-173) **ਅੰਗਿਰਸ** :

ਇਕ ਪ੍ਰਸਿਧ ਵੈਦਿਕ ਰਿਸ਼ੀ ਜੋ ਸਤ ਮਹਾਂ ਰਿਸ਼ੀਆਂ ਅਤੇ ਦਸ ਪ੍ਰਜਾਪਤੀਆਂ ਵਿਚੋਂ ਇਕ ਹੈ। ਅੰਗਿਰਸ ਰਿਗ ਵੇਦ ਦੀਆਂ ਅਨੇਕਾਂ ਰਿਚਾਂ ਦਾ ਕਰਤਾ ਵੀ ਮੰਨਿਆ ਜਾਂਦਾ ਹੈ। ਖ਼ਾਸ ਤੌਰ ਤੇ ਉਨ੍ਹਾਂ ਰਿਚਾਂ ਦਾ ਜਿਨ੍ਹਾਂ ਵਿਚ ਅਗਨੀ ਤੇ ਇੰਦਰ ਦੇਵਤੇ ਨੂੰ ਸੰਬੋਧਨ ਕੀਤਾ ਗਿਆ ਹੈ। ਅੰਗਿਰਸ ਨੂੰ ਦੇਵਤਿਆਂ ਦਾ ਪ੍ਰੋਹਿਤ ਅਤੇ ਯੱਗਾਂ ਦਾ ਦੇਵਤਾ ਵੀ ਮੰਨਿਆ ਗਿਆ ਹੈ।

ਅੰਗਿਰਸ ਦੇ ਜਨਮ ਬਾਰੇ ਵੀ ਭਿੰਨ ਕਥਾਵਾਂ ਪ੍ਰਚਲਤ ਹਨ। ਇਕ ਰਵਾਇਤ ਅਨੁਸਾਰ ਉਹ ਬ੍ਰਹਮਾ ਦੇ ਮੁਖ ਵਿਚੋਂ ਪੈਦਾ ਹੋਇਆ। ਇਕ ਹੋਰ ਰਵਾਇਤ ਅੰਗਿਰਸ ਨੂੰ ਉਰੂ ਦਾ ਪੁੱਤਰ ਦਸਦੀ ਹੈ ਜੋ ਆਗਨੇਯੀ ਦੀ ਕੁੱਖੋਂ ਪੈਦਾ ਹੋਇਆ। ਮਹਾਂਭਾਰਤ ਅਨੁਸਾਰ ਅੰਗਿਰਸ ਅਗਨੀ ਦਾ ਪੁੱਤਰ ਸੀ। ਅੰਗਿਰਸ ਨੇ ਦਕਸ਼ ਦੀਆਂ ਤਿੰਨ ਧੀਆਂ ਸਿਮ੍ਰਤੀ, ਸਵਧਾ ਤੇ ਸਤੀ ਤੋਂ ਛੁਟ ਕਰਦਮ ਦੀ ਧੀ ਸ਼੍ਰਧਾ ਨਾਲ ਵੀ ਵਿਆਹ ਕੀਤਾ ਹੋਇਆ ਸੀ। ਮਹਾਂਭਾਰਤ ਵਿਚ ਅੰਗਿਰਸ ਦੀ ਇਕ ਪਤਨੀ ਦਾ ਨਾਂ 'ਸ਼ੁਭਾ' ਲਿਖਿਆ ਮਿਲਦਾ ਹੈ। ਅੰਗਿਰਸ ਦੇ ਪੁੱਤਰਾਂ ਵਿਚੋਂ ਉਤਥਯ, ਬ੍ਰਿਹਸਪਤੀ ਅਤੇ ਮਾਰਕੰਡੇ ਦੇ ਨਾਂ ਖ਼ਾਸ ਪ੍ਰਸਿਧ ਹਨ।

ਅੰਗਿਰਸ ਰਿਸ਼ੀ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਅੰਗਿਰਾ ਉਸ ਦਾ ਇਕ ਵਧੇਰੇ ਪ੍ਰਸਿਧ ਨਾਉਂ ਹੈ। ਇਸ ਨੂੰ ਅਗਨੀ ਦਾ ਉਪ ਜਾਂ ਸਮਾਨਾਰਥਕ ਨਾਂ ਵੀ ਸਮਝਿਆ ਜਾਂਦਾ ਹੈ। ਜੌਨ ਡੌਸਨ ਲਿਖਦਾ ਹੈ — "ਇਸ ਸ਼ਬਦ ਦੀ ਉਤਪੱਤੀ ਵੀ ਅਗਨੀ ਸ਼ਬਦ ਵਾਲੇ ਧਾਤੂ ਤੋਂ ਹੀ ਹੋਈ ਹੈ ਅਤੇ ਇਨ੍ਹਾਂ ਦੋਹਾਂ ਦੀ ਧੁਨੀ ਵੀ ਮਿਲਦੀ ਹੈ, ਸ਼ਾਇਦ ਇਸੇ ਲਈ ਅੰਗਿਰਸ ਨੂੰ ਅਗਨੀ ਦਾ ਉਪ ਨਾਂ ਜਾਂ ਸਮਾਨਾਰਥਕ ਸਮਝਿਆ ਜਾਂਦਾ ਹੈ। ਇਹੋ ਨਾਂ ਅਗਨੀ ਦੇ ਪਿਤਾ ਦੇ ਉਪ ਨਾਂ ਦੇ ਤੌਰ ਉਤੇ ਵੀ ਵਰਤਿਆ ਜਾਂਦਾ ਹੈ।"

ਅੰਗਿਰਸ ਰਿਸ਼ੀ ਦੇ ਨਾਂ ਉਤੇ ਇਕ ਗੋਤਰ ਵੀ ਪ੍ਰਚਲਤ ਹੈ। ਗੁਰੂ ਨਾਨਕ ਦੀ ਇਹੋ ਗੋਤਰ ਦਸੀ ਜਾਂਦੀ ਹੈ। ਲੇਖਕ ਵੀ ਇਸੇ ਗੋਤਰ ਵਿਚੋਂ ਹੈ।

(ਅ-174) **ਅੰਗਿਰਾ** :

ਇਕ ਵੈਦਿਕ ਰਿਸ਼ੀ; (ਵੇਖੋ : ਅੰਗਿਰਸ)।

(ਅ-175) **ਅੰਗੀਠਾ** :

ਮੁਰਦੇ ਨੂੰ ਜਲਾਉਣ ਲਈ ਬਣਾਈ ਚਿਖਾ; ਨਗਰਾਂ ਵਿਚ ਸ਼ਮਸ਼ਾਨ ਘਾਟ ਵਿਚ ਵੱਡੇ ਵੱਡੇ ਅੰਗੀਠੇ ਬਣੇ ਹੁੰਦੇ ਹਨ ਜਿਨ੍ਹਾਂ ਵਿਚ ਲਕੜੀਆਂ ਦੀ ਚਿਖਾ ਬਣਾ ਕੇ ਮੁਰਦਿਆਂ ਨੂੰ ਅਗਨ-ਭੇਟ ਕੀਤਾ ਜਾਂਦਾ ਹੈ। ਇਹ ਅੰਗੀਠਾ ਮੁਸਤਤੀਲ ਸ਼ਕਲ ਦਾ ਹੁੰਦਾ ਹੈ। ਅੰਗੀਠੇ ਉਤੇ ਮ੍ਰਿਤਕ ਦੀ ਚਿਖਾ ਇਸ ਤਰ੍ਹਾਂ ਬਣਾਈ ਜਾਂਦੀ ਹੈ ਕਿ ਉਸ ਦੇ

ਪੈਰ ਦੱਖਣ ਦਿਸ਼ਾ ਵਲ ਰਹਿਣ । ਤਾਂ ਜੋ ਮ੍ਰਿਤਕ ਦੀ ਆਤਮਾ ਸਰੀਰ ਦੇ ਦਾਹ ਮਗਰੋਂ ਸਿੱਧੀ ਜਮਪੁਰੀ ਨੂੰ ਚਲੀ ਜਾਵੇ । ਪੁਰਾਣਾਂ ਅਨੁਸਾਰ ਜਮਪੁਰੀ ਦੱਖਣ ਵਲ ਸਥਿਤ ਹੈ। ਸਾਧਾਂ ਸੰਤਾਂ ਅਤੇ ਸ਼ਹੀਦਾਂ ਦੇ ਅੰਗੀਠਿਆਂ ਉਤੇ ਮਗਰੋਂ ਸਮਾਧਾਂ ਬਣਾ ਦਿਤੀਆਂ ਜਾਂਦੀਆਂ ਹਨ।

(ਅ-176) **ਅੰਗੂਠਾ** :

ਲੋਕਧਾਰਾ ਵਿਚ ਪੈਰਾਂ ਦੇ ਅੰਗੂਠੇ ਦਾ ਖ਼ਾਸ ਮਹੱਤਵ ਹੈ। ਨਿਸਚਾ ਹੈ ਕਿ ਕਿਸੇ ਸੰਤ ਮਹਾਤਮਾ ਜਾਂ ਗੁਰੂ ਪੀਰ ਦੇ ਅੰਦਰ ਜੋ ਅਧਿਆਤਮਕ ਸ਼ਕਤੀ ਦੀ ਦੈਵੀ ਕਣੀ ਹੁੰਦੀ ਹੈ, ਉਹ ਪੈਰਾਂ ਦੇ ਅੰਗੂਠਿਆਂ ਦੁਆਰਾ ਸਰੀਰ ਵਿਚੋਂ ਬਾਹਰ ਪਸਰਦੀ ਰਹਿੰਦੀ ਹੈ। ਇਸ ਲਈ ਮਹਾਂਪੁਰਸ਼ਾਂ ਦੇ ਚਰਨਾਂ ਦੀ ਧੂੜ ਮੱਥੇ ਲਾਉਣ ਨਾਲ ਉਨ੍ਹਾਂ ਦੀ ਸ਼ਕਤੀ ਦਾ ਕੁਝ ਅੰਸ਼ ਅਨੁਯਾਈ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਦੀਖਿਆ ਦੇਣ ਵੇਲੇ ਵੀ ਗੁਰੂ ਆਪਣੇ ਪੈਰ ਦਾ ਅੰਗੂਠਾ ਪਾਣੀ ਵਿਚ ਧੋ ਕੇ ਚੇਲੇ ਨੂੰ ਪਿਲਾਂਦਾ ਹੈ, ਜਿਸ ਨੂੰ 'ਚਰਨ ਪਾਹੁਲ' ਕਹਿੰਦੇ ਹਨ । ਇਸ ਪਿਛੇ ਵੀ ਉਪ੍ਰੋਕਤ ਧਾਰਨਾ ਹੈ । (ਵੇਖੋ : ਚਰਨ ਪਾਹੁਲ) ਜੇ ਕੋਈ ਬੱਚਾ ਜੰਮਦਿਆਂ ਸਾਰ ਆਪਣਾ ਸੱਜਾ ਅੰਗੂਠਾ ਚੁੰਘਣ ਲੱਗ ਪਏ ਤਾਂ ਇਸ ਕਿਰਿਆ ਨੂੰ ਮਹਾਂਪੁਰਖੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਕਹਿੰਦੇ ਹਨ ਮਹਾਂਪੁਰਖਾਂ ਦੇ ਅੰਗੂਠੇ ਵਿਚੋਂ ਬਚਪਨ ਵਿਚ ਦੁਧ ਸਿੰਮਦਾ ਰਹਿੰਦਾ ਹੈ।

ਅੰਗੂਠੇ ਨਾਲ ਅਨੇਕਾਂ ਭਰਮ ਵਹਿਮ ਵੀ ਜੁੜੇ ਹੋਏ ਹਨ। ਜੇ ਕਿਸੇ ਕੰਨਿਆਂ ਦੇ ਪੈਰਾਂ ਦੀ ਦੂਜੀ ਉਂਗਲੀ ਅੰਗੂਠੇ ਨਾਲੋਂ ਵੱਡੀ ਹੋਵੇ ਤਾਂ ਉਹ ਸਤਿ ਧਰਮ ਵਿਚ ਸਥਿਰ ਨਹੀਂ ਹੁੰਦੀ। ਕਿਸੇ ਪ੍ਰਾਣੀ ਦੀ ਮੌਤ ਸਮੇਂ ਜੇ ਘਰ ਵਿਚ ਕੋਈ ਤੀਵੀਂ ਗਰਭਵਤੀ ਹੋਵੇ ਤਾਂ ਮੁਰਦੇ ਦੇ ਖੱਫਣ ਨਾਲੋਂ ਕੁਝ ਧਾਗੇ ਤੋੜ ਕੇ, ਉਹ ਆਪਣੇ ਖੱਬੇ ਅੰਗੂਠੇ ਨਾਲ ਵਲ੍ਹੇਟ ਲੈਂਦੀ ਹੈ। ਇਸ ਤਰ੍ਹਾਂ ਗਰਭ ਨੂੰ ਕੋਈ ਹਾਨੀ ਨਹੀਂ ਪਹੁੰਚਦੀ। (ਵੇਖੋ : ਅੰਗੂਠਾ ਲੀਕਣਾ) ਕਿਸੇ ਦਾ ਠਿੱਠ ਕਰਨਾ ਹੋਵੇ ਤਾਂ ਸੱਜੇ ਹੱਥ ਦੇ ਅੰਗੂਠੇ ਨੂੰ ਵਿਖਾ ਕੇ ਹਿਲਾਇਆ ਜਾਂਦਾ ਹੈ। (ਵੇਖੋ : ਅੰਗੂਠਾ ਵਿਖਾਣਾ)

ਅੰਗੂਠੇ ਵਿਚ ਆਰਸੀ ਦਾ ਗਹਿਣਾ, ਜਿਸ ਵਿਚ ਸ਼ੀਸ਼ਾ ਜੜਿਆ ਹੁੰਦਾ ਹੈ, ਪਹਿਨਣ ਦਾ ਰਵਾਜ ਹੈ।

ਜੋਤਿਸ਼ ਵਿੱਦਿਆ ਅਨੁਸਾਰ, ਅੰਗੂਠੇ ਦੀਆਂ ਰੇਖਾਵਾਂ ਤੋਂ ਕਿਸੇ ਸ਼ਖ਼ਸ ਦੇ ਭਵਿਖਤ ਬਾਰੇ ਅਨੁਮਾਨ ਲਗਾਇਆ ਜਾ ਸਕਦਾ ਹੈ। ਅੰਗੂਠੇ ਦੀਆਂ ਸਾਧਾਰਨ ਲਕੀਰਾਂ ਬੜੇ ਭਰਪੂਰ ਤੇ ਰਹੱਸਮਈ ਅਰਥ ਰਖਦੀਆਂ ਹਨ । ਰਾਵਨ ਸੰਹਿਤਾ ਵਿਚ ਅੰਗੂਠੇ ਨੂੰ ਪੜ੍ਹਨ ਦੀ ਵਿਧੀ ਵਿਸਥਾਰ ਪੂਰਵਕ ਮਿਲਦੀ ਹੈ। ਜੋਤਿਸ਼ ਵਿੱਦਿਆ ਅਨੁਸਾਰ ਅੰਗੂਠਾ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਦਾ ਮੁਜਸਮਾ ਹੈ। ਇਸੇ ਲਈ ਕਿਸੇ ਵੀ ਦੋ ਸ਼ਖ਼ਸਾਂ ਦੇ ਅੰਗੂਠਿਆਂ ਦੀਆਂ ਰੇਖਾਵਾਂ ਆਪਸ ਵਿਚ ਨਹੀਂ ਮਿਲਦੀਆਂ।

ਅੰਗੂਠੇ ਦੀਆਂ ਰੇਖਾਵਾਂ ਤੋਂ ਭਵਿਖ ਨੂੰ ਜਾਣਨ ਵਾਲੇ ਜੋਤਸ਼ੀ ਵਧੇਰੇ ਕਰ ਕੇ ਦੱਖਣੀ ਭਾਰਤ ਤੇ ਲੰਕਾ ਵਿਚ ਮਿਲਦੇ ਹਨ। ਉਹ ਪਹਿਲਾਂ ਅੰਗੂਠੇ ਦੀਆਂ ਰੇਖਾਵਾਂ ਦੇ ਆਧਾਰ ਉਤੇ, ਇਕ ਰੇਖਾ-ਚਿਤ੍ਰ ਉਲੀਕ ਕੇ, ਉਨ੍ਹਾਂ ਵਿਚ ਗ੍ਰਹਿਆਂ ਦੇ ਨਾਂ ਦਰਜ ਕਰਦੇ ਹਨ, ਫਿਰ ਉਸਦੇ ਮੁਤਾਬਿਕ ਭਵਿਖ ਦਸਦੇ ਹਨ। ਇਹ ਵਿੱਦਿਆ ਮਨੁੱਖਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਦੀ ਹੈ । (ੳ) ਜੇ ਅੰਗੂਠੇ ਦੀਆਂ ਰੇਖਾਵਾਂ ਦੀ ਗਿਣਤੀ ਹਿਸਾਬ ਮੂਜਬ ਪੰਜ ਹਜ਼ਾਰ ਤੋਂ ਘਟ ਹੋਵੇ ਤਾਂ ਉਸ ਸ਼ਖ਼ਸ ਦੀ ਮਾਲੀ ਹਾਲਤ ਨੀਵੇਂ ਪੱਧਰ ਦੀ ਹੋਵੇਗੀ ਅਤੇ ਉਸ ਦਾ ਸਾਰਾ ਜੀਵਨ ਸਦਾ ਦੁਖ-ਦਲਿਦਰ ਵਿਚ ਗੁਜ਼ਰੇਗਾ। (ਅ) ਜੇ ਇਹ ਗਿਣਤੀ ਪੰਜ ਹਜ਼ਾਰ ਤੋਂ ਸਤਾਰਾਂ ਹਜ਼ਾਰ ਦੇ ਵਿਚਕਾਰ ਹੋਵੇ ਤਾਂ ਉਸ ਸ਼ਖ਼ਸ ਦੀ ਮਾਇਕ ਹਾਲਤ ਦਰਮਿਆਨੀ ਰਹਿੰਦੀ ਹੈ ਤੇ ਉਸ ਦੇ ਜੀਵਨ ਵਿਚ ਕਈ ਤਰ੍ਹਾਂ ਦੇ ਉਤਾਰ ਚੜ੍ਹਾ ਆਉਂਦੇ ਰਹਿੰਦੇ ਹਨ। (ੲ) ਜੇ ਇਹ ਗਿਣਤੀ ਸਤਾਰਾਂ ਹਜ਼ਾਰ ਤੋਂ ਇਕ ਲੱਖ ਤਕ ਦੇ ਵਿਚਕਾਰ ਹੋਵੇ ਤਾਂ ਉਸ ਸ਼ਖ਼ਸ ਦੀ ਮਾਲੀ ਹਾਲਤ ਬਹੁਤ ਅੱਛੀ ਹੁੰਦੀ ਹੈ ਤੇ ਉਹ ਜੀਵਨ ਵਿਚ ਸੁਖ ਭੋਗਦਾ ਤੇ ਹਮੇਸ਼ਾਂ ਸਫਲਤਾ ਪ੍ਰਾਪਤ ਕਰਦਾ ਹੈ। ਅੰਗੂਠੇ ਦੀਆਂ ਰੇਖਾਵਾਂ ਦੀ ਗਿਣਤੀ ਜਿਤਨੀ ਜ਼ਿਆਦਾ ਹੋਵੇ ਉਤਨਾ ਹੀ ਉਹ ਸ਼ਖ਼ਸ ਖ਼ੁਸ਼ਹਾਲ ਤੇ ਧਨੀ ਹੋਵੇਗਾ।

(ਅ-177) **ਅੰਗੂਠਾ ਲੀਕਣਾ** :

ਇਕ ਟੂਣਾ, ਜੋ ਗਰਭਵਤੀ ਤੀਵੀਂ ਆਪਣੇ ਗਰਭ ਦੀ ਸਲਾਮਤੀ ਦੀ ਖ਼ਾਤਰ ਕਰਦੀ ਹੈ। ਜਦੋਂ ਘਰ ਵਿਚ ਕਿਸੇ ਪ੍ਰਾਣੀ ਦੀ ਮੌਤ ਹੋ ਜਾਵੇ ਤਾਂ ਗਰਭਵਤੀ ਮ੍ਰਿਤਕ ਦੇ ਖੱਫਣ ਵਿਚੋਂ ਧਾਗੇ ਦੀਆਂ ਕੁਝ ਤੰਦਾਂ ਕਢ ਕੇ, ਆਪਣੇ ਪੈਰ ਦੇ ਖੱਬੇ ਅੰਗੂਠੇ ਉਤੇ ਬੰਨ੍ਹ ਲੈਂਦੀ ਹੈ, ਇਸ ਰੀਤ ਨੂੰ 'ਅੰਗੂਠਾ ਲੀਕਣਾ' ਕਹਿੰਦੇ ਹਨ। ਇਸ ਰੀਤ ਦਾ ਭਾਵ ਹੈ ਕਿ ਗਰਭਵਤੀ ਨੇ ਮ੍ਰਿਤਕ ਦੇ ਨਾਲ ਖਫਣ ਸਾਂਝਾ ਕੀਤਾ ਹੋਇਆ ਹੈ। ਇਸ ਤਰ੍ਹਾਂ ਮ੍ਰਿਤਕ ਦੀ ਰੂਹ ਪਤੀਜ ਜਾਂਦੀ ਹੈ ਤੇ ਉਹ ਗਰਭ ਵਿਚਲੇ ਬੱਚੇ ਨੂੰ ਕੋਈ ਦੁਖ ਨਹੀਂ ਦੇਂਦੀ।

(ਅ-178) **ਅੰਗੂਠਾ ਵਿਖਾਣਾ** :

ਕਿਸੇ ਦਾ ਠਿਠ ਕਰਨਾ ਹੋਵੇ ਤਾਂ ਪੰਜਾਬੀ ਆਮ ਤੌਰ ਤੇ ਅੰਗੂਠਾ ਵਿਖਾਉਂਦੇ ਹਨ। ਇਸ ਵਿਸ਼ੇਸ਼ ਕਿਰਿਆ ਪਿਛੇ ਇਕ ਪੌਰਾਣਿਕ ਕਥਾ ਹੈ। ਦੁਆਪਰ ਯੁਗ ਵਿਚ, ਜਦੋਂ ਇਕ ਗਊ ਨੂੰ ਨਾਗ ਨੇ ਡੰਗ ਮਾਰਿਆ ਤਾਂ ਗਊ ਨੇ ਨਾਗਾਂ ਦੇ ਰਾਜੇ ਬਾਸ਼ਕ ਨੂੰ ਕੋਹੜੀ ਹੋਣ ਦਾ ਸਰਾਪ ਦਿਤਾ। ਫਲਸਰੂਪ ਬਾਸ਼ਕ ਕੋਹੜੀ ਹੋ ਗਿਆ। ਇਹ ਕੋਹੜ ਅੰਮ੍ਰਿਤ ਦੇ ਛੱਟਿਆਂ ਰਾਹੀਂ ਦੂਰ ਹੋ ਸਕਦਾ ਸੀ, ਪਰ ਜਿਸ ਕੁੰਡ ਵਿਚ ਅੰਮ੍ਰਿਤ ਸੀ ਉਹ ਪਾਂਡਵਾਂ ਦੇ ਕਬਜ਼ੇ ਵਿਚ ਸੀ। ਬਾਸ਼ਕ ਨਾਗ ਦੀ ਕੰਨਿਆਂ ਨਿਵਲ ਦਈ ਪਾਂਡਵ ਨਾਲ ਮੰਗੀ ਹੋਈ ਸੀ, ਪਰ ਬਾਅਦ ਵਿਚ ਰਿਸ਼ਤਾ ਟੁਟ ਗਿਆ। ਪਾਂਡਵ ਇਸ ਅਪਮਾਨ ਦਾ ਬਦਲਾ ਬਾਸ਼ਕ ਨਾਗ ਤੋਂ ਲੈਣ ਦੀ ਚੇਸ਼ਟਾ ਰਖਦੇ ਸਨ। ਨਿਵਲ ਦਈ ਪਾਂਡਵਾਂ ਤੋਂ ਚੋਰੀ ਅੰਮ੍ਰਿਤ ਦੇ ਕੁੰਡ ਵਿਚੋਂ ਅੰਮ੍ਰਿਤ ਲੈਣ ਗਈ ਤਾਂ ਪਾਂਡਵ ਨੇ ਉਸ ਨੂੰ ਫੜ ਲਿਆ। ਨਿਵਲ ਦਈ ਇਹ ਬਚਨ ਦੇ ਕੇ ਅੰਮ੍ਰਿਤ ਦਾ ਕੁੰਭ ਭਰ ਕੇ ਲੈ ਗਈ ਕਿ ਉਹ ਆਪਣੇ ਪਿਉ ਨੂੰ ਇਸ਼ਨਾਨ ਕਰਵਾ ਕੇ ਮੁੜ ਕੁੰਡ ਉਤੇ ਆ ਕੇ ਆਤਮ ਸਮਰਪਣ ਕਰ ਦੇਵੇਗੀ। ਨਿਵਲ ਦਈ ਨੇ ਪਿਉ ਦੇ ਅੰਗੂਠੇ ਨੂੰ ਆਪਣੇ ਹੱਥ ਵਿਚ ਫੜ ਕੇ ਅੰਮ੍ਰਿਤ ਨਾਲ ਇਸ਼ਨਾਨ ਕਰਵਾਇਆ, ਜਿਸ ਕਰ ਕੇ ਅੰਗੂਠੇ ਤੋਂ ਬਿਨਾਂ ਬਾਸ਼ਕ ਨਾਗ ਦਾ ਸਾਰਾ ਸਰੀਰ ਕੋਹੜ ਤੋਂ ਮੁਕਤ ਹੋ ਗਿਆ। ਨਿਵਲ ਦਈ ਹੋਰ ਅੰਮ੍ਰਿਤ ਲਿਆਉਣ ਦਾ ਬਹਾਨਾ ਕਰ ਕੇ ਦੁਬਾਰਾ ਕੁੰਡ ਉਤੇ ਗਈ ਤਾਂ ਪਾਂਡਵ ਉਸ ਨੂੰ ਉਧਾਲ ਕੇ ਲੈ ਗਿਆ। ਉਦੋਂ ਤੋਂ ਸੰਸਾਰ ਉਤੇ ਕੋਹੜ ਦਾ ਅੰਸ਼ ਰਹਿ ਗਿਆ। ਬਾਅਦ ਵਿਚ ਜਦੋਂ ਆਰੀਆ ਜਾਤੀ ਨੇ ਨਾਗਿਆਂ ਨੂੰ ਠਿਠ ਕਰਨਾ ਹੁੰਦਾ ਤਾਂ ਉਹ ਅੰਗੂਠਾ ਵਿਖਾ ਕੇ ਹਿਲਾਉਂਦੇ। ਜਿਸ ਦਾ ਭਾਵ ਸੀ ਕਿ ਤੁਹਾਡੇ ਰਾਜੇ ਦੇ ਅੰਗੂਠੇ ਉਤੇ ਕੋਹੜ ਹੈ। ਠਿਠ ਕਰਨ ਦੀ ਇਹ ਵਿਧੀ ਹੁਣ ਤਕ ਪ੍ਰਚਲਤ ਹੈ। (ਵੇਖੋ : ਨਿਵਲ ਦਈ)

(ਅ-179) **ਅੰਗੂਠੀ** :

ਉਂਗਲੀਆਂ ਵਿਚ ਪਹਿਨਣ ਦਾ ਇਕ ਗਹਿਣਾ; ਪਹਿਲਾਂ ਇਹ ਗਹਿਣਾ ਕੇਵਲ ਅੰਗੂਠੇ ਵਿਚ ਪਹਿਨਿਆ ਜਾਂਦਾ ਸੀ, ਜਿਸ ਤੋਂ ਉਸ ਦਾ ਨਾਂ ਅੰਗੂਠੀ ਪੈ ਗਿਆ। ਮਰਦਾਂ ਤੀਵੀਆਂ ਦੋਹਾਂ ਵਿਚ ਅੰਗੂਠੀ ਪਹਿਨਣ ਦਾ ਰਵਾਜ ਹੈ।

ਅੰਗੂਠੀ ਨੂੰ ਪਹਿਨਣ ਦਾ ਰਵਾਜ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਹੜੱਪਾ ਤੇ ਮਹਿੰਜੋਦਰੋ ਦੀ ਖੁਦਾਈ ਵਿਚੋਂ ਮਿੱਟੀ ਦੀਆਂ ਬਣੀਆਂ ਕਈ ਅੰਗੂਠੀਆਂ ਲੱਭੀਆਂ ਹਨ। ਰਿਗ ਵੇਦ ਵਿਚ ਵੀ ਅੰਗੂਠੀ ਦਾ ਜ਼ਿਕਰ ਆਉਂਦਾ ਹੈ। ਪਹਿਲਿਆਂ ਵਿਚ ਰਿਸ਼ੀ ਮੁਨੀ ਕੁਸਾ ਘਾਹ ਦੀ ਅੰਗੂਠੀ ਬਣਾ ਕੇ ਅਨਾਮਿਕਾ ਜਾਂ ਅੰਗੂਠੇ ਵਿਚ ਪਹਿਨਦੇ ਸਨ। ਧਾਰਨਾ ਸੀ ਕਿ ਕੁਸਾ ਦੀ ਅੰਗੂਠੀ ਪਹਿਨਣ ਨਾਲ ਮਨ ਸਦਾ ਨਿਰਮਲ ਰਹਿੰਦਾ ਹੈ।

ਪੰਜਾਬ ਦੀਆਂ ਕਈ ਕਥਾਵਾਂ ਵਿਚ ਅੰਗੂਠੀ ਦੀ ਕਥਾਨਿਕ-ਰੂੜ੍ਹੀ ਮਿਲਦੀ ਹੈ ਅਤੇ ਅੰਗੂਠੀ ਕਥਾ-ਵਸਤੂ ਨੂੰ ਮੋੜ ਦੇਣ ਵਿਚ ਖ਼ਾਸ ਮਹੱਤਵ ਰਖਦੀ ਰਹੀ ਹੈ। ਸ਼ਕੁੰਤਲਾ ਦੀ ਕਥਾ ਵਿਚ ਦੁਸ਼ਯੰਤ ਵਲੋਂ ਦਿਤੀ ਗਈ ਅੰਗੂਠੀ ਦਾ ਕਹਾਣੀ ਦੀ ਉਸਾਰੀ ਵਿਚ ਵਿਸ਼ੇਸ਼ ਭਾਗ ਹੈ। ਕੁਝ ਕਥਾਵਾਂ ਵਿਚ ਜਾਦੂ ਦੀ ਅੰਗੂਠੀ ਨਾਲ, ਅਠਾਰਾਂ ਸਿਧੀਆਂ ਦੀ ਪ੍ਰਾਪਤੀ ਕਰ ਕੇ ਨਾਇਕ ਰਾਖਸ਼ਾਂ ਤੇ ਵਿਰੋਧੀਆਂ ਨੂੰ ਨਾਸ ਕਰਦਾ ਹੈ। ਅਜਿਹੀ ਅੰਗੂਠੀ ਪਹਿਨਣ ਵਾਲਾ ਜੋ ਵੀ ਕਾਮਨਾ ਕਰਦਾ ਹੈ, ਅੰਗੂਠੀ ਵਿਚਲੀ ਸਿਧੀ ਝਟ ਪੂਰੀ ਕਰ ਦਿੰਦੀ ਹੈ।

ਅਜ ਦੇ ਸਮਾਜਿਕ ਪੰਜਾਬੀ ਜੀਵਨ ਵਿਚ ਅੰਗੂਠੀ ਦਾ ਵਿਸ਼ੇਸ਼ ਸਥਾਨ ਹੈ। ਸਗਾਈ ਸਮੇਂ ਰਿਸ਼ਤੇ ਨੂੰ ਪੱਕਾ ਕਰਨ ਵੇਲੇ ਭਾਵੀ ਵਰ ਕੰਨਿਆਂ ਦੀ ਉਂਗਲੀ ਵਿਚ ਅੰਗੂਠੀ ਪਹਿਨਾਂਦਾ ਹੈ। ਵਿਆਹ ਸ਼ਾਦੀ ਦੇ ਗਹਿਣਿਆਂ ਵਿਚ ਪ੍ਰਥਮ ਸਥਾਨ ਅੰਗੂਠੀ ਨੂੰ ਪ੍ਰਾਪਤ ਹੈ। ਅੰਗੂਠੀ ਪੰਜਾਬੀਆਂ ਦੇ ਸੰਸਕਾਰਕ ਜੀਵਨ ਅਰਥਾਤ ਮੰਗਲਕਾਰੀ ਕਾਰਜਾਂ ਵਿਚ ਖ਼ਾਸ ਮਹੱਤਤਾ ਰਖਦੀ ਹੈ। ਅਜ ਕਲ੍ਹ ਦੀਆਂ ਅੰਗੂਠੀਆਂ ਪੁਰਾਣੇ ਸਮੇਂ ਦੀਆਂ ਅੰਗੂਠੀਆਂ ਨਾਲੋਂ ਵੰਨਗੀ, ਸ਼ੈਲੀ ਤੇ ਰੂਪ ਵਿਚ ਵਚਿਤ੍ਰ ਹਨ।

ਅੰਗੂਠੀ ਵਿਚਕਾਰਲੀ ਉਂਗਲੀ ਵਿਚ ਨਹੀਂ ਪਾਈ ਜਾਂਦੀ, ਜੇ ਪਾਈ ਜਾਵੇ ਤਾਂ ਵਹਿਮ ਹੈ ਕਿ ਪਹਿਨਣ ਵਾਲੇ ਨੂੰ ਸੱਪ ਡੰਗ ਜਾਂਦਾ ਹੈ। ਪਰ ਧਨ-ਪੋਠੋਹਾਰ ਵਿਚ ਸ਼ਗਨ ਦੀ ਵਿਸ਼ੇਸ਼ ਮੁੰਦਰੀ ਜੋ ਕੁਵਾਰ ਧੋਤੀ ਨਾਲ ਆਉਂਦੀ ਹੈ ਤੇ 'ਪਠੜੀ' ਅਖਵਾਉਂਦੀ ਹੈ, ਵਿਚਕਾਰਲੀ ਉਂਗਲ ਵਿਚ ਹੀ ਪਹਿਨੀ ਜਾਂਦੀ ਹੈ।

ਅੰਗੂਠੀ ਨਾਲ ਕਈ ਰੀਤਾਂ ਵੀ ਸੰਬੰਧਿਤ ਹਨ- ਲਾੜ੍ਹਾ ਤੇ ਲਾੜ੍ਹੀ ਜਦੋਂ ਇਕ ਦੂਜੇ ਦਾ ਕੰਙਣਾ ਖੋਲ੍ਹਦੇ ਹਨ ਤਾਂ ਵਰ ਪੱਖ ਦੀ ਨਾਇਣ ਕੰਙਣੇ ਨਾਲ ਲਾੜ੍ਹੀ ਦੀ ਅੰਗੂਠੀ ਬੰਨ੍ਹ ਕੇ ਕੱਚੀ ਲੱਸੀ ਵਿਚ ਸੁਟਦੀ ਹੈ। ਲਾੜ੍ਹਾ ਤੇ ਲਾੜ੍ਹੀ ਦੋਵੇਂ ਉਸ ਨੂੰ ਲਭਦੇ ਹਨ। ਧਾਰਨਾ ਹੈ ਕਿ ਜਿਹੜਾ ਪਹਿਲਾਂ ਲਭ ਲਏ ਉਸ ਦੀ ਸ਼ਖ਼ਸੀਅਤ ਦੂਜੇ ਉਤੇ ਭਾਰੂ ਰਹਿੰਦੀ ਹੈ। ਇਸ ਰੀਤ ਨੂੰ 'ਮੁੰਦਰੀ ਛੱਲਾ' ਵੀ ਕਹਿੰਦੇ ਹਨ। (ਵੇਖੋ : ਮੁੰਦਰੀ ਛੱਲਾ)

(ਅ-180) **ਅਗੋਚਰੀ** :

ਯੋਗ ਮੱਤ ਦੀਆਂ ਪੰਜ ਮੁਦ੍ਰਾਵਾਂ ਵਿਚੋਂ ਇਕ, ਬਾਕੀ ਚਾਰ ਮੁਦ੍ਰਾਵਾਂ ਖੇਚਰੀ, ਚਾਚਰੀ, ਭੂਚਰੀ ਅਤੇ ਉਨਮਨੀ ਹਨ। ਅਗੋਚਰੀ ਮੁਦ੍ਰਾ ਵਿਚ ਸਾਧਕ ਨੱਕ ਦੀ ਕਰੂੰਬਲ ਉਤੇ ਨੀਝ ਟਿਕਾ ਕੇ ਮਨ ਨੂੰ ਇਕਾਗਰ ਕਰਦਾ ਹੈ। ਅਗੋਚਰੀ ਮੁਦ੍ਰਾ ਦਾ ਸਥਾਨ ਕੰਨ ਵਿਚ ਮੰਨਿਆ ਗਿਆ ਹੈ। ਇਸ ਮੁਦ੍ਰਾ ਦੁਆਰਾ ਜੋਗੀ ਬਾਹਰ ਵਲੋਂ ਕੰਨ ਮੁੰਦ ਕੇ ਅੰਤਰਮੁਖੀ ਹੋ ਕੇ, ਨਾਦ ਸੁਣਦਾ ਅਤੇ ਉਨਮਨ ਅਵਸਥਾ ਤਕਪ ਹੁੰਚਣ ਲਈ ਅਭਿਆਸ ਕਰਦਾ ਹੈ।

(ਅ-181) **ਅਗੋਤੀ** :

ਜੋ ਆਪਣੇ ਨਾਲੋਂ ਵੱਖਰੀ ਗੋਤ ਦਾ ਹੋਵੇ; ਪੰਜਾਬ ਦੀ ਲਗਪਗ ਹਰੇਕ ਜ਼ਾਤ ਬਰਾਦਰੀ ਵਿਚ ਆਪਣੀ ਗੋਤ ਵਿਚ ਵਿਆਹ ਕਰਨਾ ਨਿਸ਼ੇਧ ਹੈ। ਆਪਣੀ ਗੋਤ ਤੋਂ ਬਾਹਰ ਦੀ ਗੋਤ ਦੇ ਵਿਆਹ ਨੂੰ ਅਗੋਤੀ ਵਿਆਹ ਕਿਹਾ ਜਾਂਦਾ ਹੈ। ਕੁਝ ਜ਼ਾਤਾਂ ਵਿਚ ਮਾਂ ਅਤੇ ਪਿਉ ਦੀਆਂ ਦੋ ਗੋਤਾਂ ਵਰਜਿਤ ਹਨ, ਪਰ ਕੁਝ ਕੁ ਵਿਚ ਚਾਰ ਗੋਤਾਂ — ਦੋ ਮਾਂ ਪਿਉ ਦੀਆਂ ਅਤੇ ਦੋ ਨਾਨੀ ਦਾਦੀ ਦੀਆਂ। ਆਪਣੀ ਗੋਤ ਤੋਂ ਬਾਹਰੇ ਵਿਆਹ ਅਗੋਤੀ ਅਖਵਾਉਂਦੇ ਹਨ।

(ਅ-182) **ਅਘਾਸੁਰ** :

ਪੂਤਨਾ ਦਾ ਛੋਟਾ ਭਰਾ ਜਿਸ ਨੂੰ ਕੰਸ ਨੇ ਕ੍ਰਿਸ਼ਨ ਦਾ ਬੱਧ ਕਰਨ ਲਈ ਗੋਕਲ ਭੇਜਿਆ ਸੀ। ਇਹ ਜੰਗਲ ਦੇ ਰਸਤੇ ਉਤੇ ਇਕ ਯੋਜਨ ਲੰਮੇ ਵਿਰਾਟ ਅਜਗਰ ਦਾ ਸਰੀਰ ਧਾਰ ਕੇ ਲੇਟ ਗਿਆ। ਕ੍ਰਿਸ਼ਨ ਅਤੇ ਉਸ ਦੇ ਸਾਥੀ ਅਘਾਸੁਰ ਦੇ ਮੂੰਹ ਨੂੰ ਪਹਾੜ ਦੀ ਗੁਫਾ ਸਮਝਦੇ ਹੋਏ ਮੂੰਹ ਦੇ ਅੰਦਰ ਲੰਘ ਗਏ। ਅਘਾਸੁਰ ਨੇ ਅੰਦਰੋਂ ਹੀ ਕ੍ਰਿਸ਼ਨ ਨੂੰ ਮਾਰ ਮੁਕਾਣਾ ਚਾਹਿਆ, ਪਰ ਕ੍ਰਿਸ਼ਨ ਨੇ ਦੈਵੀ ਸ਼ਕਤੀ ਰਾਹੀਂ ਆਪਣੇ ਸਰੀਰ ਨੂੰ ਇਤਨਾ ਫੈਲਾਇਆ ਕਿ ਪੇਟ ਫਟ ਜਾਣ ਨਾਲ ਅਘਾਸੁਰ ਦੀ ਮ੍ਰਿਤੂ ਹੋ ਗਈ।

(ਅ-183) **ਅਘੋਰ ਪੰਥ** :

ਜੋਗੀਆਂ ਦਾ ਇਕ ਫ਼ਿਰਕਾ ਜੋ ਸ਼ਿਵਜੀ ਦਾ ਉਪਾਸ਼ਕ ਹੈ। ਸ਼ਿਵ ਦਾ ਇਕ ਉਪਨਾਮ ਅਘੋਰ ਹੈ। ਸ਼ਵੇਤਾਸ਼ਵਤਰੋਪਨਿਸ਼ਦ (3-5) ਵਿਚ ਰੁਦ੍ਰ ਜਿਸ ਦਾ ਸ਼ਿਵ ਨਾਲ ਏਕੀਕਰਣ ਕੀਤਾ ਜਾਂਦਾ ਹੈ, ਨੂੰ 'ਅਘੋਰ' ਕਿਹਾ ਗਿਆ ਹੈ ਅਤੇ ਉਨ੍ਹਾਂ ਦਾ 'ਅਘੋਰ ਮੰਤ੍ਰ' ਬੜਾ ਪ੍ਰਸਿਧ ਹੈ। ਅਘੋਰ ਦਾ ਸਬੰਧ ਸ਼ਿਵ ਨਾਲ ਹੋਣ ਕਰ ਕੇ, ਸ਼ਿਵ ਨੂੰ ਇਸ ਸੰਪ੍ਰਦਾਇ ਦਾ ਮੋਢੀ ਮੰਨਿਆ ਜਾਂਦਾ ਹੈ। ਹੈਨਰੀ ਬਾਲਫੋਰ ਅਨੁਸਾਰ ਇਸ ਪੰਥ ਦੇ ਅਨੁਯਾਈ ਆਪਣੇ ਮੱਤ ਨੂੰ ਗੋਰਖ ਨਾਥ ਦਵਾਰਾ ਚਲਾਇਆ ਮੰਨਦੇ ਹਨ। ਪਰ ਅਘੋਰ ਪੰਥ ਦਾ ਪ੍ਰਮੁਖ ਪ੍ਰਚਾਰਕ ਮੋਤੀ ਨਾਥ ਸੀ, ਜਿਸ ਦੇ ਜੀਵਨ

ਬਾਰੇ ਬਹੁਤੀ ਸਾਮਗ੍ਰੀ ਨਹੀਂ ਮਿਲਦੀ। ਇਸ ਮੱਤ ਦੇ ਸਿਧਾਂਤ ਦਾ ਸਬੰਧ ਗੋਰਖ ਪੰਥ ਅਤੇ ਤੰਤ੍ਰ ਪ੍ਰਧਾਨ ਸ਼ੈਵ ਮੱਤ ਨਾਲ ਹੈ। ਹਿੰਦੀ ਸਾਹਿੱਤ ਕੋਸ਼ (1, 7) ਅਨੁਸਾਰ ਸਿਧਾਂਤਕ ਪੱਖ ਤੋਂ ਇਹ ਮੱਤ ਨਿਰਗੁਣ ਅਦ੍ਵੈਤਵਾਦ ਨਾਲ ਮੇਲ ਖਾਂਦਾ ਹੈ। ਸਾਧਨਾ ਪੱਖ ਤੋਂ ਇਸ ਵਿਚ ਹਠ ਯੋਗ ਅਤੇ ਧਿਆਨ ਯੋਗ ਦੀ ਪ੍ਰਧਾਨਤਾ ਹੈ। ਇਸ ਮੱਤ ਦੇ ਕਰਮ-ਕਾਂਡ ਤੰਤ੍ਰ-ਸਾਹਿੱਤ ਉਤੇ ਆਧਾਰਤ ਹਨ। ਗੁਰੂ ਨੂੰ ਪਰਮ ਤੇ ਮਹਾਨ ਮੰਨ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਸੰਤਾਂ ਦੀਆਂ ਸਮਾਧੀਆਂ ਵੀ ਪੂਜੀਆਂ ਜਾਂਦੀਆਂ ਹਨ।

ਇਸ ਮੱਤ ਦੀਆਂ ਤਿੰਨ ਸ਼ਾਖ਼ਾਂ ਹਨ — 1. ਔਘੜ, 2. ਸਰਭੰਗੀ ਤੇ 3. ਘੁਰੇ। ਇਨ੍ਹਾਂ ਵਿਚੋਂ ਔਘੜ ਸ਼ਾਖ਼ ਵਧੇਰੇ ਪ੍ਰਸਿਧ ਹੈ। ਔਘੜ ਸ਼ਾਖ਼ ਵਿਚ ਇਕ ਸੰਤ ਕਲੂ ਸਿੰਘ ਅਥਵਾ ਕਾਲੂ ਰਾਮ ਹੋਏ ਹਨ ਜੋ ਬਾਬਾ ਕੀਨਾ ਰਾਮ ਦੇ ਗੁਰੂ ਸਨ। ਬਾਬਾ ਕੀਨਾ ਰਾਮ ਅਘੋਰੀ ਬਨਾਰਸ ਜ਼ਿਲੇ ਦੇ ਸਮਗੜ ਪਿੰਡ ਵਿਚ ਪੈਦਾ ਹੋਏ। ਸ਼ੁਰੂ ਤੋਂ ਹੀ ਉਹ ਵਿਰਕਤ ਸੁਭਾਵ ਦੇ ਸਨ। ਪਹਿਲਾਂ ਉਨ੍ਹਾਂ ਨੇ ਬਾਬਾ ਸ਼ਿਵਾਰਾਮ ਵੈਸ਼ਣਵ ਤੋਂ ਦੀਖਿਆ ਲਈ, ਮਗਰੋਂ ਉਹ ਕਾਂਸ਼ੀ ਦੇ ਬਾਬਾ ਕਾਲੂ ਰਾਮ ਦੇ ਮੁਰੀਦ ਬਣ ਗਏ। ਬਾਬਾ ਕੀਨਾ ਰਾਮ ਨੇ 'ਵਿਵੇਕਸਾਰ', 'ਗੀਤਾਵਲੀ', 'ਰਾਮ ਗੀਤਾ' ਆਦਿ ਗ੍ਰੰਥ ਲਿਖੇ। ਇਨ੍ਹਾਂ ਦਾ ਦਿਹਾਂਤ ਸੰਮਤ 1826 ਵਿਚ ਹੋਇਆ। ਇਸ ਸ਼ਾਖ਼ ਦਾ ਪ੍ਰਮੁਖ ਗ੍ਰੰਥ 'ਵਿਵੇਕਸਾਰ' ਹੈ, ਜਿਸ ਵਿਚ ਕੀਨਾ ਰਾਮ ਨੇ ਆਪਣੇ ਆਤਮ ਅਨੁਭਵ ਦੀ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਸਤਯ ਪੁਰਸ਼ ਉਹ ਨਿਰੰਜਨ ਹੈ ਜੋ ਸਰਵਤ੍ਰ ਵਿਆਪਕ ਅਤੇ ਕਈ ਰੂਪਾਂ ਵਿਚ ਵਰਤਮਾਨ ਹੈ ਅਤੇ ਜਿਸ ਦਾ ਅਸਤਿਤਵ ਸਹਿਜ ਰੂਪ ਹੈ। ਬਾਬਾ ਕੀਨਾ ਰਾਮ ਨੇ ਆਪਣੇ ਪੰਥ ਦੇ ਪ੍ਰਚਾਰ ਲਈ ਰਾਮਗੜ੍ਹ, ਦੇਵਲ, ਹਰੀਹਰਪੁਰ ਤੇ ਕਰਮੀ ਕੁੰਡ ਵਿਚ ਚਾਰ ਮੱਠ ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਕਰਮੀ ਕੁੰਡ ਪ੍ਰਧਾਨ ਕੇਂਦਰ ਬਣਿਆ।

ਵਿਲੀਅਮ ਕਰੁਕ ਅਨੁਸਾਰ ਅਘੋਰ ਪੰਥ ਸਭ ਤੋਂ ਪਹਿਲਾਂ ਰਾਜਪੂਤਾਨੇ ਦੇ ਆਬੂ ਪਰਬਤ ਵਿਚ ਪ੍ਰਚਲਤ ਹੋਇਆ, ਪ੍ਰੰਤੂ ਇਸ ਮੱਤ ਦੇ ਅਨੁਯਾਈ ਨੇਪਾਲ, ਗੁਜਰਾਤ ਤੇ ਸਮਰਕੰਦ ਜਿਹੀਆਂ ਦੂਰ ਦੁਰਾਡੀਆਂ ਥਾਵਾਂ ਉਤੇ ਵੀ ਮਿਲਦੇ ਹਨ। ਬੜੌਦਾ ਵਿਚ ਇਨ੍ਹਾਂ ਦਾ ਅਘੋਰੇਸ਼ਵਰ ਨਾਂ ਦਾ ਇਕ ਮੱਠ ਹੈ।

ਅਘੋਰੀ ਅਧਿਕਤਰ ਸ਼ਵਸਾਧਨਾ ਕਰਦੇ, ਮੁਰਦੇ ਦਾ ਮਾਸ ਖਾਂਦੇ ਤੇ ਖੋਪਰੀ ਵਿਚ ਮੁਦਰਾ ਪੀਂਦੇ ਹਨ। ਉਹ ਗੰਦ ਮੰਦ, ਮਲ ਮੂਤਰ, ਭੱਖ ਅਭੱਖ, ਸਭ ਕੁਝ ਨਿਰਸੰਕੋਚ ਖਾ ਜਾਂਦੇ ਹਨ। ਅਘੋਰੀ ਨੂੰ ਜਦੋਂ ਭੁਖ ਲੱਗੇ ਤਾਂ ਉਸ ਦੇ ਸਾਹਮਣੇ ਜੋ ਭੱਖ ਅਭੱਖ ਵਸਤੂ ਆਵੇ ਉਸੇ ਨਾਲ ਪੇਟ ਭਰਨਾ ਉਸ ਦਾ ਧਰਮ ਹੈ। ਅਘੋਰੀ ਦੀਆਂ ਆਦਤਾਂ ਅਤੇ ਰਹਿਣ ਸਹਿਣ ਦੇ ਢੰਗ ਬੜੇ ਗੰਦੇ ਹੁੰਦੇ ਹਨ। ਅਘੋਰੀ ਦੇ ਵਾਲ ਜਟਾ ਜੂਟ, ਗਲੇ ਵਿਚ ਸਫਟਿਕ ਦੀ ਮਾਲਾ, ਮੱਥੇ ਉਤੇ ਭਸਮ ਦਾ ਤ੍ਰਿਸੂਲ-ਚਿੰਨ੍ਹ, ਲੱਕ ਵਿਚ ਘਾਂਘਰਾ ਤੇ ਹੱਥ ਵਿਚ ਤ੍ਰਿਸੂਲ ਹੁੰਦਾ ਹੈ, ਜਿਸ ਕਰ ਕੇ ਲੋਕੀਂ ਉਨ੍ਹਾਂ ਤੋਂ ਬੜਾ ਭੈ ਖਾਂਦੇ ਹਨ। ਅਘੋਰ ਆਪਣੇ ਨਾਵਾਂ ਦੇ ਅੰਤ ਵਿਚ ਨਾਥ ਸ਼ਬਦ ਵਰਤਦੇ ਹਨ। ਕੁਝ ਅਘੋਰੀ ਗ੍ਰਿਹਸਤੀ ਹਨ, ਪਰ ਕੁਝ ਤਿਆਗੀ ਵੀ। ਅਘੋਰ ਪੰਥ ਨੂੰ ਔਘੜ ਪੰਥ ਵੀ ਕਿਹਾ ਜਾਂਦਾ ਹੈ। ਇਸ ਪੰਥ ਦੇ ਸਾਧੂਆਂ ਨੂੰ ਅਵਧੂਤ ਵੀ ਕਹਿੰਦੇ ਹਨ। (ਵੇਖੋ : ਅਵਧੂਤ)

## (ਅ-184) **ਅਚਯੁਤ (ਅਚੁਤ) ਗੋਤ੍ਰੀ :**

ਜੋ ਅਚਯੁਤ ਅਰਥਾਤ ਵਿਸ਼ਨੂੰ ਦੀ ਵੰਸ਼ ਵਿਚੋਂ ਹੋਵੇ। ਵਿਸ਼ਨੂੰ ਦੇ ਕਈ ਭਗਤ ਤੇ ਸਾਧੂ ਸੰਤ ਜੋ ਜਾਤ ਗੋਤ ਦੇ ਬੰਧਨ ਦੇ ਵਿਰੁੱਧ ਹਨ, ਆਪਣੇ ਆਪ ਨੂੰ ਵਿਸ਼ਨੂੰ ਦੀ ਸੰਤਾਨ ਮੰਨਦੇ ਹੋਏ ਆਪਣੀ ਗੋਤ ਅਚਯੁਤ ਦਸਦੇ ਹਨ। ਅਚਯੁਤ ਵਿਸ਼ਨੂੰ ਦਾ ਹੀ ਇਕ ਨਾਉਂ ਹੈ। ਵਿਸ਼ਨੂੰ ਦੇਵਤੇ ਦੇ ਹਜ਼ਾਰ ਨਾਵਾਂ ਵਿਚੋਂ ਇਕ ਨਾਂ ਅਚਯੁਤ ਹੈ ਜਿਸ ਦੇ ਅਰਥ ਹਨ — ਜੋ ਡਿਗਿਆ (ਚਯੁਤ) ਹੋਇਆ ਨਹੀਂ। ਜੋ ਕਦੇ ਪਤਿਤ ਜਾਂ ਨਸ਼ਟ ਨਹੀਂ ਹੁੰਦਾ ਤੇ ਸਦਾ ਇਕਰਸ ਰਹਿੰਦਾ ਹੈ।

## (ਅ-185) **ਅਚਲ :**

ਗੁਰਦਾਸਪੁਰ ਜ਼ਿਲੇ ਦਾ ਇਕ ਕਸਬਾ ਜੋ

ਵਟਾਲੇ ਤੋਂ ਦੋ ਕੁ ਮੀਲ ਦਖਣ ਵਲ ਹੈ। ਪੌਰਾਣਿਕ ਕਥਾ ਅਨੁਸਾਰ ਇਕ ਵਾਰ ਸ਼ਿਵ ਦੇਵਤਾ ਅਚਲੇਸ਼ਵਰ ਦੇ ਰੂਪ ਵਿਚ ਅਚਲ ਵਿਖੇ ਬਿਰਾਜਮਾਨ ਹੋਏ ਸਨ। ਕਥਾ ਹੈ ਕਿ ਇਕ ਵਾਰ ਰਾਵਣ, ਸ਼ਿਵਜੀ ਦੇ ਦਰਸ਼ਨਾਂ ਦੀ ਖ਼ਾਤਰ ਲੰਕਾ ਤੋਂ ਕੈਲਾਸ਼ ਪਰਬਤ ਗਿਆ ਅਤੇ ਉਸ ਨੇ ਸ਼ਿਵਜੀ ਨੂੰ ਬੇਨਤੀ ਕੀਤੀ ਕਿ ਉਹ ਲੰਕਾ ਵਿਚ ਚਰਨ ਪਾ ਕੇ ਉਸ ਧਰਤੀ ਨੂੰ ਪਵਿੱਤਰ ਕਰਨ। ਸ਼ਿਵ ਨੇ ਇਸ ਸ਼ਰਤ ਉਤੇ ਰਾਵਣ ਦੀ ਬੇਨਤੀ ਪ੍ਰਵਾਨ ਕੀਤੀ ਕਿ ਰਾਵਣ ਰਾਹ ਵਿਚ ਕਿਧਰੇ ਵੀ ਪੜਾ ਨਹੀਂ ਕਰੇਗਾ ਅਤੇ ਸ਼ਿਵ ਨੂੰ ਮੋਢਿਆਂ ਉਤੇ ਚੁਕ ਕੇ ਸਿੱਧਾ ਲੰਕਾ ਲੈ ਜਾਵੇਗਾ। ਜੇ ਰਾਵਣ ਨੇ ਰਾਹ ਵਿਚ ਕਿਧਰੇ ਵੀ ਬਿਸਰਾਮ ਕੀਤਾ ਤਾਂ ਸ਼ਿਵ ਜੀ ਉਸੇ ਸਥਾਨ ਉਤੇ ਮੁਕਾਮ ਕਰ ਲੈਣਗੇ।

ਰਾਵਣ ਨੇ ਇਹ ਗੱਲ ਸਵੀਕਾਰ ਕਰ ਲਈ ਤੇ ਉਹ ਸ਼ਿਵਜੀ ਨੂੰ ਆਪਣੇ ਮੋਢਿਆਂ ਉਤੇ ਚੁਕ ਕੇ ਸਿੱਧਾ ਲੰਕਾ ਵਲ ਟੁਰ ਪਿਆ। ਜਦੋਂ ਰਾਵਣ ਅਚਲ ਕੋਲੋਂ ਦੀ ਲੰਘਿਆ ਤਾਂ ਉਸ ਨੂੰ ਸਖ਼ਤ ਹਾਜਤ ਮਹਿਸੂਸ ਹੋਈ ਅਤੇ ਉਹ ਸ਼ਿਵਜੀ ਦੀ ਸ਼ਰਤ ਨੂੰ ਭੁਲ ਕੇ ਜੰਗਲ ਪਾਣੀ ਲਈ ਉਥੇ ਰੁਕ ਗਿਆ। ਰਾਵਣ ਨੇ ਸ਼ਿਵ ਨੂੰ ਇਕ ਥਾਂ ਬਿਠਾ ਦਿਤਾ ਅਤੇ ਆਪ ਜੰਗਲ ਪਾਣੀ ਲਈ ਉਹਲੇ ਹੋ ਬੈਠਾ। ਜਦੋਂ ਵਾਪਸ ਆ ਕੇ ਰਾਵਣ ਸ਼ਿਵਜੀ ਨੂੰ ਮੁੜ ਆਪਣੇ ਮੋਢਿਆਂ ਉਤੇ ਚੁਕਣ ਲੱਗਾ, ਤਾਂ ਸ਼ਿਵਜੀ 'ਅਚਲ' ਹੋ ਗਏ ਸਨ ਤੇ ਉਥੋਂ ਉਨ੍ਹਾਂ ਨੂੰ ਹਿਲਾਣਾ ਜਾਂ ਮੋਢੇ ਉਤੇ ਚੁਕਣਾ ਅਸੰਭਵ ਹੋ ਗਿਆ ਸੀ। ਜਦੋਂ ਰਾਵਣ ਆਪਣੀ ਸਾਰੀ ਸ਼ਕਤੀ ਵਰਤ ਕੇ ਵੀ ਸ਼ਿਵ ਨੂੰ ਹਿਲਾ ਨਾ ਸਕਿਆ ਤਾਂ ਉਹ ਨਿਰਾਸ ਹੋ ਕੇ ਵਾਪਸ ਲੰਕਾ ਚਲਾ ਗਿਆ। ਸ਼ਿਵ ਦਾ ਇਹੋ ਰੂਪ ਅਚਲੇਸ਼ਵਰ ਦੇ ਨਾਂ ਨਾਲ ਪ੍ਰਸਿਧ ਹੋਇਆ।

ਜਿਸ ਸਥਾਨ ਉਤੇ ਸ਼ਿਵ ਨੇ ਅਚਲੇਸ਼ਵਰ ਦਾ ਰੂਪ ਧਾਰਨ ਕੀਤਾ, ਉਥੇ ਇਸ ਘਟਨਾ ਦੀ ਯਾਦ ਵਿਚ ਇਕ ਸ਼ਿਵ ਮੰਦਰ 'ਅਚਲ' ਹੈ। ਇਸ ਮੰਦਰ ਵਿਚ 101 ਪੱਥਰ ਦੀਆਂ ਮਰਤੀਆਂ ਹਨ। ਮੰਦਰ ਦੇ ਚੌਹਾਂ ਗੁਠਾਂ ਵਿਚ ਗਣੇਸ਼, ਦੁਰਗਾ, ਵਿਸ਼ਨੂੰ ਤੇ ਸੂਰਜ ਭਗਵਾਨ ਦੀਆਂ ਚਾਰ ਸੰਗਮਰਮਰੀ ਮੂਰਤੀਆਂ ਸਥਾਪਿਤ ਹਨ। ਅਚਲ ਵਿਚ ਹਰ ਸਾਲ ਵਿਸਾਖ ਦੀ ਸੰਗਰਾਂਦ, ਕੱਤਕ ਦੀ ਨੌਮੀ ਤੇ ਦਸਮੀਂ, ਚੇਤਰ ਦੀ ਚੌਦਸ ਅਤੇ ਹਰ ਅਮਾਵਸ ਨੂੰ ਮੇਲੇ ਲੱਗਦੇ ਹਨ, ਜਿਨ੍ਹਾਂ ਵਿਚ ਦੂਰੋਂ ਦੂਰੋਂ ਸਾਧੂ ਸੰਤ ਤੇ ਜੋਗੀ ਭਾਰੀ ਸੰਖਿਆ ਵਿਚ ਸ਼ਾਮਲ ਹੁੰਦੇ ਹਨ।

ਅਚਲ ਕਿਸੇ ਸਮੇਂ ਜੋਗੀਆਂ ਤੇ ਸਿਧਾਂ ਦਾ ਵੱਡਾ ਗੜ੍ਹ ਰਿਹਾ ਹੈ। ਮਧਕਾਲ ਵਿਚ, ਸ਼ਿਵਰਾਤੀ ਦੇ ਮੇਲੇ ਉਤੇ ਦੇਸ਼ ਭਰ ਵਿਚੋਂ ਸ਼ਿਵ ਦੇ ਉਪਾਸ਼ਕ ਭਾਰੀ ਗਿਣਤੀ ਵਿਚ ਪਧਾਰਦੇ ਸਨ। ਗੁਰੂ ਨਾਨਕ ਦੇਵ ਜੀ ਵੀ ਸ਼ਿਵਰਾਤ ਦੇ ਮੇਲੇ ਉਤੇ 1535 ਈ: ਵਿਚ ਅਚਲ ਵਿਚ ਆਏ ਅਤੇ ਸਿਧਾਂ ਤੇ ਜੋਗੀਆਂ (ਗੋਰਖ ਪੰਥੀਆਂ) ਨਾਲ ਉਨ੍ਹਾਂ ਨੇ ਸੰਬਾਦ ਕੀਤੇ; ਜਿਸ ਦਾ ਸਾਰ ਗੁਰੂ ਨਾਨਕ ਦੇਵ ਦੀ ਬਾਣੀ 'ਸਿਧ ਗੋਸ਼ਟ' ਵਿਚ ਮਿਲਦਾ ਹੈ। ਗੁਰੂ ਨਾਨਕ ਦੇਵ ਜਿਸ ਥਾਂ ਬਿਰਾਜਮਾਨ ਹੋਏ ਸਨ ਉਥੇ 'ਅਚਲ ਸਾਹਿਬ' ਦਾ ਗੁਰਦੁਆਰਾ ਬਣਿਆ ਹੋਇਆ ਹੈ। ਇਥੇ ਗੁਰੂ ਨਾਨਕ ਦੇਵ ਦੇ ਸਮੇਂ ਦੀ ਇਕ ਬੇਰੀ ਵੀ ਹੈ, ਜਿਸ ਨੂੰ ਆਦਰ ਨਾਲ ਬੇਰ ਸਾਹਿਬ ਕਹਿੰਦੇ ਹਨ। ਅਚਲ ਵਿਚ ਇਕ ਸੁੰਦਰ ਤਲਾਬ ਹੈ ਜੋ ਮਾਈ ਸਦਾ ਕੌਰ ਨੇ ਬਣਵਾਇਆ ਸੀ। ਅਚਲ ਵਿਚ ਸ਼ਿਵਜੀ ਦੇ ਸਥਾਪਤ ਸ਼ਿਵਲਿੰਗ ਨੂੰ ਅਚਲੇਸ਼ਵਰ ਕਹਿੰਦੇ ਹਨ।

**(ਅ-186) ਅਚਲ ਵਟਾਲਾ :**

ਅਚਲ ਦਾ ਨਗਰ ਵਟਾਲੇ ਤੋਂ ਦੋ ਕੁ ਮੀਲ ਦਖਣ ਵਲ ਸਥਿਤ ਹੈ। ਅਚਲ ਤੇ ਵਟਾਲੇ ਦਾ ਨਾਉਂ ਮਿਲਾ ਕੇ ਇਨ੍ਹਾਂ ਦੋਹਾਂ ਨਗਰਾਂ ਨੂੰ ਅਚਲ-ਵਟਾਲਾ ਵੀ ਕਿਹਾ ਜਾਂਦਾ ਹੈ। (ਵੇਖੋ : ਅਚਲ)

**(ਅ-187) ਅਚਲਾ ਸਪਤਮੀ :**

ਮਾਘ ਵਦੀ ਸਤਵੀਂ; ਇਸ ਤਿੱਥ ਨੂੰ ਸਨਾਤਨੀ ਹਿੰਦੂ ਸੂਰਜ ਨਾਰਾਇਣ ਦੀ ਪੂਜਾ ਅਰਚਾ ਕਰਦੇ ਤੇ ਵਰਤ ਰਖਦੇ ਹਨ। ਭਾਵੇਂ ਅਜ ਕਲ੍ਹ ਇਸ ਪੁਰਬ ਦੀ ਬਹੁਤੀ ਮਹਾਨਤਾ ਨਹੀਂ ਰਹੀ, ਪਰ ਮਧਕਾਲ ਵਿਚ ਜਦੋਂ ਸੂਰਜ ਦੇਵਤੇ ਦੀ ਪੂਜਾ ਵਿਸ਼ੇਸ਼ ਰੂਪ ਵਿਚ ਪ੍ਰਚਲਤ ਸੀ,

ਉਦੋਂ ਇਸ ਪੁਰਬ ਦਾ ਖ਼ਾਸ ਮਹੱਤਵ ਸੀ ਅਤੇ ਹਿੰਦੂ ਬੜੀ ਰੀਝ ਤੇ ਭਾਵਨਾ ਨਾਲ ਇਸ ਪੁਰਬ ਨੂੰ ਮਨਾਉਂਦੇ ਸਨ।

ਇਸ ਦਿਨ ਦੇ ਵਰਤ ਤੇ ਪੂਜਾ ਅਰਚਾ ਦੀ ਖ਼ਾਸ ਵਿਧੀ ਹੈ। ਮਾਘ ਵਦੀ ਛੇਵੀਂ ਨੂੰ ਸਰਘੀ ਵੇਲੇ ਇਸ਼ਨਾਨ ਕਰਨ ਉਪਰੰਤ ਵਰਤ ਰਖਣ ਦਾ ਸੰਕਲਪ ਕੀਤਾ ਜਾਂਦਾ ਹੈ। ਫਿਰ ਪੰਚ-ਉਪਚਾਰ ਵਿਧੀ ਨਾਲ ਸੂਰਜ ਨਾਰਾਇਣ ਦੀ ਪੂਜਾ ਕੀਤੀ ਜਾਂਦੀ ਹੈ। ਦਿਨ ਵਿਚ ਕੇਵਲ ਇਕੋ ਵਾਰ ਭੋਜਨ ਖਾਧਾ ਜਾਂਦਾ ਹੈ। ਅਗਲੇ ਦਿਨ ਸਪਤਮੀ ਨੂੰ ਇਸ਼ਨਾਨ ਮਗਰੋਂ 'ਦੀਪ-ਦਾਨ' ਕਰਨ ਦਾ ਵਿਧਾਨ ਹੈ। ਦੀਪ ਨੂੰ ਮੱਥੇ ਉਤੇ ਰਖ ਕੇ ਸੂਰਜ ਨਾਰਾਇਣ ਦੀ ਆਰਤੀ ਵੀ ਉਤਾਰੀ ਜਾਂਦੀ ਹੈ। ਇਸ ਤੋਂ ਬਾਅਦ ਧਰਤੀ ਉਪਰ ਅਸ਼ਟ ਦਲ ਕੰਵਲ ਬਣਾ ਕੇ ਉਸ ਦੇ ਵਿਚਕਾਰਲੇ ਹਿੱਸੇ ਵਿਚ ਸ਼ਿਵ ਤੇ ਪਾਰਬਤੀ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਜਾਂਦੀਆਂ ਹਨ। ਕੰਵਲ ਦੀਆਂ ਪੱਤੀਆਂ ਉਤੇ ਸੂਰਜ ਨਾਰਾਇਣ ਦਾ ਨਾਂ ਜਾਂ ਚਿੰਨ੍ਹ ਉਕਰ ਕੇ ਪੂਜਾ ਅਰਚਾ ਕੀਤੀ ਜਾਂਦੀ ਹੈ। ਫਿਰ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ ਖ਼ੁਦ ਪ੍ਰਸ਼ਾਦਿ ਛਕਿਆ ਜਾਂਦਾ ਹੈ। ਇਸ ਦਿਨ ਇਕ ਭਾਂਡੇ ਵਿਚ ਕੁਝ ਤਿਲ ਜਾਂ ਚਾਵਲ ਭਰ ਕੇ, ਸੂਰਜ ਦੀ ਮੂਰਤੀ ਸਮੇਤ ਦਾਨ ਕਰਨ ਦਾ ਬੜਾ ਫਲ ਮੰਨਿਆ ਗਿਆ ਹੈ।

ਇਸ ਵਰਤ ਦੀ ਮਹੱਤਤਾ ਬਾਰੇ ਇਕ ਸਾਖੀ ਇਉਂ ਪ੍ਰਚਲਤ ਹੈ—ਪੁਰਾਣੇ ਵੇਲਿਆਂ ਵਿਚ ਇੰਦੂਮਤੀ ਨਾਂ ਦੀ ਇਕ ਵੇਸਵਾ ਸੀ ਜੋ ਸੂਰਜਵੰਸ਼ੀ ਰਾਜੇ ਸਗਰ ਦੀ ਰਖੇਲੀ ਸੀ। ਜਦ ਇੰਦੂਮਤੀ ਦਾ ਦਿਲ ਦੁਨੀਆਂ ਤੋਂ ਭਰ ਗਿਆ ਤਾਂ ਉਸ ਵਸਿਸ਼ਠ ਮੁਨੀ ਕੋਲ ਜਾ ਕੇ ਪਾਪਾਂ ਦਾ ਪ੍ਰਸਚਿਤ ਕਰ ਕੇ ਉਨ੍ਹਾਂ ਤੋਂ ਮੁਕਤੀ ਦਾ ਕੋਈ ਉਪਾ ਪੁਛਿਆ। ਮੁਨੀ ਨੇ ਇੰਦੂਮਤੀ ਉਤੇ ਤਰਸ ਖਾ ਕੇ, ਉਸ ਨੂੰ ਅਚਲਾ ਸਪਤਮੀ ਦਾ ਵਰਤ, ਪੂਰਨ ਵਿਧੀ ਨਾਲ ਰਖਣ ਦਾ ਆਦੇਸ਼ ਦਿਤਾ। ਇੰਦੂਮਤੀ ਨੇ ਸ਼ਰਧਾ ਭਾਵਨਾ ਨਾਲ ਵਿਧੀ ਅਨੁਕੂਲ ਇਹ ਵਰਤ ਰਖਿਆ। ਫਲਸਰੂਪ ਉਸ ਨੂੰ ਨਾ ਸਿਰਫ਼ ਪਾਪਾਂ ਤੋਂ ਹੀ ਮੁਕਤੀ ਮਿਲੀ, ਸਗੋਂ ਅਗਲੇ ਜਨਮ ਉਹ ਅਪੱਛਰਾਂ ਬਣੀ।

(ਅ-188) **ਅਚਲੇਸ਼ਵਰ** :

(ਵੇਖੋ : ਅਚਲ)

(ਅ-189) **ਅਚਾਰਜੀ** :

ਅਚਾਰਜੀ 'ਆਚਾਰੀਆ' ਸ਼ਬਦ ਦਾ ਹੀ ਵਿਕ੍ਰਿਤ ਰੂਪ ਹੈ। ਆਚਾਰੀਆ ਉਸ ਅਧਿਆਤਮਕ ਗੁਰੂ ਜਾਂ ਉਪਦੇਸ਼ਕ ਨੂੰ ਕਹਿੰਦੇ ਹਨ ਜੋ ਵੇਦਾਂ, ਧਰਮ-ਸ਼ਾਸਤਰਾਂ ਅਥਵਾ ਧਾਰਮਿਕ ਰਹੁ-ਰੀਤੀਆਂ ਬਾਰੇ ਸਿਖਸ਼ਾ ਦੇਵੇ। ਆਚਾਰੀਆ ਵਿਦਵਾਨਾਂ ਦੀ ਉਪਾਧੀ ਵੀ ਹੈ ਅਤੇ ਵਿੱਦਿਆ ਦੇ ਖੇਤਰ ਵਿਚ ਆਚਾਰੀਆ ਦਾ ਸਥਾਨ ਬਹੁਤ ਉੱਚਾ ਹੈ। ਪਰ ਅਚਾਰਜੀ ਬ੍ਰਾਹਮਣਾਂ ਦੀ ਇਕ ਉਪ-ਜਾਤੀ ਹੈ ਜੋ ਪ੍ਰਾਣੀ ਦੀ ਮ੍ਰਿਤੂ ਉਤੇ ਅੰਤਮ-ਸੰਸਕਾਰ ਨਾਲ ਸੰਬੰਧਿਤ ਰੀਤੀਆਂ ਅਤੇ ਨੇਮ ਕਰਮ ਕਰਦੀ ਅਤੇ ਦਾਨ ਪੁੰਨ ਉਤੇ ਗੁਜ਼ਾਰਾ ਕਰਦੀ ਹੈ। ਆਮ ਤੌਰ ਤੇ ਅਚਾਰਜੀ ਮੜ੍ਹੀਆਂ ਦੇ ਨੇੜੇ ਘਰ ਬਣਾ ਕੇ ਰਹਿੰਦੇ ਹਨ। ਜਿਥੇ ਕਿਧਰੇ ਉਹ ਸ਼ਮਸ਼ਾਨ ਭੂਮੀਂ ਵਿਚ ਨਹੀਂ ਰਹਿੰਦੇ, ਉਥੇ ਉਹ ਪਿੰਡ ਤੋਂ ਅਰਥੀ ਦੇ ਨਾਲ ਪਿੰਡ-ਪਤਲ ਤੇ ਦੀਵਾ ਆਦਿ ਲੈ ਕੇ ਸ਼ਮਸ਼ਾਨ ਨੂੰ ਜਾਂਦੇ ਹਨ। ਅਗਨ ਭੇਟ ਦੀ ਸਾਰੀ ਰਸਮ ਅਦਾ ਕਰ ਕੇ ਉਹ ਮੁੜ ਪਿੰਡ ਵਾਪਸ ਆ ਜਾਂਦੇ ਹਨ। ਵੱਡੇ ਸ਼ਹਿਰਾਂ ਵਿਚ ਜਿਥੇ ਸ਼ਮਸ਼ਾਨ ਭੂਮੀਂ ਵਿਚ ਹੀ ਅਚਾਰਜੀ ਰਹਿੰਦੇ ਹਨ, ਹਰ ਜਾਤ ਗੋਤ ਤੇ ਖੇਤਰ ਦਾ ਆਪੋ ਆਪਣਾ ਵੱਖਰਾ ਅਚਾਰਜੀ ਹੁੰਦਾ ਹੈ। ਮ੍ਰਿਤਕ ਦੀ ਚਿਖਾ ਅਚਾਰਜੀ ਹੀ ਤਿਆਰ ਕਰਦਾ ਹੈ ਅਤੇ ਮੁਰਦੇ ਉਤੇ ਜੋ ਚਾਦਰ ਅਤੇ ਕੀਮਤੀ ਕਪੜੇ ਪਾਏ ਜਾਂਦੇ ਹਨ, ਉਨ੍ਹਾਂ ਨੂੰ ਅਚਾਰਜੀ ਉਤਾਰ ਕੇ ਆਪਣੇ ਕੋਲ ਰਖ ਲੈਂਦਾ ਹੈ।

ਅਚਾਰਜੀ ਨੂੰ ਮਰਘਟ ਵਿਚ ਰਹਿਣ ਅਤੇ ਮ੍ਰਿਤਕਾਂ ਨੂੰ ਛੂਹਣ ਕਰ ਕੇ ਪਾਤਕੀ ਮੰਨਿਆ ਗਿਆ ਹੈ। ਜਿਨ੍ਹਾਂ ਪਿੰਡਾਂ ਵਿਚ ਜ਼ਿਆਦਾ ਛੂਤਛਾਤ ਮੰਨੀ ਜਾਂਦੀ ਹੈ, ਉਥੇ ਅਚਾਰਜੀ ਨੂੰ ਪਿੰਡ ਵਿਚ ਆਉਣ ਦੀ ਖੁਲ੍ਹੀ ਆਗਿਆ ਨਹੀਂ ਹੁੰਦੀ। ਪਹਿਲਿਆਂ ਵਿਚ ਕਈ ਥਾਈਂ ਅਚਾਰਜੀ ਕੇਵਲ ਖੋਤੇ ਦੀ ਸਵਾਰੀ ਹੀ ਕਰਦੇ ਸਨ। ਦੂਜੀ ਸਵਾਰੀ ਉਨ੍ਹਾਂ ਲਈ ਵਰਜਿਤ ਸੀ, ਪਰ ਅੱਜ ਕਲ੍ਹ ਇਹ ਬੰਦਸ਼ਾਂ ਨਹੀਂ ਰਹੀਆਂ।

ਕੇਂਦਰੀ ਪੰਜਾਬ ਦੇ ਕਈ ਪਿੰਡਾਂ ਵਿਚ ਜੇ ਬੱਚੇ ਨੂੰ ਸੋਕਾ ਹੋ ਜਾਵੇ ਤਾਂ ਤਿੰਨ ਸਨਿਚਰਵਾਰ ਬੱਚੇ ਦੇ ਤੋਲ ਬਰਾਬਰ ਅੰਨ ਅਚਾਰਜੀ ਨੂੰ ਦਾਨ ਦਿਤਾ ਜਾਂਦਾ ਹੈ।

(ਅ-190) **ਅਛਤ** :

ਦੇਵਤਿਆਂ ਦੀ ਅਰਚਾ ਪੂਜਾ ਸਮੇਂ ਵਰਤੇ ਗਏ ਚਾਵਲ; ਇਨ੍ਹਾਂ ਚਾਵਲਾਂ ਵਿਚ ਕੋਈ ਵੀ ਟੁਟਿਆ-ਭੱਜਿਆ ਦਾਨਾ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਪੂਜਾ ਦਾ ਫਲ ਖੰਡਨ ਹੋ ਜਾਂਦਾ ਹੈ।

(ਅ-191) **ਅਛਰਾ ਦੇਵੀ** :

ਇਕ ਸਥਾਨਿਕ ਦੇਵੀ, ਜਿਸ ਦਾ ਅਸਥਾਨ ਕੋਟ ਕਾਂਗੜੇ ਤੋਂ ਦੋ ਕੁ ਮੀਲ ਦੂਰ ਅਛਰਾ ਖੰਡ ਵਿਚ ਹੈ। ਅਛਰਾ ਦੇਵੀ ਇੰਦਰ ਲੋਕ ਦੀ ਕੋਈ ਅਪੱਛਰਾਂ ਪ੍ਰਤੀਤ ਹੁੰਦੀ ਹੈ। ਜਾਪਦਾ ਹੈ, ਅਪੱਛਰਾਂ ਸ਼ਬਦ ਹੀ ਵਿਗੜ ਕੇ ਅੱਛਰਾਂ ਬਣ ਗਿਆ। ਕਾਂਗੜੇ ਦੇ ਇਲਾਕੇ ਵਿਚ ਨਿਰਸੰਤਾਨ ਤੀਵੀਆਂ ਅਛਰਾ ਦੇਵੀ ਦੀ ਪੂਜਾ ਕਰਦੀਆਂ ਹਨ ਤੇ ਸੰਤਾਨ ਦੀ ਆਸ ਨਾਲ ਅਛਰਾ ਖੰਡ ਇਸ਼ਨਾਨ ਕਰਨ ਲਈ ਜਾਂਦੀਆਂ ਹਨ। ਜਦੋਂ ਉਨ੍ਹਾਂ ਦੇ ਘਰ ਔਲਾਦ ਹੋ ਜਾਂਦੀ ਹੈ ਤਾਂ ਉਹ ਸੁਖਣਾ ਦੀ ਪੂਰਤੀ ਵਜੋਂ ਉਥੇ ਬੱਚੇ ਦੇ ਵਾਲ ਭੇਂਟ ਕਰਦੀਆਂ ਹਨ। ਅਛਰਾ ਦੇਵੀ ਬੜੀ ਦਿਆਲੂ ਤੇ ਕੋਮਲ ਭਾਵੀ ਹੋਣ ਕਰ ਕੇ ਦੇਵ ਲੋਕ ਦੀਆਂ ਅਪੱਛਰਾਂ ਵਾਂਙ ਝਟ ਪਸੀਜ ਜਾਂਦੀ ਹੈ।

(ਅ-192) **ਅੱਛਰੀ** :

ਕਾਂਗੜੇ ਦੇ ਪ੍ਰੇਮ-ਗੀਤਾਂ ਦੀ ਇਕ ਨਾਇਕਾ; ਅਛਰੀ ਦਾ ਪ੍ਰੇਮੀ ਨੌਕਰੀ ਦੀ ਖ਼ਾਤਰ ਪ੍ਰਦੇਸ ਚਲਾ ਗਿਆ। ਪਿਛੋਂ ਪਿੰਡ ਦੇ ਵੈਲੀ ਮੁੰਡੇ ਅਛਰੀ ਦੇ ਜੋਬਨ ਨੂੰ ਮਾਣਨਾ ਚਾਹੁੰਦੇ ਸਨ, ਪਰ ਅਛਰੀ ਉਹਨਾਂ ਦੇ ਕਾਬੂ ਨਾ ਆਈ। ਸ਼ਹਿਰੋਂ ਆਏ ਇਕ ਬਾਬੂ ਨੇ ਉਸ ਦਾ ਮਨ ਸੋਨੇ ਦੇ ਟਿਕੇ ਦੇ ਲੋਭ ਨਾਲ ਜਿਤਣਾ ਚਾਹਿਆ, ਪਰ ਅਛਰੀ ਆਪਣੇ ਇਸ਼ਕ ਵਿਚ ਅਡੋਲ ਰਹੀ —

''ਹਮ ਡੇਗਾ ਅਛਰੀਏ ਹਮ ਡੇਗਾ
ਸੋਨੇ ਕਾ ਟਿਕਲੂ ਹਮ ਡੇਗਾ ਹੋ।''
''ਮੋ ਨੀ ਲੈਣਾ ਬਾਬੂ ਜੀ ਮੋ ਨੀ ਲੈਣਾ
ਸੋਨੇ ਕਾ ਟਿਕਲੂ ਮੋ ਨੀ ਲੈਣਾ ਹੋ।''

ਕਈ ਵਰ੍ਹਿਆਂ ਮਗਰੋਂ ਅਛਰੀ ਦਾ ਪ੍ਰੇਮੀ ਕਾਂਗੜੇ ਆਇਆ ਤਾਂ ਉਦੋਂ ਅਛਰੀ ਦਾ ਵਿਆਹ ਕਿਸੇ ਹੋਰ ਯੁਵਕ ਨਾਲ ਹੋ ਚੁਕਾ ਸੀ। ਦੁਹਾਂ ਦਾ ਮੇਲ ਖੂਹ ਉਤੇ ਹੋਇਆ :

''ਅਛਰੀਏ ਗੱਲ ਕੀ ਬਣੀ,
ਬਾਹੀਂ ਚੂੜਾ ਪਾਇਆ।''
''ਇਸ ਗੱਲ ਦਾ ਤੈਨੂੰ ਕੀ ਰਾਹੀਆ,
ਜੇ ਅਸਾਂ ਚੂੜਾ ਪਾਇਆ।''

ਇਹ ਦੁਖਾਂਤ ਕਾਂਗੜੇ ਦੇ ਕਈ ਲੋਕ ਗੀਤਾਂ ਦਾ ਕੇਂਦਰੀ ਵਿਸ਼ਾ ਹੈ।

(ਅ-193) **ਅਜ** :

(1) ਬ੍ਰਹਮਾ ਦਾ ਇਕ ਨਾਉਂ; ਯੁਜਰ ਵੇਦ ਵਿਚ ਬ੍ਰਹਮਾ ਨੂੰ ਇਕ ਥਾਂ ਅਜ ਕਿਹਾ ਗਿਆ ਹੈ। 'ਅਜ' ਦਾ ਸ਼ਾਬਦਿਕ ਅਰਥ ਹੈ — ਜੋ ਜਨਮ ਤੋਂ ਰਹਿਤ ਹੋਵੇ, ਜੋ ਉਤਪੰਨ ਨਾ ਹੋਵੇ। ਇਹ ਵਿਸ਼ੇਸ਼ਣ ਕਈ ਹੋਰ ਦੇਵਤਿਆਂ ਲਈ ਵੀ ਵਰਤਿਆ ਗਿਆ ਹੈ।

(2) ਇਕਸ਼ਵਾਕੂ ਵੰਸ਼ ਦਾ ਇਕ ਸੂਰਜਵੰਸ਼ੀ ਰਾਜਾ, ਜੋ ਰਘੂ ਦਾ ਪੁਤ੍ਰ ਤੇ ਦਸ਼ਰਥ ਦਾ ਪਿਤਾ ਸੀ। ਕੁਝ ਗ੍ਰੰਥਾਂ ਵਿਚ ਅਜ ਨੂੰ ਰਘੂ ਦਾ ਪੋਤਰਾ ਅਥਵਾ ਦਲੀਪ ਦਾ ਪੁਤ੍ਰ ਮੰਨਿਆ ਗਿਆ ਹੈ। ਅਜ ਦਾ ਵਿਆਹ ਵਿਦਰਭ ਦੇ ਰਾਜੇ ਦੀ ਕੰਨਿਆਂ ਇੰਦੂਮਤੀ ਨਾਲ ਹੋਇਆ। ਰਘੁਵੰਸ਼ ਅਨੁਸਾਰ ਜਦੋਂ ਇੰਦੂਮਤੀ ਦਾ ਸਵੰਬਰ ਰਚਿਆ ਗਿਆ ਤਾਂ ਰਾਜਕੁਮਾਰ ਅਜ ਵੀ ਸਵੰਬਰ ਵਿਚ ਸ਼ਾਮਲ ਹੋਣ ਲਈ ਗਿਆ, ਪਰ ਰਾਹ ਵਿਚ ਇਕ ਜੰਗਲੀ ਹਾਥੀ ਨੇ ਉਸ ਦਾ ਰਾਹ ਰੋਕ ਲਿਆ। ਅਜ ਨੇ ਅਪਸ਼ਗਨ ਜਾਣ ਕੇ ਕਰੋਧ ਵਿਚ ਹਾਥੀ ਨੂੰ ਮਾਰ ਦਿਤਾ। ਹਾਥੀ ਦੇ ਪ੍ਰਾਣ ਤਿਆਗਦੇ ਸਾਰ ਉਸ ਦੀ ਦੇਹ ਵਿਚੋਂ ਇਕ ਗੰਧਰਵ ਪ੍ਰਗਟ ਹੋਇਆ ਜਿਸ ਨੇ ਦਸਿਆ ਕਿ ਉਹ ਇਕ ਰਿਸ਼ੀ ਦੇ ਸਰਾਪ ਕਾਰਨ ਹਾਥੀ ਬਣ ਗਿਆ ਸੀ ਤੇ ਉਸ ਦੀ ਮੁਕਤੀ ਅਜ ਦੇ ਹੱਥੋਂ ਹੀ ਲਿਖੀ ਸੀ। ਗੰਧਰਵ

ਨੇ ਅਜ ਨੂੰ ਇਕ ਦੈਵੀ ਅਸਤ੍ਰ ਦਿਤਾ ਜੋ ਵਿਜੈ ਦਾ ਬੋਧਿਕ ਸੀ। ਉਸੇ ਅਸਤ੍ਰ ਸਦਕਾ ਅਜ ਨੂੰ ਸਵੰਬਰ ਵਿਚ ਵਿਜੈ ਹੋਈ।

ਪੁਰਾਣਾਂ ਵਿਚ ਅਜ ਬਾਰੇ ਕਈ ਕਥਾਵਾਂ ਮਿਲਦੀਆਂ ਹਨ। ਇਕ ਵਾਰ ਕੋਈ ਬ੍ਰਾਹਮਣ ਅਜ ਦੇ ਦੁਆਰੇ ਭਿਖਿਆ ਮੰਗਣ ਆਇਆ। ਉਦੋਂ ਰਾਜਾ ਖਿਝਿਆ ਬੈਠਾ ਸੀ। ਸੋ ਉਸ ਨੇ ਨੌਕਰਾਂ ਨੂੰ ਹੁਕਮ ਦਿਤਾ ਕਿ ਅਭਿਆਗਤ ਨੂੰ ਘੋੜਿਆਂ ਦੀ ਲਿੱਦ ਦੀ ਖ਼ੈਰ ਪਾ ਦਿਉ। ਨੌਕਰਾਂ ਨੇ ਇਸੇ ਤਰ੍ਹਾਂ ਕੀਤਾ। ਬ੍ਰਾਹਮਣ ਲਿੱਦ ਦੀ ਭਿਖਿਆ ਲੈ ਕੇ ਚਲਾ ਗਿਆ ਤੇ ਉਸ ਨੇ ਲਿੱਦ ਲਿਜਾ ਕੇ ਆਪਣੀ ਕੁਟੀਆ ਦੇ ਬਾਹਰ ਰਖ ਦਿਤੀ। ਲੋਕ ਧਾਰਨਾ ਅਨੁਸਾਰ ਦਾਨ ਹਮੇਸ਼ਾਂ ਵਧਦਾ ਫੁਲਦਾ ਹੈ, ਇਸ ਲਈ ਕੁਝ ਦਿਨਾਂ ਮਗਰੋਂ ਉਥੇ ਲਿੱਦ ਦਾ ਵੱਡਾ ਸਾਰਾ ਢੇਰ ਲੱਗ ਗਿਆ। ਕੁਝ ਸਮਾਂ ਲੰਘਣ ਮਗਰੋਂ, ਇਕ ਵਾਰ ਰਾਜਾ ਅਜ ਸ਼ਿਕਾਰ ਖੇਡਣ ਜੰਗਲ ਵਿਚ ਗਿਆ ਤਾਂ ਰਾਹ ਭੁਲ ਜਾਣ ਕਰ ਕੇ ਦੇਵਨੇਤ ਉਸੇ ਬ੍ਰਾਹਮਣ ਦੇ ਦੁਆਰੇ ਉਤੇ ਜਾ ਪੁਜਿਆ। ਕਈ ਦਿਨਾਂ ਤੋਂ ਖਾਣ ਲਈ ਕੁਝ ਨਾ ਮਿਲਣ ਕਾਰਨ ਅਜ ਭੁਖ ਤੋਂ ਆਤੁਰ ਸੀ। ਬ੍ਰਾਹਮਣ ਨੇ ਅਜ ਨੂੰ ਪਛਾਣ ਲਿਆ ਤੇ ਬਾਹਰ ਲਿੱਦ ਦੇ ਲੱਗੇ ਢੇਰ ਵਲ ਇਸ਼ਾਰਾ ਕਰ ਕੇ ਕਹਿਣ ਲੱਗਾ : "ਇਹ ਤੁਹਾਡਾ ਦਿਤਾ ਹੋਇਆ ਦਾਨ ਹੀ ਫਲਿਆ ਪਿਆ ਹੈ, ਇਹੋ ਖਾਓ"। ਸੋ ਅਜ ਨੂੰ ਉਹੋ ਲਿੱਦ ਖਾ ਕੇ ਹੀ ਢਿੱਡ ਭਰਨਾ ਪਿਆ। "ਅਜੈ ਸੁ ਰੋਵੈ ਭੀਖਿਆ ਖਾਇ" (ਰਾਮਕਲੀ ਕੀ ਵਾਰ, ਮਹਲਾ ੧)।

(ਅ-194) **ਅਜਪਾ ਜਾਪ :**

ਜਾਪ ਦੀ ਇਕ ਵਿਧੀ; ਸਾਧਾਰਨ ਜਾਪ ਵਿਚ ਰਸਨਾ ਦੁਆਰਾ ਨਾਮ ਦਾ ਉਚਾਰਨ ਸੁਚੇਤ ਰੂਪ ਵਿਚ ਕੀਤਾ ਜਾਂਦਾ ਹੈ ਅਤੇ ਕਈ ਵਾਰ ਜਾਪ ਦੀ ਗਿਣਤੀ ਦਾ ਹਿਸਾਬ ਰਖਣ ਲਈ ਉਂਗਲੀਆਂ ਦੁਆਰਾ ਮਾਲਾ ਵੀ ਫੇਰੀ ਜਾਂਦੀ ਹੈ। ਪਰ ਅਜਪਾ ਜਾਪ ਵਿਚ ਕਿਸੇ ਤਰ੍ਹਾਂ ਦੇ ਸਥੂਲ ਸਾਧਨ ਦੀ ਵਰਤੋਂ ਨਹੀਂ ਹੁੰਦੀ। ਇਥੋਂ ਤਕ ਕਿ ਜੀਭ ਤੇ ਹੋਠ ਵੀ ਨਹੀਂ ਹਿਲਦੇ; ਕੇਵਲ ਬਿਰਤੀ ਨੂੰ ਪ੍ਰਭੂ ਵਿਚ ਲੀਨ ਰਖਿਆ ਜਾਂਦਾ ਹੈ। ਅਜਪਾ ਜਾਪ ਵਿਚ ਰਸਨਾ ਦੀ ਸਹਾਇਤਾ ਤੋਂ ਬਗ਼ੈਰ ਕੇਵਲ ਚਿੱਤ ਨੂੰ ਪ੍ਰਭੂ ਵਿਚ ਜੋੜ ਕੇ ਜਾਪ ਕੀਤਾ ਜਾਂਦਾ ਹੈ। ਇਹ ਜਾਪ ਭਾਵੇਂ ਬੜਾ ਕਠਨ ਹੈ ਅਤੇ ਉੱਚੀ ਆਤਮਿਕ ਅਵਸਥਾ ਉਤੇ ਪਹੁੰਚੇ ਸਾਧਕ ਦੇ ਅੰਦਰ ਸਵਾਸਾਂ ਦੇ ਗੇੜ ਨਾਲ ਸੁਭਾਵਿਕ ਹੀ ਅਖੰਡ ਪ੍ਰਵਾਹ ਵਾਂਙ ਚਲਦਾ ਰਹਿੰਦਾ ਹੈ। ਪਰ ਜਿਸ ਨੇ ਮਨ ਨੂੰ ਸਾਧ ਕੇ ਬਿਰਤੀ ਨੂੰ ਕੇਂਦਰਿਤ ਕਰਨਾ ਸਿਖ ਲਿਆ ਹੋਵੇ, ਉਸ ਲਈ ਇਹ ਕਠਨ ਜਾਪ ਸਹਿਜ ਹੋ ਜਾਂਦਾ ਹੈ।

ਬੋਧੀ ਸਿਧਾਂ ਵਿਚ ਇਸ ਜਾਪ ਦਾ ਬੜਾ ਮਹੱਤਵ ਸੀ। ਡਾ: ਜੈ ਰਾਮ ਮਿਸ਼ਰ ਨਾਨਕ ਬਾਣੀ (ਪੰਨਾ 923) ਵਿਚ ਲਿਖਦੇ ਹਨ : "ਬੋਧੀ ਸਿੱਧ ਆਪਣੀ ਸਾਧਨਾ-ਪੱਦਤੀ ਨੂੰ ਦ੍ਰਿੜ੍ਹ ਕਰਨ ਲਈ ਸਵਾਸ-ਚੱਕਰ ਦੀ ਚਾਲ ਉਤੇ ਕਾਬੂ ਪਾਉਣ ਲਈ 'ਚੰਡਾਗਨੀ' ਪ੍ਰਜ੍ਵਲਤ ਕਰਦੇ ਸਨ, ਇਸ ਨਾਲ ਸਵਾਸ-ਚੱਕਰ ਵਿਚ ਸਹਿਜ ਭਾਵ ਨਾਲ ਜਪ ਹੋਣ ਲੱਗਦਾ ਸੀ। ਇਸੇ ਤੋਂ ਅਜਪਾ ਜਾਪ ਨੂੰ 'ਸਹਿਜ ਜਾਪ' ਵੀ ਕਿਹਾ ਜਾਂਦਾ ਹੈ।"

ਜੋਗ ਮੱਤ ਵਿਚ ਵੀ ਅਜਪਾ ਜਾਪ ਉਤੇ ਕਾਫ਼ੀ ਬਲ ਦਿਤਾ ਗਿਆ ਹੈ। ਅਸਲੋਂ ਨਾਥ ਪੰਥੀਆਂ ਨੇ ਹੀ ਇਸ ਜਪ ਨੂੰ ਅਜਪਾ ਜਾਪ ਦਾ ਨਾਂ ਦਿਤਾ। ਵਜਰ ਜੋਗੀ ਇਸ ਜਾਪ ਨੂੰ 'ਵਜਰ ਜਾਪ' ਵੀ ਕਹਿੰਦੇ ਹਨ। ਭਗਤੀ ਲਹਿਰ ਦੇ ਸੰਤਾਂ ਨੇ ਇਸ ਜਾਪ ਨੂੰ ਹੋਰ ਸਭ ਜਾਪਾਂ ਤੋਂ ਉੱਤਮ ਮੰਨਿਆ ਹੈ। ਗੁਰੂ ਨਾਨਕ ਦੇਵ ਨੇ ਵੀ ਇਸੇ ਸਹਿਜ ਜਾਪ ਉਪਰ ਬਲ ਦਿਤਾ ਹੈ।

ਕਬੀਰ ਪੰਥੀਆਂ ਨੇ ਆਉਣ ਜਾਣ ਵਾਲੇ ਸੁਆਸਾਂ ਨੂੰ ਤਰਤੀਬਵਾਰ ਓਹੰ ਅਤੇ ਸੋਹੰ ਕਿਹਾ ਹੈ ਅਤੇ ਇਨ੍ਹਾਂ ਸਵਾਸਾਂ ਦੁਆਰਾ ਕੀਤੇ ਜਾਪ ਨੂੰ ਅਜਪਾ ਜਾਪ ਦਾ ਨਾਂ ਦਿਤਾ ਹੈ। ਜੋਗ ਮੱਤ ਅਨੁਸਾਰ ਮਨੁੱਖ ਇਕ ਦਿਨ ਵਿਚ ਜੋ ਸਾਹ ਲੈਂਦਾ ਤੇ ਬਾਹਰ ਕਢਦਾ ਹੈ, ਉਨ੍ਹਾਂ ਦੀ ਗਿਣਤੀ 21,600 ਹੈ।

(ਅ-195) **ਅੰਜਨ :**

(1) ਅਨੇਕਾਂ ਸਿਰਾਂ ਵਾਲਾ ਇਕ ਸਰਪ ਜੋ ਕਦਰੂ ਦਾ ਪੁੱਤਰ ਸੀ।

(2) ਚੰਬੇ ਦੇ ਇਲਾਕੇ ਵਿਚ ਵਿਆਹ ਵੇਲੇ ਵਰ ਅਤੇ ਕੰਨਿਆਂ ਦੇ ਵਸਤ੍ਰਾਂ ਨੂੰ ਜੋ ਗੰਢ ਦਿਤੀ ਜਾਂਦੀ ਹੈ, ਉਸ ਨੂੰ ਵੀ ਅੰਜਨ ਕਹਿੰਦੇ ਹਨ।

(3) ਅੱਖਾਂ ਵਿਚ ਪਾਉਣ ਵਾਲਾ ਸੁਰਮਾ। (ਵੇਖੋ : ਸੁਰਮਾ)

(ਅ-196) **ਅੰਜਨਾ** :

ਹਨੂੰਮਾਨ ਦੀ ਮਾਂ ਜੋ ਕੇਸਰੀ ਵਾਨਰ ਦੀ ਪਤਨੀ ਸੀ। ਅੰਜਨਾ ਨੂੰ ਪਵਨ-ਦੇਵ ਦੇ ਸੰਜੋਗ ਤੋਂ ਗਰਭ ਠਹਿਰਿਆ ਜਿਸ ਤੋਂ ਹਨੂੰਮਾਨ ਪੈਦਾ ਹੋਇਆ। ਇਸੇ ਲਈ ਹਨੂੰਮਾਨ ਨੂੰ 'ਪਵਨ-ਪੁੱਤਰ' ਵੀ ਕਿਹਾ ਜਾਂਦਾ ਹੈ। ਇਕ ਹੋਰ ਕਥਾ ਅਨੁਸਾਰ ਕਿਸੇ ਕਾਰਨ ਵਸ ਮਹਾਂਦੇਵ ਦਾ ਵੀਰਜ ਡਿੱਗ ਪਿਆ। ਪਵਨ ਨੇ ਉਸ ਨੂੰ ਉਡਾ ਕੇ ਅੰਜਨਾ ਦੇ ਕੰਨ ਵਿਚ ਫੂਕ ਦਿਤਾ, ਜਿਸ ਨਾਲ ਉਸ ਨੂੰ ਗਰਭ ਠਹਿਰ ਗਿਆ। ਹਨੂੰਮਾਨ ਨੂੰ ਆਪਣੀ ਮਾਂ ਦੇ ਨਾਂ ਦੇ ਆਧਾਰ ਉਤੇ 'ਅੰਜਨਿਆਂ' ਵੀ ਕਹਿੰਦੇ ਹਨ। ਅੰਜਨਾ ਦਾ ਪੁੱਤਰ ਹੋਣ ਕਰ ਕੇ ਹਨੂੰਮਾਨ ਨੂੰ ਅੰਜਨੀ ਕੁਮਾਰ ਵੀ ਕਿਹਾ ਜਾਂਦਾ ਹੈ।

ਹਨੂੰਮਾਨ ਭਗਤ ਹਨੂੰਮਾਨ ਦੇ ਨਾਲ ਨਾਲ ਮਾਤਾ ਅੰਜਨਾ ਦੀ ਵੀ ਉਪਾਸ਼ਨਾ ਕਰਦੇ ਹਨ। ਕਾਂਗੜੇ ਵਿਚ ਨਗਰ ਤੋਂ ਚਾਰ ਮੀਲ ਦੂਰ ਗੁਰਖੜੀ ਵਿਚ ਅੰਜਨਾ ਦਾ ਇਕ ਪ੍ਰਸਿਧ ਮੰਦਰ ਹੈ (ਗਲਾਸਰੀ 1,120) ਜਿਥੇ ਹਰ ਸਾਲ ਅਕਤੂਬਰ ਵਿਚ ਇਕ ਭਾਰੀ ਮੇਲਾ ਲੱਗਦਾ ਹੈ।

(ਅ-197) **ਅੰਜਨੀ** :

(1) ਵਿਆਹ ਨਾਲ ਸੰਬੰਧਿਤ ਇਕ ਗੀਤ ਜਿਸ ਨੂੰ 'ਅੰਜੜੀ' ਵੀ ਕਹਿੰਦੇ ਹਨ। (ਵੇਖੋ : ਅੰਜੜੀ)

(2) ਹਨੂੰਮਾਨ ਦੀ ਮਾਤਾ ਨੂੰ ਅੰਜਨੀ ਵੀ ਕਹਿ ਲਿਆ ਜਾਂਦਾ ਹੈ। (ਵੇਖੋ : ਅੰਜਨਾ)

(ਅ-198) **ਅੰਜਨੀ ਦੇਵੀ** :

ਕਾਂਗੜੇ ਦੀ ਇਕ ਸਥਾਨਿਕ ਦੇਵੀ ਜਿਸ ਦਾ ਮੰਦਰ ਘਿਆਨਾ ਕਲਾਂ ਵਿਚ ਹੈ। ਇਹ ਦੇਵੀ ਗੌਤਮ ਦੀ ਕੰਨਿਆਂ ਸੀ। ਗੌਤਮ ਕਿਸੇ ਕਾਰਨ ਵਸ ਅੰਜਨੀ ਤੋਂ ਕੰਵਾਰਪੁਣੇ ਦੀ ਅਵਸਥਾ ਵਿਚ ਇਕ ਪੁੱਤਰ ਦੀ ਉਤਪੱਤੀ ਚਾਹੁੰਦਾ ਸੀ। ਸੋ ਅੰਜਨੀ ਘਰ ਤਿਆਗ ਕੇ ਘਿਆਨਾ ਕਲਾਂ ਵਿਚ ਇਕਾਂਤ ਸਥਾਨ ਉਤੇ ਭਗਤੀ ਕਰਨ ਲੱਗੀ। ਉਥੇ ਹੁਣ ਇਕ ਮੰਦਰ ਹੈ ਜਿਥੇ ਹਰ ਸਾਲ ਅੰਜਨੀ ਦੇਵੀ ਦੀ ਸਿਮਰਤੀ ਵਿਚ 20 ਜੇਠ ਨੂੰ ਭਾਰੀ ਮੇਲਾ ਲੱਗਦਾ ਹੈ। ਮੰਦਰ ਵਿਚ ਇਕ ਪੱਥਰ ਦੀ ਸਿਲ ਹੈ, ਜਿਸ ਦੇ ਉਤੇ ਅੰਜਨੀ ਦੇਵੀ ਅਤੇ ਉਸ ਦੀਆਂ ਗਊਆਂ, ਜਿਨ੍ਹਾਂ ਦਾ ਦੁਧ ਪੀ ਕੇ ਉਹ ਆਪਣਾ ਪੇਟ ਭਰਦੀ ਸੀ, ਦੇ ਖੁਰਾਂ ਦੀ ਮੂਰਤ ਹੈ। ਮੰਦਰ ਦੇ ਪਿਛੋਕੜ ਵਿਚ ਤਿੰਨ ਬਾਵਲੀਆਂ ਹਨ, ਜੋ ਅੰਜਨੀ ਦੇਵੀ ਦੀ ਕਰਾਮਾਤੀ ਸ਼ਕਤੀ ਦੀਆਂ ਦੇਣ ਮੰਨੀਆਂ ਜਾਂਦੀਆਂ ਹਨ। ਮੰਦਰ ਵਿਚ ਸਵੇਰੇ ਦੁਧ, ਦੁਪਹਿਰੀ ਚਾਵਲ ਤੇ ਸ਼ਾਮੀਂ ਛੋਲੇ ਭੇਂਟ ਚੜ੍ਹਾਏ ਜਾਂਦੇ ਹਨ। ਹਰ ਰੋਜ਼ ਜੋਤ ਜਗਦੀ ਹੈ। ਗਲਾਸਰੀ. (1,322) ਅਨੁਸਾਰ ਇਹ ਮੰਦਰ ਲਾਹੌਰ ਦੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ 1899 ਸੰਮਤ ਵਿਚ ਬਣਵਾਇਆ।

(ਅ-199) **ਅਜਬ ਜਮਾਲ** :

ਇਕ ਪਰੀ ਜਿਸ ਦਾ ਵਰਨਣ ਸੈਫੁਲ ਮਲੂਕ ਦੇ ਕਿੱਸੇ ਵਿਚ ਆਉਂਦਾ ਹੈ। (ਵੇਖੋ : ਪਰੀ)

(ਅ-200) **ਅਜਮ ਸਾਫ਼ੀ** :

ਮੁਸਲਮਾਨਾਂ ਦੇ ਬਾਰਾਂ ਇਮਾਮਾਂ ਵਿਚੋਂ ਇਕ ਪ੍ਰਸਿਧ ਇਮਾਮ। (ਵੇਖੋ : ਇਮਾਮ)

(ਅ-201) **ਅਜਮੇਧ** :

ਵੈਦਿਕ ਕਾਲ ਦਾ ਇਕ ਯੱਗ ਜਿਸ ਵਿਚ ਬਕਰੇ ਦੀ ਬਲੀ ਦੇਣ ਦੀ ਪ੍ਰਥਾ ਸੀ। ਲਹਿੰਦੇ ਦੇ ਹਿੰਦੂਆਂ ਵਿਚ ਦੇਸ਼-ਵੰਡ ਤਕ ਅਜਮੇਧ ਦੀ ਰੀਤ ਦੇ ਕੁਝ ਅਵਸ਼ੇਸ਼ ਮਿਲਦੇ ਸਨ। ਮੁਲਤਾਨ ਦੇ ਹਿੰਦੂਆਂ ਵਿਚ ਬੱਚੇ ਨਾਲ ਸੰਬੰਧਿਤ ਰੀਤਾਂ ਸਮੇਂ ਬਕਰੇ ਦੀ ਬਲੀ ਦਿਤੀ ਜਾਂਦੀ ਰਹੀ ਹੈ। ਮੁਸਲਮਾਨਾਂ ਵਿਚ ਵੀ ਅਕੀਕੇ ਵੇਲੇ ਬਕਰੇ ਦੀ ਕੁਰਬਾਨੀ ਦੀ ਪ੍ਰਥਾ ਹੈ। (ਵੇਖੋ : ਅਕੀਕਾ) ਸ਼ੇਖਾਵਤ ਰਾਜਪੂਤਾਂ ਵਿਚ (ਗਲਾਸਰੀ. 1,737) ਬੱਚੇ ਦੇ ਜੰਮਣ ਮਗਰੋਂ ਬੱਚੇ ਨੂੰ ਭਾਵੇਂ ਉਹ ਮੁੰਡਾ ਹੋਵੇ ਜਾਂ ਕੁੜੀ ਬਕਰੇ ਦੇ ਲਹੂ ਵਿਚ ਇਸ਼ਨਾਨ ਕਰਵਾਇਆ ਜਾਂਦਾ ਹੈ

ਅਤੇ ਬੱਚੇ ਦੇ ਗਲ ਦੁਆਲੇ ਬਕਰੇ ਦੇ ਮਾਸ ਦੀ ਇਕ ਤੰਦੀ ਬੰਨ੍ਹ ਦਿਤੀ ਜਾਂਦੀ ਹੈ। ਫਿਰ ਬੱਚੇ ਨੂੰ ਨੀਲਾ ਕੁੜਤਾ ਪਹਿਨਾਇਆ ਜਾਂਦਾ ਹੈ ਅਤੇ ਉਸ ਦੇ ਲਕ ਦੁਆਲੇ ਨੀਲੇ ਰੇਸ਼ਮ ਦਾ ਡੋਰਾ ਬੰਨ੍ਹ ਦਿਤਾ ਜਾਂਦਾ ਹੈ। ਕੁੜਤਾ ਤਾਂ ਛੇ ਸਤ ਮਹੀਨੇ ਹੀ ਪਹਿਨਾਇਆ ਜਾਂਦਾ ਹੈ, ਪਰ ਤੰਦੀ ਦੋ ਸਾਲ ਤਕ ਗਲ ਵਿਚ ਬੱਧੀ ਰਹਿੰਦੀ ਹੈ। ਡੋਰਾ ਪੰਜ ਸਾਲ ਦੀ ਉਮਰ ਤਕ ਬੰਨ੍ਹਿਆ ਜਾਂਦਾ ਹੈ। ਇਹ ਰੀਤ ਪੁਰਾਣੇ ਸਮੇਂ ਵਿਚ ਪ੍ਰਚਲਤ 'ਅਜਮੇਧ' ਦੀ ਰਹਿੰਦ ਜਾਪਦੀ ਹੈ।

(ਅ-202) **ਅਜ਼ਰਾ** :

ਵਾਮਿਕ ਦੀ ਪ੍ਰੇਮਕਾ। (ਵੇਖੋ : ਵਾਮਿਕ ਅਜ਼ਰਾ)

(ਅ-203) **ਅਜ਼ਰਾਈਲ** :

ਯਹੂਦੀ ਤੇ ਇਸਲਾਮੀ ਪੌਰਾਣਿਕ ਕਥਾਵਾਂ ਅਨੁਸਾਰ ਚਾਰ ਪ੍ਰਮੁਖ ਫ਼ਰਿਸ਼ਤਿਆਂ ਵਿਚੋਂ ਇਕ। ਅਜ਼ਰਾਈਲ ਮੌਤ ਦਾ ਫ਼ਰਿਸ਼ਤਾ ਹੈ ਜੋ ਅੱਲਾ ਦੇ ਹੁਕਮ ਨਾਲ ਸੰਸਾਰ ਦੇ ਪ੍ਰਾਣੀਆਂ ਦੀ ਜਿੰਦ ਸਰੀਰ ਵਿਚੋਂ ਕੱਢਦਾ ਹੈ — 'ਜਿੰਦ ਨਿਮਾਣੀ ਕਢੀਏ ਹਡਾ ਕੂ ਕੜਕਾਇ' (ਫ਼ਰੀਦ)। ਇਸ ਫ਼ਰਿਸ਼ਤੇ ਨੂੰ ਕੁਰਾਨ ਵਿਚ 'ਮਲਕੁਲ ਮੌਤ' ਵੀ ਕਿਹਾ ਗਿਆ ਹੈ।

ਇਸਲਾਮੀ ਪੁਰਾਣਧਾਰਾ ਅਨੁਸਾਰ ਅੱਲਾ ਨੇ ਅਜ਼ਰਾਈਲ ਫ਼ਰਿਸ਼ਤੇ ਨੂੰ ਪੈਦਾ ਕਰ ਕੇ ਕਾਫ਼ੀ ਦੇਰ ਤਕ ਬਾਕੀ ਫ਼ਰਿਸ਼ਤਿਆਂ ਤੋਂ ਛੁਪਾਈ ਰਖਿਆ। ਫਿਰ ਜਦੋਂ ਅੱਲਾ ਨੇ ਬਾਕੀ ਫ਼ਰਿਸ਼ਤਿਆਂ ਨੂੰ ਅਜ਼ਰਾਈਲ ਦੇ ਦਰਸ਼ਨ ਕਰਵਾਏ ਤਾਂ ਉਹ ਸਭ ਬੇਹੋਸ਼ ਹੋ ਕੇ ਡਿਗ ਪਏ ਅਤੇ ਇਕ ਹਜ਼ਾਰ ਸਾਲ ਤਕ ਬੇਸੁਰਤ ਪਏ ਰਹੇ। ਅਜ਼ਰਾਈਲ ਦੈਵੀ ਕੱਦ ਦਾ ਵਿਕਰਾਲ ਚਾਰ ਮੁਖਾ ਫ਼ਰਿਸ਼ਤਾ ਹੈ, ਜਿਸ ਦੇ ਸੱਤਰ ਹਜ਼ਾਰ ਚਰਨ ਅਤੇ ਚਾਰ ਹਜ਼ਾਰ ਖੰਭ ਹਨ। ਉਸ ਦੇ ਚਰਨ ਭੋਇੰ ਉਤੇ ਟਿਕੇ ਹੋਏ ਹਨ, ਪਰ ਸਿਰ ਆਕਾਸ਼ ਵਿਚ। ਅਜ਼ਰਾਈਲ ਦੀਆਂ ਉਤਨੀਆਂ ਹੀ ਅੱਖਾਂ ਤੇ ਜੀਭਾਂ ਹਨ ਜਿਤਨੇ ਸੰਸਾਰ ਦੇ ਕੁਲ ਪ੍ਰਾਣੀ। ਹਰ ਵਾਰ ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਅਜ਼ਰਾਈਲ ਦੀ ਇਕ ਅੱਖ ਮੀਟੀ ਜਾਂਦੀ ਹੈ। ਜਦੋਂ ਸੰਸਾਰ ਉਤੇ ਕੋਈ ਨਵਾਂ ਪ੍ਰਾਣੀ ਜਨਮ ਲੈਂਦਾ ਹੈ, ਤਾਂ ਅਜ਼ਰਾਈਲ ਦੀ ਇਕ ਨਵੀਂ ਅੱਖ ਖੁਲ੍ਹ ਜਾਂਦੀ ਹੈ। ਕਿਆਮਤ ਵਾਲੇ ਦਿਨ ਅਜ਼ਰਾਈਲ ਦੀਆਂ ਕੇਵਲ ਅੱਠ ਅੱਖਾਂ ਖੁਲ੍ਹੀਆਂ ਰਹਿਣਗੀਆਂ। ਉਨ੍ਹਾਂ ਵਿਚੋਂ ਚਾਰ ਤਾਂ ਪ੍ਰਮੁਖ ਫ਼ਰਿਸ਼ਤਿਆਂ ਜਬਰਾਈਲ, ਮਿਕਾਈਲ, ਅਜ਼ਰਾਈਲ ਤੇ ਅਸਰਾਈਲ ਦੀਆਂ ਹਨ, ਬਾਕੀ ਚਾਰ ਹਮਲਤ-ਉਲ-ਅਰਸ਼ ਅਥਵਾ ਉਨ੍ਹਾਂ ਚਾਰ ਫ਼ਰਿਸ਼ਤਿਆਂ ਦੀਆਂ ਹਨ, ਜਿਨ੍ਹਾਂ ਨੇ ਅੱਲਾ ਦਾ ਤਖ਼ਤ ਆਪਣੇ ਮੋਢਿਆਂ ਉਪਰ ਚੁਕਿਆ ਹੋਇਆ ਹੈ। ਅਜ਼ਰਾਈਲ ਫ਼ਰਿਸ਼ਤਾ ਸਭ ਤੋਂ ਵਧ ਸ਼ਕਤੀਵਾਨ ਮੰਨਿਆ ਗਿਆ ਹੈ।

ਭਾਵੇਂ ਅਜ਼ਰਾਈਲ ਦੇ ਚਾਰ ਮੂੰਹ ਹਨ, ਪਰ ਜਦੋਂ ਉਹ ਕਿਸੇ ਪ੍ਰਾਣੀ ਦੀ ਜਿੰਦ ਕੱਢਦਾ ਹੈ, ਤਾਂ ਉਸ ਦਾ ਕੇਵਲ ਇਕੋ ਮੂੰਹ ਵਿਖਾਈ ਦੇਂਦਾ ਹੈ। ਪੈਗੰਬਰਾਂ ਤੇ ਫ਼ਰਿਸ਼ਤਿਆਂ ਨੂੰ ਇਹ ਮੁਖ ਸੀਸ ਉਪਰ, ਹਜ਼ਰਤ ਮੁਹੰਮਦ ਵਿਚ ਈਮਾਨ ਰਖਣ ਵਾਲੀ ਉਮਤ ਨੂੰ ਛਾਤੀ ਉਪਰ, ਕਾਫ਼ਰਾਂ ਨੂੰ ਪਿੱਠ ਵਲ ਅਤੇ ਜਿੰਨ ਆਦਿ ਅਮਾਨਵੀ ਪ੍ਰਾਣੀਆਂ ਨੂੰ ਪੈਰਾਂ ਵਲ ਵਿਖਾਈ ਦੇਂਦਾ ਹੈ। ਅੱਲਾ ਵਿਚ ਈਮਾਨ ਰਖਣ ਵਾਲੇ ਪ੍ਰਾਣੀਆਂ ਦੀਆਂ ਰੂਹਾਂ ਨੂੰ ਅਜ਼ਰਾਈਲ ਅਤਰ ਫੁਲੇਲ 'ਚ ਭਿੱਜੇ ਚਿੱਟੇ ਰੇਸ਼ਮੀ ਕਪੜੇ ਵਿਚ ਵਲ੍ਹੇਟ ਕੇ ਬਹਿਸ਼ਤ ਵਿਚ ਲੈ ਜਾਂਦਾ ਹੈ, ਪਰ ਕਾਫ਼ਰਾਂ ਦੀਆਂ ਰੂਹਾਂ ਨੂੰ ਚੀਥੜਿਆਂ ਵਿਚ ਲਪੇਟ ਕੇ, ਉਹ ਦੋਜ਼ਖ਼ ਵਿਚ ਜਾ ਸੁਟਦਾ ਹੈ।

ਇਕ ਰਵਾਇਤ ਅਨੁਸਾਰ ਆਕਾਸ਼ ਵਿਚ ਇਕ ਬ੍ਰਿਛ ਹੈ ਜਿਸ ਉਤੇ ਉਤਨੇ ਹੀ ਪੱਤੇ ਹਨ ਜਿਤਨੇ ਸੰਸਾਰ ਵਿਚ ਜੀਵ। ਹਰ ਪੱਤੇ ਉਤੇ ਪ੍ਰਾਣੀ ਦਾ ਨਾਂ ਲਿਖਿਆ ਹੋਇਆ ਹੈ। ਜਦੋਂ ਕਿਸੇ ਪ੍ਰਾਣੀ ਦੀ ਮੌਤ ਹੁੰਦੀ ਹੈ ਤਾਂ ਚਾਲ੍ਹੀ ਦਿਨ ਪਹਿਲਾਂ ਹੀ ਉਸ ਦਾ ਪੱਤਾ ਬ੍ਰਿਛ ਤੋਂ ਹੇਠਾਂ ਡਿਗ ਪੈਂਦਾ ਹੈ। ਜਿਸ ਸ਼ਖ਼ਸ ਦਾ ਪੱਤਾ ਡਿਗ ਪਏ, ਉਸ ਦੀ ਜਿੰਦ ਅਜ਼ਰਾਈਲ ਚਾਲ੍ਹੀ ਦਿਨਾਂ ਬਾਅਦ ਕਢ ਲੈਂਦਾ ਹੈ।

ਫ਼ਰੀਦ ਦੇ ਸਲੋਕਾਂ ਤੇ ਆਦਿ ਗ੍ਰੰਥ ਵਿਚ ਕਈ ਥਾਈਂ ਅਜ਼ਰਾਈਲ ਵਲ ਸੰਕੇਤ ਮਿਲਦੇ ਹਨ : "ਅਜ਼ਰਾਈਲੁ ਫਰੇਸਤਾ ਤਿਲੁ ਪੀੜੇ ਘਾਣੀ।" ਗਉੜੀ ਵਾਰ ੧ ਮਹਲਾ ੫।

ਹਿੰਦੂ ਪੁਰਾਣ ਕਥਾਵਾਂ ਦੇ ਯਮ ਦਾ ਸੁਭਾਵ ਤੇ ਕਰਤੱਵ ਅਜ਼ਰਾਈਲ ਵਾਲਾ ਹੀ ਹੈ।

(ਅ-204) **ਅੰਜਲੀ** :

ਪਾਣੀ ਦੀ ਚੁਲੀ ਜੋ ਪਿਤਰਾਂ ਤੇ ਦੇਵੀ ਦੇਵਤਿਆਂ ਨਮਿਤ ਅਰਪਣ ਕੀਤਾ ਜਾਵੇ। ਹਿੰਦੂਆਂ ਵਿਚ, ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਮੁਰਦੇ ਦੇ ਦਾਹ ਮਗਰੋਂ ਪਾਣੀ ਵਿਚ ਤਿਲ ਮਿਲਾ ਕੇ ਚੁਲੀਆਂ ਦੇਣ ਦੀ ਰੀਤ ਹੈ, ਜਿਸ ਨੂੰ ਤਿਲ-ਅੰਜਲੀ ਅਥਵਾ ਤਿਲਾਂਜਲੀ ਕਹਿੰਦੇ ਹਨ। ਧਾਰਨਾ ਹੈ ਕਿ ਇਹ ਪਾਣੀ ਮਰੇ ਪ੍ਰਾਣੀ ਨੂੰ ਅਗਲੇ ਲੋਕ ਵਿਚ ਪ੍ਰਾਪਤ ਹੁੰਦਾ ਹੈ।

ਆਦਿ ਗ੍ਰੰਥ ਵਿਚ 'ਅੰਜਲੀ' ਸਿਰਲੇਖ ਹੇਠ ਦੋ ਸ਼ਬਦ ਮਾਰੂ ਰਾਗ ਵਿਚ ਮਿਲਦੇ ਹਨ, ਜਿਸ ਵਿਚ ਪਿਤਰਾਂ ਨਾਲ ਸੰਬੰਧਿਤ ਰੀਤਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਦਸਿਆ ਹੈ ਕਿ ਅਗਲੇ ਲੋਕ ਵਿਚ 'ਵੇਦੋ ਨ ਵਾਈ, ਭੈਣੋ ਨ ਭਾਈ, ਏਕੋ ਸਹਾਈ ਰਾਮ ਹੈ।'

ਦੋਹਾਂ ਹੱਥਾਂ ਨੂੰ ਜੋੜ ਕੇ ਪ੍ਰਣਾਮ ਕਰਨ ਦੀ ਕਿਰਿਆ ਨੂੰ ਵੀ ਅੰਜਲੀ ਕਹਿੰਦੇ ਹਨ।

(ਅ-205) **ਅੰਜਲੀ ਪ੍ਰਨਾਮ** :

ਹਿੰਦੂਆਂ ਵਿਚ ਪ੍ਰਚਲਤ ਪ੍ਰਨਾਮ ਦੀ ਇਕ ਵਿਧੀ; ਦੋਹਾਂ ਹੱਥਾਂ ਨੂੰ ਜੋੜ ਕੇ, ਲੰਮੀ ਸ਼ਕਲ ਦੀ ਬਣੀ ਬੁਕ ਨੂੰ ਅੰਜਲੀ ਕਹਿੰਦੇ ਹਨ। ਹੱਥਾਂ ਦੀ ਅੰਜਲੀ ਬਣਾ ਕੇ ਮੱਥੇ ਵਲ ਲਿਜਾਣ ਤੇ ਸਿਰ ਝੁਕਾਣ ਦੀ ਕਿਰਿਆ ਨੂੰ 'ਅੰਜਲੀ ਪ੍ਰਨਾਮ' ਕਿਹਾ ਜਾਂਦਾ ਹੈ। ਸਿੱਖਾਂ ਵਿਚ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਕਰਨ ਦੀ ਵਿਧੀ ਇਸੇ 'ਅੰਜਲੀ ਪ੍ਰਨਾਮ' ਦਾ ਸੋਧਿਆ ਹੋਇਆ ਰੂਪ ਹੈ।

(ਅ-206) **ਅਜਵੈਣੀ** :

ਗੁਜਰਾਤ ਦੇ ਲੁਬਾਣਿਆਂ ਵਿਚ ਪ੍ਰਚਲਤ ਇਕ ਰੀਤ; ਲੁਬਾਣੇ ਬੱਚੇ ਦੇ ਜਨਮ ਉਤੇ ਕਿਸੇ ਪਿੱਤਲ ਦੇ ਭਾਂਡੇ ਵਿਚ ਅਜਵੈਣ ਉਬਾਲ ਕੇ ਤੇ ਬੱਚੇ ਦੇ ਸਿਰ ਤੋਂ ਵਾਰ ਕੇ ਘਰੋਂ ਬਾਹਰ ਡੋਹਲ ਦੇਂਦੇ ਹਨ। ਨਿਸਚਾ ਹੈ ਕਿ ਇਸ ਤਰ੍ਹਾਂ ਬੱਚੇ ਦੀ ਸਿਹਤ ਨਰੋਈ ਰਹਿੰਦੀ ਹੈ ਅਤੇ ਉਸ ਨੂੰ ਬਦ-ਨਜ਼ਰ ਨਹੀਂ ਲੱਗਦੀ। (ਵੇਖੋ : ਲੁਬਾਣੇ)

(ਅ-207) **ਅੰਜੜੀ** :

(1) ਵਿਆਹ ਨਾਲ ਸੰਬੰਧਿਤ ਇਕ ਗੀਤ ਜੋ ਲਾਵਾਂ ਵੇਲੇ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਲਾੜ੍ਹੇ ਤੇ ਲਾੜ੍ਹੀ ਦੇ ਬਸਤਰਾਂ ਨੂੰ ਗੰਢ ਮਾਰਦੇ ਹਨ। ਪੰਜਾਬ ਵਿਚ ਇਸ ਰੀਤ ਨੂੰ 'ਗੰਢ ਚਿਤਰਾਵਾ' ਕਹਿੰਦੇ ਹਨ, ਪਰ ਪਹਾੜੀ ਖੇਤਰ ਤੇ ਚੰਬੇ ਵਿਚ ਇਸ ਨੂੰ 'ਅੰਜਨੀ' ਜਾਂ 'ਅੰਜੜੀ' ਦਾ ਨਾਂ ਦਿਤਾ ਗਿਆ ਹੈ।

(2) ਮਾਝੇ ਵਿਚ ਜਦੋਂ ਮੁੰਡਾ ਮੁਕਲਾਵਾ ਲੈਣ ਜਾਂਦਾ ਹੈ ਤਾਂ ਅਗਲੇ ਦਿਨ ਪਾਂਧੇ ਨੂੰ ਬੁਲਾ ਕੇ ਕੁਝ ਸ਼ਗਨ ਕੀਤੇ ਜਾਂਦੇ ਹਨ ਜੋ 'ਅੰਜੜੀ' ਦੇ ਨਾਂ ਨਾਲ ਪ੍ਰਸਿਧ ਹਨ।

(ਅ-208) **ਅਜਾ ਇਕਾਦਸ਼ੀ** :

ਭਾਦਰੋਂ ਦੀ ਕ੍ਰਿਸ਼ਨਾ ਪੱਖ ਦੀ ਇਕਾਦਸ਼ੀ; ਧਾਰਨਾ ਹੈ ਕਿ ਇਸ ਇਕਾਦਸ਼ੀ ਨੂੰ ਸ਼ਰਧਾ ਨਾਲ ਵਿਧੀ ਪੂਰਵਕ ਵਰਤ ਰਖਣ ਨਾਲ, ਪ੍ਰਾਣੀ ਦਾ ਜਨਮ ਮਰਨ ਤੋਂ ਛੁਟਕਾਰਾ ਹੁੰਦਾ ਹੈ। ਅਜਾ ਇਕਾਦਸ਼ੀ ਦੇ ਅਰਥ ਹਨ — ਜੂਨਾਂ ਤੋਂ ਮੁਕਤ ਕਰਵਾਉਣ ਵਾਲੀ ਇਕਾਦਸ਼ੀ।

ਇਸ ਇਕਾਦਸ਼ੀ ਦੀ ਮਹੱਤਤਾ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ — ਰਾਜਾ ਹਰੀਸ਼ ਚੰਦਰ ਆਪਣੇ ਬਚਨਾਂ ਦੀ ਪਾਲਨਾ ਦੀ ਖ਼ਾਤਰ ਜਦੋਂ ਸਾਰਾ ਰਾਜ ਭਾਗ ਦਾਨ ਵਿਚ ਦੇ ਬੈਠਾ ਅਤੇ ਉਹ ਖ਼ੁਦ ਆਪਣੀ ਪਤਨੀ ਤਾਰਾਮਤੀ ਸਮੇਤ ਵਿਕ ਗਿਆ ਤਾਂ ਉਹ ਸੰਕਟਮਈ ਅਵਸਥਾ ਵਿਚ ਗੌਤਮ ਰਿਸ਼ੀ ਨੂੰ ਮਿਲਿਆ। ਰਾਜੇ ਦੀ ਦੁਖਦਾਈ ਅਵਸਥਾ ਵੇਖ ਕੇ ਗੌਤਮ ਰਿਸ਼ੀ ਨੇ ਉਸ ਨੂੰ ਅਜਾ ਇਕਾਦਸ਼ੀ ਦਾ ਵਰਤ, ਵਿਧੀ ਪੂਰਵਕ ਰਖਣ ਦਾ ਆਦੇਸ਼ ਦਿਤਾ। ਫਲਸਰੂਪ ਹਰੀਸ਼ ਚੰਦਰ ਨੂੰ ਨਾ ਸਿਰਫ਼ ਉਸ ਦਾ ਰਾਜ ਭਾਗ ਅਤੇ ਵਿਛੜੀ ਪਤਨੀ ਆਦਿ ਮੁੜ ਪ੍ਰਾਪਤ ਹੋ ਗਏ ਸਗੋਂ ਉਸਨੂੰ ਜਨਮ ਮਰਨ ਤੋਂ ਵੀ ਛੁਟਕਾਰਾ ਮਿਲ ਗਿਆ। (ਵੇਖੋ : ਹਰੀਸ਼ ਚੰਦਰ)

(ਅ-209) **ਅਜਾਇਬ-ਉਲ-ਮਲੂਕ** :

ਸੈਫ਼ੁਲ ਮਲੂਕ ਦੇ ਕਿੱਸੇ ਦਾ ਇਕ ਪ੍ਰਧਾਨ

ਧਾਤੂ ਮਲਕਾ ਖ਼ਾਤੂੰ ਦਾ ਪਿਉ, ਜੋ ਸਰਾਂਦੀਪ ਦਾ ਬਾਦਸ਼ਾਹ ਸੀ।

(ਅ-210) **ਅਜ਼ਾਜ਼ੀਲ** :

ਸ਼ੈਤਾਨ ਦਾ ਇਕ ਨਾਂ; ਸ਼ੈਤਾਨ ਪਹਿਲਾਂ ਫ਼ਰਿਸ਼ਤਿਆਂ ਵਿਚੋਂ ਹੀ ਇਕ ਸੀ ਜਿਸ ਦਾ ਨਾਂ ਅਜ਼ਾਜ਼ੀਲ ਸੀ। ਅੱਲਾ ਦੇ ਆਦੇਸ਼ ਦੀ ਪਰਵਾਹ ਨਾ ਕਰਦਿਆਂ ਅਜ਼ਾਜ਼ੀਲ ਨੇ ਆਦਮ ਨੂੰ ਸਿਜਦਾ ਕਰਨ ਤੋਂ ਇਨਕਾਰ ਕਰ ਦਿਤਾ ਜਿਸ ਕਰ ਕੇ ਅੱਲਾ ਨੇ ਉਸ ਨੂੰ ਬਹਿਸ਼ਤ ਵਿਚੋਂ ਕਢ ਦਿਤਾ। (ਵੇਖੋ : ਸ਼ੈਤਾਨ)

(ਅ-211) **ਅਜਾਤ ਸ਼ਤਰੂ** :

(1) ਕਾਂਸ਼ੀ ਦਾ ਇਕ ਰਾਜਾ ਜਿਸ ਦਾ ਜ਼ਿਕਰ ਉਪਨਿਸ਼ਦਾਂ ਵਿਚ ਮਿਲਦਾ ਹੈ। ਕੌਸ਼ੀਤਕੀ ਉਪਨਿਸ਼ਦ ਅਨੁਸਾਰ ਇਹ ਰਾਜਾ ਭਾਵੇਂ ਕਸ਼ਤਰੀ ਸੀ, ਪਰ ਗਾਰਗਯ ਬਾਲਾਕੀ ਬ੍ਰਾਹਮਣਾਂ ਨੂੰ ਆਤਮ ਗਿਆਨ ਦਿਤਾ ਕਰਦਾ ਸੀ। ਇਹ ਰਾਜਾ ਬੜਾ ਵਿਦਵਾਨ ਤੇ ਬ੍ਰਹਮ ਗਿਆਨੀ ਸੀ।

(2) ਸ਼ਿਵ ਦੀ ਇਕ ਉਪਾਧੀ; ਅਜਾਤ ਸ਼ਤਰੂ ਦਾ ਸ਼ਾਬਦਿਕ ਅਰਥ ਹੈ — ਜਿਸ ਦਾ ਕੋਈ ਵੈਰੀ ਨਹੀਂ।

(3) ਬਿੰਬੀਸਾਰ ਦਾ ਪੁੱਤਰ ਜਿਸ ਨੇ ਆਪਣੇ ਪਿਤਾ ਦਾ ਬੱਧ ਕੀਤਾ।

(ਅ-212) **ਅਜਾਤ ਪੰਥੀ** :

ਉਦਾਸੀ ਸਾਧੂਆਂ ਦਾ ਇਕ ਪੰਥ; ਇਸ ਸੰਪ੍ਰਦਾਇ ਦਾ ਮੋਢੀ ਸੁਰਜਨ ਦਾਸ ਸੀ ਜਿਸ ਦੀ ਗੱਦੀ ਅਜਨੇਵਾਲ (ਜ਼ਿਲਾ ਗੁਜਰਾਂਵਾਲਾ) ਵਿਚ ਸੀ। ਇਸ ਨੇ ਇਕ ਗ੍ਰੰਥ 'ਅਜਾਤ ਸਾਗਰ' ਰਚਿਆ। ਇਸ ਸੰਪ੍ਰਦਾਇ ਦੇ ਲੋਕ ਜਾਤ ਪਾਤ ਤੇ ਭੇਖ ਦੇ ਬੰਧਨਾਂ ਤੋਂ ਮੁਕਤ ਸਨ ਜਿਸ ਕਰ ਕੇ ਇਨ੍ਹਾਂ ਦਾ ਨਾਂ 'ਅਜਾਤ ਪੰਥੀ' ਪ੍ਰਚਲਤ ਹੋ ਗਿਆ।

(ਅ-213) **ਅਜ਼ਾਨ** :

ਇਕ ਉੱਚੀ ਲੰਮੀ ਧੁਨੀ, ਜੋ ਮੁੱਲਾਂ ਮਸਜਿਦ ਦੇ ਮੁਨਾਰੇ ਉਤੇ ਖੜਾ ਹੋ ਕੇ, ਮੁਸਲਮਾਨਾਂ ਨੂੰ ਨਿਮਾਜ਼ ਪੜ੍ਹਨ ਦਾ ਸੱਦਾ ਦੇਣ ਲਈ ਅਲਾਪਦਾ ਹੈ। ਇਹ ਧੁਨੀ 'ਅੱਲਾਹ ਅਕਬਰ' ਨੂੰ ਲਮਕਾਵੀਂ ਤੇ ਠਹਿਰਵੀਂ ਸੁਰ ਵਿਚ ਅਲਾਪ ਕੇ ਕੱਢੀ ਜਾਂਦੀ ਹੈ ਤੇ ਮੁਸਲਮਾਨ ਇਸ ਨੂੰ ਬੜੀ ਪਵਿੱਤਰ ਮੰਨਦੇ ਹਨ। ਅਜ਼ਾਨ ਨੂੰ ਸੁਣਦੇ ਸਾਰ ਹੀ ਨਿਮਾਜ਼ੀ ਮਸਜਿਦ ਵਿਚ ਇਕੱਠੇ ਹੋ ਜਾਂਦੇ ਹਨ। ਇਸ ਧੁਨੀ ਨੂੰ 'ਬਾਂਗ' ਵੀ ਕਹਿੰਦੇ ਹਨ। ਅਜ਼ਾਨ ਮੱਕੇ ਵਲ ਮੂੰਹ ਕਰ ਕੇ ਅਤੇ ਦੋਹਾਂ ਕੰਨਾਂ ਵਿਚ ਉਂਗਲੀਆਂ ਦੇ ਕੇ ਅਲਾਪੀ ਜਾਂਦੀ ਹੈ। ਅਜ਼ਾਨ ਦਾ ਰਿਵਾਜ ਹਜ਼ਰਤ ਮੁਹੰਮਦ ਸਾਹਿਬ ਨੇ ਪਾਇਆ। ਅਜ਼ਾਨ ਦਾ ਪੂਰਾ ਪਾਠ ਇਉਂ ਹੈ : "ਅਲਾਹ ਅਕਬਰ, ਅਲਾਹ ਅਕਬਰ, ਅਲਾਹ ਅਕਬਰ, ਅਲਾਹ ਅਕਬਰ, ਅਸ਼ਹਿਦਾਨ ਲਾ ਇਲਾ ਇਲ ਅਲਾਹ, ਅਸ਼ਹਿਦਾਨ ਲਾ ਇਲਾ ਇਲ ਅਲਾਹ; ਅਸ਼ਹਿਦਾਨ ਮੁਹੰਮਦ ਅਰਸੂਲ ਅਲਾਹ, ਅਸ਼ਹਿਦਾਨ ਮੁਹੰਮਦ ਅਰਸੂਲ ਅਲਾਹ, ਹਈ ਅਲੀ ਅਲ..." ਜਿਸ ਦਾ ਭਾਵ ਹੈ : ਅੱਲਾ ਸਭ ਤੋਂ ਵੱਡਾ ਹੈ। ਮੈਂ ਗਵਾਹੀ ਭਰਦਾ ਹਾਂ ਕਿ ਅੱਲਾ ਤੋਂ ਬਗ਼ੈਰ ਹੋਰ ਕੋਈ ਪੂਜਯ ਨਹੀਂ। ਮੈਂ ਗਵਾਹੀ ਦੇਂਦਾ ਹਾਂ ਕਿ ਮੁਹੰਮਦ ਹੀ ਅੱਲਾ ਦਾ ਪੈਗ਼ੰਬਰ ਹੈ। ਆਓ ਨਮਾਜ਼ ਵਲ, ਆਓ ਮੁਕਤੀ ਵਲ, ਅੱਲਾ ਸਭ ਤੋਂ ਵੱਡਾ ਹੈ, ਅੱਲਾ ਤੋਂ ਬਗ਼ੈਰ ਹੋਰ ਕੋਈ ਪੂਜਯ ਨਹੀਂ।

ਅਜ਼ਾਨ ਨਾਪਾਕ, ਨਸ਼ਈ ਤੇ ਇਸਤ੍ਰੀ ਨੂੰ ਦੇਣ ਦਾ ਅਧਿਕਾਰ ਨਹੀਂ।

ਮੁਸਲਮਾਨ ਪਰਿਵਾਰ ਵਿਚ ਜਦੋਂ ਬੱਚਾ ਜੰਮਦਾ ਹੈ ਤਾਂ ਸਭ ਤੋਂ ਪਹਿਲਾਂ ਮੁੱਲਾਂ ਨੂੰ ਬੁਲਾ ਕੇ ਬੱਚੇ ਦੇ ਕੰਨ ਵਿਚ ਬਾਂਗ ਦਿਤੀ ਜਾਂਦੀ ਹੈ। ਜੇ ਮੁੱਲਾਂ ਨਾ ਪਹੁੰਚ ਸਕੇ ਤਾਂ ਕੋਈ ਬਜ਼ੁਰਗ ਬੱਚੇ ਦੇ ਕੰਨ ਵਿਚ ਅਜ਼ਾਨ ਦੇ ਦੇਂਦਾ ਹੈ। ਅਜ਼ਾਨ ਬਗ਼ੈਰ ਬੱਚਾ ਪਵਿਤ੍ਰ ਨਹੀਂ ਸਮਝਿਆ ਜਾਂਦਾ। ਅਜ਼ਾਨ ਮਗਰੋਂ ਹੀ ਬੱਚੇ ਦੇ ਮੂੰਹ ਵਿਚ ਮਾਖਿਓਂ ਚੋਇਆ ਜਾਂਦਾ ਹੈ। ਕਈ ਥਾਈਂ ਖ਼ਾਸ ਤੌਰ ਤੇ ਅੰਬਾਲੇ ਵਿਚ ਮੁਰਦੇ ਨੂੰ ਕਬਰ ਵਿਚ ਲਿਟਾਣ ਮਗਰੋਂ ਅਜ਼ਾਨ ਦੇਣ ਦੀ ਪ੍ਰਥਾ ਹੈ।

ਗਲਾਸਰੀ. (1,764) ਅਨੁਸਾਰ ਦੱਖਣ ਪੂਰਬੀ ਪੰਜਾਬ ਵਿਚ ਅਜ਼ਾਨ ਮੱਧਮ ਸੁਰ ਵਿਚ, ਬਹਾਵਲਪੁਰ ਵਿਚ ਉੱਚੀ ਸੁਰ ਵਿਚ ਅਤੇ

ਕਈ ਥਾਈਂ ਸਾਧਾਰਨ ਸੁਰ ਵਿਚ ਦਿਤੀ ਜਾਂਦੀ ਹੈ।

(ਅ-214) **ਅਜਾਮਲ** :

ਕਨੌਜ ਦਾ ਇਕ ਵਿਲਾਸੀ ਬ੍ਰਾਹਮਣ ਜਿਸ ਨੇ ਇਕ ਸ਼ੂਦਰ ਵੇਸਵਾ ਨੂੰ ਰਖੇਲੀ ਬਣਾ ਕੇ ਘਰ ਵਿਚ ਰਖਿਆ ਹੋਇਆ ਸੀ। ਵੇਸਵਾ ਦੀ ਖ਼ੁਸ਼ੀ ਲਈ ਅਜਾਮਲ ਨੇ ਆਪਣੇ ਬੁਢੇ ਮਾਂ ਪਿਉ ਅਤੇ ਸੁਸ਼ੀਲ ਪਤਨੀ ਨੂੰ ਘਰੋਂ ਕੱਢ ਦਿਤਾ ਸੀ। ਵੇਸਵਾ ਦੇ ਉਦਰ ਤੋਂ ਅਜਾਮਲ ਦੇ ਸਤ ਪੁੱਤਰ ਜੰਮੇਂ। ਇਕ ਮਹਾਤਮਾ ਦੀ ਪ੍ਰੇਰਣਾ ਉਤੇ ਅਜਾਮਲ ਨੇ ਸਭ ਤੋਂ ਛੋਟੇ ਪੁੱਤਰ ਦਾ ਨਾਂ ਨਾਰਾਇਣ ਰਖਿਆ। ਨਾਰਾਇਣ ਨਾਲ ਅਜਾਮਲ ਦਾ ਬੜਾ ਸਨੇਹ ਸੀ। ਅੰਤ ਕਾਲ ਵੇਲੇ ਜਦੋਂ ਜਮਦੂਤ ਅਜਾਮਲ ਦੇ ਪ੍ਰਾਣ ਲੈਣ ਆਏ ਤਾਂ ਅਜਾਮਲ ਨੇ ਘਬਰਾ ਕੇ ਆਪਣੇ ਛੋਟੇ ਪੁੱਤਰ ਨਾਰਾਇਣ ਨੂੰ ਆਵਾਜ਼ ਦਿਤੀ। ਨਾਰਾਇਣ ਸ਼ਬਦ ਵਿਸ਼ਨੂੰ ਦਾ ਵੀ ਵਾਚਕ ਹੈ, ਸੋ ਵਿਸ਼ਨੂੰ ਨੇ ਆਪਣੇ ਭਗਤ ਦੀ ਰੱਖਿਆ ਲਈ ਆਪਣੇ ਦੂਤ ਭੇਜੇ ਜਿਨ੍ਹਾਂ ਨੇ ਵੇਖਿਆ ਕਿ ਜਮਦੂਤ ਅਜਾਮਲ ਨੂੰ ਸੰਗਲਾਂ ਨਾਲ ਬੰਨ੍ਹ ਕੇ ਲਿਜਾ ਰਹੇ ਹਨ। ਪੁੱਛਣ ਉਤੇ ਜਮਦੂਤਾਂ ਨੇ ਦਸਿਆ ਕਿ ਅਜਾਮਲ ਨੇ ਸਾਰੀ ਉਮਰ ਘੋਰ ਪਾਪ ਕੀਤੇ ਹਨ ਅਤੇ ਵਿਲਾਸੀ ਜੀਵਨ ਬਤੀਤ ਕੀਤਾ ਹੈ, ਇਸ ਲਈ ਅਜਾਮਲ ਨੂੰ ਨਰਕਾਂ 'ਚ ਲਿਜਾਇਆ ਜਾ ਰਿਹਾ ਹੈ। ਪਰ ਵਿਸ਼ਨੂੰ ਦੇ ਦੂਤਾਂ ਨੇ ਕਿਹਾ ਕਿ ਅਜਾਮਲ ਨੇ ਅੰਤ ਵੇਲੇ ਨਾਰਾਇਣ ਦਾ ਸਿਮਰਨ ਕਰ ਕੇ ਸਭ ਪਾਪ ਧੋ ਲਏ ਹਨ। ਕੁਝ ਚਿਰ ਦੋਹਾਂ ਧਿਰਾਂ ਵਿਚ ਬਹਿਸ ਹੁੰਦੀ ਰਹੀ। ਅਖੀਰ ਜਮਦੂਤ ਜਮ ਦਾ ਆਦੇਸ਼ ਲੈਣ ਵਾਪਸ ਜਮਪੁਰੀ ਗਏ। ਜਮ ਨੇ ਕਿਹਾ ਕਿ ਅਜਾਮਲ ਨੇ ਮਰਨ ਵੇਲੇ ਵਿਸ਼ਨੂੰ ਦਾ ਨਾਂ ਜਪਿਆ ਹੈ, ਇਸ ਲਈ ਉਸ ਉਤੇ ਜਮ ਦਾ ਅਧਿਕਾਰ ਨਹੀਂ ਰਿਹਾ।

ਅਜਾਮਲ ਨੇ ਇਹ ਸਾਰੀ ਗੱਲਬਾਤ ਸੁਣ ਲਈ ਸੀ। ਜਮਦੂਤਾਂ ਦੇ ਵਾਪਸ ਚਲੇ ਜਾਣ ਮਗਰੋਂ ਉਹ ਅਰੋਗ ਹੋ ਗਿਆ ਅਤੇ ਅੱਗੇ ਤੋਂ ਉਸ ਨੇ ਪਸਚਾਤਾਪ ਵਜੋਂ ਸੰਨਿਆਸ ਲੈ ਲਿਆ ਅਤੇ ਬਾਕੀ ਉਮਰ ਜਪ ਤਪ ਵਿਚ ਗੁਜ਼ਾਰੀ।

ਅਜਾਮਲ ਦੀ ਕਥਾ ਭਾਗਵਤ ਦੇ ਛੇਵੇਂ ਸਕੰਧ ਵਿਚ ਵੇਰਵੇ ਨਾਲ ਮਿਲਦੀ ਹੈ। ਗੁਰਮਤਿ ਸਾਹਿੱਤ ਵਿਚ ਅਜਾਮਲ ਦੀ ਕਥਾ ਵਲ ਕਈ ਥਾਈਂ ਸੰਕੇਤ ਮਿਲਦੇ ਹਨ। ਭਾਈ ਗੁਰਦਾਸ ਨੇ ਦਸਵੀਂ ਵਾਰ (੨੦ਵੀਂ ਪਉੜੀ) ਵਿਚ ਅਜਾਮਲ ਦੀ ਕਥਾ ਦਾ ਵਰਨਣ ਕੀਤਾ ਹੈ — "ਅੰਤਕਾਲ ਜਮਦੂਤ ਵੇਖ ਪੁਤ ਨਾਰਾਇਣ ਬੋਲੈ ਛਹਿ, ਜਮ ਗਣ ਮਾਰੇ ਹਰਿ ਜਨਾ ਗਇਆ ਸੁਰਗ ਜਮ ਡੰਡ ਨ ਸਕਿਆ।"

(ਅ-215) **ਅਜੀਗਰੱਤ** :

ਇਕ ਰਿਸ਼ੀ ਜੋ ਸੁਨਹਸ਼ੇਫ ਦਾ ਪਿਤਾ ਸੀ। ਅਜੀਗਰੱਤ ਨੇ ਆਪਣੇ ਲੜਕੇ ਸੁਨਹਸ਼ੇਫ ਨੂੰ ਯੱਗ ਦੀ ਬਲੀ ਲਈ ਵੇਚ ਦਿਤਾ ਸੀ। ਇਹ ਕਥਾ ਬ੍ਰਾਹਮਣ ਗ੍ਰੰਥਾਂ ਅਤੇ ਰਾਮਾਇਣ ਵਿਚ ਵੇਰਵੇ ਨਾਲ ਮਿਲਦੀ ਹੈ। ਸੁਨਹਸ਼ੇਫ ਨੇ ਵਿਸ਼ਵਾਮਿਤ੍ਰ ਵਲੋਂ ਦਸੇ ਕੁਝ ਮੰਤ੍ਰ ਸੁਣਾ ਕੇ ਯੱਗ ਵਿਚ ਉਪਸਥਿਤ ਇੰਦਰ ਅਤੇ ਵਰੁਣ ਦੇਵਤੇ ਨੂੰ ਪ੍ਰਸੰਨ ਕਰ ਲਿਆ, ਫਲਸਰੂਪ ਉਸ ਦਾ ਆਤਮ ਸਮਰਪਣ ਬਲੀ ਬਗ਼ੈਰ ਹੀ ਕਬੂਲ ਹੋ ਗਿਆ। (ਵੇਖੋ : ਸੁਨੇਹਸ਼ੇਫ)

(ਅ-216) **ਅਜ਼ੀਜ਼** :

ਮਿਸਰ ਦਾ ਬਾਦਸ਼ਾਹ ਜੋ ਜ਼ੁਲੇਖਾਂ ਦਾ ਪਤੀ ਸੀ। ਜ਼ੁਲੇਖਾਂ ਨੇ ਸੁਪਨੇ ਵਿਚ ਯੂਸਫ਼ ਨੂੰ ਵੇਖਿਆ ਅਤੇ ਉਸ ਨਾਲ ਮੁਹੱਬਤ ਕਰਨ ਲੱਗੀ। ਸੁਫਨੇ ਵਿਚ ਹੀ ਜ਼ੁਲੇਖਾਂ ਨੇ ਜਦੋਂ ਯੂਸਫ਼ ਤੋਂ ਉਸ ਦਾ ਪਤਾ ਠਕਾਣਾ ਪੁਛਿਆ ਤਾਂ ਯੂਸਫ਼ ਨੇ ਝੂਠ ਬੋਲਦਿਆਂ ਕਿਹਾ ਕਿ ਉਹ ਮਿਸਰ ਦਾ ਬਾਦਸ਼ਾਹ ਅਜ਼ੀਜ਼ ਹੈ। ਜ਼ੁਲੇਖਾਂ ਨੇ ਅਜ਼ੀਜ਼ ਨਾਲ ਵਿਆਹ ਕਰਵਾ ਲਿਆ। ਪਰ ਵਿਆਹ ਮਗਰੋਂ ਉਸ ਨੂੰ ਪਤਾ ਲੱਗਾ ਕਿ ਜਿਸ ਨੂੰ ਉਹ ਸੁਪਨੇ ਵਿਚ ਵੇਖ ਕੇ ਮੁਹੱਬਤ ਕਰਨ ਲੱਗੀ ਸੀ, ਉਹ ਸ਼ਖ਼ਸ ਅਜ਼ੀਜ਼ ਨਹੀਂ। ਜ਼ੁਲੇਖਾਂ ਦੇ ਸੁਫਨੇ ਵਿਚ ਯੂਸਫ਼ ਫਿਰ ਪ੍ਰਗਟ ਹੋ ਕੇ ਕਹਿਣ ਲੱਗਾ ਕਿ ਉਹ ਉਸ ਨੂੰ ਅਜ਼ੀਜ਼ ਦੇ ਘਰ ਹੀ ਮਿਲੇਗਾ। ਰਵਾਇਤ ਹੈ ਕਿ ਅਜ਼ੀਜ਼ ਜਦੋਂ ਜ਼ੁਲੇਖਾਂ ਦੀ ਸੇਜੇ ਚੜ੍ਹਨ ਲੱਗਾ ਤਾਂ ਉਹ ਖੁਸਰਾ ਹੋ ਗਿਆ। ਇਕ ਹੋਰ ਰਵਾਇਤ

ਅਨੁਸਾਰ ਜਦੋਂ ਅਜ਼ੀਜ਼ ਜ਼ੁਲੇਖਾਂ ਦੀ ਸੇਜ ਉਤੇ ਚੜ੍ਹਨ ਲੱਗਦਾ ਤਾਂ ਉਸ ਦੀ ਨਜ਼ਰ ਚਲੀ ਜਾਂਦੀ। (ਵੇਖੋ : ਜ਼ੁਲੇਖਾਂ)

(ਅ-217) **ਅੱਜੂ** :

ਹੀਰ ਦਾ ਸਹੁਰਾ ਤੇ ਸਦੇ ਦਾ ਪਿਉ ਜੋ ਖੇੜਿਆਂ ਦਾ ਸਰਦਾਰ ਸੀ ਅਤੇ ਰੰਗਪੁਰ ਵਿਚ ਰਹਿੰਦਾ ਸੀ। ਇਹ ਇਕ ਵੱਡਾ ਜ਼ਿਮੀਂਦਾਰ ਅਤੇ 'ਭੋਇੰ ਨਈਂ ਦਾ ਸਾਈਂ' ਸੀ। "ਅੱਜੂ ਨਾਉਂ ਸਰਦਾਰ ਤੋਂ ਪੁਤ ਸੈਦਾ ਜਿਸ ਨੇ ਹੱਕ ਰੰਝੇਟੇ ਦਾ ਖਸਿਆ ਈ।" — ਵਾਰਿਸ

(ਅ-218) **ਅਜੋਧਨ** :

ਜ਼ਿਲਾ ਮਿੰਟਗੁਮਰੀ ਦਾ ਇਕ ਨਗਰ, ਜਿਸ ਨੂੰ ਅੱਜ ਕਲ੍ਹ 'ਪਾਕ ਪਟਨ' ਕਹਿੰਦੇ ਹਨ। ਇਸ ਨਗਰ ਦੀ ਨੀਂਹ ਅਜੋਧਨ ਨਾਂ ਦੇ ਇਕ ਹਿੰਦੂ ਸੰਤ/ਰਾਜੇ ਨੇ ਰਖੀ। ਪਰ ਸੰਤ/ਰਾਜੇ ਦੀ ਜਨਮ-ਤਿੱਥ ਤੇ ਜੀਵਨ ਬਾਰੇ ਕੋਈ ਇਤਿਹਾਸਕ ਵੇਰਵਾ ਨਹੀਂ ਮਿਲਦਾ।

ਅਜੋਧਨ ਦਾ ਪ੍ਰਾਚੀਨ ਸ਼ਹਿਰ ਪੁਰਾਣੇ ਸਤਲੁਜ ਦੇ ਕੰਢੇ ਦਿਪਾਲਪੁਰ ਤੋਂ ਦੱਖਣ-ਪੱਛਮ ਵਲ 28 ਮੀਲ ਦੂਰ ਹੈ। ਸਿਕੰਦਰ ਦੇ ਸਮੇਂ ਇਹ ਸਾਰਾ ਖੇਤਰ ਸੁਦਰਾਕਸ ਜਾਂ ਸੁਰਾਕਸ ਦੇ ਨਾਂ ਨਾਲ ਪ੍ਰਸਿਧ ਸੀ ਤੇ ਇਸ ਵਿਚ ਅਜੋਧਨ ਤੇ ਦਿਪਾਲਪੁਰ ਦੋ ਮੁਖੀ ਨਗਰ ਸਨ। ਹੋ ਸਕਦਾ ਹੈ ਕਿ ਇਥੇ ਕਦੇ ਸੁਰਾ (ਸ਼ਰਾਬ) ਭਾਰੀ ਮਾਤਰਾ ਵਿਚ ਬਣਦੀ ਹੋਵੇ ਤੇ ਲੋਕਾਂ ਨੇ ਇਸ ਖੇਤਰ ਦਾ ਨਾਂ ਹੀ ਸੁਰਾ-ਦੇਸ ਰਖ ਦਿਤਾ ਹੋਵੇ।

ਕਈ ਸਦੀਆਂ ਤਕ ਅਜੋਧਨ ਸਤਲੁਜ ਦਰਿਆ ਦਾ ਮੁਖੀ ਪੱਤਣ ਰਿਹਾ। ਵਪਾਰਕ ਦ੍ਰਿਸ਼ਟੀ ਤੋਂ ਅਜੋਧਨ ਦੀ ਬੜੀ ਮਹੱਤਤਾ ਸੀ। ਇਥੇ ਪੱਛਮ ਤੋਂ ਦੋ ਸ਼ਾਹ ਰਾਹ — ਇਕ ਡੇਹਰਾ ਗ਼ਾਜ਼ੀ ਖ਼ਾਂ ਤੋਂ ਅਤੇ ਦੂਜਾ ਡੇਹਰਾ ਇਸਮਾਈਲ ਖ਼ਾਂ ਤੋਂ ਆ ਕੇ ਰਲਦੇ ਸਨ। ਪਹਿਲਾ ਮਾਰਗ ਸ਼ੋਰਕੋਟ ਤੇ ਹੜਪਾ ਤੋਂ ਹੁੰਦਾ ਹੋਇਆ ਇਥੇ ਆ ਮਿਲਦਾ ਸੀ ਅਤੇ ਦੂਜਾ ਮੁਲਤਾਨ ਤੋਂ ਹੁੰਦਾ ਹੋਇਆ। ਅਜੋਧਨ ਦੇ ਪੱਤਣ ਤੋਂ ਹੀ ਮਹਿਮੂਦ ਗ਼ਜ਼ਨਵੀ, ਤਿਮੂਰ ਆਦਿ ਬਦੇਸ਼ੀ ਧਾੜਵੀਆਂ ਤੇ ਇਤਿਹਾਸਕਾਰ ਇਬਨ ਬਤੋਤਾ ਨੇ ਸਤਲੁਜ ਦਰਿਆ ਨੂੰ ਪਾਰ ਕੀਤਾ ਸੀ।

ਅਜੋਧਨ ਦਾ ਪ੍ਰਸਿਧ ਕਿਲ੍ਹਾ 977-78 ਈ: ਵਿਚ ਸੁਬਕਤਗੀਨ ਦੇ ਕਬਜ਼ੇ ਹੇਠ ਸੀ। 1079-80 ਈ: ਵਿਚ ਇਸ ਕਿਲ੍ਹੇ ਉਤੇ ਇਬਰਾਹੀਮ ਗ਼ਜ਼ਨਵੀ ਦਾ ਕਬਜ਼ਾ ਹੋ ਗਿਆ। ਜਦੋਂ ਤਿਮੂਰ ਨੇ ਇਸ ਨਗਰ ਉਤੇ ਹੱਲਾ ਬੋਲਿਆ ਤਾਂ ਇਥੋਂ ਦੀ ਬਹੁਤੀ ਵਸੋਂ ਭਟਨੇਰ ਨਸ ਗਈ, ਪਰ ਜਿਹੜੇ ਲੋਕ ਪਿਛੇ ਰਹਿ ਗਏ ਉਨ੍ਹਾਂ ਨੂੰ, ਤਿਮੂਰ ਨੇ, ਫ਼ਰੀਦ-ਉਦ-ਦੀਨ ਸ਼ਕਰਗੰਜ ਦੀ ਗੱਦੀ ਦਾ ਸਤਿਕਾਰ ਕਰਦਿਆਂ, ਕੁਝ ਨਾ ਕਿਹਾ।

ਅਜੋਧਨ ਤੋਂ ਇਹ ਨਗਰ ਪਾਕ ਪਟਨ ਕਦੋਂ ਬਣਿਆ? ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਫ਼ਰੀਦ ਸ਼ਕਰਗੰਜ ਦੇ ਮੁਰੀਦ ਸ਼ਰਧਾ ਭਾਵਨਾ ਤੇ ਸਤਿਕਾਰ ਵਜੋਂ ਇਸ ਨਗਰ ਦੇ ਪੱਤਣ ਨੂੰ 'ਪਾਕ ਪਤਨ' ਕਿਹਾ ਕਰਦੇ ਸਨ। ਪਹਿਲਾਂ ਇਹ ਨਾਂ ਉਸ ਪੱਤਣ ਲਈ ਪ੍ਰਸਿਧ ਹੋਇਆ ਜੋ ਸਤਲੁਜ ਦੇ ਕੰਢੇ ਅਜੋਧਨ ਦੇ ਲਾਗੇ ਸੀ। ਹੌਲੇ ਹੌਲੇ ਇਹ ਨਾਂ ਇਤਨਾ ਪ੍ਰਚਲਤ ਹੋ ਗਿਆ ਕਿ ਅਜੋਧਨ ਦੇ ਨਗਰ ਨੂੰ ਹੀ 'ਪਾਕ ਪਤਨ' ਕਿਹਾ ਜਾਣ ਲੱਗਾ। ਫ਼ਰੀਦ ਸ਼ਕਰਗੰਜ ਨੇ ਆਪਣੇ ਜੀਵਨ ਦੇ ਅੰਤਲੇ ਦਿਨ ਇਥੇ ਹੀ ਗੁਜ਼ਾਰੇ ਸਨ। ਇਕ ਹੋਰ ਰਵਾਇਤ ਅਨੁਸਾਰ ਲਗਾਤਾਰ ਰੋਜ਼ੇ ਰਖਣ ਨਾਲ ਫ਼ਰੀਦ ਜੀ ਦਾ ਸਰੀਰ ਭਾਵੇਂ ਬੜਾ ਦੁਬਲਾ ਪਤਲਾ ਹੋ ਗਿਆ, ਪਰ ਆਤਮਾ ਬੜੀ ਬਲਵਾਨ ਹੋ ਚੁਕੀ ਸੀ। ਫ਼ਰੀਦ ਜੀ ਭੁਖ ਮਿਟਾਣ ਲਈ ਜਿਸ ਮਿੱਟੀ ਦੇ ਡਲੇ ਜਾਂ ਪੱਥਰ ਰੋੜੇ ਨੂੰ ਮੂੰਹ ਵਿਚ ਪਾਉਂਦੇ, ਉਹੀ ਸ਼ਕਰ ਹੋ ਜਾਂਦਾ। ਇਸ ਲਈ ਜਿਥੇ ਫ਼ਰੀਦ ਜੀ ਦੀ ਅਲ ਸ਼ਕਰਗੰਜ ਪੈ ਗਈ, ਉਥੇ ਇਸ ਧਰਤੀ ਨੂੰ ਪਾਕ ਪਤਨ ਜਾਂ ਪਾਕ ਪਟਨ ਕਿਹਾ ਜਾਣ ਲੱਗਾ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਬਨ ਬਤੋਤਾ ਨੇ 1334 ਈ: ਵਿਚ ਆਪਣੇ ਸਫ਼ਰਨਾਮੇ ਵਿਚ ਇਸ ਨਗਰ ਦਾ ਨਾਉਂ ਅਜੋਧਨ ਹੀ ਲਿਖਿਆ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਪਾਕ ਪਟਨ ਨਾਂ ਮੁਗ਼ਲਾਂ ਦੇ ਸਮੇਂ ਪਿਆ, ਜਦੋਂ ਕਿ ਇਸ ਨਗਰ ਵਿਚ ਅਨੇਕਾਂ ਮੁਸਲਮਾਨ

ਜ਼ਿਆਰਤ ਕਰਨ ਲਈ ਆਇਆ ਕਰਦੇ ਸਨ ।

ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਇਥੇ ਪਧਾਰੇ ਅਤੇ ਫ਼ਰੀਦ ਸ਼ਕਰਗੰਜ ਦੀ ਗੱਦੀ ਉਤੇ ਬਿਰਾਜਮਾਨ ਬਾਹਰਵੇਂ ਫ਼ਰੀਦ, ਜੋ ਫ਼ਰੀਦ ਸਾਨੀ ਦੇ ਨਾਂ ਨਾਲ ਪ੍ਰਸਿਧ ਸਨ, ਨਾਲ ਗੋਸ਼ਟ ਕੀਤੀ । ਗੁਰੂ ਨਾਨਕ ਦੇਵ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਨਾਨਕਸਰ ਹੈ ਜੋ ਨਗਰ ਤੋਂ ਪੱਛਮ ਵਲ ਚਾਰ ਮੀਲਾਂ ਦੀ ਵਿੱਥ ਉਤੇ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਥੇ ਕੱਤਕ ਸੁਦੀ ਪੂਰਨਮਾਸ਼ੀ ਨੂੰ ਭਾਰੀ ਮੇਲਾ ਲੱਗਦਾ ਸੀ । ਮਹਾਨ ਕੋਸ਼ (ਪੰਨਾ, 569) ਅਨੁਸਾਰ ਇਥੇ ਸ਼ਹਿਰ ਤੋਂ ਉੱਤਰ ਵਲ ਉਦਾਸੀ ਸਾਧੂਆਂ ਦਾ ਇਕ ਵੱਡਾ ਡੇਰਾ ਹੈ ।

(ਅ-219) **ਅਟਕ** :

ਪੰਜਾਬ ਦਾ ਇਕ ਦਰਿਆ ਜਿਸ ਨੂੰ ਸਿੰਧ ਵੀ ਕਿਹਾ ਜਾਂਦਾ ਹੈ । ਅਟਕ ਪੰਜਾਬ ਨੂੰ ਸਰਹੱਦੀ ਸੂਬੇ ਤੋਂ ਨਿਖੇੜਦਾ ਹੈ। ਇਸ ਦਰਿਆ ਦੇ ਕੰਢੇ ਵਸਦੇ ਇਕ ਨਗਰ ਦਾ ਨਾਉਂ ਵੀ ਅਟਕ ਹੈ। ਅਟਕ ਦਰਿਆ ਵਿਚ ਪੰਜਾਬ ਦੇ ਪੰਜਾਂ ਦਰਿਆਵਾਂ ਦਾ ਪਾਣੀ ਕਿਸੇ ਨਾ ਕਿਸੇ ਰੂਪ ਵਿਚ ਆ ਸਮਾਂਦਾ ਹੈ ।

ਇਸ ਦਰਿਆ ਦਾ ਨਾਂ ਅਟਕ ਕਦੋਂ ਪਿਆ, ਇਸ ਬਾਰੇ ਇਤਿਹਾਸਕ ਤੱਥ ਨਹੀਂ ਮਿਲਦੇ । ਅਟਕ ਨਾਂ ਤੋਂ ਇਸ ਦਾ ਸਬੰਧ ਟਕਾ ਜਾਤੀ ਨਾਲ ਜੋੜਿਆ ਜਾਂਦਾ ਹੈ । ਕਿਸੇ ਸਮੇਂ 'ਟਕਾ' ਨਾਂ ਦਾ ਕਬੀਲਾ ਅਟਕ ਦਰਿਆ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਭਾਰੀ ਸੰਖਿਆ ਵਿਚ ਵਸਦਾ ਸੀ ਜਿਸ ਤੋਂ ਇਸ ਦੇਸ਼ ਨੂੰ 'ਟਕ' ਦੇਸ਼ ਕਿਹਾ ਜਾਣ ਲੱਗਾ । ਹੋ ਸਕਦਾ ਹੈ ਕਿ 'ਟਕ' ਸ਼ਬਦ ਤੋਂ ਹੀ ਇਸ ਖੇਤਰ ਤੇ ਦਰਿਆ ਦਾ ਨਾਂ ਅਟਕ ਪੈ ਗਿਆ ਹੋਵੇ । ਐਚ. ਐਮ. ਈਲੀਅਟ ਦਾ ਵਿਚਾਰ ਹੈ ਕਿ ਅਟਕ ਨਾਂ ਅਕਬਰ ਦੇ ਵੇਲੇ ਪਿਆ। ਜਾਪਦਾ ਹੈ ਕਿ 'ਟਕ' ਤੋਂ ਹੀ ਮੁਸਲਮਾਨਾਂ ਨੂੰ 'ਅਟਕ' ਨਾਉਂ ਸੁਝਿਆ ਸੀ ।

ਪੰਜਾਬ ਦੇ ਗੁਜਰਾਤ ਜ਼ਿਲੇ (ਪਕਿਸਤਾਨ) ਦੇ ਜੱਟਾਂ ਵਿਚ ਪ੍ਰਚਲਤ ਇਕ ਦੰਦ-ਕਥਾ ਅਨੁਸਾਰ ਉਹ ਮੁੱਢ ਦੇ ਰਾਜਪੂਤ ਸਨ, ਪਰ ਅਟਕ ਦਰਿਆ ਨੂੰ ਪਾਰ ਕਰਨ ਕਰ ਕੇ ਆਪਣਾ ਜਾਤੀ-ਅਧਿਕਾਰ ਗੰਵਾ ਬੈਠੇ । ਉਨ੍ਹਾਂ ਦੇ ਕਬੀਲੇ ਦੇ ਬਾਕੀ ਰਾਜਪੂਤਾਂ ਨੇ ਡਰਦਿਆਂ ਦਰਿਆ ਪਾਰ ਨਾ ਕੀਤਾ । ਅਕਬਰ ਨੂੰ ਜਦੋਂ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਸ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ । ਇਸੇ ਘਟਨਾ ਬਾਰੇ ਹੇਠਲੀਆਂ ਤੁਕਾਂ ਪ੍ਰਸਿਧ ਹਨ :—

ਸਾਰੀ ਭੂਮ ਗੋਪਾਲ ਕੀ
ਉਸ ਮੇਂ ਅਟਕ ਕਹਾਂ
ਜਾ ਕੇ ਮਨ ਮੇਂ ਅਟਕ ਹੈ
ਤਾਂ ਮੇਂ ਅਟਕ ਰਹਾਂ ।

ਕਹਿੰਦੇ ਹਨ ਉਦੋਂ ਤੋਂ ਇਸ ਦਰਿਆ ਦਾ ਨਾਉਂ 'ਅਟਕ' ਪ੍ਰਚਲਤ ਹੋ ਗਿਆ ।

ਅਟਕ ਦਰਿਆ ਦੇ ਨਾਉਂ ਬਾਰੇ ਇਕ ਦੰਦ-ਕਥਾ 'ਪੰਜਾਬ ਦੀ ਸੈਰ' (ਪੰਨਾ, 177) ਵਿਚ ਇਉਂ ਦਿਤੀ ਹੈ :— ਕਿਸੇ ਫ਼ਕੀਰ ਦੀ ਅਸੀਸ ਨਾਲ ਲੁੰਡਾ ਦਰਿਆ ਗੰਗਾ ਨਦੀ ਵਿਚ ਸ਼ਾਮਲ ਹੋਣ ਲਈ ਪੱਛਮ ਤੋਂ ਪੂਰਬ ਵਲ ਪੁੱਠਾ ਵਗ ਤੁਰਿਆ । ਜਿਸ ਵੇਲੇ ਉਹ ਸਿੰਧ ਦਰਿਆ ਦੇ ਨੇੜੇ ਪਹੁੰਚਿਆ ਤਾਂ ਉਥੇ ਇਕ ਹੋਰ ਕਰਣੀ ਵਾਲਾ ਫ਼ਕੀਰ ਗੁਸਾਈਂ ਬੈਠਾ ਸੀ । ਉਸ ਨੇ ਆਖਿਆ, "ਅਟਕ" ਅਰਥਾਤ ਠਹਿਰ ਜਾ । ਸੋ ਲੁੰਡਾ ਦਰਿਆ ਉਥੇ ਹੀ ਦੂਜੇ ਦਰਿਆ ਵਿਚ ਸ਼ਾਮਲ ਹੋ ਗਿਆ ਤੇ ਉਸ ਦਾ ਨਾਂ ਅਟਕ ਪੈ ਗਿਆ ।

(ਅ-220) **ਅਟਲ ਰਾਇ** :

ਗੁਰੂ ਹਰਿਗੋਬਿੰਦ ਦੇ ਚੌਥੇ ਸਪੁਤ੍ਰ ਜਿਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ ਸੰਮਤ 1676 ਵਿਚ ਹੋਇਆ । ਬਾਲ ਅਵਸਥਾ ਵਿਚ ਹੀ ਅਟਲ ਰਾਇ ਵਿਚ ਦੈਵੀ ਸ਼ਕਤੀ ਆ ਗਈ ਸੀ । ਉਨ੍ਹਾਂ ਨੇ 9 ਸਾਲ ਦੀ ਉਮਰ ਵਿਚ ਆਪਣੇ ਇਕ ਬਾਲ ਮਿਤ੍ਰ ਨੂੰ, ਜੋ ਸੱਪ ਦੇ ਡੰਗਣ ਨਾਲ ਮਰ ਗਿਆ ਸੀ, ਮੁੜ ਸੁਰਜੀਤ ਕਰ ਦਿਤਾ । ਗੁਰੂ ਹਰਿਗੋਬਿੰਦ ਵਲੋਂ ਨਰਾਜ਼ਗੀ ਪ੍ਰਗਟ ਕਰਨ ਉਤੇ ਅਟਲ ਜੀ ਚਾਦਰ ਤਾਣ ਕੇ ਲੰਮੇ ਪੈ ਗਏ ਤੇ ਪ੍ਰਾਣ ਤਿਆਗ ਦਿਤੇ । ਮਹਾਨ ਕੋਸ਼ ਅਨੁਸਾਰ ਅਟਲ ਜੀ ਸਾਵਣ ਵਦੀ 10 ਸੰਮਤ 1685 ਨੂੰ ਪਰਲੋਕ ਸਿਧਾਰੇ । ਅੰਮ੍ਰਿਤਸਰ ਵਿਚ ਅਟਲ ਰਾਇ ਦੀ ਸਮਾਧੀ ਕੌਲਸਰ ਦੇ ਨੇੜੇ ਹੈ, ਜਿਸ ਉਤੇ

ਨੇ ਛੱਤਾ ਅਸਥਲ ਬਣਿਆ ਹੋਇਆ ਹੈ। ਇਥੇ ਦਾਨੀ ਲੋਕਾਂ ਵਲੋਂ ਅਭਿਆਗਤਾਂ ਵਿਚ ਸਦਾ ਹੀ ਅੰਨ ਵਰਤੀਂਦਾ ਰਹਿੰਦਾ ਹੈ, ਇਸੇ ਲਈ ਅਖਾਣ ਪ੍ਰਚਲਤ ਹੈ — 'ਬਾਬਾ ਅਟਲ, ਪੱਕੀ ਪਕਾਈ ਘੱਲ'।

(ਅ–221) **ਅਟਵੀ ਦੇਵੀ** :

ਪਾਰਬਤੀ ਜਾਂ ਭਵਾਨੀ ਦੇਵੀ ਦਾ ਇਕ ਰੂਪ; ਪੁਰਾਣਾਂ ਅਨੁਸਾਰ ਇਕ ਵਾਰ ਭਵ ਮਨੁੱਖ ਜਾਤੀ ਨੂੰ ਬ੍ਰਹਮਚਰੀਆ ਦੀ ਸਿਖਸ਼ਾ ਦੇਣ ਲਈ ਬਨ ਵਿਚ ਗਏ। ਭਵਾਨੀ ਦੇਵੀ ਨੂੰ ਪਤਾ ਲੱਗਾ ਤਾਂ ਉਹ ਅਟਵੀ ਦੇਵੀ ਦਾ ਰੂਪ ਧਾਰ ਕੇ ਬ੍ਰਿਛਾਂ ਵਿਚ ਘੁੰਮਣ ਲੱਗੀ। ਅਟਵੀ ਦਾ ਰੂਪ ਤੇ ਜੋਬਨ ਵੇਖ ਕੇ ਭਵ ਦੇ ਅੰਦਰੋਂ ਉਸ ਨੂੰ ਮਾਣਨ ਦੀ ਲੋਚਾ ਪੈਦਾ ਹੋਈ। ਸੋ ਭਵ ਇਕ ਸੁੰਦਰ ਦੇਵਤੇ ਦੇ ਰੂਪ ਵਿਚ ਪ੍ਰਗਟ ਹੋਇਆ। ਅਟਵੀ ਦੇਵੀ ਤੇ ਭਵ ਦੋਵੇਂ ਪ੍ਰੇਮ ਕ੍ਰੀੜਾ ਵਿਚ ਰੁਝ ਗਏ ਤੇ ਭਵ ਨੂੰ ਇਹ ਭੁਲ ਹੀ ਗਿਆ ਕਿ ਉਹ ਕਿਸ ਮਨੋਰਥ ਨਾਲ ਬਨ ਵਿਚ ਜਾ ਰਹੇ ਸਨ। ਪੁਰਾਣਾਂ ਵਿਚ ਇਹ ਬਨ ਭਵ-ਅਟਵੀ ਦੇ ਨਾਂ ਨਾਲ ਪ੍ਰਸਿਧ ਹੈ।

(ਅ–222) **ਅਟਾ** :

(ਵੇਖੋ : ਅਟੀ)।

(ਅ–223) **ਅਟਾ-ਘਟਾ** :

ਲਹਿੰਦੇ ਦੇ ਇਲਾਕੇ, ਖ਼ਾਸ ਤੌਰ ਉਤੇ ਮੁਲਤਾਨ ਦੀ ਇਕ ਵਿਸ਼ੇਸ਼ ਸੁੱਖਣਾ। ਲਹਿੰਦੇ ਵਿਚ ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ ਤੇ ਖ਼ਾਨਗਾਹਾਂ ਉਤੇ ਸ਼ਰਧਾਲੂ ਸੁੱਖਣਾ ਸੁਖਦੇ ਹਨ। ਜਦੋਂ ਮੁਰਾਦ ਪੂਰੀ ਹੋ ਜਾਂਦੀ ਹੈ ਤਾਂ ਉਹ ਸੰਬੰਧਿਤ ਪੀਰ ਦੀ ਖ਼ਾਨਗਾਹ ਉਤੇ ਕੁਝ ਰੋਟੀਆਂ ਤੇ ਇਕ ਦੁੰਬਾ ਭੇਟ ਚੜ੍ਹਾਂਦੇ ਹਨ। ਦੁੰਬੇ ਨੂੰ ਹਲਾਲ ਕਰ ਕੇ ਉਸ ਦਾ ਸਿਰ ਤੇ ਲੱਤਾਂ ਰੋਟੀਆਂ ਸਮੇਤ ਖ਼ਾਨਗਾਹ ਦੇ ਮੁਜਾਵਰ ਨੂੰ ਦਾਨ ਕਰ ਦਿਤੀਆਂ ਜਾਂਦੀਆਂ ਹਨ ਅਤੇ ਦੁੰਬੇ ਦਾ ਬਾਕੀ ਬਚਿਆ ਮਾਸ ਲੋਕਾਂ ਵਿਚ ਵੰਡ ਦਿਤਾ ਜਾਂਦਾ ਹੈ। ਇਸ ਭੇਟਾ ਨੂੰ 'ਅਟਾ-ਘਟਾ' ਕਿਹਾ ਜਾਂਦਾ ਹੈ।

(ਅ–224) **ਅੱਟੀ** :

ਮੌਲੀ ਦੀ ਅੱਟੀ ਕਈ ਰਸਮਾਂ-ਰੀਤਾਂ ਵੇਲੇ ਵਰਤੀ ਜਾਂਦੀ ਹੈ। ਪਹਿਲਿਆਂ ਵਿਚ ਮੌਲੀ ਦੀ ਅੱਟੀ ਦੀ ਹੀ ਰਾਖੀ ਬੰਨ੍ਹੀ ਜਾਂਦੀ ਸੀ। ਪੰਜਾਬ ਵਿਚ ਗ੍ਰਹਿਣ ਸਮੇਂ ਗਰਭਵਤੀ ਦੇ ਪੈਰਾਂ ਵਿਚ ਅੱਟੀ ਪੁਆ ਕੇ ਉਸ ਨੂੰ ਮੰਜੇ ਉਤੇ ਲਿਟਾ ਦੇਂਦੇ ਹਨ। ਇਸ ਤਰ੍ਹਾਂ ਗ੍ਰਹਿਣ ਦਾ ਮੰਦਾ ਪ੍ਰਭਾਵ ਗਰਭ ਉਤੇ ਨਹੀਂ ਪੈਂਦਾ। (ਵੇਖੋ : ਮੌਲੀ) ਜੇ ਕਿਸੇ ਦੀ ਵੀਣੀ ਵਿਚ ਮਚਕੋੜ ਆ ਜਾਵੇ ਤਾਂ ਆਪਣੀ ਭੈਣ ਕੋਲੋਂ ਅੱਟੀ ਬੰਨ੍ਹਵਾਣ ਨਾਲ ਦਰਦ ਦੂਰ ਹੋ ਜਾਂਦਾ ਹੈ।

ਯੂਸਫ਼, ਜੋ ਦੁਨੀਆਂ ਦਾ ਸਭ ਤੋਂ ਹੁਸੀਨ ਗਭਰੂ ਮੰਨਿਆ ਜਾਂਦਾ ਸੀ, ਦਾ ਮਿਸਰ ਦੀ ਮੰਡੀ ਵਿਚ ਇਕ ਅੱਟੀ ਮੁੱਲ ਪਿਆ ਸੀ, ਜਿਸ ਤੋਂ 'ਅੱਟੀ ਮੁੱਲ ਪੈਣਾ' ਮੁਹਾਵਰਾ ਪ੍ਰਚਲਤ ਹੋ ਗਿਆ ਹੈ। (ਵੇਖੋ : ਯੂਸਫ਼)

(ਅ–225) **ਅੱਠ** :

ਅੱਠ ਦਾ ਅੰਕ ਅਸ਼ੁਭ ਮੰਨਿਆ ਜਾਂਦਾ ਹੈ ਕਿਉਂ ਜੋ ਜੋਤਿਸ਼ ਵਿੱਦਿਆ ਅਨੁਸਾਰ ਜਨਮ-ਕੁੰਡਲੀ ਦਾ ਅੱਠਵਾਂ ਘਰ ਮੌਤ ਦਾ ਘਰ ਹੁੰਦਾ ਹੈ। ਅੱਠਵਾਂ ਬੱਚਾ ਮਾਂ ਪਿਉ ਵਿਚੋਂ ਕਿਸੇ ਇਕ ਉਤੇ ਭਾਰਾ ਮੰਨਿਆ ਗਿਆ ਹੈ। ਗਰਭ ਅਤੇ ਬੱਚੇ ਦੇ ਸਬੰਧ ਵਿਚ ਅੱਠ ਦਾ ਅੰਕ ਬਹੁਤ ਮਨਹੂਸ ਹੈ। ਕਈ ਜਾਤੀਆਂ ਵਿਚ ਗਰਭਵਤੀ ਕਦੇ ਅੱਠ ਦੀ ਗਿਣਤੀ ਨਹੀਂ ਕਰਦੀ, ਇਸ ਦੀ ਥਾਂ 'ਅਣਗਿਣਤ' ਸ਼ਬਦ ਵਰਤਦੀ ਹੈ। ਜਿਨ੍ਹਾਂ ਮਾਂਵਾਂ ਦੇ ਬੱਚੇ ਅਠਵੇਂ ਵਰ੍ਹੇ ਵਿਚੋਂ ਲੰਘ ਰਹੇ ਹੁੰਦੇ ਹਨ, ਉਹ ਵੀ ਉਨ੍ਹਾਂ ਦੀ ਉਮਰ 'ਅਣਗਿਣਤ' ਦਸਦੀਆਂ ਹਨ। (ਵੇਖੋ : ਅਣਗਿਣਤ ਵਰ੍ਹਾ) ਗਰਭ ਦੇ ਅਠਵੇਂ ਮਹੀਨੇ ਗਰਭ ਦੀ ਰੱਖਿਆ ਖ਼ਾਤਰ ਕਈ ਰੀਤਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ 'ਅਠਵਾਂ', 'ਅਠਵਾਣ' ਤੇ 'ਅਠਵਾਸਾ' ਆਦਿ ਕਈ ਨਾਂ ਦਿਤੇ ਗਏ ਹਨ। ਕੁੱਲੂ ਵਿਚ ਜਦੋਂ ਕੋਈ ਮੁੰਡਾ ਕੁੜੀ ਘਰੋਂ ਨਸ ਕੇ ਚੋਰੀ ਵਿਆਹ ਰਚਾਂਦੇ ਹਨ ਤਾਂ ਉਹ ਝੀਂਡ ਨੂੰ ਅੱਗ ਲਗਾ ਕੇ ਉਸ ਦੇ ਦੁਆਲੇ ਅੱਠ ਫੇਰੇ ਲੈਂਦੇ ਹਨ। (ਵੇਖੋ : ਝੀਂਡ ਫੂਕ) ਅੱਠ ਯੋਗਣੀਆਂ ਜੋ ਕਾਲੀ ਮਾਈ ਦੀਆਂ ਦਾਸੀਆਂ

ਹਨ, ਕਈ ਤਰ੍ਹਾਂ ਦੇ ਰੋਗ ਉਤਪੰਨ ਕਰਦੀਆਂ ਹਨ । ਅਠਰਾਹੇ ਦਾ ਰੋਗ ਬੜਾ ਭਿਆਨਕ ਮੰਨਿਆ ਗਿਆ ਹੈ ਜਿਸ ਵਿਚ ਅਠਵੇਂ ਮਹੀਨੇ ਜਾਂ ਤਾਂ ਗਰਭ ਡਿਗ ਪੈਂਦਾ ਹੈ, ਜਾਂ ਪੈਦਾ ਹੋਇਆ ਬੱਚਾ ਅਠਵੇਂ ਦਿਨ/ਮਹੀਨੇ/ਸਾਲ ਪ੍ਰਾਣ ਤਿਆਗ ਦੇਂਦਾ ਹੈ ।

(ਅ–226) **ਅਠਸਠ (ਅਠਾਹਠ) ਤੀਰਥ** :

(1) ਹਿੰਦੂਆਂ ਵਿਚ ਅਠਾਹਠ ਤੀਰਥ ਪ੍ਰਧਾਨ ਮੰਨੇ ਗਏ ਹਨ, ਜਿਨ੍ਹਾਂ ਦੀ ਯਾਤ੍ਰਾ ਕਰਨ ਨਾਲ ਪ੍ਰਾਣੀ ਦੇ ਜਨਮ-ਜਨਮਾਂਤਰਾਂ ਦੇ ਪਾਪ ਧੁਲ ਜਾਂਦੇ ਹਨ ਅਤੇ ਉਹ ਮੁਕਤ ਹੋ ਜਾਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਤੀਰਥਾਂ ਦਾ ਸਮੁੱਚਾ ਬੋਧ ਕਰਵਾਉਣ ਲਈ 'ਅਠਸਠ' ਸ਼ਬਦ ਵਰਤਿਆ ਗਿਆ ਹੈ ।

ਹਿੰਦੂ ਗ੍ਰੰਥਾਂ ਵਿਚ ਪ੍ਰਧਾਨ ਅਠਾਹਠ ਤੀਰਥਾਂ ਦੇ ਨਾਂ ਇਕ ਸਾਰ ਨਹੀਂ ਮਿਲਦੇ, ਕਪਿਲ ਤੰਤ੍ਰ ਵਿਚ ਅਠਾਹਠ ਪ੍ਰਧਾਨ ਤੀਰਥਾਂ ਦੇ ਨਾਂ ਇਹ ਲਿਖੇ ਹਨ, (ਮਹਾਨ ਕੋਸ਼, ਪੰਨਾ 37) —

ਓਅੰਕਾਰ, ਅਯੋਧਯਾ, ਅਵੰਤਿਕਾ, ਏਰਾਵਤੀ, ਸੁਤਦ੍ਰੂ, ਸਰਸ੍ਵਤੀ, ਸਰਯੂ, ਸਿੰਧੁ, ਸ਼ਿਪ੍ਰਾ, ਸ਼ੋਣ, ਸ਼੍ਰੀਸ਼ੈਲ, ਸ਼੍ਰੀਰੰਗ, ਹਰਿਦ੍ਵਾਰ, ਕਪਾਲ ਮੋਚਨ, ਕਪਿਲੋਦਕ, ਕਾਂਸ਼ੀ, ਕਾਂਚੀ, ਕਾਲੰਜਰ, ਕਾਵੇਰੀ, ਕੁਰਛੇਤ੍ਰ, ਕੇਦਾਰਨਾਥ, ਕੋਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨ੍ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜਗੰਨਾਥ, ਜ੍ਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸ਼ਾਸ਼੍ਵਮੇਧ, ਦ੍ਰਿਸ਼ਦਵਤੀ, ਦ੍ਵਾਰਿਕਾ, ਧਾਰਾ, ਨਰਮਦਾ, ਨਾਗ ਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ ਤ੍ਰਿਵੇਣੀ ਸੰਗਮ, ਪ੍ਰਿਥੂਦਨ, ਬਦਰੀ ਨਾਰਾਇਣ, ਭਦ੍ਰੇਸ਼੍ਵਰ, ਭੀਮੇਸ਼੍ਵਰ, ਭ੍ਰਿਗੁਤੁੰਗ, ਮਹਾਕਾਲ, ਮਹਾਬੋਧਿ, ਮਥੁਰਾ, ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼੍ਵਰ, ਵਿਤਸਤਾ, ਵਿੰਧਯ, ਵਿਪਾਸ਼, ਵਿਮਲੇਸ਼੍ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦਯਨਾਥ । ਕੁਝ ਗ੍ਰੰਥਾਂ ਵਿਚ ਅਠਾਹਠ ਤੀਰਥਾਂ ਦੇ ਅੰਤਰਗਤ ਇਸ ਸੂਚੀ ਨਾਲੋਂ ਵੱਖਰੇ ਨਾਂਵਾਂ ਦੀ ਸੂਚੀ ਮਿਲਦੀ ਹੈ ।

ਹਿੰਦੂ ਗ੍ਰੰਥਾਂ ਵਿਚ ਪ੍ਰਧਾਨ ਤੀਰਥਾਂ ਦੀ ਗਿਣਤੀ ਵੀ ਇਕ ਸਾਰ ਨਹੀਂ ਮਿਲਦੀ। ਕਈ ਗ੍ਰੰਥਾਂ ਵਿਚ ਇਹ ਗਿਣਤੀ ਕਾਫ਼ੀ ਜ਼ਿਆਦਾ ਦਸੀ ਹੋਈ ਹੈ; ਮਤਸਯ ਪੁਰਾਣ ਅਨੁਸਾਰ ਪ੍ਰਧਾਨ ਤੀਰਥ 222 ਹਨ। (ਵੇਖੋ : ਤੀਰਥ)

(2) ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਕੰਢੇ 'ਥੜਾ ਸਾਹਿਬ' ਦੇ ਨੇੜੇ ਇਕ ਅਸਥਾਨ; ਇਥੇ ਸਿੱਖਾਂ ਦੇ ਪਹਿਲੇ ਚਾਰ ਗੁਰ-ਵਿਅੱਕਤੀਆਂ ਨੇ ਚਰਨ ਪਾਏ ਸਨ ਤੇ ਪੰਜਵੇਂ ਗੁਰ ਸ੍ਰੀ ਅਰਜਨ ਦੇਵ ਨੇ ਇਥੇ ਹੀ ਬੈਠ ਕੇ 'ਅਠਸਠਿ ਤੀਰਥ ਜਹ ਸਾਧੂ ਪਗ ਧਰਹਿ' ਸ਼ਬਦ ਉਚਾਰਿਆ ਸੀ। ਨਿਸਚਾ ਹੈ ਕਿ ਇਥੇ ਇਸ਼ਨਾਨ ਕਰਨ ਨਾਲ ਅਠਸਠ ਤੀਰਥਾਂ ਦਾ ਮਹਾਤਮ ਮਿਲਦਾ ਹੈ।

(ਅ–227) **ਅੱਠਭੁਜੀ** :

ਅੱਠਾਂ ਬਾਹਵਾਂ ਵਾਲੀ ਦੇਵੀ; ਦੁਰਗਾ। (ਵੇਖੋ : ਦੁਰਗਾ)

(ਅ–228) **ਅਠਮਾਹਾ** ;

(ਵੇਖੋ : ਅਠਵਾਹਾ) ।

(ਅ–229) **ਅਠਰਾਹ** :

ਇਕ ਰੋਗ ਜਿਸ ਕਰ ਕੇ ਅਠਵੇਂ ਮਹੀਨੇ ਗਰਭ ਡਿਗ ਪੈਂਦਾ ਹੈ ਜਾਂ ਅਠਮਾਹਾ ਬੱਚਾ ਜੰਮਦਾ ਹੈ ਜੋ ਜੰਮਣ ਮਗਰੋਂ ਅਠਵੇਂ ਦਿਨ, ਅਠਵੇਂ ਮਹੀਨੇ ਜਾਂ ਅਠਵੇਂ ਸਾਲ ਮਰ ਜਾਂਦਾ ਹੈ। ਜਿਸ ਤੀਵੀਂ ਦੀ ਔਲਾਦ ਥੋੜੀ ਮੁੱਦਤ ਜੀ ਕੇ ਮਰ ਜਾਵੇ, ਉਹ 'ਅਠਰਾਹੀ' ਮੰਨੀ ਜਾਂਦੀ ਹੈ। ਲੋਕ-ਨਿਸਚੇ ਅਨੁਸਾਰ ਇਹ ਰੋਗ ਬਦ-ਰੂਹਾਂ ਦੇ ਅਸਰ ਹੇਠ ਹੁੰਦਾ ਹੈ। ਤੰਤ੍ਰ ਸ਼ਾਸਤਰ ਅਨੁਸਾਰ ਇਹ ਰੋਗ ਅਠਾਂ ਯੋਗਣੀਆਂ, ਜੋ ਕਾਲੀ ਮਾਈ ਦੀਆਂ ਦਾਸੀਆਂ ਹਨ, ਦੀ ਕਰੋਪੀ ਤੋਂ ਉਤਪੰਨ ਹੁੰਦਾ ਹੈ। (ਵੇਖੋ : ਜੋਗਣੀਆਂ)

ਜੇ ਕਿਸੇ ਤੀਵੀਂ ਦਾ ਦੁੱਧ ਚੁੰਘਦਾ ਬੱਚਾ ਮਰ ਜਾਵੇ ਤਾਂ ਉਸ ਤੀਵੀਂ ਦਾ ਦੁੱਧ ਸੁਕਣ ਤਕ, ਜਿਸ ਗਰਭਵਤੀ ਉਤੇ ਉਸ ਤੀਵੀਂ ਦਾ ਸਾਇਆ (ਪ੍ਰਛਾਵਾਂ) ਪਏਗਾ, ਉਸ ਨੂੰ ਸਹਿਜ ਭਾਵ ਵਿਚ 'ਅਠਰਾਹਾ' ਦਾ ਰੋਗ ਹੋ ਜਾਂਦਾ ਹੈ।

'ਅਠਰਾਹਾ' ਦੇ ਉਪਾ ਲਈ ਤੀਵੀਆਂ ਧਾਗੇ ਤੇ ਤਵੀਤਾਂ ਦੀ ਵਰਤੋਂ ਕਰਦੀਆਂ ਹਨ। ਪੰਜਾਬ

ਵਿਚ ਕਈ ਖੂਹ ਤੇ ਸਰੋਵਰ ਅਜਿਹੇ ਮੰਨੇ ਜਾਂਦੇ ਹਨ, ਜਿਨ੍ਹਾਂ ਉਤੇ ਇਸ਼ਨਾਨ ਕਰਨ ਨਾਲ ਅਠਰਾਹ ਦੂਰ ਹੋ ਜਾਂਦਾ ਹੈ। ਡੇਹਰਾ ਬਾਬਾ ਨਾਨਕ ਵਿਖੇ, ਗੁਰਦੁਆਰਾ ਲੰਗਰ ਮੰਦਰ ਚੋਲਾ ਸਾਹਿਬ ਬਾਰੇ ਨਿਸਚਾ ਹੈ ਕਿ ਇਥੇ ਜੋ ਇਸਤ੍ਰੀ ਐਤਵਾਰ ਨੂੰ ਖੂਹ ਉਤੇ ਇਸ਼ਨਾਨ ਕਰ ਕੇ ਗੁਰਦੁਆਰੇ ਦੇ ਦਰਸ਼ਨ ਕਰੇ, ਉਸਨੂੰ ਅਠਰਾਹ ਨਹੀਂ ਰਹਿੰਦਾ। ਇਥੋਂ ਦੇ ਇਕ ਹੋਰ ਗੁਰਦੁਆਰੇ ਟਾਹਲੀ ਸਾਹਿਬ ਦੇ ਪਾਣੀ ਵਿਚ ਵੀ ਅਠਰਾਹ ਦੂਰ ਕਰਨ ਦੀ ਬਰਕਤ ਮੰਨੀ ਗਈ ਹੈ। ਦੂਰੋਂ ਦੂਰੋਂ ਤੀਵੀਆਂ ਡੇਹਰਾ ਸਾਹਿਬ ਆਉਂਦੀਆਂ ਤੇ ਇਸ਼ਨਾਨ ਕਰਨ ਮਗਰੋਂ ਆਪਣੇ ਨਾਲ ਪਾਣੀ ਦੀਆਂ ਬੋਤਲਾਂ ਭਰ ਕੇ ਲੈ ਜਾਂਦੀਆਂ ਹਨ। ਧਾਰਨਾ ਹੈ ਕਿ ਬੰਗਲਾ ਸਾਹਿਬ ਦਿੱਲੀ ਦੇ ਚੁਬੱਚੇ ਦੇ ਪਾਣੀ ਨਾਲ ਇਸ਼ਨਾਨ ਕਰਨ ਨਾਲ ਅਠਰਾਹ ਦਾ ਰੋਗ ਦੂਰ ਹੋ ਜਾਂਦਾ ਹੈ। ਅਠਰਾਹ ਦੇ ਉਪਾ ਲਈ ਕਈ ਤੀਵੀਆਂ ਬੱਚੇ ਦੇ ਗਲ ਵਿਚ ਜਾਂ ਲੱਤਾਂ ਨਾਲ 'ਅਠਰਾਹ ਦਾ ਮਣਕਾ' ਬੰਨ੍ਹ ਦੇਂਦੀਆਂ ਹਨ। ਇਹ ਮਣਕਾ ਇਕ ਵਿਸ਼ੇਸ਼ ਬੀਜ ਨੂੰ ਧਾਗੇ ਵਿਚ ਪਰੋ ਕੇ ਬਣਾਇਆ ਜਾਂਦਾ ਹੈ। ਇਸ ਮਣਕੇ ਦਾ ਰੰਗ ਇਕਸਾਰ ਨਹੀਂ ਰਹਿੰਦਾ। ਲੋਕ-ਨਿਸਚੇ ਅਨੁਸਾਰ ਇਸ ਮਣਕੇ ਨਾਲ ਅਠਰਾਹੇ ਦਾ ਬੁਰਾ ਪ੍ਰਭਾਵ ਉਤਰ ਜਾਂਦਾ ਹੈ। ਅਠਰਾਹੇ ਬੱਚੇ ਨੂੰ ਕਈ ਥਾਈਂ 'ਅਠਵਾਹਾ' ਵੀ ਕਹਿੰਦੇ ਹਨ। (ਵੇਖੋ : ਅਠਵਾਹਾ)

ਜਿਸ ਤੀਵੀਂ ਦੇ ਬੱਚੇ ਗਰਭ ਦੇ ਅਠਵੇਂ ਮਹੀਨੇ ਜੰਮਦੇ ਹੋਣ ਤੇ ਥੋੜੀ ਆਯੂ ਭੋਗ ਕੇ ਮਰ ਜਾਂਦੇ ਹੋਣ ਉਸ ਨੂੰ ਅਠਰਾਹ ਵਾਲੀ ਕਹਿੰਦੇ ਹਨ। ਅਠਰਾਹ ਵਾਲੀ ਦਾ ਪ੍ਰਛਾਵਾਂ ਜਿਸ ਤੀਵੀਂ ਉਤੇ ਪੈ ਜਾਵੇ ਉਸ ਨੂੰ ਵੀ ਅਠਰਾਹਾ ਹੋ ਜਾਂਦਾ ਹੈ। ਖ਼ਾਸ ਤੌਰ ਤੇ ਉਦੋਂ ਜਦੋਂ ਅਠਰਾਹ ਵਾਲੀ ਤੀਵੀਂ ਦਾ ਬੱਚਾ ਦੁੱਧ ਚੁੰਘਦਾ ਮਰਿਆ ਹੋਵੇ। ਜਦ ਤਕ ਉਸ ਮਾਂ ਦਾ ਦੁੱਧ ਸੁਕ ਨਹੀਂ ਜਾਂਦਾ, ਉਦੋਂ ਤਕ ਉਸ ਦਾ ਪ੍ਰਛਾਵਾਂ ਲੱਗਣ ਦਾ ਡਰ ਰਹਿੰਦਾ ਹੈ।

(ਅ-230) **ਅਠਵਾਂ** :

ਗਰਭ ਨਾਲ ਸੰਬੰਧਿਤ ਇਕ ਰੀਤ; ਜੋ ਅਠਵੇਂ ਮਹੀਨੇ ਕੀਤੀ ਜਾਂਦੀ ਹੈ। ਕਾਂਗੜੇ ਵਿਚ ਜਦੋਂ ਗਰਭਵਤੀ ਅਠਵੇਂ ਮਹੀਨੇ ਵਿਚ ਪੈਰ ਪਾਉਂਦੀ ਹੈ ਤਾਂ ਮਹੂਰਤ ਕੱਢ ਕੇ ਕਿਸੇ ਸ਼ੁਭ ਦਿਨ ਅਠਵੇਂ ਦੀ ਰੀਤ ਕੀਤੀ ਜਾਂਦੀ ਹੈ। ਗਰਭਵਤੀ ਨੂੰ ਇਸ਼ਨਾਨ ਕਰਵਾ ਕੇ ਤੇ ਚੌਂਕ ਪੂਰ ਕੇ ਉਸ ਵਿਚ ਬਿਠਾ ਦਿਤਾ ਜਾਂਦਾ ਹੈ। ਚੌਂਕ ਵਿਚ ਕੁਝ ਤਾਜ਼ੇ ਵੇਲ ਬੂਟੇ ਰਖ ਕੇ ਉਸ ਵਿਚ ਇਕ ਦੀਵਾ ਜਗਾਇਆ ਜਾਂਦਾ ਹੈ। ਇਸ ਰੀਤ ਵੇਲੇ ਕਈ ਲੋਕ ਗਣੇਸ਼ ਦੀ ਪੂਜਾ ਵੀ ਕਰਦੇ ਹਨ। ਨਿਸਚਾ ਹੈ ਕਿ ਇਹ ਰੀਤ ਕਰਨ ਨਾਲ ਅਠਵਾਹਾ ਬੱਚਾ ਨਹੀਂ ਜੰਮਦਾ।

(ਅ-231) **ਅਠਵਾਹਾ** :

ਗਰਭ ਦੇ ਅਠਵੇਂ ਮਹੀਨੇ ਵਿਚ ਜੰਮਿਆ ਬੱਚਾ; ਅਠਵਾਹੇ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਲੋਕਾਂ ਦਾ ਨਿਸਚਾ ਹੈ ਕਿ ਜਣੇਪੇ ਦੇ ਦਿਨਾਂ ਵਿਚ ਜੇ ਕਮਰੇ ਉਪਰੋਂ ਦੀ ਬਿੱਲੀ ਲੰਘ ਜਾਵੇ ਤਾਂ ਅਗਲਾ ਬੱਚਾ ਅਠਵਾਹਾ ਜੰਮਦਾ ਹੈ। ਧਾਰਨਾ ਅਨੁਸਾਰ ਅਠਵਾਹਾ ਬੱਚਾ ਅੱਠ ਘੜੀਆਂ, ਅੱਠ ਦਿਨ, ਅੱਠ ਮਹੀਨੇ, ਅੱਠ ਵਰ੍ਹੇ ਅਤੇ ਵਧ ਤੋਂ ਵਧ ਅਠਾਰਾਂ ਵਰ੍ਹੇ ਤਕ ਜੀਊਂਦਾ ਹੈ। ਕਾਂਗੜੇ ਦੀ ਡੇਰਾ ਤਹਿਸੀਲ ਵਿਚ ਤਾਂ ਅਠਵਾਹੇ ਬੱਚੇ ਨੂੰ ਮਾਪਿਆਂ ਉਤੇ ਭਾਰਾ ਮੰਨਿਆ ਜਾਂਦਾ ਹੈ, ਖ਼ਾਸ ਤੌਰ ਤੇ ਪਿਉ ਉਤੇ। ਸੰਕਟ ਤੋਂ ਰੱਖਿਆ ਲਈ ਇਕ ਉਪਾ ਵੀ ਪ੍ਰਚਲਤ ਹੈ — ਬੱਚੇ ਦੀ ਮਾਂ ਦੇ ਸਿਰ ਤੋਂ ਤਿੰਨ ਵਾਰ ਚੁਰਖ਼ਾ ਵਾਰ ਕੇ ਦਾਈ ਨੂੰ ਦਾਨ ਕਰ ਦਿਤਾ ਜਾਂਦਾ ਹੈ। ਦੁਆਬੇ ਤੇ ਮਾਝੇ ਵਿਚ ਵੀ ਇਹੋ ਵਿਚਾਰ ਪ੍ਰਚਲਤ ਹੈ ਕਿ ਅਠਰਾਹਾ ਮੁੰਡਾ ਬਚਦਾ ਨਹੀਂ ਅਤੇ ਜੇ ਬਚ ਜਾਵੇ ਤਾਂ ਮਾਪਿਆਂ ਵਿਚੋਂ ਕਿਸੇ ਇਕ ਦੀ ਜਾਨ ਲੈਂਦਾ ਹੈ। (ਵੇਖੋ : ਅਠਰਾਹ)

(ਅ-232) **ਅਠਵਾਣ** :

ਗਰਭ ਨਾਲ ਸੰਬੰਧਿਤ ਇਕ ਰੀਤ; ਜੋ ਅਠਵੇਂ ਮਹੀਨੇ ਕੀਤੀ ਜਾਣ ਕਰ ਕੇ 'ਅਠਵਾਣ' ਅਖਵਾਉਂਦੀ ਹੈ। ਇਹ ਰੀਤ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ 'ਪੁੰਨਸਵਨ ਸੰਸਕਾਰ' ਦਾ ਹੀ

ਬਦਲਿਆ ਰੂਪ ਹੈ। ਅਪਠਵਾਣ ਦੀ ਰੀਤ ਜਾਬ ਦੇ ਪਹਾੜੀ ਖੇਤਰ ਵਿਚ ਵਧੇਰੇ ਪ੍ਰਚਲਤ ਹੈ। ਇਸ ਰੀਤ ਸਮੇਂ ਗਰਭਵਤੀ ਦੇ ਪੇਕੇ, ਬੱਚੇ ਅਤੇ ਉਸ ਦੀ ਮਾਂ ਲਈ ਕਪੜੇ ਭੇਜਦੇ ਹਨ। ਧਨੀ ਲੋਕ ਗਰਭਵਤੀ ਦੀ ਸੱਸ ਦਾ ਜੋੜਾ ਵੀ ਦੇਂਦੇ ਹਨ ਤੇ ਫਲ ਮਠਿਆਈ ਵੀ।

ਮੰਡੀ ਦੇ ਇਲਾਕੇ ਵਿਚ, ਅਠਵਾਣ ਦੀ ਰੀਤ ਸਮੇਂ, ਗਣਪਤੀ ਦੀ ਮੂਰਤੀ ਲਾਲ ਚੌਂਕੀ ਉਤੇ ਸਜਾ ਕੇ, ਪੂਜੀ ਜਾਂਦੀ ਹੈ। ਗਰਭਵਤੀ ਮਹੀਨਾ ਭਰ ਮੂਰਤੀ ਦੀ ਪੂਜਾ ਕਰਦੀ ਰਹਿੰਦੀ ਹੈ ਅਤੇ ਇਨ੍ਹੀਂ ਦਿਨੀਂ ਨਾ ਉਹ ਇਸ਼ਨਾਨ ਕਰਦੀ ਹੈ ਅਤੇ ਨਾ ਹੀ ਕਪੜੇ ਬਦਲਦੀ ਹੈ। ਇਨ੍ਹਾਂ ਦਿਨਾਂ ਵਿਚ ਦਰਿਆ ਜਾਂ ਨਦੀ ਨਾਲਾ ਪਾਰ ਕਰਨਾ ਵੀ ਅਸ਼ੁਭ ਮੰਨਿਆ ਗਿਆ ਹੈ।

ਸ਼ੇਖਾਵਤ ਰਾਜਪੂਤ ਅਠਵਾਣ ਨੂੰ ਅਠਵਾਸਾ ਕਹਿੰਦੇ ਹਨ। ਇਹ ਰੀਤ ਗਰਭ ਦੇ ਅਠਵੇਂ ਮਹੀਨੇ ਕੀਤੀ ਜਾਂਦੀ ਹੈ ਅਤੇ ਗਰਭਵਤੀ ਦੇ ਮਾਪੇ ਉਸ ਨੂੰ ਕੁਝ ਕਪੜੇ, ਗਹਿਣੇ, ਮਠਿਆਈ ਤੇ ਫਲ ਆਦਿ ਭੇਜਦੇ ਹਨ। ਇਸ ਅਵਸਰ ਉਪਰ ਬਰਾਦਰੀ ਨੂੰ ਸੱਦਿਆ ਜਾਂਦਾ ਹੈ ਅਤੇ ਕੁਲਪ੍ਰੋਹਿਤ ਦੇਵ ਪੂਜਾ ਕਰਦਾ ਹੈ। ਗਰਭਵਤੀ ਨੂੰ ਕੇਸੀ ਇਸ਼ਨਾਨ ਕਰਵਾਇਆ ਜਾਂਦਾ ਹੈ।

## (ਅ-233) **ਅੱਠਵਾਂ ਬੱਚਾ :**

ਅਠਵਾਂ ਬੱਚਾ ਮਨਹੂਸ ਮੰਨਿਆ ਗਿਆ ਹੈ। ਜੇ ਕੁੜੀ ਹੋਵੇ ਤਾਂ ਮਾਂ ਉਤੇ ਭਾਰੀ ਹੁੰਦੀ ਹੈ ਅਤੇ ਜੇ ਮੁੰਡਾ ਹੋਵੇ ਤਾਂ ਪਿਉ ਉਤੇ ਭਾਰਾ। ਇਸ ਸੰਕਟ ਤੋਂ ਬਚਣ ਦੇ ਕਈ ਉਪਾ ਹਨ। ਇਕ ਉਪਾ ਇਹ ਹੈ ਕਿ ਕਿਸੇ ਪੁਰਾਣੇ ਚਰਖ਼ੇ ਨੂੰ, ਜੋ ਟੁਟਾ ਭੱਜਾ ਨਾ ਹੋਵੇ, ਬੱਚੇ ਦੀ ਮਾਂ ਤੋਂ ਤਿੰਨ ਵਾਰੀ ਵਾਰ ਕੇ ਦਾਈ ਨੂੰ ਦਾਨ ਕਰ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਦਾ ਇਕ ਉਪਾ ਅਠਮਾਹੇ ਬੱਚੇ ਦੇ ਬੁਰੇ ਅਸਰ ਤੋਂ ਰੱਖਿਆ ਵਜੋਂ ਵੀ ਕੀਤਾ ਜਾਂਦਾ ਹੈ। ਇੰਜ ਜਾਪਦਾ ਹੈ ਕਿ ਪੰਜਾਬੀ ਲੋਕਧਾਰਾ ਵਿਚ ਬੱਚੇ ਦੇ ਸੰਬੰਧ ਵਿਚ ਅੱਠ ਦਾ ਅੰਕ ਬਹੁਤ ਮਨਹੂਸ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਜੋਤਿਸ਼ ਵਿੱਦਿਆ ਅਨੁਸਾਰ ਅਠਵਾਂ ਘਰ ਮੌਤ ਨਾਲ ਸੰਬੰਧਿਤ ਹੈ।

## (ਅ-234) **ਅਠਵਾਰਾ :**

ਇਕ ਲੋਕ-ਕਾਵਿ ਰੂਪ, ਜਿਸ ਵਿਚ ਬਾਰਾਂ ਮਾਂਹ ਵਾਂਗ ਦਿਨਾਂ ਦੇ ਨਾਵਾਂ ਨੂੰ ਆਧਾਰ ਬਣਾ ਕੇ ਅੱਠ ਬੰਦਾਂ ਦੀ ਕਵਿਤਾ ਰਚੀ ਜਾਂਦੀ ਹੈ। ਜਿਸ ਵਾਰ ਤੋਂ ਪਹਿਲਾ ਬੰਦ ਆਰੰਭ ਹੁੰਦਾ ਹੈ, ਉਸੇ ਵਾਰ ਉਤੇ ਅਖ਼ੀਰਲਾ ਬੰਦ ਮੁਕਦਾ ਹੈ। ਜਿਸ ਕਰ ਕੇ ਬੰਦ ਦੀ ਸੰਖਿਆ ਅੱਠ ਹੋ ਜਾਂਦੀ ਹੈ। ਆਮ ਤੌਰ ਤੇ ਅਠਵਾਰੇ ਦਾ ਆਰੰਭ ਐਤਵਾਰ ਤੋਂ ਕੀਤਾ ਜਾਂਦਾ ਹੈ। ਬੁਲ੍ਹੇ ਸ਼ਾਹ ਤੇ ਕਈ ਹੋਰ ਕਵੀਆਂ ਨੇ ਅਠਵਾਰੇ ਰਚੇ।

ਜੇ ਬੰਦ ਸਤ ਹੋਣ ਅਤੇ ਹਰੇਕ ਵਾਰ ਉਤੇ ਇਕ ਇਕ ਬੰਦ ਰਚਿਆ ਜਾਵੇ ਤਾਂ ਇਹ ਰਚਨਾ ਸਤਵਾਰਾ ਅਖਵਾਉਂਦੀ ਹੈ। ਸਤਵਾਰੇ ਵਾਂਗ ਹੀ ਅਠਵਾਰੇ ਵਿਚ ਪ੍ਰੇਮ, ਲੋਚਾ ਤੇ ਉਤੇਜਿਤ ਮਨੋਭਾਵਾਂ ਦਾ ਵਰਨਣ ਹੁੰਦਾ ਹੈ। (ਵੇਖੋ : ਸਤਵਾਰਾ) ਮੁਸਲਮਾਨਾਂ ਤੋਂ ਪਹਿਲਾਂ ਪੰਜਾਬ ਵਿਚ ਸਤਵਾਰਾ ਕਾਵਿ ਦੀ ਪ੍ਰਥਾ ਸੀ; ਅਠਵਾਰੇ ਦੀ ਪਰੰਪਰਾ ਮੁਸਲਮਾਨਾਂ ਤੋਂ ਸ਼ੁਰੂ ਹੋਈ। ਹਿੰਦੂ ਜੋਤਿਸ਼ ਵਿੱਦਿਆ ਅਨੁਸਾਰ ਅੱਠ ਦਾ ਅੰਕ ਅਸ਼ੁਭ ਹੈ, ਇਹ ਘਰ ਮੌਤ ਨਾਲ ਸੰਬੰਧਿਤ ਹੈ, ਇਸ ਲਈ ਅਠਵਾਰੇ ਦੀ ਪਰੰਪਰਾ ਹਿੰਦੂਆਣੀ ਨਹੀਂ। (ਵੇਖੋ : ਅੱਠ) ਮੁਸਲਮਾਨਾਂ ਵਿਚ ਇਸ ਤਰ੍ਹਾਂ ਦਾ ਕੋਈ ਭਰਮ ਨਹੀਂ ਸੀ।

## (ਅ-235) **ਅਠਾਈ :**

ਅਠਾਈ ਵਸਤੂਆਂ, ਜਿਨ੍ਹਾਂ ਦਾ ਕੰਮ ਸਦਾ ਭੌਂਦੇ ਜਾਂ ਘੁੰਮਦੇ ਰਹਿਣਾ ਹੈ; ਇਹ ਵਸਤੂਆਂ ਕਦੇ ਇਕ ਥਾਂ ਟਿਕ ਕੇ ਨਹੀਂ ਰਹਿੰਦੀਆਂ। ਇਹ ਅਠਾਈ ਵਸਤਾਂ ਵਾਰਿਸ ਸ਼ਾਹ ਨੇ ਆਪਣੇ ਇਕ ਬੰਦ ਵਿਚ ਇਉਂ ਗਿਣੀਆਂ ਹਨ :—

ਮੀਆਂ ! ਅਠਾਈ ਫਿਰਨ ਇਸ ਜਗ ਉਤੇ,
ਜਿਨ੍ਹਾਂ ਭੌਣ ਤੇ ਕੁਲ ਬਿਹਾਰ ਹੈ ਵੇ।
ਸੂਰਜ, ਚੰਨ, ਘੋੜਾ ਅਤੇ ਰੂਹ, ਜੰਗਲ,
ਨਜ਼ਰ, ਸ਼ੇਰ, ਪਾਣੀ, ਵਣਜਾਰ ਹੈ ਵੇ।
ਤਾਣਾ ਤਣਨ ਵਾਲੇ, ਇਲ੍ਹ, ਗਧਾ, ਕੁੱਤਾ,
ਤਿੱਤਰ, ਛੱਜ ਤੇ ਛੋਕਰਾ ਯਾਰ ਹੈ ਵੇ।
ਟੋਪਾ, ਛਾਨਣੀ, ਤਕੜੀ, ਮਰਕਬ, ਗਲਾ,
ਤਕਲਾ ਫਿਰਨ ਵਪਾਰ ਹੈ ਵੇ।

ਬਿੱਲੀ, ਅੱਗ, ਫ਼ਕੀਰ ਤੇ ਰੰਨ ਬਾਂਦੀ,
ਤਿਨ੍ਹਾਂ ਫਿਰਨ ਦੀ ਘਰੋ ਘਰੀ ਕਾਰ ਹੈ ਵੇ ।

(ਅ-236) **ਅਠਾਹਠ** :

ਇਕ ਰਹੱਸਮਈ ਅੰਕ ਜਿਸ ਨੂੰ ਬੜਾ ਪਵਿਤ੍ਰ ਮੰਨਿਆ ਗਿਆ ਹੈ । ਹਿੰਦੂਆਂ ਦੇ ਪ੍ਰਧਾਨ ਤੀਰਥ ਅਠਾਹਠ ਹਨ । (ਵੇਖੋ : ਅਠਸਠ ਤੀਰਥ)

(ਅ-237) **ਅਠਾਰਾਂ** :

ਇਕ ਰਹੱਸਮਈ ਅੰਕ ਜਿਸ ਦੀ ਵਰਤੋਂ ਕਈ ਪ੍ਰਸੰਗਾਂ ਵਿਚ ਕੀਤੀ ਗਈ ਹੈ । ਮਹਾਂ ਪੁਰਾਣ ਤੇ ਉਪ-ਪੁਰਾਣ ਅਠਾਰਾਂ ਮੰਨੇ ਗਏ ਹਨ । ਸੱਪਾਂ ਦੀਆਂ ਅਠਾਰਾਂ ਕੁਲਾਂ ਹਨ । ਸਿੱਧੀਆਂ ਅਠਾਰਾਂ ਮੰਨੀਆਂ ਜਾਂਦੀਆਂ ਹਨ । ਵਰਨਾਂ ਦੀ ਗਿਣਤੀ ਵੀ ਅਠਾਰਾਂ ਹੈ । ਸ੍ਰਿਸ਼ਟੀ ਦੀ ਸਾਰੀ ਬਨਸਪਤੀ ਅਠਾਰਾਂ ਭਾਰ ਦੇ ਬਰਾਬਰ ਹੈ । ਵਿੱਦਿਆ ਅਠਾਰਾਂ ਹਨ — ਚਾਰ ਵੇਦ, ਛੇ ਵੇਦਾਂਗ, ਮੀਮਾਂਸਾ, ਨਯਾਯ, ਪੁਰਾਣ, ਮਨੁ ਸਿਮ੍ਰਿਤੀ ਆਦਿ ਧਰਮ ਸ਼ਾਸਤ੍ਰ, ਆਯੁਰ ਵੇਦ, ਧੁਨਰ ਵੇਦ, ਗੰਧਰਵ ਵੇਦ ਅਤੇ ਨੀਤੀ ਸ਼ਾਸਤ੍ਰ । ਮਹਾਂਭਾਰਤ ਵਿਚ ਕੁਲ ਅਠਾਰਾਂ ਪੁਰਵ ਹਨ । ਮੁਸਲਮਾਨਾਂ ਵਿਚ ਵੀ ਅਠਾਰਾਂ ਦੀ ਗਿਣਤੀ ਰਹੱਸਮਈ ਮੰਨੀ ਜਾਂਦੀ ਹੈ । ਮੁਸਲਮਾਨੀ ਪੁਸਤਕ 'ਬਸਾਯਰ' ਅਨੁਸਾਰ ਖ਼ੁਦਾ ਨੇ ਸਾਰੀ ਮਖ਼ਲੂਕਾਤ ਅਠਾਰਾਂ ਹਜ਼ਾਰ ਪ੍ਰਕਾਰ ਦੀ ਬਣਾਈ : 'ਸਹਸ ਅਠਾਰਹ ਕਹਿਨ ਕਤੇਬਾ ਅਸਲੂ ਇਕੁ ਧਾਤੁ' — ਜਪੁਜੀ । ਮਹਾਂਭਾਰਤ ਦੇ ਯੁੱਧ ਵਿਚ ਅਠਾਰਾਂ ਖੂਹਣੀਆਂ ਲੜ ਮੋਈਆਂ ਸਨ ।

(ਅ-238) **ਅਠਾਰਾਂ ਭਾਰ** :

ਆਦਿ ਗ੍ਰੰਥ ਵਿਚ ਸ੍ਰਿਸ਼ਟੀ ਦੀ ਰਚਨਾ ਦੇ ਵਰਨਣ ਦੇ ਸੰਬੰਧ ਵਿਚ ਕਈ ਥਾਈਂ ਅਠਾਰਾਂ ਭਾਰ ਬਨਸਪਤੀ ਦਾ ਜ਼ਿਕਰ ਮਿਲਦਾ ਹੈ । ਜਿਵੇਂ "ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਵੈ ਸੁਆਉ" (ਵਾਰ ਮਾਝ ਮ: ੧) ਨਾਮਦੇਵ ਨੇ ਵੀ ਮਲ੍ਹਾਰ ਰਾਗ ਦੇ ਇਕ ਸ਼ਬਦ ਵਿਚ ਬਨਸਪਤੀ ਲਈ 'ਅਠਾਰਾਂ ਭਾਰ' ਦਾ ਪਦ ਵਰਤਿਆ ਹੈ । ਇਹ ਪਦ ਸ੍ਰਿਸ਼ਟੀ ਦੀ ਸਮੁੱਚੀ ਬਨਸਪਤੀ ਦਾ ਬੋਧਕ ਹੈ । ਹਿੰਦੂ ਸ਼ਾਸਤ੍ਰਾਂ ਅਨੁਸਾਰ ਜੇ ਸ੍ਰਿਸ਼ਟੀ ਦੇ ਸਭ ਬ੍ਰਿਛਾਂ ਬੂਟਿਆਂ ਦਾ ਇਕ ਇਕ ਪੱਤਾ ਜਾਂ ਫਲ ਇਕੱਠੇ ਕਰ ਕੇ ਤੋਲੇ ਜਾਣ ਤਾਂ ਉਨ੍ਹਾਂ ਦਾ ਵਜ਼ਨ 90 ਮਣ ਬਣਦਾ ਹੈ ਅਰਥਾਤ ਪੰਜ ਪੰਜ ਦੇ ਅਠਾਰਾਂ ਭਾਰ । ਤੋਲ ਅਨੁਸਾਰ ਇਕ ਭਾਰ ਪੰਜ ਮਣ ਕੱਚੇ ਦੇ ਬਰਾਬਰ ਹੈ । ਇਸ ਤਰ੍ਹਾਂ ਇਹ ਸਾਰਾ ਭਾਰ ਕੱਚੇ 90 ਮਣ ਬੈਠਦਾ ਹੈ । ਕੁਝ ਲੋਕ ਇਕ ਭਾਰ ਨੂੰ ਢਾਈ ਮਣ ਪੱਕੇ ਦੇ ਬਰਾਬਰ ਮੰਨਦੇ ਹਨ, ਇਸ ਤੋਲ ਅਨੁਸਾਰ ਬਨਸਪਤੀ ਦਾ ਕੁਲ ਵਜ਼ਨ 45 ਮਣ ਬਣਦਾ ਹੈ ।

(ਅ-239) **ਅਠੂਹਾਂ** :

ਜੇ ਕਿਸੇ ਸ਼ਖ਼ਸ ਨੂੰ ਅਠੂਹਾਂ ਲੜ ਜਾਵੇ ਤਾਂ ਪੀੜ ਦੂਰ ਕਰਨ ਲਈ ਮਾਂਦਰੀ/ਚੇਲੇ ਕੋਲ ਲਿਜਾਇਆ ਜਾਂਦਾ ਹੈ ਜੋ ਮੰਤਰ ਪੜ੍ਹ ਕੇ, ਡੰਗੀ ਹੋਈ ਥਾਂ ਉਪਰ ਫੂਕਾਂ ਮਾਰਦਾ ਹੈ । ਇਕ ਮੰਤਰ ਇਸ ਪ੍ਰਕਾਰ ਹੈ :

ਕਾਲਾ ਬਿਛੂਆ, ਕੰਕਰ ਵਾਲਾ
ਡੰਗੋ ਪੁਠਾ, ਪੂਛਲੋਂ ਕਾਲਾ,
ਸੋਨੇ ਦੀ ਗੜਵੀ, ਰੁਪੇ ਦਾ ਪਰਨਾਲਾ,
ਛਿੜ ਵੇ ਬਿਛੂਵੇ ਛਿੜ,
ਆਇਆ ਗੁਗੇ ਦਾ ਸਾਲਾ ।

ਸੱਪਾਂ ਅਤੇ ਅਠੂਹਿਆਂ ਦੇ ਡੰਗੇ ਦੇ ਇਲਾਜ ਬਾਰੇ ਇਸ ਤਰ੍ਹਾਂ ਦੇ ਕਈ ਝਾੜੇ ਪ੍ਰਚਲਤ ਹਨ । (ਵੇਖੋ : ਝਾੜੇ) ਕਈ ਇਸਤ੍ਰੀਆਂ ਪੈਰ ਦੇ ਅੰਗੂਠੇ ਦੇ ਨਾਲ ਵਾਲੀ ਉਂਗਲ ਵਿਚ ਇਕ ਵਿਸ਼ੇਸ਼ ਗਹਿਣਾ ਬਿਛੂਆ ਪਹਿਨਦੀਆਂ ਹਨ । ਧਾਰਨਾ ਹੈ ਕਿ ਇਸ ਗਹਿਣੇ ਨੂੰ ਧਾਰਨ ਨਾਲ ਕਦੇ ਸੱਪ ਅਠੂਆਂ ਡੰਗ ਨਹੀਂ ਮਾਰਦਾ ।

ਪੰਜਾਬੀ ਲੋਕ-ਗੀਤਾਂ ਵਿਚ ਅਠੂਹਾਂ ਕਾਮ ਭਾਵਨਾ ਦਾ ਪ੍ਰਤੀਕ ਹੈ । ਇਸੇ ਭਾਵ ਦਾ ਇਕ ਗੀਤ ਹੈ : ਹੁਣ ਤਾਂ ਮੈਂ ਮੋਈ ਲਾਲ ਵੀ, ਮੈਨੂੰ ਪੈਰ ਤੇ ਅਠੂਏਂ ਡੰਗ ਮਾਰਿਆ ।

(ਅ-240) **ਅਠੋਤਰੀ** :

ਇਕ ਵਿਸ਼ੇਸ਼ ਮਾਲਾ ਜਿਸ ਦੇ ਇਕ ਸੌ ਅੱਠ ਮਣਕੇ ਹੁੰਦੇ ਹਨ । ਹਿੰਦੂਆਂ ਵਿਚ ਇਕ ਸੌ ਅੱਠ ਰਹੱਸਮਈ ਅੰਕ ਹੈ । (ਵੇਖੋ : ਇਕ ਸੌ ਅੱਠ)

(ਅ-241) **ਅੰਡਜ :**

(ੳ) ਆਦਿਮ ਅੰਡਾ ਜਿਸ ਵਿਚੋਂ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਗਈ ਹੈ। ਪੁਰਾਣਾਂ ਅਨੁਸਾਰ ਬ੍ਰਹਮਾ ਨੇ ਪਹਿਲਾਂ ਇਕ ਅੰਡਾ ਉਤਪੰਨ ਕੀਤਾ। ਇਸ ਅੰਡੇ ਦੇ ਦੋ ਹਿੱਸੇ ਹੋ ਗਏ। ਉਪਰਲੇ ਅੱਧੇ ਭਾਗ ਨੇ ਆਕਾਸ਼ ਅਤੇ ਹੇਠਲੇ ਅੱਧੇ ਭਾਗ ਨੇ ਧਰਤੀ ਦਾ ਰੂਪ ਧਾਰਨ ਕਰ ਲਿਆ। ਉਸ ਅੰਡੇ ਵਿਚ ਜੋ ਨਸਾਂ ਸਨ, ਉਹ ਨਦੀ ਨਾਲੇ ਤੇ ਦਰਿਆਵਾਂ ਦਾ ਰੂਪ ਧਾਰ ਕੇ ਵਹਿਣ ਲੱਗੀਆਂ। ਗੁਰਬਾਣੀ ਵਿਚ ਵੀ ਇਸ ਮਿੱਥ ਵਲ ਸੰਕੇਤ ਹੈ, 'ਅੰਡਜ ਫੋੜ ਜੋੜ ਵਿਛੋੜੇ' (ਬਿਲਾਵਲ ਥਿੱਤੀ ਮ: ੧)। ਛਾਂਦੋਗਯ ਉਪਨਿਸ਼ਦ ਵਿਚ ਵੀ, ਸ੍ਰਿਸ਼ਟੀ ਦੀ ਉਤਪੱਤੀ ਬਾਰੇ ਇਸੇ ਤਰ੍ਹਾਂ ਦੀ ਮੁਢੀ ਮਿਲਦੀ ਹੈ।

(ਅ) ਜੀਵਾਂ ਦੀ ਉਤਪੱਤੀ ਦੀਆਂ ਚਾਰ ਖਾਣੀਆਂ ਵਿਚੋਂ ਇਕ; ਸੰਸਾਰ ਦੇ ਉਹ ਜੀਵ ਜੰਤੂ ਜੋ ਅੰਡੇ ਤੋਂ ਉਤਪੰਨ ਹੋਏ ਜਿਵੇਂ ਪੰਛੀ, ਸੱਪ, ਕਿਰਲੀ, ਮੱਛੀ, ਮੱਛਰ ਆਦਿ। ਇਹ ਸਾਮੂਹਿਕ ਰੂਪ ਵਿਚ ਅੰਡਜ ਪ੍ਰਾਣੀ ਅਖਵਾਉਂਦੇ ਹਨ।

(ਅ-242) **ਅਡਣਸ਼ਾਹੀਏ :**

(ਵੇਖੋ : ਸੇਵਾ ਪੰਥੀ)

(ਅ-243) **ਅੰਡਾ :**

ਲੋਕ-ਕਲਪਨਾ ਅਨੁਸਾਰ ਸੰਸਾਰ ਵਿਚ ਸਭ ਤੋਂ ਪਹਿਲਾਂ ਅੰਡੇ ਦੀ ਉਤਪੱਤੀ ਹੋਈ, ਜਿਸ ਦੇ ਫਟਣ ਨਾਲ ਹੇਠਲਾ ਹਿੱਸਾ ਧਰਤੀ ਅਤੇ ਉਪਰਲਾ ਆਕਾਸ਼ ਬਣਿਆ। ਛਾਂਦੋਗਯ ਉਪਨਿਸ਼ਦ ਤੇ ਕਈ ਹੋਰ ਥਾਈਂ ਇਸ ਮਿੱਥ ਦਾ ਵਰਨਣ ਹੈ। (ਵੇਖੋ : ਉਤਪੱਤੀ ਸ੍ਰਿਸ਼ਟੀ ਦੀ)

ਅੰਡਾ ਮਨੁੱਖ ਦਾ ਆਹਾਰ ਹੈ। ਪਰ ਵੈਸ਼ਨੋ ਮੱਤ ਵਾਲੇ ਅੰਡੇ ਵਿਚ ਜੀਵ ਦੀ ਹੋਂਦ ਮੰਨ ਕੇ ਉਸ ਨੂੰ ਨਹੀਂ ਖਾਂਦੇ। ਅੰਡੇ ਨਾਲ ਕਈ ਸ਼ਗਨ ਜੁੜੇ ਹੋਏ ਹਨ। ਸਫ਼ਰ ਨੂੰ ਜਾਂਦਿਆਂ ਜੇ ਰਾਹ ਵਿਚ ਕਿਸੇ ਬ੍ਰਿਛ ਹੇਠਾਂ ਜਾਂ ਆਲ੍ਹਣੇ ਵਿਚ ਸਾਬਤ ਅੰਡਾ ਵਿਖਾਈ ਦੇਵੇ ਤਾਂ ਲਾਭ, ਜੇ ਟੁਟਿਆ ਮਿਲੇ ਤਾਂ ਨੁਕਸਾਨ ਹੁੰਦਾ ਹੈ। ਬਾਂਝ ਇਸਤ੍ਰੀ ਜੇ ਕੁਕੜੀ ਵਾਂਗ ਚਾਲ੍ਹੀ ਦਿਨ ਅੰਡਿਆਂ ਨੂੰ ਸੇਵੇਂ ਤਾਂ ਉਸ ਦਾ ਬਾਂਝਪਨ ਖ਼ਤਮ ਹੋ ਜਾਂਦਾ ਹੈ। ਇਹ ਵਿਚਾਰ ਸੁਹਿਰਦ ਟੂਣੇ ਉਪਰ ਆਧਾਰਤ ਹੈ।

ਲੋਕ-ਪ੍ਰਤਿਭਾ ਨੇ ਅੰਡੇ ਨੂੰ ਬੁਝਾਰਤਾਂ ਵਿਚ ਇਉਂ ਮੂਰਤੀਮਾਨ ਕੀਤਾ ਹੈ — 'ਚੂਨੇ ਗਚ ਹਵੇਲੀ, ਦਰਵਾਜ਼ਾ ਕੋਈ ਨਾ।' ਅਥਵਾ 'ਕੰਨ ਹੈ ਪਰ ਸੁਣਦਾ ਨਹੀਂ, ਰੂਪ ਹੈ ਪਰ ਸ਼ਿੰਗਾਰਦਾ ਨਹੀਂ, ਕੋਟ ਹੈ ਦਰਵਾਜ਼ਾ ਨਹੀਂ, ਘਰ ਵਿਚ ਹੈ ਪਰ ਬੋਲਦਾ ਨਹੀਂ।' ਅੰਡਾ ਅਖਾਣਾਂ ਤੇ ਲੋਕ-ਕਹਾਣੀਆਂ ਦਾ ਵੀ ਵਿਸ਼ਾ ਰਿਹਾ ਹੈ।

(ਅ-244) **ਅੱਡੀ ਛੜੱਪਾ :**

ਬੱਚਿਆਂ ਦੀ ਇਕ ਖੇਡ। (ਵੇਖੋ : ਅੱਡੀ ਟੱਪਾ)

(ਅ-245) **ਅੱਡੀ ਟੱਪਾ :**

(1) ਛੋਟੇ ਬੱਚਿਆਂ ਦੀ ਇਕ ਖੇਡ; ਇਸ ਖੇਡ ਵਿਚ ਦੋ ਬੱਚੇ ਦਾਈਆਂ ਬਣਦੇ ਹਨ ਜੋ ਇਕ ਦੂਜੇ ਦੇ ਆਹਮੋ ਸਾਹਮਣੇ ਬੈਠ ਕੇ ਹੱਥਾਂ ਦੀਆਂ ਮੁੱਠਾਂ, ਗਿੱਠਾਂ ਅਤੇ ਪੈਰਾਂ ਨਾਲ ਕੁਝ ਸ਼ਕਲਾਂ, ਢਾਂਚੇ ਤੇ ਮੁਨਾਰੇ ਆਦਿ ਬਣਾਉਂਦੇ ਹਨ ਅਤੇ ਹਰ ਨਵਾਂ ਆਕਾਰ ਪਹਿਲੇ ਨਾਲੋਂ ਉੱਚਾ ਬਣਾਇਆ ਜਾਂਦਾ ਹੈ। ਬੱਚੇ ਬਰਾਬਰ ਦੀਆਂ ਦੋ ਧਿਰਾਂ ਬਣਾ ਕੇ ਵਾਰੋ ਵਾਰੀ ਉਨ੍ਹਾਂ ਆਕਾਰਾਂ ਉਤੋਂ ਟਪਦੇ ਹਨ। ਹਰ ਧਿਰ ਦੀਆਂ ਦੋ ਦਾਈਆਂ ਵਾਰੋ ਵਾਰੀ ਢਾਂਚੇ ਬਣਾ ਕੇ ਦੂਜੀ ਧਿਰ ਦੇ ਬੱਚਿਆਂ ਨੂੰ ਉਪਰੋਂ ਟਪਾਂਦੀਆਂ ਹਨ।

ਪਹਿਲਾਂ ਇਕ ਧਿਰ ਦੀਆਂ ਦੋਵੇਂ ਦਾਈਆਂ ਪੈਰਾਂ ਨੂੰ ਲੇਟਵੇਂ ਦਾਅ ਰਖ ਕੇ ਖੂਹੀ ਬਣਾਉਂਦੀਆਂ ਹਨ, ਫਿਰ ਪੈਰ ਖੜੇ ਦਾਅ ਕਰ ਕੇ ਖੂਹ ਦਾ ਮਣਾਂ ਉਸਾਰਿਆ ਜਾਂਦਾ ਹੈ। ਅਗਲੀ ਵਾਰ ਇਕ ਪੈਰ ਉਤੇ ਦੂਜਾ ਪੈਰ ਖੜਾ ਕਰ ਕੇ ਕੰਧ ਬਣਾਈ ਜਾਂਦੀ ਹੈ। ਉਸ ਤੋਂ ਅਗਲੀ ਵਾਰ ਖੜੇ ਪੈਰਾਂ ਉਪਰ ਇਕ ਮੁੱਠ ਰਖ ਕੇ ਛੱਤ ਪਾਈ ਜਾਂਦੀ ਹੈ। ਉਸ ਤੋਂ ਅਗਲੀ ਵਾਰ ਦੋ ਮੁੱਠਾਂ; ਫਿਰ ਇਕ ਗਿੱਠ; ਫਿਰ ਇਕ ਗਿੱਠ ਤੇ ਇਕ ਮੁੱਠ, ਫਿਰ ਦੋਵੇਂ ਗਿੱਠਾਂ ਖੜੀਆਂ ਕਰ ਕੇ ਸਭ ਤੋਂ ਉੱਚਾ ਮੁਨਾਰਾ ਖੜਾ ਕੀਤਾ ਜਾਂਦਾ ਹੈ। ਹਰ ਵਾਰ ਦੂਜੀ ਧਿਰ ਦੇ ਬੱਚੇ ਦੂਰੋਂ ਦੌੜਦੇ ਹੋਏ ਵਾਰੋ ਵਾਰ ਆਉਂਦੇ

ਤੇ ਮੁਨਾਰਿਆਂ ਨੂੰ ਟੱਪਦੇ ਜਾਂਦੇ ਹਨ। ਜੇ ਟੱਪਣ ਵਾਲੇ ਬੱਚੇ ਦਾ ਕੋਈ ਅੰਗ ਪੈਰ ਮੁਨਾਰੇ ਨਾਲ ਛੂਹ ਜਾਵੇ ਤਾਂ ਉਲੰਘਣਾ ਹੋ ਜਾਂਦੀ ਹੈ ਤੇ ਟੱਪਣ ਵਾਲੀ ਧਿਰ ਦੀ ਵਾਰੀ ਮੁਕ ਜਾਂਦੀ ਹੈ। ਜਿਹੜੀ ਧਿਰ ਸਭ ਤੋਂ ਪਹਿਲਾਂ ਸਾਰੇ ਮਿਥੇ ਹੋਏ ਮੁਨਾਰੇ ਟੱਪ ਜਾਵੇ ਉਹਾ ਜੇਤੂ ਹੁੰਦੀ ਹੈ। ਜਦੋਂ ਤਕ ਕਿਸੇ ਧਿਰ ਦੇ ਸਾਰੇ ਬੱਚੇ ਇਕ ਇਕ ਕਰ ਕੇ ਵਾਰੋ ਵਾਰੀ ਕਿਸੇ ਮੁਨਾਰੇ ਤੋਂ, ਬਿਨਾਂ ਕਿਸੇ ਉਲੰਘਣਾ ਦੇ ਟੱਪ ਨਹੀਂ ਜਾਂਦੇ, ਉਦੋਂ ਤਕ ਉਸ ਤੋਂ ਅਗਲਾ ਮੁਨਾਰਾ ਨਹੀਂ ਬਣਾਇਆ ਜਾਂਦਾ।

(2) ਕੁੜੀਆਂ ਦੀ ਇਕ ਖੇਡ ਜਿਸ ਵਿਚ ਰੱਸੀ ਨੂੰ ਟਪਦਿਆਂ ਹੋਇਆਂ ਪੈਰਾਂ ਹੇਠੋਂ ਲੰਘਾਇਆ ਜਾਂਦਾ ਹੈ। (ਵੇਖੋ : ਰੱਸੀ ਟੱਪਾ)

(3) ਕਈ ਥਾਈਂ ਛਟਾਪੂ, ਪੀਚੋ ਜਾਂ ਸਮੁੰਦਰ ਪਟੜਾ ਆਦਿ ਖੇਡਾਂ ਨੂੰ ਵੀ ਅੱਡੀ ਟੱਪਾ ਕਿਹਾ ਜਾਂਦਾ ਹੈ। (ਵੇਖੋ : ਛਟਾਪੂ)

### (ਅ-246) ਅੱਡੀ ਠੂਠੀ :

ਵਿਆਹ ਨਾਲ ਸੰਬੰਧਿਤ ਇਕ ਰੀਤ; ਜਦੋਂ ਵਿਆਂਹਦੜ ਮੁੰਡੇ ਨੂੰ ਵਟਣਾ ਮਲ ਕੇ ਨੁਹਾਇਆ ਜਾਂਦਾ ਹੈ ਤਾਂ ਉਹ ਚੌਂਕੀ ਤੋਂ ਉਤਰਦੇ ਸਮੇਂ, ਕੋਲ ਹੀ ਪਈਆਂ ਠੂਠੀਆਂ ਨੂੰ ਅੱਡੀ ਮਾਰ ਕੇ ਭੰਨਦਾ ਹੈ। ਇਨ੍ਹਾਂ ਠੂਠੀਆਂ ਵਿਚ ਪੈਸੇ ਰਖੇ ਜਾਂਦੇ ਹਨ ਜੋ ਨਾਈ ਨੂੰ ਲਾਗ ਵਜੋਂ ਦੇ ਦਿਤੇ ਜਾਂਦੇ ਹਨ। ਅੱਡੀ ਨਾਲ ਠੂਠੀ ਭੰਨਣਾ ਵਰ ਦਾ ਆਪਣੇ ਪੁਰਾਣੇ ਬ੍ਰਹਮਚਾਰੀ ਜੀਵਨ ਨਾਲੋਂ ਨਾਤਾ ਤੋੜਨ ਦਾ ਪ੍ਰਤੀਕ ਹੈ।

### (ਅ-247) ਅੱਡੀ ਪਿਛੇ ਗੂੰਹ :

ਜਦੋਂ ਕੋਈ ਸ਼ਖ਼ਸ ਕਿਸੇ ਛੋਟੇ ਬੱਚੇ ਦੇ ਰੂਪ, ਫੱਬਨ ਜਾਂ ਕਿਸੇ ਗੁਣ ਦੀ ਪ੍ਰਸ਼ੰਸਾ ਕਰ ਰਿਹਾ ਹੋਵੇ ਤਾਂ ਬੱਚੇ ਦੀ ਮਾਂ ਜਾਂ ਭੈਣ ਨਜ਼ਰ-ਟਪਾਰ ਤੋਂ ਰੱਖਿਆ ਵਜੋਂ ਇਹ ਟੱਪਾ ਉਚਾਰਦੀ ਹੈ :

ਮੂੰਹੋਂ ਵਿਚ ਰੂੰ ਈ,
ਅੱਡੀ ਪਿਛੇ ਗੂੰਹ ਈ।

ਇਸ ਤਰ੍ਹਾਂ ਬੱਚੇ ਨੂੰ ਨਜ਼ਰ ਨਹੀਂ ਲੱਗਦੀ। (ਵੇਖੋ : ਨਜ਼ਰ)

### (ਅ-248) ਅੱਡੀਆਂ ਘਸਾਣੀਆਂ :

ਮੀਂਹ ਵਸਾਉਣ ਲਈ ਇਕ ਟੂਣਾ; ਗਰਮੀਆਂ ਵਿਚ ਜਦੋਂ ਲੰਮੇਂ ਸਮੇਂ ਤਕ ਬਰਸਾਤ ਨਾ ਹੋਵੇ ਤਾਂ ਛੋਟੇ ਬੱਚੇ ਇੰਦਰ ਦੇਵਤੇ ਨੂੰ ਪਤਿਆਣ ਲਈ ਜ਼ਮੀਨ ਉਤੇ ਪੈਰਾਂ ਦੀਆਂ ਅੱਡੀਆਂ ਰਗੜਦੇ ਹੋਏ ਰਲ ਕੇ ਇਹ ਗੀਤ ਗਾਉਂਦੇ ਹਨ :—

ਰੱਬਾ ਰੱਬਾ ਮੀਂਹ ਵਸਾ
ਖੱਖੜੀਆਂ ਖਰਬੂਜ਼ੇ ਲਾ
ਸਾਡੀ ਕੋਠੀ ਦਾਣੇ ਪਾ।
ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾ ਦੇ ਜ਼ੋਰੋ ਜ਼ੋਰ।
ਅੱਡੀਆਂ ਘਸਾਵਾਂਗੇ
ਮੀਂਹ ਵਰ੍ਹੂ ਤਾਂ ਘਰ ਨੂੰ ਜਾਵਾਂਗੇ।

ਇਹ ਬਾਲਕਾਂ ਦੀ ਵਿਧੀ ਹੈ। ਬਾਲ ਸਮਝਦੇ ਹਨ ਕਿ ਅੱਡੀਆਂ ਰਗੜਨ ਨਾਲ ਇੰਦਰ ਦੇਵਤਾ ਪਸੀਜ ਜਾਂਦਾ ਹੈ ਤੇ ਮੀਂਹ ਵਸਣ ਲੱਗਦਾ ਹੈ। ਮੀਂਹ ਵਸਾਉਣ ਲਈ ਕਈ ਹੋਰ ਟੂਣੇ-ਟੱਪੇ ਤੇ ਕਰਮ-ਕਾਂਡ ਲੋਕਾਂ ਵਿਚ ਪ੍ਰਚਲਤ ਹਨ। (ਵੇਖੋ : ਮੀਂਹ)

### (ਅ-249) ਅਣਗਿਣਤ ਵਰ੍ਹਾ :

ਹਿੰਦੂਆਂ ਵਿਚ ਬੱਚੇ ਦੀ ਉਮਰ ਦਾ ਅੱਠਵਾਂ ਦਿਨ/ਮਹੀਨਾ, ਵਿਸ਼ੇਸ਼ ਕਰ ਕੇ ਅੱਠਵਾਂ ਵਰ੍ਹਾ ਅਸ਼ੁਭ ਮੰਨਿਆ ਗਿਆ ਹੈ। ਇਸ ਵਰ੍ਹੇ ਵਿਚ ਬੱਚੇ ਨੂੰ ਕਈ ਤਰ੍ਹਾਂ ਦੇ ਘਾਤਕ ਰੋਗ ਲੱਗਣ ਦਾ ਡਰ ਰਹਿੰਦਾ ਹੈ। ਇਸੇ ਵਰ੍ਹੇ ਬੱਚੇ ਉਤੇ ਬਦਰੂਹਾਂ ਦਾ ਅਸਰ ਵੀ ਵਧੇਰੇ ਹੁੰਦਾ ਹੈ। ਇਸ ਲਈ ਕਈ ਹਿੰਦੂ ਮੰਗਲ ਭਾਸ਼ਾ ਵਿਚ ਉਮਰ ਦੇ ਅਠਵੇਂ ਵਰ੍ਹੇ ਨੂੰ 'ਅਣਗਿਣਤ ਵਰ੍ਹਾ' ਕਹਿੰਦੇ ਹਨ।

ਗਰਭਵਤੀ ਇਸਤ੍ਰੀ ਕਦੇ ਅੱਠ ਦਾ ਅੰਕ ਨਹੀਂ ਉਚਾਰਦੀ। ਜੇ ਉਚਾਰੇ ਤਾਂ ਅਠਮਾਹਾਂ ਬੱਚਾ ਹੋਣ ਦਾ ਅੰਦੇਸ਼ਾ ਹੈ, ਇਸ ਲਈ ਅੱਠ ਦੇ ਅੰਕ ਲਈ ਉਹ ਹਮੇਸ਼ਾਂ 'ਅਣਗਿਣਤ' ਸ਼ਬਦ ਵਰਤਦੀ ਹੈ। (ਵੇਖੋ : ਅੱਠ) ਜੇ ਕਿਸੇ ਤੀਵੀਂ ਦੇ ਬਾਲ ਨਾਵੇਂ ਵਰ੍ਹੇ ਜਾਂ ਕਿਸੇ ਹੋਰ ਵਰ੍ਹੇ ਮਰ ਗਿਆ ਹੋਵੇ ਤਾਂ ਅਗਲੇ ਬਾਲ ਦੇ ਉਸ ਵਰ੍ਹੇ ਨੂੰ ਵੀ ਅਸ਼ੁਭ ਜਾਣ ਕੇ ਉਸ ਵਰ੍ਹੇ ਨੂੰ 'ਅਣਗਿਣਤ ਵਰ੍ਹਾ' ਕਹਿੰਦੇ ਹਨ।

(ਅ-250) **ਅਣਦ** :

ਖੱਤਰੀਆਂ ਦੀ ਇਕ ਗੋਤ, (ਵੇਖੋ : ਖੱਤਰੀ)।

(ਅ-251) **ਅਣਿਮਾ** :

ਇਕ ਸਿਧੀ, ਜਿਸ ਦੀ ਸ਼ਕਤੀ ਦੁਆਰਾ ਸਿਧ ਇੱਛਾ ਅਨੁਸਾਰ ਜਿਤਨਾ ਛੋਟੇ ਤੋਂ ਛੋਟਾ ਰੂਪ ਧਾਰਨ ਕਰਨਾ ਚਾਹੇ ਧਾਰ ਲੈਂਦਾ ਹੈ। ਇਹ ਅਠਾਰਾਂ ਸਿਧੀਆਂ ਵਿਚੋਂ ਪ੍ਰਥਮ ਸਿਧੀ ਹੈ। ਮਧਕਾਲ ਵਿਚ ਸਿਧ ਤੇ ਜੋਗੀ ਅਜਿਹੀਆਂ ਅਨੂਪਮ ਸ਼ਕਤੀਆਂ ਦੇ ਸਵਾਮੀ ਮੰਨੇ ਜਾਂਦੇ ਸਨ। (ਵੇਖੋ : ਸਿਧੀਆਂ) ਰਾਮਾਇਣ ਅਨੁਸਾਰ ਹਨੂੰਮਾਨ ਅਣਿਮਾ ਸ਼ਕਤੀ ਦੁਆਰਾ ਲਘੂ ਰੂਪ ਧਾਰਨ ਕਰ ਕੇ ਸੁਰਭਾ ਦੇ ਮੂੰਹ ਅੰਦਰ ਲੰਘ ਗਿਆ ਅਤੇ ਫਿਰ 'ਮਹਿਮਾ' ਦੁਆਰਾ ਉਸ ਨੇ ਵਿਰਾਟ ਰੂਪ ਧਾਰਨ ਕਰ ਲਿਆ, ਫਲਸਰੂਪ ਸੁਰਭਾ ਦੀ ਕਾਇਆ ਦੇ ਟੁਕੜੇ ਟੁਕੜੇ ਹੋ ਗਏ। ਪਰੀ ਕਹਾਣੀਆਂ ਵਿਚ ਜਿੰਨ ਲੋੜ ਅਨੁਸਾਰ ਲਘੂ ਜਾਂ ਵਿਰਾਟ ਸਰੂਪ ਧਾਰਨ ਕਰ ਲੈਂਦੇ ਹਨ। ਨਾਇਕ ਵੀ ਕੁਝ ਸਿਧੀਆਂ ਪ੍ਰਾਪਤ ਕਰ ਕੇ ਜਿੰਨ ਉਤੇ ਵਿਜੈ ਪ੍ਰਾਪਤ ਕਰਦਾ ਹੈ।

(ਅ-252) **ਅੰਤਕਰ** :

ਸਕੰਦ ਪੁਰਾਣ ਅਨੁਸਾਰ ਬਵਿੰਜਾ ਬੀਰਾਂ ਵਿਚੋਂ ਇਕ ਬੀਰ। (ਵੇਖੋ : ਬੀਰ)

(ਅ-253) **ਅੰਤਕ** :

ਅੰਤ ਕਰਨ ਵਾਲਾ, ਯਮ ਦਾ ਇਕ ਨਾਉਂ। (ਵੇਖੋ : ਯਮ)

(ਅ-254) **ਅੰਤਕਾਲ** :

ਲੋਕ-ਨਿਸਚੇ ਅਨੁਸਾਰ ਮਰਨ ਵੇਲੇ ਪ੍ਰਾਣੀ ਦੇ ਮਨ ਵਿਚ ਜੋ ਕਾਮਨਾ ਹੋਵੇ, ਉਸੇ ਮੁਤਾਬਕ ਉਹ ਅਗਲਾ ਜਨਮ ਧਾਰਨ ਕਰਦਾ ਹੈ। ਇਹ ਸੰਕਲਪ ਭਾਰਤੀ ਅਧਿਆਤਮਕ ਜੀਵਨ ਵਿਚ ਚੋਖੀ ਮਹੱਤਤਾ ਰਖਦਾ ਹੈ। ਅਸਲ ਵਿਚ ਜੋ ਸੰਸਕਾਰ ਜੀਵਨ ਵਿਚ ਬਣ ਚੁਕੇ ਹੁੰਦੇ ਹਨ, ਉਹੋ ਹੀ ਅੰਤ ਵੇਲੇ ਪ੍ਰਬਲ ਰਹਿੰਦੇ ਹਨ ਤੇ ਭਾਰਤੀ ਨਿਸਚੇ ਅਨੁਸਾਰ ਉਨ੍ਹਾਂ ਸੰਸਕਾਰਾਂ ਦੇ ਆਧਾਰ ਉਤੇ ਹੀ ਪ੍ਰਾਣੀ ਅਗਲਾ ਜਨਮ ਧਾਰਦਾ ਹੈ।

ਭਗਤ ਤ੍ਰਿਲੋਚਨ ਨੇ ਇਕ ਸ਼ਬਦ ਵਿਚ ਦਸਿਆ ਹੈ ਕਿ ਅੰਤ ਵੇਲੇ ਲਛਮੀ ਦਾ ਸਿਮਰਨ ਕਰਨ ਵਾਲਾ ਪ੍ਰਾਣੀ ਅਗਲੇ ਜਨਮ ਸਰਪ ਬਣਦਾ ਹੈ; ਇਸਤ੍ਰੀ ਨੂੰ ਸਿਮਰਨ ਵਾਲਾ ਵੇਸਵਾ; ਲੜਕੇ ਦਾ ਸਿਮਰਨ ਕਰਨ ਵਾਲਾ ਸੂਕਰ ਅਤੇ ਮਹਿਲ ਮਾੜੀਆਂ ਵਲ ਧਿਆਨ ਰਖਣ ਵਾਲਾ ਪ੍ਰੇਤ; ਪਰ ਜਿਸ ਪ੍ਰਾਣੀ ਦੀ ਬ੍ਰਿਤੀ ਪ੍ਰਭੂ ਵਿਚ ਜੁੜ ਜਾਂਦੀ ਹੈ, ਉਹ ਮੁਕਤ ਹੋ ਜਾਂਦਾ ਹੈ :—

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਸਰਪ ਜੋਨਿ ਵਲਿ ਵਲਿ ਅਉਤਰੈ। ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ। ਰਹਾਉ। ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ। ਬੇਸਵਾ ਜੋਨਿ ਵਲਿ ਵਲਿ ਅਉਤਰੈ। ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਸੂਕਰ ਜੋਨਿ ਵਲਿ ਵਲਿ ਅਉਤਰੈ। ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਪ੍ਰੇਤਿ ਜੋਨਿ ਵਲਿ ਵਲਿ ਅਉਤਰੈ। ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ। (ਗੁਜਰੀ ਰਾਗ)

ਪੁਰਾਣ ਕਥਾਵਾਂ ਅਨੁਸਾਰ ਜੇ ਕੋਈ ਪਾਪੀ ਪ੍ਰਾਣੀ ਵੀ ਅੰਤ ਵੇਲੇ ਨਾਰਾਇਣ ਦਾ ਸਿਮਰਨ ਕਰੇ ਤਾਂ ਇਸੇ ਛਿਣ ਸਿਮਰਨ ਸਦਕਾ ਉਸ ਦੀ ਆਤਮਾ ਮੁਕਤ ਹੋ ਜਾਂਦੀ ਹੈ। ਅਜਾਮਲ ਬ੍ਰਾਹਮਣ ਨੇ ਭਾਵੇਂ ਵੇਸਵਾ ਨਾਲ ਵਿਆਹ ਕੀਤਾ ਹੋਇਆ ਸੀ ਅਤੇ ਹਮੇਸ਼ਾਂ ਕਾਮ ਵਾਸ਼ਨਾ ਵਿਚ ਲੀਨ ਰਹਿੰਦਾ ਸੀ। ਪਰ ਅੰਤ ਵੇਲੇ ਉਸ ਨੇ ਆਪਣੇ ਸਭ ਤੋਂ ਛੋਟੇ ਲੜਕੇ ਨਾਰਾਇਣ ਨੂੰ ਆਵਾਜ਼ ਮਾਰੀ। ਨਾਰਾਇਣ ਪਦ ਪ੍ਰਭੂ ਦਾ ਵੀ ਬੋਧਿਕ ਹੈ, ਜਿਸ ਕਰ ਕੇ ਅਜਾਮਲ ਮੁਕਤ ਹੋ ਗਿਆ। (ਵੇਖੋ : ਅਜਾਮਲ)

(ਅ-255) **ਅੰਤਜ** :

ਸਭ ਤੋਂ ਹੇਠਲੇ ਵਰਣ ਦੇ ਲੋਕ; ਨੀਚ ਜਾਤੀਆਂ। ਅਤ੍ਰੀ ਰਿਖੀ ਨੇ ਸਤ ਪ੍ਰਕਾਰ ਦੇ ਅੰਤਜ ਮੰਨੇ ਹਨ, ਜੋ ਇਹ ਹਨ : ਧੋਬੀ, ਚਮਾਰ,

ਨੱਟ, ਕੁੰਜੜ, ਝੀਵਰ, ਕਲਾਲ, ਭੀਲ। (ਵੇਖੋ : ਵਰਣ)

(ਅ-256) **ਅੰਤ-ਦਾਨ** :

ਕਿਸੇ ਪ੍ਰਾਣੀ ਨਮਿਤ ਪ੍ਰਾਣ ਤਿਆਗਣ ਸਮੇਂ ਦਿਤਾ ਆਖ਼ਰੀ ਦਾਨ। ਇਹ ਦਾਨ ਪ੍ਰਾਣੀ ਨੂੰ ਜ਼ਮੀਨ ਉਪਰ ਲਿਟਾਣ ਮਗਰੋਂ ਦੀਵਾ ਬਾਤੀ ਦੀ ਰਸਮ ਵੇਲੇ ਕੀਤਾ ਜਾਂਦਾ ਹੈ ਅਤੇ ਅੰਨ ਬਸਤ੍ਰ, ਗਊ, ਰੁਪਏ ਆਦਿ ਪ੍ਰਾਣੀ ਦੇ ਹੱਥੋਂ ਛੁਹਾ ਕੇ ਦਾਨ ਕਰ ਦਿਤੇ ਜਾਂਦੇ ਹਨ। ਇਸ ਦਾਨ ਨੂੰ 'ਛਾਇਆ ਦਾਨ' ਵੀ ਕਹਿੰਦੇ ਹਨ ਅਤੇ ਇਸ ਦਾ ਮਨੋਰਥ ਪ੍ਰਾਣੀ ਨੂੰ ਅਗਲੇ ਲੋਕ ਦੇ ਦੁਖ ਤਸੀਹਿਆਂ ਤੋਂ ਮੁਕਤੀ ਦਵਾਣੀ ਹੈ। ਪਹਿਲਿਆਂ ਵਿਚ ਇਹ ਦਾਨ ਪ੍ਰਾਣੀ ਦੇ ਨਾਲ ਹੀ ਦਾਹ ਦਿਤਾ ਜਾਂਦਾ ਸੀ, ਪਰ ਮਗਰੋਂ ਅਚਾਰਜੀ ਤੇ ਬ੍ਰਾਹਮਣ ਇਸ ਦਾਨ ਉਪਰ ਆਪਣਾ ਹੱਕ ਜਿਤਲਾਣ ਲੱਗੇ। ਕੁੱਲੂ ਵਿਚ ਇਸ ਦਾਨ ਨੂੰ ਅੰਤ-ਦਾਨ ਕਹਿੰਦੇ ਹਨ। ਜਦੋਂ ਪ੍ਰਾਣੀ ਸੁਆਸ ਤਿਆਗਣ ਲੱਗਦਾ ਹੈ ਤਾਂ ਉਸ ਦਾ ਕੋਈ ਸੰਬੰਧੀ ਕਿਸੇ ਭਾਂਡੇ ਵਿਚ ਸਤਨਾਜਾ (ਸਤ ਪ੍ਰਕਾਰ ਦੇ ਅੰਨ), ਕੁਝ ਲੂਣ, ਉਨ, ਲੋਹਾ ਤੇ ਨਕਦ ਰੁਪਏ ਰਖ ਕੇ ਉਸ ਦੇ ਹੱਥਾਂ ਨਾਲ ਛੁਹਾ ਕੇ ਦਾਨ ਕਰਦਾ ਹੈ। ਕਈ ਧਨੀ ਲੋਕ ਇਸ ਸਮੇਂ ਗਊ ਵੀ ਮਣਸਦੇ ਹਨ, ਜਿਸ ਨੂੰ ਬੈਤਰਨੀ ਕਿਹਾ ਜਾਂਦਾ ਹੈ।

ਜੇ ਉਹ ਪ੍ਰਾਣੀ ਮਰ ਜਾਵੇ ਤਾਂ ਇਹ ਸਾਰਾ ਦਾਨ ਅਚਾਰਜੀ ਨੂੰ ਦਿਤਾ ਜਾਂਦਾ ਹੈ, ਪਰ ਜੇ ਉਹ ਬਚ ਜਾਵੇ ਤਾਂ ਇਹ ਦਾਨ ਕੁਲ-ਪ੍ਰੋਹਿਤ ਨੂੰ ਭੇਟ ਕੀਤਾ ਜਾਂਦਾ ਹੈ।

(ਅ-257) **ਅੰਤਰਾ** :

ਕਿਸੇ ਗੀਤ ਵਿਚ ਅਸਥਾਈ ਦੀ ਤੁਕ ਤੋਂ ਛੁਟ ਬਾਕੀ ਦੇ ਟੱਪੇ ਜਾਂ ਪਦੇ। ਪੰਜਾਬੀ ਦੇ ਲੋਕ ਗੀਤ ਕਈ ਪਦਿਆਂ ਅਥਵਾ ਟੱਪਿਆਂ ਵਿਚ ਵੰਡੇ ਹੁੰਦੇ ਹਨ। ਅਸਥਾਈ ਦੀ ਤੁਕ, ਜਿਸ ਵਿਚ ਗੀਤ ਦੀ ਮੂਲ ਭਾਵਨਾ ਤੇ ਸੰਦੇਸ਼ ਹੁੰਦਾ ਹੈ, ਬਾਰ ਬਾਰ ਦੁਹਰਾਈ ਜਾਂਦੀ ਹੈ। (ਵੇਖੋ : ਅਸਥਾਈ) ਅੰਤਰਿਆਂ ਵਿਚ ਅਸਥਾਈ ਦੇ ਭਾਵ ਦਾ ਹੀ ਵਿਸਤਾਰ ਜਾਂ ਪ੍ਰਕਾਸ਼ ਹੁੰਦਾ ਹੈ। ਪੰਜਾਬੀ ਦੇ ਲੋਕ-ਗੀਤਾਂ ਵਿਚ ਅਸਥਾਈ ਦੀਆਂ ਅਨੇਕਾਂ ਤੁਕਾਂ ਤਾਂ ਪੁਰਾਣੇ ਵੇਲਿਆਂ ਤੋਂ ਚਲੀਆਂ ਆ ਰਹੀਆਂ ਹਨ, ਪਰ ਅੰਤਰੇ ਸਮੇਂ ਤੇ ਸਮਾਜਿਕ ਵਾਤਾਵਰਨ ਦੇ ਅਨੁਕੂਲ ਬਦਲਦੇ ਰਹੇ ਹਨ।

(ਅ-258) **ਅਤਰੀ** :

ਇਕ ਮਹਾਨ ਰਿਸ਼ੀ ਜਿਸ ਦੀ ਗਿਣਤੀ ਸਪਤ ਰਿਸ਼ੀਆਂ ਅਤੇ ਦਸ ਪਰਜਾਪਤੀਆਂ ਵਿਚ ਕੀਤੀ ਜਾਂਦੀ ਹੈ। ਅਤਰੀ ਰਿਗ ਵੇਦ ਦੀਆਂ ਅਨੇਕਾਂ ਰਿਚਾਵਾਂ ਦਾ ਕਰਤਾ ਵੀ ਹੈ। ਅਤਰੀ ਬ੍ਰਹਮਾ ਦਾ ਪੁੱਤਰ ਸੀ ਜੋ ਉਨ੍ਹਾਂ ਦੇ ਨੇਤਰਾਂ ਵਿਚੋਂ ਉਤਪੰਨ ਹੋਇਆ। ਕੁਝ ਕਥਾਵਾਂ ਵਿਚ ਅਤਰੀ ਨੂੰ ਬ੍ਰਹਮਾ ਦੇ ਹਿਰਦੇ ਤੋਂ ਪੈਦਾ ਹੋਇਆ ਵੀ ਮੰਨਿਆ ਗਿਆ ਹੈ। ਅਤਰੀ ਦਾ ਵਿਆਹ ਕਰਦਮ ਦੀ ਪੁੱਤਰੀ ਅਨਸੂਯਾ ਨਾਲ ਹੋਇਆ, ਜਿਸ ਤੋਂ ਦੱਤਾਤ੍ਰੇਯ ਦਾ ਜਨਮ ਹੋਇਆ। ਇਕ ਕਥਾ ਅਨੁਸਾਰ, ਪੁੱਤਰ ਦੀ ਪ੍ਰਾਪਤੀ ਲਈ, ਅਤਰੀ ਨੇ ਆਪਣੀ ਪਤਨੀ ਸਮੇਤ ਰਿਖਸ਼ ਪਰਬਤ ਉਤੇ ਘੋਰ ਤੱਪ ਕੀਤਾ। ਤ੍ਰਿਮੂਰਤੀ ਦੀ ਪੂਜਾ ਕਰਨ ਕਰ ਕੇ ਉਨ੍ਹਾਂ ਦੇ ਘਰ, ਤਿੰਨਾਂ ਦੇਵਤਿਆਂ ਦੇ ਅੰਸ਼ ਰੂਪ ਵਿਚ, ਤਿੰਨ ਪੁਤ੍ਰ—ਦੱਤਾਤ੍ਰੇਯ, ਦੁਰਬਾਸ਼ਾ ਅਤੇ ਸੋਮ ਉਤਪੰਨ ਹੋਏ ਜੋ ਕ੍ਰਮਵਾਰ ਵਿਸ਼ਨੂੰ, ਸ਼ਿਵ ਤੇ ਬ੍ਰਹਮਾ ਦੇ ਅੰਸ਼ ਰੂਪ ਸਨ! ਇਕ ਹੋਰ ਕਥਾ ਅਨੁਸਾਰ ਅਤਰੀ ਦਾ ਪੁੱਤਰ ਸੋਮ, ਉਨ੍ਹਾਂ ਦੇ ਨੇਤਰਾਂ ਵਿਚੋਂ ਪੈਦਾ ਹੋਇਆ ਸੀ।

ਰਾਮਾਇਣ ਅਨੁਸਾਰ ਬਨਬਾਸ ਦੇ ਦਿਨਾਂ ਵਿਚ, ਰਾਮ ਚੰਦਰ ਸੀਤਾ ਸਮੇਤ ਅਤਰੀ ਅਤੇ ਅਨਸੂਯਾ ਨੂੰ, ਉਨ੍ਹਾਂ ਦੇ ਆਸ਼ਰਮ ਵਿਚ ਮਿਲਣ ਲਈ ਗਏ ਸਨ, ਜੋ ਚਿਤਰਕੂਟ ਦੇ ਦੱਖਣ ਵਿਚ ਸਥਿਤ ਸੀ। ਅਨਸੂਯਾ ਨੇ ਸੀਤਾ ਨੂੰ ਇਕ ਦੈਵੀ ਵਟਣਾ ਦਿਤਾ ਸੀ ਜਿਸ ਦੇ ਮਲਣ ਨਾਲ ਸਰੀਰ ਬ੍ਰਿਧ ਨਹੀਂ ਹੁੰਦਾ।

ਅਤਰੀ ਬਾਰੇ ਕਈ ਕਥਾਵਾਂ ਪੁਰਾਣਾਂ ਵਿਚ ਮਿਲਦੀਆਂ ਹਨ। ਇਕ ਕਥਾ ਅਨੁਸਾਰ ਅਤਰੀ ਨੇ ਪਿਤਰਾਂ ਦੀ ਅਰਾਧਨਾ ਤੇ ਸਰਾਧ ਕਰ ਕੇ ਸੋਮ ਨੂੰ ਰੋਗ ਤੋਂ ਮੁਕਤ ਕੀਤਾ ਸੀ।

(ਅ-259) **ਅਤਲ** :

ਸੱਤਾਂ ਪਾਤਾਲਾਂ ਵਿਚੋਂ ਸਭ ਤੋਂ ਉਪਰਲਾ ਪਾਤਾਲ। (ਵੇਖੋ : ਪਾਤਾਲ) ਚੌਦਾਂ ਲੋਕਾਂ ਵਿਚੋਂ ਇਕ ਲੋਕ (ਵੇਖੋ : ਲੋਕ)

(ਅ-260) **ਅੱਤਾ** :

ਸੱਸੀ ਦਾ ਲੈ-ਪਾਲਕ ਜੋ ਕਿੱਤੇ ਵਲੋਂ ਧੋਬੀ ਸੀ। ਅੱਤੇ ਨੇ ਹੀ ਦਰਿਆ ਵਿਚੋਂ ਰੁੜ੍ਹਦੀ ਸੱਸੀ ਨੂੰ ਫੜਿਆ। ਗ਼ੁਲਾਮ ਰਸੂਲ ਅਨੁਸਾਰ ਅੱਤਾ ਜ਼ਾਤ ਦਾ 'ਝੜੋਇਆ' ਸੀ —

ਜੋ ਅੱਤਾ ਖ਼ੁਦ ਝੜੋਇਆ ਜ਼ਾਤ ਦਾ ਸੀ,
ਉਹਦੀ ਬੇਟੀ ਹੋਈ ਮਸ਼ਹੂਰ ਸੱਸੀ।

ਸੱਸੀ ਦੇ ਲੈ-ਪਾਲਕ ਦੇ ਨਾਉਂ ਕਥਾ-ਸਾਹਿੱਤ ਵਿਚ ਭਿੰਨ ਭਿੰਨ ਮਿਲਦੇ ਹਨ। 'ਦਸਮ ਗ੍ਰੰਥ' ਵਿਚ ਸੱਸੀ ਦੇ ਲੈ-ਪਾਲਕ ਦਾ ਨਾਂ ਰਾਜਾ ਬ੍ਰਹਮਦੱਤ ਦਿਤਾ ਹੋਇਆ ਹੈ। ਸਿੰਧੀ ਵਿਚ ਮੁਹੰਮਦ ਜਾਂ ਮਹਿਮੂਦ ਨੂੰ ਸੱਸੀ ਦਾ ਲੈ-ਪਾਲਕ ਮੰਨਿਆ ਜਾਂਦਾ ਹੈ। (ਸੱਸੀ ਹਾਸ਼ਮ, ਸ਼ਾਨ, 64)

(ਅ-261) **ਅੰਤਾਖਰੀ** :

ਕਵਿਤਾ ਨਾਲ ਸੰਬੰਧਿਤ ਇਕ ਖੇਡ; ਇਸ ਕਾਵਿ-ਖੇਡ ਵਿਚ ਪਹਿਲਾਂ ਇਕ ਸ਼ਖ਼ਸ ਕੋਈ ਪੰਗਤੀ ਪੜ੍ਹਦਾ ਹੈ। ਉਸੇ ਪੰਗਤੀ ਦਾ ਅਖੀਰਲਾ ਅੱਖਰ ਲੈ ਕੇ, ਦੂਜਾ ਸ਼ਖ਼ਸ ਉਸ ਅੱਖਰ ਤੋਂ ਆਰੰਭ ਹੋਣ ਵਾਲੀ ਕਾਵਿ-ਪੰਗਤੀ ਉਚਾਰਦਾ ਹੈ। ਇਹ ਸਿਲਸਲਾ ਉਦੋਂ ਤਕ ਚਲਦਾ ਰਹਿੰਦਾ ਹੈ, ਜਦੋਂ ਤਕ ਕਿਸੇ ਧਿਰ ਨੂੰ ਆਪਣੀ ਵਾਰੀ ਭੁਗਤਾਣ ਲਈ ਅੱਖਰ ਅਨੁਸਾਰ ਯੋਗ ਪੰਗਤੀ ਨਹੀਂ ਸੁਝਦੀ ਤੇ ਉਸ ਨੂੰ ਹਾਰ ਮੰਨਣੀ ਪੈਂਦੀ ਹੈ। ਮਧਕਾਲ ਵਿਚ ਸਥਾਨਿਕ ਕਵੀਸ਼ਰਾਂ ਵਿਚ ਅਜਿਹੇ ਮੁਕਾਬਲੇ ਆਮ ਹੁੰਦੇ ਸਨ। ਪਿੰਡਾਂ ਦੇ ਪਰ੍ਹਿਆਂ ਵਿਚ ਵੀ ਅੰਤਾਖਰੀ ਲੋਕਾਂ ਦੇ ਮਨੋਰੰਜਨ ਦਾ ਸਾਧਨ ਰਹੀ ਹੈ।

(ਅ-262) **ਅਤਿਕਾਯ** :

ਰਾਵਣ ਦਾ ਪੁੱਤਰ ਜੋ ਧਣਯਮਾਲਿਨੀ ਦੇ ਉਦਰ ਤੋਂ ਹੋਇਆ। ਇਸ ਨੇ ਘੋਰ ਤੱਪ ਕਰ ਕੇ ਬ੍ਰਹਮਾ ਤੋਂ ਕਈ ਦੈਵੀ ਅਸਤ੍ਰ ਪ੍ਰਾਪਤ ਕੀਤੇ। ਉਸ ਨੇ ਬ੍ਰਹਮਾ ਤੋਂ ਇਹ ਵਰ ਪ੍ਰਾਪਤ ਕਰ ਲਿਆ ਕਿ ਨਾ ਤਾਂ ਉਸ ਨੂੰ ਕੋਈ ਦੇਵਤਾ ਮਾਰ ਸਕੇ ਅਤੇ ਨਾ ਹੀ ਕੋਈ ਦੈਂਤ। ਅਭਿਮਾਨ ਵਿਚ ਆ ਕੇ ਅਤਿਕਾਯ ਨੇ ਯੁੱਧ ਕਰ ਕੇ ਇੰਦਰ ਤੋਂ ਵਜਰ ਅਤੇ ਵਰੁਣ ਤੋਂ ਪਾਸ਼ (ਫੰਦਾ) ਖੋਹ ਲਿਆ। ਜਦੋਂ ਅਤਿਕਾਯ ਰਾਮ ਚੰਦਰ ਨਾਲ ਯੁੱਧ ਕਰਨ ਲਈ ਮੈਦਾਨ ਵਿਚ ਨਿਤਰਿਆ ਤਾਂ ਉਸ ਦਾ ਦੈਵੀ ਕੱਦ ਵੇਖ ਕੇ ਵਾਨਰ-ਸੈਨਾ ਘਬਰਾ ਕੇ ਨੱਠ ਉਠੀ। ਲਛਮਣ ਨੇ ਅਖ਼ੀਰ ਅਤਿਕਾਯ ਨੂੰ ਬ੍ਰਹਮ ਅਸਤ੍ਰ ਨਾਲ ਮਾਰ ਦਿਤਾ। ਕਹਿੰਦੇ ਹਨ ਕਿ ਧਰਤੀ ਉਤੇ ਡਿਗਣ ਤੋਂ ਪਹਿਲਾਂ ਅਤਿਕਾਯ ਨੇ ਰਾਮ ਨਾਮ ਦਾ ਉਚਾਰਣ ਕੀਤਾ ਸੀ।

(ਅ-263) **ਅਤਿਥੀ** :

ਰਾਮ ਚੰਦਰ ਦਾ ਪੋਤਰਾ, ਕੁਸ਼ ਦਾ ਪੁੱਤਰ ਜੋ ਕੁਮੁਦਵਤੀ ਦੇ ਉਦਰ ਤੋਂ ਜੰਮਿਆ।

(ਅ-264) **ਅੰਤਿਮ੍ਰਿਤ** :

ਉਨਿੰਜਾ ਮਾਰੁਤ (ਪਵਨ ਦੇਵਤਿਆਂ) ਵਿਚੋਂ ਇਕ। (ਵੇਖੋ : ਮਾਰੁਤ)

(ਅ-265) **ਅੰਤੇਸ਼ਟੀ ਸੰਸਕਾਰ** :

ਹਿੰਦੂਆਂ ਦਾ ਪ੍ਰਾਣੀ ਦੀ ਮ੍ਰਿਤੂ ਨਾਲ ਸੰਬੰਧਿਤ ਇਕ ਸੰਸਕਾਰ; ਪ੍ਰਾਣੀ ਜਦੋਂ ਤਕ ਸੰਸਾਰ ਵਿਚ ਖ਼ੁਦ ਜੀਵਤ ਰਹਿੰਦਾ ਹੈ, ਉਹ ਸਮੇਂ ਸਮੇਂ ਕਈ ਤਰ੍ਹਾਂ ਦੀਆਂ ਰਹੁ-ਰੀਤੀਆਂ ਤੇ ਸੰਸਕਾਰਾਂ ਦੁਆਰਾ ਧਰਮ-ਅਰਥ ਕਰਮ ਕਰ ਕੇ ਅਗਲੇ ਲੋਕ ਲਈ ਤੋਸ਼ਾ ਤਿਆਰ ਕਰਦਾ ਰਹਿੰਦਾ ਹੈ। ਪਰ ਜਦੋਂ ਉਸ ਦੀ ਜੀਵਾਤਮਾ ਇਹ ਲੋਕ ਛੱਡ ਕੇ ਪਰਲੋਕ ਚਲੀ ਜਾਂਦੀ ਹੈ ਤਾਂ ਸ਼ਾਸਤ੍ਰਾਂ ਅਨੁਸਾਰ ਉਸ ਦੀ ਔਲਾਦ ਦਾ ਫ਼ਰਜ਼ ਬਣਦਾ ਹੈ ਕਿ ਉਹ ਕੁਝ ਅਜਿਹੇ ਕਰਮ ਕਾਂਡ ਕਰਦੀ ਰਹੇ ਜਿਸ ਨਾਲ ਮ੍ਰਿਤਕ ਦਾ ਅਗਲਾ ਲੋਕ ਸੁਹੇਲਾ ਹੋ ਜਾਏ।

ਹਿੰਦੂਆਂ ਵਿਚ ਮ੍ਰਿਤੂ ਤੋਂ ਮਗਰੋਂ ਦੇ ਸੰਸਕਾਰਾਂ ਦੀ ਬੜੀ ਮਹੱਤਤਾ ਹੈ। ਬੁਧਿਯਾਨਾ ਦੇ ਪਿਤਰ ਮੇਧ ਸੂਤਰਾਂ ਵਿਚ ਲਿਖਿਆ ਹੈ ਕਿ ਜਨਮ ਤੋਂ ਬਾਅਦ ਦੇ ਸੰਸਕਾਰਾਂ ਰਾਹੀਂ ਪ੍ਰਾਣੀ ਇਸ ਲੋਕ ਨੂੰ ਜਿੱਤ ਲੈਂਦਾ ਹੈ, ਪਰ ਮਰਨ ਤੋਂ ਮਗਰੋਂ ਦੇ

ਸੰਸਕਾਰਾਂ ਨਾਲ ਉਹ ਅਗਲੇ ਲੋਕ ਉਪਰ ਵਿਜੈ ਪ੍ਰਾਪਤ ਕਰ ਲੈਂਦਾ ਹੈ।

ਹਿੰਦੂ ਘਰਾਂ ਵਿਚ ਜਦੋਂ ਕੋਈ ਪ੍ਰਾਣੀ ਸੁਆਸ ਤਿਆਗਣ ਲੱਗਦਾ ਹੈ ਤਾਂ ਉਸ ਦੇ ਨਿਕਟ ਸੰਬੰਧੀ, ਧਰਤੀ ਉਤੇ ਦੁਬ ਘਾਹ ਵਿਛਾ ਕੇ ਪ੍ਰਾਣੀ ਨੂੰ ਉਪਰ ਲੰਮਾ ਪਾ ਦੇਂਦੇ ਹਨ ਤਾਂ ਜੋ ਉਹ ਧਰਤੀ ਮਾਤਾ ਦੀ ਗੋਦ ਵਿਚ ਪ੍ਰਾਣ ਤਿਆਗੇ। ਅਜਿਹੇ ਪ੍ਰਾਣੀ ਉਤੇ ਧਰਤੀ ਮਾਤਾ ਦੀ ਬਖ਼ਸ਼ਿਸ਼ ਹੁੰਦੀ ਹੈ। ਲੋਕ-ਵਿਸ਼ਵਾਸ਼ ਅਨੁਸਾਰ ਮੰਜੇ ਉਤੇ ਮੋਇਆ ਪ੍ਰਾਣੀ ਮਰਨ ਮਗਰੋਂ ਭੂਤ-ਪ੍ਰੇਤ ਬਣਦਾ ਹੈ।

ਫਿਰ ਦੀਵਾ ਬਾਲ ਕੇ 'ਦੀਵਾ ਬਾਤੀ' ਦੀ ਰੀਤ ਕੀਤੀ ਜਾਂਦੀ ਹੈ। (ਵੇਖੋ : ਦੀਵਾ ਬਾਤੀ) ਧਾਰਨਾ ਹੈ ਕਿ ਇਸ ਮੌਕੇ ਉਤੇ ਜੋ ਆਟੇ ਦਾ ਦੀਵਾ ਬਾਲ ਕੇ ਮਣਸਿਆ ਜਾਂਦਾ ਹੈ, ਉਹ ਦੀਵਾ ਅਗਲੇ ਲੋਕ ਨੂੰ ਜਾਂਦੇ ਭੀਹਾਵਲੇ ਰਾਹ ਵਿਚ ਜੋਤ ਦਾ ਕੰਮ ਦਿੰਦਾ ਹੈ। ਸਿੱਟੇ ਵਜੋਂ ਪ੍ਰਾਣੀ ਹਨੇਰੇ ਵਿਚ ਨਹੀਂ ਭਟਕਦਾ।

ਜਦੋਂ ਪ੍ਰਾਣੀ ਅਖ਼ੀਰਲੇ ਸੁਆਸਾਂ ਉਤੇ ਹੁੰਦਾ ਹੈ, ਹਿੰਦੂ ਕੁਝ ਸਾਮਗ੍ਰੀ ਤੇ ਕਈ ਵਾਰ ਗਊ ਆਦਿ, ਪ੍ਰਾਣੀ ਦੇ ਹੱਥਾਂ ਨੂੰ ਛੁਹਾ ਕੇ ਮਣਸਦੇ ਹਨ। ਇਸ ਨੂੰ ਅੰਤ-ਦਾਨ ਕਹਿੰਦੇ ਹਨ। (ਵੇਖੋ : ਅੰਤ-ਦਾਨ)। ਪਹਿਲਿਆਂ ਵਿਚ ਮਣਸੀ ਗਊ ਤੇ ਸਾਮਗ੍ਰੀ ਪ੍ਰਾਣੀ ਦੇ ਨਾਲ ਹੀ ਦਾਹ ਦਿਤੀ ਜਾਂਦੀ ਸੀ, ਪਰ ਪਿਛੋਂ ਬ੍ਰਾਹਮਣਾਂ ਨੂੰ ਦੇ ਦੇਣ ਦੀ ਪ੍ਰਥਾ ਚਲ ਪਈ। ਪੁਰਾਣਾਂ ਅਨੁਸਾਰ ਅਗਲੇ ਲੋਕ ਨੂੰ ਜਾਂਦਿਆਂ ਪ੍ਰਾਣੀ ਨੂੰ ਰਾਹ ਵਿਚ ਇਕ ਭਿਆਨਕ ਨਦੀ 'ਵਹਿਤਰਨੀ' ਲੰਘਣੀ ਪੈਂਦੀ ਹੈ, ਜੋ ਪ੍ਰਾਣੀ ਲਈ ਤਰਨੀ ਬੜੀ ਕਠਿਨ ਹੈ। ਮਣਸੀ ਹੋਈ ਗਊ ਇਸ ਨਦੀ ਨੂੰ ਪਾਰ ਕਰਨ ਵਿਚ ਮਦਦ ਦੇਂਦੀ ਹੈ ਅਤੇ ਪ੍ਰਾਣੀ ਗਊ ਦੀ ਪੂਛਲ ਫੜ ਕੇ ਸਹਿਜੇ ਹੀ ਪਾਰ ਹੋ ਜਾਂਦਾ ਹੈ। ਇਸੇ ਤੋਂ ਇਸ ਗਊ ਨੂੰ ਵੀ ਵੈਤਾਰਣੀ ਕਿਹਾ ਜਾਣ ਲੱਗਾ। ਮਣਸੇ ਹੋਏ ਪਦਾਰਥ ਵੀ ਰਾਹ ਦਾ ਤੋਸ਼ਾ ਬਣਦੇ ਹਨ।

ਹਿੰਦੂ ਸਿੱਖਾਂ ਵਿਚ ਮਰਨ ਤੋਂ ਮਗਰੋਂ ਪ੍ਰਾਣੀ ਦੀ ਦੇਹ ਦਾ ਦਾਹ-ਸੰਸਕਾਰ ਹੁੰਦਾ ਹੈ। ਅਰਥਾਤ ਉਸ ਨੂੰ ਅਗਨ-ਭੇਟ ਕੀਤਾ ਜਾਂਦਾ ਹੈ। ਰਿਗ ਵੇਦ ਅਨੁਸਾਰ (1,60) ਅਗਨੀ ਧਰਤੀ ਉਤੇ ਦੇਵਤਿਆਂ ਦਾ ਦੂਤ ਹੈ। ਇਸ ਲੋਕ ਵਿਚ ਜੋ ਵਸਤੂ ਵੀ ਕਿਸੇ ਦੇਵਤੇ ਨਮਿਤ ਅਗਨੀ ਨੂੰ ਭੇਟ ਕੀਤੀ ਜਾਂਦੀ ਹੈ, ਅਗਨੀ ਉਸ ਨੂੰ ਅਗਲੇ ਲੋਕ ਵਿਚ ਸੰਬੰਧਿਤ ਦੇਵਤੇ ਤਕ ਪਹੁੰਚਾ ਦੇਂਦਾ ਹੈ। ਪ੍ਰਾਣੀ ਦੀ ਦੇਹ ਦੇ ਦਾਹ-ਸੰਸਕਾਰ ਪਿਛੇ ਵੀ ਇਹੋ ਸੰਕਲਪ ਹੈ ਕਿ ਜਿਸ ਪ੍ਰਾਣੀ ਦੇ ਸਰੀਰ ਨੂੰ ਅਗਨੀ ਇਸ ਲੋਕ ਵਿਚ ਭਸਮ ਕਰਦੀ ਹੈ, ਉਸ ਪ੍ਰਾਣੀ ਨੂੰ ਅਗਨੀ ਯਮ ਲੋਕ ਵਿਚ ਨਵਾਂ ਪਿੰਡ ਦੇ ਕੇ ਪਹੁੰਚਾ ਦੇਂਦੀ ਹੈ। ਹਿੰਦੂ ਧਾਰਨਾ ਅਨੁਸਾਰ ਜੇ ਕਿਸੇ ਪ੍ਰਾਣੀ ਦੀ ਦੇਹ ਨੂੰ ਧਰਤੀ ਵਿਚ ਦਬ ਦਿਤਾ ਜਾਵੇ ਤਾਂ ਉਸ ਪ੍ਰਾਣੀ ਦੇ ਪ੍ਰੇਤ ਬਣਨ ਦਾ ਅੰਦੇਸ਼ਾ ਰਹਿੰਦਾ ਹੈ ਕਿਉਂ ਜੋ ਉਸ ਦਾ ਪਿੰਡ ਅਗਲੇ ਲੋਕ ਵਿਚ ਨਾ ਪਹੁੰਚਣ ਕਾਰਨ ਪ੍ਰਿਥਵੀ ਉਤੇ ਹੀ ਭਟਕਦਾ ਫਿਰਦਾ ਹੈ। ਛੋਟੇ ਬੱਚਿਆਂ ਦੀ ਦੇਹ ਨੂੰ ਇਸੇ ਖ਼ਿਆਲ ਨਾਲ ਦਬਿਆ ਜਾਂਦਾ ਹੈ ਕਿ ਉਸ ਦੀ ਦੇਹ ਤੇ ਆਤਮਾ ਇਸੇ ਲੋਕ ਵਿਚ ਵਿਚਰਦੀ ਰਹੇ ਅਤੇ ਉਹ ਬੱਚਾ ਮੁੜ ਪਹਿਲੇ ਘਰ ਵਿਚ ਜਨਮ ਪ੍ਰਾਪਤ ਕਰ ਸਕੇ।

ਵੈਦਿਕ ਕਾਲ ਵਿਚ, ਪ੍ਰਾਣੀ ਦੇ ਅੰਤਮ ਸੰਸਕਾਰ ਵੇਲੇ ਜੋ ਰੀਤ ਮਰਯਾਦਾ ਕੀਤੀ ਜਾਂਦੀ ਸੀ, ਲਗਭਗ ਉਹੋ ਥੋੜੇ ਬਹੁਤੇ ਅੰਤਰ ਨਾਲ ਅੱਜ ਵੀ ਪ੍ਰਚਲਤ ਹੈ। ਪ੍ਰਾਣੀ ਦੀ ਮ੍ਰਿਤਕ ਦੇਹ ਨੂੰ ਪਹਿਲਾਂ ਇਸ਼ਨਾਨ ਕਰਵਾਇਆ ਜਾਂਦਾ ਹੈ। ਫਿਰ ਉਸ ਨੂੰ ਖੱਫਣ ਵਿਚ ਲਪੇਟ ਕੇ ਤੇ ਅਰਥੀ ਉਪਰ ਲਿਟਾ ਕੇ ਮਰਘਟ ਵਲ ਲਿਜਾਇਆ ਜਾਂਦਾ ਹੈ। ਪਹਿਲਿਆਂ ਵਿਚ ਇਹ ਅਰਥੀ ਉਦੰਬਰ ਦੀ ਲਕੜੀ ਦੀ ਬਣੀ ਹੁੰਦੀ ਸੀ ਅਤੇ ਮ੍ਰਿਤਕ ਨੂੰ ਗੱਡੇ ਉਤੇ ਲਦ ਕੇ ਮਰਘਟ ਲਿਜਾਇਆ ਜਾਂਦਾ ਸੀ; ਗੱਡੇ ਦੇ ਅੱਗੇ ਦੋ ਬਲਦ ਬੀੜੇ ਜਾਂਦੇ ਸਨ। ਪਰ ਅੱਜ ਕਲ੍ਹ, ਚਾਰ ਆਦਮੀ ਅਰਥੀ ਨੂੰ ਆਪਣੇ ਮੋਢਿਆਂ ਉਪਰ ਚੁਕਦੇ ਹਨ। ਇਸ ਰੀਤ ਨੂੰ 'ਮੋਢਾ ਦੇਣਾ' ਕਹਿੰਦੇ ਹਨ। (ਵੇਖੋ : ਮੋਢਾ ਦੇਣਾ) ਅਪਸਤੰਬਾ ਗ੍ਰਿਹ ਸੂਤਰ ਅਨੁਸਾਰ ਪੁਰਾਣੇ ਜ਼ਮਾਨੇ ਵਿਚ ਬ੍ਰਾਹਮਣ ਦੀ ਦੇਹ ਦੇ ਹੱਥ ਵਿਚ ਸੋਨੇ ਦਾ ਟੁਕੜਾ, ਖੱਤਰੀ ਦੇ ਹੱਥ ਵਿਚ ਕਮਾਨ ਤੇ ਵੈਸ਼ ਦੇ ਹੱਥ ਵਿਚ ਮੋਤੀ ਦੇਣਾ ਲਾਜ਼ਮੀ ਸਮਝਿਆ ਜਾਂਦਾ ਸੀ।

ਅਰਥੀ ਨੂੰ ਮਰਘਟ ਵਲ ਲਿਜਾਂਦਿਆਂ, ਰਾਹ ਵਿਚ ਅੱਧ-ਮਾਰਗ ਦੀ ਰੀਤ ਕੀਤੀ ਜਾਂਦੀ ਹੈ। (ਵੇਖੋ : ਅੱਧ-ਮਾਰਗ) ਅੱਧ ਮਾਰਗ ਉਤੇ ਪਿੰਡ ਦੇਣ ਤੋਂ ਇਲਾਵਾ ਘੜਾ ਭੰਨਿਆ ਜਾਂਦਾ ਹੈ ਜੋ ਪ੍ਰਾਣੀ ਦੀ ਦੇਹ ਦੇ ਖੰਡਿਤ ਹੋਣ ਦਾ ਪ੍ਰਤੀਕ ਹੈ।

ਮਰਘਟ ਵਿਚ, ਮ੍ਰਿਤਕ ਦੀ ਦੇਹ ਨੂੰ ਲਕੜੀਆਂ ਦੀ ਚਿਖਾ ਉਪਰ ਲਿਟਾ ਕੇ ਉਸ ਦੇ ਮੂੰਹ ਵਿਚ ਘਿਓ ਪਾਇਆ ਜਾਂਦਾ ਹੈ। ਫਿਰ ਪ੍ਰਾਣੀ ਦਾ ਵੱਡਾ ਲੜਕਾ ਜਾਂ ਕੋਈ ਹੋਰ ਅੰਗ ਸਾਕ ਚਿਖਾ ਦੀ ਪੁੱਠੀ ਪ੍ਰਕਰਮਾ ਕਰਦਾ ਹੋਇਆ, ਅੱਗ ਦਾਗਦਾ ਹੈ। ਹਿੰਦੂ ਅਗਨ ਭੇਟ ਕਰਨ ਤੋਂ ਪਹਿਲਾਂ ਹਵਨ ਕਰਦੇ ਤੇ ਮੰਤ੍ਰ ਪੜ੍ਹਦੇ ਹਨ ਜਿਨ੍ਹਾਂ ਦਾ ਭਾਵ ਹੈ : "ਹੇ ਅਗਨੀ, ਇਸ ਦੇਹ ਨੂੰ ਕੋਲਾ ਬਣਾ ਕੇ ਭਸਮ ਨਾ ਕਰ ਦੇਈਂ, ਨਾ ਹੀ ਕੋਈ ਦੁਖ ਦੇਵੀਂ, ਨਾ ਇਸ ਦੀ ਖਲੜੀ ਜਾਂ ਕੋਈ ਅੰਗ ਵੱਖਰਾ ਕਰੀਂ। ਜਦੋਂ ਇਹ ਦੇਹ ਚੰਗੀ ਤਰ੍ਹਾਂ ਸੜ ਜਾਵੇ ਤਾਂ ਇਸ ਦੇਹ ਨੂੰ ਇਸ ਦੀ ਆਤਮਾ ਦੇ ਕੋਲ ਅਤੇ ਪਿਤਰਾਂ ਦੇ ਕੋਲ ਪਹੁੰਚਾ ਦੇਵੀਂ।" (ਰਿਗ ਵੇਦ, 10,16,1)

ਦੇਹ ਦੇ ਦਾਹ ਮਗਰੋਂ ਉਦਕ ਕਰਮ ਸੰਸਕਾਰ ਕੀਤਾ ਜਾਂਦਾ ਹੈ। ਇਸ ਰੀਤ ਦੁਆਰਾ ਮ੍ਰਿਤਕ ਦੀ ਆਤਮਾ ਨੂੰ ਪਾਣੀ ਪਹੁੰਚਾਇਆ ਜਾਂਦਾ ਹੈ। ਇਹ ਰੀਤ ਵੈਦਿਕ ਕਾਲ ਤੋਂ ਚਲੀ ਆ ਰਹੀ ਹੈ। ਮ੍ਰਿਤਕ ਦੇ ਸੱਤ ਜਾਂ ਦਸ ਪੀੜ੍ਹੀਆਂ ਤਕ ਦੇ ਸਾਰੇ ਸੰਬੰਧੀ ਨੇੜੇ ਦੇ ਕਿਸੇ ਨਦੀ ਨਾਲੇ ਜਾਂ ਤਲਾਬ ਵਿਚ ਇਸ਼ਨਾਨ ਕਰਦੇ ਹਨ। ਇਸ਼ਨਾਨ ਵੇਲੇ ਉਹ ਆਪਣੇ ਜਨੇਊ ਨੂੰ ਸੱਜੇ ਮੋਢੇ ਉਤੇ ਲਟਕਾ ਕੇ ਆਪਣਾ ਮੂੰਹ ਦੱਖਣ ਦਿਸ਼ਾ ਵਲ ਕਰਦੇ ਹੋਏ ਪਾਣੀ ਦੀ ਚੂਲੀ ਭਰਦੇ ਹਨ ਅਤੇ ਮ੍ਰਿਤਕ ਦਾ ਨਾਂ ਲੈ ਕੇ ਇਕ ਬੁਕ ਪਾਣੀ ਦੀ ਦੇਂਦੇ ਹਨ। ਫਿਰ ਜਲ ਵਿਚੋਂ ਬਾਹਰ ਨਿਕਲ ਕੇ ਉਹ ਆਪਣੇ ਕਪੜੇ ਉਤਰ ਦਿਸ਼ਾ ਵਲ ਖਿਲਾਰ ਦੇਂਦੇ ਹਨ।

ਉਦਕ ਕਰਮ ਦੀ ਰੀਤ ਤੋਂ ਬਾਅਦ ਪਿੰਡ ਭਰੇ ਜਾਂਦੇ ਹਨ। ਚਾਵਲਾਂ ਦੇ ਕੁਝ ਦਾਣੇ ਕਾਵਾਂ ਦੇ ਖਾਣ ਲਈ ਧਰਤੀ ਉਪਰ ਖਿੰਡਾ ਦਿਤੇ ਜਾਂਦੇ ਹਨ। ਇਸ ਰੀਤ ਪਿਛੇ ਵੀ ਆਦਿਮ ਸੰਕਲਪ ਹੈ। ਆਦਿਮ ਵਿਸ਼ਵਾਸ਼ ਸੀ ਕਿ ਮ੍ਰਿਤਕ ਦੀ ਰੂਹ ਪੰਛੀ ਦੀ ਸ਼ਕਲ ਵਿਚ ਆਪਣੇ ਪੁਰਾਣੇ ਟਿਕਾਣਿਆਂ ਉਤੇ ਭਟਕਦੀ ਰਹਿੰਦੀ ਹੈ।

ਪਹਿਲਿਆਂ ਵਿਚ ਦਾਹ-ਸੰਸਕਾਰ ਮਗਰੋਂ ਅਰਥੀ ਨਾਲ ਆਏ ਲੋਕ ਸੂਰਜ ਡੁਬਣ ਅਰਥਾਤ ਤਾਰੇ ਚੜ੍ਹਨ ਤਕ ਵਾਪਿਸ ਘਰ ਨਹੀਂ ਸਨ ਆਉਂਦੇ। ਪਰ ਹੁਣ ਇਹ ਰਿਵਾਜ ਨਹੀਂ ਰਿਹਾ। ਘਰ ਦਾਖ਼ਲ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਸਰੀਰ ਦੇ ਉਤੇ ਨਿਰਮਲ ਜਲ ਦੇ ਛੱਟੇ ਮਾਰੇ ਜਾਂਦੇ ਹਨ। ਕਈ ਹਿੰਦੂ ਆਪਣੀ ਕਾਇਆ ਨੂੰ ਸ਼ੁਧ ਕਰਨ ਦੇ ਵਿਚਾਰ ਨਾਲ ਅਗਨੀ, ਸਿਲ, ਗੋਹਾ, ਕਣਕ ਤੇ ਤਿਲ ਆਦਿ ਨੂੰ ਛੁਹੰਦੇ ਹਨ। ਕਈ ਲੋਕ ਨਿੰਮ ਦੀ ਦਾਤਨ ਚਿੱਥ ਕੇ ਅਤੇ ਚੁਲੀ ਭਰ ਕੇ ਫਿਰ ਆਪਣੇ ਘਰ ਵਿਚ ਪੈਰ ਪਾਉਂਦੇ ਹਨ।

ਜਿਸ ਘਰ ਵਿਚ ਮ੍ਰਿਤੂ ਹੋਈ ਹੁੰਦੀ ਹੈ, ਉਹ ਘਰ ਕੁਝ ਦਿਨਾਂ ਲਈ ਅਪਵਿੱਤ੍ਰ ਮੰਨਿਆ ਜਾਂਦਾ ਹੈ। ਇਸ ਅਪਵਿੱਤ੍ਰਤਾ ਨੂੰ 'ਪਾਤਕ' ਕਹਿੰਦੇ ਹਨ। ਕਈ ਜਾਤੀਆਂ ਵਿਚ ਦਸ ਦਿਨ ਲਈ 'ਪਾਤਕ' ਮੰਨਿਆ ਜਾਂਦਾ ਹੈ ਤੇ ਕਈਆਂ ਵਿਚ ਜ਼ਿਆਦਾ ਦਿਨਾਂ ਲਈ। ਦਸਾਹੀ ਜਾਂ ਤੇਹਰਵੇਂ ਦੀ ਰਸਮ ਮਗਰੋਂ 'ਪਾਤਕ' ਨਹੀਂ ਰਹਿੰਦਾ। ਮ੍ਰਿਤਕ ਦੇ ਦਾਹ-ਸੰਸਕਾਰ ਨਾਲ ਧਰਤੀ ਵੀ ਭਿੱਟ ਜਾਂਦੀ ਹੈ ਤੇ ਉਸ ਪਿੰਡ ਵਿਚ ਜੇ ਕੋਈ ਲਗਨ ਜਾਂ ਮੰਗਲ ਕਾਰਜ ਹੋਵੇ ਤਾਂ ਦਾਹ ਸੰਸਕਾਰ ਤੋਂ ਪਹਿਲਾਂ ਕਰ ਲਿਆ ਜਾਂਦਾ ਹੈ। ਜੇ ਗਲੀ ਗੁਆਂਢ ਵਿਚ ਮੌਤ ਹੋ ਜਾਵੇ, ਤਾਂ ਗਲੀ ਦੇ ਲੋਕ ਆਪਣੇ ਚੁਲ੍ਹਿਆਂ ਵਿਚ ਉਦੋਂ ਤਕ ਅੱਗ ਨਹੀਂ ਬਾਲਦੇ ਜਦੋਂ ਤਕ ਮ੍ਰਿਤਕ ਦੀ ਦੇਹ ਅਗਨ-ਭੇਟ ਨਾ ਹੋ ਜਾਵੇ। ਪਾਤਕ ਦੇ ਦਿਨਾਂ ਵਿਚ ਪਰਿਵਾਰ ਦੇ ਜੀਅ ਜ਼ਮੀਨ ਉਤੇ ਹੀ ਸੌਂਦੇ ਹਨ। (ਵੇਖੋ : ਪਾਤਕ)

ਪ੍ਰਾਣੀ ਦੀ ਮੌਤ ਦੇ ਮਗਰੋਂ ਚੌਥੇ ਦਿਨ 'ਫੁਲ' ਅਥਵਾ ਮੰਗਲ ਚੁਣਨ ਦੀ ਰੀਤ ਕੀਤੀ ਜਾਂਦੀ ਹੈ। ਫੁਲ ਬੁਧਵਾਰ ਨਹੀਂ ਚੁਣੇ ਜਾਂਦੇ, ਜੇ ਚੌਥਾ ਬੁਧਵਾਰ ਨੂੰ ਪੈਂਦਾ ਹੋਵੇ ਤਾਂ ਇਕ ਦਿਨ ਪਹਿਲਾਂ ਫੁਲ ਚੁਣ ਲਏ ਜਾਂਦੇ ਹਨ। ਮੌਤ ਨਾਲ ਸੰਬੰਧਿਤ ਸੰਸਕਾਰ ਹਮੇਸ਼ਾਂ ਘਾਟੇ ਉਤੇ ਕੀਤੇ ਜਾਂਦੇ ਹਨ, ਵਾਧੇ ਉਤੇ ਕਰਨੇ ਦੁਖ ਦਾ ਵਾਧਾ ਮੰਗਣ ਦੇ ਤੁਲ ਹੋਣ ਕਰਕੇ ਬਦਸ਼ਗਨੀ ਹੈ।

ਵੈਦਿਕ ਕਾਲ ਵਿਚ 'ਫੁਲ' ਤੇ 'ਮੰਗਲ' ਧਰਤੀ ਵਿਚ ਦਬਾ ਦਿਤੇ ਜਾਂਦੇ ਸਨ, ਪਰ ਮਗਰੋਂ ਜਦੋਂ ਗੰਗਾ ਦਰਿਆ ਦੀ ਪਵਿਤ੍ਰਤਾ ਦਾ ਸੰਕਲਪ ਪ੍ਰਧਾਨ ਹੋਇਆ ਤਾਂ ਹਰਦੁਆਰ ਅਰਥਾਤ ਗੰਗਾ ਨਦੀ ਵਿਚ ਫੁਲ ਤਾਰੇ ਜਾਣ ਲੱਗੇ। ਸੂਤਰਾਂ ਅਨੁਸਾਰ ਜਿਨ੍ਹਾਂ ਪ੍ਰਾਣੀਆਂ ਦੇ ਫੁਲ ਗੰਗਾ ਵਿਚ ਪ੍ਰਵਾਹੇ ਜਾਂਦੇ ਹਨ, ਉਹ ਯੁਗਾਂ ਤਕ ਸਵਰਗ ਲੋਕ ਵਿਚ ਨਿਵਾਸ ਕਰਦੇ ਹਨ। ਕੁਝ ਸੂਤਰਾਂ ਅਨੁਸਾਰ ਜਿਸ ਪ੍ਰਾਣੀ ਦੇ ਫੁਲ ਗੰਗਾ ਵਿਚ ਤਾਰੇ ਜਾਣ, ਉਹ ਰਹਿੰਦੀ ਦੁਨੀਆਂ ਤਕ ਬ੍ਰਹਮ ਲੋਕ ਵਿਚ ਨਿਵਾਸ ਕਰਦਾ ਹੈ ਅਤੇ ਮੁੜ ਕਦੇ ਮਾਤ-ਲੋਕ ਵਿਚ ਜਨਮ ਨਹੀਂ ਲੈਂਦਾ।

ਚੌਥੇ ਦੀ ਰਸਮ ਮਗਰੋਂ ਕਿਰਿਆ ਜਾਂ ਉਠਾਲਾ ਕੀਤਾ ਜਾਂਦਾ ਹੈ। ਜੇ ਇਹ ਰਸਮ ਦਸਵੇਂ ਦਿਨ ਹੋਵੇ ਤਾਂ 'ਦਸਾਹੀ' ਕਹਿੰਦੇ ਹਨ। ਖੱਤਰੀ ਇਸ ਨੂੰ 'ਉਠਾਲਾ' ਜਾਂ 'ਕਿਰਿਆ' ਕਹਿੰਦੇ ਹਨ ਅਤੇ ਆਮ ਤੌਰ ਤੇ ਉਹ ਇਹ ਰਸਮ ਤੇਹਰਵੇਂ ਦਿਨ ਕਰਦੇ ਹਨ। (ਵੇਖੋ : ਦਸਾਹੀ, ਕਿਰਿਆ)। ਜੱਟਾਂ ਵਿਚ ਸਾਲ ਦੇ ਅੰਦਰ ਅੰਦਰ ਹੰਗਾਮਾ ਕੀਤਾ ਜਾਂਦਾ ਹੈ। (ਵੇਖੋ : ਹੰਗਾਮਾ)

ਕਿਰਿਆ ਤੋਂ ਬਾਅਦ ਹਿੰਦੂਆਂ ਵਿਚ ਸਪਿੰਡ ਸੰਸਕਾਰ ਕੀਤਾ ਜਾਂਦਾ ਹੈ। ਜਿਸ ਦਾ ਮੰਤਵ ਮ੍ਰਿਤਕ ਦਾ ਪਿਤਰਾਂ ਨਾਲ ਸੰਪਰਕ ਜੋੜਨਾ ਹੈ। ਸਪਿੰਡਕਰਨ ਦੀ ਰਸਮ ਸਾਲ ਦੇ ਅੰਦਰ ਅੰਦਰ ਕਿਸੇ ਵੇਲੇ ਵੀ ਕੀਤੀ ਜਾਂਦੀ ਹੈ। (ਵੇਖੋ : ਸਪਿੰਡ ਕਰਨ) ਖੱਤਰੀ ਇਸ ਰਸਮ ਨੂੰ ਵਰ੍ਹੀਣਾ ਕਹਿੰਦੇ ਹਨ ਅਤੇ ਇਹ ਰੀਤ ਪ੍ਰਾਣੀ ਦੀ ਮੌਤ ਮਗਰੋਂ ਵਰ੍ਹੇ ਦੇ ਅੰਦਰ ਅੰਦਰ ਕੀਤੀ ਜਾਂਦੀ ਹੈ। (ਵੇਖੋ : ਵਰ੍ਹੀਣਾ)

(ਅ-266) **ਅਥਰਵ** :

ਇਕ ਰਿਸ਼ੀ ਜੋ ਅਥਰਵ ਵੇਦ ਦਾ ਕਰਤਾ ਮੰਨਿਆ ਗਿਆ ਹੈ। ਅਥਰਵ ਦਸਾਂ ਪਰਜਾਪਤੀਆਂ ਵਿਚੋਂ ਇਕ ਸੀ। ਇਸ ਰਿਸ਼ੀ ਦਾ ਜ਼ਿਕਰ ਰਿਗ ਵੇਦ ਵਿਚ ਵੀ ਆਉਂਦਾ ਹੈ। ਪੁਰਾਣਾਂ ਅਨੁਸਾਰ ਅਥਰਵ ਬ੍ਰਹਮਾ ਦਾ ਪੁੱਤਰ ਸੀ ਜਿਸ ਨੇ ਬ੍ਰਹਮਾ ਤੋਂ ਹੀ ਬ੍ਰਹਮ ਗਿਆਨ ਪ੍ਰਾਪਤ ਕੀਤਾ ਸੀ। ਅਥਰਵ ਰਿਸ਼ੀ ਨੇ ਹੀ ਅੱਗ ਨੂੰ ਪ੍ਰਗਟ ਕਰ ਕੇ ਸੰਸਾਰ ਵਿਚ ਯੱਗ ਦਾ ਮੁਢ ਬੰਨ੍ਹਿਆ। ਅਥਰਵ ਦਾ ਵਿਆਹ ਕਰਦਮ ਦੀ ਲੜਕੀ ਸ਼ਾਂਤੀ ਨਾਲ ਹੋਇਆ। ਇਸ ਦੇ ਪੁੱਤਰ ਦਧਯੰਚ ਦਾ ਸਿਰ ਘੋੜੇ ਵਰਗਾ ਸੀ। ਇਸ ਰਿਸ਼ੀ ਦੀ ਵੰਸ਼ ਅਥਰਵਨ ਦੇ ਨਾਂ ਨਾਲ ਪ੍ਰਸਿਧ ਹੈ। ਕਈ ਥਾਈਂ ਇਸ ਰਿਸ਼ੀ ਦਾ ਏਕੀਕਰਣ ਅੰਗਿਰਸ ਰਿਸ਼ੀ ਨਾਲ ਕੀਤਾ ਗਿਆ ਹੈ। (ਵੇਖੋ : ਅੰਗਿਰਸ)

(2) ਇਕ ਬ੍ਰਾਹਮਣ ਪੁਜਾਰੀ ਜੋ ਯੁਧਿਸ਼ਟਰ ਦੇ ਰਾਜਸੂਯ ਯੱਗ ਵਿਚ ਪ੍ਰੋਹਿਤ ਸੀ।

(ਅ-267) **ਅਥਰਵ ਵੇਦ** :

ਹਿੰਦੂਆਂ ਦਾ ਇਕ ਪ੍ਰਾਚੀਨ ਧਾਰਮਿਕ ਗ੍ਰੰਥ, ਚੌਹਾਂ ਵੇਦਾਂ ਵਿਚੋਂ ਚੌਥਾ ਵੇਦ; ਇਕ ਲੰਮੇ ਸਮੇਂ ਤਕ ਵੇਦਾਂ ਦੀ ਸੰਖਿਆ ਤਿੰਨ ਹੀ ਮੰਨੀ ਜਾਂਦੀ ਰਹੀ ਅਤੇ ਰਿਗ, ਯੁਜਰ ਤੇ ਸਾਮ ਵੇਦ ਸਮੁੱਚੇ ਤੌਰ ਉਤੇ ਤ੍ਰਯੀ ਅਖਵਾਂਦੇ ਰਹੇ। ਮਨੂ ਨੇ ਵੀ ਆਪਣੀਆਂ ਲਿਖਤਾਂ ਵਿਚ ਤ੍ਰਯੀ ਵਲ ਸੰਕੇਤ ਕੀਤਾ ਹੈ। ਅਥਰਵ ਵੇਦ ਨੂੰ ਮੁਢ ਵਿਚ ਮਹਾਨਤਾ ਪ੍ਰਾਪਤ ਨਾ ਹੋਣ ਦਾ ਮੂਲ ਕਾਰਨ ਇਹ ਸੀ ਕਿ ਇਹ ਵੇਦ ਧਾਰਮਿਕ ਨਾਲੋਂ ਵਧੇਰੇ ਲੌਕਿਕ ਸੁਭਾਵ ਦਾ ਹੈ। ਇਸ ਵੇਦ ਵਿਚ ਵਧੇਰੇ ਕਰ ਕੇ ਭਰਮ ਵਹਿਮ, ਮਨੌਤਾਂ, ਝਾੜ ਫੂਕ, ਟੂਣੇ ਟੱਪੇ, ਭੂਤ ਪਿਸਾਚ ਆਦਿ ਬਾਰੇ ਗਿਆਨ ਤੇ ਵਾਕਫ਼ੀ ਮਿਲਦੀ ਹੈ। ਟੂਣਿਆਂ ਦੁਆਰਾ ਰੋਗਾਂ ਤੋਂ ਮੁਕਤ ਹੋਣ ਅਤੇ ਸ਼ਤਰੂ ਉਤੇ ਵਿਜੈ ਪ੍ਰਾਪਤ ਕਰਨ ਦੇ ਉਪਾਵਾਂ ਦਾ ਵੀ ਉਲੇਖ ਹੈ। ਅਥਰਵ ਵੇਦ ਸੰਸਕ੍ਰਿਤੀ, ਧਰਮ, ਵਿਸ਼ਵਾਸ਼, ਰੋਗ, ਔਸ਼ਧੀ, ਉਪਚਾਰ ਆਦਿ ਦਾ ਵਿਸ਼ਵ ਕੋਸ਼ ਹੈ। ਵਿਸ਼ੇ ਦੀ ਇਹ ਅਨੇਕਤਾ ਕਿਸੇ ਹੋਰ ਵੇਦ ਵਿਚ ਨਹੀਂ ਵੇਖੀ ਗਈ।

ਇਹ ਵੇਦ ਅਥਰਵ ਰਿਸ਼ੀ ਦੀ ਰਚਨਾ ਮੰਨਿਆ ਗਿਆ ਹੈ, ਜਿਸ ਤੋਂ ਇਸ ਦਾ ਨਾਂ ਅਥਰਵ ਵੇਦ ਪੈ ਗਿਆ। ਇਹ ਵੇਦ ਸਿੰਧ ਦਰਿਆ ਅਤੇ ਸੈਂਧਣਾਂ ਦੇ ਵਿਚਕਾਰ ਦੇ ਇਲਾਕੇ ਵਿਚ ਰਚਿਆ ਮੰਨਿਆ ਜਾਂਦਾ ਹੈ।

ਅਥਰਵ ਵੇਦ ਦੇ 20 ਕਾਂਡ ਹਨ ਜਿਨ੍ਹਾਂ ਵਿਚ ਕੁਲ ਮਿਲਾ ਕੇ 710 ਸੂਕਤ ਅਤੇ 5677

ਮੰਤਰ ਹਨ। ਇਨ੍ਹਾਂ ਵਿਚੋਂ ਲਗਪਗ 1200 ਮੰਤਰ ਰਿਗ ਵੇਦ ਦੇ ਮੰਤਰਾਂ ਦਾ ਹੀ ਰੂਪਾਂਤਰਣ ਹਨ। ਇਸੇ ਤਰ੍ਹਾਂ 20ਵੇਂ ਕਾਂਡ ਦੇ 143 ਸੂਕਤਾਂ ਵਿਚੋਂ, 12 ਨੂੰ ਛੱਡ ਕੇ ਬਾਕੀ ਸਭ ਸੂਕਤ ਰਿਗ ਵੇਦ ਦੇ ਦਸਵੇਂ ਮੰਡਲ ਦੇ ਸੂਕਤਾਂ ਨਾਲ ਮਿਲਦੇ ਜੁਲਦੇ ਹਨ। ਪੱਛਮੀ ਵਿਦਵਾਨ ਅਥਰਵ ਵੇਦ ਦੇ 19ਵੇਂ ਤੇ 20ਵੇਂ ਕਾਂਡ ਨੂੰ ਮੂਲ ਪਾਠ ਦਾ ਅੰਗ ਨਹੀਂ ਮੰਨਦੇ। ਸ੍ਰੀ ਲੈਂਸਨ ਦਾ ਖ਼ਿਆਲ ਹੈ ਕਿ 20ਵਾਂ ਕਾਂਡ ਰਿਗ ਵੇਦ ਵਿਚੋਂ ਹੀ ਲਿਆ ਗਿਆ ਹੈ ਅਤੇ ਇਸ ਦਾ ਅਥਰਵ ਵੇਦ ਤੇ ਬਾਕੀ ਕਾਂਡਾਂ ਨਾਲ ਕੋਈ ਸਬੰਧ ਨਹੀਂ। ਇਸ ਤਰ੍ਹਾਂ 19ਵੇਂ ਕਾਂਡ ਦਾ ਪਾਠ ਕਾਫ਼ੀ ਵਿਕ੍ਰਿਤ ਜਾਪਦਾ ਹੈ ਅਤੇ ਪ੍ਰਾਚੀਨ ਸਿਧ ਨਹੀਂ ਹੁੰਦਾ। ਕਈ ਹੱਥ-ਲਿਖਤਾਂ ਵਿਚ ਇਸ ਵੇਦ ਦੇ 18 ਕਾਂਡ ਮਿਲਦੇ ਹਨ। ਪੰਚ ਪਟਿਲਕਾ ਦੇ ਭਾਸ਼ਾਕਾਰ ਨੇ ਇਸ ਵੇਦ ਦੇ 18 ਕਾਂਡਾਂ ਦਾ ਹੀ ਵਰਨਣ ਕੀਤਾ ਹੈ। ਅਥਰਵ ਵੇਦ ਦੀਆਂ ਨੌਂ ਸ਼ਾਖ਼ਾਂ ਵਿਚੋਂ ਇਕ ਪ੍ਰਸਿਧ ਸ਼ਾਖ਼ਾ ਪੈਪਲਾਦ ਵਿਚ 19ਵੇਂ ਕਾਂਡ ਦੇ ਕੁਝ ਮੰਤਰ ਤਾਂ ਦਰਜ ਹਨ, ਪਰ 20ਵੇਂ ਕਾਂਡ ਦਾ ਕੋਈ ਮੰਤਰ ਨਹੀਂ।

ਅਥਰਵ ਵੇਦ ਸਾਰਾ ਕਾਵਿ ਵਿਚ ਨਹੀਂ। ਇਸ ਦਾ ਲਗਪਗ ਛੇਵਾਂ ਅੰਸ਼ ਗਦਾਤਮਿਕ ਹੈ। ਅਥਰਵ ਵੇਦ ਦਾ 15ਵਾਂ ਅਤੇ 16ਵਾਂ ਕਾਂਡ, ਜਿਨ੍ਹਾਂ ਵਿਚ 27 ਸੂਕਤ ਹਨ ਅਤੇ 30 ਹੋਰ ਫੁਟਕਲ ਸੂਕਤ ਹਨ, ਜਿਨ੍ਹਾਂ ਦੀ ਰਚਨਾ ਗਦ ਵਿਚ ਕੀਤੀ ਗਈ ਹੈ। ਅਥਰਵ ਵੇਦ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਸ ਦੇ ਸੂਕਤਾਂ ਦੀ ਰਚਨਾ ਵਿਚ ਖ਼ਾਸ ਢੰਗ ਦੀ ਤਰਤੀਬ ਹੈ। ਭਾਵ ਹਰੇਕ ਕਾਂਡ ਦੇ ਸੂਕਤਾਂ ਵਿਚ ਮੰਤਰਾਂ ਦੀ ਗਿਣਤੀ ਇਕੋ ਜਿਹੀ ਹੈ।

ਪਤੰਜਲੀ ਦੇ ਮਹਾਂ ਭਾਸ਼ ਅਨੁਸਾਰ ਅਥਰਵ ਵੇਦ ਦੀਆਂ ਨੌ ਸ਼ਾਖ਼ਾਂ ਹਨ, ਪਰ ਇਸ ਵੇਲੇ ਉਸ ਦੀਆਂ ਕੇਵਲ ਦੋ ਸ਼ਾਖ਼ਾਂ ਪੈਪਲਾਦ ਤੇ ਸ਼ੋਨਕੀਯ ਹੀ ਮਿਲਦੀਆਂ ਹਨ। ਬਾਕੀ ਸੱਤ ਸ਼ਾਖ਼ਾਂ ਦੇ ਨਾਂ ਹਨ — ਮਤੋਂਦ, ਸੋਂਦ, ਜਾਜਲ, ਜਲਦ, ਬ੍ਰਹਮਵੇਦ, ਵੇਦ ਦਰਸ਼, ਚਾਰੁਣ ਵੇਦ।

ਵਿਸ਼ੇ ਦੀ ਦ੍ਰਿਸ਼ਟੀ ਤੋਂ ਅਥਰਵ ਵੇਦ ਦਾ ਵਿਸ਼ਲੇਸ਼ਣ ਕੀਤਿਆਂ ਪਤਾ ਲੱਗਦਾ ਹੈ ਕਿ ਇਸ ਵੇਦ ਦੇ 730 ਸੂਕਤਾਂ ਵਿਚੋਂ 144 ਸੂਕਤ ਆਯੁਰਵੇਦ ਨਾਲ ਸੰਬੰਧਿਤ ਹਨ; 215 ਰਾਜ ਧਰਮ ਨਾਲ; 75 ਸੂਕਤ ਸਮਾਜਕ ਜੀਵਨ ਨਾਲ; 83 ਸੂਕਤ ਅਧਿਆਤਮਕ ਜੀਵਨ ਬਾਰੇ ਅਤੇ 213 ਸੂਕਤ ਫੁਟਕਲ ਵਿਸ਼ਿਆਂ ਸਬੰਧੀ ਹਨ। ਪਰ ਇਹ ਸੂਕਤ ਵਿਸ਼ੇ ਅਨੁਸਾਰ ਕਿਸੇ ਤਰਤੀਬ ਵਿਚ ਨਹੀਂ ਮਿਲਦੇ। ਇਕੋ ਵਿਸ਼ੇ ਨਾਲ ਸੰਬੰਧਿਤ ਅਨੇਕਾਂ ਸੂਕਤ ਭਿੰਨ ਭਿੰਨ ਕਾਂਡਾਂ ਵਿਚ ਬਿਖਰੇ ਪਏ ਹਨ।

ਆਯੁਰਵੇਦ ਸਬੰਧੀ ਸੂਕਤਾਂ ਵਿਚ ਪਹਿਲਾਂ ਸਰੀਰ ਰਚਨਾ ਦਾ ਵਰਨਣ ਪੈਰ ਦੀਆਂ ਤਲੀਆਂ ਤੋਂ ਸ਼ੁਰੂ ਹੋ ਕੇ ਉਪਰ ਵਲ ਚਲਦਾ ਹੈ। ਇਸ ਤੋਂ ਬਾਅਦ ਸਰੀਰ ਦੇ ਅਨੇਕਾਂ ਰੋਗਾਂ, ਬੁਖ਼ਾਰ ਆਦਿ ਸਾਧਾਰਨ ਰੋਗਾਂ ਤੋਂ ਲੈ ਕੇ ਕੋਹੜ ਆਦਿ ਅਸਾਧ ਰੋਗਾਂ ਤਕ, ਦਾ ਇਲਾਜ ਸਮੇਤ ਵਰਨਨ ਮਿਲਦਾ ਹੈ। ਜਲ ਦੀ ਧਾਰਾ ਤੇ ਸੂਰਜ ਦੀਆਂ ਰਿਸ਼ਮਾਂ ਦੀ ਵਰਤੋਂ ਦੁਆਰਾ ਰੋਗਾਂ ਨੂੰ ਦੂਰ ਕਰਨ ਦੇ ਕੁਦਰਤੀ ਢੰਗਾਂ ਦਾ ਵੀ ਉਲੇਖ ਹੈ।

ਰਾਜ ਧਰਮ ਦਾ ਵਰਨਣ ਕਰਦਿਆਂ ਰਾਜੇ ਤੇ ਪਰਜਾ ਦੇ ਕਰਤੱਵਾਂ; ਅਤਿਆਚਾਰੀਆਂ ਤੇ ਰਾਜ-ਧ੍ਰੋਹੀਆਂ ਨੂੰ ਨਾਸ ਕਰਨ ਦੇ ਸਾਧਨ; ਹਿੰਸਕ ਮਨੁੱਖਾਂ ਲਈ ਡੰਡ-ਵਿਧਾਨ; ਸੈਨਾ ਦੇ ਕਰਤੱਵ, ਸੈਨਾਪਤੀ ਦੀ ਨਿਯੁਕਤੀ ਤੇ ਉਸ ਦੇ ਕਰਤੱਵ; ਯੁੱਧ ਸ਼ਕਤੀ, ਰਾਜ-ਸਭਾ ਦੇ ਮੈਂਬਰਾਂ ਦੇ ਕਰਤੱਵ ਤੇ ਨਿਆਇ-ਵਿਧਾਨ ਆਦਿ ਅਨੇਕਾਂ ਵਿਸ਼ਿਆਂ ਉਤੇ ਸੁਲਝੇ ਹੋਏ ਵਿਚਾਰ ਮਿਲਦੇ ਹਨ। ਇਸ ਦੇ ਨਾਲ ਹੀ ਵਿਦੇਸ਼ੀ ਨੀਤੀ, ਜਾਸੂਸੀ, ਰਾਜ ਦੀਆਂ ਹੱਦਾਂ ਦੇ ਨਿਰਣੇ ਬਾਰੇ ਵੀ ਚਾਨਣਾ ਪਾਇਆ ਗਿਆ ਹੈ।

ਸਮਾਜ ਤੇ ਗ੍ਰਹਿਸਤ ਆਸ਼ਰਮ ਨਾਲ ਸੰਬੰਧਿਤ ਵਿਸ਼ਿਆਂ ਵਿਚੋਂ ਕੰਨਿਆ ਦਾਨ, ਵਿਆਹ ਪ੍ਰਬੰਧ, ਸਵੰਬਰ ਦੀ ਰਸਮ, ਉੱਤਮ ਸੰਤਾਨ ਪੈਦਾ ਕਰਨ ਦੀ ਵਿਧੀ, ਬਾਲਾਂ ਦੇ ਨਾਂ ਰਖਣ ਦੇ ਢੰਗ, ਪਤੀ ਪਤਨੀ ਦੇ ਆਪਸੀ ਰਿਸ਼ਤੇ, ਕੁੜੀ ਲਈ ਯੋਗ ਵਰ ਦੀ ਚੋਣ, ਗ੍ਰਹਿਸਤ-ਉਪਦੇਸ਼ ਅਤੇ ਵਿਧਵਾ ਇਸਤ੍ਰੀ ਆਦਿ ਬਾਰੇ ਕਈ ਸੂਕਤ ਮਿਲਦੇ ਹਨ। ਗ੍ਰਹਿਸਤ ਆਸ਼ਰਮ ਦਾ ਮੁਖ ਪ੍ਰਯੋਜਨ ਸੰਤਾਨ ਉਤਪੱਤੀ ਦਸਿਆ ਹੈ। ਪਰਿਵਾਰ ਨੂੰ ਹੀ ਸਮਾਜਕ ਜੀਵਨ ਦੀ ਇਕਾਈ ਮੰਨਿਆ ਹੈ।

ਅਥਰਵ ਵੇਦ ਦਾ ਚੌਥਾ ਵਿਸ਼ਾ ਅਧਿਆਤਮਵਾਦ ਹੈ। 'ਅਸਯ ਵਾਮਸਯ' ਸੂਕਤ ਦੇ ਨਾਉਂ ਨਾਲ ਪ੍ਰਸਿਧ ਨੌਵੇਂ ਕਾਂਡ ਦਾ ਨੌਵਾਂ ਸੂਕਤ ਅਧਿਆਤਮਕ ਵਿੱਦਿਆ ਦਾ ਸਭ ਤੋਂ ਮੁਖ ਸੂਕਤ ਹੈ। ਇਹ ਸੂਕਤ ਰਿਗ ਵੇਦ ਵਿਚ ਵੀ ਮਿਲਦਾ ਹੈ। ਅਧਿਆਤਮਵਾਦ ਦੇ ਖੇਤਰ ਵਿਚ ਏਕੀਸ਼ਵਰਵਾਦ, ਬਹੁਦੇਵਵਾਦ, ਦਵੈਤਵਾਦ ਤੇ ਅਦਵੈਤਵਾਦ ਆਦਿ ਕਈ ਵਿਸ਼ਿਆਂ ਦਾ ਬੜੇ ਸਪੱਸ਼ਟ ਸ਼ਬਦਾਂ ਵਿਚ ਵਰਨਣ ਹੈ। ਸ੍ਰਿਸ਼ਟੀ ਵਿਗਿਆਨ ਦੇ ਸਬੰਧ ਵਿਚ ਅਥਰਵ ਵੇਦ ਵਿਚ ਈਸ਼ਵਰ, ਜੀਵ ਤੇ ਪ੍ਰਕ੍ਰਿਤੀ ਇਹ ਤਿੰਨ ਮੂਲ ਤੱਤ ਮੰਨੇ ਗਏ ਹਨ। ਇਨ੍ਹਾਂ ਤਿੰਨਾਂ ਦੇ ਸਰੂਪ ਤੇ ਪ੍ਰਸਪਰ ਸਬੰਧਾਂ ਦਾ ਵਰਣਨ ਕਰਦੇ ਹੋਏ ਇਸ ਵੇਦ ਵਿਚ ਲਿਖਿਆ ਹੈ : ਸਮਾਨ ਰੂਪ ਵਿਚ ਨਾਲ ਨਾਲ ਰਹਿਣ ਵਾਲੇ, ਦੋ ਮਿਤ੍ਰ ਪੰਛੀ, ਇਕ ਸਮਾਨ ਬ੍ਰਿਛ ਉਤੇ ਬੈਠੇ ਹਨ, ਉਨ੍ਹਾਂ ਵਿਚੋਂ ਇਕ ਉਸ ਬ੍ਰਿਛ ਦੇ ਸਵਾਦੀ ਫਲਾਂ ਨੂੰ ਖਾਂਦਾ ਹੈ, ਦੂਜਾ ਨਹੀਂ। ਇਹ ਬ੍ਰਿਛ ਪ੍ਰਕ੍ਰਿਤੀ ਹੈ; ਦੋਵੇਂ ਪੰਛੀ ਈਸ਼ਵਰ ਅਤੇ ਜੀਵ ਹਨ। ਜੀਵ ਫਲਾਂ ਦਾ ਭੋਗ ਕਰਦਾ ਹੈ, ਈਸ਼ਵਰ ਫਲਾਂ ਦੇ ਭੋਗ ਤੋਂ ਵੱਖ ਹੈ। ਇਸੇ ਈਸ਼ਵਰ ਨੂੰ ਜਾਣਨਾ ਹੀ ਅਥਰਵਨ ਵੇਦ ਦਾ ਅਧਿਆਤਮਵਾਦ ਹੈ।

ਅਥਰਵ ਵੇਦ ਦੇ ਚੌਥੇ ਕਾਂਡ ਦਾ 15ਵਾਂ ਸੂਕਤ ਵਰਸ਼ਾ ਸੂਕਤ ਹੈ ਜਿਸ ਵਿਚ ਪ੍ਰਕ੍ਰਿਤੀ ਦਾ ਬੜਾ ਸੁੰਦਰ ਵਰਣਨ ਹੈ। ਇਸ ਤੋਂ ਇਲਾਵਾ ਵਾਹੀ ਖੇਤੀ, ਗਊ ਰੱਖਿਆ ਆਦਿ ਸਬੰਧੀ ਵੀ ਉਪਦੇਸ਼ ਹਨ।

ਅਥਰਵ ਵੇਦ ਵਿਚ ਜਾਦੂ-ਟੂਣੇ ਤੇ ਝਾੜੇ ਆਦਿ ਬਾਰੇ ਵੀ ਕਾਫ਼ੀ ਸਾਮਗ੍ਰੀ ਮੌਜੂਦ ਹੈ। ਕਈ ਬੀਮਾਰੀਆਂ ਦਾ ਇਲਾਜ ਟੂਣਿਆਂ ਨਾਲ ਕਰਨ ਦੀ ਵਿਧੀ ਦਰਜ ਹੈ। ਆਪਣੇ ਖੇਤਾਂ ਦੇ ਪਸ਼ੂਆਂ ਦੀ ਰਾਖੀ ਤੇ ਖ਼ੁਸ਼ਹਾਲੀ ਲਈ, ਪ੍ਰੇਮ ਤੇ ਵਿਆਹ ਵਿਚ ਸਫਲਤਾ ਲਈ ਅਤੇ ਦੁਸ਼ਮਣਾਂ ਉਤੇ ਜਿੱਤ ਪ੍ਰਾਪਤ ਕਰਨ ਲਈ ਵੀ ਟੂਣੇ ਟੱਪੇ ਦਰਜ ਮਿਲਦੇ ਹਨ। ਕੁਝ ਜਾਦੂ ਟੂਣੇ ਰਾਜੇ ਲਈ ਸ਼ਕਤੀ ਪ੍ਰਾਪਤ ਕਰਨ, ਯੁੱਧ ਵਿਚ ਜਿੱਤਣ ਤੇ ਨਾਮਣਾ ਖੱਟਣ ਬਾਰੇ ਵੀ ਮਿਲਦੇ ਹਨ।

(ਅ-268) **ਅਬਵਾਸ** :

ਉਣਿੰਜਾ ਮਾਰੁਤਾਂ (ਪਵਨ ਦੇਵਤਿਆਂ) ਵਿਚੋਂ ਇਕ। (ਵੇਖੋ : ਮਾਰੁਤ)

(ਅ-269) **ਅਦਹਮ ਬਲਖ਼ੀ** :

ਇਬਰਾਹੀਮ ਦਾ ਪੁੱਤਰ ਜੋ ਬਲਖ਼ ਦਾ ਨਿਵਾਸੀ ਹੋਣ ਕਰ ਕੇ ਬਲਖ਼ੀ ਦੇ ਉਪਨਾਮ ਨਾਲ ਪ੍ਰਸਿਧ ਹੋਇਆ। ਅਦਹਮ ਬੜਾ ਪ੍ਰਤਾਪੀ ਅਤੇ ਕਰਨੀ ਵਾਲਾ ਫ਼ਕੀਰ ਸੀ, ਜਿਸ ਕਰ ਕੇ ਮੁਸਲਮਾਨ ਇਸ ਦਾ ਨਾਂ ਬੜੇ ਆਦਰ ਨਾਲ ਲੈਂਦੇ ਹਨ। ਅਦਹਮ ਨਾਲ ਇਕ ਪ੍ਰੀਤ-ਕਥਾ ਵੀ ਜੁੜੀ ਹੋਈ ਹੈ। ਰਵਾਇਤ ਹੈ ਕਿ ਅਦਹਮ ਦਾ ਇਸ਼ਕ ਇਕ ਸ਼ਹਿਜ਼ਾਦੀ ਨਾਲ ਹੋ ਗਿਆ। ਸ਼ਹਿਜ਼ਾਦੀ ਦੀ ਮੌਤ ਭਰ ਜਵਾਨੀ ਵਿਚ ਹੀ ਹੋ ਗਈ। ਅਦਹਮ ਉਸ ਨੂੰ ਕਬਰ ਵਿਚੋਂ ਕੱਢ ਕੇ ਇਕ ਕਾਮਿਲ ਹਕੀਮ ਕੋਲ ਲੈ ਗਿਆ, ਜਿਸ ਨੇ ਉਸ ਨੂੰ ਮੁੜ ਸੁਰਜੀਤ ਕਰ ਦਿਤਾ। ਸ਼ਹਿਜ਼ਾਦੀ ਅਦਹਮ ਨਾਲ ਹੀ ਵਿਆਹ ਕਰ ਕੇ ਉਸ ਦੇ ਕੋਲ ਰਹਿਣ ਲੱਗ ਪਈ। ਇਕ ਹੋਰ ਰੂਪਾਂਤਰ ਅਨੁਸਾਰ ਸ਼ਹਿਜ਼ਾਦੀ ਨੂੰ ਕਬਰ ਵਿਚੋਂ ਕੱਢ ਕੇ ਅਦਹਮ ਨੇ ਆਪਣੀ ਅਜ਼ਮਤ ਨਾਲ ਉਸ ਨੂੰ ਮੁੜ ਜ਼ਿੰਦਾ ਕਰ ਲਿਆ ਅਤੇ ਉਸੇ ਨਾਲ ਵਸਣ ਲੱਗਾ। ਅਦਹਮ ਬਲਖ਼ੀ ਦਾ ਕਿੱਸਾ ਪੰਜਾਬੀ ਵਿਚ ਇਮਾਮ ਬਖ਼ਸ਼ ਨੇ ਰਚਿਆ।

(ਅ-270) **ਅਦਨ** :

ਬਾਈਬਲ ਅਨੁਸਾਰ ਬਹਿਸ਼ਤ ਦਾ ਇਕ ਬਾਗ਼ ਜਿਥੇ ਸੰਸਾਰ ਦੀ ਉਤਪੱਤੀ ਤੋਂ ਪਹਿਲਾਂ ਆਦਮ ਤੇ ਹਵਾ ਰਿਹਾ ਕਰਦੇ ਸਨ। ਆਦਮ ਨੇ ਅਦਨ ਬਾਗ਼ ਵਿਚੋਂ ਹਵਾ ਦੀ ਪ੍ਰੇਰਨਾ ਉਤੇ ਵਰਜਿਤ ਫਲ ਤੋੜ ਕੇ ਖਾਧਾ ਸੀ, ਜਿਸ ਕਰ ਕੇ ਉਨ੍ਹਾਂ ਦੋਹਾਂ ਨੂੰ ਬਹਿਸ਼ਤ ਵਿਚੋਂ ਕੱਢ ਦਿਤਾ ਗਿਆ ਸੀ। (ਵੇਖੋ : ਆਦਮ, ਹਵਾ) ਮੁਸਲਮਾਨੀ ਰਵਾਇਤਾਂ ਅਨੁਸਾਰ ਅੱਠਾਂ ਬਹਿਸ਼ਤਾਂ ਵਿਚੋਂ ਇਕ ਦਾ ਨਾਂ ਅਦਨ ਹੈ —

ਬਾਦ ਮੌਤ ਦੇ ਨਾਲ ਈਮਾਨ ਹੀਰੇ,
ਦਾਖ਼ਲ ਵਿਚ ਬਹਿਸ਼ਤ ਦੇ ਥੀਵਣਾ ਈ।
ਨਾਲ ਜ਼ੌਕ ਦੇ ਸ਼ੌਂਕ ਦਾ ਨੂਰ ਸ਼ਰਬਤ,
ਵਿਚ ਜੰਨਤ ਅਦਨ ਦੇ ਪੀਵਣਾ ਈ। ਵਾਰਿਸ

(ਅ-271) **ਅੰਦਰ ਵੜੂਨੀ** :

ਖੱਤਰੀਆਂ ਵਿਚ ਪ੍ਰਚਲਤ ਇਕ ਰੀਤ; ਕੰਨਿਆਂ ਦੇ ਵਿਆਹ ਤੋਂ ਬਾਅਦ ਕੰਨਿਆਂ ਦੇ ਮਾਪੇ ਜਦੋਂ ਵਰ ਪੱਖ ਦੇ ਘਰ ਪੈਰ ਪਾਉਂਦੇ ਹਨ ਤਾਂ ਆਪਣੀ ਲੜਕੀ ਨੂੰ ਉਸ ਦੇ ਘਰ ਦਾਖ਼ਲ ਹੋਣ ਉਤੇ ਸ਼ਗਨ ਵਜੋਂ ਕੁਝ ਫਲ, ਮਠਿਆਈ ਤੇ ਰੁਪਏ ਭੇਟ ਕਰਦੇ ਹਨ।

ਇਸੇ ਤਰ੍ਹਾਂ ਵਿਆਹ ਤੋਂ ਬਾਅਦ ਕੰਨਿਆਂ ਪੱਖ ਵਾਲੇ ਵਰ ਪੱਖ ਦੀ ਜੋ ਪਹਿਲੀ ਦਾਅਵਤ ਕਰਦੇ ਹਨ, ਉਸ ਰੋਟੀ ਨੂੰ ਵੀ ਅੰਦਰ ਵੜੂਨੀ ਦੀ ਰੋਟੀ ਕਿਹਾ ਜਾਂਦਾ ਹੈ।

(ਅ-272) **ਅੰਦਲਾ** :

ਚੰਬੇ ਦੇ ਇਲਾਕੇ ਦੀ ਇਕ ਸਥਾਨਿਕ ਦੇਵੀ; ਅੰਦਲਾ ਤੇ ਸੰਦਲਾ ਦੋਵੇਂ ਦੇਵੀਆਂ ਸਿੱਧੂ ਬੀਰ ਦੀਆਂ ਪਤਨੀਆਂ ਮੰਨੀਆਂ ਜਾਂਦੀਆਂ ਹਨ। (ਵੇਖੋ : ਸਿੱਧੂ ਬੀਰ)

(ਅ-273) **ਅਦਲੀ ਰਾਜਾ** :

ਹੀਰ ਰਾਂਝੇ ਦੇ ਕਿੱਸੇ ਦਾ ਇਕ ਪਾਤਰ; ਇਹ ਕੋਟ ਕਬੂਲੇ ਦਾ ਹਾਕਮ ਸੀ। ਜਦੋਂ ਰਾਂਝਾ ਜੋਗੀ ਦੇ ਭੇਸ ਵਿਚ ਹੀਰ ਨੂੰ ਰੰਗਪੁਰ ਵਿਚੋਂ ਕੱਢ ਕੇ ਲੈ ਗਿਆ ਤਾਂ ਖੇੜਿਆਂ ਨੇ ਉਨ੍ਹਾਂ ਦੇ ਮਗਰ ਵਾਹਰ ਭੇਜ ਕੇ ਦੋਹਾਂ ਨੂੰ ਫੜ ਲਿਆ। ਉਦੋਂ ਨਾਹਰਾਂ ਦੇ ਕਹਿਣ ਉਤੇ ਹੀਰ ਰਾਝੇ ਦਾ ਮੁਕੱਦਮਾ ਅਦਲੀ ਰਾਜੇ ਦੇ ਪੇਸ਼ ਕੀਤਾ ਗਿਆ। ਪਹਿਲਾਂ ਅਦਲੀ ਰਾਜੇ ਨੇ ਹੀਰ ਨੂੰ ਰਾਂਝੇ ਤੋਂ ਖੋਹ ਕੇ ਸੈਦੇ ਦੇ ਹਵਾਲੇ ਕਰ ਦਿਤਾ, ਪਰ ਮਗਰੋਂ ਜਦੋਂ ਰਾਂਝੇ ਦੀ ਬਦਦੁਆ ਨਾਲ ਨਗਰ ਨੂੰ ਅੱਗ ਲੱਗ ਗਈ ਤਾਂ ਅਦਲੀ ਰਾਜੇ ਨੇ ਦੋਹਾਂ ਧਿਰਾਂ ਨੂੰ ਵਾਪਸ ਬੁਲਾ ਲਿਆ ਅਤੇ ਹੀਰ ਨੂੰ ਖੇੜਿਆਂ ਤੋਂ ਖੋਹ ਕੇ ਰਾਂਝੇ ਦੇ ਹਵਾਲੇ ਕਰ ਦਿਤਾ। ਅਦਲੀ ਰਾਜੇ ਨੂੰ ਇਤਿਹਾਸਕ ਪਾਤਰ ਮਿੱਥ ਕੇ ਹੀਰ ਰਾਂਝੇ ਦੀ ਕਥਾ ਨੂੰ ਵਿਸ਼ੇਸ਼ ਕਾਲ ਕਰਮ ਵਿਚ ਬੰਨ੍ਹਣ ਦਾ ਯਤਨ ਵੀ ਕੀਤਾ ਗਿਆ ਹੈ। ਪਰ ਕਿਸੇ ਦੰਦ-ਕਥਾ ਵਿਚ ਜੇ ਕੋਈ ਇਤਿਹਾਸਕ ਪਾਤਰ ਗੌਣ ਰੂਪ ਵਿਚ ਪੇਸ਼ ਹੋਵੇ ਵੀ ਤਾਂ ਇਸ ਨਾਲ ਉਸ ਕਥਾ ਦਾ ਕਾਲ-ਸਥਾਨ ਨਿਸਚਿਤ ਹੋਣਾ ਜ਼ਰੂਰੀ ਨਹੀਂ। (ਵੇਖੋ : ਹੀਰ ਰਾਂਝਾ)

(ਅ-274) **ਅਦਿਤੀ** :

ਹਿੰਦੂਆਂ ਦੀ ਇਕ ਪ੍ਰਾਚੀਨ ਦੇਵੀ ਜਿਸ ਨੂੰ ਦੇਵ ਮਾਤਾ/ਜਗਤ ਮਾਤਾ ਵੀ ਕਿਹਾ ਜਾਂਦਾ ਹੈ। ਵੇਦਾਂ ਅਤੇ ਪੁਰਾਣਾਂ ਵਿਚ ਅਨੇਕਾਂ ਥਾਈਂ ਅਦਿਤੀ ਦੇਵੀ ਦਾ ਜ਼ਿਕਰ ਆਉਂਦਾ ਹੈ। ਰਿਗ ਵੇਦ ਅਨੁਸਾਰ ਅਦਿਤੀ ਦੇ ਅੱਠ ਪੁੱਤਰ ਸਨ। ਇਸ ਨੇ ਮਾਰਤੰਡ (ਸੂਰਜ) ਤੋਂ ਛੁਟ ਬਾਕੀ ਸੱਤਾਂ ਪੁੱਤਰਾਂ ਨੂੰ ਸੰਸਾਰ ਦੇ ਕਲਿਆਣ ਲਈ ਦੇਵਤਿਆਂ ਦੀ ਭੇਟ ਕਰ ਦਿਤਾ ਸੀ। (ਵੇਖੋ : ਆਦਿਤਯ) ਵੈਦਿਕ ਕਾਲ ਵਿਚ ਬੱਚਿਆਂ ਤੇ ਪਸ਼ੂਆਂ ਦੀ ਰੱਖਿਆ ਤੇ ਖ਼ੁਸ਼ਹਾਲੀ ਲਈ ਅਦਿਤੀ ਦੇਵੀ ਦੀ ਅਰਾਧਨਾ ਆਮ ਪ੍ਰਚਲਤ ਸੀ।

ਵਿਸ਼ਨੂੰ ਪੁਰਾਣ ਅਨੁਸਾਰ ਅਦਿਤੀ ਦਕਸ਼ ਦੀ ਧੀ ਤੇ ਕਸ਼ਯਪ ਰਿਸ਼ੀ ਦੀ ਪਤਨੀ ਸੀ। ਕਸ਼ਯਪ ਅਤੇ ਅਦਿਤੀ ਦੀ ਘੋਰ ਤਪੱਸਿਆ ਤੋਂ ਪ੍ਰਸੰਨ ਹੋ ਕੇ ਵਿਸ਼ਨੂੰ ਨੇ ਦੋਹਾਂ ਨੂੰ ਵਰ ਮੰਗਣ ਲਈ ਕਿਹਾ; ਪਰ ਇਨ੍ਹਾਂ ਦੋਹਾਂ ਨੇ ਵਿਸ਼ਨੂੰ ਨੂੰ ਪੁੱਤਰ ਰੂਪ ਵਿਚ ਪ੍ਰਾਪਤ ਕਰਨ ਦੀ ਚੇਸ਼ਟਾ ਪ੍ਰਗਟ ਕੀਤੀ। ਸੋ ਵਿਸ਼ਨੂੰ ਨੇ ਅਦਿਤੀ ਦੇ ਉਦਰ ਤੋਂ ਵਾਮਨ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ। ਇੰਦਰ ਵੀ ਅਦਿਤੀ ਦੇ ਉਦਰ ਤੋਂ ਹੀ ਜੰਮਿਆ। ਇਸੇ ਕਰ ਕੇ ਅਦਿਤੀ ਹਿੰਦੂਆਂ ਵਿਚ ਦੇਵ ਮਾਤਾ ਦੇ ਨਾਉਂ ਨਾਲ ਪ੍ਰਸਿਧ ਹੋਈ। ਰਾਮਾਇਣ ਤੇ ਮਹਾਂਭਾਰਤ ਵਿਚ ਵੀ ਅਦਿਤੀ ਨੂੰ ਵਿਸ਼ਨੂੰ ਦੀ ਮਾਤਾ ਮੰਨਿਆ ਗਿਆ ਹੈ; ਪਰ ਯਜੁਰ ਵੇਦ ਵਿਚ ਅਦਿਤੀ ਨੂੰ ਵਿਸ਼ਨੂੰ ਦੀ ਪਤਨੀ ਦੇ ਤੌਰ ਤੇ ਸੰਬੋਧਿਤ ਕੀਤਾ ਗਿਆ ਹੈ।

ਮਤੱਸਯ ਪੁਰਾਣ ਅਨੁਸਾਰ ਖੀਰ ਸਾਗਰ ਨੂੰ ਮਥਣ ਵੇਲੇ ਸਮੁੰਦਰ ਵਿਚੋਂ ਦੋ ਵਾਲੀਆਂ ਨਿਕਲੀਆਂ, ਜੋ ਇੰਦਰ ਨੇ ਅਦਿਤੀ ਨੂੰ ਪਹਿਨਣ ਲਈ ਦਿਤੀਆਂ। ਇਕ ਹੋਰ ਪੌਰਾਣਿਕ ਰੂਪਾਂਤਰ ਅਨੁਸਾਰ ਅਸੁਰਾਂ ਦਾ ਰਾਜਾ ਨਰਕ ਇਹ ਵਾਲੀਆਂ ਚੁਰਾ ਕੇ ਪ੍ਰਾਗਜਯੋਤਿਸ ਨਗਰ ਵਿਚ ਜਾ ਛੁਪਿਆ। ਕ੍ਰਿਸ਼ਨ ਨੇ ਨਰਕਾਸੁਰ ਨਾਲ ਯੁੱਧ ਕਰ ਕੇ, ਅਦਿਤੀ ਨੂੰ ਵਾਲੀਆਂ ਵਾਪਸ ਲਿਆ ਦਿਤੀਆਂ।

ਪੁਰਾਣਾਂ ਵਿਚ ਦੇਵਤਿਆਂ ਦੇ ਪ੍ਰਸੰਗ ਵਿਚ ਅਨੇਕ ਥਾਈਂ ਅਦਿਤੀ ਦਾ ਜ਼ਿਕਰ ਆਇਆ ਹੈ। ਰਾਮ ਭਗਤ ਕੁਸ਼ਲਿਆ ਨੂੰ ਅਦਿਤੀ ਦਾ ਅਵਤਾਰ ਮੰਨਦੇ ਹਨ। ਕ੍ਰਿਸ਼ਨ ਭਗਤਾਂ ਅਨੁਸਾਰ ਕ੍ਰਿਸ਼ਨ ਦੀ ਮਾਤਾ ਦੇਵਕੀ ਵੀ ਅਦਿਤੀ ਦਾ ਹੀ ਅਵਤਾਰ ਸੀ।

ਹਿੰਦੂ ਧਰਮ ਅਨੁਸਾਰ ਅਦਿਤੀ ਅਸੀਮ ਤੇ ਅਨੰਤ ਪਸਾਰ ਦੀ ਵੀ ਬੋਧਿਕ ਹੈ ਜੋ ਆਕਾਸ਼ ਤੋਂ ਪਾਰ ਫੈਲਿਆ ਹੋਇਆ ਹੈ। ਜਾਪਦਾ ਹੈ, ਕਿ ਆਰੰਭ ਵਿਚ ਅਦਿਤੀ ਕਿਸੇ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਦਾ ਮਾਨਵੀਕਰਣ ਸੀ।

(ਅ-275) **ਅਦ੍ਰਿਸ਼ਟ ਕੂਟ** :

ਕੂਟ ਸ਼ਬਦ ਤੋਂ ਭਾਵ ਪਹੇਲੀ ਜਾਂ ਬੁਝਾਰਤ ਹੈ; ਉਹ ਬੁਝਾਰਤ ਜਿਸ ਵਿਚ ਵਰਤੇ ਗਏ ਰੂਪਕ ਤੇ ਸੰਕੇਤ ਬੜੇ ਅਬੋਧ ਹੋਣ। ਜਿਵੇਂ 'ਹੱਥ ਛਲਾ ਪੈਰ ਖਲਾ' ਰੁਪਏ ਦਾ ਬੋਧਿਕ ਹੈ ਜੋ ਹੱਥ ਵਿਚੋਂ ਛਲੇ ਵਾਂਗ ਤਿਲਕਦਾ ਹੈ, ਪਰ ਪੈਰ ਵਿਚ ਜੁੱਤੀ (ਖਲਾ) ਹੋਣ ਕਰ ਕੇ ਕਿਧਰੇ ਟਿਕਦਾ ਨਹੀਂ। ਇਸ ਤਰ੍ਹਾਂ ਦੀ ਬੁਝਾਰਤ ਦਾ ਮੂਲ ਭਾਵ ਸੋਟੀ ਵਿਚ ਛੁਪਾਏ ਹਥਿਆਰ (ਕੂਟ) ਵਾਂਗ ਗੁਪਤ ਹੁੰਦਾ ਹੈ। (ਵੇਖੋ : ਬੁਝਾਰਤ)

(ਅ-276) **ਅਦ੍ਰਿਸ਼ਟ ਰਿਸ਼ੀ** :

ਇਕ ਦੰਦ-ਕਥਾਵੀ ਰਿਸ਼ੀ ਜਿਸ ਨੂੰ ਪਰ-ਕਾਇਆ ਗਮਨ ਦੀ ਰਹੱਸਮਈ ਸ਼ਕਤੀ ਪ੍ਰਾਪਤ ਸੀ। ਉਹ ਤਾਜ਼ੇ ਮਰੇ ਸੁੰਦਰ ਯੁਵਕਾਂ ਨੂੰ ਕਬਰ ਵਿਚੋਂ ਕੱਢ ਕੇ ਅਤੇ ਆਪਣੇ ਪਹਿਲੇ ਸਰੀਰ ਨੂੰ ਤਿਆਗ ਕੇ, ਉਨ੍ਹਾਂ ਦੇ ਸਰੀਰ ਵਿਚ ਖ਼ੁਦ ਪ੍ਰਵੇਸ਼ ਕਰ ਜਾਂਦਾ ਅਤੇ ਇਸ ਤਰ੍ਹਾਂ ਸੰਸਾਰ ਨੂੰ ਭੋਗਦਾ ਸੀ। ਜਦੋਂ ਉਸ ਰਿਸ਼ੀ ਦਾ ਪਹਿਲਾ ਸਰੀਰ ਉਮਰ ਨਾਲ ਢਲਣ ਲੱਗਦਾ ਤਾਂ ਉਹ ਕਿਸੇ ਹੋਰ ਯੁਵਕ ਦੀ ਕਾਇਆ ਨੂੰ ਧਾਰਨ ਕਰ ਲੈਂਦਾ। ਕਹਿੰਦੇ ਹਨ ਇਸ ਰਿਸ਼ੀ ਨੇ ਕਈ ਹਜ਼ਾਰ ਵਰ੍ਹੇ ਉਮਰ ਭੋਗੀ ਤੇ ਕਈ ਰੂਪਮਤੀਆਂ ਨਾਲ ਸਹਿਵਾਸ ਕੀਤਾ। ਇਹ ਰਿਸ਼ੀ ਅਦ੍ਰਿਸ਼ਟ ਰੂਪ ਵਿਚ ਦੂਜੇ ਦੀ ਕਾਇਆ ਵਿਚ ਪ੍ਰਵੇਸ਼ ਕਰਦਾ ਸੀ, ਜਿਸ ਤੋਂ ਇਸ ਨੂੰ ਅਦ੍ਰਿਸ਼ਟ ਰਿਸ਼ੀ ਕਿਹਾ ਜਾਣ ਲੱਗਾ। ਧਨੀ ਵਿਚ ਇਸ ਨੂੰ 'ਦਰਸ਼ੀ ਰਿਸ਼ੀ' ਕਹਿੰਦੇ ਹਨ ਜੋ ਅਦ੍ਰਿਸ਼ਟ ਦਾ ਹੀ ਵਿਕ੍ਰਤ ਰੂਪ ਜਾਪਦਾ ਹੈ ਅਤੇ ਇਹ ਸ਼ਬਦ ਮੁਹਾਵਰੇ ਵਜੋਂ ਉਨ੍ਹਾਂ ਕਾਮੀਆਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਨੇ ਵਧੇਰੇ ਇਸਤ੍ਰੀਆਂ ਗਮਨ ਕੀਤੀਆਂ ਹੋਣ। (ਵੇਖੋ : ਪਰ-ਕਾਇਆ ਗਮਨ)

(ਅ-277) **ਅਦ੍ਰਿਕਸ਼** :

ਉਣਿੰਜਾ ਮਾਰੁਤਾਂ (ਪਵਨ ਦੇਵਤਿਆਂ) ਵਿਚੋਂ ਇਕ। (ਵੇਖੋ : ਮਾਰੁਤ)

(ਅ-278) **ਅਦੀਨਾ** :

ਮੁਸਲਮਾਨ ਜੁਮੇ (ਸ਼ੁਕਰਵਾਰ) ਦੇ ਦਿਨ ਨੂੰ ਅਦੀਨਾ ਵੀ ਕਹਿੰਦੇ ਹਨ। ਇਸ ਪਦ ਦਾ ਸ਼ਾਬਦਿਕ ਅਰਥ ਸ਼ਿੰਗਾਰ ਕਰਨਾ ਹੈ। ਮੁਸਲਮਾਨ ਜੁਮੇ ਵਾਲੇ ਦਿਨ ਸ਼ਿੰਗਾਰ ਕਰਦੇ ਹਨ, ਜਿਸ ਤੋਂ ਇਸ ਦਿਨ ਦਾ ਨਾਉਂ ਅਦੀਨਾ ਪੈ ਗਿਆ।

(ਅ-279) **ਅੱਧ-ਸਿਰ ਮੁੰਨਣ** :

ਮੁਸਲਮਾਨਾਂ ਦੀ ਇਕ ਰੀਤ; ਜਿਨ੍ਹਾਂ ਮੁਸਲਮਾਨਾਂ ਦੇ ਘਰ ਕਾਫ਼ੀ ਦੇਰ ਨਾਲ ਜਾਂ ਕਈ ਕੁੜੀਆਂ ਤੋਂ ਮਗਰੋਂ ਲੜਕਾ ਜੰਮਦਾ ਹੈ ਉਹ ਕੁਝ ਕੁ ਸਾਲ ਇਕ ਵੇਲੇ ਆਪਣੇ ਬੱਚੇ ਦਾ ਕੇਵਲ ਅੱਧਾ ਸਿਰ ਮੁੰਨਦੇ ਹਨ। ਇਕ ਹਫ਼ਤੇ ਸਿਰ ਦਾ ਸੱਜਾ ਹਿੱਸਾ ਮੁੰਨ ਲਿਆ ਅਤੇ ਖੱਬੇ ਹਿੱਸੇ ਦੇ ਵਾਲ ਛਡੇ ਰਹਿਣ ਦਿਤੇ। ਫਿਰ ਅਗਲੇ ਹਫ਼ਤੇ ਸਿਰ ਦੇ ਖੱਬੇ ਹਿੱਸੇ ਦੇ ਵਾਲ ਮੁੰਨ ਲਏ ਅਤੇ ਸੱਜੇ ਹਿੱਸੇ ਨੂੰ ਨਾ ਛੁਹਿਆ। ਜਦੋਂ ਬੱਚਾ ਜ਼ਰਾ ਵੱਡਾ ਹੋ ਜਾਂਦਾ ਹੈ ਤਾਂ ਨਿਆਜ਼ ਦੇ ਕੇ ਫਿਰ ਉਸ ਦਾ ਸਾਰਾ ਸਿਰ ਮੁੰਨਿਆ ਜਾਂਦਾ ਹੈ। ਸਿਆਲਕੋਟ ਵਿਚ ਜਦੋਂ ਕਿਸੇ ਮੁਸਲਮਾਨ ਦੇ ਬੱਚੇ ਉਪਰਥਲੀ ਫ਼ੌਤ ਹੋ ਜਾਣ ਤਾਂ ਉਹ ਆਪਣੇ ਨਵੇਂ ਜੰਮੇ ਬੱਚੇ ਦਾ ਰਸਮੀ ਢੰਗ ਨਾਲ ਅੱਧ-ਸਿਰ ਮੁੰਨਣ ਕਰਦਾ ਹੈ। ਇਹ ਰੀਤ ਮੌਤ ਦੇ ਫ਼ਰਿਸ਼ਤੇ ਦੀਆਂ ਅੱਖਾਂ ਵਿਚ ਧੂੜ ਪਾਣ ਲਈ ਟੂਣੇ ਵਜੋਂ ਕੀਤੀ ਜਾਂਦੀ ਹੈ। ਬੱਚੇ ਨੂੰ ਜਾਣ ਕੇ ਬਦਸੂਰਤ ਬਣਾ ਕੇ ਰਖਣਾ ਤਾਂ ਜੋ ਮੌਤ ਦੇ ਫ਼ਰਿਸ਼ਤੇ ਦਾ ਉਸ ਵਲ ਧਿਆਨ ਹੀ ਨਾ ਜਾਵੇ।

(ਅ-280) **ਅੱਧ-ਸੀਸੀ** :

ਅੱਧੇ ਸਿਰ ਦਾ ਦਰਦ ਜੋ ਬੜਾ ਦੁਖਦਾਈ ਹੁੰਦਾ ਹੈ। ਅੱਧ-ਸੀਸੀ ਦੇ ਦਰਦ ਨੂੰ ਦੂਰ ਕਰਨ ਲਈ ਕਈ ਦਾਰੂ ਦਰਮਲ ਅਤੇ ਟੂਣੇ ਟੱਪੇ ਪ੍ਰਚਲਤ ਹਨ। ਇਕ ਉਪਾ ਇਸ ਪ੍ਰਕਾਰ ਹੈ : ਸੂਰਜ ਢਲਣ ਵੇਲੇ ਦੋ ਹਰੇ ਪੱਤੇ, ਸਿਰ ਦੇ ਉਸ ਪਾਸੇ, ਜਿਧਰ ਦਰਦ ਹੋਵੇ, ਉਪਰੋਂ ਹੇਠਾਂ ਵਲ ਸਤ ਵਾਰ ਰਗੜੇ ਜਾਣ ਅਤੇ ਨਾਲ ਹੀ ਇਹ ਮੰਤਰ ਪੜ੍ਹਿਆ ਜਾਵੇ : 'ਸੂਰਜ ਢਲੇ, ਅੱਧ-ਸਿਰ ਦੀ ਬਲਾ ਟਲੇ'। ਤਿੰਨ ਦਿਨ ਅਜਿਹਾ ਕਰਨ ਨਾਲ ਦਰਦ ਰਫੂ ਚੱਕਰ ਹੋ ਜਾਂਦਾ ਹੈ। ਕਈ ਪੀਰ ਫ਼ਕੀਰ ਅੱਧ-ਸੀਸੀ ਦੇ ਦਰਦ ਨੂੰ ਦੂਰ ਕਰਨ ਲਈ ਇਕ ਕਥਾ ਤਿੰਨ ਅਠਵਾਰੇ ਸੁਣਾਉਂਦੇ ਹਨ — 'ਹੋਵੇ ਪੁੜਪੁੜੀ ਪੀੜ ਤੇ ਅੱਧ-ਸੀਸੀ ਉਹਦੀ ਕਥਾ ਦਿਨ ਅਠਵੇਂ ਪਾਵਨੇ ਹਾਂ।' ਵਾਰਿਸ

ਅੱਧ-ਸੀਸੀ ਦੀ ਕਥਾ ਇਸ ਪ੍ਰਕਾਰ ਹੈ : ਇਕ ਵਾਰ ਇਕ ਤੀਵੀਂ ਜਿਸ ਦੇ ਅੱਧੇ ਸਿਰ ਨੂੰ ਸਖ਼ਤ ਪੀੜ ਸੀ, ਰੋਸ਼ਨੀਏਂ ਪੀਰ ਕੋਲ ਗਈ। ਪੀਰ ਨੇ ਉਸ ਤੀਵੀਂ ਉਤੇ ਤਰਸ ਖਾ ਕੇ 'ਅੱਧ-ਸੀਸੀ' ਦੀ ਰੂਹ ਨੂੰ ਮੰਤਰਾਂ ਦੁਆਰਾ ਸੱਦਿਆ। ਅੱਧ-ਸੀਸੀ ਪੰਛੀ ਦੇ ਰੂਪ ਵਿਚ ਆਈ ਤਾਂ ਫ਼ਕੀਰ ਨੇ ਉਸ ਨੂੰ ਬੰਦੀ ਬਣਾ ਕੇ, ਪਿੰਜਰੇ ਵਿਚ ਕੈਦ ਕਰ ਲਿਆ। ਇਹ ਪੰਛੀ ਬੜੀ ਵਿਕਰਾਲ ਸ਼ਕਲ ਦਾ ਸੀ ਤੇ ਉਸ ਦਾ ਅੱਧਾ ਸਿਰ ਤੀਰਾਂ ਨਾਲ ਵਿੰਨ੍ਹਿਆ ਹੋਇਆ ਸੀ। ਪੀਰ ਦੇ ਪੁੱਛਣ ਉਤੇ ਪੰਛੀ ਨੇ ਦਸਿਆ ਕਿ ਉਹ ਇਕ ਤੀਵੀਂ ਦਾ ਪ੍ਰੇਤ ਹੈ। ਉਹ ਨਿਰਸੰਤਾਨ ਹੋਣ ਕਰ ਕੇ ਮਰਘਟ ਵਿਚ ਕਿਸੇ ਜਵਾਨ ਦੀ ਚਿਖਾ ਉਤੇ ਔਲਾਦ ਲਈ ਟੂਣਾ ਕਰਦੀ ਫੜੀ ਗਈ ਅਤੇ ਪਿੰਡ ਦੇ ਲੋਕਾਂ ਨੇ ਉਸ ਦਾ ਅੱਧਾ ਸਿਰ ਤੀਰਾਂ ਨਾਲ ਵਿੰਨ੍ਹ ਦਿਤਾ। ਉਦੋਂ ਤੋਂ ਉਹ ਪ੍ਰੇਤ ਦੇ ਰੂਪ ਵਿਚ ਲੋਕਾਂ ਦੀ ਕਾਇਆ ਵਿਚ ਦਾਖ਼ਲ ਹੋ ਕੇ ਉਨ੍ਹਾਂ ਦੇ ਅੱਧੇ ਸਿਰ ਨੂੰ ਪੀੜਤ ਕਰ ਰਹੀ ਹੈ। ਫਿਰ ਅੱਧ-ਸੀਸੀ ਨੇ ਪੀਰ ਅੱਗੇ ਤਰਲਾ ਕੀਤਾ ਕਿ ਉਹ ਉਸ ਨੂੰ ਮੁਕਤ ਕਰ ਦੇਵੇ। ਪੀਰ ਨੇ ਇਸ ਸ਼ਰਤ ਉਤੇ 'ਅੱਧ-ਸੀਸੀ' ਨੂੰ ਮੁਕਤ ਕੀਤਾ ਕਿ ਜਿਥੇ ਕਿਧਰੇ ਵੀ ਇਹ ਕਥਾ ਸੁਣਾਈ ਜਾਵੇਗੀ ਉਥੋਂ ਉਹ ਨੱਠ ਜਾਵੇਗੀ।

(ਅ-281) **ਅੰਧਕ** :

ਇਹ ਨਾਉਂ ਕਈ ਵਿਅਕਤੀਆਂ ਲਈ ਵਰਤਿਆ ਜਾਂਦਾ ਹੈ, ਪਰ ਵਧੇਰੇ ਪ੍ਰਸਿਧ ਦੋ ਵਿਅਕਤੀ ਹੀ ਹਨ : (1) ਇਕ ਦੈਂਤ ਜੋ ਕਸ਼ਯਪ ਤੇ ਦਿਤੀ ਦਾ ਪੁੱਤਰ ਸੀ। ਪੁਰਾਣਾਂ ਅਨੁਸਾਰ ਇਸ ਦੇ ਹਜ਼ਾਰ ਸਿਰ, ਹਜ਼ਾਰ ਬਾਹਾਂ, ਦੋ ਹਜ਼ਾਰ ਅੱਖਾਂ ਅਤੇ ਦੋ ਹਜ਼ਾਰ ਪੈਰ ਸਨ। ਇਹ ਦੈਂਤ ਹਜ਼ਾਰਾਂ ਅੱਖਾਂ ਹੋਣ ਦੇ ਬਾਵਜੂਦ ਵੀ ਹਉਮੈਂ ਕਾਰਨ ਅੰਨ੍ਹਿਆਂ ਵਾਂਗ ਤੁਰਦਾ ਸੀ ਜਿਸ ਕਰ ਕੇ ਅੰਧਕ ਦੇ ਨਾਂ ਨਾਲ ਪ੍ਰਸਿਧ ਹੋਇਆ। ਅੰਧਕ ਨੂੰ ਵਰ ਪ੍ਰਾਪਤ ਸੀ ਕਿ ਸ਼ਿਵ ਅਤੇ ਵਿਸ਼ਨੂੰ ਤੋਂ ਬਿਨਾਂ ਹੋਰ ਕੋਈ ਵੀ ਉਸਨੂੰ ਮਾਰ ਨਹੀਂ ਸੀ ਸਕਦਾ। ਸੋ ਉਸ ਨੇ ਬੜੇ ਅਤਿਆਚਾਰ ਕੀਤੇ ਅਤੇ ਇੰਦਰਪੁਰੀ ਵਿਚੋਂ ਉਰਵਸ਼ੀ; ਇੰਦਰਾਵਤੀ ਆਦਿ ਅਪੱਛਰਾਂ ਨੂੰ ਉਧਾਲ ਲਿਆਇਆ। ਜਦੋਂ ਅੰਧਕ ਇੰਦਰ ਲੋਕ ਵਿਚੋਂ ਪਾਰਜਾਤ ਬਿਰਛ ਚੁਰਾ ਕੇ ਪ੍ਰਿਥਵੀ ਉਤੇ ਲਿਆ ਰਿਹਾ ਸੀ ਤਾਂ ਸ਼ਿਵ ਨੇ ਅੰਧਕ ਨੂੰ ਰਾਹ ਵਿਚ ਹੀ ਵੱਢ ਦਿਤਾ। ਇਸੇ ਬੀਰ ਕਰਮ ਸਦਕਾ ਸ਼ਿਵ ਨੂੰ ਅੰਧਕਰਿਪੂ ਵੀ ਕਿਹਾ ਜਾਂਦਾ ਹੈ।

(2) ਕੋਸ਼ਟੀ ਦਾ ਪੋਤਰਾ ਅਤੇ ਯੁਧਾਜਿਤ ਦਾ ਪੁੱਤਰ।

(ਅ-282) **ਅੰਧ ਕੂਪ** :

ਪੁਰਾਣਾਂ ਅਨੁਸਾਰ ਇਕ ਨਰਕ ਜਿਥੇ ਉਨ੍ਹਾਂ ਦੁਸ਼ਟਾਂ ਨੂੰ ਸੁਟਿਆ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਸੰਸਾਰਕ ਜੀਵਨ ਦੇ ਦੌਰਾਨ ਮੱਛਰਾਂ, ਮੱਖੀਆਂ ਅਤੇ ਜੂੰਆਂ ਆਦਿ ਲਹੂ ਪੀਣੇ ਕਿਰਮਾਂ ਦਾ ਘਾਤ ਕੀਤਾ ਹੋਵੇ। ਅੰਧ ਕੂਪ ਵਿਚ ਪ੍ਰਾਣੀਆਂ ਨੂੰ ਉਨੀਂਦਰੇ ਦਾ ਤਸੀਹਾ ਦਿਤਾ ਜਾਂਦਾ ਹੈ। ਇਹ ਨਰਕ ਪਤਾਲ ਦੇ ਘੋਰ ਹਨੇਰੇ ਵਿਚ ਅਜਿਹੀ ਥਾਂ ਸਥਿਤ ਹੈ, ਜਿਥੇ ਕਦੇ ਚਾਨਣ ਦੀ ਕਿਰਨ ਨਹੀਂ ਪਹੁੰਚਦੀ। ਇਹ ਨਰਕ ਪਾਤਾਲ ਅੰਦਰ ਡੂੰਘੇ ਤੇ ਅੰਨ੍ਹੇ ਖੂਹ ਵਾਂਗ ਬਣਿਆ ਹੋਣ ਕਰ ਕੇ ਅੰਧ ਕੂਪ ਅਖਵਾਉਂਦਾ ਹੈ।

(ਅ-283) **ਅੱਧ-ਗੱਭ** :

ਗਰਭ ਨਾਲ ਸੰਬੰਧਿਤ ਇਕ ਰੀਤ, ਜੋ ਗਰਭ

ਦੇ ਪੰਜਵੇਂ ਜਾਂ ਸਤਵੇਂ ਮਹੀਨੇ ਗਰਭ ਦੀ ਰੱਖਿਆ ਹਿੱਤ ਕੀਤੀ ਜਾਂਦੀ ਹੈ। ਇਸੇ ਨੂੰ ਰੀਤਾਂ ਜਾਂ ਛੋਟੀਆਂ ਰੀਤਾਂ ਵੀ ਕਹਿੰਦੇ ਹਨ। ਅੱਧ-ਗੱਭ ਨਾਉਂ ਮਾਝੇ ਵਿਚ ਵਧੇਰੇ ਪ੍ਰਚਲਤ ਹੈ। ਅੱਧ-ਗੱਭ ਦੀ ਰੀਤ ਕਿਸੇ ਨਾ ਕਿਸੇ ਰੂਪ ਵਿਚ ਸਭ ਜਾਤੀਆਂ ਵਿਚ ਪ੍ਰਚਲਤ ਹੈ, ਪਰ ਇਸ ਦੇ ਸਥਾਨਿਕ ਨਾਉਂ ਵੱਖੋ ਵੱਖਰੇ ਹਨ ਤੇ ਰਵਾਜਾਂ ਵਿਚ ਵੀ ਕੁਝ ਅੰਤਰ ਹੈ। ਧਨ-ਪੋਠੋਹਾਰ ਦੇ ਖੇਤਰ ਵਿਚ ਇਹ ਰੀਤ ਚੌਥੇ ਜਾਂ ਪੰਜਵੇਂ ਮਹੀਨੇ, ਕਿਸੇ ਸ਼ੁਭ ਤਿੱਥ ਨੂੰ ਕੀਤੀ ਜਾਂਦੀ ਹੈ। ਇਸ ਦਿਨ ਗਰਭਵਤੀ ਇਸਤ੍ਰੀ ਕੇਸੀ ਇਸ਼ਨਾਨ ਕਰ ਕੇ ਪੇਕਿਆਂ ਵਲੋਂ ਭੇਜੇ ਗਏ ਕਪੜੇ ਪਹਿਨਦੀ ਹੈ ਅਤੇ ਹੱਥਾਂ ਉਤੇ ਮਹਿੰਦੀ ਲਗਾ ਕੇ ਤੇ ਵਾਲਾਂ ਨੂੰ ਗੁੰਦ ਕੇ ਪੀੜ੍ਹੇ ਉਤੇ ਸਜਦੀ ਹੈ। ਕਈ ਥਾਈਂ ਇਸ ਰੀਤ ਸਮੇਂ ਗੀਤ ਵੀ ਬਿਠਾਏ ਜਾਂਦੇ ਹਨ। ਇਸ ਰੀਤ ਦਾ ਮਨੋਰਥ ਬਦਰੂਹਾਂ ਤੋਂ ਗਰਭ ਦੀ ਰੱਖਿਆ ਕਰਨੀ ਹੈ।

ਹੁਸ਼ਿਆਰਪੁਰ ਵਿਚ ਇਹ ਰੀਤ ਗਰਭ ਦੇ ਦਿਨੀਂ ਦੋ ਵਾਰ ਕੀਤੀ ਜਾਂਦੀ ਹੈ – ਪਹਿਲੀ ਵਾਰ ਗਰਭ ਦੇ ਪੰਜਵੇਂ ਮਹੀਨੇ ਅਤੇ ਦੂਜੀ ਵਾਰ ਨਾਵੇਂ ਮਹੀਨੇ, ਦੋਵੇਂ ਵਾਰੀ ਚੰਦਰਮਾਸ ਦੀ ਦੂਜੀ ਤਿੱਥ ਨੂੰ। ਗਰਭਵਤੀ ਦੇ ਪੇਕੇ ਉਸ ਲਈ ਸਾਲੂ ਤੇ ਕੁਝ ਚਾਵਲ ਭੇਜਦੇ ਹਨ। ਗਰਭਵਤੀ ਇਸ਼ਨਾਨ ਮਗਰੋਂ ਰਤਾ ਸਾਲੂ ਓੜ੍ਹ ਕੇ ਪੀੜ੍ਹੇ ਉਤੇ ਬੈਠਦੀ ਹੈ। ਸ਼ਗਨ ਵਜੋਂ ਮਿੱਠੇ ਚਾਵਲ ਰਿੰਨ੍ਹ ਕੇ ਬਰਾਦਰੀ ਵਿਚ ਵੰਡੇ ਜਾਂਦੇ ਹਨ।

ਲਹਿੰਦੇ ਵਿਚ ਇਸ ਰੀਤ ਸਮੇਂ ਗਰਭਵਤੀ ਇਸਤ੍ਰੀ ਦੀ ਗੋਦ ਵਿਚ ਪਾਪੜ ਤੇ ਪਕੌੜੇ ਪਾਏ ਜਾਂਦੇ ਹਨ। ਸਿਆਲਕੋਟ ਵਿਚ ਇਸ ਰੀਤ ਵੇਲੇ ਬਰਾਦਰੀ ਵਿਚ ਪਾਪੜ ਤੇ ਪਕੌੜੇ ਵੰਡੇ ਜਾਂਦੇ ਹਨ ਅਤੇ ਇਸ ਰੀਤ ਨੂੰ 'ਪਾਉਂ ਭਾਰੀ' ਕਹਿੰਦੇ ਹਨ। ਸਤਵੇਂ ਮਹੀਨੇ ਜੋ ਰੀਤਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ 'ਕਾਂਜੀ' ਵੀ ਕਿਹਾ ਜਾਂਦਾ ਹੈ। (ਵੇਖੋ : ਕਾਂਜੀ)

(ਅ-284) **ਅੰਧ ਤਮਿਸਰ** :

ਪੁਰਾਣਾਂ ਅਨੁਸਾਰ ਇਕ ਨਰਕ ਜਿਥੇ ਮਰਨ ਮਗਰੋਂ ਸਵਾਰਥੀ ਤੇ ਅਭਿਮਾਨੀ ਜੀਵਾਂ ਨੂੰ ਰਖਿਆ ਜਾਂਦਾ ਹੈ। ਅੰਧ ਕੂਪ ਵਾਂਙ ਇਥੇ ਵੀ ਹਮੇਸ਼ਾਂ ਘੋਰ ਹਨੇਰਾ ਛਾਇਆ ਰਹਿੰਦਾ ਹੈ ਅਤੇ ਹੱਥ ਨੂੰ ਹੱਥ ਵਿਖਾਈ ਨਹੀਂ ਦੇਂਦਾ।

(ਅ-285) **ਅੱਧ ਪੰਧ** :

ਸ਼ਮਸ਼ਾਨ ਵਲ ਜਾਂਦਿਆਂ ਰਾਹ ਵਿਚ ਉਹ ਥਾਂ ਜਿਥੇ ਹਿੰਦੂ ਮੁਰਦੇ ਦੀ ਅਰਥੀ ਜ਼ਮੀਨ ਉਤੇ ਉਤਾਰ ਕੇ ਪਿੰਡ-ਦਾਨ ਤੇ ਕੁੰਭ-ਫੋੜਨ ਦੀ ਰੀਤ ਕਰਦੇ ਹਨ। ਕਈ ਪਿੰਡਾਂ ਵਿਚ ਅੱਧ-ਪੰਧ ਦੀ ਥਾਂ ਨਿਸਚਤ ਹੁੰਦੀ ਹੈ ਅਤੇ ਪਿੰਡ ਵਾਲਿਆਂ ਨੇ ਉਥੇ ਇਕ ਉੱਚਾ ਚਬੂਤਰਾ ਬਣਾਇਆ ਹੁੰਦਾ ਹੈ। ਅੱਧ-ਪੰਧ ਉਤੇ ਕੁਝ ਚਿਰ ਲਈ ਅਰਥੀ ਰੁਕਦੀ ਹੈ। ਅਰਥੀ ਵਿਚ ਸ਼ਾਮਲ ਲੋਕ ਰਸਤੇ ਵਿਚੋਂ ਰੋੜਾ, ਪੱਥਰ ਜਾਂ ਇਟ ਚੁਕ ਲਿਆਂਦੇ ਹਨ ਜੋ ਅੱਧ-ਪੰਧ ਉਤੇ ਰਖ ਦਿੰਦੇ ਹਨ। ਪ੍ਰੋਹਿਤ ਪਿੰਡ ਦਾਨ ਕਰਦਾ ਹੈ, ਜਿਸ ਦੇ ਮਗਰੋਂ ਕੋਈ ਕਰਮੀ ਧਰਮੀ ਸ਼ਖਸ ਜਾਂ ਮ੍ਰਿਤਕ ਦਾ ਪੁੱਤਰ ਮਿੱਟੀ ਦਾ ਕੁੰਭ ਉਨ੍ਹਾਂ ਰੋੜਿਆਂ ਦੇ ਢੇਰ ਉਤੇ ਪਟਕਾ ਕੇ ਮਾਰਦਾ ਹੈ। ਕਈ ਥਾਈਂ ਮੋਏ ਪ੍ਰਾਣੀ ਦਾ ਵੱਡਾ ਲੜਕਾ ਕੁੰਭ ਵਿਚੋਂ ਜਲ ਲੈ ਕੇ ਪਹਿਲਾਂ ਅਰਥੀ ਦੇ ਚਾਰੇ ਪਾਸੇ ਪਾਣੀ ਦਾ ਛੱਟਾ ਦੇਂਦਾ ਹੋਇਆ ਪ੍ਰਕਰਮਾ ਕਰਦਾ ਹੈ ਤੇ ਫਿਰ ਕੁੰਭ ਨੂੰ ਜ਼ਮੀਨ ਉਤੇ ਮਾਰ ਕੇ ਭੰਨ ਦੇਂਦਾ ਹੈ। ਇਸ ਰੀਤ ਤੋਂ ਬਾਅਦ ਅਰਥੀ ਸ਼ਮਸ਼ਾਨ ਵਿਚ ਲਿਜਾਈ ਜਾਂਦੀ ਹੈ। ਮਾਲਵੇ ਵਿਚ ਅੱਧ-ਪੰਧ ਉਤੇ ਅਗਲੇ ਕਾਹਨੀ (ਮੋਢਾ ਦੇਣ ਵਾਲੇ) ਪਿਛੇ ਤੇ ਪਿਛਲੇ ਅੱਗੇ ਹੋ ਜਾਂਦੇ ਹਨ। ਅੱਧ-ਪੰਧ ਤੋਂ ਅਰਥੀ ਦਾ ਮੂੰਹ ਵੀ ਉਲਟਾ ਮੋੜ ਦਿਤਾ ਜਾਂਦਾ ਹੈ। ਇਸ ਨੂੰ ਅੱਧ-ਮਾਰਗ ਵੀ ਕਹਿੰਦੇ ਹਨ।

(ਅ-286) **ਅੱਧ-ਮਾਰਗ** :

(ਵੇਖੋ : ਅੱਧ-ਪੰਧ)

(ਅ-287) **ਅੰਧ ਮੁਨੀ** :

ਸਰਵਣ ਕੁਮਾਰ ਦਾ ਪਿਤਾ; ਇਕ ਵਾਰ ਰਾਜਾ ਦਸਰਥ ਸਰਜੂ ਨਦੀ ਦੇ ਕੰਢੇ ਸ਼ਿਕਾਰ ਖੇਡ ਰਿਹਾ ਸੀ। ਸੰਜੋਗ ਵਸ ਸਰਵਣ ਕੁਮਾਰ ਆਪਣੇ ਅੰਨ੍ਹੇ ਮਾਪਿਆਂ ਲਈ ਉਸੇ ਨਦੀ ਤੋਂ ਪਾਣੀ ਲੈਣ ਗਿਆ। ਪਾਣੀ ਦੀ ਆਵਾਜ਼ ਤੋਂ

ਦਸਰਥ ਨੇ ਅਨੁਮਾਨ ਲਗਾਇਆ ਕਿ ਨਦੀ ਕੰਢੇ ਕੋਈ ਹਿਰਨ ਪਾਣੀ ਪੀ ਰਿਹਾ ਹੈ। ਸੋ ਉਸ ਨੇ ਸ਼ਬਦ-ਭੇਦੀ ਬਾਣ ਛੱਡਿਆ ਜਿਸ ਨਾਲ ਸਰਵਣ ਘਾਇਲ ਹੋ ਕੇ ਮਰ ਗਿਆ। ਦਸਰਥ ਨੇ ਸਰਵਣ ਦੇ ਮਾਪਿਆਂ ਨੂੰ ਜਦੋਂ ਪੁੱਤਰ ਦੀ ਮੌਤ ਦੀ ਖ਼ਬਰ ਦਿਤੀ ਤਾਂ ਉਨ੍ਹਾਂ ਨੇ ਵਿਜੋਗ ਵਿਚ ਵਿਆਕੁਲ ਹੋ ਕੇ ਪ੍ਰਾਣ ਤਿਆਗ ਦਿਤੇ। ਮਰਨ ਵੇਲੇ ਸਰਵਣ ਦੇ ਪਿਤਾ ਅੰਧ ਮੁਨੀ ਨੇ ਦਸਰਥ ਨੂੰ ਸਰਾਪ ਦਿਤਾ ਕਿ ਦਸਰਥ ਦੀ ਮੌਤ ਵੀ ਆਪਣੇ ਪੁੱਤਰ ਦੇ ਵਿਜੋਗ ਵਿਚ ਹੋਵੇਗੀ। (ਵੇਖੋ : ਸਰਵਣ ਕੁਮਾਰ)

(ਅ-288) **ਅਧਰਮ** :

ਅਨਿਆਂ, ਦੁਰਾਚਾਰ, ਉਪੱਦਰ; ਹਿੰਦੂ ਮਿਥਿਹਾਸ ਕੋਸ਼ (32) ਅਨੁਸਾਰ ਇਸ ਦਾ ਬ੍ਰਹਮਾ ਦੇ ਪੁੱਤਰ ਦੇ ਰੂਪ ਵਿਚ ਮਾਨਵੀਕਰਣ ਕੀਤਾ ਗਿਆ ਹੈ ਅਤੇ ਇਹ 'ਸਮੂਹ ਪ੍ਰਾਣੀਆਂ ਦਾ ਨਾਸ਼ਕ' ਮੰਨਿਆ ਜਾਂਦਾ ਹੈ। ਮਿਰਤੂ ਦੀ ਦੇਵੀ ਨਿਰਰਿਤੀ ਇਸ ਦੀ ਪਤਨੀ ਅਤੇ ਕਈ ਥਾਈਂ ਧੀ ਮੰਨੀ ਜਾਂਦੀ ਹੈ।

(ਅ-289) **ਅਧਵਾਣਾ** :

ਅਧਵਾਣੇ ਬਾਰੇ ਇਕ ਮਦੀ ਇਉਂ ਪ੍ਰਚਲਤ ਹੈ :— ਇਕ ਤੀਵੀਂ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਉਸ ਨੇ ਦੇਵੀ ਦੇਵਤਿਆਂ ਅੱਗੇ ਸੁੱਖਣਾ ਸੁੱਖੀ ਕਿ ਜੇ ਉਸ ਦੇ ਘਰ ਜੋੜਾ-ਪੁੱਤਰ ਜੰਮੇ ਤਾਂ ਉਹ ਇਕ ਪੁੱਤਰ ਦੀ ਬਲੀ ਦੇਵੇਗੀ। ਸੰਜੋਗ ਵਸ ਉਸ ਦੇ ਘਰ ਜੋੜ ਪੁੱਤਰ ਜੰਮੇ ਤਾਂ ਉਸ ਵੱਡੇ ਬੱਚੇ ਦੀ ਆਹੂਤੀ ਦੇ ਦਿਤੀ ਅਤੇ ਉਸ ਦਾ ਸਿਰ ਆਪਣੇ ਖੇਤਾਂ ਵਿਚ ਦਬ ਦਿਤਾ। ਕੁਝ ਦਿਨਾਂ ਮਗਰੋਂ ਉਥੋਂ ਇਕ ਵੇਲ ਉੱਗ ਪਈ ਜਿਸ ਨਾਲ ਇਕ ਵੱਡਾ ਸਾਰਾ ਅਧਵਾਣਾ ਲੱਗਾ। ਅਧਵਾਣੇ ਦੀ ਬੁਝਾਰਤ ਇਸੇ ਅਣਹੋਣੀ ਵਲ ਇਸ਼ਾਰਾ ਕਰਦੀ ਹੈ —

ਜੋੜਾ ਜਾਹਰ ਘਰ ਨਾ ਛਿੱਕਾ
ਤੋੜੂ ਖਾਧਿਆ ਵੱਟਾ।

(ਅ-290) **ਅੰਧ-ਵਿਸ਼ਵਾਸ਼** :

ਅਗਿਆਨਤਾ ਉਤੇ ਆਧਾਰਤ ਵਿਸ਼ਵਾਸ; ਆਦਿਮ ਮਨੁੱਖ ਨੂੰ ਅਗਿਆਨਤਾ ਕਾਰਨ ਕਈ ਘਟਨਾਵਾਂ ਤੇ ਪ੍ਰਾਕ੍ਰਿਤਕ ਦ੍ਰਿਸ਼ਟਮਾਨਾਂ ਦੇ ਮੂਲ ਕਾਰਨਾਂ ਦੀ ਸੋਝੀ ਨਹੀਂ ਸੀ ਹੁੰਦੀ। ਉਹ ਅਣਜਾਣਪੁਣੇ ਵਿਚ ਉਨ੍ਹਾਂ ਕਾਰਨਾਂ ਪਿਛੇ ਕਿਸੇ ਅਦ੍ਰਿਸ਼ਟ ਸ਼ਕਤੀ ਦਾ ਹੱਥ ਕਲਪ ਲੈਂਦਾ ਸੀ। ਜਿਵੇਂ ਮੀਂਹ ਅਤੇ ਬਿਜਲੀ ਦੇ ਗੜਕਣ ਪਿਛੇ ਇੰਦਰ ਦੇਵਤੇ ਦੀ ਅਤੇ ਭੁਚਾਲ ਪਿਛੇ ਧੌਲੇ ਬਲਦ ਦੀ ਕੋਈ ਪ੍ਰਕ੍ਰਿਆ ਸਮਝੀ ਜਾਂਦੀ ਸੀ। ਆਦਿਮ ਮਨੁੱਖ ਦਾ ਵਿਸ਼ਵਾਸ ਸੀ ਕਿ ਮੀਂਹ ਇੰਦਰ ਦੀ ਬਖਸ਼ਿਸ਼ ਨਾਲ ਵਸਦਾ ਹੈ। ਜੇ ਇੰਦਰ ਨਾਰਾਜ਼ ਹੋ ਜਾਵੇ ਤਾਂ ਧਰਤੀ ਉਤੇ ਕਾਲ ਪੈ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਧੌਲਾ ਬਲਦ ਧਰਤੀ ਦੇ ਬੋਝ ਨਾਲ ਥੱਕ ਕੇ ਸਿੰਙ ਬਦਲਦਾ ਹੈ ਤਾਂ ਭੂਚਾਲ ਆਉਂਦਾ ਹੈ। ਇਸ ਤਰ੍ਹਾਂ ਦੇ ਅਨੇਕਾਂ ਹੋਰ ਵਿਸ਼ਵਾਸ਼ ਹਨ ਜੋ ਲੋਕ-ਮਨ ਦੀ ਅਭਿਵਿਅਕਤੀ ਹਨ, ਪਰ ਵਿਗਿਆਨੀ ਮਨ ਲਈ ਨਿਰਾਧਾਰ ਹੋਣ ਕਰ ਕੇ ਅੰਧ-ਵਿਸ਼ਵਾਸ਼ ਦੇ ਖੇਤਰ ਅੰਦਰ ਆਉਂਦੇ ਹਨ। ਬ੍ਰਹਿਮੰਡ ਤੇ ਪ੍ਰਾਕ੍ਰਿਤਕ ਦ੍ਰਿਸ਼ਟਮਾਨਾਂ ਬਾਰੇ ਜੋ ਪੌਰਾਣਿਕ ਕਥਾਵਾਂ ਮਿਲਦੀਆਂ ਹਨ, ਉਹ ਵਿਗਿਆਨੀ ਮਨ ਲਈ ਅੰਧ-ਵਿਸ਼ਵਾਸ਼ ਹਨ।

ਅੰਧ-ਵਿਸ਼ਵਾਸ਼ਾਂ ਦਾ ਇਕ ਹੋਰ ਵਰਗ ਹੈ — ਮੰਤ੍ਰ ਤੰਤ੍ਰ, ਜਾਦੂ ਟੂਣਾ, ਤਵੀਤ, ਧਾਗੇ, ਸ਼ਗਨ, ਮਹੂਰਤ ਤੇ ਰੀਤਾਂ ਆਦਿ; ਵਿਆਹ ਸ਼ਾਦੀ ਤੇ ਸ਼ੁਭ ਸਮਾਗਮਾਂ ਲਈ ਮਹੂਰਤ ਕਢਵਾਏ ਜਾਂਦੇ ਹਨ। ਫਿਰ ਇਨ੍ਹਾਂ ਮੌਕਿਆਂ ਉਤੇ ਕਈ ਤਰ੍ਹਾਂ ਦੇ ਸ਼ਗਨ ਤੇ ਰੀਤਾਂ ਕੀਤੀਆਂ ਜਾਂਦੀਆਂ ਹਨ। ਮਹੂਰਤਾਂ, ਰੀਤਾਂ ਤੇ ਸ਼ਗਨਾਂ ਦਾ ਮੂਲ ਆਧਾਰ ਸਹਾਨੁਭੂਤੀ ਟੂਣਾ ਹੈ। ਜਾਦੂ ਟੂਣੇ, ਤਵੀਤਾਂ, ਗੰਢਾਂ ਤੇ ਧਾਗਿਆਂ ਦੁਆਰਾ ਰੋਗਾਂ ਤੋਂ ਮੁਕਤ ਹੋਣ ਤੇ ਵੈਰੀਆਂ ਨੂੰ ਪਰਾਜਿਤ ਕਰਨ ਦਾ ਨਿਸਚਾ ਵੀ ਅੰਧ-ਵਿਸ਼ਵਾਸ ਹੈ।

ਜਿੰਨ, ਭੂਤ-ਪ੍ਰੇਤ, ਪਿਸਾਚ, ਡੈਣ ਆਦਿ ਬਾਰੇ ਵਿਸ਼ਵਾਸ ਵੀ ਅੰਧ-ਵਿਸ਼ਵਾਸ਼ ਦੇ ਅੰਤਰਗਤ ਹੀ ਆਉਂਦੇ ਹਨ। ਪਿੰਡਾਂ ਦੇ ਪਛੜੇ ਲੋਕਾਂ ਦਾ ਨਿਸਚਾ ਹੈ ਕਿ ਬੀਮਾਰੀਆਂ ਭੂਤ ਪ੍ਰੇਤ ਫੈਲਾਂਦੇ ਹਨ। ਮਾਤਾ ਦੀ ਬੀਮਾਰੀ ਸੀਤਲਾ ਦੇਵੀ ਦੇ ਪ੍ਰਕੋਪ ਨਾਲ ਹੁੰਦੀ ਹੈ।

ਦਿਨਾਂ, ਤਿਥਾਂ, ਚੰਨ ਸੂਰਜ ਆਦਿ ਨਾਲ ਅਨੇਕਾਂ ਭਰਮ ਵਹਿਮ ਜੁੜੇ ਹੋਏ ਹਨ, ਜਿਨ੍ਹਾਂ ਦਾ ਆਧਾਰ ਵੀ ਲੋਕ-ਮਨ ਹੈ। ਕੁਝ ਦਿਨ, ਤਿਥਾਂ, ਨਛਤ੍ਰ ਤੇ ਗ੍ਰਹਿ ਸ਼ੁਭ ਮੰਨੇ ਗਏ ਹਨ, ਪਰ ਕੁਝ ਅਸ਼ੁਭ। ਸਨਿਚਰਵਾਰ ਸ਼ੁਰੂ ਕੀਤਾ ਕੰਮ ਅਧਵਾਟੇ ਰਹਿ ਜਾਂਦਾ ਹੈ। ਕੱਤਕ ਵਿਚ ਜੰਮਿਆ ਬਾਲ ਮਾਪਿਆਂ ਉਤੇ ਭਾਰਾ ਹੁੰਦਾ ਹੈ। ਇਹੋ ਵਿਚਾਰ ਮੂਲ ਨਛਤ੍ਰ ਵਿਚ ਜੰਮੇ ਬਾਲ ਬਾਰੇ ਹਨ। ਇਹ ਸਭ ਧਾਰਨਾਵਾਂ ਵਿਗਿਆਨੀ ਮਨ ਲਈ ਅੰਧ-ਵਿਸ਼ਵਾਸ਼ ਹਨ, ਪਰ ਲੋਕ-ਮਨ ਲਈ ਜੀਵਨ ਦੀ ਇਕ ਵਾਸਤਵਿਕਤਾ। ਇਨ੍ਹਾਂ ਉਪਰ ਚਰਚਾ ਲੋਕ-ਵਿਸ਼ਵਾਸ਼ ਸਿਰਲੇਖ ਹੇਠ ਕੀਤੀ ਜਾਵੇਗੀ। (ਵੇਖੋ : ਲੋਕ-ਵਿਸ਼ਵਾਸ਼)

(ਅ-291) **ਅੱਧਾ-ਭਾਈ ਜਾਗਦਾ :**

ਧਨ-ਪੋਠੋਹਾਰ ਦੇ ਇਲਾਕੇ ਦੀ ਇਕ ਪ੍ਰਸਿਧ ਲੋਕ-ਕਹਾਣੀ ਜਿਸ ਦਾ ਨਾਇਕ ਅੱਧਾ-ਭਾਈ ਹੈ। ਅੱਧੇ ਭਾਈ ਦੀ ਮਾਂ ਨੇ ਫ਼ਕੀਰ ਦੀ ਸੋਟੀ ਨਾਲ ਝੜਿਆ ਅੱਧਾ ਅੰਬ ਖਾਧਾ ਸੀ ਜਿਸ ਕਰ ਕੇ ਉਸ ਦੇ ਉਦਰ ਤੋਂ ਇਕ ਅੱਖ, ਇਕ ਕੰਨ, ਇਕ ਬਾਂਹ ਅਤੇ ਇਕ ਟੰਗ ਭਾਵ ਅੱਧੇ ਸਰੀਰ ਵਾਲਾ ਬਾਲ ਪੈਦਾ ਹੋਇਆ। ਅੱਧਾ ਭਾਈ ਆਪਣੇ ਛੇ ਮਤ੍ਰੇਏ ਭਰਾਵਾਂ ਨਾਲ ਕਮਾਈ ਕਰਨ ਲਈ ਪ੍ਰਦੇਸ ਗਿਆ, ਪਰ ਬਾਕੀ ਭਰਾਵਾਂ ਨਾਲੋਂ ਵਧੇਰੇ ਸਜਗ ਤੇ ਚਾਤਰ ਹੋਣ ਕਰ ਕੇ ਉਹ ਹਰ ਭੀੜਾ ਸਮੇਂ ਆਪਣੇ ਭਰਾਵਾਂ ਨੂੰ ਬਚਾਂਦਾ ਰਿਹਾ। ਇਥੋਂ ਤਕ ਕਿ ਜਦੋਂ ਸੱਤੇ ਭਰਾ ਆਦਮ-ਖਾਣੀ ਡੈਣ ਦੇ ਕਾਬੂ ਆ ਗਏ ਤਾਂ ਅੱਧੇ-ਭਾਈ ਨੇ ਰਾਤ ਵੇਲੇ ਡੈਣ ਦੀਆਂ ਧੀਆਂ ਨਾਲ ਆਪਣੇ ਭਰਾਵਾਂ ਦੀਆਂ ਮੰਜੀਆਂ ਬਦਲ ਕੇ ਉਨ੍ਹਾਂ ਨੂੰ ਬਚਾ ਲਿਆ ਅਤੇ ਡੈਣ ਨੇ ਭੁਲੇਖੇ ਨਾਲ ਆਪਣੀਆਂ ਧੀਆਂ ਨੂੰ ਹੀ ਵੱਢ ਸੁਟਿਆ। ਅਖ਼ੀਰ, ਅੱਧਾ-ਭਾਈ ਬਾਕੀ ਸਭ ਭਰਾਵਾਂ ਨਾਲੋਂ ਵਧੇਰੇ ਧਨ-ਦੌਲਤ ਕਮਾ ਕੇ ਘਰ ਵਾਪਸ ਆਇਆ। ਅੱਧਾ-ਭਾਈ ਦੀ ਕਥਾ ਪੰਜਾਬੀ ਦੀ ਉਸ ਭਾਵਨਾ ਦੀ ਬੋਧਿਕ ਹੈ ਜੋ ਅਪੰਗ ਹੋ ਕੇ ਵੀ ਉੱਚਾ ਦਾਈਆ ਰਖਦੀ ਤੇ ਸ ਹਸ ਨੂੰ ਨਹੀਂ ਤਿਆਗਦੀ ਅਤੇ ਚੜ੍ਹਦੀ ਕਲਾ ਵਿਚ ਰਹਿਣ ਕਰਕੇ ਸਦਾ ਵਿਜੈ ਪ੍ਰਾਪਤ ਕਰਦੀ ਹੈ।

ਇਹ ਕਥਾ 'ਪੰਜਾਬ ਦੀਆਂ ਲੋਕ-ਕਹਾਣੀਆਂ' (ਪੰਨਾ 225-234) ਵਿਚ ਵਿਸਥਾਰ ਨਾਲ ਮਿਲਦੀ ਹੈ। ਇਹੋ ਲੋਕ-ਕਹਾਣੀ ਅਮ੍ਰੀਕਨ ਲੋਕ-ਕਥਾਵਾਂ ਦੇ ਸੰਗ੍ਰਹਿ 'ਗਰਾਂਡਫ਼ਾਦਰਜ਼ ਟੇਲਜ਼' ਦੀ ਮਟਸ ਮੱਗ ਦੀ ਕਥਾ ਨਾਲ ਮੇਲ ਖਾਂਦੀ ਹੈ। ਮਟਸ ਮੱਗ ਰਾਖਸ਼ਣੀ ਤੋਂ ਆਪਣੇ ਭਰਾਵਾਂ ਦੀ ਜਾਨ ਬਚਾਣ ਲਈ ਉਸ ਦੀਆਂ ਧੀਆਂ ਨਾਲ ਆਪਣੇ ਭਰਾਵਾਂ ਦੀਆਂ ਟੋਪੀਆਂ ਬਦਲ ਦੇਂਦਾ ਹੈ ਅਤੇ ਰਾਖਸ਼ਣੀ ਭੁਲੇਖੇ ਨਾਲ ਆਪਣੀਆਂ ਧੀਆਂ ਨੂੰ ਹੀ ਮਾਰ ਸੁਟਦੀ ਹੈ। Francis Hindes Groome ਦੀ ਪੁਸਤਕ 'ਜਿਪਸੀ ਫ਼ੋਕ ਟੇਲਜ਼' ਵਿਚ ਇਸੇ ਕਥਾ ਨਾਲ ਮਿਲਦੀ ਇਕ ਕਹਾਣੀ Tropsyn ਹੈ। ਪਰ ਇਸ ਕਥਾ ਦੀ ਯਾਤਰਾ ਬਾਰੇ ਅਜੇ ਵਿਗਿਆਨਕ ਪੱਧਰ ਉਤੇ ਅਧਿਅਨ ਨਹੀਂ ਕੀਤਾ ਗਿਆ।

(ਅ-292) **ਅਧਿਕ ਅਨੂਪ ਦਈ :**

ਰਾਜੇ ਸਿਰਕਪ ਦੀ ਲੜਕੀ; ਸਰ ਰਿਚਰਡ ਟੈਂਪਲ ਨੇ 'ਲਿਜਿੰਡਜ਼ ਆਫ਼ ਦੀ ਪੰਜਾਬ' (1,225-242) ਵਿਚ ਅਧਿਕ ਅਨੂਪ ਦਈ ਬਾਰੇ ਇਕ ਕਾਵਿ-ਕਥਾ ਦਿਤੀ ਹੈ ਜੋ ਉਨ੍ਹਾਂ ਜਲੰਧਰ ਦੇ ਇਕ ਭੱਟ ਤੋਂ ਸੁਣੀ। ਇਸ ਮਾਹਲ (ਵੇਖੋ : ਮਾਹਲ) ਅਨੁਸਾਰ ਅਧਿਕ ਅਨੂਪ ਦਈ ਕਨੌਜ ਦੇ ਰਾਜੇ, ਸਿਰਕਪ ਦੀ ਬੇਟੀ ਸੀ। ਅਧਿਕ ਅਨੂਪ ਦਈ ਜਦੋਂ ਹੱਸਦੀ ਤਾਂ ਉਸ ਦੇ ਮੂੰਹ ਵਿਚੋਂ ਫੁੱਲ ਕਿਰਦੇ ਸਨ, ਪਰ ਜਦੋਂ ਰੋਂਦੀ ਤਾਂ ਮੋਤੀ ਝੜਦੇ ਸਨ। ਸਿਆਲਕੋਟ ਦਾ ਰਾਜਾ ਰਸਾਲੂ ਅਧਿਕ ਅਨੂਪ ਦਈ ਨੂੰ ਸੁਪਨੇ ਵਿਚ ਵੇਖ ਕੇ ਉਸ ਉਪਰ ਅਜਿਹਾ ਮੋਹਿਤ ਹੋਇਆ ਕਿ ਉਸ ਨੂੰ ਵਿਆਹੁਣ ਲਈ ਵਿਆਕੁਲ ਹੋਣ ਲੱਗਾ। ਆਪਣੇ ਵਜ਼ੀਰ ਮਹਿਤੇ ਦੀ ਸਲਾਹ ਮੰਨ ਕੇ ਰਾਜੇ ਰਸਾਲੂ ਨੇ ਆਪਣੇ ਇਕ ਵਿਸ਼ੇਸ਼ ਤੋਤੇ ਨੂੰ ਕਨੌਜ ਅਧਿਕ ਅਨੂਪ ਦਈ ਦੇ ਮਹਿਲਾਂ ਵਿਚ ਭੇਜਿਆ। ਤੋਤੇ ਨੇ ਹੋਰ ਤੋਤਿਆਂ ਦੀ ਮਦਦ ਨਾਲ ਅਨੂਪ ਦਈ ਦਾ 'ਨੌਲਖਾ ਬਾਗ਼' ਉਜਾੜ ਦਿਤਾ। ਨਾਲ ਹੀ ਤੋਤੇ ਨੇ ਖ਼ੁਦ ਅਨੂਪ ਦਈ ਦੇ ਮੂੰਹ ਅਤੇ ਸਰੀਰ ਉਤੇ ਚੁੰਜਾਂ ਮਾਰ ਕੇ ਉਸ ਨੂੰ ਜ਼ਖਮੀ ਕਰ ਦਿਤਾ। ਫੜੇ ਜਾਣ ਉਤੇ ਤੋਤੇ ਨੇ ਅਨੂਪ ਦਈ ਨੂੰ

ਦਸਿਆ ਕਿ ਉਹ ਰਾਜੇ ਰਸਾਲੂ ਦਾ ਦੂਤ ਹੈ ਜੋ ਬੜਾ ਰੂਪਵਾਨ, ਸੂਰਬੀਰ ਤੇ ਰਸੀਆ ਹੈ। ਰਾਜੇ ਰਸਾਲੂ ਦੀਆਂ ਸਿਫ਼ਤਾਂ ਸੁਣ ਕੇ ਅਨੂਪ ਦਈ ਦੇ ਮਨ ਵਿਚ ਵੀ ਉਸ ਲਈ ਪ੍ਰੇਮ ਭਾਵਨਾ ਉਦੈ ਹੋਈ। ਉਸ ਨੇ ਤੋਤੇ ਦੇ ਹੱਥ ਰਾਜੇ ਰਸਾਲੂ ਨੂੰ ਪ੍ਰੇਮ ਪੱਤਰ ਭੇਜਿਆ, ਜਿਸ ਵਿਚ ਅੱਠਾਂ ਦਿਨਾਂ ਦੇ ਅੰਦਰ ਅੰਦਰ ਵਿਆਹ ਕੇ ਲਿਜਾਣ ਦੀ ਫ਼ਰਮਾਇਸ਼ ਕੀਤੀ। ਜੇ ਰਸਾਲੂ ਮਿਆਦ ਮਗਰੋਂ ਪੁਜਿਆ ਤਾਂ ਉਹ ਉਸ ਨਾਲ ਵਿਆਹ ਕਰਨ ਤੋਂ ਅਸਮਰਥ ਹੋਵੇਗੀ।

ਸਿਆਲਕੋਟ ਤੋਂ ਕਨੌਜ ਕਾਫ਼ੀ ਦੂਰ ਸੀ। ਕਥਾ ਅਨੁਸਾਰ ਰਾਹ ਵਿਚ ਸੱਤ ਦਰਿਆ ਪੈਂਦੇ ਸਨ ਅਤੇ ਸਾਰੀ ਵਾਟ ਚੌਦਾਂ ਸੌ ਕੋਹਾਂ ਦੀ ਸੀ। ਸੋ ਰਾਜਾ ਰਸਾਲੂ ਬੜਾ ਘਬਰਾਇਆ, ਪਰ ਉਹ 'ਪਵਨ-ਪੰਖੀ ਕਰਹੇ' ਉਤੇ ਬੈਠ ਕੇ ਵਕਤ ਸਿਰ ਕਨੌਜ ਪਹੁੰਚ ਗਿਆ। ਜਦੋਂ ਰਸਾਲੂ ਰਾਜਕੁਮਾਰੀ ਦੇ ਮਹਿਲਾਂ ਵਿਚ ਪ੍ਰਵੇਸ਼ ਕਰਨ ਲੱਗਾ ਤਾਂ ਗੋਲੀਆਂ ਨੇ ਉਸ ਤੋਂ ਬੁਝਾਰਤਾਂ ਪੁੱਛੀਆਂ :

ਸੁਣ ਰਾਜਾ ਮੇਰੀ ਬਾਤ
ਗੁੜ ਸੇ ਮਿਠੀ ਕਿਆ ਚੀਜ਼ ਹੈ ?
ਔਰ ਫੂਲ ਬਿਨਾ ਕਿਆ ਖੁਸ਼ਬੋ ?
ਆਦਰ ਬਿਨਾ ਜਲ ਜਾਏ ਬੈਠਣਾ
ਮੇਰੀ ਤਿੰਨੋਂ ਬਾਤ ਦੇ ਬਤਾ।

ਇਸ ਬੁਝਾਰਤ ਦਾ ਉੱਤਰ ਰਸਾਲੂ ਦੀ ਥਾਂ ਤੋਤੇ ਨੇ ਇਉਂ ਦਿਤਾ :—

ਗੁੜ ਤੋਂ ਮਿਠਾ ਤੇਰਾ ਬੋਲਨਾ
ਅਰ ਨੇਕੀ ਕੀ ਖੁਸ਼ਬੋ।
ਮਤਲਬ ਫਸਾ ਦੁਸ਼ਮਣ ਕੇ ਬਾਰ ਮੇਂ
ਆਦਰ ਮਿਲੇ ਚਾਹੇ ਨਾ।

ਇਸ ਤਰ੍ਹਾਂ ਕੁਝ ਹੋਰ ਬੁਝਾਰਤਾਂ ਵੀ ਪੁਛੀਆਂ ਜਿਨ੍ਹਾਂ ਦਾ ਉੱਤਰ ਤੋਤੇ ਨੇ ਹੀ ਦਿਤਾ। ਜੇ ਰਾਜੇ ਰਸਾਲੂ ਦਾ ਤੋਤਾ ਇਤਨਾ ਬੁਧੀਮਾਨ ਹੈ ਤਾਂ ਉਹ ਖ਼ੁਦ ਕਿਤਨੀ ਅਲੋਕਾਰ ਸੂਝ ਦਾ ਸਵਾਮੀ ਹੋਵੇਗਾ। ਇਹ ਗੱਲ ਸੋਚ ਕੇ ਅਧਿਕ ਅਨੂਪ ਦਈ ਰਾਜੇ ਰਸਾਲੂ ਨਾਲ ਵਿਆਹ ਕਰਨ ਲਈ ਤਿਆਰ ਹੋ ਗਈ। ਅਨੂਪ ਦਈ ਦੇ ਮਾਪੇ ਵੀ ਵਿਆਹ ਲਈ ਰਜ਼ਾਮੰਦ ਹੋ ਗਏ। ਕੁਝ ਦਿਨਾਂ ਪਿਛੋਂ ਰਾਜਾ ਰਸਾਲੂ ਡੋਲਾ ਲੈ ਕੇ ਆਪਣੀ ਨਗਰੀ ਵਾਪਸ ਚਲਾ ਗਿਆ।

ਇਸ ਮਾਹਲ ਵਿਚ ਕੁਝ ਕੁ ਗੱਲਾਂ ਅਜਿਹੀਆਂ ਹਨ ਜੋ ਰਾਜਾ ਰਸਾਲੂ ਦੀ ਆਮ ਪ੍ਰਚਲਤ ਕਥਾ ਨਾਲ ਮੇਲ ਨਹੀਂ ਖਾਂਦੀਆਂ। ਇਸ ਮਾਹਲ ਵਿਚ ਰਾਜੇ ਸਿਰਕਪ ਨੂੰ ਕਨੌਜ ਦਾ ਰਾਜਾ ਦਸਿਆ ਹੈ। ਆਮ ਕਥਾਵਾਂ ਅਨੁਸਾਰ ਸਿਰਕਪ ਅਟਕ ਦਾ ਰਾਜਾ ਸੀ ਅਤੇ ਉਸ ਦੀ ਕੰਨਿਆਂ ਦਾ ਨਾਂ ਕੋਕਲਾਂ ਸੀ ਜਿਸ ਨੂੰ ਰਾਜਾ ਰਸਾਲੂ ਨੇ ਚੌਪੜ ਦੀ ਖੇਡ ਵਿਚ ਜਿਤਿਆ ਸੀ। (ਵੇਖੋ : ਸਿਰਕਪ)

ਸਰ ਰਿਚਰਡ ਟੈਂਪਲ ਅਨੁਸਾਰ ਅਧਿਕ ਅਨੂਪ ਦਈ ਦੀ ਕਥਾ ਉਨ੍ਹਾਂ ਸਿਥੀਅਨ ਜਾਂ ਗ਼ੈਰ-ਆਰਿਆਈ ਚੱਕਰ ਦੀਆਂ ਪੰਜਾਬੀ ਦੰਦ-ਕਥਾਵਾਂ ਦੀ ਕੜੀ ਹੈ ਜੋ ਰਾਜੇ ਰਸਾਲੂ ਦੁਆਲੇ ਬੁਣ ਲਈਆਂ ਗਈਆਂ ਹਨ। (ਵੇਖੋ : ਰਸਾਲੂ)

ਉਪ੍ਰੋਕਤ ਕਥਾ ਦਾ ਕਾਫ਼ੀ ਸਾਰਾ ਅੰਸ਼ 'ਊਸ਼ਾ' ਦੀ ਕਥਾ ਨਾਲ ਮੇਲ ਖਾਂਦਾ ਹੈ। (ਵੇਖੋ : ਊਸ਼ਾ)

(ਅ-293) **ਅਧਿਕ (ਜਾਂ ਪੁਰਸ਼ੋਤਮ) ਮਾਹ :**

ਇਕ ਵਾਧੂ ਮਹੀਨਾ ਜੋ ਦੇਸੀ ਪੰਚਾਂਗ ਅਨੁਸਾਰ ਬੱਤੀ ਮਹੀਨਿਆਂ, ਸੋਲਾਂ ਦਿਨਾਂ ਤੇ ਚਾਰ ਘੜੀਆਂ ਮਗਰੋਂ ਆਉਂਦਾ ਹੈ; ਭਾਵ ਤੀਜੇ ਸਾਲ ਮਗਰੋਂ ਇਕ ਮਹੀਨਾ ਦੋ ਵਾਰ ਗਿਣਿਆ ਜਾਂਦਾ ਹੈ। ਇਸ ਮਹੀਨੇ ਸੂਰਜ ਦੀ ਕੋਈ ਸੰਕਰਾਂਤੀ ਨਹੀਂ ਹੁੰਦੀ। ਇਸ ਮਹੀਨੇ ਦੇ ਕਈ ਨਾਂ ਪ੍ਰਚਲਤ ਹਨ — ਅਧਿਕ ਮਾਹ, ਪੁਰਸ਼ੋਤਮ ਮਾਹ ਤੇ ਮਲ ਮਾਹ ਆਦਿ।

ਅਧਿਕ ਮਾਹ ਨਾਉਂ ਇਸ ਲਈ ਪ੍ਰਚਲਤ ਹੋਇਆ ਕਿ ਜਿਸ ਸਾਲ ਵਿਚ ਇਹ ਅਧਿਕ ਮਾਹ ਆਏ ਉਸ ਸਾਲ ਇਕੋ ਮਹੀਨਾ ਦੋ ਵਾਰ ਚਲਦਾ ਹੈ ਅਤੇ ਉਹ ਸਾਲ ਬਾਰਾਂ ਦੀ ਥਾਂ ਤੇਰਾਂ ਮਹੀਨਿਆਂ ਦਾ ਬਣ ਜਾਂਦਾ ਹੈ। ਮਲ ਮਾਹ ਨਾਉਂ ਇਸ ਲਈ ਪਿਆ ਕਿ ਹਰੇਕ ਮਹੀਨੇ ਦਾ ਕੋਈ ਨਾ ਕੋਈ ਪ੍ਰਧਾਨ ਦੇਵਤਾ ਸਥਾਪਿਤ ਹੈ। ਪਰ ਜਦੋਂ ਪਹਿਲੀ ਵਾਰ ਵਾਧੂ ਮਹੀਨਾ ਆਇਆ ਤਾਂ ਉਸ ਦਾ ਕੋਈ ਦੇਵਤਾ ਨਾ ਹੋਣ ਕਰ ਕੇ, ਉਸ ਨੂੰ 'ਮਲ ਮਾਹ' ਕਹਿ ਕੇ ਨਿੰਦਿਆ ਜਾਣ ਲੱਗਾ। ਦੁਖੀ ਹੋਕੇ ਇਸ ਵਾਧੂ ਮਹੀਨੇ ਨੇ ਵਿਸ਼ਨੂੰ ਦੀ ਸ਼ਰਨ

ਲਈ। ਵਿਸ਼ਨੂੰ ਨੇ ਖ਼ੁਦ ਇਸ ਮਹੀਨੇ ਦਾ ਦੇਵਤਾ ਬਣਨਾ ਸਵੀਕਾਰ ਕਰ ਕੇ, ਇਸ ਮਹੀਨੇ ਦਾ ਨਾਂ ਪੁਰਸ਼ੋਤਮ ਮਾਹ ਰਖ ਦਿਤਾ।

ਵਿਸ਼ਨੂੰ ਨੇ ਅਧਿਕ ਮਹੀਨੇ ਦਾ ਮਹੱਤਵ ਹੋਰ ਵਧਾਣ ਲਈ, ਇਸ ਵਾਧੂ ਮਹੀਨੇ ਨੂੰ ਵਰ ਦਿਤਾ ਕਿ ਜਿਹੜਾ ਪੁੰਨ ਬਾਕੀ ਸਭ ਮਹੀਨਿਆਂ ਦੇ ਸਮੁਚੇ ਵਰਤਾਂ, ਜਪ ਤਪ ਤੇ ਦਾਨ ਪੁੰਨ ਨਾਲ ਪ੍ਰਾਪਤ ਹੁੰਦਾ ਹੈ, ਉਹੋ ਸਾਰਾ ਇਸੇ ਇਕੋ ਮਹੀਨੇ ਦੇ ਵਰਤ, ਜਪ ਤਪ ਤੇ ਦਾਨ ਪੁੰਨ ਨਾਲ ਹੋਵੇਗਾ। ਇਹੋ ਕਾਰਨ ਹੈ ਕਿ ਇਸ ਮਹੀਨੇ ਦੇ ਪੁੰਨ ਕਰਮ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਣ ਲੱਗਾ।

ਵਿਸ਼ਨੂੰ ਭਗਤ ਇਸ ਮਹੀਨੇ ਵਧ ਤੋਂ ਵਧ ਵਰਤ ਰਖਦੇ ਤੇ ਪੁੰਨ ਦਾਨ ਕਰਦੇ ਹਨ। ਪਰ ਇਸ ਦੇ ਬਾਵਜੂਦ ਵੀ ਇਸ ਮਹੀਨੇ ਵਿਆਹ ਸ਼ਾਦੀ ਆਦਿ ਖ਼ੁਸ਼ੀ ਦੇ ਕੰਮ ਨਹੀਂ ਛੁਹੇ ਜਾਂਦੇ। ਹਾਂ, ਨਿਸ਼ਕਾਮ ਭਾਵ ਨਾਲ ਕੀਤੇ ਯੱਗਾਂ ਦਾ ਬੜਾ ਲਾਭ ਮੰਨਿਆ ਗਿਆ ਹੈ।

ਇਸ ਮਹੀਨੇ ਹਿੰਦੂ ਕਈ ਤਰ੍ਹਾਂ ਦੇ ਵਰਤ ਰਖਦੇ ਹਨ। ਇਕ ਵੱਡਾ ਵਰਤ ਮਹੀਨੇ ਦੇ ਪਹਿਲੇ ਦਿਨ ਤੋਂ ਅਖ਼ੀਰਲੇ ਦਿਨ ਤਕ ਚਲਦਾ ਹੈ, ਜੋ 'ਪੁਰਸ਼ੋਤਮ ਵਰਤ' ਅਖਵਾਉਂਦਾ ਹੈ। ਇਸ ਵਰਤ ਵਿਚ ਸਿਰਫ਼ ਇਕੋ ਵਾਰ ਰਾਤ ਵੇਲੇ ਭੋਜਨ ਕਰਨਾ ਵਿਧਾਨ ਹੈ। ਪੁਰਸ਼ੋਤਮ ਵਰਤ ਦੀ ਵਿਧੀ ਇਸ ਪ੍ਰਕਾਰ ਹੈ : ਜਿਸ ਦਿਨ ਇਹ ਮਹੀਨਾ ਸ਼ੁਰੂ ਹੋਵੇ, ਉਸ ਦਿਨ ਕਿਸੇ ਪਾਵਨ ਜਲਧਾਰਾ ਵਿਚ ਇਸ਼ਨਾਨ ਕਰ ਕੇ, ਪਹਿਲਾਂ ਘਰ ਦੀ ਕਿਸੇ ਗੁਠੇ ਗੋਹੇ ਦਾ ਪੋਚਾ ਦਿਤਾ ਜਾਵੇ। ਫਿਰ ਉਸ ਦੇ ਉਪਰ ਅੰਨ ਨਾਲ ਅਸ਼ਟਦਲ ਕੰਵਲ ਬਣਾ ਕੇ, ਉਸ ਦੇ ਕੋਲ ਇਕ ਕੁੰਭ ਰਖਿਆ ਜਾਵੇ। ਕੁੰਭ ਵਿਚ ਨਿਰਮਲ ਜਲ ਭਰ ਕੇ ਉਪਰ ਇਕ ਭਾਂਡੇ ਵਿਚ ਚਾਵਲ ਧਰੇ ਜਾਣ ਤੇ ਕੁੰਭ ਨੂੰ ਉਪਰੋਂ ਪੀਲੇ ਕਪੜੇ ਨਾਲ ਢੱਕ ਦਿਤਾ ਜਾਵੇ। ਫਿਰ ਵਿਸ਼ਨੂੰ ਜਾਂ ਉਸ ਦੇ ਕਿਸੇ ਅਵਤਾਰ ਰਾਮ ਜਾਂ ਕ੍ਰਿਸ਼ਨ ਦੀ ਮੂਰਤੀ ਸਥਾਪਿਤ ਕਰ ਕੇ, ਉਸ ਦੀ ਪੂਜਾ ਕੀਤੀ ਜਾਵੇ। ਦਿਨ ਵੇਲੇ ਭਾਗਵਤ ਗੀਤਾ ਦੀ ਕਥਾ ਕੀਤੀ ਜਾਵੇ ਤੇ ਸੰਧਿਆ ਨੂੰ ਦੀਪ-ਦਾਨ ਦਿਤਾ ਜਾਵੇ। ਇਹੋ ਧਰਮ-ਕਿਰਿਆ ਹਰ ਰੋਜ਼ ਨੇਮ ਨਾਲ ਦੋਹਰਾਈ ਜਾਵੇ। ਮਹੀਨੇ ਦੇ ਅੰਤਲੇ ਦਿਨ ਉਪ੍ਰੋਕਤ ਕਿਰਿਆ ਦੋਹਰਾ ਕੇ ਕਾਂਸ਼ੀ ਦੇ ਭਾਂਡੇ ਵਿਚ 30 ਮਠਿਆਈ ਦੇ ਡੂਣੇ ਰਖ ਕੇ ਕਿਸੇ ਬ੍ਰਾਹਮਣ ਨੂੰ ਦਾਨ ਦਿਤੇ ਜਾਣ। ਇਸ ਵਿਧੀ ਵਿਧਾਨ ਨਾਲ ਰਖੇ ਵਰਤ ਦਾ ਮਹਾਤਮ ਬਹੁਤ ਜ਼ਿਆਦਾ ਮੰਨਿਆ ਗਿਆ ਹੈ।

ਜਿਹੜੇ ਲੋਕ ਸਾਰਾ ਮਹੀਨਾ ਨਿਰੰਤਰ ਵਰਤ ਨਹੀਂ ਰਖ ਸਕਦੇ ਉਹ ਇਸ ਮਹੀਨੇ ਦੇ ਪਹਿਲੇ ਤੇ ਅੰਤਮ ਦਿਨ ਅਤੇ ਇਸ ਮਹੀਨੇ ਵਿਚ ਆਈਆਂ ਖ਼ਾਸ ਖ਼ਾਸ ਤਿਥਾਂ ਜਿਹਾ ਕਿ ਇਕਾਦਸ਼ੀ, ਪੂਰਨਮਾਸ਼ੀ ਤੇ ਮੱਸਿਆ ਨੂੰ ਹੀ ਵਰਤ ਰਖਦੇ ਹਨ।

(ਅ-294) **ਅਧਿਰਥ :**

ਰਾਜੇ ਧ੍ਰਿਤਰਾਸ਼ਟਰ ਦਾ ਮਿੱਤਰ ਤੇ ਸਾਰਥੀ ਜੋ ਅੰਗ ਵੰਸ਼ ਦੇ ਸਤਕਰਮਾ ਦਾ ਪੁੱਤਰ ਸੀ। ਇਹਦੀ ਪਤਨੀ ਦਾ ਨਾਂ ਰਾਧਾ ਸੀ। ਅਧਿਰਥ ਕਰਣ ਦਾ ਲੈਪਾਲਕ ਸੀ। ਜਦੋਂ ਕਰਣ ਜੰਮਿਆ ਤਾਂ ਉਸ ਦੀ ਮਾਂ ਕੁੰਤੀ ਨੇ, ਉਸ ਨੂੰ ਟੋਕਰੀ ਵਿਚ ਪਾ ਕੇ, ਗੰਗਾ ਵਿਚ ਪ੍ਰਵਾਹ ਦਿਤਾ। ਅਧਿਰਥ ਤੇ ਉਸ ਦੀ ਪਤਨੀ ਰਾਧਾ ਨੂੰ ਗੰਗਾ ਵਿਚ ਇਸ਼ਨਾਨ ਕਰਦਿਆਂ ਉਹ ਟੋਕਰੀ ਮਿਲੀ। ਨਿਰਸੰਤਾਨ ਹੋਣ ਕਾਰਣ ਉਨ੍ਹਾਂ ਨੇ ਕਰਣ ਨੂੰ ਪੁੱਤਰ ਵਾਂਗ ਪਾਲਿਆ।

(ਅ-295) **ਅੰਧੇਰ ਨਗਰੀ :**

ਉਹ ਨਗਰੀ ਜਿਥੇ ਚੰਗੇ ਮੰਦੇ, ਮੂਰਖ ਬੁਧੀਵਾਨ ਅਤੇ ਚੋਰ ਸਾਧ ਵਿਚ ਕੋਈ ਨਿਖੇੜ ਨਾ ਕੀਤਾ ਜਾਵੇ ਅਤੇ ਵਿਵੇਕ ਅਵਿਵੇਕ ਦਾ ਕੋਈ ਭੇਦ ਨਾ ਹੋਵੇ। ਪੰਜਾਬ ਵਿਚ ਅੰਧੇਰ ਨਗਰੀ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ — ਇਕ ਸੰਤ ਆਪਣੇ ਚੇਲੇ ਨਾਲ ਕਿਸੇ ਨਗਰ ਦੇ ਕੋਲੋਂ ਦੀ ਲੰਘਿਆ। ਚੇਲਾ ਨਗਰ ਦੇ ਅੰਦਰ ਗਿਆ ਅਤੇ ਉਸ ਨੇ ਵਾਪਸ ਆ ਕੇ ਸੰਤ ਨੂੰ ਦਸਿਆ ਕਿ ਇਸ ਨਗਰ ਵਿਚ ਹਰ ਚੀਜ਼ ਟਕੇ ਸੇਰ ਵਿਕਦੀ ਹੈ। ਸ਼ਹਿਰ ਦਾ ਨਾਂ ਅੰਧੇਰ ਨਗਰੀ ਤੇ ਰਾਜੇ ਦਾ ਨਾਂ ਚੌਪਟ ਹੈ। ਸੰਤ ਨੇ ਕਿਹਾ ਕਿ ਅਜਿਹੀ ਨਗਰੀ ਵਿਚ ਰਹਿਣਾ ਠੀਕ ਨਹੀਂ। ਸੰਤ ਤਾਂ ਉਥੋਂ ਅੱਗੇ ਚਲਾ ਗਿਆ, ਪਰ ਚੇਲਾ ਲੋਭ ਵਿਚ ਆ ਕੇ

ਉਥੇ ਹੀ ਠਹਿਰ ਗਿਆ। ਅਗਲੇ ਦਿਨ ਰਾਜੇ ਦਾ ਜਲੂਸ ਨਿਕਲਿਆ ਤਾਂ ਉਸ ਦੇ ਰਥ ਹੇਠ ਕਿਸੇ ਦੀ ਬਕਰੀ ਆ ਕੇ ਮਰ ਗਈ। ਰਾਜੇ ਨੇ ਰਥਵਾਨ ਨੂੰ ਮੌਤ ਦਾ ਦੰਡ ਦਿਤਾ, ਪਰ ਰਥਵਾਨ ਦੀ ਸੁੱਕੀ ਹੋਈ ਗਰਦਨ ਫਾਂਸੀ ਦੇ ਫੰਧੇ ਵਿਚ ਠੀਕ ਤਰ੍ਹਾਂ ਨਾ ਆਈ। ਤਾਂ ਰਾਜੇ ਨੇ ਹੁਕਮ ਦਿਤਾ ਕਿ ਜਿਸ ਦੇ ਗਲੇ ਵਿਚ ਫੰਧਾ ਠੀਕ ਬੈਠੇ ਉਸੇ ਨੂੰ ਫਾਹੀ ਦੇ ਦਿਤੀ ਜਾਵੇ। ਫਾਂਸੀ ਦਾ ਫੰਧਾ ਚੇਲੇ ਦੀ ਗਰਦਨ ਵਿਚ ਠੀਕ ਬੈਠਦਾ ਸੀ। ਸੋ ਉਸ ਨੂੰ ਬੰਦੀ ਬਣਾ ਲਿਆ ਗਿਆ। ਸੰਤ ਨੂੰ ਜਦੋਂ ਇਸ ਗੱਲ ਦੀ ਖ਼ਬਰ ਹੋਈ ਤਾਂ ਉਸ ਨੇ ਆਪਣੇ ਚੇਲੇ ਨੂੰ ਬਚਾਣ ਵਾਸਤੇ ਇਕ ਤਰਕੀਬ ਕੱਢੀ। ਸੰਤ ਨੇ ਕਿਹਾ ਕਿ ਇਸ ਸ਼ੁਭ ਸਾਇਤ ਵਿਚ ਜੋ ਪ੍ਰਾਣੀ ਮਰੇਗਾ ਉਹ ਸਿੱਧਾ ਸਵਰਗ ਲੋਕ ਨੂੰ ਜਾਵੇਗਾ। ਇਸ ਕਰ ਕੇ ਚੇਲੇ ਦੀ ਥਾਂ ਉਹ ਖ਼ੁਦ ਫਾਹੇ ਲੱਗਣਾ ਚਾਹੁੰਦਾ ਹੈ। ਪਹਿਲਾਂ ਕੁਤਵਾਲ ਤੇ ਫਿਰ ਮੰਤਰੀ ਨੇ ਇਸ ਸ਼ੁਭ ਘੜੀ ਖ਼ੁਦ ਫਾਹੇ ਲੱਗਣ ਦੀ ਇੱਛਾ ਪ੍ਰਗਟ ਕੀਤੀ, ਪਰ ਜਦੋਂ ਰਾਜੇ ਨੂੰ ਸ਼ੁਭ ਸਾਇਤ ਦੀ ਖ਼ਬਰ ਮਿਲੀ ਤਾਂ ਉਹ ਚੇਲੇ ਦੀ ਥਾਂ ਖ਼ੁਦ ਫਾਹੇ ਚੜ੍ਹ ਗਿਆ। ਪੰਜਾਬੀ ਵਿਚ ਅਖਾਣ ਵੀ ਹੈ :—

ਅੰਧੇਰ ਨਗਰੀ ਚੌਪਟ ਰਾਜਾ
ਟਕੇ ਸੇਰ ਭਾਜੀ ਟਕੇ ਸੇਰ ਖਾਜਾ।

(ਅ–296) **ਅੰਨ** :

ਅੰਨ ਬਾਰੇ ਕਈ ਤਰ੍ਹਾਂ ਦੇ ਭਰਮ ਵਹਿਮ, ਮਨੌਤਾਂ ਤੇ ਵਿਚਾਰ ਪ੍ਰਚਲਤ ਹਨ। ਇਕ ਮਿੱਥ ਅਨੁਸਾਰ ਵਿਸ਼ਨੂੰ ਨੇ ਆਪਣੇ ਅੰਸ਼ ਤੋਂ ਅੰਨ ਦੀ ਉਤਪਤੀ ਕੀਤੀ। ਉਨ੍ਹਾਂ ਦੇ ਪਸੀਨੇ ਦੀ ਇਕ ਬੂੰਦ ਪ੍ਰਿਥਵੀ ਉਤੇ ਡਿਗੀ ਜਿਸ ਨੂੰ ਸੂਰਜ ਦੇਵਤੇ ਨੇ ਆਪਣੀ ਗਰਮੀ ਨਾਲ ਸੇਂਵਿਆ ਅਤੇ ਜਿਸ ਵਿਚ ਚੰਦ੍ਰ ਦੇਵਤੇ ਨੇ ਅੰਮ੍ਰਿਤ ਰਸ ਸਿੰਚਿਆ। ਕੁਝ ਦਿਨਾਂ ਵਿਚ ਹੀ ਦਾਣਿਆਂ ਨਾਲ ਲੱਦੀ ਕਣਕ ਦੀ ਬਲੀ ਝੂੰਮਣ ਲੱਗੀ।

ਪ੍ਰਾਚੀਨ ਕਾਲ ਤੋਂ ਹੀ ਅੰਨ ਨੂੰ ਦੇਵਤਾ ਮੰਨਿਆ ਜਾਂਦਾ ਰਿਹਾ ਹੈ। ਯਜੁਰ ਵੇਦ (17,33) ਅਤੇ ਉਪਨਿਸ਼ਦਾਂ ਵਿਚ ਅੰਨ ਦੀ ਮਹਿਮਾ ਵਿਚ ਕਈ ਰਿਚਾਂ ਮਿਲਦੀਆਂ ਹਨ। ਕੱਚੇ ਅੰਨ ਵਿਚ ਦੇਵਤੇ ਦਾ ਨਿਵਾਸ ਹੁੰਦਾ ਹੈ, ਇਸ ਲਈ ਕਈ ਰਸਮਾਂ ਰੀਤਾਂ ਸਮੇਂ ਅੰਨ ਦਾ ਹੋਣਾ ਲਾਜ਼ਮੀ ਹੈ। ਗਰਭਵਤੀ ਇਸਤ੍ਰੀ ਦੇ ਪੱਲੇ ਨਾਲ ਅੰਨ ਦੇ ਦਾਣੇ ਇਸ ਵਿਚਾਰ ਨਾਲ ਬੰਨ੍ਹੇ ਜਾਂਦੇ ਹਨ ਕਿ ਚੰਦਰੀਆਂ ਰੂਹਾਂ ਗਰਭ ਨੂੰ ਨੁਕਸਾਨ ਨਾ ਪਹੁੰਚਾਣ। ਬੱਚੇ ਦੇ ਜਨਮ ਵੇਲੇ ਛਿਲੇ ਵਿਚ ਕੱਚੇ ਅੰਨ ਦੇ ਕੁਝ ਦਾਣੇ ਇਸੇ ਭਾਵ ਨਾਲ ਰਖੇ ਜਾਂਦੇ ਹਨ।

ਵਿਆਹ ਦੀਆਂ ਰਸਮਾਂ ਵੇਲੇ ਜਦੋਂ ਕੰਨਿਆਂ 'ਰੀਤਾਂ' ਉਤੇ ਬੈਠਦੀ ਹੈ ਤਾਂ ਉਸ ਦੇ ਕੋਲ ਅੰਨ ਦੇ ਕੁਝ ਦਾਣੇ ਰਖਣ ਦੀ ਪ੍ਰਥਾ ਹੈ। ਵੈਦਿਕ ਕਾਲ ਵਿਚ ਵਿਆਹ ਦੀ ਇਕ ਰੀਤ 'ਲਾਜਹੋਮਾ' ਸੀ, ਜਿਸ ਵਿਚ ਦੁਲ੍ਹਨ ਅੰਨ ਦੇ ਦਾਣੇ ਬਿਖੇਰਦੀ ਹੋਈ ਆਪਣੇ ਪਤੀ ਦੀ ਦੀਰਘ ਆਯੂ ਲਈ ਪ੍ਰਾਰਥਨਾ ਕਰਦੀ ਸੀ। ਨਵੇਂ ਜੰਮੇ ਬੱਚੇ ਨੂੰ ਪਹਿਲੀ ਵਾਰ ਅੰਨ ਰਸਮੀ ਢੰਗ ਨਾਲ ਮੂੰਹ ਲਗਾਇਆ ਜਾਂਦਾ ਹੈ। (ਵੇਖੋ : ਅੰਨ ਪ੍ਰਾਸ਼ਨ) ਅੰਨ ਨਾਲ ਕੁਝ ਉਤਸ਼ਵ ਵੀ ਸੰਬੰਧਿਤ ਹਨ। ਹਿੰਦੂ ਦੀਵਾਲੀ ਤੋਂ ਅਗਲੇ ਦਿਨ ਅੰਨ ਕੂਟ ਦਾ ਉਤਸ਼ਵ ਮਨਾਂਦੇ ਹਨ। (ਵੇਖੋ : ਅੰਨ ਕੂਟ) ਇਸੇ ਤਰ੍ਹਾਂ ਪੰਜਾਬ ਵਿਚ 'ਅੰਨ ਨਵਾਂ ਕਰਨ' ਦਾ ਉਤਸ਼ਵ ਵੀ ਮਨਾਇਆ ਜਾਂਦਾ ਹੈ, ਜਿਸ ਵਿਚ ਨਵੀਂ ਫ਼ਸਲ ਦੇ ਅੰਨ ਨੂੰ ਰਸਮੀ ਢੰਗ ਨਾਲ ਮੂੰਹ ਲਗਾਇਆ ਜਾਂਦਾ ਹੈ।

ਅੰਨ ਜਾਦੂ ਟੂਣੇ ਵਿਚ ਬੜਾ ਗੁਣਕਾਰੀ ਤੱਤ ਮੰਨਿਆ ਗਿਆ ਹੈ। ਟੂਣਾ ਟੱਪਾ ਕਰਨ ਵੇਲੇ ਅੰਨ ਨੂੰ ਕਈ ਵਾਰ ਸਾਮਗ੍ਰੀ ਵਜੋਂ ਵਰਤਿਆ ਜਾਂਦਾ ਹੈ। ਸੱਤਾਂ ਘਰਾਂ ਵਿਚੋਂ ਇਕੱਠੇ ਕੀਤੇ ਅੰਨ ਜਾਂ ਸੱਤ ਕਿਸਮਾਂ ਦੇ ਅੰਨ (ਸਤਨਾਜਾ) ਰਾਹੀਂ ਕੀਤਾ ਟੂਣਾ ਛੇਤੀ ਫਲਦਾ ਹੈ।

ਅੰਨ ਰੋਗਾਂ ਨੂੰ ਦੂਰ ਕਰਨ ਲਈ ਵੀ ਗੁਣਕਾਰੀ ਮੰਨਿਆ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਜਦੋਂ ਕੋਈ ਸ਼ਖ਼ਸ ਬੀਮਾਰ ਪੈ ਜਾਂਦਾ ਤਾਂ ਉਸ ਦੇ ਸਿਰਹਾਣੇ ਹੇਠਾਂ ਅੰਨ ਜਾਂ ਚਾਵਲਾਂ ਦੇ ਕੁਝ ਦਾਣੇ ਬਦ-ਰੂਹਾਂ ਨੂੰ ਦੂਰ ਰਖਣ ਦੇ ਵਿਚਾਰ ਨਾਲ ਧਰੇ ਜਾਂਦੇ ਸਨ ਤਾਂ ਜੋ ਉਹ ਰੋਗੀ ਨੂੰ ਦੁਖ ਨਾ ਦੇਣ। ਪਰ ਇਸ ਪ੍ਰਥਾ ਪਿਛੇ ਇਕ ਹੋਰ ਸੰਕਲਪ ਵੀ ਸੀ। ਆਦਿਮ ਮਨੁੱਖੀ ਰੂਹ ਦੀ ਕਲਪਨਾ ਪੰਛੀ ਦੇ ਰੂਪ ਵਿਚ ਕਰਦਾ ਸੀ, ਜੋ

ਮੌਤ ਵੇਲੇ ਪ੍ਰਾਣੀ ਦੇ ਸਰੀਰ ਵਿਚੋਂ ਅਦ੍ਰਿਸ਼ਟ ਰੂਪ ਵਿਚ ਉੱਡ ਜਾਂਦੀ ਹੈ। ਸੋ ਪ੍ਰਾਣੀ ਦੀ ਪੰਛੀ-ਰੂਪ ਆਤਮਾ ਨੂੰ ਭਰਮਾਣ ਲਈ ਰੋਗੀ ਦੇ ਸਿਰਹਾਣੇ ਹੇਠ ਦਾਣੇ ਚੁਗਣ ਲਈ ਰਖ ਦਿਤੇ ਜਾਂਦੇ ਸਨ।

ਅੰਨ ਜਾਂ ਚਾਵਲਾਂ ਦੇ ਦਾਣੇ ਉਪਜਾਇਕਤਾ ਤੇ ਖ਼ੁਸ਼ਹਾਲੀ ਦੇ ਵੀ ਬੋਧਿਕ ਹਨ। ਵਿਆਹ ਦੀਆਂ ਰੀਤਾਂ ਸਮੇਂ ਇਸੇ ਭਾਵ ਨਾਲ ਕੰਨਿਆਂ ਕੋਲ ਦੀਵਾ ਬਾਲ ਕੇ ਅੰਨ/ਚਾਵਲ ਦੇ ਦਾਣੇ ਰਖੇ ਜਾਂਦੇ ਹਨ।

ਅੰਨ ਨੂੰ ਪੈਰਾਂ ਵਿਚ ਰੋਲਣਾ ਦੇਵਤੇ ਦੀ ਅਨਾਦਰੀ ਕਰਨਾ ਹੈ। ਜੇ ਅੰਨ ਦਾ ਕੋਈ ਟੁਕੜਾ ਜ਼ਮੀਨ ਉਤੇ ਡਿਗਿਆ ਹੋਵੇ ਤਾਂ ਬਜ਼ੁਰਗ ਲੋਕ ਝਟ ਚੁਕ ਕੇ ਤੇ ਉਸ ਨੂੰ ਅੱਖਾਂ ਤੇ ਮੱਥੇ ਨਾਲ ਲਗਾ ਕੇ ਇਕ ਪਾਸੇ ਰਖ ਦੇਂਦੇ ਹਨ। ਧਾਰਨਾ ਹੈ ਕਿ ਅੰਨ ਦੀ ਫ਼ਰਿਆਦ ਬੜੀ ਡਾਢੀ ਹੈ ਅਤੇ ਰੱਬ ਦੀ ਦਰਗਾਹ ਵਿਚ ਝਟ ਸੁਣੀ ਜਾਂਦੀ ਹੈ।

ਅੰਨ ਦੇ ਦਾਨ ਦਾ ਬੜਾ ਮਹਾਤਮ ਹੈ। ਗ਼ਰੀਬ ਦੇ ਮੂੰਹ ਵਿਚ ਪਾਇਆ ਅੰਨ ਪ੍ਰਮਾਤਮਾ ਦੇ ਮੂੰਹ ਵਿਚ ਜਾਂਦਾ ਹੈ। ਬੂਹੇ ਆਏ ਫ਼ਕੀਰ ਨੂੰ ਹਮੇਸ਼ਾਂ ਅੰਨ ਦੇ ਆਟੇ ਦੀ ਭਿਛਿਆ ਪਾਈ ਜਾਂਦੀ ਹੈ। ਜੇ ਗਰਭਵਤੀ ਤੀਵੀਂ ਮੰਗਲਵਾਰ ਨੂੰ ਆਟੇ ਦਾ ਪੇੜਾ ਗਊ ਨੂੰ ਖਵਾਏ ਤਾਂ ਉਸ ਦੀ ਔਲਾਦ ਬੜੀ ਨੇਕ ਤੇ ਪ੍ਰਤਾਪੀ ਹੁੰਦੀ ਹੈ ਅਤੇ ਗਰਭ ਵਿਚ ਬੱਚਾ ਸੁਰੱਖਿਅਤ ਰਹਿੰਦਾ ਹੈ। (ਵੇਖੋ : ਅੰਨ ਦੇਵਤਾ)

ਕੱਚਾ ਅੰਨ ਅਭਿਟ ਮੰਨਿਆ ਗਿਆ ਹੈ। ਸਨਾਤਨੀ ਹਿੰਦੂ ਤੇ ਬ੍ਰਾਹਮਣ ਅਖੌਤੀ ਨੀਵੀਆਂ ਜਾਤੀਆਂ ਤੋਂ ਕੱਚਾ ਅੰਨ ਤਾਂ ਲੈ ਲੈਂਦੇ ਹਨ, ਪਰ ਪਕਿਆ ਹੋਇਆ ਨਹੀਂ ਲੈਂਦੇ। ਪਕਾ ਅੰਨ ਭਿਟ ਜਾਂਦਾ ਹੈ।

## (ਅ-297) ਅੰਨ ਆਹਾਰ :

ਲੋਕ-ਨਿਸਚੇ ਅਨੁਸਾਰ ਸੰਸਾਰ ਦਾ ਹਰ ਜੀਵ ਆਪਣਾ ਦਾਣਾ ਪਾਣੀ ਨਾਲ ਹੀ ਲਿਆਉਂਦਾ ਹੈ। ਜਨਮ ਤੋਂ ਪਹਿਲਾਂ ਹੀ ਨਿਸਚਤ ਹੁੰਦਾ ਹੈ ਕਿ ਅਮੁਕੇ ਪ੍ਰਾਣੀ ਨੇ ਸੰਸਾਰ ਯਾਤ੍ਰਾ ਸਮੇਂ ਕਿਤਨਾ ਕੁ ਅੰਨ ਖਾਣਾ ਹੈ ਤੇ ਜਦੋਂ ਉਹ ਪ੍ਰਾਣੀ ਆਪਣਾ ਮਿਥਿਆ ਅੰਨ ਮੁਕਾ ਲੈਂਦਾ ਹੈ ਤਾਂ ਉਸ ਦੀ ਮੌਤ ਹੋ ਜਾਂਦੀ ਹੈ।

'ਦਾਣੇ ਦਾਣੇ ਉਤੇ ਮੁਹਰ' ਦਾ ਸੰਕਲਪ ਵੀ ਪ੍ਰਚਲਤ ਹੈ। ਹਰ ਦਾਣੇ ਉਤੇ ਖਾਣ ਵਾਲੇ ਦਾ ਨਾਂ ਧੁਰੋਂ ਹੀ ਅੰਕਿਤ ਹੈ। ਕੋਈ ਕਿਸੇ ਦਾ ਅੰਨ ਨਹੀਂ ਖਾ ਸਕਦਾ। ਮਹਿਮਾਨ ਜਾਂ ਮੰਗਤੇ ਫ਼ਕੀਰ ਨੂੰ ਜੋ ਕੁਝ ਖਾਣ ਲਈ ਦਿਤਾ ਜਾਂਦਾ ਹੈ, ਉਹ ਧੁਰੋਂ ਹੀ ਉਸਦੇ ਨਾਂ ਲੱਗਾ ਹੁੰਦਾ ਹੈ। ਅਖਾਣ ਹੈ : "ਕੌਣ ਕਿਸੇ ਦੇ ਆਵੇ ਜਾਵੇ, ਦਾਨਾ ਪਾਨੀ ਬੰਨ੍ਹ ਲਿਆਵੇ।" ਇਸ ਬਾਰੇ ਕਈ ਮਨੌਤ-ਕਥਾਵਾਂ ਵੀ ਪ੍ਰਚਲਤ ਹਨ।

ਕਣਕ, ਮਕਈ, ਬਾਜਰਾ ਤੇ ਚਾਵਲ ਆਦਿ ਪੰਜਾਬੀਆਂ ਦੇ ਖਾਣ ਦੇ ਅੰਨ ਹਨ। ਧਨੀ ਵਰਗ ਕਣਕ ਤੇ ਚਾਵਲ ਦੀ ਵਰਤੋਂ ਵਧੇਰੇ ਕਰਦਾ ਹੈ ਤੇ ਕਦੇ ਕਦੇ ਸਵਾਦ ਬਦਲਣ ਲਈ ਮਕਈ ਤੇ ਬਾਜਰੇ ਦੀ ਰੋਟੀ ਵੀ ਖਾ ਲੈਂਦਾ ਹੈ। ਹੇਠਲੇ ਵਰਗ ਦੇ ਲੋਕ ਮਕਈ, ਬਾਜਰਾ ਤੇ ਛੋਲੇ ਆਦਿ ਅੰਨਾਂ ਦੀ ਵਰਤੋਂ ਜ਼ਿਆਦਾ ਕਰਦੇ ਹਨ। ਖ਼ਾਨਾਬਦੋਸ਼ ਜਾਤੀਆਂ — ਡੂੰਮ, ਬਾਜ਼ੀਗਰ, ਨਟ, ਪਖੀਵਾਲ ਆਦਿ ਘਟੀਆ ਤੇ ਸਸਤੇ ਕਿਸਮ ਦੇ ਅੰਨ ਖਾਂਦੇ ਹਨ। ਮਕਈ ਦੀਆਂ ਛਲੀਆਂ ਭੁੰਨ ਕੇ ਅਤੇ ਬਾਜਰੇ ਦੇ ਪਕੇ ਸਿੱਟੇ ਤਲੀ ਉਤੇ ਭੋਰ ਕੇ ਵੀ ਖਾਧੇ ਜਾਂਦੇ ਹਨ। ਛੋਲਿਆਂ ਦੀਆਂ ਅੱਗ ਵਿਚ ਭੁਜੀਆਂ ਹੋਲਾਂ ਖਾਣ ਦਾ ਰਵਾਜ ਵੀ ਹੈ। ਪਰ ਇਹ ਚੀਜ਼ਾਂ ਕੇਵਲ ਸਵਾਦ ਵਜੋਂ ਹੀ ਕਦੇ ਕਦੇ ਖਾਧੀਆਂ ਜਾਂਦੀਆਂ ਹਨ। ਉਹ ਵੀ ਉਨ੍ਹੀਂ ਦਿਨੀਂ ਜਦੋਂ ਫ਼ਸਲਾਂ ਨੂੰ ਸਿੱਟੇ ਪੈਂਦੇ ਜਾਂ ਛੋਲੇ ਭਰਦੇ ਹਨ। ਰੋਟੀ ਦੇ ਨਾਲ ਦਾਲਾਂ ਜਾਂ ਸਬਜ਼ੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਦਾਲਾਂ ਵਿਚੋਂ ਮੂੰਗ, ਮੋਠ, ਮਾਂਹ, ਮਸਰ ਤੇ ਛੋਲਿਆਂ ਦੀ ਦਾਲ, ਵਧੇਰੇ ਪ੍ਰਚਲਤ ਹੈ। ਸਬਜ਼ੀਆਂ ਰੁੱਤ ਦੇ ਮੁਤਾਬਕ ਪਕਾਈਆਂ ਜਾਂਦੀਆਂ ਹਨ।

ਹਿੰਦੂਆਂ ਸਿੱਖਾਂ ਵਿਚ ਅੰਨ ਦਾ ਸੇਵਨ ਕਰਨਾ ਇਕ ਸੰਸਕਾਰ ਹੈ। ਹਿੰਦੂ ਆਮ ਤੌਰ ਤੇ ਰਸੋਈ ਵਿਚ ਭੋਜਨ ਕਰਦੇ ਹਨ, ਕਿਉਂ ਜੋ ਰਸੋਈ ਹੀ ਘਰ ਵਿਚ ਸਭ ਤੋਂ ਵਧ ਪਵਿਤ੍ਰ ਥਾਂ ਸਮਝੀ ਜਾਂਦੀ ਹੈ। ਰਸੋਈ ਵਿਚ ਕੋਈ ਜੁੱਤੀਆਂ ਜਾਂ ਅਪਵਿਤ੍ਰ ਵਸਤੂ ਨਹੀਂ ਲਿਜਾਂਦਾ। ਰਸੋਈ ਤੋਂ ਬਾਹਰ ਭੋਜਨ ਛਕਣ ਦਾ ਰਵਾਜ ਸਿੱਖਾਂ ਨੇ

ਚਲਾਇਆ। ਸਿੱਖਾਂ ਵਿਚ ਕਿਸੇ ਵੀ ਥਾਂ ਚੌਕੜੀ ਮਾਰ ਕੇ ਭੋਜਨ ਕੀਤਾ ਜਾ ਸਕਦਾ ਹੈ। ਪੱਛਮੀ ਸਭਿਅਤਾ ਨੇ ਸਾਡੇ ਖਾਣ ਬਹਿਣ ਦੇ ਤਰੀਕਿਆਂ ਵਿਚ ਭਾਰੀ ਪਰਿਵਰਤਨ ਲਿਆਂਦੇ ਹਨ। ਹੁਣ ਸ਼ਹਿਰਾਂ ਵਿਚ ਕੁਰਸੀਆਂ ਮੇਜ਼ਾਂ ਉਤੇ ਖਾਣ ਦਾ ਰਵਾਜ ਪੈ ਗਿਆ ਹੈ, ਪਰ ਪਿੰਡਾਂ ਵਿਚ ਅਜੇ ਵੀ ਪੀੜ੍ਹੀ ਉਤੇ ਬੈਠ ਕੇ ਤੇ ਚੌਂਕੀ ਉਤੇ ਰੋਟੀ ਰਖ ਕੇ ਖਾਧੀ ਜਾਂਦੀ ਹੈ।

ਪਰੰਪਰਾ ਅਨੁਸਾਰ ਤੀਵੀਆਂ ਮਰਦਾਂ ਨਾਲ਼ ਬੈਠ ਕੇ ਰੋਟੀ ਨਹੀਂ ਖਾਂਦੀਆਂ। ਪਹਿਲਾਂ ਘਰ ਦੇ ਮਰਦ ਰੋਟੀ ਖਾਂਦੇ ਹਨ ਤੇ ਮਗਰੋਂ ਤੀਵੀਆਂ। ਵਿਲੀਅਮ ਕਰੁਕ ਦੇ ਵਿਚਾਰ ਅਨੁਸਾਰ "ਆਰੀਆ ਜਾਤੀ ਵਿਚ ਆਦਿਮ ਅਵਸਥਾ ਵਿਚ ਇਹ ਪ੍ਰਥਾ ਸੀ ਕਿ ਮਰਦ ਤੇ ਇਸਤ੍ਰੀ ਵੱਖੋ ਵੱਖਰੇ ਖਾਂਦੇ ਸਨ।" (Things Indian, 229) ਮਰਦਾਂ ਦਾ ਬਚਿਆ ਹੋਇਆ ਭੋਜਨ ਵੀ ਤੀਵੀਆਂ ਹੀ ਖਾਂਦੀਆਂ ਹਨ। ਪੁਰਾਣੇ ਵਿਚਾਰਾਂ ਦੀਆਂ ਤੀਵੀਆਂ ਤਾਂ ਪਤੀ ਦੀ ਜੂਠ ਨੂੰ ਸੀਤ ਪ੍ਰਸ਼ਾਦਿ ਸਮਝ ਕੇ ਸ਼ਰਧਾ ਨਾਲ ਛਕਦੀਆਂ ਹਨ।

ਵੈਸੇ ਥਾਲੀ ਵਿਚ ਜੂਠ ਛੱਡਣਾ ਠੀਕ ਨਹੀਂ ਹੁੰਦਾ। ਕਹਿੰਦੇ ਹਨ, ਅੰਨ ਦੀ ਨਿਰਾਦਰੀ ਹੁੰਦੀ ਹੈ ਅਤੇ ਅੰਨ ਦੀ ਦੁਹਾਈ ਰੱਬ ਦੀ ਦਰਗਾਹ ਵਿਚ ਛੇਤੀ ਸੁਣੀ ਜਾਂਦੀ ਹੈ, ਪਰ ਇਸ ਦਾ ਅਸਲ ਕਾਰਨ ਹੋਰ ਹੀ ਜਾਪਦਾ ਹੈ। ਜੂਠੇ ਅੰਨ ਉਤੇ ਲਾਗਵਾਂ ਟੂਣਾ ਸਹਿਜ ਰੂਪ ਵਿਚ ਕੀਤਾ ਜਾ ਸਕਦਾ ਹੈ। ਸ਼ਾਇਦ ਇਸੇ ਲਈ ਜੂਠ ਛੱਡਣਾ ਅਯੋਗ ਹੋਵੇ। (ਵੇਖੋ : ਜੂਠ)

ਇਕੋ ਥਾਲੀ ਵਿਚ ਦੋ ਸਕੇ ਸਬੰਧੀ ਅਥਵਾ ਗੂੜ੍ਹੇ ਮਿੱਤਰ ਜਾਂ ਸਖੀਆਂ ਸਹੇਲੀਆਂ ਹੀ ਭੋਜਨ ਖਾਂਦੀਆਂ ਹਨ। ਕਹਿੰਦੇ ਹਨ, ਜਿਸ ਦੇ ਨਾਲ ਇਕੋ ਥਾਲੀ ਵਿਚ ਬੈਠ ਕੇ ਖਾਈਏ ਉਸ ਦੇ ਗੁਣਾਂ ਔਗੁਣਾਂ ਦਾ ਕੁਝ ਅੰਸ਼ ਖਾਣ ਵਾਲੇ ਵਿਚ ਸਹਿਜ ਰੂਪ ਵਿਚ ਰਚ ਜਾਂਦਾ ਹੈ। ਇਸ ਵਿਚਾਰ ਦਾ ਆਧਾਰ ਵੀ ਲਾਗਵਾਂ ਟੂਣਾ ਹੈ। ਸਾਧੂਆਂ ਸੰਤਾਂ ਤੇ ਮਹਾਂਪੁਰਸ਼ਾਂ ਦੇ ਭੋਜਨ ਦੀ ਜੂਠ ਨੂੰ ਵਡਮੁੱਲਾ ਸਮਝ ਕੇ ਸੀਤ ਪ੍ਰਸ਼ਾਦਿ ਵਜੋਂ ਵੰਡਿਆ ਜਾਂਦਾ ਹੈ, ਜਿਸ ਨੂੰ ਗ੍ਰਹਿਣ ਕਰਨ ਨਾਲ ਕਰਮ-ਧਰਮ ਦੀ ਪ੍ਰਵਿਰਤੀ ਮੌਲਦੀ ਹੈ।

ਜਦੋਂ ਦੋ ਸ਼ਖ਼ਸ ਪਗ-ਵਟ ਭਰਾ ਬਣਦੇ ਹਨ ਤਾਂ ਇਕ ਦੂਜੇ ਨਾਲ ਪੱਗਾਂ ਵਟਾਣ ਮਗਰੋਂ, ਉਹ ਇਕੋ ਥਾਲੀ ਵਿਚ ਭੋਜਨ ਖਾਂਦੇ ਹਨ। ਨਵੀਂ ਦੁਲ੍ਹਨ ਜਦੋਂ ਸਹੁਰੇ ਘਰ ਆਉਂਦੀ ਹੈ ਤਾਂ ਉਸ ਦੇ ਸਹੁਰੇ ਪਰਿਵਾਰ ਦੀਆਂ ਤੀਵੀਆਂ ਉਸ ਨੂੰ ਬਰਾਦਰੀ ਵਿਚ ਸ਼ਾਮਲ ਕਰਨ ਲਈ 'ਗੋਤ ਕੁਨਾਲਾ' ਦੀ ਰੀਤ ਕਰਦੀਆਂ ਹਨ, ਜਿਸ ਵਿਚ ਘਰ ਦੀਆਂ ਕੁਝ ਤੀਵੀਆਂ ਨਵੀਂ ਬਹੂ ਨਾਲ ਇਕੋ ਥਾਲੀ ਵਿਚ ਬੈਠ ਕੇ ਭੋਜਨ ਕਰਦੀਆਂ ਹਨ।

ਭੋਜਨ ਕਿਸੇ ਓਪਰੇ ਸਾਹਮਣੇ ਖਾਣਾ ਠੀਕ ਨਹੀਂ ਸਮਝਿਆ ਜਾਂਦਾ। ਕਹਾਵਤ ਹੈ 'ਖਾਣਾ ਉਹਲੇ ਦਾ, ਪਹਿਨਣਾ ਗੋਹਲੇ ਦਾ' ਭਾਵ ਖਾਈਏ ਛੁਪ ਕੇ ਤੇ ਪਹਿਨੀਏ ਲੋਕ-ਪਸੰਦ। ਸਾਹਮਣੇ ਖਾਣ ਨਾਲ ਵੇਖਣ ਵਾਲਿਆਂ ਦੀ ਚੰਦਰੀ ਨਜ਼ਰ ਲੱਗਣ ਦਾ ਵੀ ਡਰ ਰਹਿੰਦਾ ਹੈ।

ਅੰਨ ਪਵਿਤ੍ਰ ਹੋਣਾ ਚਾਹੀਦਾ ਹੈ ਤੇ ਦਸਾਂ ਨੁਹਾਂ ਦੀ ਕਿਰਤ ਕਮਾਈ ਦਾ ਫਲ; ਪਾਪ ਦਾ ਅੰਨ ਮਨ ਤੇ ਬੁਧੀ ਨੂੰ ਭ੍ਰਿਸ਼ਟ ਕਰਦਾ ਹੈ। ਅਖਾਣ ਹੈ – 'ਜਿਹਾ ਅੰਨ ਤੇਹਾ ਮਨ।' ਹਿੰਦੂ ਖਾਣੇ ਨੂੰ ਰਸੋਈ ਵਿਚ ਹੀ ਤਿਆਰ ਕਰਦੇ ਹਨ ਤੇ ਰਸੋਈ ਨੂੰ ਕਦੇ ਅਪਵਿਤ੍ਰ ਨਹੀਂ ਹੋਣ ਦੇਂਦੇ। ਸਨਾਤਨੀ ਹਿੰਦੂ ਤਾਂ ਚੌਕੇ ਦੁਆਲੇ ਕਾਰ ਵਾਹ ਲੈਂਦੇ ਹਨ ਜਿਸ ਦੇ ਅੰਦਰ ਜੁੱਤੀ ਅਥਵਾ ਕੋਈ ਅਪਵਿਤ੍ਰ ਚੀਜ਼ ਲਿਜਾਣੀ ਨਿਸ਼ੇਧ ਹੈ। ਸੂਤਕ ਪਾਤਕ ਵਾਲੇ ਘਰ ਦਾ ਭੋਜਨ ਖਾਣਾ ਵਰਜਿਤ ਹੈ। ਮਾਹਵਾਰੀ ਵਾਲੀ ਤੀਵੀਂ ਤੋਂ ਖਾਣਾ ਤਿਆਰ ਨਹੀਂ ਕਰਵਾਇਆ ਜਾਂਦਾ; ਅੰਨ ਦੇਵਤੇ ਦੀ ਕਰੋਪੀ ਦਾ ਡਰ ਹੁੰਦਾ ਹੈ।

ਕੁਝ ਆਹਾਰ ਨਿਸ਼ੇਧ ਹਨ। ਹਿੰਦੂ ਸਿੱਖ ਗਊ ਦਾ ਮਾਸ ਨਹੀਂ ਖਾਂਦੇ ਤੇ ਮੁਸਲਮਾਨ ਸੂਰ ਦਾ। ਮੁਸਲਮਾਨ ਝਟਕਾ ਨਹੀਂ ਖਾਂਦੇ, ਪਰ ਸਿੱਖ ਲਈ ਹਲਾਲ (ਕੁਠਾ) ਵਰਜਿਤ ਹੈ। ਮਨੂ ਨੇ ਦੁਜਨਮੇ ਹਿੰਦੂਆਂ ਲਈ ਪਿਆਜ਼, ਥੋਮ ਆਦਿ ਨਿਸ਼ੇਧ ਦਸੇ ਹਨ ਕਿਉਂ ਜੋ ਇਨ੍ਹਾਂ ਵਿਚੋਂ ਮਾਸ ਵਰਗੀ ਮਹਿਕ ਆਉਂਦੀ ਹੈ। ਸਤਨਾਮੀ ਸਾਧੂ ਮਿਰਚਾਂ, ਟਮਾਟਰ ਤੇ ਲਾਲ ਰੰਗ ਦੀਆਂ ਸਬਜ਼ੀਆਂ ਨਹੀਂ ਖਾਂਦੇ, ਕਿਉਂ ਜੋ ਇਨ੍ਹਾਂ ਪਦਾਰਥਾਂ ਦਾ ਰੰਗ

ਲਹੂ ਵਰਗਾ ਹੁੰਦਾ ਹੈ। ਵੈਸ਼ਨੋ ਮਾਸ ਨਹੀਂ ਖਾਂਦੇ। ਮੁਸਲਮਾਨਾਂ ਵਿਚ ਬਕਰੀਯਾ ਫ਼ਿਰਕੇ ਦੇ ਲੋਕ ਪਿਆਜ਼ ਅਤੇ ਥੋਮ ਖਾਣਾ ਹਰਾਮ ਸਮਝਦੇ ਹਨ।

ਕੱਚਾ ਅੰਨ ਕਿਸੇ ਅਛੂਤ ਦੇ ਛੂਹਣ ਨਾਲ ਭਿੱਟਦਾ ਨਹੀਂ, ਪਰ ਪਕਿਆ ਹੋਇਆ ਅੰਨ ਭਿੱਟ ਜਾਂਦਾ ਹੈ। ਬ੍ਰਾਹਮਣ ਅਖੌਤੀ ਨੀਵੀਆਂ ਜਾਤੀਆਂ ਤੋਂ ਕੱਚਾ ਅੰਨ ਤਾਂ ਲੈ ਲੈਂਦੇ ਹਨ, ਪਰ ਪੱਕਾ ਨਹੀਂ। ਭੱਠੀ ਵਿਚ ਭੁੱਜੇ ਛੋਲੇ ਨਹੀਂ ਭਿਟਦੇ ਭਾਵੇਂ ਉਨ੍ਹਾਂ ਨੂੰ ਨੀਵੀਂ ਜਾਤ ਦੀ ਕੋਈ ਭਠਿਆਰਨ ਹੀ ਭੁੰਨੇ, ਕਿਉਂ ਜੋ ਅਗਨੀ ਦੇਵਤਾ ਉਨ੍ਹਾਂ ਨੂੰ ਨਾਲੋ ਨਾਲ ਪਾਵਨ ਕਰਦਾ ਜਾਂਦਾ ਹੈ। ਕਈ ਲੋਕ ਘਿਓ ਵਿਚ ਤਲੀ ਹੋਈ ਚੀਜ਼ ਦੀ ਵੀ ਭਿੱਟ ਨਹੀਂ ਮੰਨਦੇ।

ਕਈ ਹਿੰਦੂ ਜਦੋਂ ਕਿਸੇ ਤੀਰਥ 'ਤੇ ਜਾਂਦੇ ਹਨ ਤਾਂ ਉਥੇ ਖਾਣ ਦੀ ਕੋਈ ਚੀਜ਼ ਤਿਆਗ ਆਉਂਦੇ ਹਨ। ਫਿਰ ਉਹ ਜੀਵਨ ਭਰ ਉਸ ਚੀਜ਼ ਨੂੰ ਨਹੀਂ ਵਰਤਦੇ, ਜਿਵੇਂ ਕੋਈ ਪਿਆਜ਼ ਤਿਆਗ ਆਉਂਦਾ ਹੈ, ਕੋਈ ਵੈਂਗਣ, ਕਰੇਲਾ, ਕੇਲਾ ਜਾਂ ਜਵਾਰ ਆਦਿ। ਪੋਠੋਹਾਰ ਵਿਚ ਇਸ ਰੀਤ ਨੂੰ 'ਵਿੰਦਣਾ' ਕਹਿੰਦੇ ਹਨ। (ਵੇਖੋ : ਵਿੰਦਣਾ)

ਕੁਝ ਗੋਤਾਂ ਜਾਤਾਂ ਵਿਚ ਖਾਣ ਦੀਆਂ ਕੁਝ ਵਸਤੂਆਂ ਨਿਸ਼ੇਧ ਹਨ, ਜਿਵੇਂ ਕਈ ਸਹਿਗਲ ਪਰਿਵਾਰ ਵੈਂਗਣ ਨਹੀਂ ਖਾਂਦੇ। ਇਸ ਪਿਛੇ ਇਕ ਦੰਦ-ਕਥਾ ਹੈ। ਕਹਿੰਦੇ ਹਨ, ਸਹਿਗਲਾਂ ਦੀ ਇਕ ਨਵੀਂ ਵਿਆਹੀ ਦੁਲ੍ਹਨ ਪਹਿਲੇ ਦਿਨ ਹੀ ਵੈਂਗਣਾਂ ਦੇ ਖੇਤ ਵਿਚ 'ਬਾਹਰਾ ਬੈਠਣ' ਗਈ ਤੇ ਉਸ ਨੂੰ ਉਥੇ ਸੱਪ ਡੰਗ ਗਿਆ, ਉਦੋਂ ਤੋਂ ਸਹਿਗਲਾਂ ਨੇ ਵੈਂਗਣ ਖਾਣੇ ਵਿੰਦ ਦਿਤੇ।

ਖਾਣਾ ਦਿਨ ਵਿਚ ਕਈ ਵਾਰ ਖਾਧਾ ਜਾਂਦਾ ਹੈ। ਸਵੇਰੇ ਜਾਗ ਕੇ ਨਿਹਾਰੀ ਕੀਤੀ ਜਾਂਦੀ ਹੈ, ਜਿਸ ਵਿਚ ਲੱਸੀ ਜਾਂ ਚਾਹ ਨਾਲ ਰਾਤ ਦੀ ਬੇਹੀ ਰੋਟੀ ਖਾਣ ਦਾ ਰਵਾਜ ਹੈ। ਕਈ ਵਾਰ ਤਾਜ਼ੀ ਰੋਟੀ ਵੀ ਪਕਾ ਲਈ ਜਾਂਦੀ ਹੈ। ਦੁਪਹਿਰ ਵੇਲੇ ਰਜਵਾਂ ਭੋਜਨ ਖਾਧਾ ਜਾਂਦਾ ਹੈ। ਗਰਮੀਆਂ ਵਿਚ ਦਿਨ ਲੰਮੇ ਹੁੰਦੇ ਹਨ। ਸੋ ਤ੍ਰਿਕਾਲਾਂ ਵੇਲੇ ਭੁੱਖ ਲੱਗ ਜਾਂਦੀ ਹੈ ਜਿਸ ਕਰ ਕੇ ਹਲਕਾ ਜਿਹਾ ਆਹਾਰ ਕਰ ਲਿਆ ਜਾਂਦਾ ਹੈ। ਅਖੀਰ ਰਾਤ ਨੂੰ ਪੂਰਾ ਭੋਜਨ ਖਾਧਾ ਜਾਂਦਾ ਹੈ। ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਲਈ ਉਨ੍ਹਾਂ ਦੀਆਂ ਤੀਵੀਆਂ ਦੁਪਹਿਰੀਂ ਭੱਤਾ ਲੈ ਕੇ ਜਾਂਦੀਆਂ ਹਨ। (ਵੇਖੋ : ਭੱਤਾ)

(ਅ-298) **ਅੰਨ-ਕੂਟ** :

ਨਵੀਂ ਫ਼ਸਲ ਨਾਲ ਸੰਬੰਧਿਤ ਇਕ ਉਤਸ਼ਵ ਜੋ ਦੀਵਾਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਵੈਸੇ ਇਸ ਉਤਸ਼ਵ ਲਈ ਕੋਈ ਖ਼ਾਸ ਤਿੱਥ ਨਿਸਚਤ ਨਹੀਂ। ਸ਼ਾਸਤ੍ਰਾਂ ਅਨੁਸਾਰ ਕੱਤਕ ਸੁਦੀ ਏਕਮ ਤੋਂ ਪੂਰਨਮਾਸ਼ੀ ਤਕ ਕਿਸੇ ਵੀ ਤਿੱਥ ਨੂੰ ਅੰਨ-ਕੂਟ ਦਾ ਪੁਰਬ ਮਨਾਇਆ ਜਾ ਸਕਦਾ ਹੈ, ਪਰ ਬਹੁਤੇ ਲੋਕ ਇਹ ਪੁਰਬ ਏਕਮ ਨੂੰ ਹੀ ਮਨਾਉਂਦੇ ਹਨ। ਇਸ ਦਿਨ ਹਿੰਦੂ ਵਿਸ਼ਨੂੰ ਦੀ ਪੂਜਾ ਕਰਦੇ ਹਨ ਜੋ ਸੰਸਾਰ ਦਾ ਅੰਨ-ਦਾਤਾ ਹੈ, ਅਤੇ ਠਾਕਰਾਂ ਅਗੇ ਕਈ ਕਿਸਮਾਂ ਦੇ ਅੰਨਾਂ ਦਾ ਮਿੱਸਾ ਢੇਰ, ਜਿਸ ਨੂੰ ਅੰਨ-ਕੂਟ ਕਹਿੰਦੇ ਹਨ, ਲਗਾ ਕੇ ਭੋਗ ਲਗਾਉਂਦੇ ਹਨ। ਇਸ ਦਿਨ ਸਾਧਾਂ ਸੰਤਾਂ ਤੇ ਬ੍ਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਕਈ ਹਿੰਦੂ ਇਸ ਦਿਨ ਗੋਵਰਧਨ ਦੀ ਪੂਜਾ ਮਗਰੋਂ ਮਿੱਸੇ ਅੰਨ ਦਾ ਪ੍ਰਸ਼ਾਦ ਵੰਡਦੇ ਹਨ।

ਅੰਨ-ਕੂਟ ਕਿਰਸਾਨੀ ਪੁਰਬ ਹੈ ਅਤੇ ਠਾਕਰਾਂ ਨੂੰ ਪ੍ਰਸੰਨ ਕਰ ਕੇ ਅਗਲੇ ਸਾਲ ਲਈ ਭਰਵੀਂ ਫ਼ਸਲ ਦੀ ਮੰਗ ਕੀਤੀ ਜਾਂਦੀ ਹੈ। ਪਹਿਲਿਆਂ ਵਿਚ ਇਸ ਦਿਨ ਖੇਤਾਂ ਵਿਚ ਉਪਜਾਇਕਤਾ ਨਾਲ ਸੰਬੰਧਿਤ ਕਈ ਰੀਤਾਂ ਕੀਤੀਆਂ ਜਾਂਦੀਆਂ ਸਨ।

(ਅ-299) **ਅੰਨ ਚਟਾਣਾ** :

(ਵੇਖੋ : ਅੰਨ ਪ੍ਰਾਸ਼ਨ)।

(ਅ-300) **ਅੰਨ ਦੇਵਤਾ** :

ਅੰਨ ਨੂੰ ਦੇਵਤਾ ਮੰਨਿਆ ਗਿਆ ਹੈ। ਇਹ ਵਿਸ਼ਨੂੰ ਦਾ ਹੀ ਅੰਸ਼-ਅਵਤਾਰ ਹੈ। ਸੰਸਾਰ ਦੇ ਮੁੱਢ ਵਿਚ ਜਦੋਂ ਬ੍ਰਹਮਾ ਨੇ ਜੀਵਾਂ ਦੀ ਸਿਰਜਨਾ ਕੀਤੀ ਤਾਂ ਉਹ ਭੁਖ ਤੋਂ ਆਤੁਰ ਹੋ ਕੇ ਮਰਨ ਲੱਗੇ। ਉਦੋਂ ਵਿਸ਼ਨੂੰ ਦੇਵਤੇ ਦੇ ਇਕ ਅੰਸ਼ ਨੇ ਆਪਣੇ ਆਪ ਨੂੰ ਭੇਟਾ ਕੀਤਾ ਅਤੇ ਅੰਨ ਦੇ ਰੂਪ

ਵਿਚ ਦੁਨੀਆਂ ਵਿਚ ਜਨਮ ਲਿਆ। ਇਕ ਮਤੀ ਅਨੁਸਾਰ ਵਿਸ਼ਨੂੰ ਨੇ ਆਪਣੇ ਹੀ ਅੰਸ਼ ਤੋਂ ਅੰਨ ਦੀ ਉਤਪੱਤੀ ਕੀਤੀ। ਉਨ੍ਹਾਂ ਦੇ ਪਸੀਨੇ ਦੀ ਇਕ ਬੂੰਦ ਮਿੱਟੀ ਵਿਚ ਡਿੱਗੀ ਜਿਸ ਨੂੰ ਸੂਰਜ ਦੇਵਤੇ ਨੇ ਆਪਣੀ ਗਰਮੀ ਨਾਲ ਸੇਂਵਿਆ ਅਤੇ ਉਸ ਵਿਚ ਚੰਦ੍ਰ ਦੇਵਤੇ ਨੇ ਅੰਮ੍ਰਿਤ ਰਸ ਭਰ ਦਿਤਾ।

ਇਕ ਹੋਰ ਕਥਾ ਅਨੁਸਾਰ ਪਹਿਲਾਂ ਅੰਨ ਇਕ ਦੇਵਤਾ ਸੀ। ਉਸ ਨੇ ਮਨੁੱਖ ਨੂੰ ਭੁੱਖ ਹੱਥੋਂ ਆਤੁਰ ਵੇਖ ਕੇ ਆਪਣੇ ਆਪ ਨੂੰ ਭੇਟ ਕੀਤਾ। ਪਰ ਮਨੁੱਖ ਨੇ ਖਾ ਕੇ ਉਸ ਨੂੰ ਗੰਦਾ ਕਰ ਦਿਤਾ ਅਤੇ ਉਹ ਦੇਵਤੇ ਦੀ ਪਦਵੀ ਤੋਂ ਡਿੱਗ ਪਿਆ।

ਕੱਚੇ ਅੰਨ ਵਿਚ ਦੇਵਤੇ ਦਾ ਨਿਵਾਸ ਮੰਨਿਆ ਗਿਆ ਹੈ। ਇਸ ਲਈ ਕਈ ਸੰਸਕਾਰਾਂ ਤੇ ਰੀਤਾਂ ਸਮੇਂ ਅੰਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੱਚੇ ਅੰਨ ਵਿਚ ਸਥਿਤ ਦੇਵਤੇ ਤੋਂ ਡਰਦਿਆਂ ਪ੍ਰੇਤ-ਰੂਹਾਂ ਸੰਸਕਾਰ ਨੂੰ ਖੰਡਨ ਨਹੀਂ ਕਰਦੀਆਂ। ਕੱਚੇ ਅੰਨ ਦੇ ਰੂਪ ਵਿਚ ਦੇਵਤਾ ਗਰਭਵਤੀ ਇਸਤ੍ਰੀ ਦੇ ਗਰਭ ਦੀ ਰੱਖਿਆ ਕਰਦਾ ਹੈ, ਇਸ ਲਈ ਉਸ ਦੇ ਪੱਲੇ ਨਾਲ ਕੱਚਾ ਅੰਨ ਬੰਨ੍ਹ ਦਿਤਾ ਜਾਂਦਾ ਹੈ।

ਅੰਨ ਦੀ ਅਨਾਦਰੀ ਦੇਵਤੇ ਦਾ ਅਪਮਾਨ ਹੈ। ਪਹਿਲਿਆਂ ਵਿਚ ਖਾਣਾ ਖਾਣ ਵੇਲੇ ਭੋਜਨ ਨੂੰ ਹਮੇਸ਼ਾਂ ਆਪਣੇ ਤੋਂ ਉੱਚਾ ਰਖਿਆ ਜਾਂਦਾ ਸੀ। ਖਾਣ ਵਾਲਾ ਰੋਟੀ ਨੂੰ ਚੌਂਕੀ ਉਤੇ ਰਖ ਕੇ ਖਾਂਦਾ ਤੇ ਆਪ ਕਪੜਾ ਵਿਛਾ ਕੇ ਭੋਇੰ ਉਤੇ ਚੌਂਕੜੀ ਮਾਰ ਕੇ ਬੈਠਦਾ ਸੀ।

(ਅ-301) **ਅੰਨ ਪ੍ਰਾਸ਼ਨ** :

ਹਿੰਦੂਆਂ ਦਾ ਇਕ ਸੰਸਕਾਰ, ਜਿਸ ਵਿਚ ਬੱਚੇ ਨੂੰ ਪਹਿਲੀ ਵਾਰ ਕੋਈ ਠੋਸ ਪਦਾਰਥ ਜਾਂ ਅੰਨ ਖਵਾਇਆ ਜਾਂਦਾ ਹੈ। ਅੰਨ ਪ੍ਰਾਸ਼ਨ ਦੇ ਅਰਥ ਹਨ — ਅੰਨ ਚਟਾਉਣਾ। ਇਹ ਸੰਸਕਾਰ ਆਮ ਤੌਰ 'ਤੇ ਬੱਚੇ ਦੇ ਜੰਮਣ ਮਗਰੋਂ ਛੇਵੇਂ ਮਹੀਨੇ ਕੀਤਾ ਜਾਂਦਾ ਹੈ। ਕਈ ਲੋਕ ਅੰਨ-ਪ੍ਰਾਸ਼ਨ ਨੂੰ ਪ੍ਰੋਸਨ ਵੀ ਕਹਿੰਦੇ ਹਨ। ਪ੍ਰੋਸਨ ਦਾ ਭਾਵ ਭੋਜਨ ਪ੍ਰੋਸ ਕੇ ਅਗੇ ਰਖਣ ਦਾ ਹੈ। ਪੰਜਾਬ ਵਿਚ ਇਸ ਰੀਤ ਨੂੰ 'ਅੰਨ ਚਟਾਣਾ' ਵੀ ਕਹਿੰਦੇ ਹਨ।

ਇਹ ਸੰਸਕਾਰ ਵੈਦਿਕ ਕਾਲ ਤੋਂ ਚਲਿਆ ਆ ਰਿਹਾ ਹੈ। ਯੁਜਰ ਵੇਦ (17,33) ਤੇ ਉਪਨਿਸ਼ਦਾਂ ਵਿਚ ਅੰਨ ਦੀ ਪ੍ਰਸੰਸਾ ਵਿਚ ਕਈ ਰਿਚਾਂ ਮਿਲਦੀਆਂ ਹਨ, ਪਰ ਇਹ ਨਿਰਣਾ ਕਰਨਾ ਕਠਨ ਹੈ ਕਿ ਉਹ ਰਿਚਾਂ ਅੰਨ ਪ੍ਰਾਸ਼ਨ ਸੰਸਕਾਰ ਨਾਲ ਸੰਬੰਧਿਤ ਹਨ ਜਾਂ ਉਨ੍ਹਾਂ ਵਿਚ ਵੈਸੇ ਹੀ ਅੰਨ ਦੀ ਮਹਿਮਾ ਗਾਈ ਗਈ ਹੈ। ਸੂਤਰਾਂ ਵਿਚ ਇਸ ਸੰਸਕਾਰ ਦਾ ਵਰਨਣ ਵਿਸਥਾਰ ਨਾਲ ਮਿਲਦਾ ਹੈ ਅਤੇ ਇਸ ਸੰਸਕਾਰ ਦਾ ਠੀਕ ਸਮਾਂ ਅਤੇ ਅੰਨ ਦੀਆਂ ਕਿਸਮਾਂ ਤਕ ਦਾ ਵੇਰਵਾ ਦਰਜ ਹੈ। ਗ੍ਰਿਹ ਸੂਤਰਾਂ ਅਨੁਸਾਰ ਅੰਨ ਪ੍ਰਾਸ਼ਨ ਬੱਚੇ ਦੇ ਜਨਮ ਤੋਂ ਛੇ ਮਹੀਨੇ ਮਗਰੋਂ ਕਰਨਾ ਜ਼ਰੂਰੀ ਹੈ। ਮਨੂ ਨੇ ਵੀ ਇਸ ਦੀ ਪ੍ਰੋੜ੍ਹਤਾ ਕੀਤੀ ਹੈ। ਚਾਰ ਮਹੀਨੇ ਦੀ ਉਮਰ ਤੋਂ ਪਹਿਲਾਂ ਬੱਚੇ ਦੇ ਮੂੰਹ ਅੰਨ ਲਗਾਣਾ ਮਨ੍ਹਾ ਸੀ। ਜੇ ਬੱਚਾ ਕਮਜ਼ੋਰ ਹੋਵੇ ਤਾਂ ਅੰਨ ਪ੍ਰਾਸ਼ਨ ਦਾ ਸੰਸਕਾਰ ਅਠਵੇਂ ਜਾਂ ਨਾਵੇਂ ਮਹੀਨੇ ਜਾਂ ਫਿਰ ਸਾਲ ਦੇ ਅੰਦਰ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ। ਇਸ ਸੰਸਕਾਰ ਲਈ ਜੇ ਲੜਕਾ ਹੋਵੇ ਤਾਂ ਜਨਮ ਮਗਰੋਂ ਦੇ ਜਿਸਤ ਮਹੀਨੇ ਅਤੇ ਲੜਕੀ ਹੋਵੇ ਤਾਂ ਤਾਕ ਮਹੀਨੇ ਵਧੇਰੇ ਗੁਣਕਾਰੀ ਮੰਨੇ ਜਾਂਦੇ ਹਨ।

ਅੰਨ ਪ੍ਰਾਸ਼ਨ ਸਮੇਂ ਅੰਨ, ਖਿਚੜੀ, ਦਹੀਂ, ਸ਼ਹਿਦ ਆਦਿ ਕੁਝ ਵੀ ਚਟਾਇਆ ਜਾ ਸਕਦਾ ਹੈ। ਜੇ ਚਾਵਲ ਨੂੰ ਸ਼ਹਿਦ ਵਿਚ ਰਲਾ ਕੇ ਦਿਓ ਤਾਂ ਬੱਚੇ ਦੀ ਦੀਰਘ ਆਯੂ ਹੁੰਦੀ ਹੈ, ਜੇ ਦਹੀਂ ਚਾਵਲ ਦਿਤੇ ਜਾਣ ਤਾਂ ਇੰਦਰੇ ਬਲਵਾਨ ਹੁੰਦੇ ਹਨ। ਸਨਾਤਨੀ ਹਿੰਦੂ, ਇਸ ਸੰਸਕਾਰ ਸਮੇਂ ਵੈਦਿਕ ਮੰਤਰਾਂ ਦਾ ਗਾਇਨ ਕਰਦਿਆਂ ਭੋਜਨ ਤਿਆਰ ਕਰਦੇ ਹਨ ਤੇ ਦੇਵੀ ਦੇਵਤਿਆਂ ਅਗੇ ਪ੍ਰਾਰਥਨਾ ਕਰਦੇ ਹੋਏ ਬੱਚੇ ਦੇ ਮੂੰਹ ਅੰਨ ਲਗਾਂਦੇ ਹਨ। ਧਨੀ ਘਰਾਂ ਵਿਚ ਕੁੱਲ ਦਾ ਵਡਿੱਕਾ ਚਾਂਦੀ ਦੀ ਕਟੋਰੀ ਵਿਚੋਂ ਰੁਪਏ ਨਾਲ ਖੀਰ ਭਰ ਕੇ ਬੱਚੇ ਦੇ ਮੂੰਹ ਲਗਾਂਦਾ ਹੈ। ਹਿੰਦੂਆਂ ਵਿਚ ਅੰਨ ਪ੍ਰਾਸ਼ਨ ਦੀ ਰੀਤ ਬੜੀ ਮਹੱਤਤਾ ਰਖਦੀ ਹੈ, ਕਿਉਂ ਜੋ ਇਸੇ ਰੀਤ ਮਗਰੋਂ ਬੱਚਾ ਠੋਸ ਖ਼ੁਰਾਕ ਖਾਣੀ ਆਰੰਭ ਕਰਦਾ ਹੈ ਅਰਥਾਤ ਜੀਵਨ ਦੇ ਇਕ ਨਵੇਂ ਪੜਾਅ ਵਿਚ ਪੈਰ ਧਰਦਾ ਹੈ।

ਅੰਨ ਮਨੁੱਖ ਦੇ ਪ੍ਰਾਣ ਹਨ, ਅਖਾਣ ਹੈ :

ਅੰਨ ਮੂਲ ਪ੍ਰਾਣ, ਪ੍ਰਾਣ ਮੂਲ ਪੁਰਸ਼।

(ਅ-302) **ਅੰਨਪੂਰਣਾ** :

ਹਿੰਦੂਆਂ ਦੀ ਇਕ ਦਾਨਸ਼ੀਲ ਦੇਵੀ, ਜੋ ਦੁਰਗਾ/ਪਾਰਬਤੀ ਦਾ ਹੀ ਇਕ ਰੂਪ ਹੈ। ਇਹ ਦੇਵੀ ਅੰਨ ਦੇ ਭੰਡਾਰਿਆਂ ਦੀ ਮਾਲਕ ਹੈ ਤੇ ਇਸ ਦੀ ਪੂਜਾ ਪ੍ਰਤਿਸ਼ਠਾ ਸਦਕਾ ਕਦੇ ਅੰਨ ਦੀ ਥੁੜ ਨਹੀਂ ਰਹਿੰਦੀ। ਅੰਨਪੂਰਣਾ ਦੀ ਪੂਜਾ ਚੇਤ ਸੁਦੀ ਅਸ਼ਟਮੀ ਨੂੰ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਇਸ ਦੇਵੀ ਦਾ ਪ੍ਰਸਿੱਧ ਮੰਦਰ ਕਾਂਸ਼ੀ ਵਿਚ ਹੈ।

ਅੰਨਪੂਰਣਾ ਬਾਰੇ ਇਕ ਕਥਾ ਪੰਜਾਬ ਵਿਚ ਇਉਂ ਪ੍ਰਚਲਤ ਹੈ :— ਸ਼ਿਵ ਆਪਣੇ ਪਰਿਵਾਰ ਦੀ ਪਾਲਣਾ ਦਾਨ ਮੰਗ ਕੇ ਕੀਤਾ ਕਰਦਾ ਸੀ। ਇਕ ਵਾਰ ਕਿਸੇ ਮਜਬੂਰੀ ਕਾਰਨ ਸ਼ਿਵਜੀ ਗਦਾ ਮੰਗਣ ਨਾ ਗਿਆ। ਪਹਿਲੀ ਬਚੀ ਹੋਈ ਭਿੱਛਿਆ ਨਾਲ ਮਸਾਂ ਗਣੇਸ਼, ਉਸ ਦੇ ਵਾਹਣ ਅਤੇ ਘਰ ਦੇ ਹੋਰ ਜੀਆਂ ਦਾ ਪੇਟ ਭਰਿਆ, ਪਰ ਸ਼ਿਵ ਅਤੇ ਪਾਰਬਤੀ ਦੋਹਾਂ ਨੂੰ ਭੁੱਖਿਆਂ ਹੀ ਰਹਿਣਾ ਪਿਆ।

ਸ਼ਿਵ ਭੁੱਖਾ ਬੈਠਾ ਝੂਰ ਰਿਹਾ ਸੀ ਕਿ ਨਾਰਦ ਮੁਨੀ ਉਧਰੋਂ ਦੀ ਲੰਘਿਆ। ਸ਼ਿਵ ਦੇ ਪੁੱਛਣ ਉਤੇ ਕਿ ਬਾਕੀ ਦੇਵਤੇ ਤਾਂ ਆਨੰਦ ਵਿਚ ਰਹਿੰਦੇ ਹਨ, ਪਰ ਉਸ ਨੂੰ ਇਤਨੇ ਦੁਖ ਕਿਉਂ ਝਾਗਣੇ ਪੈ ਰਹੇ ਹਨ, ਨਾਰਦ ਨੇ ਕਿਹਾ, "ਜੇ ਪਤਨੀ ਭਾਗਵਾਨ ਹੋਵੇ ਤਾਂ ਪਤੀ ਸੁਖ ਮਾਣਦਾ ਹੈ, ਪਰ ਜੇ ਉਹ ਪਿਛਲ ਪੈਰੀ ਹੋਵੇ ਤਾਂ ਪਤੀ ਦੁਖ ਦਲਿਦ੍ਰ ਭੋਗਦਾ ਹੈ। ਵੇਖ ਨਾ, ਵਿਸ਼ਨੂੰ ਲਛਮੀ ਨਾਲ ਵਿਆਹ ਕਰਵਾ ਕੇ ਕਿਤਨੇ ਸੁਖੀ ਹਨ।"

ਫਿਰ ਨਾਰਦ ਪਾਰਬਤੀ ਕੋਲ ਗਿਆ, ਉਹ ਵੀ ਭੁੱਖ ਕਾਰਨ ਆਤੁਰ ਸੀ। ਪਾਰਬਤੀ ਨੇ ਨਾਰਦ ਤੋਂ ਆਪਣੇ ਦੁਖ-ਕਲੇਸ਼ ਦਾ ਕਾਰਣ ਪੁੱਛਿਆ ਤਾਂ ਨਾਰਦ ਨੇ ਜਵਾਬ ਦਿਤਾ, "ਦੇਵੀ ਜੀ, ਜੇ ਪਤੀ ਭਾਗਵਾਨ ਹੋਵੇ ਤਾਂ ਉਸ ਦੇ ਪੈਰਾਂ ਸਦਕੇ ਘਰ ਅੰਨ ਨਾਲ ਭਰੇ ਰਹਿੰਦੇ ਹਨ। ਵੇਖ ਨਾ ਲਛਮੀ ਦਾ ਪਤੀ ਕਿਤਨੇ ਭਾਗਾਂ ਵਾਲਾ ਹੈ, ਉਨ੍ਹਾਂ ਦੇ ਭੰਡਾਰੇ ਵਿਚ ਕਦੇ ਕਿਸੇ ਗੱਲ ਦੀ ਤੋਟ ਨਹੀਂ ਆਉਂਦੀ।" ਨਾਰਦ ਨੇ ਪਾਰਬਤੀ ਨੂੰ ਇਤਨਾ ਭੜਕਾਇਆ ਕਿ ਉਸ ਨੇ ਸ਼ਿਵ ਨਾਲੋਂ ਆਪਣੇ ਸਬੰਧ ਤੋੜਨ ਦਾ ਫ਼ੈਸਲਾ ਕਰ ਲਿਆ।

ਅਗਲੇ ਦਿਨ ਜਦੋਂ ਸ਼ਿਵ ਘਰੋਂ ਭਿਖਿਆ ਮੰਗਣ ਲਈ ਨਿਕਲਿਆ ਤਾਂ ਪਿਛੋਂ ਪਾਰਬਤੀ ਆਪਣੇ ਪੇਕੇ ਤੁਰ ਪਈ। ਦੇਵਨੇਤ ਰਾਹ ਵਿਚ ਉਸ ਨੂੰ ਫਿਰ ਨਾਰਦ ਮਿਲ ਗਿਆ। ਨਾਰਦ ਨੇ ਪਾਰਬਤੀ ਨੂੰ ਕਿਹਾ, "ਦੇਵੀ ਜੀ, ਪੇਕੇ ਜਾਣ ਦਾ ਕੀ ਫ਼ਾਇਦਾ, ਜੇ ਤੁਸੀਂ ਸ਼ਿਵ ਦੀ ਹੇਠੀ ਹੀ ਕਰਨਾ ਚਾਹੁੰਦੇ ਹੋ ਤਾਂ ਅਗਲਵਾਂਢੀ ਜਾ ਕੇ ਉਨ੍ਹਾਂ ਘਰਾਂ ਤੋਂ ਖ਼ੈਰ ਮੰਗ ਲਿਆਵੋ ਜਿਥੋਂ ਸ਼ਿਵ ਭਿਛਿਆ ਮੰਗਦਾ ਹੈ।" ਪਾਰਬਤੀ ਨੇ ਉਸੇ ਤਰ੍ਹਾਂ ਕੀਤਾ ਅਤੇ ਚੋਖੀ ਸਾਰੀ ਭਿਛਿਆ ਇਕੱਠੀ ਕਰ ਕੇ ਘਰ ਪਰਤ ਆਈ। ਫਲਸਰੂਪ ਸ਼ਿਵ ਨੂੰ ਭਿਛਿਆ ਦੀ ਇਕ ਚੁਟਕੀ ਵੀ ਨਾ ਮਿਲੀ ਅਤੇ ਉਹ ਖ਼ਾਲੀ ਹੱਥ ਵਾਪਸ ਆ ਗਿਆ।

ਭੁੱਖ ਨਾਲ ਆਤੁਰ ਹੋਣ ਕਰ ਕੇ ਸ਼ਿਵ ਨੇ ਪਾਰਬਤੀ ਤੋਂ ਖਾਣ ਲਈ ਕੁਝ ਮੰਗਿਆ। ਪਾਰਬਤੀ ਨੇ ਸ਼ਿਵ ਦੇ ਅਗੇ ਖਾਣ ਲਈ ਕਾਫ਼ੀ ਸਾਰੇ ਪਦਾਰਥ ਰਖੇ ਤਾਂ ਸ਼ਿਵ ਕਹਿਣ ਲੱਗੇ, "ਸੱਚੀਂ ਤੂੰ ਤਾਂ ਅੰਨਪੂਰਣਾ ਏਂ।" ਉਦੋਂ ਤੋਂ ਪਾਰਬਤੀ ਦਾ ਇਹ ਰੂਪ ਅੰਨਪੂਰਣਾ ਦੇ ਨਾਂ ਨਾਲ ਪ੍ਰਸਿਧ ਹੋਇਆ। ਖਾਣਾ ਖਾ ਕੇ ਸ਼ਿਵ ਉਨਮਾਦ ਵਿਚ ਆ ਗਏ ਤੇ ਉਨ੍ਹਾਂ ਨੇ ਪਾਰਬਤੀ ਨੂੰ ਘੁਟ ਕੇ ਸੀਨੇ ਨਾਲ ਲਗਾ ਲਿਆ। ਫਲਸਰੂਪ ਉਹ ਪਾਰਬਤੀ ਨਾਲ ਇਕ ਰੂਪ ਹੋ ਗਏ। ਪਾਰਬਤੀ ਤੇ ਸ਼ਿਵ ਦਾ ਇਹ ਰੂਪ 'ਅਰਧਨਾਰੀਸ਼ਵਰ' ਅਖਵਾਇਆ। (ਵੇਖੋ : ਅਰਧਨਾਰੀਸ਼ਵਰ)

(ਅ-303) **ਅੰਨ ਬੰਨ੍ਹਣਾ** :

(ੳ) ਵਿਆਹ ਸਮੇਂ ਜਦੋਂ ਬਰਾਤੀ ਖਾਣਾ ਖਾਣ ਲੱਗਦੇ ਹਨ ਤਾਂ ਕੰਨਿਆਂ ਪੱਖ ਦਾ ਕੋਈ ਸ਼ਖ਼ਸ/ਕੰਨਿਆਂ/ਕਵੀਸ਼ਰ ਕੁਝ ਮੰਤਰ ਤੇ ਟੱਪੇ ਪੜ੍ਹ ਕੇ ਅੰਨ ਬੰਨ੍ਹ ਦਿੰਦਾ ਹੈ। ਜਦੋਂ ਤਕ ਵਰ ਪੱਖ ਵਲੋਂ ਕੋਈ ਸ਼ਖ਼ਸ/ਕੰਨਿਆਂ/ਕਵੀਸ਼ਰ ਇਸ ਅੰਨ ਨੂੰ ਮੰਤਰਾਂ ਦੁਆਰਾ ਖੋਲ੍ਹ ਨਾ ਲਏ, ਉਦੋਂ ਤਕ ਜੰਞ ਭੋਜਨ ਨਹੀਂ ਖਾਂਦੀ। ਪੋਠੋਹਾਰ ਵਿਚ ਇਸ ਗੀਤ ਨੂੰ 'ਮੰਢਾਵਣੀ' ਕਹਿੰਦੇ ਹਨ। (ਵੇਖੋ :

ਮੰਦਾਵਣੀ) ਮਾਝੇ ਮਾਲਵੇ ਵਿਚ ਇਸ ਗੀਤ ਨੂੰ 'ਜੇਵ ਬੰਨ੍ਹਣੀ' ਕਹਿੰਦੇ ਹਨ । (ਵੇਖੋ : ਜੇਵ ਬੰਨ੍ਹਣੀ) ਇਹ ਗੀਤ ਕਿਸੇ ਆਦਿਮ ਗੀਤ ਦੀ ਰਹਿੰਦ ਹੈ। ਆਦਿਮ ਕਬੀਲੇ ਜਾਦੂ ਟੂਣੇ ਨਾਲ ਆਪਣੇ ਦੁਸ਼ਮਨ ਕਬੀਲੇ ਦਾ ਅੰਨ ਬੰਨ੍ਹ ਦੇਂਦੇ ਜਾਂ ਭ੍ਰਿਸ਼ਟ ਕਰ ਦਿਤਾ ਕਰਦੇ ਸਨ । ਧਾਰਨਾ ਸੀ ਕਿ ਉਸ ਅੰਨ ਨੂੰ ਜਾਦੂ ਮੰਤਰਾਂ ਦੁਆਰਾ ਖੋਲ੍ਹੇ ਬਿਨਾਂ ਖਾਣ ਨਾਲ ਅਸਾਧ ਰੋਗ ਹੋ ਜਾਂਦੇ ਹਨ । ਜੇਵ ਬੰਨ੍ਹਣ ਤੇ ਖੋਲ੍ਹਣ ਸਮੇਂ ਜੋ ਕਾਵਿ ਰੂਪ ਵਰਤਿਆ ਜਾਂਦਾ ਹੈ ਉਸ ਨੂੰ 'ਪਤਲ' ਵੀ ਕਹਿੰਦੇ ਹਨ। (ਵੇਖੋ : ਪਤਲ)

(ਅ) ਇਕ ਰੀਤ, ਗਰਭਵਤੀ ਨੂੰ ਚੰਦਰੀ ਨਜ਼ਰ ਤੇ ਭੂਤ ਪ੍ਰੇਤ ਦੀ ਛਾਇਆ ਤੋਂ ਬਚਾਣ ਲਈ, ਉਸ ਦੇ ਪੱਲੇ ਦੇ ਕੋਨੇ ਨਾਲ ਕੱਚਾ ਅੰਨ ਬੰਨ੍ਹ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਕੋਈ ਪ੍ਰੇਤ-ਰੂਹ ਜਦੋਂ ਗਰਭ ਵਿਚਲੇ ਕੱਚੇ ਜੀਵ ਨੂੰ ਨਸ਼ਟ ਕਰਨ ਲਈ ਆਉਂਦੀ ਹੈ ਤਾਂ ਕੱਚਾ ਅੰਨ ਵੇਖ ਕੇ ਨੱਠ ਜਾਂਦੀ ਹੈ। ਕੱਚਾ ਅੰਨ ਅੰਨ-ਦੇਵਤੇ ਦਾ ਬੋਧਿਕ ਹੈ ਅਤੇ ਭੂਤ ਪ੍ਰੇਤ ਦੇਵਤੇ ਤੋਂ ਡਰਦੇ ਗਰਭਵਤੀ ਦੇ ਨੇੜੇ ਨਹੀਂ ਢੁਕਦੇ।

(ਅ-304) **ਅਨਸਾਰੀ :**

ਮੁਸਲਮਾਨਾਂ ਦੀ ਇਕ ਵੰਸ਼; ਅਨਸਾਰੀ ਸ਼ਬਦ ਸਭ ਤੋਂ ਪਹਿਲਾਂ ਮਦੀਨੇ ਵਿਚ ਵਸਦੇ ਉਨ੍ਹਾਂ ਮੁਸਲਮਾਨਾਂ ਲਈ ਵਰਤਿਆ ਗਿਆ, ਜਿਨ੍ਹਾਂ ਨੇ ਮੱਕਾ ਛੱਡਣ ਵੇਲੇ ਹਜ਼ਰਤ ਮੁਹੰਮਦ ਸਾਹਿਬ ਦਾ ਸਾਥ ਦਿਤਾ ਅਤੇ ਉਨ੍ਹਾਂ ਦੇ ਨਾਲ ਹੀ ਮਦੀਨੇ ਗਏ। ਇਸ ਤੋਂ ਇਲਾਵਾ ਉਹ ਲੋਕ ਵੀ ਅਨਸਾਰ ਅਖਵਾਏ ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦਾ ਮਦੀਨੇ ਵਿਚ ਸਵਾਗਤ ਕੀਤਾ ਸੀ। ਪਿਛੋਂ ਇਨ੍ਹਾਂ ਸਭਨਾਂ ਦੀ ਔਲਾਦ ਅਨਸਾਰੀ ਦੇ ਨਾਂ ਨਾਲ ਪ੍ਰਸਿੱਧ ਹੋਈ। ਅਨਸਾਰੀ ਅਰਬੀ ਦੇ ਸ਼ਬਦ 'ਨਿਸਾਰ' ਦਾ ਬਹੁ-ਵਚਨ ਹੈ, ਜਿਸ ਦਾ ਅਰਥ ਹੈ — ਸਹਾਇਕ।

ਦੇਸ਼-ਵੰਡ ਤੋਂ ਪਹਿਲਾਂ ਕਈ ਅਨਸਾਰੀ ਪੰਜਾਬ ਦੇ ਪੂਰਬੀ ਖੇਤਰ ਵਿਚ ਰਹਿੰਦੇ ਸਨ। ਜਲੰਧਰ ਵਿਚ ਵਸਦੇ ਅਨਸਾਰੀ ਆਪਣੇ ਆਪ ਨੂੰ ਖ਼ਾਲਿਦ ਅਨਸਾਰ (ਅਬੂ ਅਯੂਬ) ਦੀ ਵੰਸ਼ ਵਿਚੋਂ ਦਸਦੇ ਸਨ, ਜਿਨ੍ਹਾਂ ਨੇ ਮਦੀਨੇ ਵਿਚ ਮੁਹੰਮਦ ਸਾਹਿਬ ਨੂੰ ਆਪਣੇ ਘਰ ਵਿਚ ਨਿਵਾਸ ਦਿਤਾ ਸੀ। ਰੋਸ਼ਨੀਆਂ ਫ਼ਿਰਕੇ ਦੇ ਮੋਢੀ ਪੀਰ ਰੋਸ਼ਨ ਵੀ ਇਸੇ ਵੰਸ਼ ਵਿਚੋਂ ਸਨ।

(ਅ-305) **ਅਨਸੂਯਾ :**

ਅਤਰੀ ਰਿਸ਼ੀ ਦੀ ਪਤਨੀ ਤੇ ਦੱਖਸ਼ ਦੀ ਪੁੱਤਰੀ; ਕਈ ਥਾਈਂ ਅਨਸੂਯਾ ਨੂੰ ਕਰਦਮ ਦੀ ਲੜਕੀ ਵੀ ਲਿਖਿਆ ਗਿਆ ਹੈ। ਅਨਸੂਯਾ ਬੜੀ ਸੁੰਦਰ, ਸੁਸ਼ੀਲ ਤੇ ਆਚਾਰਵਾਨ ਸੀ। ਇਸ ਨੇ ਘੋਰ ਤੱਪ ਕਰ ਕੇ ਕੁਝ ਆਤਮਿਕ ਸ਼ਕਤੀਆਂ ਪ੍ਰਾਪਤ ਕਰ ਲਈਆਂ ਸਨ। ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਇਸ ਦੀ ਤਪੱਸਿਆ ਉਤੇ ਪ੍ਰਸੰਨ ਹੋ ਕੇ ਕ੍ਰਮਵਾਰ ਚੰਦ੍ਰਮਾ, ਦੱਤਾਤ੍ਰੇਯ ਅਤੇ ਦੁਰਬਾਸ਼ਾ ਦੇ ਰੂਪ ਵਿਚ ਅਨਸੂਯਾ ਦੇ ਉਦਰ ਤੋਂ ਜੰਮੇ ਸਨ। ਅਨਸੂਯਾ ਨੂੰ ਪਤੀਬ੍ਰਤਾ ਇਸਤ੍ਰੀ ਦੇ ਰੂਪ ਵਿਚ ਬੜੀ ਪ੍ਰਸਿੱਧੀ ਪ੍ਰਾਪਤ ਹੈ। ਇਕ ਕਥਾ ਅਨੁਸਾਰ ਇਕ ਵਾਰ ਨਾਰਦ ਮੁਨੀ ਕੈਲਾਸ਼ ਪਰਬਤ ਗਿਆ ਤੇ ਗੱਲਾਂ ਬਾਤਾਂ ਵਿਚ ਪਾਰਬਤੀ ਨੂੰ ਕਹਿਣ ਲੱਗਾ ਕਿ ਤਿੰਨਾਂ ਲੋਕਾਂ ਵਿਚ, ਅਨਸੂਯਾ ਵਰਗੀ ਸਤਿ-ਧਰਮ ਵਿਚ ਦ੍ਰਿੜ੍ਹ ਕੋਈ ਹੋਰ ਇਸਤ੍ਰੀ ਨਹੀਂ। ਪਾਰਬਤੀ ਨੂੰ ਅਨਸੂਯਾ ਨਾਲ ਈਰਖਾ ਹੋ ਗਈ। ਨਾਰਦ ਦੇ ਚਲੇ ਜਾਣ ਮਗਰੋਂ ਪਾਰਬਤੀ ਨੇ ਸ਼ਿਵ ਨੂੰ ਉਤੇਜਿਤ ਕੀਤਾ ਕਿ ਉਹ ਕਿਸੇ ਤਰ੍ਹਾਂ ਅਨਸੂਯਾ ਦਾ ਆਲਿੰਗਨ ਕਰੇ।

ਉਥੋਂ ਨਾਰਦ ਬ੍ਰਹਮਲੋਕ ਗਿਆ ਤੇ ਉਸ ਨੇ ਉਹੋ ਗੱਲ ਆਖ ਕੇ ਸਰਸਵਤੀ ਦੇ ਮਨ ਵਿਚ ਵੀ ਅਨਸੂਯਾ ਲਈ ਕੀਨਾ ਪੈਦਾ ਕਰ ਦਿਤੀ। ਸਰਸਵਤੀ ਨੇ ਬ੍ਰਹਮਾ ਨੂੰ ਅਨਸੂਯਾ ਦਾ ਸਤਿ-ਧਰਮ ਖੰਡਨ ਕਰਨ ਲਈ ਪ੍ਰੇਰਿਆ। ਇਥੋਂ ਨਾਰਦ ਬੈਕੁੰਠ ਗਿਆ ਤਾਂ ਉਸਨੇ ਲਛਮੀ ਦੇ ਅੰਦਰ ਵੀ ਅਨਸੂਯਾ ਲਈ ਮੰਦ ਭਾਵਨਾ ਭਰ ਦਿਤੀ। ਲਛਮੀ ਨੇ ਵੀ ਆਪਣੇ ਪਤੀ ਵਿਸ਼ਨੂੰ ਨੂੰ ਅਨਸੂਯਾ ਨਾਲ ਸਹਿਵਾਸ ਕਰਨ ਦੀ ਪ੍ਰੇਰਨਾ ਦਿਤੀ।

ਤਿੰਨੋਂ ਦੇਵਤੇ ਆਪੋ ਆਪਣੀ ਦੇਵ ਨਗਰੀ ਤੋਂ ਮੰਦ ਭਾਵਨਾ ਨਾਲ ਅਤਰੀ ਦੇ ਆਸ਼ਰਮ ਵਲ ਤੁਰ ਪਏ। ਰਾਹ ਵਿਚ ਤਿੰਨਾਂ ਦਾ ਅਚਾਨਕ ਮੇਲ ਹੋ ਗਿਆ ਅਤੇ ਤਿੰਨਾਂ ਨੇ ਇਕ ਦੂਜੇ ਨੂੰ ਆਪਣਾ

ਮਨੋਰਥ ਦੱਸਿਆ। ਇਕੋ ਮਨੋਰਥ ਹੋਣ ਕਰ ਕੇ, ਤਿੰਨਾਂ ਨੇ ਇਕੱਠਿਆਂ ਅਨਸੂਯਾ ਕੋਲ ਜਾਣ ਦਾ ਫ਼ੈਸਲਾ ਕੀਤਾ। ਤਿੰਨਾਂ ਨੇ ਬ੍ਰਾਹਮਣਾਂ ਦਾ ਵੇਸ ਧਾਰ ਕੇ ਅਤਰੀ ਦੇ ਦੁਆਰੇ ਉਤੇ ਜਾ ਭਿੱਛਿਆ ਮੰਗੀ। ਅਨਸੂਯਾ ਜਦੋਂ ਖ਼ੈਰ ਪਾਉਣ ਲਈ ਬਾਹਰ ਆਈ ਤਾਂ ਤਿੰਨਾਂ ਨੇ ਆਟੇ ਦੀ ਥਾਂ ਪੱਕਾ ਭੋਜਨ ਮੰਗਿਆ। ਅਨਸੂਯਾ ਨੇ ਉਨ੍ਹਾਂ ਦੀ ਗੱਲ ਮੰਨਦੇ ਹੋਏ ਕਿਹਾ ਕਿ ਤੁਸੀਂ ਨਦੀ ਉਤੇ ਇਸ਼ਨਾਨ ਕਰ ਆਓ, ਮੈਂ ਭੋਜਨ ਤਿਆਰ ਕਰ ਕੇ ਲਿਆਂਦੀ ਹਾਂ।

ਜਦੋਂ ਤਿੰਨੋਂ ਦੇਵਤੇ ਇਸ਼ਨਾਨ ਕਰ ਕੇ ਵਾਪਿਸ ਆਏ ਤਾਂ ਅਨਸੂਯਾ ਨੇ ਉਨ੍ਹਾਂ ਅੱਗੇ ਭੋਜਨ ਪਰੋਸਿਆ, ਪਰ ਤਿੰਨਾਂ ਨੇ ਉਦੋਂ ਤਕ ਭੋਜਨ ਖਾਣ ਤੋਂ ਇਨਕਾਰ ਕਰ ਦਿਤਾ ਜਦੋਂ ਤਕ ਅਨਸੂਯਾ ਉਨ੍ਹਾਂ ਨੂੰ ਬਸਤ੍ਰਹੀਨ ਹੋ ਕੇ ਪ੍ਰਾਕ੍ਰਿਤਕ ਰੂਪ ਵਿਚ ਭੋਜਨ ਭੇਟ ਨਾ ਕਰੇ। ਅਨਸੂਯਾ ਨੇ ਪਹਿਲਾਂ ਤਾਂ ਤਿੰਨਾਂ ਨੂੰ ਟਾਲਿਆ, ਪਰ ਜਦੋਂ ਉਹ ਬਜ਼ਿੱਦ ਹੋ ਗਏ ਤਾਂ ਅਨਸੂਯਾ ਨੇ ਉਨ੍ਹਾਂ ਦੀ ਗੱਲ ਪ੍ਰਵਾਨ ਕਰ ਲਈ। ਅਨਸੂਯਾ ਨੇ ਜਲ ਨਾਲ ਆਪਣੇ ਪਤੀ ਦੇ ਚਰਨ ਧੋਤੇ ਤੇ ਫਿਰ ਤਿੰਨਾਂ ਦੇਵਤਿਆਂ ਉਪਰ ਜਲ ਦੇ ਛੱਟੇ ਮਾਰੇ ਜਿਸ ਨਾਲ ਤਿੰਨੋਂ ਦੇਵਤੇ ਬਾਲ ਰੂਪ ਹੋ ਗਏ। ਫਿਰ ਅਨਸੂਯਾ ਨੇ ਤਿੰਨਾਂ ਨੂੰ ਆਪਣਾ ਦੁੱਧ ਚੁੰਘਾ ਕੇ ਪੰਘੂੜੇ ਵਿਚ ਸੰਵਾ ਦਿਤਾ।

ਰਾਮਾਇਣ ਅਨੁਸਾਰ ਅਨਸੂਯਾ ਦਾ ਨਿਵਾਸ ਅਸਥਾਨ ਚਿਤ੍ਰਕੂਟ ਪਹਾੜ ਦੇ ਦੱਖਣ ਵਲ ਸੀ। ਬਨਵਾਸ ਦੇ ਦਿਨੀਂ ਜਦੋਂ ਸੀਤਾ ਰਾਮ ਚੰਦਰ ਦੇ ਨਾਲ ਅਤਰੀ ਦੇ ਆਸ਼ਰਮ ਵਿਚ ਅਨਸੂਯਾ ਨੂੰ ਮਿਲਣ ਲਈ ਆਈ ਤਾਂ ਇਸ ਨੇ ਸੀਤਾ ਨੂੰ ਇਕ ਵਟਣਾ, ਇਕ ਮਾਲਾ ਤੇ ਕੁਝ ਗਹਿਣੇ ਭੇਟ ਕੀਤੇ। ਇਸ ਦੈਵੀ ਵਟਣੇ ਨੂੰ ਮਲਣ ਨਾਲ ਇਸਤ੍ਰੀ ਸਦੀਵ ਕਾਲ ਤਕ ਸੁੰਦਰ ਰਹਿ ਸਕਦੀ ਹੈ।

(ਅ–306) **ਅਨਹਦ ਸ਼ਬਦ** :

ਜੋਗ ਮੱਤ ਅਨੁਸਾਰ ਦਸਮ ਦੁਆਰ ਵਿਚੋਂ ਸੁਣਾਈ ਦੇਣ ਵਾਲੀ ਇਕ ਧੁਨੀ। (ਵੇਖੋ : ਅਨਾਹਤ)

(ਅ–307) **ਅਨੰਗ** :

ਪ੍ਰੇਮ ਦੇ ਦੇਵਤੇ ਕਾਮਦੇਵ ਦੀ ਇਕ ਉਪਾਧੀ; ਜਦੋਂ ਤਾਰਕਾਸੁਰ ਨੇ ਦੇਵਤਿਆਂ ਉਤੇ ਬੜੇ ਅੱਤਿਆਚਾਰ ਕੀਤੇ ਤਾਂ ਉਹ ਸਾਰੇ ਰੱਖਿਆ ਲਈ ਬ੍ਰਹਮਾ ਕੋਲ ਗਏ। ਬ੍ਰਹਮਾ ਨੇ ਦੇਵਤਿਆਂ ਨੂੰ ਦੱਸਿਆ ਕਿ ਤਾਰਕਾਸੁਰ ਨੂੰ ਸ਼ਿਵ ਦਾ ਪੁੱਤਰ ਕਾਰਤਿਕਯ ਹੀ ਨਸ਼ਟ ਕਰ ਸਕਦਾ ਹੈ। ਕਾਰਤਿਕਯ ਨੇ ਉਦੋਂ ਤਕ ਜਨਮ ਨਹੀਂ ਸੀ ਲਿਆ। ਸਤੀ ਦੇ ਯੱਗ ਵਿਚ ਭਸਮ ਹੋ ਜਾਣ ਮਗਰੋਂ, ਸ਼ਿਵ ਘੋਰ ਤਪੱਸਿਆ ਵਿਚ ਲੀਨ ਸੀ। ਸੋ ਦੇਵਤਿਆਂ ਨੇ ਕਾਮਦੇਵ ਨੂੰ ਸ਼ਿਵ ਦੀ ਸਮਾਧੀ ਭੰਗ ਕਰਨ ਲਈ ਪ੍ਰੇਰਿਆ। ਕਾਮਦੇਵ ਨੇ ਸ਼ਿਵ ਦੀ ਕਾਮ-ਚੇਸ਼ਟਾ ਜਗਾਣ ਲਈ ਆਪਣੇ ਤਿੱਖੇ ਬਾਣ ਛੱਡੇ ਤਾਂ ਜੋ ਸ਼ਿਵ ਓਮਾ ਨਾਲ ਵਿਆਹ ਕਰਵਾਣ ਲਈ ਉਤੇਜਿਤ ਹੋ ਜਾਏ। ਸ਼ਿਵ ਨੇ ਸਮਾਧੀ ਭੰਗ ਹੋਣ ਉਤੇ, ਆਪਣਾ ਤੀਜਾ ਨੇਤਰ ਖੋਲ੍ਹ ਕੇ ਕਾਮਦੇਵ ਵਲ ਵੇਖਿਆ। ਫਲਸਰੂਪ ਉਹ ਸੜ ਕੇ ਭਸਮ ਹੋ ਗਿਆ। ਕਾਮਦੇਵ ਦੀ ਪਤਨੀ ਰਤੀ ਪਤੀ ਦੇ ਵਿਜੋਗ ਵਿਚ ਵਿਆਕੁਲ ਹੋਣ ਲੱਗੀ। ਰਤੀ ਦੀ ਬੇਨਤੀ ਮੰਨ ਕੇ ਸ਼ਿਵ ਨੇ ਕਾਮ ਰੂਪ ਨੂੰ ਅਨੰਗ (ਅੰਗਾਂ ਤੋਂ ਰਹਿਤ) ਰੂਪ ਵਿਚ ਮੁੜ ਸੁਰਜੀਤ ਕੀਤਾ। ਉਦੋਂ ਤੋਂ ਕਾਮਦੇਵ ਸੰਸਾਰ ਉਤੇ ਅਦ੍ਰਿਸ਼ਟ ਰੂਪ ਵਿਚ ਵਿਚਰ ਰਿਹਾ ਹੈ। (ਵੇਖੋ : ਕਾਮਦੇਵ)

(ਅ–308) **ਅਨੰਗ ਸੈਨਾ** :

ਭਰਥਰੀ ਹਰੀ ਦੀ ਇਕ ਰਾਣੀ; ਅਨੰਗ ਸੈਨਾ ਦੁਰਾਚਾਰਨ ਸੀ ਅਤੇ ਉਸ ਦਾ ਨਗਰ ਦੇ ਕੁਤਵਾਲ ਨਾਲ ਪ੍ਰੇਮ ਸੀ। ਇਕ ਵਾਰ ਭਰਥਰੀ ਹਰੀ ਨੂੰ ਇਕ ਬ੍ਰਾਹਮਣ ਨੇ ਅੰਮ੍ਰਿਤ ਫਲ ਦਿਤਾ ਜਿਸ ਦੇ ਖਾਣ ਨਾਲ ਪ੍ਰਾਣੀ ਰਿਸ਼ਟ-ਪੁਸ਼ਟ ਤੇ ਦੀਰਘ ਆਯੂ ਵਾਲਾ ਹੋ ਜਾਂਦਾ ਸੀ। ਭਰਥਰੀ ਹਰੀ ਨੇ ਅੰਮ੍ਰਿਤ ਫਲ ਆਪਣੀ ਪਤਨੀ ਅਨੰਗ ਸੈਨਾ ਨੂੰ ਪੇਸ਼ ਕੀਤਾ ਤਾਂ ਜੋ ਉਸ ਦਾ ਰੂਪ ਤੇ ਜਵਾਨੀ ਅਮਰ ਹੋ ਜਾਏ। ਪਰ ਅਨੰਗ ਸੈਨਾ ਦਾ ਇਸ਼ਕ ਨਗਰ ਦੇ ਕੁਤਵਾਲ ਨਾਲ ਸੀ। ਸੋ ਉਸ ਨੇ ਉਹੋ ਫਲ ਕੁਤਵਾਲ ਨੂੰ ਜਾ ਦਿਤਾ। ਉਹ ਕੁਤਵਾਲ ਅੱਗੋਂ ਇਕ ਵੇਸਵਾ ਨਾਲ ਮੁਹੱਬਤ ਕਰਦਾ ਸੀ, ਕੁਤਵਾਲ

ਨੇ ਉਹ ਫਲ ਵੇਸਵਾ ਨੂੰ ਭੇਂਟ ਕਰ ਦਿਤਾ। ਵੇਸਵਾ ਨੂੰ ਆਪਣੇ ਆਚਰਣਹੀਨ ਜੀਵਨ ਤੋਂ ਨਫ਼ਰਤ ਹੋ ਚੁਕੀ ਸੀ। ਉਸ ਨੇ ਇਹੋ ਯੋਗ ਸਮਝਿਆ ਕਿ ਅੰਮ੍ਰਿਤ ਫਲ ਭਰਥਰੀ ਹਰੀ ਨੂੰ ਦਿਤਾ ਜਾਵੇ ਤਾਂ ਜੋ ਉਹ ਸੱਤਵਾਦੀ ਰਾਜਾ ਅਮਰ ਹੋ ਜਾਵੇ। ਜਦੋਂ ਰਾਜੇ ਭਰਥਰੀ ਹਰੀ ਕੋਲ ਵੇਸਵਾ ਦੁਆਰਾ ਅੰਮ੍ਰਿਤ ਫਲ ਦੁਬਾਰਾ ਪਹੁੰਚਿਆ ਤਾਂ ਉਹ ਚਕ੍ਰਿਤ ਰਹਿ ਗਿਆ। ਉਸ ਨੇ ਅੰਮ੍ਰਿਤ ਫਲ ਦੀ ਯਾਤਰਾ ਦੀ ਸਾਰੀ ਪੈੜ ਕੱਢੀ। ਅਨੰਗ ਸੈਨਾ ਦੀ ਬੇਵਫ਼ਾਈ ਬਾਰੇ ਜਾਣ ਕੇ ਭਰਥਰੀ ਹਰੀ ਦਾ ਦਿਲ ਸੰਸਾਰ ਤੋਂ ਉਪਰਾਮ ਹੋ ਗਿਆ ਅਤੇ ਉਸ ਨੇ ਰਾਜ ਤਿਆਗ ਦਿਤਾ। (ਵੇਖੋ : ਭਰਥਰੀ ਹਰੀ)

(ਅ-309) **ਅਨੰਗ ਤੇਰਸ :**

ਕਾਮਦੇਵ (ਅਨੰਗ) ਨਾਲ ਸੰਬੰਧਿਤ ਇਕ ਉਤਸ਼ਵ ਜੋ ਚੇਤਰ ਸੁਦੀ ਤੇਹਰਵੀਂ ਨੂੰ ਮਨਾਇਆ ਜਾਂਦਾ ਹੈ। (ਵੇਖੋ : ਅਨੰਗ) ਇਸ ਤਿੱਥ ਨੂੰ ਹਿੰਦੂ ਵਰਤ ਰਖਦੇ ਤੇ ਕਾਮਦੇਵ ਦੀ ਉਪਾਸ਼ਨਾ ਕਰਦੇ ਹਨ। ਅੱਜ ਕਲ੍ਹ ਇਸ ਪੁਰਬ ਨੂੰ ਖ਼ਾਸ ਮਾਨਤਾ ਪ੍ਰਾਪਤ ਨਹੀਂ, ਪਰ ਮੱਧਕਾਲ ਵਿਚ ਇਹ ਪੁਰਬ ਪ੍ਰਮੁਖ ਪੁਰਬਾਂ ਵਿਚੋਂ ਇਕ ਸੀ। ਨਿਰਸੰਤਾਨ ਤੀਵੀਆਂ ਸੰਤਾਨ ਦੀ ਪ੍ਰਾਪਤੀ ਦੀ ਕਾਮਨਾ ਨਾਲ ਇਸ ਦਿਨ ਵਰਤ ਰਖਦੀਆਂ ਸਨ।

(ਅ-310) **ਅਨੰਤ :**

(ੳ) ਅਨੰਤ ਦੇ ਕੋਸ਼ਗਤ ਅਰਥ 'ਅੰਤ ਰਹਿਤ, ਬੇਅੰਤ' ਆਦਿ ਹਨ। ਪੁਰਾਣਾਂ ਵਿਚ ਇਹ ਉਪਾਧੀ ਕਈ ਦੇਵਤਿਆਂ ਲਈ ਵਰਤੀ ਗਈ ਹੈ, ਪਰ ਇਸ ਉਪਾਧੀ ਦਾ ਵਿਸ਼ੇਸ਼ ਪ੍ਰਯੋਗ ਵਿਸ਼ਨੂੰ ਦੇਵਤੇ ਅਤੇ ਸ਼ੇਸ਼ ਨਾਗ ਲਈ ਕੀਤਾ ਗਿਆ ਹੈ।

ਪੁਰਾਣਾਂ ਅਨੁਸਾਰ ਸ਼ੇਸ਼ ਨਾਗ ਪਾਤਾਲ ਦਾ ਰਾਜਾ ਹੈ। ਉਸ ਦੇ ਸਹੰਸਰ ਫਣ ਹਨ ਜਿਨ੍ਹਾਂ ਉਪਰ ਪ੍ਰਿਥਵੀ ਖਲੋਤੀ ਹੋਈ ਹੈ। ਸ਼ੇਸ਼ਨਾਗ ਕਸ਼ਯਪ ਦਾ ਪੁੱਤਰ ਸੀ ਜੋ ਕਦਰੂ ਦੇ ਉਦਰ ਤੋਂ ਜੰਮਿਆਂ। ਉਸ ਦੀ ਪਤਨੀ ਦਾ ਨਾਂ ਅਨੰਤ ਸ਼ੀਰਸ਼ਾ ਸੀ। ਅਨੰਤ ਚੌਦਸ ਨੂੰ ਉਸੇ ਦੀ ਪੂਜਾ ਕੀਤੀ ਜਾਂਦੀ ਹੈ।

ਲਛਮਣ ਨੂੰ ਅਨੰਤ ਦਾ ਅਵਤਾਰ ਮੰਨਿਆ ਜਾਂਦਾ ਹੈ ਅਤੇ ਰਾਮ ਨੂੰ ਲਛਮਣ ਦਾ ਭਰਾ ਹੋਣ ਦੇ ਨਾਤੇ ਅਨੰਤ ਬੰਧੂ ਵੀ ਕਹਿੰਦੇ ਹਨ। ਕਈ ਥਾਈਂ ਬ੍ਰਹਮਾ ਲਈ ਵੀ 'ਅਨੰਤ ਦੀ ਉਪਾਧੀ ਵਰਤੀ ਗਈ ਹੈ।

(ਅ) ਇਕ ਕੰਗਣ ਜਾਂ ਗਾਨਾ ਜਿਸ ਨੂੰ ਵਿਸ਼ਨੂੰ ਭਗਤ ਅਨੰਤ ਚੌਦਸ ਵਾਲੇ ਦਿਨ (ਭਾਦਰੋਂ ਸੁਦੀ ਚੌਦਾਂ) ਨੂੰ ਸੱਜੀ ਬਾਂਹ ਉਤੇ ਪਹਿਨਦੇ ਹਨ। ਆਮ ਲੋਕੀ ਤਾਂ ਚੌਦਾਂ ਗੰਢਾਂ ਵਾਲਾ ਧਾਗਾ ਹੀ ਬਾਂਹ ਉਤੇ ਗਾਨੇ ਵਾਂਗ ਬੰਨ੍ਹ ਲੈਂਦੇ ਹਨ, ਪਰ ਧਨੀ ਸ਼ਖ਼ਸ ਸੋਨੇ ਜਾਂ ਚਾਂਦੀ ਦਾ ਵਿਸ਼ੇਸ਼ ਪ੍ਰਕਾਰ ਦਾ ਸੂਤਰਾ ਬਣਵਾ ਕੇ ਧਾਰਨ ਕਰਦੇ ਹਨ। ਇਸ ਕੰਗਣ/ਗਾਨੇ/ਸੂਤਰੇ ਨੂੰ ਵਿਸ਼ਨੂੰ ਜਾਂ ਸ਼ੇਸ਼ਨਾਗ ਦਾ ਚਿੰਨ੍ਹ ਕਲਪ ਕੇ ਪਹਿਨਿਆ ਜਾਂਦਾ ਹੈ। (ਵੇਖੋ : ਅਨੰਤ ਚੌਦਸ)

(ਅ-311) **ਅਨੰਤ ਚੌਦਸ :**

ਹਿੰਦੂਆਂ ਦਾ ਇਕ ਪੁਰਬ, ਜੋ ਭਾਦਰੋਂ ਸੁਦੀ ਚੌਦਾਂ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਹਿੰਦੂ ਅਨੰਤ ਦੇਵ ਦੀ ਪੂਜਾ ਕਰਦੇ ਹਨ। ਅਨੰਤ ਦਾ ਸ਼ਾਬਦਿਕ ਅਰਥ 'ਅਪਾਰ', 'ਬੇਅੰਤ' ਆਦਿ ਹੈ ਤੇ ਇਹ ਪਦ ਕਈ ਦੇਵਤਿਆਂ ਦੀ ਉਪਾਧੀ ਹੈ। ਪ੍ਰੰਤੂ ਵਿਸ਼ਨੂੰ ਅਤੇ ਸ਼ੇਸ਼ਨਾਗ ਲਈ ਇਹ ਉਪਾਧੀ ਵਿਸ਼ੇਸ਼ ਤੌਰ ਉਤੇ ਪ੍ਰਯੋਗ ਕੀਤੀ ਜਾਂਦੀ ਹੈ। ਇਸ ਲਈ ਅਨੰਤ ਚੌਦਸ ਨੂੰ ਵਿਸ਼ਨੂੰ ਅਤੇ ਸ਼ੇਸ਼ਨਾਗ ਦੀ ਅਨੰਤ ਦੇਵ ਦੇ ਰੂਪ ਵਿਚ ਉਪਾਸ਼ਨਾ ਕੀਤੀ ਜਾਂਦੀ ਹੈ।

ਉਪਾਸ਼ਕ ਪਹਿਲਾਂ ਆਟੇ ਜਾਂ ਖਿਚੜੀ ਨੂੰ ਦੁਬ ਘਾਹ ਵਿਚ ਗੁੰਨ ਕੇ ਇਕ ਮੂਰਤੀ ਸਿਰਜਦੇ ਹਨ। ਫਿਰ ਸੂਤਰ ਦੇ ਧਾਗੇ ਨੂੰ ਚੌਦਾਂ ਗੰਢਾਂ ਮਾਰ ਕੇ ਅਤੇ ਹਲਦੀ ਵਿਚ ਰੰਗ ਕੇ, ਮੂਰਤੀ ਦੇ ਦੁਆਲੇ ਵਲ੍ਹੇਟ ਦੇਂਦੇ ਹਨ। ਇਸ ਤੋਂ ਬਾਅਦ 'ਅਨੰਤ' ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਸ ਦੀ ਮਹਿਮਾ ਵਿਚ ਮੰਤਰਾਂ ਦਾ ਗਾਇਨ ਹੁੰਦਾ ਹੈ। ਕਈ ਹਿੰਦੂ ਇਸ ਮੌਕੇ ਤੇ ਹਵਨ ਵੀ ਕਰਦੇ ਹਨ। ਪੂਜਾ ਮਗਰੋਂ ਦੇਵਤੇ ਨੂੰ ਭੋਗ ਲਗਾ ਕੇ ਚੌਦਾਂ ਗੰਢਾਂ ਵਾਲੇ ਸੂਤਰੇ ਨੂੰ ਵਿਸ਼ਨੂੰ/ਸ਼ੇਸ਼ਨਾਗ ਦਾ ਚਿੰਨ੍ਹ ਕਲਪ ਕੇ, ਸੱਜੀ ਬਾਂਹ ਨਾਲ ਬੰਨ੍ਹਿਆ ਜਾਂਦਾ ਹੈ।

ਕਈ ਹਿੰਦੂ ਸੋਨੇ ਜਾਂ ਚਾਂਦੀ ਦਾ ਸੂਤਰਾ (ਕੰਗਣ) ਪਹਿਨ ਲੈਂਦੇ ਹਨ, ਉਹ ਇਸੇ ਨੂੰ ਹੀ ਅਨੰਤ ਦਾ ਧਾਗਾ ਕਲਪ ਲੈਂਦੇ ਹਨ ।

ਅਨੰਤ ਚੌਦਸ ਵਾਲੇ ਦਿਨ ਵਰਤ ਵੀ ਰਖਿਆ ਜਾਂਦਾ ਹੈ। ਇਸ ਵਰਤ ਵਿਚ ਕੁਝ ਲੋਕ ਦਿਨ ਵਿਚ ਕੇਵਲ ਇਕੋ ਵਾਰ ਅਲੂਣਾ ਭੋਜਨ ਕਰਦੇ ਹਨ, ਪਰ ਕਈ ਦੋਵੇਂ ਵੇਲੇ । ਇਸ ਤਿੱਥ ਨੂੰ ਘਰਾਂ ਵਿਚ ਖੀਰ ਜਾਂ ਸੇਂਵੀਆਂ ਵੀ ਰਿੰਨੀਆਂ ਜਾਂਦੀਆਂ ਹਨ, ਕਿਉਂ ਜੋ ਇਹ ਮਿੱਠੇ ਪਕਵਾਨ ਖਾਣ ਦੀ ਤਿੱਥ ਹੈ।

ਅਨੰਤ ਚੌਦਸ ਦੇ ਵਰਤ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਸਤਿਜੁਗ ਵਿਚ, ਸੁਮੰਤ ਬ੍ਰਾਹਮਣ ਦੀ ਕੰਨਿਆਂ ਸ਼ੀਲਾ, ਆਪਣੀ ਮਤ੍ਰਈ ਮਾਂ ਹੱਥੋਂ ਬੜੀ ਦੁਖੀ ਸੀ। ਜਦੋਂ ਉਹ ਜਵਾਨ ਹੋਈ ਤਾਂ ਪਿਉ ਨੇ ਉਸ ਦਾ ਵਿਆਹ ਇਕ ਗ਼ਰੀਬ ਬ੍ਰਾਹਮਣ ਕੌਂਡਨੈ ਨਾਲ ਕਰ ਦਿਤਾ । ਮਤ੍ਰੇਈ ਮਾਂ ਨੇ ਕੋਈ ਖ਼ਾਸ ਦਾਜ ਦੌਣ ਨਾ ਦਿਤਾ। ਸ਼ੀਲਾ ਦੀ ਡੋਲੀ ਜਦੋਂ ਸਹੁਰੇ ਘਰ ਜਾ ਰਹੀ ਸੀ ਤਾਂ ਰਾਹ ਵਿਚ ਨਦੀ ਦੇ ਕੰਢੇ ਕੁਝ ਤੀਵੀਆਂ ਅਨੰਤ ਦਾ ਵਰਤ ਪੂਜ ਰਹੀਆਂ ਸਨ। ਸ਼ੀਲਾ ਨੇ ਵੀ ਉਨ੍ਹਾਂ ਤੋਂ ਵਿਧੀ ਪੁੱਛ ਕੇ ਵਰਤ ਰਖ ਲਿਆ। ਫਲਸਰੂਪ ਕੁਝ ਦਿਨਾਂ ਵਿਚ ਹੀ ਉਸ ਦਾ ਪਤੀ ਅਮੀਰ ਹੋ ਗਿਆ। ਸ਼ੀਲਾ ਹਰ ਵੇਲੇ ਅਨੰਤ ਦੇ ਧਾਗੇ ਨੂੰ ਸੱਜੀ ਬਾਂਹ ਨਾਲ ਛੁਪਾ ਕੇ ਬੰਨ੍ਹੀ ਰਖਦੀ।

ਇਕ ਦਿਨ ਕੌਂਡਨੈ ਨੇ ਇਹ ਧਾਗਾ ਵੇਖ ਲਿਆ। ਇਤਨੇ ਜ਼ੇਵਰ ਹੁੰਦਿਆਂ ਸਾਧਾਰਨ ਜਿਹੇ ਧਾਗੇ ਨੂੰ ਧਾਰਨ ਦੀ ਕੀ ਲੋੜ ? ਕੌਂਡਨੈ ਨੇ ਸ਼ੀਲਾ ਦੇ ਵਰਜਦਿਆਂ ਧਾਗੇ ਨੂੰ ਬਾਂਹ ਵਿਚੋਂ ਉਤਾਰ ਕੇ ਅੱਗ ਵਿਚ ਸੁੱਟ ਦਿਤਾ। ਧਾਗਾ ਸੜਨ ਦੀ ਦੇਰ ਸੀ ਕਿ ਕੌਂਡਨੈ ਫਿਰ ਪਹਿਲੇ ਵਾਲੀ ਦਲਿੱਦਰ ਅਵਸਥਾ ਉਤੇ ਪਹੁੰਚ ਗਿਆ। ਜਦੋਂ ਕੌਂਡਨੈ ਨੂੰ ਧਾਗੇ ਦੀ ਵਡਿਆਈ ਦਾ ਪਤਾ ਲੱਗਾ ਤਾਂ ਉਸ ਨੇ ਅਨੰਤ ਦੇਵ ਨੂੰ ਜੰਗਲਾਂ ਬੇਲਿਆਂ ਵਿਚ ਢੂੰਡਣਾ ਸ਼ੁਰੂ ਕਰ ਦਿਤਾ । ਉਹ ਬ੍ਰਿਛਾਂ ਬੂਟਿਆਂ ਅਤੇ ਪਸ਼ੂਆਂ ਪੰਛੀਆਂ ਤੋਂ ਅਨੰਤ ਦਾ ਪਤਾ ਪੁੱਛਦਾ। ਇਸ ਤਰ੍ਹਾਂ ਭਟਕਦਿਆਂ ਕੌਂਡਨੈ ਦੀ ਨਜ਼ਰ ਇਕ ਅਜਿਹੇ ਦਰੱਖ਼ਤ ਉਤੇ ਪਈ ਜਿਸ ਨੂੰ ਢੇਰ ਸਾਰੇ ਫਲ ਲੱਗੇ ਪਏ ਸਨ, ਪਰ ਸਭਨਾਂ ਨੂੰ ਕੀੜਾ ਪਿਆ ਹੋਇਆ ਸੀ। ਥੋੜੀ ਦੂਰ ਅੱਗੇ ਗਿਆ ਤਾਂ ਕੌਂਡਨੈ ਨੇ ਇਕ ਗਊ ਘਾਹ ਦੇ ਲਹਿ ਲਹਿ ਕਰਦੇ ਮੈਦਾਨ ਵਿਚ ਭੁੱਖ ਨਾਲ ਆਤੁਰ ਵੇਖੀ। ਪਰ ਉਹ ਘਾਹ ਨਹੀਂ ਸੀ ਚਰ ਸਕਦੀ। ਹੋਰ ਅੱਗੇ ਜਾ ਕੇ ਕੌਂਡਨੈ ਨੇ ਦੋ ਤਲਾਬ ਵੇਖੇ, ਜਿਨ੍ਹਾਂ ਦਾ ਪਾਣੀ ਇਕ ਦੂਜੇ ਵਿਚੋਂ ਦੀ ਲੰਘ ਰਿਹਾ ਸੀ। ਉਸਨੇ ਇਸ ਤਰ੍ਹਾਂ ਦੀਆਂ ਕਈ ਅਲੌਕਾਰ ਝਾਕੀਆਂ ਵੀ ਵੇਖੀਆਂ। ਅਖ਼ੀਰ, ਉਸ ਨੂੰ ਇਕ ਬ੍ਰਾਹਮਣ ਮਿਲਿਆ ਜੋ ਮੂਲ ਵਿਚ ਅਨੰਤ ਦੇਵ ਹੀ ਸੀ ਤੇ ਬ੍ਰਾਹਮਣ ਦੇ ਭੇਸ ਵਿਚ ਵਿਚਰ ਰਿਹਾ ਸੀ।

ਉਹ ਬ੍ਰਾਹਮਣ ਕੌਂਡਨੈ ਨੂੰ ਪਹਾੜ ਦੀ ਇਕ ਗੁਫਾ ਵਿਚ ਲੈ ਗਿਆ। ਉਥੇ ਕੌਂਡਨੈ ਨੂੰ ਵਿਸ਼ਨੂੰ ਭਗਵਾਨ ਦੇ ਪ੍ਰਤੱਖ ਦਰਸ਼ਨ ਹੋਏ। ਕੌਂਡਨੈ ਨੇ ਜੰਗਲ ਵਿਚ ਜੋ ਅਜੀਬ ਝਾਕੀਆਂ ਵੇਖੀਆਂ ਸਨ, ਉਨ੍ਹਾਂ ਦੇ ਰਹੱਸ ਬਾਰੇ ਪੁੱਛਿਆ ਤਾਂ ਵਿਸ਼ਨੂੰ ਨੇ ਦੱਸਿਆ ਕਿ ਉਹ ਬ੍ਰਿਛ ਪਿਛਲੇ ਜਨਮ ਇਕ ਵਿਦਵਾਨ ਬ੍ਰਾਹਮਣ ਸੀ, ਪਰ ਉਸ ਨੇ ਕਦੇ ਕਿਸੇ ਨੂੰ ਵਿੱਦਿਆ ਦਾਨ ਨਹੀਂ ਸੀ ਕੀਤੀ। ਗਊ ਪਿਛਲੇ ਜਨਮ ਬੰਜਰ ਭੂਮੀ ਸੀ, ਜਿਸ ਵਿਚ ਕਦੇ ਕੋਈ ਬੀਜ ਨਹੀਂ ਸੀ ਉਗਿਆ। ਦੋਵੇਂ ਸਰੋਵਰ ਪਿਛਲੇ ਜਨਮ ਦੋ ਸਕੀਆਂ ਭੈਣਾਂ ਸਨ, ਜੋ ਇਕ ਦੂਜੇ ਨੂੰ ਦਾਨ ਦਿਤਾ ਕਰਦੀਆਂ ਸਨ।

ਫਿਰ ਵਿਸ਼ਨੂੰ ਨੇ ਕੌਂਡਨੈ ਨੂੰ ਕਿਹਾ ਕਿ ਉਹ ਚੌਦਾਂ ਵਰ੍ਹੇ ਲਗਾਤਾਰ ਅਨੰਤ ਚੌਦਸ ਨੂੰ ਵਿਧੀ ਪੂਰਵਕ ਵਰਤ ਰਖੇ। ਇਸ ਤਰ੍ਹਾਂ ਕਰਨ ਨਾਲ ਉਸ ਦੇ ਘਰ ਮੁੜ ਲਹਿਰ ਬਹਿਰ ਹੋ ਗਈ।

ਕਿਹਾ ਜਾਂਦਾ ਹੈ ਕਿ ਯੁਧਿਸ਼ਟਰ ਉਤੇ ਜਦੋਂ ਬਿਪਤਾ ਪਈ ਤਾਂ ਉਸ ਨੇ ਆਪਣੇ ਭਰਾਵਾਂ ਤੇ ਦਰੋਪਦੀ ਸਮੇਤ ਕ੍ਰਿਸ਼ਨ ਦੇ ਆਦੇਸ਼ ਉਤੇ 14 ਵਰ੍ਹੇ ਅਨੰਤ ਦਾ ਵਰਤ ਰਖਿਆ ਜਿਸ ਕਰ ਕੇ ਉਨ੍ਹਾਂ ਦੇ ਸਭ ਦੁਖ ਦੂਰ ਹੋ ਗਏ।

ਅਨੰਤ ਚੌਦਸ ਨੂੰ ਜ਼ਿਲਾ ਲੁਧਿਆਣੇ ਦੇ ਇਕ ਪਿੰਡ ਛਪਾਰ ਵਿਚ ਗੁਗੇ ਦਾ ਭਾਰੀ ਮੇਲਾ ਲੱਗਦਾ ਹੈ। ਇਸ ਦਿਨ ਗੁਗੇ ਦੇ ਭਗਤ ਗੁਗੇ ਦੀ ਮਾੜੀ ਵਿਚੋਂ ਮਿੱਟੀ ਕੱਢਦੇ ਹਨ। ਇਸ ਤਰ੍ਹਾਂ ਕਰਨ ਨਾਲ ਗੁਗਾ ਪ੍ਰਸੰਨ ਹੁੰਦਾ ਹੈ। ਜਿਸ ਸ਼ਖ਼ਸ ਜਾਂ ਪਸ਼ੂ ਦੇ ਸੱਪ ਲੜਿਆ ਹੋਵੇ ਉਸ ਨੂੰ

ਗੁਗੇ ਦੀ ਮਾੜੀ 'ਤੇ ਲਿਜਾ ਕੇ ਚੌਂਕੀ ਭਰਵਾਈ ਜਾਂਦੀ ਹੈ।

ਬਟਾਲੇ ਵਿਚ ਮਾਈ ਕਾਲਕਾ ਦੇਵੀ ਦਾ ਇਕ ਅਸਥਾਨ ਹੈ, ਜਿਥੇ ਕਦੇ ਹਰ ਸਾਲ ਅਨੰਤ ਚੌਦਸ ਅਤੇ ਉਸ ਤੋਂ ਅਗਲੇ ਦੋ ਤਿੰਨ ਦਿਨ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੋਇਆ ਕਰਦੀਆਂ ਸਨ।

(ਅ-312) **ਅਨੰਤ ਦੇਵ** :

ਵਿਸ਼ਨੂੰ ਦੇਵਤੇ ਦੀ ਇਕ ਉਪਾਧੀ; ਸ਼ੇਸ਼ਨਾਗ ਲਈ ਵੀ ਇਹ ਉਪਾਧੀ ਵਰਤ ਲਈ ਜਾਂਦੀ ਹੈ। ਹਿੰਦੂ ਅਨੰਤ ਚੌਦਸ ਨੂੰ ਅਨੰਤ ਦੇਵ ਦੀ ਪੂਜਾ ਕਰਦੇ ਹਨ।

(ਅ-313) **ਅਨੰਤੀ** :

ਕੰਨ ਦਾ ਇਕ ਗਹਿਣਾ ਜਿਸ ਨੂੰ ਨਤੀਆਂ ਵੀ ਕਹਿੰਦੇ ਹਨ — ਇਹ ਲੈ ਨਤੀਆਂ ਘੜਾ ਲੈ ਪਿੱਪਲ ਪੱਤੀਆ, ਕਿਸੇ ਕੋਲ ਗੱਲ ਨਾ ਕਰੀਂ। ਪਹਿਲਿਆਂ ਵਿਚ ਆਰੀਆ ਜਾਤੀ ਦੇ ਲੋਕ ਦੁਬ ਘਾਹ ਨੂੰ ਪਵਿਤ੍ਰ ਜਾਣ ਕੇ ਕੰਨਾਂ ਵਿਚ ਟੁੰਗਦੇ ਸਨ ਅਤੇ ਇਸੇ ਨੂੰ 'ਅਨੰਤ' ਕਹਿੰਦੇ ਸੀ। ਮਗਰੋਂ ਇਹ ਇਕ ਵਿਸ਼ੇਸ਼ ਗਹਿਣੇ ਦਾ ਰੂਪ ਧਾਰਨ ਕਰ ਗਿਆ ਤੇ ਇਸ ਦੀ ਸੰਗਿਆ ਅਨੰਤੀ ਬਣੀ। ਅਨੰਤੀ ਦਾ ਸਬੰਧ ਅਨੰਤ ਦੇਵ ਨਾਲ ਵੀ ਜੋੜਿਆ ਜਾਂਦਾ ਹੈ। (ਵੇਖੋ : ਨਤੀਆ)

(ਅ-314) **ਅਨੰਦ ਕਾਰਜ** :

ਸਿਖੀ ਰੀਤ ਮਰਯਾਦਾ ਅਨੁਸਾਰ ਹੋਏ ਵਿਆਹ ਨੂੰ 'ਅਨੰਦ ਵਿਆਹ' ਜਾਂ 'ਅਨੰਦ ਕਾਰਜ' ਕਹਿੰਦੇ ਹਨ। ਅਨੰਦ ਦੀ ਰੀਤ ਸਿੱਖਾਂ ਵਿਚ ਪੁਰਾਣੀ ਚਲੀ ਆ ਰਹੀ ਹੈ, ਭਾਵੇਂ ਇਸ ਦਾ ਪਹਿਲਾ ਸਰੂਪ ਅੱਜ ਨਾਲੋਂ ਕੁਝ ਵੱਖਰਾ ਸੀ। ਸਿੱਖ ਰਵਾਇਤਾਂ ਅਨੁਸਾਰ ਅਨੰਦ ਵਿਆਹ ਦਾ ਮੁੱਢ ਗੁਰੂ ਅਮਰ ਦਾਸ ਦੇ ਵੇਲੇ ਬੱਝਿਆ ਜਿਨ੍ਹਾਂ ਨੇ ਵਿਆਹ ਦੀ ਇਕ ਨਵੀਂ ਗੁਰ-ਮਰਯਾਦਾ ਤੋਰੀ ਅਤੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਇਸੇ ਮਰਯਾਦਾ ਅਨੁਸਾਰ 13 ਵਿਸਾਖ ਸੰਮਤ 1610 ਨੂੰ ਕੀਤਾ। ਗੁਰੂ ਅਮਰ ਦਾਸ ਨੇ ਫੇਰਿਆਂ ਦੀ ਜੋ ਵੱਖਰੀ ਰੀਤ ਚਲਾਈ ਉਸ ਦਾ ਕੀ ਸਰੂਪ ਸੀ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਉਦੋਂ ਫੇਰਿਆਂ ਵੇਲੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਲਈਆਂ ਗਈਆਂ ਹੋਣ ਅਤੇ ਅਗਨੀ ਦੁਆਲੇ ਪੰਜ ਫੇਰੇ ਲੈ ਲਏ ਗਏ ਹੋਣ। ਇਕ ਹੋਰ ਰਵਾਇਤ ਅਨੁਸਾਰ ਗੁਰੂ ਅਮਰ ਦਾਸ ਕੋਲ ਰੰਧਾਵਾ ਨਾਂ ਦੇ ਇਕ ਸਿੱਖ ਨੇ ਬੇਨਤੀ ਕੀਤੀ ਕਿ ਉਸ ਦੀ ਕੰਨਿਆਂ ਦਾ ਵਿਆਹ ਬ੍ਰਾਹਮਣ ਕਰਨ ਨੂੰ ਤਿਆਰ ਨਹੀਂ ਕਿਉਂ ਜੋ ਉਸ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ। ਸਿੱਖਾਂ ਵਿਚ ਜਾਤ ਪਾਤ ਦਾ ਕੋਈ ਭੇਦ ਭਾਵ ਨਹੀਂ ਸੀ ਅਤੇ ਸਭ ਜਾਤੀਆਂ ਇਕੋ ਪੰਗਤ ਵਿਚ ਲੰਗਰ ਛਕਦੀਆਂ ਸਨ। ਇਹ ਗੱਲ ਬ੍ਰਾਹਮਣਵਾਦ ਉਤੇ ਕਰਾਰੀ ਸੱਟ ਮਾਰਦੀ ਸੀ। ਸੋ ਬ੍ਰਾਹਮਣ ਗੁਰ ਸਿੱਖਾਂ ਲਈ ਸਮਾਜਿਕ ਦਿਕਤਾਂ ਪੈਦਾ ਕਰਨੀਆਂ ਚਾਹੁੰਦੇ ਸਨ। ਸੋ, ਰਵਾਇਤ ਅਨੁਸਾਰ ਗੁਰੂ ਅਮਰ ਦਾਸ ਨੇ ਆਪਣੇ ਜਵਾਈ (ਗੁਰੂ) ਰਾਮ ਦਾਸ ਨੂੰ ਉਹ ਵਿਆਹ ਸੰਪੂਰਨ ਕਰਵਾਣ ਲਈ ਭੇਜਿਆ, ਜਿਨ੍ਹਾਂ ਨੇ ਲਾਵਾਂ ਦੀ ਰਚਨਾ ਕਰ ਕੇ ਵਿਆਹ ਦੀ ਨਵੀਂ ਗੁਰ ਮਰਯਾਦਾ ਬੰਨ੍ਹ ਕੇ ਮਠੋ ਮੁਰਾਰੀ ਦਾ ਵਿਆਹ ਭਾਈ ਕਮਾਲੀਆ ਨਾਲ ਕੀਤਾ। ਜਾਪਦਾ ਹੈ ਕਿ ਇਸ ਤੋਂ ਬਾਅਦ ਗੁਰ ਸਿੱਖਾਂ ਵਿਚ ਇਸੇ ਰੀਤੀ ਨਾਲ ਵਿਆਹ ਹੋਣ ਲੱਗੇ। ਇਕ ਹੋਰ ਰਵਾਇਤ ਅਨੁਸਾਰ ਛੇਵੇਂ ਗੁਰੂ ਦੀ ਕੰਨਿਆਂ ਬੀਬੀ ਵੀਰੋ ਦਾ ਵਿਆਹ ਝਬਾਲ ਵਿਚ ਅਨੰਦ ਰੀਤੀ ਨਾਲ ਹੀ ਹੋਇਆ ਤੇ ਉਸ ਤੋਂ ਬਾਅਦ ਅਨੰਦ ਰੀਤੀ ਵਧੇਰੇ ਪ੍ਰਚਲਤ ਹੋ ਗਈ। ਸਿੱਖ ਰਾਜ ਦੇ ਸਮੇਂ ਜਦੋਂ ਅਨੇਕਾਂ ਹਿੰਦੂਆਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਤਾਂ ਸਿੱਖਾਂ ਵਿਚ ਹਿੰਦੂਆਂ ਵਾਲੀਆਂ ਅਨੇਕਾਂ ਰਸਮਾਂ ਰੀਤਾਂ ਦੀ ਪਕੜ ਵਧਦੀ ਗਈ ਅਤੇ ਸਿੱਖਾਂ ਵਿਚ ਵੀ ਹਿੰਦੂ ਮਰਯਾਦਾ ਅਨੁਸਾਰ ਵਿਆਹ ਹੁੰਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਬਾਬਾ ਦਿਆਲ ਜੀ ਨੇ ਨਿਰੰਕਾਰੀ ਲਹਿਰ ਚਲਾ ਕੇ ਸਿੱਖਾਂ ਵਿਚ ਪੁਨਰ-ਜਾਗ੍ਰਿਤੀ ਲਿਆਣ ਦੇ ਉਪਰਾਲੇ ਕੀਤੇ ਜਿਨ੍ਹਾਂ ਵਿਚੋਂ ਇਕ ਯਤਨ

ਅਨੰਦ ਵਿਆਹ ਦੀ ਪੁਨਰ ਸੁਰਜੀਤੀ ਸੀ। ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਵਾਲੇ ਫੇਰੇ ਕੁਝ ਹੱਦ ਤਕ ਮੁੜ ਪ੍ਰਚਲਤ ਹੋ ਗਏ। ਮਗਰੋਂ ਨਾਮਧਾਰੀਆਂ ਦੇ ਗੁਰੂ ਬਾਬਾ ਰਾਮ ਸਿੰਘ ਨੇ ਵੀ ਅਨੰਦ ਰੀਤੀ ਨੂੰ ਅਪਣਾਇਆ ਤੇ ਇਸ ਦਾ ਖ਼ੂਬ ਪ੍ਰਚਾਰ ਕੀਤਾ, ਪਰ ਉਨ੍ਹਾਂ ਵਿਚ ਹਵਨ-ਕੁੰਡ ਵਰਗਾ ਟੋਹਿਆ ਪੁਟ ਕੇ, ਉਸ ਵਿਚ ਅਗਨੀ ਬਾਲਣ ਤੇ ਸੁਗੰਧਿਤ ਸਾਮਗ੍ਰੀ ਜਲਾਣ ਦਾ ਰਵਾਜ ਰਿਹਾ। ਜਦੋਂ ਸਿੰਘ ਸਭਾ ਨੇ ਸਿੱਖਾਂ ਵਿਚ ਪੁਨਰ-ਜਾਗਰਤੀ ਦੀ ਲਹਿਰ ਚਲਾਈ ਤਾਂ ਅਨੰਦ ਵਿਆਹ ਦੀ ਰੀਤ ਦਾ ਪ੍ਰਚਾਰ ਮੁੜ ਸ਼ੁਰੂ ਹੋਇਆ।

ਵੀਹਵੀਂ ਸਦੀ ਦੇ ਆਰੰਭ ਵਿਚ ਅਨੰਦ ਵਿਆਹ ਨੂੰ ਕਾਨੂੰਨੀ ਸ਼ਕਲ ਦੇ ਦਿਤੀ ਗਈ। ਨਾਭੇ ਦੇ ਟਿਕਾ ਰਿਪੁਦਮਨ ਸਿੰਘ ਜੋ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਸਨ, ਨੇ 30 ਅਕਤੂਬਰ 1908 ਨੂੰ ਕੌਂਸਲ ਵਿਚ ਅਨੰਦ ਵਿਆਹ ਦਾ ਬਿਲ ਪੇਸ਼ ਕੀਤਾ। ਉਸ ਵਿਚ ਕੁਝ ਤਬਦੀਲੀਆਂ ਕਰ ਕੇ 22 ਅਕਤੂਬਰ 1909 ਈ: ਨੂੰ ਅਨੰਦ ਵਿਆਹ ਦਾ ਕਾਨੂੰਨ ਪਾਸ ਕਰ ਦਿਤਾ ਗਿਆ।

ਅਨੰਦ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਦੇ ਸਾਹਮਣੇ ਕੀਤਾ ਜਾਂਦਾ ਹੈ। ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ; ਇਸ ਤੋਂ ਬਾਅਦ 'ਕੀਤਾ ਲੋੜੀਏ ਕੰਮ' ਅਤੇ 'ਪਲੇ ਮੈਂ ਤੈਂਡੇ ਲਾਗੀ' ਦੇ ਸ਼ਬਦ ਪੜ੍ਹੇ ਜਾਂਦੇ ਹਨ। ਇਸ ਤੋਂ ਬਾਅਦ ਲਾਵਾਂ ਦਾ ਪਾਠ ਹੁੰਦਾ ਹੈ। ਭਾਈ ਗੁਰੂ ਗ੍ਰੰਥ ਸਾਹਿਬ ਵਿਚੋਂ ਪਹਿਲਾਂ ਇਕ ਲਾਂਵ ਪੜ੍ਹਦਾ ਹੈ ਜੋ ਵਿਆਹੰਦੜ ਜੋੜੀ ਹਜ਼ੂਰੀ ਵਿਚ ਬੈਠ ਕੇ ਧਿਆਨ ਨਾਲ ਸੁਣਦੀ ਹੈ, ਫਿਰ ਕੀਰਤਨੀਏ ਉਸ ਲਾਂਵ ਨੂੰ ਗਾ ਕੇ ਪੜ੍ਹਦੇ ਹਨ ਅਤੇ ਇਸ ਦੌਰਾਨ ਵਿਆਹੰਦੜ ਜੋੜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੀ ਹੈ। ਇਸ ਤਰ੍ਹਾਂ ਵਾਰੋ ਵਾਰੀ ਚਾਰੇ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਹੀ ਪ੍ਰਕਰਮਾ ਲਈਆਂ ਜਾਂਦੀਆਂ ਹਨ। ਪ੍ਰਕਰਮਾ ਸੂਰਜ ਦੀ ਦਿਸ਼ਾ ਵਲ ਇਸ ਤਰ੍ਹਾਂ ਲਈਆਂ ਜਾਂਦੀਆਂ ਹਨ ਕਿ ਸੱਜਾ ਪਾਸਾ ਦਰਬਾਰ ਸਾਹਿਬ ਵਲ ਰਹੇ। ਮਗਰੋਂ ਅਨੰਦ ਸਾਹਿਬ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਜਾਂਦੀ ਹੈ।

(ਅ-315) **ਅਨੰਦਪੁਰ ਸਾਹਿਬ** :

ਸਿੱਖਾਂ ਦਾ ਇਕ ਇਤਿਹਾਸਕ ਨਗਰ, ਜੋ ਹੁਸ਼ਿਆਰਪੁਰ ਜ਼ਿਲੇ ਵਿਚ, ਰੋਪੜ ਤੋਂ 22 ਮੀਲ ਉੱਤਰ ਵਲ ਸਥਿਤ ਹੈ। ਇਹ ਨਗਰ ਸਿੱਖਾਂ ਦਾ ਇਕ ਪ੍ਰਮੁਖ ਧਾਰਮਿਕ ਸਥਾਨ ਹੈ, ਜਿਸ ਕਰ ਕੇ ਸਿੱਖ ਇਸ ਨੂੰ ਆਦਰ ਨਾਲ ਆਨੰਦਪੁਰ ਸਾਹਿਬ ਕਹਿੰਦੇ ਹਨ। ਇਹ ਨਗਰ ਸਤਲੁਜ ਦੇ ਖੱਬੇ ਕੰਢੇ ਸ਼ਿਵਾਲਕ ਦੇ ਪਹਾੜਾਂ ਦੇ ਪੈਰਾਂ ਵਿਚ ਬੜੀ ਰਮਣੀਕ ਜਗ੍ਹਾ ਸਥਿਤ ਹੈ; ਨੈਨਾਂ ਦੇਵੀ ਦੀਆਂ ਚੋਟੀਆਂ ਇਥੋਂ ਅੱਠ ਕੁ ਮੀਲਾਂ ਦੀ ਵਿਥ ਉਤੇ ਹਨ ਅਤੇ ਸਾਫ਼ ਵਿਖਾਈ ਦਿੰਦੀਆਂ ਹਨ।

ਇਸ ਨਗਰ ਦੀ ਨੀਂਹ ਗੁਰੂ ਤੇਗ਼ ਬਹਾਦਰ ਨੇ ਰਖੀ। ਉਨ੍ਹਾਂ ਨੇ ਬਿਲਾਸਪੁਰ ਦੇ ਰਾਜੇ ਤੋਂ ਮਾਖੋਵਾਲ ਦਾ ਪਿੰਡ ਖ਼ਰੀਦ ਕੇ, 1666 ਈ: ਵਿਚ ਇਕ ਨਵਾਂ ਨਗਰ ਆਬਾਦ ਕੀਤਾ। ਹੁਸ਼ਿਆਰਪੁਰ ਗਜ਼ਟੀਅਰ (ਪੰਨਾ 212-213) ਅਨੁਸਾਰ ਇਥੇ ਪਹਿਲਾਂ ਮਾਖੋ ਨਾਉਂ ਦਾ ਦੁਸ਼ਟ ਦੈਂਤ ਰਹਿੰਦਾ ਸੀ ਜੋ ਲੋਕਾਂ ਉਤੇ ਬੜੇ ਅੱਤਿਆਚਾਰ ਕਰਦਾ ਸੀ। ਗੁਰੂ ਤੇਗ਼ ਬਹਾਦਰ ਨੇ ਜਦੋਂ ਇਸ ਦੈਂਤ ਦਾ ਸੰਘਾਰ ਕਰਨ ਦਾ ਬੀੜਾ ਚੁਕਿਆ ਤਾਂ ਦੈਂਤ ਨੇ ਇਸ ਇਲਾਕੇ ਨੂੰ ਖ਼ੁਦ ਹੀ ਇਸ ਸ਼ਰਤ ਉਤੇ ਛੱਡਣਾ ਪ੍ਰਵਾਨ ਕਰ ਲਿਆ ਕਿ ਉਸ ਦਾ ਨਾਉਂ ਇਸ ਅਸਥਾਨ ਨਾਲ ਸਦਾ ਜੁੜਿਆ ਰਹੇਗਾ। ਗੁਰੂ ਤੇਗ਼ ਬਹਾਦਰ ਨੇ ਦੈਂਤ ਨੂੰ ਦੱਸਿਆ ਕਿ ਸੋਢੀ ਤਾਂ ਇਸ ਨਗਰ ਨੂੰ ਆਨੰਦਪੁਰ ਸਾਹਿਬ ਹੀ ਕਿਹਾ ਕਰਨਗੇ, ਪਰ ਪਹਾੜੀਏ ਮਾਖੋਵਾਲ। ਇਸ ਨਗਰ ਨੂੰ ਕਈ ਵਾਰ ਆਨੰਦਪੁਰ ਮਾਖੋਵਾਲ ਵੀ ਕਿਹਾ ਜਾਂਦਾ ਹੈ। ਜਾਪਦਾ ਹੈ ਕਿ ਇਹ ਦੰਦ-ਕਥਾ ਪਹਾੜੀਆਂ ਵਲੋਂ ਘੜੀ ਗਈ ਹੈ। ਗੁਰੂ ਗੋਬਿੰਦ ਸਿੰਘ ਦੇ ਸਮੇਂ ਪਹਾੜੀਏ ਖ਼ਾਲਸੇ ਦੀ ਚੜ੍ਹਦੀ ਕਲਾ ਤੋਂ ਇਤਨੇ ਉਦਾਸੀਨ ਸਨ ਕਿ ਉਨ੍ਹਾਂ ਨੇ ਇਸ ਪਵਿੱਤ੍ਰ ਸਥਾਨ ਨੂੰ ਅਪਵਿੱਤ੍ਰ ਸਿੱਧ ਕਰਨ ਲਈ ਇਸ ਨਾਲ ਮਾਖੇ ਦੈਂਤ ਦੀ ਕਥਾ ਜੋੜ ਦਿਤੀ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਇਹ ਨਗਰ ਬੜਾ ਪ੍ਰਫੁਲਤ ਹੋਇਆ । ਇਥੇ ਹੀ ਗੁਰੂ ਗੋਬਿੰਦ ਸਿੰਘ ਨੇ ਸੰਮਤ 1756 (1699 ਈ:) ਦੀ ਵਿਸਾਖੀ ਨੂੰ ਭਰੇ ਦੀਵਾਨ ਵਿਚ ਸਿੱਖ ਸੰਗਤਾਂ ਦੀ ਕਰੜੀ ਅਜ਼ਮਾਇਸ਼ ਮਗਰੋਂ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ, ਕੇਸਾਧਾਰੀ ਖ਼ਾਲਸੇ ਦੀ ਸਿਰਜਨਾ ਕੀਤੀ ।

ਇਸ ਨਗਰ ਵਿਚ ਸੋਢੀ ਭਾਰੀ ਗਿਣਤੀ ਵਿਚ ਵਸਦੇ ਹਨ । ਸਿੱਖਾਂ ਵਿਚ ਇਹ ਨਗਰ 'ਖ਼ਾਲਸੇ ਦੀ ਵਾਸੀ' ਕਰ ਕੇ ਵੀ ਪ੍ਰਸਿਧ ਹੈ । ਸਿਧਾਂਤਕ ਤੌਰ ਤੇ ਅੰਮ੍ਰਿਤ ਧਾਰਨ ਮਗਰੋਂ ਖ਼ਾਲਸੇ ਵਿਚ ਜਾਤ-ਵਰਣ ਤੇ ਕੁਲ ਅਸਥਾਨ ਦਾ ਭੇਦ ਮੁਕ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਸਪੁਤ੍ਰ ਤੇ ਆਨੰਦਪੁਰ ਦੇ ਵਾਸੀ ਸਮਝਣ ਲੱਗਦੇ ਹਨ, ਜਿਸ ਤੋਂ ਇਹ ਨਗਰ 'ਖ਼ਾਲਸੇ ਦੀ ਵਾਸੀ' ਪ੍ਰਸਿਧ ਹੋਇਆ । ਡਾ: ਗੰਡਾ ਸਿੰਘ ਅਨੁਸਾਰ "ਗੁਰੂ ਗੋਬਿੰਦ ਸਿੰਘ ਦੇ ਵੇਲੇ ਇਸ ਨਗਰ ਦੀ ਪ੍ਰਭੁਤਾ ਵਧ ਗਈ ਅਤੇ ਸਿੱਖੀ ਦੇ ਕੇਂਦਰ ਦੇ ਨਾਲੋ ਨਾਲ ਇਹ ਸਾਹਿੱਤ ਰਚਨਾ ਦਾ ਵੀ ਇਕ ਉੱਘਾ ਕੇਂਦਰ ਬਣ ਗਿਆ । ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਅਨੇਕਾਂ ਲਿਖਾਰੀ ਆ ਇਕੱਤ੍ਰ ਹੋਏ ਜਿਨ੍ਹਾਂ ਨੇ ਬਹੁਤ ਸਾਰੇ ਗ੍ਰੰਥ ਰਚੇ ਅਤੇ ਪੰਜਾਬੀ ਜਾਂ ਬ੍ਰਿਜ ਭਾਸ਼ਾ ਵਿਚ ਉਲਥਾਏ ।" (ਪੰਜਾਬ; ਪੰਨਾ 481)

ਇਹ ਨਗਰ ਨਿਹੰਗਾਂ ਸਿੰਘਾਂ ਦਾ ਪ੍ਰਧਾਨ ਨਗਰ ਰਿਹਾ ਹੈ । ਹਰ ਸਾਲ ਹੋਲੇ ਮਹੱਲੇ ਉਤੇ ਅਨੇਕਾਂ ਨਿਹੰਗ ਸਿੰਘ ਪਰੰਪਰਕ ਵਸਤਰਾਂ ਵਿਚ ਸ਼ਸਤਰ ਪਹਿਨ ਕੇ ਜਲੂਸ ਕੱਢਦੇ ਤੇ ਆਪਣੇ ਕਰਤਬ ਵਿਖਾਂਦੇ ਹਨ ।

ਇਸ ਨਗਰ ਵਿਚ ਅਨੇਕਾਂ ਸਿੱਖ ਗੁਰਦੁਆਰੇ, ਕਿਲ੍ਹੇ ਤੇ ਇਤਿਹਾਸਕ ਅਸਥਾਨ ਹਨ, ਜਿਨ੍ਹਾਂ ਦਾ ਵੇਰਵਾ ਤੇ ਵਰਨਣ ਹੇਠਾਂ ਦਿਤਾ ਜਾਂਦਾ ਹੈ :—

(1) ਅਕਾਲ ਬੁੰਗਾ :— ਸੀਸ ਗੰਜ ਦੇ ਅਹਾਤੇ ਅੰਦਰ ਇਕ ਪਵਿਤ੍ਰ ਅਸਥਾਨ ਜਿਥੇ ਗੁਰੂ ਗੋਬਿੰਦ ਸਿੰਘ ਨੂੰ ਗੁਰਿਆਈ ਦਾ ਤਿਲਕ ਲਗਾਇਆ ਗਿਆ ਸੀ ।

(2) ਆਨੰਦਗੜ੍ਹ ਕਿਲ੍ਹਾ :— ਸ਼ਹਿਰ ਦੇ ਦੱਖਣ ਵਲ ਇਕ ਸਥਾਨ । ਇਥੇ ਪਹਿਲਾਂ ਗੁਰੂ ਗੋਬਿੰਦ ਸਿੰਘ ਦਾ ਇਕ ਕਿਲ੍ਹਾ ਹੁੰਦਾ ਸੀ, ਪਰ ਹੁਣ ਗੁਰਦੁਆਰਾ ਹੈ । ਗੁਰਦੁਆਰੇ ਵਿਚ ਇਕ ਡੂੰਘਾ ਖੂਹ ਹੈ, ਜਿਸ ਨੂੰ 'ਕੂਆਂ ਬਾਉਲੀ' ਕਹਿੰਦੇ ਹਨ । ਇਸ ਬਾਉਲੀ ਦੀਆਂ ਅਨੇਕਾਂ ਪਉੜੀਆਂ ਹਨ । ਇਸ ਬਾਉਲੀ ਦੇ ਆਲੇ ਦੁਆਲੇ ਕੁਝ ਕੋਠੜੀਆਂ ਹਨ ।

(3) ਸੀਸ ਗੰਜ :— ਇਹ ਗੁਰਦੁਆਰਾ ਨਾਵੇਂ ਸਤਿਗੁਰੂ ਦੀ ਸਿਮਰਤੀ ਵਿਚ ਉਸਾਰਿਆ ਗਿਆ । ਇਥੇ ਹੀ ਗੁਰੂ ਤੇਗ਼ ਬਹਾਦਰ ਦੇ ਸੀਸ ਦਾ ਅੰਤਮ ਸਸਕਾਰ ਕੀਤਾ ਗਿਆ ਸੀ ।

(4) ਕੇਸਗੜ੍ਹ ਸਾਹਿਬ :— ਇਥੇ ਗੁਰੂ ਗੋਬਿੰਦ ਸਿੰਘ ਨੇ ਸੰਮਤ 1756 ਦੀ ਵਿਸਾਖੀ ਨੂੰ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਕੇਸਾਧਾਰੀ ਖ਼ਾਲਸੇ ਨੂੰ ਸਾਜਿਆ ਸੀ । ਇਹ ਗੁਰਦੁਆਰਾ ਇਕ ਪਹਾੜੀ ਉਤੇ ਸਥਿਤ ਹੈ । ਪਹਿਲਾਂ ਇਥੇ ਕੇਸ ਗੜ੍ਹ ਨਾਂ ਦਾ ਕਿਲ੍ਹਾ ਹੁੰਦਾ ਸੀ । ਇਥੇ ਵਿਸਾਖੀ ਤੇ ਹੋਲੇ ਮਹੱਲੇ ਵਾਲੇ ਦਿਨ ਮੇਲਾ ਲੱਗਦਾ ਹੈ ।

(5) ਗੁਰੂ ਕੇ ਮਹਿਲ :— ਇਹ ਮਹਿਲ ਨਾਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਦਾ ਨਿਵਾਸ ਅਸਥਾਨ ਸੀ । ਇਸ ਮਹਿਲ ਦੀ ਉਸਾਰੀ ਆਨੰਦਪੁਰ ਸਾਹਿਬ ਦੀ ਨੀਂਹ ਰਖਣ ਸਮੇਂ ਕੀਤੀ ਗਈ । ਇਸੇ ਮਹਿਲ ਵਿਚ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦਾ ਜਨਮ ਹੋਇਆ । ਇਸ ਮਹਿਲ ਵਿਚ ਧਰਤੀ ਦੇ ਅੰਦਰ ਇਕ ਅੱਠ ਫ਼ੁਟ ਡੂੰਘਾ ਭੋਰਾ ਹੈ, ਜਿਸ ਨੂੰ 'ਭੋਰਾ ਸਾਹਿਬ' ਕਹਿੰਦੇ ਹਨ । ਇਸੇ ਭੋਰੇ ਵਿਚ ਗੁਰੂ ਤੇਗ਼ ਬਹਾਦਰ ਏਕਾਂਤ ਵਿਚ ਬੈਠ ਕੇ ਸਿਮਰਨ ਕੀਤਾ ਕਰਦੇ ਸਨ ।

(6) ਦਮਦਮਾ ਸਾਹਿਬ :— ਇਥੇ ਗੁਰੂ ਗੋਬਿੰਦ ਸਿੰਘ ਦੀਵਾਨ ਸਜਾਇਆ ਕਰਦੇ ਸਨ । ਇਹ ਗੁਰਦੁਆਰਾ ਸ਼ਹਿਰ ਤੋਂ ਪੱਛਮ ਵਲ ਹੈ । ਇਥੇ ਹੀ ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਨੂੰ ਦੰਡ ਦਿਤਾ ਸੀ ।

(7) ਮੰਜੀ ਸਾਹਿਬ :— ਗੁਰੂ ਕੇ ਮਹਿਲ ਦੇ ਨੇੜੇ ਇਕ ਅਸਥਾਨ ਜਿਥੇ ਗੁਰੂ ਤੇਗ਼ ਬਹਾਦਰ ਦੀਵਾਨ ਸਜਾਇਆ ਕਰਦੇ ਸਨ । ਇਥੇ ਹੀ

ਕਸ਼ਮੀਰ ਦੇ ਪੰਡਤਾਂ ਨੇ ਆ ਕੇ ਗੁਰੂ ਤੇਗ ਬਹਾਦਰ ਅੱਗੇ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਫ਼ਰਿਆਦ ਕੀਤੀ ਸੀ।

(8) ਮੰਜੀ ਸਾਹਿਬ ਕੇਸਗੜ੍ਹ :— ਕੇਸਗੜ੍ਹ ਦੇ ਨੇੜੇ ਇਕ ਨਿੱਕੀ ਜਿਹੀ ਪਹਾੜੀ ਉਤੇ ਸਥਿਤ ਗੁਰਦੁਆਰਾ; ਇਥੇ ਇਕ ਉੱਚਾ ਥੜਾ ਹੈ ਜਿਥੇ ਸਾਹਿਬਜ਼ਾਦੇ ਬਾਲ ਅਵਸਥਾ ਵਿਚ ਖੇਡਿਆ ਤੇ ਪੜ੍ਹਿਆ ਕਰਦੇ ਸਨ। ਇਥੇ ਇਕ ਪੁਰਾਣਾ ਬੋਹੜ ਦਾ ਦਰੱਖਤ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਸਮੇਂ ਦਾ ਹੈ।

(9) ਫ਼ਤਹਿਗੜ੍ਹ ਕਿਲ੍ਹਾ :— ਗੁਰੂ ਗੋਬਿੰਦ ਸਿੰਘ ਨੇ ਸੰਮਤ 1746 ਵਿਚ ਅਨੰਦਪੁਰ ਵਿਚ 4 ਕਿਲ੍ਹੇ — ਅਨੰਦ ਗੜ੍ਹ, ਫ਼ਤਹਿ ਗੜ੍ਹ, ਕੇਸ ਗੜ੍ਹ, ਹੋਲ ਗੜ੍ਹ ਅਤੇ ਲੋਹ ਗੜ੍ਹ ਬਣਵਾਏ ਸਨ। ਹੁਣ ਇਨ੍ਹਾਂ ਕਿਲ੍ਹਿਆਂ ਦੀ ਥਾਂ ਉਤੇ ਗੁਰਦੁਆਰੇ ਹਨ। ਹੋਲ ਗੜ੍ਹ ਕਿਲ੍ਹੇ ਵਿਚ ਗੁਰੂ ਗੋਬਿੰਦ ਸਿੰਘ ਹੋਲਾ ਮਹੱਲਾ ਮਨਾਇਆ ਕਰਦੇ ਸਨ।

(10) ਸਮਾਧ ਮਾਤਾ ਜੀਤੋ ਜੀ :–ਅਗੰਮਪੁਰ ਵਿਚ, ਗੁਰੂ ਗੋਬਿੰਦ ਸਿੰਘ ਦੀ ਸੁਪਤਨੀ ਮਾਤਾ ਜੀਤੋ ਜੀ ਦੀ ਸਮਾਧ ਹੈ।

(ਅ-316) **ਅਨੰਦੀ ਮਾਈ** :

ਇਕ ਦੇਵੀ ਜਿਸ ਦੀ ਪੂਜਾ ਬੱਚਿਆਂ ਦੀ ਰੋਗਾਂ ਤੋਂ ਰੱਖਿਆ ਹਿੱਤ ਕੀਤੀ ਜਾਂਦੀ ਹੈ। ਇਸ ਦੇਵੀ ਦੀ ਉਪਾਸ਼ਨਾ ਕਰਨ ਨਾਲ ਪ੍ਰੇਤ-ਰੂਹਾਂ ਬੱਚਿਆਂ ਦੇ ਨੇੜੇ ਨਹੀਂ ਢੁਕਦੀਆਂ ਅਤੇ ਨਾ ਹੀ ਉਨ੍ਹਾਂ ਨੂੰ ਬਦ-ਨਜ਼ਰ ਲੱਗਦੀ ਹੈ। ਕਈ ਮਾਵਾਂ ਪੂਰਨਮਾਸ਼ੀ ਵਾਲੇ ਦਿਨ ਅਨੰਦੀ ਮਾਈ ਦਾ ਦੀਵਾ, ਬੱਚਿਆਂ ਦੇ ਸਿਰ ਤੋਂ ਵਾਰ ਕੇ, ਘਰ ਦੇ ਮੁਖ ਦਵਾਰ ਅੱਗੇ ਰਖਦੀਆਂ ਹਨ।

(ਅ-317) **ਅਨਧਯਾ** :

ਉਹ ਦਿਨ ਤੇ ਤਿਥਾਂ ਜੋ ਹਿੰਦੂ ਸ਼ਾਸਤ੍ਰਾਂ ਅਨੁਸਾਰ ਪੜ੍ਹਨ ਲਈ ਨਿਸ਼ੇਧ ਹਨ। ਸ਼ਾਸਤ੍ਰਾਂ ਅਨੁਸਾਰ ਏਕਮ, ਅਸ਼ਟਮੀ, ਚੌਦਸ, ਅਮਾਵਸ, ਪੂਰਨਮਾਸ਼ੀ ਆਦਿ ਦੀਆਂ ਤਿਥਾਂ ਅਨਧਯਾ ਹਨ। ਮਨੂ ਸਿਮ੍ਰਿਤੀ (ਅਧਿਆਇ 4) ਵਿਚ ਵੀ ਕੁਝ ਅਨਧਯਾ ਦਿਨਾਂ ਦਾ ਉਲੇਖ ਹੈ। ਅਨਧਯਾ ਤਿਥਾਂ ਵਿਚ ਅਧਿਐਨ ਕਰਨ ਵਾਲਾ ਸ਼ਖ਼ਸ ਵਾਦੀ ਤੇ ਅਭਿਮਾਨੀ ਹੋ ਜਾਂਦਾ ਹੈ — 'ਅਨਧਯਾ ਜੋ ਵਿਦਯਾ ਪੜ੍ਹੈ ਸੋ ਵਾਦੀ ਜਗ ਮਾਹਿ।' (ਗੁਰਪ੍ਰਤਾਪ ਸੂਰਜ)

(ਅ-318) **ਅਨਰਣਯ** :

ਅਜੁੱਧਿਆ ਦਾ ਇਕ ਰਾਜਾ ਜੋ ਇਕਸ਼ਵਾਕੂ ਵੰਸ਼ ਵਿਚੋਂ ਸੀ। ਰਾਮਾਇਣ ਅਨੁਸਾਰ ਅਨਰਣਯ ਨੇ ਰਾਵਣ ਨਾਲ ਯੁੱਧ ਕੀਤਾ। ਪਰ ਉਹ ਰਾਵਣ ਨੂੰ ਪ੍ਰਾਜਿਤ ਨਾ ਕਰ ਸਕਿਆ। ਰਾਵਣ ਨੇ ਅਨਰਣਯ ਨੂੰ ਅਪਮਾਨਤ ਕਰ ਕੇ ਰਥ ਤੋਂ ਹੇਠਾਂ ਸੁੱਟ ਦਿਤਾ। ਰਾਵਣ ਨੇ ਜਦੋਂ ਅਭਿਮਾਨ ਨਾਲ ਕਿਹਾ ਕਿ ਉਸ ਨੇ ਅਨਰਣਯ ਉਤੇ ਵਿਜੈ ਪਾ ਲਈ ਹੈ ਤਾਂ ਅਨਰਣਯ ਨੇ ਇਸ ਗੱਲ ਨੂੰ ਰਾਵਣ ਦੀ ਜਿੱਤ ਦੀ ਥਾਂ ਹੋਣੀ ਦੀ ਹਾਰ ਮੰਨਿਆ। ਅਨਰਣਯ ਨੇ ਭਵਿੱਖ ਬਾਣੀ ਕੀਤੀ ਸੀ ਕਿ ਰਾਵਣ ਉਸੇ ਦੇ ਵੰਸ਼ਜ ਰਾਮ ਹੱਥੋਂ ਮਾਰਿਆ ਜਾਵੇਗਾ। ਰਾਮ ਅਨਰਣਯ ਦੀ ਵੰਸ਼ ਵਿਚੋਂ ਸੀ।

(ਅ-319) **ਅਨਮਿਖ** :

ਜੋ ਅੱਖ ਨਾ ਝਮਕੇ; ਭਾਗਵਤ ਆਦਿ ਪੁਰਾਣਾਂ ਅਨੁਸਾਰ ਦੇਵਤੇ ਕਦੇ ਅੱਖ ਨਹੀਂ ਝਮਕਾਂਦੇ। ਇਸ ਲਈ ਇਹ ਵਿਸ਼ੇਸ਼ਣ ਦੇਵਤਿਆਂ ਲਈ ਵਰਤਿਆ ਜਾਂਦਾ ਹੈ।

(ਅ-320) **ਅਨਮਿਤ੍ਰ** :

ਉਨਿੰਜਾ ਮਾਰੁਤਾਂ ਵਿਚੋਂ ਇਕ। (ਵੇਖੋ : ਮਾਰੁਤ)

(ਅ-321) **ਅਨਲ** :

(1) ਇਕ ਪੌਰਾਣਿਕ ਪੰਛੀ ਜੋ ਲੋਕ-ਨਿਸਚੇ ਅਨੁਸਾਰ ਹਮੇਸ਼ਾਂ ਆਕਾਸ਼ ਮੰਡਲ ਵਿਚ ਹੀ ਉਡਦਾ ਰਹਿੰਦਾ ਹੈ ਅਤੇ ਕਦੇ ਧਰਤੀ ਉਤੇ ਨਹੀਂ ਉਤਰਦਾ। ਮਾਦਾ ਉਡਦਿਆਂ ਉਡਦਿਆਂ ਹੀ ਅੰਡੇ ਦੇਂਦੀ ਹੈ ਜੋ ਜ਼ਮੀਨ ਉਤੇ ਪਹੁੰਚਣ ਤੋਂ ਪਹਿਲਾਂ ਹੀ ਪੱਕ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਬੱਚੇ ਨਿਕਲ ਕੇ ਉਸੇ ਛਿਣ ਆਕਾਸ਼ ਵਿਚ ਉਡਾਰੀ ਭਰਨ ਲੱਗਦੇ ਹਨ — 'ਅਨਲ ਪੰਖਿ

ਬਚਾ ਮਿਲੈ ਨਿਰਾਧਾਰ ਹੋਇ ਸਮਾਇ ਆਪੀ' — ਭਾਈ ਗੁਰਦਾਸ। ਧਾਰਨਾ ਹੈ ਕਿ ਇਹ ਪੰਛੀ ਜਿਸ ਸ਼ਖ਼ਸ ਦੇ ਸਿਰ ਉਤੋਂ ਦੀ ਲੰਘ ਜਾਵੇ ਉਸ ਦੇ ਭਾਗ ਜਾਗ ਪੈਂਦੇ ਹਨ । ਫ਼ਾਰਸੀ ਲੋਕਧਾਰਾ ਵਿਚ ਇਸੇ ਨਾਲ ਮਿਲਦਾ ਜੁਲਦਾ ਪੰਛੀ ਹੁਮਾ ਹੈ । (ਵੇਖੋ : ਹੁਮਾ)

(2) ਰਾਵਣ ਦਾ ਭਰਾ ।

**(ਅ-322) ਅਨਲ ਹੱਕ :**

ਅਰਬੀ ਦਾ ਇਕ ਵਾਕੰਸ਼, ਜਿਸ ਦਾ ਕੋਸ਼ਗਤ ਅਰਥ ਹੈ — ਮੈਂ (ਅਨਾ) ਸਤਿ ਸਰੂਪ ਬ੍ਰਹਮ (ਅਲਹੱਕ) ਹਾਂ । ਅਨਲ ਹੱਕ ਸੰਸਕ੍ਰਿਤ ਦੇ ਪ੍ਰਸਿਧ ਵਾਕੰਸ਼ 'ਅਹੰ ਬ੍ਰਹਮ ਅਸਮੀ' ਦਾ ਸਮਾਨਾਰਥਕ ਹੈ ਜਿਸ ਦਾ ਭਾਵ ਹੈ : "ਮੈਂ ਬ੍ਰਹਮ ਹਾਂ ।" ਵੇਦਾਂਤੀਆਂ ਦਾ ਸਿਧਾਂਤ ਹੈ ਕਿ ਜਦੋਂ ਪ੍ਰਾਣੀ ਅਗਿਆਨਤਾ ਦਾ ਨਾਸ਼ ਕਰ ਕੇ ਆਪੇ ਨੂੰ ਪਛਾਣ ਲੈਂਦਾ ਹੈ ਤਾਂ ਉਸ ਨੂੰ ਸਭ ਪਾਸੇ ਬ੍ਰਹਮ ਤੋਂ ਬਿਨਾਂ ਹੋਰ ਦੂਜਾ ਵਿਖਾਈ ਨਹੀਂ ਦੇਂਦਾ । ਇਸ ਉਚੇਰੀ ਅਵਸਥਾ ਵਿਚ ਜੀਵ ਆਪਣੇ ਆਪ ਨੂੰ ਬ੍ਰਹਮ ਦਾ ਸਰੂਪ ਮੰਨਦਾ ਹੈ । ਇਹੋ ਵੇਦਾਂਤੀ ਵਿਚਾਰ ਸੂਫ਼ੀ ਚਿੰਤਨ ਵਿਚ ਵੀ ਮਿਲਦੇ ਹਨ । ਸੂਫ਼ੀ, ਹਕੀਕਤ ਦੀ ਉਸ ਉੱਚੀ ਅਵਸਥਾ ਨੂੰ, ਜਿਥੇ ਪਹੁੰਚ ਕੇ ਦੂਈ ਦਾ ਭਾਵ ਮਿਟ ਜਾਂਦਾ ਹੈ ਅਤੇ 'ਮੈਂ' 'ਤੂੰ' ਵਿਚ ਅੰਤਰ ਨਹੀਂ ਰਹਿੰਦਾ, ਅਨਲ ਹੱਕ ਦੀ ਅਵਸਥਾ ਕਿਹਾ ਕਰਦੇ ਸਨ । ਮੁਸਲਮਾਨੀ ਸਿਧਾਂਤ ਅਨੁਸਾਰ ਆਪਣੇ ਆਪ ਨੂੰ ਬ੍ਰਹਮ ਕਹਿਣਾ ਕੁਫ਼ਰ ਹੈ । ਇਸ ਲਈ ਮੁਸਲਮਾਨ ਬਾਦਸ਼ਾਹਾਂ ਨੇ ਅਨਲ ਹੱਕ ਦੀ ਰਟ ਲਗਾਣ ਵਾਲੇ ਸੂਫ਼ੀਆਂ ਨੂੰ ਕਾਫ਼ਰ ਜਾਣ ਕੇ ਬੜੇ ਤਸੀਹੇ ਦਿਤੇ । ਪ੍ਰਸਿਧ ਈਰਾਨੀ ਸੂਫ਼ੀ ਮਨਸੂਰ ਪਹਿਲਾ ਸੂਫ਼ੀ ਸੀ ਜਿਸ ਨੇ ਅਨਲ ਹੱਕ ਦਾ ਨਾਹਰਾ ਲਗਾਇਆ ਤੇ ਖ਼ਲੀਫ਼ਾ ਮੁਕਤਦਿਰ ਨੇ ਮੁਲਾਣਿਆਂ ਦੇ ਜ਼ੋਰ ਦੇਣ ਉਤੇ ਉਸ ਨੂੰ ਇਸਲਾਮ ਦਾ ਦੁਸ਼ਮਨ ਤੇ ਕਾਫ਼ਰ ਕਰਾਰ ਦੇ ਕੇ, 26 ਮਾਰਚ 922 ਈਸਵੀ ਨੂੰ ਸੂਲੀ ਚੜ੍ਹਾ ਦਿਤਾ (ਵੇਖੋ : ਮਨਸੂਰ) ਇਸੇ ਤਰ੍ਹਾਂ ਸ਼ਮਸ ਤਬਰੇਜ਼, ਜੋ ਗ਼ਜ਼ਨੀ ਦਾ ਵਸਨੀਕ ਸੀ, ਹਿੰਦੁਸਤਾਨ ਦੀ ਯਾਤ੍ਰਾ ਕਰਦਾ ਜਦੋਂ ਮੁਲਤਾਨ ਪਹੁੰਚਿਆ ਤਾਂ ਅਨਲ ਹੱਕ ਦਾ ਨਾਅਰਾ ਲਗਾਉਣ ਦੇ ਦੋਸ਼ ਵਿਚ ਮੁਲਤਾਨ ਦੇ ਹਾਕਮ ਨੇ, ਉਸ ਨੂੰ ਬੜੇ ਤਸੀਹੇ ਦਿਤੇ ਤੇ ਉਸ ਦੀ ਖਲੜੀ ਉਤਰਵਾ ਕੇ ਮਰਵਾ ਦਿਤਾ । "ਅਨਲ-ਹੱਕ ਕਹਾਵਣ ਕਿਬਰ ਕਰ ਕੇ, ਓੜਕ ਮਰੇਂਗਾ ਵਾਂਗ ਮਨਸੂਰ ਦੇ ਉਇ ।" — ਵਾਰਿਸ ।

**(ਅ-323) ਅਨਵਾਰ ਸਹੇਲੀ :**

ਪੰਜ ਤੰਤ੍ਰ ਦਾ ਫ਼ਾਰਸੀ ਅਨੁਵਾਦ ਜੋ ਮੁੱਲਾ ਕਮਾਲੁੱਦੀਨ ਹਸਨ ਵਾਇਜ਼ ਕਾਸ਼ਫ਼ੀ ਨੇ ਨਾਵੀਂ ਸਦੀ ਹਿਜਰੀ ਵਿਚ ਕੀਤਾ । ਇਹ ਪੁਸਤਕ ਉਰਦੂ ਵਿਚ ਵੀ ਅਨੁਵਾਦਿਤ ਮਿਲਦੀ ਹੈ ਅਤੇ ਅੰਗ੍ਰੇਜ਼ੀ ਰਾਜ ਵੇਲੇ ਸਕੂਲਾਂ ਦੀ ਪਾਠ ਪੁਸਤਕ ਰਹੀ ਹੈ । (ਵੇਖੋ : ਪੰਚ ਤੰਤਰ)

**(ਅ-324) ਅਨਾਇਤ ਵਲਾਇਤ :**

ਖ਼ੁਸ਼ਾਬ ਦੇ ਇਲਾਕੇ ਦਾ ਇਕ ਪ੍ਰਸਿਧ ਫ਼ਕੀਰ ਜਿਸ ਦਾ ਤਕੀਆ ਖ਼ੁਸ਼ਾਬ ਤੋਂ ਚੜ੍ਹਦੇ ਵਲ ਇਕ ਕੋਹ ਦੇ ਫ਼ਾਸਲੇ ਉਤੇ ਹੈ । ਇਥੇ ਮੁਹੱਰਮ ਦੀ ਪਹਿਲੀ ਤਾਰੀਖ਼ ਨੂੰ ਇਕ ਮੇਲਾ ਲੱਗਦਾ ਹੈ, ਜਿਸ ਵਿਚ ਇਲਾਕੇ ਦੇ ਲੋਕ ਕਾਫ਼ੀ ਮਾਤ੍ਰਾ ਵਿਚ ਸ਼ਾਮਲ ਹੁੰਦੇ ਹਨ ।

**(ਅ-325) ਅੰਨ੍ਹਾ :**

ਅੰਨ੍ਹੇ ਨੂੰ ਹਿੰਦੂ ਆਦਰ ਨਾਲ ਸੂਰਦਾਸ ਕਹਿੰਦੇ ਹਨ ਅਤੇ ਸਿੱਖ ਸੂਰਮਾ । ਲੋਕ-ਨਿਸਚੇ ਅਨੁਸਾਰ ਅੰਨ੍ਹੇ ਉਤੇ ਸਰਸਵਤੀ ਦੇਵੀ ਦੀ ਬੜੀ ਬਖ਼ਸ਼ਿਸ਼ ਹੁੰਦੀ ਹੈ ਅਤੇ ਉਸ ਨੂੰ ਇਕ ਤਾਂ ਪੜ੍ਹਿਆ ਸੁਣਿਆ ਭੁਲਦਾ ਨਹੀਂ; ਦੂਜਾ, ਉਸ ਦੀ ਰਾਗ ਵਿਚ ਉਚੇਚੀ ਮਸ ਹੁੰਦੀ ਹੈ । ਵਿਸ਼ਨੂੰ ਸੂਤਰਾਂ (ਕਾਂਡ 14) ਅਨੁਸਾਰ ਜੋ ਗਊ ਹੱਤਿਆ ਕਰਦਾ ਜਾਂ ਜੋਤ ਦੀ ਚੋਰੀ ਕਰਦਾ ਹੈ, ਉਹ ਅਗਲੇ ਜਨਮ ਅੰਨ੍ਹਾ ਹੁੰਦਾ ਹੈ ।

ਪੰਜਾਬੀ ਵਿਚ ਅੰਨ੍ਹੇ ਬਾਰੇ ਕਈ ਅਖਾਣ ਮਿਲਦੇ ਹਨ — 'ਅੰਨ੍ਹਾ ਕੀ ਲੋੜੇ ਦੋ ਅੱਖੀਆਂ'; 'ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ਦੇ'; 'ਅੰਨ੍ਹੇ ਅੱਗੇ ਰੋਈਏ ਆਪਣੇ ਨੈਣ ਖੋਈਏ'; 'ਅੰਨ੍ਹੀ ਪੀਹੇ ਕੁੱਤੀ ਚੱਟੇ', ਜੋ ਮਨੁੱਖੀ ਚਰਿਤ੍ਰ ਦੇ

ਕਈ ਪਹਿਲੂਆਂ ਉਤੇ ਵਿਅੰਗ ਹਨ ।

ਅੰਨ੍ਹਾ ਅਨੇਕਾਂ ਲੋਕ-ਕਥਾਵਾਂ ਦੀ ਰੂੜ੍ਹੀ ਹੈ। ਅੰਨ੍ਹਿਆਂ ਬਾਰੇ ਇਕ ਕਥਾ ਪੰਜ ਤੰਤਰ ਵਿਚ ਇਸ ਪ੍ਰਕਾਰ ਹੈ :— ਇਕ ਵਾਰ ਪੰਜ ਅੰਨ੍ਹੇ ਕਿਧਰੇ ਜਾ ਰਹੇ ਸਨ ਕਿ ਰਾਹ ਵਿਚ ਉਨ੍ਹਾਂ ਨੂੰ ਇਕ ਹਾਥੀ ਮਿਲ ਗਿਆ। ਹਰੇਕ ਨੇ ਹਾਥੀ ਦੇ ਵੱਖੋ ਵੱਖਰੇ ਅੰਗਾਂ ਨੂੰ ਟੋਹ ਕੇ ਵੇਖਿਆ । ਕਿਸੇ ਨੇ ਧੜ ਨੂੰ, ਕਿਸੇ ਲੰਮੇ ਦੰਦਾਂ ਨੂੰ, ਕਿਸੇ ਦੁੰਮ ਨੂੰ, ਕਿਸੇ ਲੱਤਾਂ ਨੂੰ, ਕਿਸੇ ਨੇ ਹਾਥੀ ਦੇ ਕੰਧ ਵਰਗੇ ਸਰੀਰ ਨੂੰ। ਬਾਅਦ ਵਿਚ ਉਨ੍ਹਾਂ ਸਭਨਾਂ ਨੇ ਹਾਥੀ ਬਾਰੇ ਆਪੋ ਆਪਣੇ ਅਨੁਭਵ ਇਉਂ ਪ੍ਰਗਟ ਕੀਤੇ : "ਇਹ ਤਾਂ ਇਕ ਲੰਮੇ ਸੱਪ ਵਾਂਗ ਹੈ", ਪਹਿਲੇ ਨੇ ਕਿਹਾ। "ਨਹੀਂ, ਇਹ ਲਕੜੀ ਦੀ ਗੇਲੀ ਵਾਂਗ ਏ", ਦੂਜੇ ਨੇ ਕਿਹਾ। "ਇਹ ਰੱਸੀ ਵਾਂਗ ਹੈ", ਤੀਜੇ ਨੇ ਜ਼ੋਰ ਦਿਤਾ। "ਨਹੀਂ", ਚੌਥੇ ਨੇ ਅਸੰਮਤੀ ਪ੍ਰਗਟ ਕਰਦਿਆਂ ਕਿਹਾ, "ਇਹ ਦੀਵਾਰ ਵਾਂਗ ਹੈ।" ਪੰਜਵੇਂ ਨੇ ਕਿਹਾ, "ਇਹ ਥੰਮ੍ਹ ਵਾਂਗ ਹੈ।" ਇਹ ਕਥਾ ਮਨੁੱਖ ਦੇ ਅਧੂਰੇ ਗਿਆਨ ਉਪਰ ਵਿਅੰਗ ਹੈ ।

ਅੰਨ੍ਹੇ ਨਾਲ ਕਈ ਹੋਰ ਲੋਕ-ਰੂੜ੍ਹੀਆਂ ਸੰਬੰਧਿਤ ਹਨ । ਇਕ ਆਮ ਕਥਾਨਿਕ ਰੂੜ੍ਹੀ ਅੰਨ੍ਹੇ ਤੇ ਲੰਙੇ ਦੀ ਹੈ, ਜਿਸ ਵਿਚ ਅੰਨ੍ਹਾ ਲੰਙੇ ਨੂੰ ਆਪਣੀ ਪਿੱਠ ਉਤੇ ਚੁਕ ਲੈਂਦਾ ਹੈ ਤੇ ਲੰਙਾ ਉਸ ਨੂੰ ਰਾਹ ਦਸੀ ਜਾਂਦਾ ਹੈ। ਇਕ ਲੋਕ-ਕਹਾਣੀ ਵਿਚ ਅੰਨ੍ਹਾ ਤੇ ਲੰਙਾ ਰਲ ਕੇ ਇਕ ਭਿਆਨਕ ਜਿੰਨ ਨੂੰ ਮਾਰਨ ਵਿਚ ਸਫਲ ਹੋ ਜਾਂਦੇ ਹਨ। ਇਹੋ ਕਥਾਨਿਕ ਰੂੜ੍ਹੀ ਯੂਰਪੀ ਕਥਾਵਾਂ ਵਿਚ ਵੀ ਮਿਲਦੀ ਹੈ । (ਫ਼ੋਕਲੋਰ ਡਿਕਸ਼ਨਰੀ 1,148) ਇਕ ਹੋਰ ਕਥਾਨਿਕ-ਰੂੜ੍ਹੀ ਅਨੁਸਾਰ ਨਾਇਕ ਪਹਿਰੇਦਾਰਾਂ ਦੀਆਂ ਅੱਖਾਂ ਵਿਚ ਮਿਰਚਾਂ ਧੂੜ ਕੇ ਉਨ੍ਹਾਂ ਨੂੰ ਅੰਨ੍ਹਾ ਕਰ ਕੇ ਦੇਵ/ਰਾਜੇ ਦੀ ਬੰਦੀ ਵਿਚੋਂ ਮੁਕਤ ਹੋ ਜਾਂਦਾ ਹੈ। ਇਕ ਪ੍ਰਸਿਧ ਕਥਾਨਿਕ-ਰੂੜ੍ਹੀ ਅੰਨ੍ਹੇ ਦਾ ਜੱਫਾ ਹੈ । ਇਕ ਮਸਖ਼ਰਾ ਆਦਮੀ ਮੰਦਰ ਅੱਗੋਂ ਲੰਘਿਆ ਜਿਥੇ ਪੰਜ ਅੰਨ੍ਹੇ ਬੈਠੇ ਮੰਗ ਰਹੇ ਸਨ। ਮਸਖ਼ਰੇ ਨੇ ਅੰਨ੍ਹਿਆਂ ਨੂੰ ਕਿਹਾ ਕਿ ਮੈਂ ਤੁਹਾਡੇ ਵਿਚੋਂ ਕਿਸੇ ਇਕ ਨੂੰ ਚੋਖੀ ਰਕਮ ਦਾਨ ਵਜੋਂ ਦੇ ਰਿਹਾ ਹਾਂ, ਤੁਸਾਂ ਆਪੋ ਵਿਚ ਵੰਡ ਲੈਣੀ। ਮਸਖ਼ਰਾ ਬਿਨਾਂ ਕਿਸੇ ਨੂੰ ਕੁਝ ਦਿਤੇ ਅੱਗੇ ਚਲਾ ਗਿਆ ਤੇ ਅੰਨ੍ਹੇ ਇਕ ਦੂਜੇ ਨੂੰ ਜੱਫਾ ਮਾਰ ਕੇ ਬੈਠ ਗਏ ਕਿ ਦੂਜਾ ਰਕਮ ਲੈ ਕੇ ਨੱਠ ਨਾ ਜਾਏ, ਪਰ ਰਕਮ ਕਿਸੇ ਕੋਲ ਹੋਵੇ ਤਾਂ ਉਹ ਵੰਡੇ । ਉਨ੍ਹਾਂ ਨੇ ਜੱਫਾ ਨਾ ਛੱਡਿਆ ਤੇ ਸਾਰੇ ਉਥੇ ਸਰਦੀ ਵਿਚ ਪਏ ਪਏ ਮਰ ਗਏ । ਇਸੇ ਕਥਾ ਤੋਂ ਪੰਜਾਬੀ ਦਾ ਮੁਹਾਵਰਾ 'ਅੰਨ੍ਹੇ ਦਾ ਜੱਫਾ' ਪ੍ਰਚਲਤ ਹੋਇਆ ।

ਅੰਨ੍ਹੀ ਮਾਂ ਦਾ ਪੁੱਤਰ ਨੂੰ ਵੇਖਦੇ ਸਾਰ ਸੁਜਾਖਾ ਹੋ ਜਾਣਾ ਇਕ ਹੋਰ ਕਥਾਨਿਕ-ਰੂੜ੍ਹੀ ਹੈ । ਇੱਛਰਾਂ ਪੂਰਨ ਦੇ ਵਿਜੋਗ ਵਿਚ ਅੰਨ੍ਹੀ ਹੋ ਗਈ ਸੀ, ਪਰ ਜਦੋਂ ਉਸ ਨੇ ਪੂਰਨ ਦੀ ਆਵਾਜ਼ ਸੁਣੀ ਤਾਂ ਉਸ ਦੀਆਂ ਅੱਖਾਂ ਵਿਚ ਮੁੜ ਜੋਤ ਆ ਗਈ। ਕੁਨਾਲ ਦੀਆਂ ਅੰਨ੍ਹੀਆਂ ਅੱਖਾਂ ਵਿਚ ਦੈਵੀ ਸ਼ਕਤੀ ਦੁਆਰਾ ਮੁੜ ਜੋਤ ਪੈਦਾ ਹੋ ਗਈ ਸੀ। (ਵੇਖੋ : ਕੁਨਾਲ)

## (ਅ-326) ਅੰਨ੍ਹਾ ਖੂਹ :

ਉਜੜਿਆ ਹੋਇਆ ਪੁਰਾਣਾ ਖੂਹ ਜੋ ਸੁਕ ਜਾਣ ਕਰ ਕੇ ਵਰਤੋਂ ਵਿਚ ਨਹੀਂ ਆਉਂਦਾ। ਅਜਿਹੇ ਖੂਹ ਪੁਰਾਣੀਆਂ ਥੇਹਾਂ ਤੇ ਉਜੜੇ ਪਿੰਡਾਂ ਵਿਚ ਆਮ ਮਿਲਦੇ ਹਨ। ਇਨ੍ਹਾਂ ਖੂਹਾਂ ਵਿਚ ਭੂਤ-ਪ੍ਰੇਤ ਆਦਿ ਚੰਦਰੀਆਂ ਰੂਹਾਂ ਦਾ ਵਾਸਾ ਮੰਨਿਆ ਗਿਆ ਹੈ। ਪੁਰਾਣੇ ਅੰਨ੍ਹੇ ਖੂਹਾਂ ਵਿਚ ਝਾਕਣਾ ਠੀਕ ਨਹੀਂ ਸਮਝਿਆ ਜਾਂਦਾ, ਕਿਉਂ ਜੋ ਉਨ੍ਹਾਂ ਵਿਚ ਵਸਦੀਆਂ ਬਦ-ਰੂਹਾਂ ਝਾਕਣ ਵਾਲੇ ਸ਼ਖ਼ਸ ਦੇ ਖਹਿੜੇ ਪੈ ਜਾਂਦੀਆਂ ਹਨ — 'ਅੰਨ੍ਹੇ ਖੂਹ ਵਿਚ ਝਾਤ ਨਾ ਘਤੀਏ ਨੀ' — ਵਾਰਿਸ ।

ਲੋਕ-ਕਹਾਣੀਆਂ ਵਿਚ ਅੰਨ੍ਹੇ ਖੂਹਾਂ ਦਾ ਵਰਨਣ ਆਮ ਮਿਲਦਾ ਹੈ। ਜੱਲਾਦਾਂ ਨੇ ਪੂਰਨ ਦੇ ਹੱਥ ਪੈਰ ਵੱਢ ਕੇ ਉਸ ਨੂੰ ਸਿਆਲਕੋਟ ਦੇ ਬਾਹਰ ਇਕ ਅੰਨ੍ਹੇ ਖੂਹ ਵਿਚ ਸੁੱਟ ਦਿਤਾ ਸੀ। ਇਸੇ ਤਰ੍ਹਾਂ ਬਹਿਰਾਮ ਨੂੰ ਕਤਲ ਕਰਨ ਦੇ ਦੋਸ਼ ਵਿਚ, ਸੈਫ਼ੁਲ ਮਲੂਕ ਨੂੰ, ਇਕ ਅੰਨ੍ਹੇ ਖੂਹ ਵਿਚ ਸੁਟਿਆ ਗਿਆ ਜੋ ਕੁੱਤੇ ਕੁੱਤੇ ਜਿਤਨੇ ਵੱਡੇ ਜ਼ਹਿਰੀ ਬਿਛੂਆਂ ਅਤੇ ਨਾਗਾਂ ਨਾਲ ਭਰਿਆ ਹੋਇਆ ਸੀ । ਇਸ ਅੰਨ੍ਹੇ ਖੂਹ ਦਾ ਵਰਨਣ ਮੀਆਂ ਮੁਹੰਮਦ ਬਖ਼ਸ਼ ਨੇ ਇਉਂ ਕੀਤਾ ਹੈ :—

ਕੀ ਕੁਝ ਆਖਾਂ ਬਲਾ ਉਸ ਦਾ
ਧੌਲ ਮਛੇ ਤਕ ਪਹੁਤਾ।
ਪਾਰੋਂ ਸਿਰਾ ਨਜ਼ਰ ਨਾ ਆਵੇ,
ਜੇ ਸੌ ਤਕੀਏ ਬਹੁਤਾ।
ਜੇ ਕਰ ਪੱਥਰ ਉਤੋਂ ਸੁਟੀਏ
ਰਹੇ ਬਰਸ ਤਕ ਰਾਹੀਂ।
ਜੀਆ ਜੂਨ ਉਹਦੇ ਵਿਚ ਮਰ ਕੇ,
ਗੰਦਗੀ ਤਰੱਕੀ ਆਹੀ।
ਬੜਾ ਦੁਰਗ ਦੇਵਾਂ ਦਾ ਆਹਾ,
ਦੋਜ਼ਖ ਦੁਨੀਆਂ ਉਤੇ।
ਸੱਪ ਅਠੂਏਂ ਹੋਰ ਖਜ਼ਿੰਦੇ,
ਵਾਂਗਰ ਕਾਲੇ ਕੁਤੇ।

ਸੈਫੁਲ ਮਲੂਕ ਨੇ ਜਦੋਂ 'ਸ਼ਾਹ ਮੁਹਰੇ' ਬਾਹਰ ਕੱਢੇ ਤਾਂ ਉਨ੍ਹਾਂ ਦੇ ਨੂਰ ਨਾਲ ਸਾਰਾ ਖੂਹ ਰੌਸ਼ਨ ਹੋ ਗਿਆ ਅਤੇ ਸੱਪ ਅਠੂਹੇਂ ਆਦਿਕ ਖੁਡਾਂ ਵਿਚ ਜਾ ਛੁਪੇ।

ਯੂਸਫ਼ ਨੂੰ ਉਸ ਦੇ ਭਰਾਵਾਂ ਨੇ ਅੰਨ੍ਹੇ ਖੂਹ ਵਿਚ ਹੀ ਸੁਟਿਆ ਸੀ। ਖੂਹ ਦੇ ਅੰਦਰ ਇਕ ਪੱਥਰ ਉਤੇ ਯੂਸਫ਼ ਨੂੰ ਮਿਲਣ ਲਈ ਸੀਸ ਨਬੀ ਬੈਠਾ ਸੀ, ਜਿਸ ਦੀ ਉਮਰ ਬਾਰਾਂ ਸੌ ਵਰ੍ਹਿਆਂ ਦੀ ਸੀ। ਇਹ ਨਬੀ ਹਜ਼ਰਤ ਯੂਸਫ਼ ਦੇ ਦਰਸ਼ਨਾਂ ਲਈ ਵਿਆਕੁਲ ਹੋ ਰਿਹਾ ਸੀ ਅਤੇ ਯੂਸਫ਼ ਦੇ ਦਰਸ਼ਨ ਕਰਦਿਆਂ ਸਾਰ ਛਾਈਂ ਮਾਈਂ ਹੋ ਗਿਆ।

ਕਈ ਅੰਨ੍ਹੇ ਖੂਹ ਮਿੱਟੀ ਪੱਥਰ ਆਦਿ ਡਿਗਦੇ ਰਹਿਣ ਕਰ ਕੇ ਪੂਰੇ ਜਾਂਦੇ ਹਨ ਅਤੇ ਧਰਤੀ ਦੀ ਸਤਹਿ ਨਾਲ ਇਕ ਰੂਪ ਹੋ ਜਾਂਦੇ ਹਨ। ਇਨ੍ਹਾਂ ਖੂਹਾਂ ਨੂੰ ਅਲੋਪ ਖੂਹ ਕਹਿੰਦੇ ਹਨ। ਲੋਕ-ਨਿਸਚੇ ਅਨੁਸਾਰ ਭੇਡਾਂ ਬਕਰੀਆਂ ਕਦੇ ਅਲੋਪ ਖੂਹ ਦੇ ਉਪਰ ਨਹੀਂ ਬੈਠਦੀਆਂ; ਜਿਥੇ ਅਲੋਪ ਖੂਹ ਹੋਵੇ ਉਥੇ ਉਸ ਦੇ ਆਲੇ ਦੁਆਲੇ ਘੇਰਾ ਪਾ ਕੇ ਬੈਠਦੀਆਂ ਹਨ। ਪੁਰਾਣੇ ਸਮਿਆਂ ਵਿਚ ਭੇਡਾਂ ਬਕਰੀਆਂ ਦੀ ਮਦਦ ਨਾਲ ਅਲੋਪ ਖੂਹ ਲੱਭੇ ਜਾਂਦੇ ਰਹੇ।

(ਅ-327) **ਅਨਾਹਤ ਚਕਰ** :

ਯੋਗ ਮੱਤ ਅਨੁਸਾਰ ਸਰੀਰ ਵਿਚ ਸਥਿਤ ਛੇ ਚਕਰਾਂ ਵਿਚੋਂ ਇਕ। 'ਖਟ ਚਕਰ ਨਿਰੂਪਣ' ਵਿਚ ਇਸ ਚਕਰ ਦਾ ਅਸਥਾਨ ਹਿਰਦੇ ਦੇ ਸਾਹਮਣੇ ਮੰਨਿਆ ਗਿਆ ਹੈ। ਇਸ ਚਕਰ ਦਾ ਰੰਗ ਅਰੁਣ ਤੇ ਪੱਤੀਆਂ ਬਾਰਾਂ ਹਨ। ਇਹ ਲਾਲ ਪੀਲੇ ਮਿਸ਼ਰਤ ਰੰਗ ਵਾਲੇ ਦੁਵਾਦਸ ਦਲਾਂ ਦੇ ਕੰਵਲ ਵਾਂਗ ਹੈ ਜਿਸ ਦੀ ਹਰੇਕ ਪੱਤੀ ਉਤੇ 'ਕ' ਤੋਂ ਲੈ ਕੇ 'ਠ' ਤਕ ਤਰਤੀਬਵਾਰ ਅੱਖਰ ਹਨ। ਇਸ ਚਕਰ ਦਾ ਦੇਵਤਾ ਰੁਦਰ ਹੈ। (ਵੇਖੋ : ਅਨਾਹਤ ਨਾਦ)

(ਅ-328) **ਅਨਾਹਤ ਨਾਦ** :

ਉਹ ਨਾਦ ਜੋ ਕਿਸੇ ਚੋਟ ਤੋਂ ਬਗ਼ੈਰ ਸਹਿਜ ਰੂਪ ਵਿਚ ਉਪਜਿਆ ਹੋਵੇ। ਜੋਗ ਮੱਤ ਅਨੁਸਾਰ ਅਨਾਹਤ ਉਹ ਨਾਦ ਹੈ ਜੋ ਜੋਗੀ ਉੱਚੀ ਆਤਮਿਕ ਅਵਸਥਾ ਵਿਚ ਦਸਮ ਦਵਾਰ ਵਿਚੋਂ ਸੁਤੇ ਸਿਧ ਸੁਣਦੇ ਹਨ। ਹਠ ਯੋਗ ਅਨੁਸਾਰ ਅਨਾਹਤ ਨਾਦ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ। ਇਹੋ ਨਾਦ ਮਨੁੱਖ ਦੀ ਕਾਇਆ ਵਿਚ ਵੀ ਸਥਿਤ ਹੈ ਪਰ ਸੁਖਮਨਾ ਨਾੜੀ ਦੇ ਬੰਦ ਹੋਣ ਦੇ ਨਾਤੇ ਸੰਸਾਰੀ ਜੀਵ ਇਸ ਨਾਦ ਨੂੰ ਸੁਣ ਨਹੀਂ ਸਕਦੇ। ਇਸ ਨਾਦ ਦਾ ਅਨੁਭਵ ਕੇਵਲ ਉਹੋ ਅਭਿਆਸੀ ਕਰ ਸਕਦਾ ਹੈ, ਜਿਸ ਦੀ ਕੁੰਡਲਨੀ ਸ਼ਕਤੀ ਜਾਗ੍ਰਿਤ ਹੋ ਚੁਕੀ ਹੋਵੇ ਅਤੇ ਪ੍ਰਾਣ ਵਾਯੂ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰ ਗਈ ਹੋਵੇ। ਯੋਗ ਅਭਿਆਸ ਦੁਆਰਾ ਕੁੰਡਲਨੀ ਨੂੰ ਜਗਾ ਕੇ ਸੁਖਮਨਾ ਦੇ ਰਸਤੇ ਦਸਮ ਦਵਾਰ ਤਕ ਪਹੁੰਚਾਇਆ ਜਾਂਦਾ ਹੈ। ਰਸਤੇ ਵਿਚ ਇਸ ਨੂੰ ਛੇ ਚਕਰਾਂ ਵਿਚੋਂ ਲੰਘਣਾ ਪੈਂਦਾ ਹੈ ਜੋ ਤਰਤੀਬਵਾਰ ਮੂਲਾਧਾਰ, ਸਵਾਧਿਸ਼ਠਾਨ, ਮਣੀਪੁਰ, ਅਨਾਹਤ ਚਕਰ, ਵਿਸ਼ੁਧ ਚਕਰ ਤੇ ਆਗਿਆ ਚਕਰ ਦੇ ਨਾਂ ਨਾਲ ਪ੍ਰਸਿਧ ਹਨ। ਇਨ੍ਹਾਂ ਚਕਰਾਂ ਦਾ ਸਥਾਨ ਤਰਤੀਬਵਾਰ ਗੁਦਾ ਮੰਡਲ, ਮੇਰੂ, ਨਾਭੀ, ਹਿਰਦਾ, ਕੰਠ ਤੇ ਭੌਂਹਾਂ ਦਾ ਮੱਧ ਹੈ ਅਤੇ ਇਹ ਤਰਤੀਬਵਾਰ ਚਾਰ, ਛੇ, ਦਸ, ਬਾਰਾਂ, ਸੋਲਾਂ ਤੇ ਦੋ ਪੰਖੜੀਆਂ ਵਾਲੇ ਕੰਵਲ ਫੁੱਲਾਂ ਦੇ ਰੂਪ ਵਿਚ ਵਿਦਮਾਨ ਹਨ। ਪ੍ਰਾਣਾਯਾਮ ਦੁਆਰਾ ਚਕਰਾਂ ਵਿਚੋਂ ਲੰਘਦੇ ਪ੍ਰਾਣ ਜਦੋਂ ਅਨਾਹਿਤ ਚਕਰ ਵਿਚ ਪਹੁੰਚਦੇ ਹਨ ਤਾਂ ਅਨਾਹਤ ਨਾਦ ਦਾ ਆਰੰਭ ਹੁੰਦਾ ਹੈ। ਪਰ ਇਸ ਦਾ ਪੂਰਾ ਅਨੁਭਵ

ਦਸਮ ਦੁਆਰ ਵਿਚ ਪਹੁੰਚ ਕੇ ਹੀ ਹੁੰਦਾ ਹੈ।

ਹਿੰਦੀ ਵਿਸ਼ਵ ਕੋਸ਼ (1,115) ਅਨੁਸਾਰ ਅਨਾਹਦ ਇਕ ਵਿਸ਼ੇਸ਼ ਨਾਦ ਹੈ। ਉਹ ਅਵਿੱਅਕਤ ਪਰਮ ਤੱਤ੍ਵ ਦੇ ਵਿਅੱਕਤੀਕਰਣ ਦਾ ਸੂਚਕ ਆਦਿ-ਸ਼ਬਦ ਹੈ, ਜੋ ਪਹਿਲੇ 'ਪਰਾ' ਸ਼ਬਦ ਦੇ ਸੂਖਮ ਰੂਪ ਵਿਚ ਰਿਹਾ ਕਰਦਾ ਸੀ ਅਤੇ ਫਿਰ 'ਅਪਰਾ' ਸ਼ਬਦ ਬਣ ਕੇ ਪਸਰ ਗਿਆ। ਇਹ ਬ੍ਰਹਿਮੰਡ ਤੇ ਸ੍ਰਿਸ਼ਟੀ ਦਾ ਮੂਲ ਤੱਤ ਅਥਵਾ ਓਂਕਾਰ ਹੈ ਜਿਸ ਦਾ ਮਾਨਵ ਸਰੀਰ ਵਿਚ ਸਥਿਤ ਅਥਵਾ ਪਿੰਡ ਸ਼ਬਦ ਪ੍ਰਤੀਨਿਧਤਾ ਕਰਦਾ ਹੈ ਅਤੇ ਜਿਸ ਨੂੰ, ਮਨ ਦੀ ਬਿਰਤੀ ਬਾਹਰਮੁਖੀ ਰਹਿਣ ਦੇ ਕਾਰਨ, ਅਸੀਂ ਕਦੇ ਸੁਣ ਨਹੀਂ ਸਕਦੇ। ਜੋਗੀ ਲੰਮੇ ਅਭਿਆਸ ਦੁਆਰਾ ਇਹ ਧੁਨੀ ਸੁਣਨ ਲੱਗਦਾ ਹੈ।

ਗੁਰਬਾਣੀ ਅਨੁਸਾਰ ਅਨਾਹਤ ਅਵਸਥਾ ਸੁਰਤ-ਸ਼ਬਦ-ਯੋਗ ਤੋਂ ਉਪਜਦੀ ਹੈ। ਮਹਾਨ ਕੋਸ਼ (ਪੰਨਾ 43) ਅਨੁਸਾਰ ਅਨਾਹਤ ਨਾਦ ਆਤਮ ਮੰਡਲ ਦਾ ਉਹ ਸੰਗੀਤ ਹੈ ਜੋ ਕੰਨਾਂ ਦਾ ਵਿਸ਼ਾ ਨਹੀਂ; ਨਾਮ ਅਭਿਆਸੀ ਨੂੰ ਚਿੱਤ ਦੀ ਇਕਾਗਰਤਾ ਵਿਚ ਇਸ ਦਾ ਅਨੁਭਵ ਹੁੰਦਾ ਹੈ।

ਆਮ ਲੋਕਾਂ ਲਈ ਅਨਾਹਤ ਉਹ ਨਾਦ ਹੈ, ਜੋ ਦੋਹਾਂ ਕੰਨਾਂ ਨੂੰ ਹੱਥਾਂ ਦੇ ਅੰਗੂਠਿਆਂ ਨਾਲ ਬੰਦ ਕਰਨ ਉਪਰੰਤ ਸੁਣਾਈ ਦੇਂਦਾ ਹੈ।

### (ਅ-329) **ਅਨਾਮਿਕਾ** :

ਚੀਚੀ ਦੇ ਨਾਲ ਦੀ ਉਂਗਲੀ; ਪੁਰਾਣਾਂ ਅਨੁਸਾਰ ਸ਼ਿਵ ਨੇ ਇਸੇ ਉਂਗਲੀ ਨਾਲ ਬ੍ਰਹਮਾ ਦਾ ਸਿਰ ਕੱਟਿਆ ਸੀ। (ਵੇਖੋ : ਬ੍ਰਹਮਾ) ਫਲਸਰੂਪ ਇਹ ਉਂਗਲੀ ਅਪਵਿਤ੍ਰ ਮੰਨੀ ਜਾਣ ਲੱਗੀ। ਹਿੰਦੂ ਯੱਗ ਜਾਂ ਹੋਰ ਸੰਸਕਾਰਾਂ ਸਮੇਂ ਇਸ ਉਂਗਲ ਉਤੇ ਦੁਬ ਘਾਹ ਦਾ ਛੱਲਾ ਇਸ ਭਾਵ ਨਾਲ ਪਹਿਨਦੇ ਹਨ ਕਿ ਇਸ ਦੀ ਅਪਵਿਤ੍ਰ ਛੂਹ ਯੱਗ ਜਾਂ ਸੰਸਕਾਰ ਨੂੰ ਖੰਡਤ ਨਾ ਕਰ ਦੇਵੇ। ਇਸ ਉਂਗਲੀ ਦਾ ਨਾਂ ਲੈਣਾ ਅਸ਼ੁਭ ਮੰਨਿਆ ਜਾਂਦਾ ਹੈ। ਇਸੇ ਲਈ ਇਸ ਨੂੰ ਅਨਾਮਿਕਾ — ਨਾਮ ਰਹਿਤ, ਕਿਹਾ ਗਿਆ ਹੈ।

### (ਅ-330) **ਅਨਾਰਕਲੀ** :

ਸਮਰਾਟ ਅਕਬਰ ਦੇ ਲੜਕੇ ਸਲੀਮ ਦੀ ਪ੍ਰੇਮਿਕਾ। ਇਕ ਰਵਾਇਤ ਅਨੁਸਾਰ ਅਨਾਰਕਲੀ, ਜਿਸ ਦਾ ਅਸਲੀ ਨਾਂ ਨਾਦਰਾ ਸੀ, ਇਕ ਸੂਬੇਦਾਰ ਦੀ ਲੜਕੀ ਸੀ ਜੋ ਸ਼ਾਹੀ ਮਹਿਲਾਂ ਵਿਚ ਰਿਹਾ ਕਰਦੀ ਸੀ। ਦੂਜੀ ਰਵਾਇਤ ਅਨੁਸਾਰ ਅਨਾਰਕਲੀ ਇਕ ਨਾਚੀ ਸੀ ਜੋ ਸ਼ਾਹੀ ਦਰਬਾਰ ਵਿਚ ਨਿਰਤ ਕੀਤਾ ਕਰਦੀ ਸੀ। ਸਲੀਮ ਇਸ ਦੇ ਹੁਸਨ, ਅਦਾ ਤੇ ਸਲੀਕੇ ਉਤੇ ਮੋਹਿਤ ਹੋ ਗਿਆ ਅਤੇ ਦੋਵੇਂ ਸ਼ਾਹੀ ਮਹਿਲਾਂ ਵਿਚ ਛੁਪ ਛੁਪ ਕੇ ਇਕ ਦੂਜੇ ਨੂੰ ਮਿਲਣ ਲੱਗੇ। ਜਦੋਂ ਅਕਬਰ ਨੂੰ ਇਨ੍ਹਾਂ ਦੇ ਇਸ਼ਕ ਦੀ ਸੂਹ ਮਿਲੀ ਤਾਂ ਉਸ ਨੇ ਸਲੀਮ ਨੂੰ ਵਰਜਿਆ। ਪਰ ਜਦੋਂ ਸਲੀਮ ਦੀ ਰੁਚੀ ਅਨਾਰਕਲੀ ਵਿਚ ਬਹੁਤ ਵਧ ਗਈ ਤਾਂ ਅਕਬਰ ਨੇ ਅਨਾਰਕਲੀ ਨੂੰ ਜ਼ਿੰਦਾ ਦੀਵਾਰ ਵਿਚ ਚਿਣਨ ਦਾ ਢੌਂਗ ਰਚਿਆ ਤਾਂ ਜੋ ਸਲੀਮ ਉਤੇ ਇਹ ਪ੍ਰਭਾਵ ਪਏ ਕਿ ਉਸ ਨੂੰ ਮਾਰ ਦਿਤਾ ਗਿਆ ਹੈ, ਪਰ ਅੰਦਰੋਂ ਅੰਦਰੀਂ ਮਹਿਲਾਂ ਦੇ ਗੁਪਤ ਰਸਤਿਆਂ ਤੋਂ ਉਸ ਨੇ ਅਨਾਰਕਲੀ ਨੂੰ ਦਿੱਲੀ ਤੋਂ ਦੂਰ ਲਾਹੌਰ ਭਿਜਵਾ ਦਿਤਾ। ਅਨਾਰਕਲੀ ਦੀ ਕਬਰ ਲਾਹੌਰ ਵਿਚ ਹੈ।

ਸੈਰ-ਇ-ਪੰਜਾਬ (ਪੰਨਾ 81) ਅਨੁਸਾਰ ਅਨਾਰਕਲੀ ਬਾਦਸ਼ਾਹ ਦੀ ਰਖੇਲੀ ਸੀ। ਉਸ ਨੂੰ ਬਾਦਸ਼ਾਹ ਦੇ ਸਾਹਮਣੇ ਕਿਸੇ ਗੱਲ ਉਤੇ ਹਾਸਾ ਆ ਗਿਆ। ਬਾਦਸ਼ਾਹ ਨੇ ਕਰੋਧ ਵਿਚ ਆ ਕੇ ਜੀਊਂਦੀ ਨੂੰ ਹੀ ਜ਼ਮੀਨ ਵਿਚ ਦਬਾ ਦਿਤਾ। ਫਿਰ ਉਸ ਥਾਂ ਉਤੇ ਉਸ ਦਾ ਬਹੁਤ ਸ਼ਾਨਦਾਰ ਮਕਬਰਾ ਬਣਵਾਇਆ।

### (ਅ-331) **ਅਨਾਰਾਂ ਸ਼ਹਿਜ਼ਾਦੀ** :

ਪੰਜਾਬ ਦੀ ਇਕ ਪ੍ਰਸਿਧ ਪਰੀ-ਕਹਾਣੀ ਦੀ ਨਾਇਕਾ। ਇਹ ਪਰੀ ਇਕ ਵੱਡੇ ਸਾਰੇ ਅਨਾਰ ਦੇ ਫਲ ਵਿਚੋਂ ਪ੍ਰਗਟ ਹੋਈ, ਜਿਸ ਤੋਂ ਇਸ ਦਾ ਨਾਉਂ ਅਨਾਰਾਂ ਪ੍ਰਚਲਤ ਹੋ ਗਿਆ। ਸ਼ਹਿਜ਼ਾਦਾ ਮਨਸੁਖ ਅਨਾਰਾਂ ਸ਼ਹਿਜ਼ਾਦੀ ਨੂੰ ਢੂੰਡਦਾ ਹੋਇਆ ਅਖ਼ੀਰ ਇਕ ਜੰਗਲ ਵਿਚ ਪਹੁੰਚਿਆ ਜਿਥੇ ਇਕ ਜੋਗੀ ਛੇ ਮਹੀਨਿਆਂ ਤੋਂ ਸਮਾਧੀ ਵਿਚ ਲੀਨ ਸੀ। ਸ਼ਹਿਜ਼ਾਦੇ ਨੇ ਜੋਗੀ ਦੇ ਬਾਗ਼ ਨੂੰ ਪਾਣੀ ਨਾਲ

ਸਿੰਚਿਆ। ਜਦੋਂ ਜੋਗੀ ਸਮਾਧੀ ਤੋਂ ਉਠਿਆ ਤਾਂ ਬਾਗ਼ ਨੂੰ ਹਰਾ ਭਰਾ ਵੇਖ ਕੇ ਹੈਰਾਨ ਰਹਿ ਗਿਆ। ਉਸ ਨੇ ਸ਼ਹਿਜ਼ਾਦੇ ਨੂੰ ਵਰ ਮੰਗਣ ਲਈ ਕਿਹਾ। ਸ਼ਹਿਜ਼ਾਦੇ ਨੇ ਅਨਾਰਾਂ ਸ਼ਹਿਜ਼ਾਦੀ ਮੰਗੀ। ਜੋਗੀ ਨੇ ਮਨਸੁਖ ਨੂੰ ਇਕ ਗੇਂਦ ਦੇ ਕੇ ਉਛਾਲਣ ਦਾ ਆਦੇਸ਼ ਦਿਤਾ। ਜਿਸ ਬੂਟੇ ਹੇਠਾਂ ਉਹ ਗੇਂਦ ਸਹਿਜ ਰੂਪ ਵਿਚ ਜਾ ਕੇ ਰੁਕੇਗੀ, ਉਸੇ ਬੂਟੇ ਦੇ ਸਭ ਤੋਂ ਵੱਡੇ ਅਨਾਰ ਵਿਚ ਅਨਾਰਾਂ ਸ਼ਹਿਜ਼ਾਦੀ ਦਾ ਵਾਸਾ ਹੋਵੇਗਾ। ਮਨਸੁਖ ਨੇ ਗੇਂਦ ਨੂੰ ਉਛਾਲਿਆ ਤੇ ਉਸ ਦੇ ਪਿਛੇ ਪਿਛੇ ਇਕ ਵੱਡੇ ਅਨਾਰ ਕੋਲ ਪੁੱਜਾ। ਫਿਰ ਉਹ ਅਨਾਰ ਨੂੰ ਤੋੜ ਕੇ ਘਰ ਲੈ ਗਿਆ। ਆਪਣੇ ਮਹਿਲਾਂ ਦੇ ਨੇੜੇ ਬਾਗ ਵਿਚ ਸ਼ਹਿਜ਼ਾਦੇ ਨੇ ਅਨਾਰ ਚੀਰਿਆ ਤਾਂ ਵਿਚੋਂ 'ਛਣ ਛਣ ਕਰਦੀ, ਸਾਵੇ ਸੂਹੇ ਕਪੜੇ ਪਾਈ' ਅਨਾਰਾਂ ਸ਼ਹਿਜ਼ਾਦੀ ਨਿਕਲੀ। ਸ਼ਹਿਜ਼ਾਦਾ ਉਸਦਾ ਅਲੌਕਿਕ ਰੂਪ ਵੇਖ ਕੇ ਬੇਹੋਸ਼ ਹੋ ਗਿਆ। ਖੂਹ ਤੇ ਪਾਣੀ ਲੈਣ ਆਈ ਝੀਵਰੀ ਨੇ ਸ਼ਹਿਜ਼ਾਦੇ ਦੀ ਬੇਹੋਸ਼ੀ ਦਾ ਫ਼ਾਇਦਾ ਉਠਾ ਕੇ ਚਲਾਕੀ ਨਾਲ ਅਨਾਰਾਂ ਨੂੰ ਖੂਹ ਵਿਚ ਸੁਟ ਦਿਤਾ ਅਤੇ ਆਪ ਉਸ ਦੇ ਕਪੜੇ ਪਾ ਕੇ ਖ਼ੁਦ ਅਨਾਰਾਂ ਸ਼ਹਿਜ਼ਾਦੀ ਬਣ ਬੈਠੀ। ਸ਼ਹਿਜ਼ਾਦਾ ਝੀਵਰੀ ਨੂੰ ਹੀ ਅਨਾਰਾਂ ਸਮਝ ਕੇ ਉਸ ਨਾਲ ਵਸਣ ਰਸਣ ਲੱਗਾ। ਉਸ ਖੂਹ ਵਿਚੋਂ ਇਕ ਫੁੱਲ ਉਗਿਆ ਜੋ ਝੀਵਰੀ ਦੇ ਕਹਿਣ ਉਤੇ ਸ਼ਹਿਜ਼ਾਦੇ ਨੇ ਤੋੜ ਕੇ ਉਸ ਨੂੰ ਲਿਆ ਦਿਤਾ। ਇਹ ਫੁੱਲ ਝੀਵਰੀ ਨੇ ਮਸਲ ਕੇ ਮਹਿਲਾਂ ਦੇ ਪਿਛਵਾੜੇ ਸੁਟ ਦਿਤਾ। ਪਿਛਵਾੜੇ ਵਿਚ ਇਕ ਸੁੰਦਰ ਬਾਗ਼ ਉਗਿਆ ਜਿਸ ਵਿਚ ਇਕ ਅਨਾਰ ਦੇ ਬੂਟੇ ਨਾਲ ਵੱਡਾ ਸਾਰਾ ਅਨਾਰ ਲੱਗਿਆ। ਇਹ ਅਨਾਰ ਇਕ ਲੜਕਾ ਤੋੜ ਕੇ ਘਰ ਲੈ ਗਿਆ। ਉਸ ਅਨਾਰ ਵਿਚੋਂ ਅਨਾਰਾਂ ਸ਼ਹਿਜ਼ਾਦੀ ਨਿਕਲੀ ਜੋ ਉਸੇ ਘਰ 'ਚ ਰਹਿਣ ਲੱਗੀ। ਅਨਾਰਾਂ ਬੜੀ ਸੁੰਦਰ ਕਢਾਈ ਕਰਦੀ ਸੀ। ਇਕ ਦਿਨ ਅਨਾਰਾਂ ਦੀ ਸੁੰਦਰ ਕਢਾਈ ਵਾਲਾ ਰੁਮਾਲ ਸ਼ਹਿਜ਼ਾਦੇ ਨੇ ਵੇਖਿਆ ਤਾਂ ਸ਼ਹਿਜ਼ਾਦਾ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਅਨਾਰਾਂ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ। ਅਨਾਰਾਂ ਨੇ ਆਪਣੀ ਸਾਰੀ ਹੱਡ-ਬੀਤੀ ਸ਼ਹਿਜ਼ਾਦੇ ਨੂੰ ਦਸੀ ਤੇ ਉਸ ਨੇ ਝੀਵਰੀ ਨੂੰ ਮਰਵਾ ਦਿਤਾ। ਸ਼ਹਿਜ਼ਾਦੇ ਮਨਸੁਖ ਦੇ ਮਰਨ ਮਗਰੋਂ ਅਨਾਰਾਂ ਫਿਰ ਕਿਸੇ ਅਨਾਰ ਵਿਚ ਅਲੋਪ ਹੋ ਗਈ ਅਤੇ ਅਜੇ ਵੀ ਕਿਸੇ ਸੱਚੇ ਆਸ਼ਕ ਨੂੰ ਉਡੀਕ ਰਹੀ ਹੈ। ਇਹ ਕਥਾ ਕੁਦਰਤ ਦੀ ਇਕ ਅਨੁਭੂਤੀ ਦਾ ਮਾਨਵੀਕਰਣ ਹੈ।

(ਅ-332) **ਅਨਿਕ ਮੁਖੀ** :

ਅਨੇਕਾਂ ਮੂੰਹਾਂ ਵਾਲਾ; ਪੁਰਾਣਾਂ ਵਿਚ ਕਈ ਦੇਵਾਂ ਦਾਨਵਾਂ ਦੇ ਇਕ ਤੋਂ ਵਧ ਮੁਖਾਂ ਦਾ ਵਰਨਣ ਹੈ। ਸ਼ਿਵ ਦੇ ਪੰਜ ਮੁਖ ਹਨ, ਬ੍ਰਹਮਾ ਦੇ ਚਾਰ ਹਨ ਅਤੇ ਕਾਰਤਿਕੇਯ ਦੇ ਛੇ। ਸਭ ਤੋਂ ਵਧ ਮੁਖ ਦੈਂਤ ਰਾਵਣ ਦੇ ਸਨ, ਜਿਨ੍ਹਾਂ ਦੀ ਗਿਣਤੀ ਦਸ ਸੀ।

(ਅ-333) **ਅਨਿਰੁਧ** :

ਪ੍ਰਦਯੁਮਨ ਦਾ ਪੁੱਤਰ ਤੇ ਕ੍ਰਿਸ਼ਨ ਦਾ ਪੋਤਰਾ; ਰਾਜੇ ਬਾਣ ਦੀ ਪੁੱਤਰੀ ਊਸ਼ਾ ਨੇ ਅਨਿਰੁਧ ਨੂੰ ਪਹਿਲੀ ਵਾਰ ਸੁਪਨੇ ਵਿਚ ਵੇਖਿਆ ਤੇ ਉਸ ਨੂੰ ਦਿਲ ਦੇ ਬੈਠੀ। ਊਸ਼ਾ ਨੇ ਆਪਣੀ ਸਖੀ ਚਿਤ੍ਰਲੇਖਾ ਦੀ ਮਦਦ ਨਾਲ, ਪਹਿਲਾਂ ਅਨਿਰੁਧ ਦੇ ਥਹੁ-ਟਿਕਾਣੇ ਦਾ ਪਤਾ ਕੱਢਿਆ ਤੇ ਫਿਰ ਚਿਤ੍ਰਲੇਖਾ ਦੀ ਮਦਦ ਨਾਲ, ਜਾਦੂ ਦੀ ਸ਼ਕਤੀ ਦੁਆਰਾ ਅਨਿਰੁਧ ਨੂੰ ਸ਼ੋਣਿਤਪੁਰ ਵਿਚ ਲੈ ਆਂਦਾ। ਬਾਣ ਨੂੰ ਜਦੋਂ ਇਨ੍ਹਾਂ ਦੇ ਇਸ਼ਕ ਦੀ ਸੂਹ ਮਿਲੀ ਤਾਂ ਉਸ ਨੇ ਅਨਿਰੁਧ ਨੂੰ ਬੰਦੀ ਬਣਾਉਣ ਲਈ ਆਪਣੇ ਦੂਤ ਭੇਜੇ, ਪਰ ਅਨਿਰੁਧ ਨੇ ਗੁਰਜ ਨਾਲ ਸਭ ਦੂਤਾਂ ਨੂੰ ਨਸ਼ਟ ਕਰ ਦਿਤਾ। ਪਰ ਬਾਣ ਨੇ ਛਲ ਨਾਲ ਅਨਿਰੁਧ ਨੂੰ ਬੰਦੀ ਬਣਾ ਲਿਆ। ਜਦੋਂ ਕ੍ਰਿਸ਼ਨ, ਬਲਰਾਮ ਤੇ ਪ੍ਰਦਯੁਮਨ ਨੂੰ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਹ ਅਨਿਰੁਧ ਨੂੰ ਛੁਡਾਉਣ ਲਈ ਸ਼ੋਣਿਤਪੁਰ ਪੁਜੇ। ਦੋਹਾਂ ਧਿਰਾਂ ਵਿਚ ਘੋਰ ਯੁੱਧ ਹੋਇਆ। ਸ਼ਿਵ ਤੇ ਲੜਾਈ ਦਾ ਦੇਵਤਾ ਸਕੰਦ ਦੋਵੇਂ ਬਾਣ ਵਲੋਂ ਲੜੇ। ਕ੍ਰਿਸ਼ਨ ਨੇ ਸ਼ਿਵ ਨੂੰ, ਅਤੇ ਗਰੁੜ ਤੇ ਪ੍ਰਦਯੁਮਨ ਨੇ ਸਕੰਦ ਨੂੰ ਜ਼ਖ਼ਮੀ ਕਰ ਦਿਤਾ ਅਤੇ ਬਾਣ ਨੂੰ ਬੰਦੀ ਬਣਾ ਲਿਆ। ਪਰ ਸ਼ਿਵ ਦੇ ਕਹਿਣ ਉਤੇ ਕ੍ਰਿਸ਼ਨ ਨੇ ਉਸ ਦੀ ਜਾਨ ਬਖ਼ਸ਼ ਦਿਤੀ। ਕ੍ਰਿਸ਼ਨ ਅਨਿਰੁਧ ਨੂੰ ਊਸ਼ਾ ਸਮੇਤ ਦਵਾਰਕਾ ਨਗਰੀ ਲੈ

ਆਇਆ। ਇਨ੍ਹਾਂ ਦੋਹਾਂ ਦੇ ਜੋ ਪੁੱਤਰ ਜੰਮਿਆ ਉਸ ਦਾ ਨਾਂ ਵਜ੍ਰ ਸੀ। (ਵੇਖੋ : ਊਸ਼ਾ)

ਅਨਿਰੁਧ ਤੇ ਊਸ਼ਾ ਦੀ ਪ੍ਰੀਤ ਕਥਾ ਦੀਆਂ ਕਈ ਰੂੜੀਆਂ ਸੱਸੀ ਪੁੰਨੂੰ ਨਾਲ ਮੇਲ ਖਾਂਦੀਆਂ ਹਨ ਅਤੇ ਦੋਹਾਂ ਵਿਚ ਇਹ ਮੇਲ ਸਹਿਜ-ਸੁਤੰਤਰ ਨਹੀਂ ਕਿਹਾ ਜਾ ਸਕਦਾ। (ਵੇਖੋ : ਸੱਸੀ ਪੁੰਨੂੰ)

(ਅ-334) **ਅਨਿਲ ਕੁਮਾਰ :**

ਅਨਿਲ (ਪੌਣ) ਦਾ ਪੁੱਤਰ, ਹਨੂੰਮਾਨ। (ਵੇਖੋ : ਹਨੂੰਮਾਨ)

(ਅ-335) **ਅਨੁਸ਼ਠਾਨ :**

ਲੋਕਧਾਰਾ ਵਿਚ ਅਨੁਸ਼ਠਾਨ ਇਕ ਪ੍ਰੀਭਾਸ਼ਕ ਸ਼ਬਦ ਹੈ। ਇਸ ਦਾ ਪੰਜਾਬੀ ਵਿਚ ਸਮਾਨਾਰਥਕ ਸ਼ਬਦ ਰਹੁ-ਰੀਤ ਹੈ। ਵਿਉਤਪਤੀ ਦੇ ਆਧਾਰ ਉਤੇ, ਅਨੁਸ਼ਠਾਨ ਦੇ ਅਰਥ ਕਿਸੇ ਕਾਰਜ ਨੂੰ ਆਰੰਭ ਕਰਨਾ ਹੈ, ਪਰ ਰੂੜ੍ਹ ਰੂਪ ਵਿਚ ਇਸ ਸ਼ਬਦ ਨੇ ਕਈ ਅਰਥ ਗ੍ਰਹਿਣ ਕਰ ਲਏ ਹਨ। ਹਿੰਦੀ ਕੋਸ਼ਾਂ ਵਿਚ ਅਨੁਸ਼ਠਾਨ ਦੇ ਪ੍ਰਮੁਖ ਚਾਰ ਅਰਥ ਮਿਲਦੇ ਹਨ :—

(1) ਕਿਸੇ ਕਾਰਜ ਦਾ ਆਰੰਭਣਾ
(2) ਨੇਮ ਪੂਰਵਕ ਕੋਈ ਕਾਰਜ ਕਰਨਾ
(3) ਸ਼ਾਸਤ੍ਰੀ ਵਿਧੀ ਅਨੁਸਾਰ ਕਿਸੇ ਕਾਰਜ ਨੂੰ ਕਰਨਾ
(4) ਫਲ ਦੀ ਪ੍ਰਾਪਤੀ ਲਈ ਕਿਸੇ ਦੇਵਤੇ ਦੀ ਅਰਾਧਨਾ।

ਤੀਜੇ ਤੇ ਚੌਥੇ ਅਰਥ ਦਾ ਸਬੰਧ ਰੀਤਾਂ, ਸੰਸਕਾਰਾਂ, ਪਰੰਪਰਾਗਤ ਰੂਪ ਵਿਚ ਪ੍ਰਚਲਤ ਕਰਮ-ਕਾਂਡਾਂ ਤੇ ਧਾਰਮਿਕ ਕਰਮਾਂ ਨਾਲ ਹੈ; ਲੋਕਧਾਰਾ ਵਿਚ ਅਨੁਸ਼ਠਾਨ ਪਦ ਇਸੇ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ। ਅਨੁਸ਼ਠਾਨ ਸ਼ਬਦ ਦਾ ਪ੍ਰਯੋਗ ਤੰਤਰ ਸ਼ਾਸਤ੍ਰ ਵਿਚ ਵੀ ਹੁੰਦਾ ਹੈ, ਪਰ ਤੰਤਰ ਸ਼ਾਸਤ੍ਰ ਅਨੁਸਾਰ ਮੰਤ੍ਰਾਂ ਦਾ ਵਿਧੀ ਪੂਰਵਕ ਜਾਪ ਅਨੁਸ਼ਠਾਨ ਹੈ।

ਅਨੁਸ਼ਠਾਨ ਬੜਾ ਵਿਸਤ੍ਰਿਤ ਸ਼ਬਦ ਹੈ ਜਿਸ ਕਰ ਕੇ ਜੀਵਨ ਦੀਆਂ ਉਹ ਸਾਰੀਆਂ ਕਿਰਿਆਵਾਂ ਜਿਨ੍ਹਾਂ ਦਾ ਆਧਾਰ ਧਰਮ ਜਾਂ ਲੋਕ-ਵਿਸ਼ਵਾਸ਼ ਦੀਆਂ ਰੂੜ੍ਹੀਆਂ ਹਨ, ਇਸ ਦੇ ਅੰਤਰਗਤ ਆ ਜਾਂਦੀਆਂ ਹਨ। ਡਾ: ਕਰਨੈਲ ਸਿੰਘ ਥਿੰਦ (ਲੋਕਯਾਨ, 162) ਅਨੁਸਾਰ ਅਨੁਸ਼ਠਾਨ ਪਰੰਪਰਾਗਤ ਰੂਪ ਵਿਚ ਪ੍ਰਚਲਤ ਕਰਮ-ਕਾਂਡਾਂ, ਰਹੁ-ਰੀਤਾਂ, ਪੂਜਾ ਵਿਧੀਆਂ, ਪੁਰਵਾਂ, ਵਰਤਾਂ, ਪ੍ਰਥਾਵਾਂ ਅਤੇ ਸੰਸਕਾਰਾਂ ਆਦਿ ਦਾ ਸਮੂਹ ਹੈ, ਜਿਨ੍ਹਾਂ ਨਾਲ ਜਨ-ਸਾਧਾਰਣ ਦੀ ਭਾਵਨਾ ਜੁੜੀ ਹੋਈ ਹੁੰਦੀ ਹੈ। ਇਨ੍ਹਾਂ ਅਰਥਾਂ ਵਿਚ ਅਨੁਸ਼ਠਾਨ ਤੇ ਲੋਕ-ਧਰਮ ਇਕ ਸੀਮਾ ਉਤੇ ਜਾ ਜੁੜਦੇ ਹਨ। ਲੋਕ-ਧਰਮ ਦੀ ਹਰ ਕਿਰਿਆ ਅਨੁਸ਼ਠਾਨ ਹੈ ਅਤੇ ਅਨੁਸ਼ਠਾਨ ਦਾ ਹਰ ਸੰਕਲਪ ਲੋਕ-ਧਰਮ। ਇਹ ਦੋਵੇਂ ਇਕ ਦੂਜੇ ਵਿਚ ਓਤਪੋਤ ਹਨ। ਇਸੇ ਲਈ ਡਾ: ਥਿੰਦ ਨੇ ਲੋਕ-ਧਰਮ ਨੂੰ ਅਨੁਸ਼ਠਾਨ ਦਾ ਹੀ ਪ੍ਰਤਿ ਸ਼ਬਦ ਦਸਿਆ ਹੈ।

ਅਨੁਸ਼ਠਾਨਾਂ ਨਾਲ ਭਾਵਨਾ ਦਾ ਜੁੜਿਆ ਹੋਣਾ ਜ਼ਰੂਰੀ ਹੈ। ਜੇ ਅਨੁਸ਼ਠਾਨਾਂ ਨਾਲ ਲੌਕਿਕ ਭਾਵਨਾ ਜੁੜੀ ਹੋਵੇ ਤਾਂ ਇਹ ਸਮਾਜਿਕ ਜੀਵਨ ਦਾ ਅੰਗ ਹੁੰਦੇ ਹਨ ਅਤੇ ਜੇ ਧਾਰਮਿਕ ਭਾਵਨਾ ਜੁੜੀ ਹੋਵੇ ਤਾਂ ਇਹ ਧਰਮ ਦਾ ਅੰਗ। ਧਾਰਮਿਕ ਅਨੁਸ਼ਠਾਨਾਂ ਵਿਚ ਆਸਥਾ ਹੁੰਦੀ ਹੈ, ਜਦੋਂ ਆਸਥਾ ਨਾ ਰਹੇ ਤਾਂ ਉਹ ਫੋਕਟ ਕਰਮ ਬਣ ਜਾਂਦੇ ਹਨ। ਸਮਾਜਿਕ ਅਨੁਸ਼ਠਾਨਾਂ ਵਿਚ ਭਾਵਨਾ ਹੁੰਦੀ ਹੈ, ਜਦੋਂ ਭਾਵਨਾ ਨਹੀਂ ਰਹਿੰਦੀ ਤਾਂ ਉਹ ਅੰਧ-ਵਿਸ਼ਵਾਸ਼ ਬਣ ਜਾਂਦੇ ਹਨ।

ਪੰਜਾਬੀ ਵਿਚ ਅਨੁਸ਼ਠਾਨ ਲਈ ਰਹੁ-ਰੀਤ ਸ਼ਬਦ ਦਾ ਪ੍ਰਯੋਗ ਹੁੰਦਾ ਹੈ, ਇਸ ਲਈ ਅਨੁਸ਼ਠਾਨ ਉਤੇ ਵਿਸਤ੍ਰਿਤ ਵਿਚਾਰ 'ਰਹੁ-ਰੀਤ' ਸ਼ਬਦ ਹੇਠ ਕੀਤਾ ਗਿਆ ਹੈ। (ਵੇਖੋ : ਰਹੁ-ਰੀਤ)

(ਅ-336) **ਅਨੁਕਰਣੀ ਟੂਣਾ :**
(Imitative Magic)

ਜਾਦੂ ਟੂਣੇ ਦੀ ਇਕ ਸ਼ੈਲੀ ਜੋ ਨਕਲ ਅਤੇ 'ਅਨੁਰੂਪ ਤੋਂ ਅਨੁਰੂਪ' ਦੇ ਸਿਧਾਂਤ ਉਤੇ ਆਧਾਰਤ ਹੈ। ਕਿਸੇ ਪ੍ਰਤੱਖ ਵਸਤੂ ਜਾਂ ਦ੍ਰਿਸ਼ਟਮਾਨ ਨੂੰ ਦੂਜੇ ਮਾਧਿਅਮ ਦੁਆਰਾ ਪ੍ਰਗਟ ਕਰਨ ਦੀ ਕ੍ਰਿਆ ਨੂੰ ਅਨੁਕਰਣ ਕਿਹਾ ਜਾਂਦਾ ਹੈ। ਅਨੁਕਰਣੀ ਟੂਣੇ ਵਿਚ ਕਿਸੇ ਵਸਤੂ ਦੀ ਨਕਲ ਜਾਂ ਦ੍ਰਿਸ਼ਟਮਾਨ ਦੇ ਸਵਾਂਗ ਦੇ ਮਾਧਿਅਮ ਦੁਆਰਾ ਟੂਣਾ ਕੀਤਾ ਜਾਂਦਾ

ਹੈ। ਇਸ ਟੂਣਾ-ਚਿੰਤਨ ਅਨੁਸਾਰ ਜੇ ਦੁਸ਼ਮਣ ਦੀ ਮੂਰਤ ਬਣਾ ਕੇ ਉਸ ਨੂੰ ਕਸ਼ਟ ਦਿਤੇ ਜਾਣ ਤਾਂ ਸਾਰੇ ਕਸ਼ਟ ਉਹੋ ਆਦਮੀ ਭੋਗਦਾ ਹੈ, ਜਿਸ ਦੀ ਉਹ ਮੂਰਤ ਹੈ। ਇਸ ਮੂਰਤ ਦੇ ਨਸ਼ਟ ਹੋਣ ਨਾਲ ਮੂਲ ਵਿਅਕਤੀ ਵੀ ਬਰਬਾਦ ਹੋ ਜਾਂਦਾ ਹੈ। ਮਧਕਾਲ ਵਿਚ ਇਹ ਜਾਦੂ ਆਮ ਪ੍ਰਚਲਤ ਸੀ। ਜਦੋਂ ਕੋਈ ਸ਼ਖ਼ਸ ਟੂਣੇ ਦੁਆਰਾ ਆਪਣੇ ਵੈਰੀ ਨੂੰ ਨੁਕਸਾਨ ਪਹੁੰਚਾਣਾ ਚਾਹੁੰਦਾ ਤਾਂ ਉਸ ਦੀ ਸ਼ਕਲ ਦਾ ਲਕੜੀ ਜਾਂ ਮੋਮ ਦਾ ਪੁਤਲਾ ਬਣਾ ਕੇ, ਮੰਤ੍ਰਾਂ ਨੂੰ ਉਚਾਰਦਿਆਂ ਉਸ ਪੁਤਲੇ ਵਿਚ ਸੂਈਆਂ ਅਥਵਾ ਤੀਰ ਚੋਭਦਾ। ਧਾਰਨਾ ਅਨੁਸਾਰ ਇਸ ਤਰ੍ਹਾਂ ਦੁਸ਼ਮਣ ਤੜ੍ਹਪ ਤੜ੍ਹਪ ਕੇ ਮਰ ਜਾਂਦਾ। ਕਈ ਵਾਰ ਦੁਸ਼ਮਣ ਦਾ ਗੁੱਡਾ ਬਣਾ ਕੇ ਅੱਗ ਵਿਚ ਸਾੜ ਦਿਤਾ ਜਾਂਦਾ। ਵਿਰੋਧੀਆਂ ਦਾ ਗੁੱਡਾ (ਪੁਤਲਾ) ਸਾੜਨ ਦਾ ਰਿਵਾਜ ਹੁਣ ਤਕ ਪ੍ਰਚਲਤ ਹੈ। ਹੇਠਲਾ ਟੱਪਾ ਇਸੇ ਟੂਣੇ ਵਲ ਸੰਕੇਤ ਕਰਦਾ ਹੈ :—

ਸਾਡਾ ਲਕੜੀ ਦਾ ਸ਼ਾਹ
ਅਸਾਂ ਕਰਨਾ ਸਵਾਹ

ਅਨੁਕਰਣੀ ਟੂਣਾ, ਸ਼ੁਭ ਇਰਾਦੇ ਨਾਲ ਵੀ, ਕਿਸੇ ਚੰਗੇ ਮੰਤਵ ਦੀ ਸਿੱਧੀ ਲਈ ਕੀਤਾ ਜਾਂਦਾ ਹੈ। ਨਿਰਸੰਤਾਨ ਤੀਵੀਂ ਕਪੜੇ ਦਾ ਬਾਵਾ ਬਣਾ ਕੇ ਉਸ ਨੂੰ ਗੋਦ ਵਿਚ ਲੈਂਦੀ, ਦੁੱਧ ਚੁੰਘਾਂਦੀ ਤੇ ਲੋਰੀਆਂ ਦੇ ਕੇ ਸੁਲਾਣ ਦੀ ਕਿਰਿਆ ਕਰਦੀ ਹੈ। ਟੂਣਾ ਚਿੰਤਨ ਅਨੁਸਾਰ ਇਸ ਤਰ੍ਹਾਂ ਉਸ ਨੂੰ ਛੇਤੀ ਗਰਭ ਠਹਿਰ ਜਾਂਦਾ ਹੈ। ਔੜ ਦੇ ਦਿਨੀਂ ਜਦੋਂ ਮੀਂਹ ਨਹੀਂ ਵਸਦਾ ਤਾਂ ਲੋਕੀਂ ਇਕੱਠੇ ਹੋ ਕੇ ਇਕ ਦੂਜੇ ਉਤੇ ਇਸ ਆਸ ਨਾਲ ਪਾਣੀ ਸੁਟਦੇ ਹਨ ਕਿ ਇੰਦਰ ਦੇਵਤਾ ਵੀ ਉਨ੍ਹਾਂ ਉਤੇ ਪਾਣੀ ਸੁੱਟੇਗਾ ਅਤੇ ਮੀਂਹ ਵਸੇਗਾ।

ਆਦਿਮ ਜਾਤੀਆਂ ਵਿਚ ਅਨੁਕਰਣੀ ਟੂਣਾ ਬੜਾ ਪ੍ਰਸਿਧ ਸੀ। ਪ੍ਰਾਚੀਨ ਕਾਲ ਵਿਚ ਜਦੋਂ ਮਨੁੱਖ ਸ਼ਿਕਾਰ ਲਈ ਜਾਂਦਾ ਸੀ ਤਾਂ ਜਿਸ ਪਸ਼ੂ ਦਾ ਸ਼ਿਕਾਰ ਉਸ ਨੇ ਕਰਨਾ ਹੁੰਦਾ, ਪਹਿਲਾਂ ਉਸ ਦੀ ਮੂਰਤ ਬਣਾ ਕੇ ਤੀਰਾਂ ਨਾਲ ਵਿੰਨ੍ਹਦਾ ਤੇ ਫਿਰ ਸ਼ਿਕਾਰ ਲਈ ਨਿਕਲਦਾ। ਇਸ ਤਰ੍ਹਾਂ ਨਿਸਚਾ ਸੀ ਕਿ ਸ਼ਿਕਾਰ ਸਹਿਜੇ ਹੀ ਹੱਥ ਆ ਜਾਂਦਾ ਹੈ। ਇਸੇ ਭਾਂਤ ਜਦੋਂ ਕਾਫ਼ੀ ਚਿਰ ਮੀਂਹ ਨਾ ਵਰਦਾ ਤਾਂ ਕਬੀਲੇ ਦੇ ਲੋਕ ਜੰਗਲ ਵਿਚ ਕਿਸੇ ਥਾਂ ਇਕਤ੍ਰ ਹੋ ਕੇ ਨਾਚ ਨਚਦੇ, ਕੋਈ ਮੋਰ ਜਾਂ ਡੱਡੂ ਬਣ ਕੇ ਟਰੈਂਕਦਾ ਤੇ ਕੋਈ ਕਣੀਆਂ ਦੀ ਕਿਣਮਿਣ ਦੀ ਆਵਾਜ਼ ਕੱਢਦਾ; ਨੱਚਣ ਵਾਲਿਆਂ ਉਤੇ ਲੋਕ ਪਾਣੀ ਦੇ ਛੱਟੇ ਮਾਰਦੇ। ਲੋਕਾਂ ਦਾ ਨਿਸਚਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਮੀਂਹ ਵਸਣ ਲੱਗਦਾ ਹੈ। (ਵੇਖੋ : ਮੀਂਹ)

ਅਨੁਕਰਣ ਵਿਚ ਹੀ ਕਲਾ ਦੀ ਮੂਲ ਆਤਮਾ ਛੁਪੀ ਪਈ ਹੈ ਅਤੇ ਅਨੁਕਰਣ ਟੂਣੇ ਨੇ ਹੀ ਨ੍ਰਿਤ ਤੇ ਚਿਤ੍ਰ ਆਦਿ ਦੀਆਂ ਕਲਾਵਾਂ ਨੂੰ ਜਨਮ ਦੇ ਕੇ ਵਿਗਸਤ ਕੀਤਾ। (ਵੇਖੋ : ਜਾਦੂ ਟੂਣਾ)

ਲੋਕ-ਕਹਾਣੀਆਂ ਵਿਚ ਅਨੁਕਰਣ ਕਥਾਨਿਕ ਰੂੜ੍ਹੀ ਦੇ ਰੂਪ ਵਿਚ ਉਜਾਗਰ ਹੈ। ਦੇਵ ਨੇ ਆਪਣੇ ਪ੍ਰਾਣ ਕਿਸੇ ਵਸਤੂ ਜਾਂ ਪੰਛੀ ਵਿਚ ਪ੍ਰਵਿਰਤ ਕੀਤੇ ਹੁੰਦੇ ਹਨ। ਨਾਇਕ ਉਸ ਪੰਛੀ ਨੂੰ ਢੂੰਡ ਕੇ ਜਦੋਂ ਉਸ ਦੀ ਲੱਤ ਭੰਨਦਾ ਹੈ ਤਾਂ ਦੇਵ ਦੀ ਲੱਤ ਟੁੱਟ ਜਾਂਦੀ ਹੈ। ਜਦੋਂ ਪੰਛੀ ਦੀਆਂ ਅੱਖਾਂ ਵਿਚ ਉਹ ਸੂਈ ਚੋਭਦਾ ਹੈ ਤਾਂ ਦੇਵ ਕਾਣਾ ਹੋ ਜਾਂਦਾ ਹੈ। ਇਸੇ ਤਰਾਂ ਜਦੋਂ ਉਹ ਪੰਛੀ ਨੂੰ ਸਮੂਲੜਾ ਮਾਰ ਦਿੰਦਾ ਹੈ ਤਾਂ ਦੇਵ ਵੀ ਸਹਿਜ ਰੂਪ ਵਿਚ ਪ੍ਰਾਣ ਤਿਆਗ ਦਿੰਦਾ ਹੈ।

## (ਅ-337) ਅਨੁਮਤੀ :

ਚਾਨਣ ਪੱਖ ਦੇ ਚੰਦ੍ਰਮੇ ਦੀ ਪੰਦਰ੍ਹਵੀਂ ਤਿੱਥ; ਇਸ ਤਿੱਥ ਨੂੰ, ਦੇਵੀ ਦੇ ਰੂਪ ਵਿਚ ਮਾਨਵੀਕਰਣ ਕਰ ਕੇ, ਪੂਜਿਆ ਜਾਂਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਅਨੁਮਤੀ ਅੰਗਿਰਾ ਦੀ ਪੁਤ੍ਰੀ ਅਤੇ ਚੰਦ੍ਰਮੇ ਦੀ ਪਤਨੀ ਹੈ। ਅਨੁਮਤੀ ਤਿੱਥ ਨੂੰ ਚੰਦ੍ਰਮਾ ਸੰਪੂਰਨ ਚੰਦ੍ਰਮੇ ਤੋਂ ਥੋੜ੍ਹਾ ਜਿਹਾ ਘਟ ਹੁੰਦਾ ਹੈ।

## (ਅ-338) ਅਨੁਰਾਧਾ :

ਇਕ ਨਛਤ੍ਰ ਜੋ ਜੋਤਿਸ਼ ਵਿੱਦਿਆ ਅਨੁਸਾਰ ਬੜਾ ਸ਼ੁਭ ਹੈ। ਇਸ ਨਛਤ੍ਰ ਹੇਠ ਯਾਤ੍ਰਾ ਕਰਨ ਵਾਲੇ ਨੂੰ ਸਦਾ ਸਫਲਤਾ ਮਿਲਦੀ ਹੈ। ਕੁੜਮਾਈ ਤੇ ਵਿਆਹ ਆਦਿ ਮੰਗਲ ਕਾਰਜਾਂ ਵਾਸਤੇ ਵੀ ਇਹ ਨਛਤ੍ਰ ਕਲਿਆਨੀ ਹੈ। ਹਿੰਦੂਆਂ ਵਿਚ ਵਿਆਹ ਦਾ ਮਹੂਰਤ ਕੱਢਣ ਵੇਲੇ ਇਸ ਨਛਤ੍ਰ ਨੂੰ ਖ਼ਾਸ ਤੌਰ ਤੇ ਧਿਆਨ ਵਿਚ ਰਖਿਆ ਜਾਂਦਾ ਹੈ।

ਲੋਕ ਧਾਰਨਾ ਹੈ ਕਿ ਜਿਸ ਸ਼ਖ਼ਸ ਦੀ ਸਗਾਈ ਤੇ ਵਿਆਹ ਦੇ ਦੋਵੇਂ ਸੰਸਕਾਰ ਇਸੇ ਨਛਤ੍ਰ ਵਿਚ ਹੋਏ ਹੋਣ, ਉਸ ਦਾ ਜੇਠਾ ਬਾਲ ਨਰ ਹੁੰਦਾ ਹੈ। ਪਾਣਿਨੀ ਨੇ 'ਅਸ਼ਟਾਧਿਆਈ' ਵਿਚ 'ਅਨੁਰਾਧਾ ਨਛਤ੍ਰ ਵਿਚ ਜਨਮ' ਨਾਲ ਜੁੜੇ ਵਿਚਾਰਾਂ ਦਾ ਜ਼ਿਕਰ ਵੇਰਵੇ ਨਾਲ ਕੀਤਾ ਹੈ।

(ਅ-339) **ਅਨੁਰੂਪ ਤੋਂ ਅਨੁਰੂਪ** :

ਜਾਦੂ ਟੂਣੇ ਦਾ ਇਕ ਸਿਧਾਂਤ ਜੋ ਅਨੁਕਰਣੀ ਟੂਣੇ ਦੇ ਅੰਤਰਗਤ ਆਉਂਦਾ ਹੈ। ਇਸ ਟੂਣੇ ਦਾ ਆਧਾਰ ਇਹ ਹੈ ਕਿ ਕਿਸੇ ਮਨੋਰਥ ਦੀ ਸਿੱਧੀ ਲਈ ਉਸ ਦੀ ਹੋਂਦ ਦੇ ਆਸਾਰ ਪੈਦਾ ਕੀਤੇ ਜਾਣ। ਜੇ ਮੀਂਹ ਦੀ ਚੇਸ਼ਟਾ ਹੋਵੇ ਤਾਂ ਲੋਕੀਂ ਰਲ ਕੇ ਮੀਂਹ ਦੇ ਵੱਸਣ ਦਾ ਅਨੁਕਰਣ ਕਰਨ ਅਤੇ ਇਕ ਦੂਜੇ ਉਤੇ ਪਾਣੀ ਸੁੱਟਣ । ਇਸੇ ਤਰ੍ਹਾਂ ਨਿਰਸੰਤਾਨ ਤੀਵੀਂ ਸੰਤਾਨ ਵਾਲੀ ਤੀਵੀਂ ਵਾਂਗ ਨਕਲ ਕਰਦੀ ਹੋਈ ਕਪੜੇ ਦੀ ਗੁੱਡੀ ਨੂੰ ਬੱਚਾ ਜਾਣ ਕੇ ਪਾਲੇ, ਇਤਿਆਦਿ। (ਵੇਖੋ : ਅਨੁਕਰਣੀ ਟੂਣਾ)

(ਅ-340) **ਅਨੁਲੋਮ** :

ਆਪਣੇ ਵਰਣ ਤੋਂ ਹੇਠਲੇ ਵਰਣ ਵਿਚ ਕੀਤਾ ਵਿਆਹ; ਜਿਹਾ ਕਿ ਬ੍ਰਾਹਮਣ ਦਾ ਕਿਸੇ ਕਛੱਤ੍ਰੀ, ਵੈਸ਼ ਜਾਂ ਸ਼ੂਦਰ ਦੀ ਕੰਨਿਆਂ ਨਾਲ ਵਿਆਹ ਕਰਨਾ । ਇਸ ਦੇ ਉਲਟ ਆਪਣੇ ਨਾਲੋਂ ਉਤਲੇ ਵਰਣ ਦੀ ਕੰਨਿਆਂ ਨਾਲ ਵਿਆਹ ਪ੍ਰਤਿਲੋਮ ਅਖਵਾਉਂਦਾ ਹੈ । ਅਨੁਲੋਮ ਤੋਂ ਉਤਪੰਨ ਸੰਤਾਨ ਦੇ ਸਬੰਧ ਵਿਚ ਸ਼ਾਸਤ੍ਰਾਂ ਵਿਚ ਵਿਭਿੰਨ ਮੱਤ ਮਿਲਦੇ ਹਨ । ਮਨੂ ਅਨੁਸਾਰ ਅੰਬਸ਼ਠ, ਨਿਸ਼ਾਦ ਤੇ ਉਗਰ ਜਾਤੀਆਂ ਅਨੁਲੋਮ ਵਿਆਹਾਂ ਤੋਂ ਉਤਪੰਨ ਹੋਈਆਂ ਹਨ। (ਵੇਖੋ : ਅੰਬਸ਼ਠ) ਅਨੁਲੋਮ ਵਿਆਹ ਤੋਂ ਉਤਪੰਨ ਹੋਈ ਔਲਾਦ ਨੂੰ ਅਨੁਲੋਮਜ਼ ਕਹਿੰਦੇ ਹਨ।

(ਅ-341) **ਅਨੂ** :

ਯਯਾਤੀ ਦਾ ਪੁੱਤਰ ਜੋ ਦੈਂਤ ਰਾਜਕੁਮਾਰੀ ਸਰਮਿਸ਼ਠਾ ਦੇ ਉਦਰ ਤੋਂ ਜੰਮਿਆ। ਯਯਾਤੀ ਨੇ ਆਪਣੀ ਦੂਜੀ ਪਤਨੀ ਦੇਵਯਾਨੀ ਨਾਲ ਬੇਵਫ਼ਾਈ ਕੀਤੀ ਜਿਸ ਕਰ ਕੇ ਦੇਵਯਾਨੀ ਦੇ ਪਿਉ ਸ਼ੁਕ੍ਰ ਨੇ ਯਯਾਤੀ ਨੂੰ ਬੁੱਢੇ ਹੋਣ ਦਾ ਸਰਾਪ ਦਿਤਾ। ਪਿਛੋਂ ਦੇਵਯਾਨੀ ਦੇ ਕਹਿਣ ਉਤੇ ਸ਼ੁਕ੍ਰ ਨੇ ਇਹ ਸਰਾਪ ਨਰਮ ਕਰਦਿਆਂ ਕਿਹਾ ਕਿ ਜੇ ਯਯਾਤੀ ਦਾ ਕੋਈ ਪੁਤ੍ਰ ਉਸ ਦੀ ਥਾਂ ਬੁੱਢਾ ਹੋਣਾ ਸਵੀਕਾਰ ਕਰ ਲਏ ਤਾਂ ਯਯਾਤੀ ਨੂੰ, ਉਸ ਪੁੱਤਰ ਦੀ ਜਵਾਨੀ, ਬਦਲੇ ਵਿਚ ਮਿਲ ਜਾਵੇਗੀ। ਯਯਾਤੀ ਨੇ ਆਪਣਾ ਬੁਢੇਪਾ ਅਨੂ ਦੀ ਜਵਾਨੀ ਨਾਲ ਵਟਾਉਣ ਦੀ ਇੱਛਾ ਪ੍ਰਗਟ ਕੀਤੀ, ਪਰ ਅਨੂ ਇਸ ਗੱਲ ਲਈ ਰਜ਼ਾਮੰਦ ਨਾ ਹੋਇਆ। ਸੋ ਯਯਾਤੀ ਨੇ ਅਨੂ ਨੂੰ ਸਰਾਪ ਦਿਤਾ ਕਿ ਉਸ ਦੀ ਵੰਸ਼ ਸਦਾ ਦੁਖ ਸੰਤਾਪ ਵਿਚ ਰਹੇਗੀ, ਪਰ ਇਸ ਦੇ ਉਲਟ ਅਨੂ ਦੀ ਵੰਸ਼ ਬੜੀ ਵਧੀ ਫੁਲੀ। (ਵੇਖੋ : ਯਯਾਤੀ)

(ਅ-342) **ਅਨੂਰਮਿ** :

ਅਠਾਰਾਂ ਸਿਧੀਆਂ ਵਿਚੋਂ ਇਕ ਸਿਧੀ, ਜਿਸ ਦੀ ਪ੍ਰਾਪਤੀ ਨਾਲ ਜੋਗੀ ਨੂੰ ਭੁੱਖ ਤੇ ਤ੍ਰੇਹ ਆਦਿ ਨਹੀਂ ਲੱਗਦੀ ਅਤੇ ਉਹ ਕਾਫ਼ੀ ਸਮੇਂ ਤਕ ਨਿਰਾਹਾਰ ਰਹਿ ਸਕਦਾ ਹੈ । (ਵੇਖੋ : ਸਿਧੀਆਂ)

(ਅ-343) **ਅਪਸ਼ਗਨ** :

(ਵੇਖੋ : ਸ਼ਗਨ-ਅਪਸ਼ਗਨ)

(ਅ-344) **ਅਪਸਾਨ** :

ਮੁਰਦੇ ਨੂੰ ਦੱਬਣ ਜਾਂ ਫੂਕਣ ਮਗਰੋਂ ਸਰੀਰ ਦੀ ਸ਼ੁੱਧੀ ਲਈ ਨਦੀ ਨਾਲੇ/ਟੋਭੇ ਉਤੇ ਕੀਤਾ ਇਸ਼ਨਾਨ। ਲੋਕ-ਨਿਸਚੇ ਅਨੁਸਾਰ ਮ੍ਰਿਤਕ ਨਾਲ ਸੰਬੰਧਿਤ ਰੀਤਾਂ ਵਿਚ ਸ਼ਾਮਲ ਹੋਣ ਨਾਲ ਪਾਤਕ ਦੀ ਭਿੱਟ ਹੋ ਜਾਂਦੀ ਹੈ ਜੋ ਉਦੋਂ ਤਕ ਨਹੀਂ ਉਤਰਦੀ ਜਦੋਂ ਤਕ ਇਸ਼ਨਾਨ ਨਾ ਕਰ ਲਿਆ ਜਾਵੇ। ਸਨਾਤਨੀ ਵਿਚਾਰਾਂ ਦੇ ਲੋਕ ਤਾਂ ਇਸ਼ਨਾਨ ਮਗਰੋਂ ਗੰਗਾ ਜਲੀ ਦੇ ਛੱਟੇ ਮਾਰੇ ਬਿਨਾਂ ਆਪਣੇ ਘਰ ਵਿਚ ਪੈਰ ਨਹੀਂ ਧਰਦੇ। ਜੇ ਸ਼ਮਸ਼ਾਨ ਘਾਟ ਵਿਚ ਪਾਣੀ ਦਾ ਪ੍ਰਬੰਧ ਨਾ ਹੋਵੇ ਅਤੇ ਨਾ ਹੀ ਰਾਹ ਵਿਚ ਕੋਈ ਟੋਭਾ ਪੈਂਦਾ ਹੋਵੇ ਤਾਂ ਅਰਥੀ ਨਾਲ ਗਏ ਲੋਕ ਘਰ ਦੀ ਦਲ੍ਹੀਜ ਉਦੋਂ ਤਕ

ਨਹੀਂ ਟਪਦੇ ਜਦੋਂ ਤਕ ਘਰ ਦਾ ਕੋਈ ਜੀਅ ਉਨ੍ਹਾਂ ਉਤੇ ਪਾਣੀ ਦੇ ਸਤ ਛੱਟੇ ਨਾ ਮਾਰੇ।

ਤੀਵੀਂ ਦੀ ਮੌਤ ਉਤੇ, ਅਪਸਾਨ ਵੇਲੇ, ਜੇ ਕੋਈ ਸ਼ਖ਼ਸ ਉਸ ਦੇ ਪਤੀ ਦੀ ਗਿੱਲੀ ਕੱਛ, ਧੋਤੀ ਅਥਵਾ ਪਰਨਾ ਚੁਕ ਕੇ ਨਚੋੜ ਦੇਵੇ ਤਾਂ ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਉਹ ਸ਼ਖ਼ਸ ਆਪਣੀ ਕੰਨਿਆਂ ਉਸ ਨੂੰ ਵਿਆਹੁਣਾ ਚਾਹੁੰਦਾ ਹੈ। ਜੇ ਰੰਡਾ ਅੱਗੋਂ ਹੱਥ ਰੋਕ ਲਏ ਤਾਂ ਇਹ ਅਪਰਵਾਨਗੀ ਦਾ ਸੰਕੇਤ ਹੈ। ਜੇ ਉਹ ਨਾ ਰੋਕੇ ਤਾਂ ਵਿਆਹ ਲਈ ਰਜ਼ਾਮੰਦੀ ਸਮਝੀ ਜਾਂਦੀ ਹੈ।

(ਅ-345) **ਅਪਸੁੰਦ** :

ਇਕ ਅਸੁਰ; (ਵੇਖੋ : ਉਪਸੁੰਦ)।

(ਅ-346) **ਅਪੱਛਰਾਂ** :

ਇੰਦਰਪੁਰੀ ਵਿਚ ਨਿਵਾਸ ਕਰਨ ਵਾਲੀਆਂ ਮਨਮੋਹਣੀਆਂ ਇਸਤ੍ਰੀਆਂ; ਅਪੱਛਰਾ ਲਈ ਜਲ-ਪਰੀ ਪਦ ਵੀ ਵਰਤ ਲਿਆ ਜਾਂਦਾ ਹੈ; 'ਅਪਸਰਾ' ਦਾ ਸ਼ਾਬਦਿਕ ਅਰਥ ਹੈ—'ਜਲ ਵਿਚੋਂ ਨਿਕਲਣ ਵਾਲੀ'। ਵੇਦਾਂ ਵਿਚ ਕਈ ਥਾਈਂ ਅਪੱਛਰਾਂ ਪਦ ਦਾ ਉਲੇਖ ਹੈ, ਪਰ ਵੇਦਾਂ ਵਿਚ ਇਹ ਪ੍ਰਕ੍ਰਿਤੀ ਦੀਆਂ ਜੀਵ-ਆਤਮਾਵਾਂ (Nature-spirits) ਦਾ ਮਾਨਵੀਕਰਣ ਹਨ ਅਤੇ ਉਨ੍ਹਾਂ ਦਾ ਸੰਬੰਧ ਉਪਜਾਇਕਤਾ ਦੀ ਸ਼ਕਤੀ ਨਾਲ ਜੁੜਿਆ ਹੋਇਆ ਹੈ।

ਅਪੱਛਰਾ ਦੀ ਉਤਪਤੀ ਬਾਰੇ ਵੀ ਕਈ ਕਥਾਵਾਂ ਪ੍ਰਚਲਤ ਹਨ। ਮਨੂ ਅਨੁਸਾਰ ਅਪੱਛਰਾ ਦੀ ਉਤਪਤੀ ਸਤ ਮਨੂਆਂ ਤੋਂ ਹੋਈ। ਪਰ ਰਾਮਾਇਣ ਅਨੁਸਾਰ ਖੀਰ ਸਾਗਰ ਨੂੰ ਮਥਣ ਸਮੇਂ ਜੋ ਚੌਦਾਂ ਰਤਨ ਸਮੁੰਦਰ ਵਿਚੋਂ ਨਿਕਲੇ, ਉਨ੍ਹਾਂ ਵਿਚੋਂ ਇਕ ਅਪੱਛਰਾ ਸੀ। ਪੁਰਾਣਾਂ ਵਿਚ ਵੀ ਇਸ ਤਰ੍ਹਾਂ ਦੀ ਇਕ ਕਥਾ ਮਿਲਦੀ ਹੈ। ਪੌਰਾਣਿਕ ਕਥਾ ਅਨੁਸਾਰ ਜਦੋਂ ਅਪੱਛਰਾਂ ਸਮੁੰਦਰ ਵਿਚੋਂ ਨਿਕਲੀਆਂ ਤਾਂ ਉਨ੍ਹਾਂ ਨੂੰ ਨਾ ਤਾਂ ਦੇਵਤਿਆਂ ਨੇ ਅਤੇ ਨਾ ਹੀ ਅਸੁਰਾਂ ਨੇ ਪਤਨੀਆਂ ਦੇ ਰੂਪ ਵਿਚ ਗ੍ਰਹਿਣ ਕੀਤਾ, ਜਿਸ ਕਰ ਕੇ ਉਹ ਸਭਨਾਂ ਦੀ ਸਾਂਝੀ ਮਲਕੀਅਤ ਬਣ ਗਈਆਂ। ਪਰ ਕਈ ਗ੍ਰੰਥਾਂ ਵਿਚ ਅਪੱਛਰਾਂ ਨੂੰ ਗੰਧਰਵਾਂ ਦੀਆਂ ਇਸਤ੍ਰੀਆਂ ਮੰਨਿਆ ਗਿਆ ਹੈ।

ਗ੍ਰੰਥਾਂ ਵਿਚ ਅਪੱਛਰਾਂ ਦੀ ਗਿਣਤੀ ਵੀ ਇਕਸਾਰ ਨਹੀਂ ਮਿਲਦੀ। ਰਾਮਾਇਣ ਵਿਚ ਇਨ੍ਹਾਂ ਦੀ ਗਿਣਤੀ ਸੱਠ ਕਰੋੜ ਦਿਤੀ ਗਈ ਹੈ। ਕਾਂਸ਼ੀ ਖੰਡ ਅਨੁਸਾਰ ਅਪੱਛਰਾਂ ਦੀ ਕੁਲ ਸੰਖਿਆ ਪੈਂਤੀ ਕਰੋੜ ਹੈ। ਵਾਯੂ ਪੁਰਾਣ ਵਿਚ ਅਪੱਛਰਾਂ ਦੇ ਚੌਦਾਂ ਅਤੇ ਹਰੀਵੰਸ਼ ਵਿਚ ਸੱਤ ਗਣ ਮੰਨੇ ਗਏ ਹਨ। ਅਪੱਛਰਾਂ ਕਈ ਮੁਖ ਤੇ ਉਪ-ਸ਼੍ਰੇਣੀਆਂ ਵਿਚ ਵੰਡੀਆਂ ਹੋਈਆਂ ਹਨ।

ਅਥਰਵ ਵੇਦ (4,38) ਅਨੁਸਾਰ ਅਪੱਛਰਾਂ ਚੌਪਟ ਖੇਡਣ ਦੀਆਂ ਬੜੀਆਂ ਸ਼ੌਕੀਨ ਹਨ। ਇਸੇ ਲਈ ਚੌਪਟ ਦੇ ਸ਼ੌਕੀਨ ਇਨ੍ਹਾਂ ਦੀ ਬਖ਼ਸ਼ਿਸ਼ ਦੇ ਉਚੇਚੇ ਪਾਤਰ ਹਨ। ਆਮ ਤੌਰ ਉਤੇ ਅਪੱਛਰਾਂ ਗੰਧਰਵਾਂ ਦੇ ਨਾਲ ਰਹਿੰਦੀਆਂ; ਉਨ੍ਹਾਂ ਨਾਲ ਪ੍ਰੇਮ ਕਰਦੀਆਂ ਅਤੇ ਉਨ੍ਹਾਂ ਦੀ ਹਰ ਇੱਛਾ ਦੀ ਪੂਰਤੀ ਕਰਦੀਆਂ ਹਨ, ਪਰ ਮਾਤ-ਲੋਕ ਦੇ ਜੀਵਾਂ ਨਾਲ ਵੀ ਇਨ੍ਹਾਂ ਦੀਆਂ ਪ੍ਰੇਮ-ਕਥਾਵਾਂ ਦਾ ਵਰਨਣ ਅਨੇਕ ਥਾਈਂ ਮਿਲਦਾ ਹੈ। ਅਥਰਵ ਵੇਦ ਅਨੁਸਾਰ ਅਪੱਛਰਾਂ ਧਰਤੀ ਉਤੇ ਅੰਜੀਲ ਦੇ ਰੁੱਖਾਂ ਉਤੇ ਨਿਵਾਸ ਕਰਦੀਆਂ ਹਨ। ਇਨ੍ਹਾਂ ਬ੍ਰਿਛਾਂ ਉਤੇ, ਰਾਤ ਵੇਲੇ, ਅਪੱਛਰਾਂ ਦਾ ਮਧੁਰ ਸੰਗੀਤ ਸੁਣਿਆ ਜਾ ਸਕਦਾ ਹੈ। ਰਿਗ ਵੇਦ ਵਿਚ ਉਰਵਸ਼ੀ ਅਪੱਛਰਾ ਦੀ ਕਥਾ ਬੜੀ ਰੌਚਕ ਹੈ। (ਵੇਖੋ : ਉਰਵਸ਼ੀ)

ਅਪੱਛਰਾਂ ਰੂਪ ਤੇ ਸੁਹਜ ਕਰ ਕੇ ਵੀ ਪ੍ਰਸਿਧ ਹਨ। ਇਹ ਸ੍ਵੈ-ਇੱਛਾ ਅਨੁਸਾਰ ਰੂਪ ਬਦਲਣ ਦੀ ਸ਼ਕਤੀ ਵੀ ਰਖਦੀਆਂ ਹਨ। ਅਪੱਛਰਾਂ ਦਾ ਮੂਲ ਨਿਵਾਸ ਅਸਥਾਨ ਇੰਦਰ ਲੋਕ ਹੈ ਅਤੇ ਉਹ ਇੰਦਰ ਦੇ ਅਖਾੜੇ ਦਾ ਸ਼ਿੰਗਾਰ ਹਨ। ਜਿਹੜੇ ਯੋਧੇ ਲੜਾਈ ਵਿਚ ਸ਼ਹੀਦ ਹੋ ਜਾਂਦੇ ਹਨ, ਉਨ੍ਹਾਂ ਨੂੰ ਸਵਰਗ ਪੁਰੀ ਵਿਚ ਅਪੱਛਰਾਂ ਭੇਟ ਕੀਤੀਆਂ ਜਾਂਦੀਆਂ ਹਨ।

ਅਪੱਛਰਾਂ ਨੇ ਆਪਣੀ ਮਨਮੋਹਣੀ ਸੂਰਤ ਤੇ ਚੰਚਲ ਅਦਾਵਾਂ ਨਾਲ ਕਈ ਰਿਸ਼ੀਆਂ ਦੇ ਤੱਪ ਭੰਗ ਕੀਤੇ। ਮਹਾਂਭਾਰਤ ਅਨੁਸਾਰ ਵਿਸ਼ਵਾਮਿਤਰ ਨੇ ਜਦੋਂ ਇਕ ਹਜ਼ਾਰ ਵਰ੍ਹੇ ਘੋਰ ਤਪੱਸਿਆ ਕੀਤੀ ਤਾਂ ਇੰਦਰ ਨੇ ਉਸ ਦਾ ਤਪ ਖੰਡਤ ਕਰਨ ਲਈ

ਮੈਨਕਾ ਨਾਂ ਦੀ ਅਪੱਛਰਾ ਭੇਜੀ। ਇਸੇ ਮੈਨਕਾ ਦੇ ਉਦਰ ਤੋਂ ਸ਼ਕੁੰਤਲਾ ਦਾ ਜਨਮ ਹੋਇਆ। ਅਪੱਛਰਾਂ ਦੀ ਸੁੰਦਰਤਾ ਤੇ ਚੰਚਲ ਅਦਾਵਾਂ ਤੋਂ ਬਚਣਾ ਬੜਾ ਕਠਨ ਹੈ। ਅਥਰਵ ਵੇਦ ਵਿਚ ਕੁਝ ਜੰਤ੍ਰ ਮੰਤ੍ਰ ਤੇ ਟੂਣੇ ਅਪੱਛਰਾਂ ਦੇ ਰੂਪ-ਜਾਲ ਤੋਂ ਬਚਣ ਲਈ ਦਿਤੇ ਮਿਲਦੇ ਹਨ।

ਉਰਵਸ਼ੀ, ਮੈਨਕਾ, ਰੰਭਾ, ਤਿਲੋਤਮਾ ਆਦਿ ਕੁਝ ਕੁ ਮੁਖੀ ਅਪੱਛਰਾਂ ਹਨ, ਜਿਨ੍ਹਾਂ ਬਾਰੇ ਸੰਸਕ੍ਰਿਤ ਵਿਚ ਕਈ ਰੋਚਕ ਕਥਾਵਾਂ ਮਿਲਦੀਆਂ ਹਨ।

(ਅ-347) **ਅਪੱਛਰਾਂ ਕੁੰਡ** :

ਕਾਂਗੜੇ ਦਾ ਇਕ ਕੁੰਡ; ਰਵਾਇਤ ਹੈ ਕਿ ਕਦੇ ਇਸ ਕੁੰਡ ਵਿਚ ਦੇਵ ਲੋਕ ਤੋਂ ਅਪੱਛਰਾਂ ਆ ਕੇ ਇਸ਼ਨਾਨ ਕੀਤਾ ਕਰਦੀਆਂ ਸਨ। ਇਕ ਵਾਰ ਇਕ ਅਪੱਛਰਾ ਇਥੇ ਇਕੱਲੀ ਨਹਾ ਰਹੀ ਸੀ ਕਿ ਉਸ ਦਾ ਰਖਤ (ਕਪੜੇ) ਇਕ ਪਹਾੜੀਏ ਨੇ ਛੁਪਾ ਦਿਤਾ ਜਿਸ ਕਰ ਕੇ ਉਹ ਦੇਵ ਲੋਕ ਨੂੰ ਵਾਪਿਸ ਨਾ ਜਾ ਸਕੀ। ਇਸੇ ਅਪੱਛਰਾ ਨੂੰ ਮਗਰੋਂ ਦੈਵੀਤਵ ਆਰੋਪ ਕੇ ਪੂਜਿਆ ਜਾਣ ਲੱਗਾ। ਇਥੇ ਇਕ ਮੰਦਰ ਵੀ ਹੈ ਜਿਸ ਵਿਚ ਡੇਢ ਕੁ ਹੱਥ ਲੰਮੀ ਮੂਰਤੀ ਸਥਾਪਿਤ ਹੈ। ਇਹ ਮੂਰਤੀ ਉਸੇ ਅਪੱਛਰਾ ਦੀ ਮੰਨੀ ਜਾਂਦੀ ਹੈ।

ਹਿੰਦੂ ਤੀਵੀਆਂ ਇਸ ਮੰਦਰ ਵਿਚ ਸੁਖਣਾ ਸੁਖਦੀਆਂ ਤੇ ਭੇਟਾ ਚੜ੍ਹਾਂਦੀਆਂ ਹਨ। ਨਵੀਂ ਫ਼ਸਲ ਦੇ ਦਾਣੇ ਉਚੇਚੇ ਤੌਰ ਤੇ ਪਹਿਲਾਂ ਇਥੇ ਭੇਟ ਕੀਤੇ ਜਾਂਦੇ ਹਨ। ਕੁੰਡ ਵਿਚ ਇਸ਼ਨਾਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਇਸ ਕੁੰਡ ਦਾ ਪਾਣੀ ਗੁਪਤ ਗੰਗਾ ਵਿਚੋਂ ਆਉਂਦਾ ਹੈ।

(ਅ-348) **ਅਪਰਣਾ** :

(1) ਹਿਮਾਲੀਆ ਦੀ ਜੇਠੀ ਕੰਨਿਆ ਜੋ ਮੇਨਾ ਦੇ ਉਦਰ ਤੋਂ ਜੰਮੀ। ਅਪਰਣਾ ਸ਼ਿਵ ਦੀ ਪਤਨੀ ਸੀ ਅਤੇ ਇਹ ਵਧੇਰੇ ਓਮਾ ਦੇ ਨਾਂ ਨਾਲ ਪ੍ਰਸਿਧ ਹੈ। (ਵੇਖੋ : ਓਮਾ) ਇਹ ਕੁਲ ਤਿੰਨ ਭੈਣਾਂ ਸਨ। ਓਮਾ ਨੇ ਆਪਣੀਆਂ ਦੋਹਾਂ ਭੈਣਾਂ ਏਕਪਰਣਾ ਤੇ ਏਕਪਾਟਲਾ ਸਮੇਤ ਘੋਰ ਤਪੱਸਿਆ ਕੀਤੀ। ਓਮਾ ਦੀਆਂ ਦੋਵੇਂ ਭੈਣਾਂ ਕੇਵਲ ਇਕੋ ਇਕ ਪਾਟਲਾ/ਪਰਣਾ (ਪੱਤਾ) ਖਾ ਕੇ ਤੱਪ ਵਿਚ ਲੀਨ ਰਹਿੰਦੀਆਂ ਸਨ। ਪਰ ਅਪਰਣਾ ਇਕ ਪੱਤਾ ਵੀ ਮੂੰਹ ਨਹੀਂ ਸੀ ਲਗਾਂਦੀ ਜਿਸ ਤੋਂ ਉਸ ਦਾ ਨਾਂ ਅਪਰਣਾ ਪਿਆ। ਅਪਰਣਾ ਦੀ ਮਾਂ ਨੇ ਦੁਖੀ ਹੋ ਕੇ ਉਸ ਨੂੰ ਕਿਹਾ : ੳ — ਮਾ' ਭਾਵ ਇਉਂ ਨਾ ਕਰ, ਜਿਸ ਤੋਂ ਅਪਰਣਾ ਦਾ ਨਾਂ ਓਮਾ ਪੈ ਗਿਆ। (ਵੇਖੋ : ਏਕਪਰਣਾ)

(2) ਕਾਲਕਾ ਪੁਰਾਣ ਅਨੁਸਾਰ ਚੌਂਸਠ ਜੋਗਣੀਆਂ ਵਿਚੋਂ ਇਕ। (ਵੇਖੋ : ਜੋਗਣੀਆਂ)

(ਅ-349) **ਅਪ੍ਰਤਿਹਤ ਗਤੀ** :

ਅਠਾਰਾਂ ਸਿਧੀਆਂ ਵਿਚੋਂ ਇਕ ਸਿਧੀ ਜਿਸ ਸਦਕਾ ਸਿੱਧ ਇੱਛਾ ਅਨੁਸਾਰ ਜਿਥੇ ਚਾਹੇ, ਬਿਨਾਂ ਕਿਸੇ ਰੁਕਾਵਟ ਦੇ ਪਹੁੰਚ ਸਕਦਾ ਹੈ। ਪਰੀ-ਕਹਾਣੀਆਂ ਵਿਚ ਕਈ ਦੇਵ, ਜਿੰਨ ਅਤੇ ਪਰੀਆਂ ਇਹ ਸਿਧੀ ਰਖਦੀਆਂ ਹਨ।

(ਅ-350) **ਅਪਰਾ ਇਕਾਦਸ਼ੀ** :

ਜੇਠ ਮਹੀਨੇ ਦੇ ਹਨੇਰੇ ਪੱਖ ਦੀ ਇਕਾਦਸ਼ੀ; ਲੋਕ-ਧਾਰਨਾ ਅਨੁਸਾਰ ਇਸ ਇਕਾਦਸ਼ੀ ਨੂੰ ਵਿਧੀ ਪੂਰਵਕ ਵਰਤ ਰਖਣ ਨਾਲ ਸਭ ਪਾਪਾਂ ਦਾ ਨਾਸ਼ ਹੁੰਦਾ ਹੈ। ਇਸ ਵਰਤ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :— ਪ੍ਰਾਚੀਨ ਕਾਲ ਵਿਚ ਇਕ ਬ੍ਰਾਹਮਣ ਨੂੰ, ਉਸ ਦੇ ਖੋਟੇ ਕਰਮਾਂ ਕਾਰਨ, ਜਾਤੀ ਵਿਚੋਂ ਛੇਕ ਦਿਤਾ ਗਿਆ ਤੇ ਉਹ ਮਜਬੂਰ ਹੋ ਕੇ ਜੰਗਲ ਵਿਚ ਰਹਿਣ ਲੱਗਾ। ਇਕ ਦਿਨ ਉਹ ਜੰਗਲ ਵਿਚ ਭੁੱਖਾ ਭਾਣਾ ਤੇ ਆਤੁਰ ਫਿਰ ਰਿਹਾ ਸੀ ਕਿ ਉਸ ਦਾ ਮੇਲ ਰਿਸ਼ੀ ਦੇਵਲ ਨਾਲ ਹੋਇਆ; ਜਿਸ ਦਾ ਆਸ਼ਰਮ ਉਸੇ ਜੰਗਲ ਵਿਚ ਹੀ ਸੀ। ਬ੍ਰਾਹਮਣ ਨੇ, ਦੇਵਲ ਤੋਂ, ਆਪਣੀ ਦੁਖਦਾਈ ਅਵਸਥਾ ਤੋਂ ਛੁਟਕਾਰਾ ਪਾਉਣ ਲਈ ਕੋਈ ਉਪਾ ਪੁਛਿਆ। ਰਿਸ਼ੀ ਨੇ ਅਪਰਾ ਇਕਾਦਸ਼ੀ ਦਾ ਵਰਤ ਰਖਣ ਦਾ ਆਦੇਸ਼ ਦਿਤਾ। ਬ੍ਰਾਹਮਣ ਨੇ ਵਿਧੀ ਪੂਰਵਕ ਵਰਤ ਰਖਿਆ। ਇਸ ਵਰਤ ਦੇ ਬਲ ਸਦਕਾ ਉਹ ਮੁੜ ਆਪਣੀ ਜ਼ਾਤ ਬਰਾਦਰੀ ਵਿਚ ਸ਼ਾਮਲ ਕਰ ਲਿਆ ਗਿਆ।

(ਅ-351) **ਅਪਰਾਜਿਤਾ** :

ਦੁਰਗਾ ਦਾ ਇਕ ਉਪਨਾਮ, ਜੋ ਉਸ ਦੇ ਰੌਦਰ ਰੂਪ ਦਾ ਬੋਧਿਕ ਹੈ। ਇਸੇ ਰੂਪ ਵਿਚ ਦੁਰਗਾ ਨੇ ਦੈਂਤਾਂ ਦਾ ਨਾਸ਼ ਕੀਤਾ ਸੀ। 'ਦੇਵੀ ਪੁਰਾਣ' ਅਤੇ 'ਚੰਡੀ ਪਾਠ' ਵਿਚ ਦੁਰਗਾ ਦੇ ਇਸ ਰੂਪ ਦਾ ਵਿਸਤ੍ਰਿਤ ਵਰਨਣ ਮਿਲਦਾ ਹੈ। ਤੰਤ੍ਰ ਸ਼ਾਸਤ੍ਰਾਂ ਵਿਚ ਅਪਰਾਜਿਤਾ ਦੀ ਪੂਜਾ ਦਾ ਵਿਧਾਨ ਹੈ।

(ਅ-352) **ਅਫਰੇਤ** :

ਇਕ ਵਿਸ਼ੇਸ਼ ਕਿਸਮ ਦਾ ਦੇਵ ਜੋ ਹਵਾ ਵਿਚ ਉੱਡਣ ਦੀ ਸ਼ਕਤੀ ਰਖਦਾ ਹੈ। ਇਸ ਦੇਵ ਦਾ ਜ਼ਿਕਰ ਕਿੱਸਾ ਕਾਵਿ ਵਿਚ ਆਮ ਹੈ। (ਵੇਖੋ : ਇਫਰੀਤ)

(ਅ-353) **ਅਫ਼ੀਮ** :

ਇਕ ਨਸ਼ਾ ਜੋ ਪੋਸਤ ਦੇ ਡੋਡੇ ਨੂੰ ਪੱਛ ਕੇ ਕੱਚੇ ਦੁੱਧ ਤੋਂ ਬਣਦਾ ਹੈ। ਪੰਜਾਬ ਵਿਚ ਕਈ ਲੋਕ ਅਫ਼ੀਮ ਦੀ ਵਰਤੋਂ ਨਸ਼ੇ ਵਜੋਂ ਕਰਦੇ ਹਨ। ਅਫ਼ੀਮ ਦਾ ਨਸ਼ਾ ਬਹੁਤਾ ਉੱਤਮ ਨਹੀਂ ਸਮਝਿਆ ਜਾਂਦਾ ਤੇ ਇਸ ਦੀ ਬਹੁਤੀ ਵਰਤੋਂ ਪ੍ਰਾਣੀ ਨੂੰ ਆਲਸੀ ਤੇ ਦਲਿੱਦਰੀ ਬਣਾ ਦਿੰਦੀ ਹੈ। ਡਾ: ਚਰਨ ਸਿੰਘ ਨੇ 'ਮਹਾਰਾਣੀ ਸ਼ਰਾਬ ਕੌਰ ਦੇ ਦਰਬਾਰੀ' ਵਿਚ ਅਫ਼ੀਮੀ ਦੀ ਦਸ਼ਾ ਦਾ ਵਰਨਣ ਇਉਂ ਕੀਤਾ ਹੈ — "ਅੱਖਾਂ ਦੀਆਂ ਪੁਤਲੀਆਂ ਸੁੰਗੜੀਆਂ ਹੋਈਆਂ, ਚਿਹਰੇ ਦੀ ਕਾਂਤਿ ਨਾਸ਼, ਆਲਸ ਤੇ ਨੀਂਦਰ ਕਰ ਕੇ ਉਘਲਾਟ, ਸਰੀਰ ਦੇ ਨਿਰਬਲ ਤੇ ਸੁੱਕੇ ਹੋਏ; ਜਿਥੇ ਬੈਠੇ ਊਂਘ ਦੀ ਬੇਪਰਵਾਹੀ ਤੇ ਨੀਂਦਰ ਦਾ ਕੋਈ ਹੱਦ ਹਿਸਾਬ ਨਹੀਂ। ਕਦੀ ਤਾਂ ਚਾਰ ਪਹਿਰ ਦਿਨ ਤੇ ਚਾਰ ਪਹਿਰ ਰਾਤ ਸੁਤਿਆਂ ਲੰਘ ਗਏ। ਦੀਨ ਦੁਨੀਆਂ ਦੀ ਕੋਈ ਖ਼ਬਰ ਨਹੀਂ। ਕਦੇ ਜੇ ਨੀਂਦਰ ਉਖੜੇ ਤਾਂ ਸਾਰੀ ਰਾਤ ਉਸਲਵਟੇ ਭੰਨਦਿਆਂ, ਉਬਾਸੀਆਂ ਲੈਂਦਿਆਂ, ਲੱਤਾਂ ਬਾਹਾਂ ਮਾਰਦਿਆਂ, ਢਿੱਡ ਘੁਟਦਿਆਂ, ਉਠਦਿਆਂ ਬੈਠਦਿਆਂ, ਪਿਟਦਿਆਂ ਖੋਂਹਦਿਆਂ, ਅਫ਼ੀਮੀ ਦੀ ਰਾਤ ਜਾਂਦੀ ਹੈ, ਪਰ ਨੀਂਦ ਨਹੀਂ ਆਉਂਦੀ। ਮਸੇਂ ਮਸੇਂ ਦਿਨ ਚੜ੍ਹਿਆ, ਉਠੇ, ਪਖ਼ਾਨੇ ਗਏ ਤਾਂ ਸਹੀ, ਪਰ ਅਫ਼ੀਮ ਨੇ ਆਂਦਰਾਂ ਨੂੰ ਜੰਦਰਾ ਮਾਰਿਆ ਹੋਇਆ ਹੈ, ਲੱਕ ਤੇ ਮੁੱਕੀਆਂ ਮਾਰੀ ਜਾਂਦੇ ਹਨ, ਜ਼ੋਰ ਜ਼ੋਰ ਨਾਲ ਕਿਲ੍ਹਦੇ ਹਨ। ਮੂੰਹ ਲਾਲ ਹੋ ਗਿਆ, ਅੱਖਾਂ ਲਹੂ ਲੁਹਾਨ ਹੋ ਗਈਆਂ, ਪੁੜਪੁੜੀਆਂ ਦੀਆਂ ਨਾੜਾਂ ਤ੍ਰੂਪ ਤ੍ਰੂਪ ਕਰ ਰਹੀਆਂ ਹਨ। ਲੱਕ ਨੂੰ ਕੁੱਟੀ ਜਾਂਦੇ ਹਨ ਤੇ ਕਹੀ ਜਾਂਦੇ ਹਨ, "ਨਿਕਲ ਉਇ ਦੁਸ਼ਟਾ ! ਨਿਕਲ ! ਊਈ ਰੱਬਾ ! ਨਿਕਲ ਓਇ ਭੈੜਿਆ !" ਗੱਲ ਕੀ ਇਸ ਦੁਰਦਸ਼ਾ ਵਿਚ ਉਸ ਦਾ ਢੇਰ ਚਿਰ ਬੀਤ ਜਾਂਦਾ ਹੈ, ਪੈਰ ਸੌਂ ਜਾਂਦੇ ਹਨ, ਝਰਨਾਟ ਛਿੜ ਪੈਂਦੀ ਹੈ, ਸਿਰ ਭੌਣ ਲੱਗ ਜਾਂਦਾ ਹੈ, ਅੱਖਾਂ ਅੱਗੇ ਸਾਵੇ ਤੋਤੇ ਉੱਡਣ ਲੱਗ ਜਾਂਦੇ ਹਨ। ਮਸੇ ਮਸੇ ਪੁਤ੍ਰ ਜੰਮੇ ਦੀ ਵਧਾਈ ਲੈ ਕੇ ਉਠੇ। ਹੱਥ ਪਾਣੀ ਕਰ ਕੇ ਪੰਜ ਇਸ਼ਨਾਨਾ ਕੀਤਾ। ਨਹਾਉਣ ਵਲੋਂ ਤਾਂ ਅਫ਼ੀਮੀ ਦੀ ਬੜੀ ਉੱਘੀ ਗੱਲ ਹੈ, 'ਕਾਗਤ ਭਿੱਜੇ ਤਾਂ ਸੁਕਾਇਆਂ ਫਿਰ ਕਾਗਤ ਦਾ ਕਾਗਤ, ਪਰ ਅਫ਼ੀਮੀ ਜਾਂ ਘੋੜੇ ਭਿੱਜੇ ਦਾ ਕੱਖ ਨਹੀਂ ਰਹਿੰਦਾ।' ਅਫ਼ੀਮੀ ਨੇ ਪਾਣੀ ਡਿਠਾ ਤਾਂ ਕਾਂਬਾ ਛਿੜ ਪਿਆ।"

ਸਿਆਣਿਆਂ ਨੇ ਲੋਕਾਂ ਨੂੰ ਅਫ਼ੀਮ ਖਾਣ ਤੋਂ ਵਰਜਣ ਲਈ ਇਹ ਟੱਪਾ ਜੋੜਿਆ ਹੈ :—

ਰਤੀ ਖਾਏ ਰਤ ਨੂੰ, ਮਾਸਾ ਖਾਏ ਮਾਸ।
ਤੋਲਾ ਖਾਏ ਹੱਡੀਆਂ, ਦਮ ਦਾ ਕੀ ਭਰਵਾਸ।

ਪਰ ਅਫ਼ੀਮੀਆਂ ਨੇ ਇਸ ਦੇ ਜਵਾਬ ਵਿਚ ਆਪਣੇ ਮਤਲਬ ਦਾ ਟੱਪਾ ਘੜ ਲਿਆ ਹੈ :—

ਜਿਥੇ ਭੰਗ ਨਹੀਂ, ਉਥੇ ਰੰਗ ਨਹੀਂ।
ਜਿਥੇ 'ਫ਼ੀਮ ਨਹੀਂ, ਉਥੇ ਤਾਜ਼ੀਮ ਨਹੀਂ।

ਅਫ਼ੀਮੀਆਂ ਬਾਰੇ ਕਈ ਹਸਾਵਣੀਆਂ ਪ੍ਰਚਲਤ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਮੰਦ-ਬੁੱਧੀ, ਆਲਸੀ ਤੇ ਦਲਿੱਦ੍ਰ ਸੁਭਾਵ ਉਤੇ ਕਟਾਖਸ਼ ਹੈ। ਇਕ ਹਸਾਵਣੀ ਇਉਂ ਹੈ :— ਇਕ ਅਫ਼ੀਮੀ ਉੱਪਰਲੀ ਛੱਤ ਤੋਂ ਹੇਠਾਂ ਡਿੱਗ ਪਿਆ। ਲੋਕਾਂ ਨੇ ਉਸ ਨੂੰ ਡਿਗਦਾ ਵੇਖ ਕੇ ਰੌਲਾ ਪਾਇਆ ਕਿ 'ਕੋਈ ਡਿਗਿਆ ਏ'। ਅਫ਼ੀਮੀ ਵੀ ਉਨ੍ਹਾਂ ਦੀ ਆਵਾਜ਼ ਨਾਲ ਸੁਰ ਮਿਲਾ ਕੇ ਕਹਿਣ ਲੱਗਾ : "ਪਹੁੰਚੋ, ਕੋਈ ਡਿਗਿਆ ਏ।" ਪਰ ਜਦੋਂ ਲੋਕਾਂ ਨੇ ਅਫ਼ੀਮੀ ਨੂੰ ਦੱਸਿਆ ਕਿ ਉਹ ਤਾਂ ਖ਼ੁਦ ਹੀ ਡਿੱਗਾ ਹੈ ਤਾਂ ਅਫ਼ੀਮੀ ਚੀਸ ਵਟਦਾ ਹੋਇਆ

ਕਹਿਣ ਲੱਗਾ, "ਹਾਇ, ਬੜੀ ਪੀੜ ਹੋਈ ਏ, ਮੈਂ ਮਰ ਚਲਿਆ ਜੇ, ਕੋਈ ਹਕੀਮ ਸੱਦੋ।" ਅਫ਼ੀਮੀ ਬਾਰੇ ਕੁਝ ਹੋਰ ਹਸਾਵਣੀਆਂ 'ਇਕ ਘੁਟ ਰਸ ਦਾ' (ਪੰਨਾ 81-83) ਵਿਚ ਮਿਲਦੀਆਂ ਹਨ।

(ਅ-354) **ਅੰਬ** :

ਹਿੰਦੂ ਅਤੇ ਬੋਧੀ ਅੰਬ ਨੂੰ ਬੜਾ ਪਾਵਨ ਬ੍ਰਿਛ ਮੰਨਦੇ ਹਨ। ਪੁਰਾਣਾਂ ਅਨੁਸਾਰ ਅੰਬ ਪਰਜਾਪਤੀ ਦੇ ਹੀ ਇਕ ਅੰਸ਼ ਦਾ ਰੂਪ-ਪਰਿਵਰਤਨ ਹੈ। ਪੰਜਾਬ ਵਿਚ ਅੰਬ ਬਾਰੇ ਇਕ ਮੁੱਢੀ ਇਉਂ ਪ੍ਰਚਲਤ ਹੈ। ਇਕ ਵਾਰ ਇਕ ਕੰਨਿਆਂ ਅੰਬੋ ਆਪਣੀ ਭਰਜਾਈ ਦਾ ਸਾਲੂ ਮੰਗ ਕੇ ਸਾਵੇਂ ਖੇਡਣ ਗਈ। ਭਰਜਾਈ ਨੇ ਇਸ ਸ਼ਰਤ ਉਤੇ ਸਾਲੂ ਦਿਤਾ ਕਿ ਜੇ ਉਸ ਉਤੇ ਕੋਈ ਦਾਗ਼ ਲੱਗ ਗਿਆ ਤਾਂ ਉਹ ਸਾਲੂ ਨੂੰ ਅੰਬੋ ਦੇ ਲਹੂ ਵਿਚ ਧੋਵੇਗੀ। ਪੀਂਘ ਝੂਟਦਿਆਂ ਅਚਨਚੇਤ ਕਾਂ ਦੀ ਵਿੱਠ ਸਾਲੂ ਉਤੇ ਜਾ ਪਈ। ਅੰਬੋ ਦੀ ਭਰਜਾਈ ਉਸ ਨੂੰ ਕਪੜੇ ਧੋਣ ਦੇ ਬਹਾਨੇ ਛੱਪੜ ਉਤੇ ਲੈ ਗਈ ਤੇ ਉਥੇ ਅੰਬੋ ਨੂੰ ਮਾਰ ਕੇ ਉਸ ਨੇ ਉਸ ਦੇ ਲਹੂ ਵਿਚ ਆਪਣਾ ਸਾਲੂ ਧੋਤਾ। ਫਿਰ ਭਰਜਾਈ ਨੇ ਅੰਬੋ ਦੀ ਲੋਥ ਛੱਪੜ ਦੇ ਕੰਢੇ ਉਤੇ ਹੀ ਦਬ ਦਿਤੀ। ਕੁਝ ਦਿਨਾਂ ਬਾਅਦ ਛੱਪੜ ਦੇ ਕੰਢੇ ਅੰਬ ਦਾ ਇਕ ਬੂਟਾ ਉਗਿਆ।

ਪੁਰਾਣਾਂ ਵਿਚ ਵੀ ਇਸੇ ਮੁੱਢੀ ਨਾਲ ਮਿਲਦੀ ਜੁਲਦੀ ਇਕ ਕਥਾ ਪ੍ਰਾਪਤ ਹੈ। ਇਕ ਵਾਰ ਸੂਰਜ ਦੇਵ ਦੀ ਲੜਕੀ ਇਕ ਜਾਦੂਗਰਨੀ ਦੇ ਅੱਤਿਆਚਾਰਾਂ ਤੇ ਤਸੀਹਿਆਂ ਤੋਂ ਬਚਣ ਲਈ, ਕਿਸੇ ਛੱਪੜ ਵਿਚ ਕੰਵਲ ਫੁੱਲ ਬਣਕੇ ਜਾ ਖਿੜੀ। ਇਕ ਰਾਜਾ ਉਧਰੋਂ ਦੀ ਲੰਘਿਆ। ਉਸ ਨੂੰ ਇਹ ਫੁੱਲ ਬੜਾ ਪਿਆਰਾ ਲੱਗਾ। ਉਹ ਫੁੱਲ ਨੂੰ ਤੋੜਨ ਹੀ ਲੱਗਾ ਸੀ ਕਿ ਜਾਦੂਗਰਨੀ ਉਥੇ ਆ ਪਹੁੰਚੀ ਤੇ ਉਸ ਨੇ ਫੁੱਲ ਤੋੜ ਕੇ ਅੱਗ ਵਿਚ ਸੁੱਟ ਦਿਤਾ। ਉਸੇ ਕੰਵਲ ਫੁੱਲ ਦੀ ਰਾਖ ਵਿਚੋਂ ਅੰਬ ਦਾ ਬੂਟਾ ਉਗਿਆ।

ਹਿੰਦੂ ਅੰਬ ਦੇ ਬ੍ਰਿਛ ਨੂੰ ਪਾਵਨ ਮੰਨਦੇ ਹੋਏ ਧਾਰਮਿਕ ਰੀਤਾਂ, ਸੰਸਕਾਰਾਂ ਤੇ ਕਰਮ-ਕਾਂਡਾਂ ਵੇਲੇ ਅੰਬ ਦੀ ਟਹਿਣੀ ਦਾ ਦਾਤਨ ਵਰਤਦੇ ਹਨ ਅਤੇ ਅੰਬ ਦੇ ਪੱਤਿਆਂ ਦੀ ਅੰਜਲੀ ਬਣਾ ਕੇ ਤਰਪਣ ਕਰਦੇ ਹਨ।

ਬੱਚੇ ਦੇ ਜਨਮ ਵੇਲੇ ਘਰ ਦੇ ਬੂਹੇ ਉਪਰ ਅੰਬ ਜਾਂ ਸ਼ਰੀਂਹ ਦੇ ਪੱਤਿਆਂ ਦਾ ਸੇਹਰਾ ਬੰਨ੍ਹਿਆ ਜਾਂਦਾ ਹੈ। ਵਿਆਹ ਦੇ ਸ਼ੁਭ ਅਵਸਰ ਉਤੇ ਅੰਬ ਦੇ ਪੱਤੇ ਵੇਦੀ ਉਤੇ ਉਪਜਾਇਕਤਾ ਦੇ ਚਿੰਨ੍ਹ ਸਮਝ ਕੇ ਬੰਨ੍ਹੇ ਜਾਂਦੇ ਹਨ। ਨਿਸਚਾ ਹੈ ਕਿ ਵੇਦੀ ਉਤੇ ਅੰਬ ਦੇ ਪੱਤੇ ਬੰਨ੍ਹਣ ਨਾਲ ਜੇਠਾ ਬਾਲ ਅਵੱਸ਼ ਲੜਕਾ ਜੰਮਦਾ ਹੈ। ਕਹਿੰਦੇ ਹਨ ਮਾਘ ਦੇ ਮਹੀਨੇ ਦੀ ਦੂਜੀ ਤਿੱਥ ਨੂੰ ਜੇ ਅੰਬ ਦੇ ਫੁੱਲ ਚੰਨ ਨੂੰ ਭੇਟ ਕੀਤੇ ਜਾਣ ਤਾਂ ਲੜਕਾ ਜਨਮ ਲੈਂਦਾ ਹੈ।

ਹਿੰਦੂ ਅੰਬ ਦੀ ਲਕੜੀ ਨੂੰ ਹਵਨ ਸਮੇਂ ਵਰਤਦੇ ਹਨ। ਬੁਧ ਮੱਤ ਵਿਚ ਵੀ ਅੰਬ ਨੂੰ ਪਾਵਨ ਮੰਨਿਆ ਗਿਆ ਹੈ। ਬੋਧੀ ਕਥਾਵਾਂ ਅਨੁਸਾਰ ਮਹਾਤਮਾ ਬੁਧ ਇਸੇ ਬ੍ਰਿਛ ਹੇਠਾਂ ਬੈਠ ਕੇ ਆਰਾਮ ਕੀਤਾ ਕਰਦੇ ਸਨ।

ਪੰਜਾਬ ਵਿਚ ਅੰਬ ਦੇ ਬ੍ਰਿਛ ਨੂੰ ਘਰ ਵਿਚ ਲਗਾਣਾ ਅਸ਼ੁਭ ਮੰਨਿਆ ਜਾਂਦਾ ਹੈ। ਨਿਸਚਾ ਹੈ ਕਿ ਅੰਬ ਦਾ ਫਲ ਬੀਜਣ ਵਾਲੇ ਨੂੰ ਕਦੇ ਖਾਣਾ ਨਸੀਬ ਨਹੀਂ ਹੁੰਦਾ। ਅਸਲ ਵਿਚ ਇਹ ਬੂਟਾ ਕਾਫ਼ੀ ਲੰਮੇ ਸਮੇਂ ਬਾਅਦ ਫਲਦਾ ਹੈ।

ਅੰਬ ਬਾਰੇ ਇਕ ਕਹਾਵਤ ਇਉਂ ਪ੍ਰਚਲਤ ਹੈ :—

ਅੰਬ ਕੋਲੋਂ ਇਮਲੀ, ਨੀ ਜੰਡ ਕੋਲੋਂ ਟਾਲ੍ਹੀ।
ਅਕਲਾਂ ਬਿਨਾਂ ਨੀ ਗੋਰਾ ਰੰਗ ਜਾਵੇ ਖ਼ਾਲੀ।

ਪੱਕੇ ਅੰਬ ਲੋਕ ਗੀਤਾਂ ਵਿਚ ਚੜ੍ਹਦੀ ਜਵਾਨੀ ਦੇ ਬੋਧਿਕ ਹਨ ਅਤੇ ਕੱਚੇ ਅੰਬ ਜਵਾਨੀ ਤੋਂ ਪਹਿਲਾਂ ਦੀ ਕਚੇਰੀ ਅਵਸਥਾ ਦੇ।

(ਅ-355) **ਅੰਬਸ਼ਠ** :

ਪੰਜਾਬ ਦੀ ਇਕ ਪ੍ਰਾਚੀਨ ਜਾਤੀ, ਜਿਸ ਦਾ ਜ਼ਿਕਰ ਐਤਰੇਯ ਬ੍ਰਾਹਮਣ ਤੇ ਮਹਾਂਭਾਰਤ ਵਿਚ ਵੀ ਆਉਂਦਾ ਹੈ। ਗੌਤਮ ਦੇ 'ਧਰਮ ਸੂਤਰ' (8,21-23) ਅਨੁਸਾਰ ਇਸ ਜਾਤੀ ਦਾ ਮੁੱਢ ਦੋ ਵੱਖੋ ਵੱਖਰੇ ਵਰਣਾਂ ਦੇ ਸੰਜੋਗ ਤੋਂ ਬੱਝਾ ਅਰਥਾਤ ਬ੍ਰਾਹਮਣ ਪਿਤਾ ਤੋਂ ਵੈਸ਼ ਵਰਣ ਦੀ ਇਸਤ੍ਰੀ ਵਿਚੋਂ ਉਤਪੰਨ ਹੋਈ ਔਲਾਦ ਅੰਬਸ਼ਠ ਅਖਵਾਈ।

ਜਿਸ ਇਲਾਕੇ ਵਿਚ ਅੰਬਸ਼ਠ ਜਾਤੀ ਦੇ ਲੋਕ ਕਾਫ਼ੀ ਮਾਤਰਾ ਵਿਚ ਰਹਿੰਦੇ ਸਨ ਉਸ ਦਾ ਨਾਉਂ ਵੀ 'ਅੰਬਸ਼ਠ' ਪੈ ਗਿਆ। ਦਸਮ ਗ੍ਰੰਥ ਦੇ ਚਰਿਤ੍ਰਾਂ ਵਿਚ ਇਸ ਦੇਸ ਦਾ ਵਰਨਣ ਹੈ — "ਇਕ ਅੰਬਸ਼ਟ ਦੇਸ ਨਿਰਪਾਲਾ" । (ਚਰਿਤ੍ਰ 274) ਮਹਾਨ ਕੋਸ਼ ਅਨੁਸਾਰ ਪੰਜਾਬ ਦੇ ਮੱਧ ਭਾਗ ਅਥਵਾ ਮਾਝੇ ਦਾ ਪੁਰਾਣਾ ਨਾਉਂ ਅੰਬਸ਼ਠ ਸੀ। ਪਰ ਬ੍ਰਹਸਪਤਯ ਸ਼ਾਸਤ੍ਰ ਅਨੁਸਾਰ ਅੰਬਸ਼ਠ ਦੇਸ਼ ਕਸ਼ਮੀਰ ਤੇ ਸੈਂਦਵ ਦੇ ਵਿਚਕਾਰ ਸੀ। ਸੈਂਦਵ ਪੰਜਾਬ ਦਾ ਉਹ ਇਲਾਕਾ ਹੈ, ਜਿਸ ਨੂੰ ਸਾਲਟ ਰੇਂਜ ਅਥਵਾ ਲੂਣ ਦੇ ਪਹਾੜ ਕਿਹਾ ਜਾਂਦਾ ਹੈ। (Ethnic Settlement in Ancient India, p.192) ਹਿੰਦੀ ਵਿਸ਼ਵ ਕੋਸ਼ (1,59) ਅਨੁਸਾਰ ਸਕੰਦਰ ਦੇ ਸਮੇਂ (327 ਈ: ਪੂ:) ਇਸ ਜਾਤੀ ਦਾ ਇਕ ਵੱਖਰਾ ਗਣਤੰਤ੍ਰ ਸੀ ਅਤੇ ਇਹ ਝਨਾਂ ਦੇ ਦੱਖਣੀ ਤਟ ਉਤੇ ਨਿਵਾਸ ਕਰਦੀ ਸੀ।

(ਅ–356) **ਅੰਬਸ਼ਠ ਦੇਸ਼** :

ਪ੍ਰਾਚੀਨ ਪੰਜਾਬ ਦਾ ਇਕ ਇਲਾਕਾ ਜਿਥੇ ਅੰਬਸ਼ਠ ਜਾਤੀ ਦੇ ਲੋਕ ਵਸਦੇ ਸਨ। ਮਹਾਨ ਕੋਸ਼ (ਪੰਨਾ 87) ਅਨੁਸਾਰ ਇਹ ਇਲਾਕਾ ਅਜੋਕਾ ਮਾਝਾ ਹੈ, ਪਰ ਕੁਝ ਗ੍ਰੰਥਾਂ ਅਨੁਸਾਰ ਇਹ ਖੇਤਰ ਨਿਮਕ ਦੀਆਂ ਪਹਾੜੀਆਂ ਅਤੇ ਕਸ਼ਮੀਰ ਦੇ ਇਲਾਕੇ ਵਿਚਕਾਰ ਹੈ। (ਵੇਖੋ : ਅੰਬਸ਼ਠ)

(ਅ–357) **ਅਬਦਾਲ** :

ਉੱਚੀ ਪ੍ਰਮਾਰਥਕ ਅਵਸਥਾ ਉਤੇ ਪਹੁੰਚੇ ਫ਼ਕੀਰ ਤੇ ਵਲੀ ਲੋਕ। ਮੁਸਲਮਾਨੀ ਅਕੀਦੇ ਅਨੁਸਾਰ ਸੱਤਰ ਅਬਦਾਲਾਂ ਨੇ ਸਾਰੀ ਧਰਤੀ ਨੂੰ ਠੁੰਮਣਾ ਦਿਤਾ ਹੋਇਆ ਹੈ। ਇਨ੍ਹਾਂ ਵਿਚੋਂ ਚਾਲ੍ਹੀ ਅਬਦਾਲ ਸ਼ਾਮ ਦੇਸ਼ ਵਿਚ ਰਹਿੰਦੇ ਹਨ, ਬਾਕੀ ਦੇ ਤੀਹ ਸੰਸਾਰ ਦੇ ਦੂਜੇ ਦੇਸ਼ਾਂ ਵਿਚ ਖਿੰਡੇ ਹੋਏ ਹਨ : "ਹੈਨ ਅਬਦਾਲ ਜ਼ਿਮੀਂ ਦੇ ਮੂੰਹ ਤੇ ਪੋਸ਼ੀਦਾ ਤੇ ਜ਼ਾਹਿਰ। ਬਰਕਤ ਨਾਲ ਉਹਨਾਂ ਦੀ ਕਾਇਮ ਦੀਦਾ ਅਤੇ ਸ਼ਨੀਦਾ।" – ਅਹਿਸਾਨੁਲ ਕਸਸ।

ਜਦੋਂ ਇਨ੍ਹਾਂ ਅਬਦਾਲਾਂ ਵਿਚੋਂ ਕੋਈ ਇਕ ਅਬਦਾਲ ਮਰ ਜਾਂਦਾ ਹੈ ਤਾਂ ਉਸ ਦੀ ਥਾਂ ਨਵਾਂ ਅਬਦਾਲ ਮੁਕਰਰ ਕਰ ਦਿਤਾ ਜਾਂਦਾ ਹੈ। ਅਬਦਾਲਾਂ ਨਾਲ ਕਈ ਤਰ੍ਹਾਂ ਦੇ ਭਰਮ-ਵਹਿਮ ਤੇ ਮਨੌਤਾਂ ਵੀ ਸੰਬੰਧਿਤ ਹਨ। ਖ਼ਾਸ ਖ਼ਾਸ ਦਿਨਾਂ ਨੂੰ ਖ਼ਾਸ ਖ਼ਾਸ ਦਿਸ਼ਾ ਵਿਚ ਅਬਦਾਲ ਸਥਿਤ ਹੁੰਦੇ ਹਨ, ਇਨ੍ਹਾਂ ਦਿਨਾਂ ਦਾ ਵੇਰਵਾ ਇਕ ਲੋਕ-ਬੰਦ ਵਿਚ ਇਉਂ ਮਿਲਦਾ ਹੈ :—

ਪਹਿਲੀ, ਨਾਂਵੀਂ, ਸੌਲਾਂ, ਚਵੀ,
ਕਕਨੀ ਵਿਚ ਪਹਿਚਾਣ।
ਦੋ, ਦਾਹ, ਸਤਾਰਾਂ, ਪੰਜੀ,
ਨੈਰਿਤ ਸ਼ਕ ਨਾ ਆਨ।
ਤ੍ਰੈ, ਛੱਬੀ, ਅਠਾਰਾਂ, ਗਿਆਰਾਂ
ਵਿਚ ਜਨੂਬੇ ਜਾਨ।
ਚਾਰ, ਬਾਰਾਂ, ਸਤਾਵੀਂ, ਉਨੀਂ,
ਮਗਰਬ ਸ਼ਕ ਨਾ ਆਨ।
ਪੰਜ, ਤੇਰਾਂ, ਵੀਹ, ਤਰੈ ਦਿਹਾੜੇ
ਬੈਬ ਦੇ ਵਿਚ ਜਾਨ।
ਛੇ, ਇਕੀ, ਅਠਾਵੀ, ਸਚਮੁਚ
ਵਿਚ ਇਸਾਨ ਪੇਛਾਣ।
ਸਤ, ਚੌਦਾਂ, ਉਨਤ੍ਰੀ,
ਬਾਣੀ ਮਸ਼ਰਕ ਗੈਬ ਰਿਜ਼ਾਲ।
ਅੱਠ, ਪੰਦਰਾਂ, ਤਰੀਹ, ਤ੍ਰੇਵੀ
ਰਹਿੰਦੇ ਵਿਚ ਸ਼ਿਮਾਲ।

ਜਿਸ ਦਿਸ਼ਾ ਵਿਚ ਕਿਸੇ ਮਿਤੀ ਨੂੰ ਅਬਦਾਲ ਸਥਿਤ ਹੋਣ ਉਸ ਦਿਸ਼ਾ ਵਲ ਸਫ਼ਰ ਕਰਨਾ ਅਸ਼ੁਭ ਹੁੰਦਾ ਹੈ। ਸਫ਼ਰ ਵੇਲੇ ਜੇ ਚਾਲ੍ਹੀ ਅਬਦਾਲ ਖੱਬੇ ਪਾਸੇ ਹੋਣ ਤਾਂ ਬੜਾ ਲਾਭ ਹੁੰਦਾ ਹੈ, ਜੇ ਪਿਛੇ ਵਲ ਹੋਣ ਤਾਂ ਦੁਸ਼ਮਣਾਂ ਦਾ ਨਾਸ਼ ਹੁੰਦਾ ਹੈ। ਜੇ ਸੱਜੇ ਪਾਸੇ ਹੋਣ ਤਾਂ ਮਾਲ ਦਾ ਨੁਕਸਾਨ ਹੁੰਦਾ ਹੈ ਅਤੇ ਜੇ ਸਾਹਮਣੇ ਹੋਣ ਤਾਂ ਜਾਨ ਨੂੰ ਖ਼ਤਰਾ। ਇਸ ਤਰ੍ਹਾਂ ਜਿਸ ਦਿਸ਼ਾ ਵਲ ਅਬਦਾਲਾਂ ਦਾ ਮੂੰਹ ਹੋਵੇ ਉਸ ਦਿਸ਼ਾ ਵਲ ਦੀ ਫ਼ਸਲ ਦੀ ਵਾਢੀ ਕਰਨੀ ਅਸ਼ੁਭ ਹੁੰਦੀ ਹੈ। ਬਹੁਤਾ ਫਲ ਨਹੀਂ ਨਿਕਲਦਾ।

ਇਕ ਰਵਾਇਤ ਅਨੁਸਾਰ ਚਾਲ੍ਹੀ ਅਬਦਾਲਾਂ ਦਾ ਮੁੱਢ ਮੁਹੰਮਦ ਸਾਹਿਬ ਤੋਂ ਬੱਝਿਆ। ਦਯਾ ਕਲਬੀ ਨਾਂ ਦੇ ਇਕ ਸ਼ਖ਼ਸ ਦੇ ਘਰ ਕੋਈ ਸੰਤਾਨ ਨਹੀਂ ਸੀ। ਉਹ ਚਾਲ੍ਹੀ ਦਿਨੇ ਲਗਾਤਾਰ

ਹਜ਼ਰਤ ਮੁਹੰਮਦ ਸਾਹਿਬ ਪਾਸ ਬਖ਼ਸ਼ਿਸ਼ ਲਈ ਜਾਂਦਾ ਰਿਹਾ ਅਤੇ ਹਰ ਰੋਜ਼ ਉਨ੍ਹਾਂ ਤੋਂ ਇਕ ਖਜੂਰ ਲਿਆਂਦਾ ਰਿਹਾ। ਉਸ ਨੇ ਚਾਲ੍ਹੀ ਦੀਆਂ ਚਾਲ੍ਹੀ ਖਜੂਰਾਂ ਆਪਣੀ ਪਤਨੀ ਨੂੰ ਖੁਆ ਦਿਤੀਆਂ, ਜਿਸ ਤੋਂ ਉਸ ਦੇ ਘਰ ਚਾਲ੍ਹੀ ਬੱਚੇ ਪੈਦਾ ਹੋਏ। ਗ਼ਰੀਬੀ ਤੋਂ ਤੰਗ ਪੈ ਕੇ ਦਯਾ ਕਲਬੀ ਆਪਣੇ ਉਨਤਾਲੀ ਬੱਚਿਆਂ ਨੂੰ ਜੰਗਲ ਵਿਚ ਸੁੱਟ ਆਇਆ। ਘਰ ਆ ਕੇ ਉਸ ਨੇ ਵੇਖਿਆ ਕਿ ਚਾਲ੍ਹੀਵਾਂ ਬੱਚਾ ਵੀ ਗ਼ਾਇਬ ਸੀ। ਪਰ ਉਸ ਨੇ ਮੁੜ ਜੰਗਲ ਵਿਚ ਜਾ ਕੇ ਵੇਖਿਆ ਕਿ ਉਸ ਦੇ ਚਾਲ੍ਹੀ ਦੇ ਚਾਲ੍ਹੀ ਬੱਚੇ ਗੈਬੋਂ ਬਣੇ ਇਕ ਗੁੰਬਦ ਹੇਠ ਖੇਡ ਰਹੇ ਸਨ। ਸੋ ਉਹ ਘਰ ਵਾਪਿਸ ਆ ਗਿਆ। ਇਹੋ ਬੱਚੇ ਅਬਦਾਲ ਦੇ ਨਾਂ ਨਾਲ ਪ੍ਰਸਿਧ ਹੋਏ। ਉਨ੍ਹੀਂ ਦਿਨੀਂ ਮਦੀਨੇ ਵਿਚ ਪਲੇਗ ਫੈਲ ਗਈ। ਮੁਹੰਮਦ ਸਾਹਿਬ ਨੂੰ ਇਲਹਾਮ ਹੋਇਆ ਕਿ ਇਹ ਰੋਗ ਚਾਲ੍ਹੀ ਅਬਦਾਲਾਂ ਵਲੋਂ ਫੈਲਾਇਆ ਗਿਆ ਹੈ। ਮੁਹੰਮਦ ਸਾਹਿਬ ਨੇ ਅਬਦਾਲਾਂ ਨੂੰ ਸੱਦਿਆ, ਪਰ ਉਨ੍ਹਾਂ ਨੇ ਆਉਣ ਤੋਂ ਇਨਕਾਰ ਕਰ ਦਿਤਾ। ਮਗਰੋਂ ਮੁਹੰਮਦ ਸਾਹਿਬ ਨੇ ਆਜਜ਼ੀ ਨਾਲ ਉਨ੍ਹਾਂ ਨੂੰ ਆਉਣ ਦੀ ਬੇਨਤੀ ਕੀਤੀ ਅਤੇ ਨਾਲ ਹੀ ਉਨ੍ਹਾਂ ਨੂੰ ਇਕ ਨੂਰੀ ਕਪੜਾ ਪਹਿਨਣ ਲਈ ਭੇਜਿਆ। ਉਸ ਕਪੜੇ ਤੋਂ ਹਰੇਕ ਅਬਦਾਲ ਨੇ ਇਕ ਇਕ ਲੰਗੋਟੀ ਬਣਾਈ ਤੇ ਉਸ ਨੂੰ ਪਹਿਨ ਕੇ ਮਦੀਨੇ ਦੇ ਅੰਦਰ ਆਏ। ਉਨ੍ਹਾਂ ਦੇ ਆਉਂਦਿਆਂ ਸਾਰ ਪਲੇਗ ਬਕਰੀ ਦਾ ਰੂਪ ਧਾਰ ਕੇ ਦੌੜੀ, ਜਿਸ ਨੂੰ ਅਬਦਾਲਾਂ ਨੇ ਫੜ ਲਿਆ ਅਤੇ ਦੁੰਮ ਤੋਂ ਛੁਟ ਉਸਦਾ ਬਾਕੀ ਸਰੀਰ ਡਕਾਰ ਗਏ। ਦੁੰਮ ਨੂੰ ਉਨ੍ਹਾਂ ਅਸਮਾਨ ਵਲ ਸੁਟ ਦਿਤਾ, ਤਾਂ ਜੋ ਰੋਗ ਦਾ ਕੁਝ ਅੰਸ਼ ਕਾਇਮ ਰਹੇ। ਜੇ ਰੋਗ ਦਾ ਨਾਂ ਨਿਸ਼ਾਨ ਹੀ ਮਿਟ ਗਿਆ ਤਾਂ ਰੱਬ ਦੀ ਕੌਣ ਪਰਵਾਹ ਕਰੇਗਾ। ਕਹਿੰਦੇ ਹਨ ਇਹੋ ਦੁੰਮ ਧਰਤੀ ਦੇ ਦੁਆਲੇ ਭਰਮਣ ਕਰਦੀ ਰਹਿੰਦੀ ਹੈ ਅਤੇ ਜਿਸ ਇਲਾਕੇ ਵਿਚੋਂ ਲੰਘ ਰਹੀ ਹੁੰਦੀ ਹੈ, ਉਥੇ ਬੀਮਾਰੀ ਫੈਲ ਜਾਂਦੀ ਹੈ। ਇਕ ਹੋਰ ਰਵਾਇਤ ਅਨੁਸਾਰ ਚਾਲ੍ਹੀ ਅਬਦਾਲਾਂ ਨੇ ਮਦੀਨੇ ਵਿਚ ਆ ਕੇ ਖ਼ੂਬ ਲੁਟ ਮਚਾਈ। ਮੁਹੰਮਦ ਸਾਹਿਬ ਨੇ ਉਨ੍ਹਾਂ ਨੂੰ ਸਰਾਪ ਦੇ ਦਿਤਾ। ਫਲਸਰੂਪ ਉਹ ਹਮੇਸ਼ਾਂ ਸੰਸਾਰ ਦੀ ਗਸ਼ਤ ਕਰਦੇ ਰਹਿੰਦੇ ਹਨ ਅਤੇ ਖ਼ਾਸ ਖ਼ਾਸ ਤਿਥਾਂ ਨੂੰ ਹੀ ਖ਼ਾਸ ਖ਼ਾਸ ਦਿਸ਼ਾ ਵਿਚ ਸਥਿਤ ਹੁੰਦੇ ਹਨ।

ਹਿੰਦੂ ਲੋਕਧਾਰਾ ਵਿਚ ਅਬਦਾਲਾਂ ਦੀ ਥਾਂ ਜੋਗਣੀਆਂ ਨੇ ਲੈ ਰਖੀ ਹੈ। ਜੋਗਣੀਆਂ ਵੀ ਖ਼ਾਸ ਖ਼ਾਸ ਤਿਥਾਂ ਨੂੰ ਵਿਸ਼ੇਸ਼ ਦਿਸ਼ਾ ਵਿਚ ਸਥਿਤ ਹੁੰਦੀਆਂ ਹਨ। ਪਰ ਜੋਗਣੀਆਂ ਦੀ ਸੰਖਿਆ ਚੌਂਸਠ ਹੈ। (ਵੇਖੋ : ਜੋਗਣੀਆਂ)

(2) ਪੰਜਾਬ ਤੇ ਰਾਜਸਥਾਨ ਵਿਚ ਮੁਸਲਮਾਨ ਫ਼ਕੀਰਾਂ ਦੀ ਇਕ ਜਾਤੀ ਵੀ ਅਬਦਾਲ ਦੇ ਨਾਉਂ ਨਾਲ ਪ੍ਰਸਿਧ ਹੈ। ਇਹ ਲੋਕ ਗਾ ਕੇ ਗਲੀ ਮਹੱਲਿਆਂ ਵਿਚੋਂ ਖ਼ੈਰ ਮੰਗਦੇ ਹਨ। ਦੇਸ਼-ਵੰਡ ਤੋਂ ਮਗਰੋਂ ਅਬਦਾਲ ਪੂਰਬੀ ਪੰਜਾਬ ਵਿਚੋਂ ਪਾਕਿਸਤਾਨ ਚਲੇ ਗਏ। 'ਗਲਾਸਰੀ' ਅਨੁਸਾਰ ਪਹਿਲਿਆਂ ਵਿਚ ਅਬਦਾਲ ਰਾਜਪੂਤਾਂ ਦੀ ਸ਼ਵ-ਯਾਤ੍ਰਾ ਸਮੇਂ ਅਰਥੀ ਦੇ ਅੱਗੇ ਅੱਗੇ ਵੈਣ ਪਾਉਂਦੇ ਤੇ ਵਿਰਲਾਪ ਕਰਦੇ ਮਰਘਟ ਜਾਂਦੇ ਸਨ। ਰਾਜਪੂਤਾਂ ਦੀ ਚੜ੍ਹਤ ਸਮੇਂ ਜਦੋਂ ਕੋਈ ਰਾਜਪੂਤ ਯੋਧਾ, ਲੜਾਈ ਵਿਚ ਸ਼ਹੀਦ ਹੋ ਜਾਂਦਾ ਤਾਂ ਅਬਦਾਲ ਉਸ ਰਾਜਪੂਤ ਦਾ ਬ ਣਾ ਪਹਿਨ ਕੇ ਅਲਾਹੁਣੀਆਂ ਵੀ ਅਲਾਪਦੇ ਸਨ। ਜਦੋਂ ਸ਼ਾਮ ਸਿੰਘ ਅਟਾਰੀਵਾਲਾ ਫ਼ਰੰਗੀਆਂ ਨਾਲ ਲੜਦਾ ਸ਼ਹੀਦ ਹੋਇਆ ਸੀ ਤਾਂ ਅਬਦਾਲਾਂ ਨੇ ਬੜਾ ਕਰੁਣਾਮਈ ਵਿਰਲਾਪ ਕੀਤਾ ਸੀ। ਅਬਦਾਲ ਰਾਜਪੂਤਾਂ ਦੇ ਵਿਆਹਾਂ ਉਤੇ ਵੀ ਗੀਤ ਗਾਇਆ ਕਰਦੇ ਸਨ। ਕਾਂਗੜੇ ਦੇ ਅਬਦਾਲ ਸਿਆਪਾ ਕਰਦੇ ਹੋਏ ਮੁਰਦਿਆਂ ਦੇ ਨਾਲ ਸ਼ਮਸ਼ਾਨ ਭੂਮੀ ਨੂੰ ਜਾਂਦੇ ਰਹੇ ਹਨ। ਮਹਾਨ ਕੋਸ਼ (ਪੰਨਾ 52) ਅਨੁਸਾਰ ਕਾਂਗੜੇ ਵਿਚ ਇਸ ਜਾਤੀ ਦੇ ਮੁਸਲਮਾਨ ਸੂਰਮਿਆਂ ਦੀਆਂ ਵਾਰਾਂ ਵੀ ਗਾਉਂਦੇ ਸਨ।

## (ਅ-358) **ਅਬਦੁਲ ਕਰੀਮ :**

ਇਕ ਮੁਸਲਮਾਨ ਪੀਰ ਜੋ ਆਮ ਕਰ ਕੇ ਸ਼ੇਖ਼ ਚਿੱਲੀ ਦੇ ਨਾਂ ਨਾਲ ਪ੍ਰਸਿਧ ਹੈ। ਇਸ ਦਾ ਮਕਬਰਾ ਥਾਨੇਸਰ ਵਿਚ ਹੈ। ਅਬਦੁਲ ਕਰੀਮ ਪਹਿਲਾਂ ਅਕਬਰ ਬਾਦਸ਼ਾਹ ਦਾ ਵਜ਼ੀਰ ਸੀ। ਮਗਰੋਂ ਉਸ ਨੇ ਦੁਨੀਆਂ ਨੂੰ ਤਿਆਗ ਕੇ ਥਾਨੇਸਰ

ਦੇ ਕਸਬੇ ਵਿਚ, ਚਾਲ੍ਹੀ ਦਿਨ ਲਗਾਤਾਰ ਤਪ ਕੀਤਾ, ਜਿਸ ਕਰ ਕੇ ਉਹ ਸ਼ੇਖ ਚਿੱਲੀ ਦੇ ਨਾਂ ਨਾਲ ਪ੍ਰਸਿਧ ਹੋਇਆ। ਪੰਜਾਬ ਦੀ ਸੈਰ (ਪੰਨਾ 318) ਅਨੁਸਾਰ ਚਿੱਲੀ ਦਾ ਰੋਜ਼ਾ 1271 ਹਿਜਰੀ ਵਿਚ ਬਣਿਆ। ਪਰ ਗਜ਼ਟੀਅਰ (1,626) ਅਨੁਸਾਰ ਇਹ ਰੋਜ਼ਾ ਦਾਰਾ ਸ਼ਕੋਹ ਦੇ ਸਮੇਂ ਦਾ ਹੈ। ਸਿੱਖਾਂ ਨੇ ਮਕਬਰੇ ਵਿਚੋਂ ਕਬਰ ਪੁਟ ਕੇ ਬਾਹਰ ਬਣਵਾ ਦਿਤੀ ਸੀ ਤੇ ਮਕਬਰੇ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿਤਾ, ਪਰ ਅੰਗ੍ਰੇਜ਼ੀ ਰਾਜ ਦੇ ਸਮੇਂ ਉਹ ਕਬਰ ਫਿਰ ਪੁਰਾਣੀ ਥਾਂ 'ਤੇ ਕਾਇਮ ਕਰ ਦਿਤੀ ਗਈ। ਇਸ ਰੋਜ਼ੇ ਦੇ ਵਿਚਕਾਰ ਇਕ ਹੌਜ਼ ਹੈ, ਜਿਸ ਦੇ ਦੁਆਲੇ ਵੀਰਵਾਰ ਨੂੰ ਨਾਚ ਗਾਣੇ ਦੀ ਮਹਿਫਲ ਜੁੜਿਆ ਕਰਦੀ ਸੀ। (ਵੇਖੋ : ਸ਼ੇਖ ਚਿੱਲੀ)

(ਅ-359) **ਅਬਦੁਲ ਕਾਦਰ ਜੀਲਾਨੀ :**

ਮੁਸਲਮਾਨਾਂ ਦਾ ਇਕ ਪ੍ਰਤਾਪੀ ਤੇ ਕਰਣੀ ਵਾਲਾ ਫ਼ਕੀਰ ਜੋ ਕਾਦਰੀਆ ਫ਼ਿਰਕੇ ਦਾ ਬਾਨੀ ਸੀ। ਅਬਦੁਲ ਕਾਦਰ ਦਾ ਜਨਮ 1078 ਈ: ਵਿਚ ਅਬੂ ਸਾਲਿਹ ਦੇ ਘਰ ਜਿਲਾਨ ਵਿਚ ਹੋਇਆ। ਉਹ 1095 ਈ: ਵਿਚ ਉੱਚੀ ਵਿੱਦਿਆ ਪ੍ਰਾਪਤ ਕਰਨ ਲਈ ਬਗਦਾਦ ਗਏ ਅਤੇ ਉਥੇ, ਅਬੂ ਸਈਦ ਅਲ ਮੁਬਾਰਕ ਤੋਂ ਕੁਰਾਨ ਦੀ ਸਿਖਸ਼ਾ ਪ੍ਰਾਪਤ ਕੀਤੀ। ਉਨ੍ਹਾਂ ਨੇ ਤਿਆਗ, ਸੰਜਮ ਤੇ ਸਾਧਨਾ ਦੇ ਜੀਵਨ ਨੂੰ ਅਪਣਾਇਆ ਅਤੇ ਬਗਦਾਦ ਦੇ ਨੇੜੇ ਥਲ ਬੀਆਬਾਨ ਵਿਚ ਕਈ ਸਾਲ ਏਕਾਂਤ ਵਾਸ ਕੀਤਾ। ਉਹ ਗਿਆਰਾਂ ਸਾਲ ਇਕੋ ਬੁਰਜ ਵਿਚ ਰਹੇ ਜੋ ਉਨ੍ਹਾਂ ਦੇ ਨਾਂ ਨਾਲ ਸੰਬੰਧਿਤ ਹੋਣ ਕਰ ਕੇ ਹੁਣ 'ਬੁਰਜ ਅਲ ਅਜ਼ਮੀ' ਅਖਵਾਉਂਦਾ ਹੈ। 1128 ਈ: ਵਿਚ ਅਬਦੁਲ ਕਾਦਰ ਮੁੜ ਬਗਦਾਦ ਸ਼ਹਿਰ ਆ ਗਏ ਅਤੇ ਅਬੂ ਸਈਦ ਦੇ ਮਕਤਬ ਵਿਚ ਸਿਖਸ਼ਾ ਦੇਣ ਲੱਗੇ। ਉਨ੍ਹਾਂ ਦੀ ਪ੍ਰਸਿਧੀ ਦੂਰ ਦੂਰ ਤਕ ਫੈਲਦੀ ਗਈ ਅਤੇ ਈਰਾਨ, ਮਿਸਰ ਤੇ ਮੈਸੋਪਟੇਮੀਆ ਤੋਂ ਲੋਕੀਂ ਸਿਖਸ਼ਾ ਪ੍ਰਾਪਤੀ ਲਈ ਆਉਣ ਲੱਗੇ। ਅਬਦੁਲ ਕਾਦਰ ਨੇ ਅਨੇਕਾਂ ਯਹੂਦੀਆਂ ਤੇ ਈਸਾਈਆਂ ਨੂੰ ਮੁਸਲਮਾਨ ਬਣਾਇਆ। ਉਨ੍ਹਾਂ ਨੇ ਵਿਆਹ ਕਰ ਕੇ ਗ੍ਰਿਹਸਤੀ ਜੀਵਨ ਵੀ ਬਤੀਤ ਕੀਤਾ ਅਤੇ ਉਨ੍ਹਾਂ ਦੇ ਤੇਰ੍ਹਾਂ ਬੱਚੇ ਹੋਏ। ਕਈਆਂ ਨੇ ਉਨ੍ਹਾਂ ਦੇ ਬੱਚਿਆਂ ਦੀ ਗਿਣਤੀ ਉਣੰਜਾ ਦਸੀ ਹੈ। ਉਨ੍ਹਾਂ ਦੇ ਲੜਕੇ ਅਰਬ, ਮਿਸਰ, ਤੁਰਕਸਤਾਨ ਤੇ ਭਾਰਤ ਵਿਚ ਪ੍ਰਚਾਰ ਲਈ ਗਏ। ਅਬਦੁਲ ਕਾਦਰ ਜੀਲਾਨੀ ਦੀ ਮ੍ਰਿਤੂ ਬਗਦਾਦ ਵਿਚ 1166 ਈ: ਵਿਚ ਹੋਈ।

ਅਬਦੁਲ ਕਾਦਰ ਜੀਲਾਨੀ ਨੇ ਅਨੇਕਾਂ ਮੋਅਜਜ਼ੇ ਵਿਖਾਏ। ਇਕ ਵਾਰ ਟਿਗਰੀ ਦਰਿਆ ਵਿਚ ਸਖ਼ਤ ਹੜ੍ਹ ਆ ਗਿਆ ਅਤੇ ਬਗਦਾਦ ਦਾ ਸ਼ਹਿਰ ਡੁੱਬਣ ਲੱਗਾ ਤਾਂ ਉਥੋਂ ਦੇ ਵਾਸੀਆਂ ਨੇ ਜੀਲਾਨੀ ਦੀ ਸ਼ਰਨ ਆ ਲਈ। ਜੀਲਾਨੀ ਨੇ ਦਰਿਆ ਦੇ ਕੰਢੇ ਆਪਣੀ ਸੋਟੀ ਗੱਡਦੇ ਹੋਏ ਕਿਹਾ, "ਹੇ ਦਰਿਆ, ਇਸ ਤੋਂ ਅੱਗੇ ਨਾ ਵਧੀਂ।" ਉਸੇ ਵੇਲੇ ਦਰਿਆ ਦਾ ਪਾਣੀ ਠਲ ਗਿਆ। ਇਕ ਵਾਰ ਆਪ ਨਿਜ਼ਾਮੀਆਂ ਮਕਤਬ ਵਿਚ ਭਾਸ਼ਣ ਦੇ ਰਹੇ ਸਨ ਕਿ ਇਕ ਜਿੰਨ ਸਰਪ ਦਾ ਰੂਪ ਧਾਰ ਕੇ ਪ੍ਰਗਟ ਹੋਇਆ ਅਤੇ ਉਨ੍ਹਾਂ ਦੇ ਜਿਸਮ ਦੁਆਲੇ ਲਿਪਟ ਗਿਆ ਤੇ ਉਨ੍ਹਾਂ ਨਾਲ ਗਿਆਨ ਗੋਸ਼ਟ ਕਰ ਕੇ ਉਥੋਂ ਚਲਾ ਗਿਆ। ਰਵਾਇਤ ਹੈ ਕਿ ਜੀਲਾਨੀ ਬਾਲ ਅਵਸਥਾ ਵਿਚ ਰਮਜ਼ਾਨ ਦੇ ਮਹੀਨੇ ਹਮੇਸ਼ਾਂ ਆਪਣੀ ਮਾਂ ਦਾ ਦੁੱਧ ਚੁੰਘਣ ਤੋਂ ਇਨਕਾਰ ਕਰ ਦੇਂਦੇ ਸਨ। ਏਕਾਂਤ ਵਾਸ ਦੇ ਦਿਨਾਂ ਵਿਚ ਕਈ ਵਾਰ ਖ਼ਿਜ਼ਰ ਨੇ ਉਨ੍ਹਾਂ ਨੂੰ ਦਰਸ਼ਨ ਦਿਤੇ ਅਤੇ ਗ਼ੈਬ ਵਿਚੋਂ ਉਨ੍ਹਾਂ ਨੂੰ ਖਾਣਾ ਪਹੁੰਚਦਾ ਰਿਹਾ। ਮੱਕੇ ਦੀ ਯਾਤ੍ਰਾ ਸਮੇਂ ਉਨ੍ਹਾਂ ਲਈ ਜਲ, ਖਜੂਰ ਤੇ ਹੋਰ ਵਸਤੂਆਂ ਆਕਾਸ਼ ਵਿਚੋਂ ਉਤਰਦੀਆਂ ਸਨ।

ਇਕ ਵਾਰ ਖ਼ਵਾਜਾ ਖ਼ਿਜ਼ਰ ਦੇ ਆਦੇਸ਼ ਉਤੇ ਅਬਦੁਲ ਕਾਦਰ ਬਗਦਾਦ ਗਏ ਤਾਂ ਉਥੋਂ ਦੇ ਸ਼ੇਖ ਨੇ ਪਾਣੀ ਦਾ ਇਕ ਭਰਿਆ ਕਲਸ ਭੇਜਿਆ, ਜਿਸ ਦਾ ਭਾਵ ਸੀ ਕਿ ਨਗਰ ਅੱਗੇ ਹੀ ਪਾਕ ਲੋਕਾਂ ਨਾਲ ਭਰਿਆ ਪਿਆ ਹੈ ਅਤੇ ਉਥੇ ਹੋਰ ਕਿਸੇ ਲਈ ਕੋਈ ਥਾਂ ਨਹੀਂ। ਅਬਦੁਲ ਕਾਦਰ ਜੀਲਾਨੀ ਨੇ ਉਸ ਕਲਸ ਵਿਚ ਇਕ ਗੁਲਾਬ ਦਾ ਫੁੱਲ ਟਿਕਾ ਦਿਤਾ ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਉਹ ਫੁੱਲ ਵਾਂਗ ਉਸ ਨਗਰ ਵਿਚ ਸਮਾਏ ਰਹਿਣਗੇ। ਪਿਛੋਂ ਗੁਲਾਬ ਦਾ ਫੁੱਲ ਹੀ

ਕਾਦਰੀਆ ਫ਼ਿਰਕੇ ਦਾ ਚਿੰਨ੍ਹ ਬਣ ਗਿਆ।

ਅਬਦੁਲ ਕਾਦਰ ਜੀਲਾਨੀ ਦੀਆਂ ਕਈ ਉਪਾਧੀਆਂ ਹਨ। ਇਨ੍ਹਾਂ ਨੂੰ ਗੌਸੁਲਆਜ਼ਮ, ਮੁਹੱਈਉਦੀਨ ਤੇ ਦਸਤਗੀਰ ਮੀਰਾਂ ਵੀ ਕਹਿੰਦੇ ਹਨ। ਹਾਸ਼ਮ ਨੇ ਉਨ੍ਹਾਂ ਦੀ ਉਸਤਤੀ ਵਿਚ ਇਕ ਸੀਹਰਫ਼ੀ 'ਮਦਾਹ ਪੀਰਾਨੇ ਪੀਰ ਸੱਯਦ ਅਬਦੁਲ ਕਾਦਰ ਜੀਲਾਨੀ' ਲਿਖੀ :

ਯਾ ਗੌਸੁਲਆਜ਼ਮ ਸ਼ਾਹ ਸੁਣਨਾ
ਮੈਂ ਆਜਜ਼ ਕੀਕਰ ਸਿਫ਼ਤ ਕਰਾਂ
ਤੂੰ ਦੁਨੀਆਂ ਦੀਨ ਜ਼ਮੀਨ ਜ਼ੁਮਾਂ
ਸਭ ਆਪੇ ਕਾਰਨ-ਹਾਰ ਹੋਇਆ।

ਫ਼ਜ਼ਲ ਸ਼ਾਹ ਨੇ ਵੀ ਹੀਰ ਦੇ ਕਿੱਸੇ ਵਿਚ ਇਸੇ ਪੀਰ ਨੂੰ ਧਿਆਇਆ ਹੈ।

ਅਬਦੁਲ ਕਾਦਰ ਜੀਲਾਨੀ ਨੇ ਅਨੇਕਾਂ ਗ੍ਰੰਥ ਲਿਖੇ, ਜਿਨ੍ਹਾਂ ਵਿਚੋਂ 'ਤਾਰੀਕ-ਉਲ-ਹੱਕ' ਤੇ 'ਫ਼ਤੂਹ-ਅਲ-ਗ਼ੈਬ' ਖ਼ਾਸ ਮਹੱਤਤਾ ਰਖਦੇ ਹਨ। ਬਰੋਕਲ ਮਾਨ ਨੇ ਉਨ੍ਹਾਂ ਦੀਆਂ 24 ਪੁਸਤਕਾਂ ਦਾ ਵਰਨਣ ਕੀਤਾ ਹੈ ਜੋ ਯੂਰਪ ਦੇ ਪੁਸਤਕਾਲਿਆਂ ਵਿਚ ਖਰੜੇ ਦੇ ਰੂਪ ਵਿਚ ਮਿਲਦੀਆਂ ਹਨ।

ਅਬਦੁਲ ਕਾਦਰ ਜੀਲਾਨੀ ਬੜੇ ਸੁਹਿਰਦ, ਮਿੱਠ-ਬੋਲੜੇ ਤੇ ਦਿਆਲੂ ਸਨ। ਮੁਸਲਮਾਨੀ ਮੁਲਕਾਂ ਵਿਚ ਗ਼ਰੀਬ ਉਨ੍ਹਾਂ ਨੂੰ ਆਪਣਾ ਰਾਖਾ ਮੰਨ ਕੇ ਉਨ੍ਹਾਂ ਦੇ ਨਾਂ ਉਤੇ ਭਿੱਛਿਆ ਮੰਗਦੇ ਹਨ।

ਅਬਦੁਲ ਕਾਦਰ ਕਾਦਰੀਆ ਫ਼ਿਰਕੇ ਦੇ ਬਾਨੀ ਸਨ। ਇਨ੍ਹਾਂ ਦੀ ਮ੍ਰਿਤੂ ਤੋਂ ਬਾਅਦ ਪੁੱਤਰਾਂ ਨੇ ਇਸ ਫ਼ਿਰਕੇ ਦਾ ਪ੍ਰਚਾਰ ਕੀਤਾ। ਇਨ੍ਹਾਂ ਦਾ ਵੱਡਾ ਲੜਕਾ ਅਬਦੁਲ ਰਜ਼ਾਕ ਸੀ ਜੋ ਉਨ੍ਹਾਂ ਤੋਂ ਮਗਰੋਂ ਗੱਦੀ ਉਤੇ ਬੈਠਾ, ਜਿਸ ਨੇ ਉਨ੍ਹਾਂ ਦੀ ਕਬਰ ਉਤੇ ਸਤ ਗੁੰਬਦਾਂ ਵਾਲੀ ਮਸਜਦ ਬਣਵਾਈ।

ਆਪ ਦੀ ਵੰਸ਼ ਦੇ ਕੁਝ ਲੋਕ ਭਾਰਤ ਵਿਚ ਵੀ ਆਏ। ਅਬਦੁਲ ਕਾਦਰ ਜੀਲਾਨੀ ਦਾ ਭਾਂਜਾ ਸੱਯਦ ਅਹਿਮਦ ਕਬੀਰ ਰਫ਼ਾਈ ਸੀ ਜੋ ਰਫ਼ਾਈ ਜਾਂ ਗੁਰਜ਼ਮਾਰ ਫ਼ਕੀਰਾਂ ਦਾ ਮੋਢੀ ਸੀ।

ਗਜ਼ਟੀਅਰ. (1,538) ਅਨੁਸਾਰ ਲੁਧਿਆਣੇ ਵਿਚ ਅਬਦੁਲ ਕਾਦਰ ਜੀਲਾਨੀ ਨੇ ਦਾਤਨ ਕਰ ਕੇ ਸੁਟਿਆ, ਜੋ ਨਿੰਮ ਦੇ ਬ੍ਰਿਛ ਦੇ ਰੂਪ ਵਿਚ ਉਗ ਪਿਆ। ਇਹ ਬ੍ਰਿਛ ਕਿਲ੍ਹੇ ਦੇ ਨੇੜੇ ਉਨ੍ਹਾਂ ਦੀ ਖ਼ਾਨਗਾਹ ਵਿਚ ਹੁਣ ਤਕ ਲੱਗਿਆ ਹੋਇਆ ਹੈ। ਰੌਸ਼ਨੀ ਨਾਂ ਦਾ ਮੇਲਾ ਉਨ੍ਹਾਂ ਦੀ ਸਿਮਰਤੀ ਵਿਚ ਰਬੀ-ਉਲ-ਸਾਨੀ ਦੀ ਗਿਆਰਵੀਂ ਨੂੰ ਹਰ ਸਾਲ ਲੱਗਦਾ ਹੈ ਜਿਥੇ ਸਭ ਧਰਮਾਂ ਦੇ ਲੋਕ ਦੀਵੇ ਜਗਾਂਦੇ ਅਤੇ ਭੇਟਾ ਚੜ੍ਹਾਂਦੇ ਹਨ। ਇਹ ਮੇਲਾ ਤਿੰਨ ਦਿਨ ਰਹਿੰਦਾ ਹੈ। (ਵੇਖੋ : ਰੌਸ਼ਨੀ)

(ਅ-360) **ਅਬਦੁਲ ਖ਼ਾਲਕ** :

ਇਕ ਪ੍ਰਸਿਧ ਮੁਸਲਮਾਨ ਫ਼ਕੀਰ ਜੋ ਪੰਦਰਵੀਂ ਸਦੀ ਵਿਚ ਕਸੂਰ ਵਿਚ ਹੋਇਆ। ਅਬਦੁਲ ਖ਼ਾਲਕ ਦੀ ਮਜ਼ਾਰ ਕਸੂਰ ਤੋਂ ਬਾਹਰ ਖੇਮਕਰਨ ਵਲ ਜਾਂਦੀ ਸੜਕ ਉਤੇ ਬਣੀ ਹੋਈ ਹੈ। ਇਥੇ ਸਾਵਣ ਦੀ ਚੌਧਵੀਂ ਨੂੰ ਹਰ ਸਾਲ ਉਰਸ ਦਾ ਮੇਲਾ ਲੱਗਦਾ ਹੈ। ਸ਼ਰਧਾਲੂ ਇਥੇ ਆ ਕੇ ਸੁਖਣਾ ਸੁਖਦੇ ਤੇ ਚੜ੍ਹਾਵੇ ਚੜ੍ਹਾਂਦੇ ਹਨ।

ਅਬਦੁਲ ਖ਼ਾਲਕ ਬਾਰੇ ਕਈ ਰਵਾਇਤਾਂ ਪ੍ਰਚਲਤ ਹਨ। ਇਕ ਰਵਾਇਤ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਉਨ੍ਹਾਂ ਨੂੰ ਸਣਦੇਹੀ ਦਰਸ਼ਨ ਦਿਤੇ ਸਨ। ਕਹਿੰਦੇ ਹਨ ਇਕ ਵਾਰ ਅਬਦੁਲ ਖ਼ਾਲਕ ਦੀ ਕਿਸੇ ਮੌਲਵੀ ਨਾਲ ਇਸ ਗੱਲ ਉਤੇ ਚਰਚਾ ਛਿੜ ਪਈ ਕਿ ਹਜ਼ਰਤ ਮੁਹੰਮਦ ਸਾਹਿਬ ਬਹਿਸ਼ਤ ਵਿਚ ਸਣਦੇਹੀ ਗਏ ਸਨ ਕਿ ਰੂਹਾਨੀ ਸਰੂਪ ਵਿਚ। ਅਬਦੁਲ ਖ਼ਾਲਕ ਦਾ ਮੱਤ ਸੀ ਕਿ ਹਜ਼ਰਤ ਸਾਹਿਬ ਸਰੀਰ ਸਮੇਤ ਗਏ ਸਨ, ਪਰ ਮੌਲਵੀ ਦਾ ਵਿਚਾਰ ਸੀ ਕਿ ਹਜ਼ਰਤ ਸਾਹਿਬ ਦੀ ਨੂਰੀ ਆਤਮਾ ਹੀ ਬਹਿਸ਼ਤ ਵਿਚ ਗਈ ਸੀ। ਕਾਫ਼ੀ ਦੇਰ ਤਕ ਦੋਵੇਂ ਬਹਿਸ ਕਰਦੇ ਰਹੇ। ਜਦੋਂ ਲੌਢੇ ਵੇਲੇ ਦੀ ਨਿਮਾਜ਼ ਦਾ ਵਕਤ ਹੋਇਆ ਤਾਂ ਦੋਹਾਂ ਨੇ ਨਿਮਾਜ਼ ਪੜ੍ਹੀ। ਨਿਮਾਜ਼ ਪੜ੍ਹਨ ਮਗਰੋਂ ਜਦੋਂ ਉਨ੍ਹਾਂ ਅੱਖਾਂ ਖੋਲ੍ਹੀਆਂ ਤਾਂ ਕੀ ਵੇਖਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਦੇ ਸਾਹਮਣੇ ਸਰੀਰਕ ਰੂਪ ਵਿਚ ਖੜੇ ਹਨ। ਹਜ਼ਰਤ ਮੁਹੰਮਦ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਸਰੀਰ ਸਮੇਤ ਹੀ ਬਹਿਸ਼ਤ ਵਿਚ ਪਧਾਰੇ ਸਨ। ਜਿਸ ਮਸੀਤ ਵਿਚ ਇਹ ਬਹਿਸ ਹੋਈ ਸੀ, ਉਸੇ ਵਿਚ, ਚਲਾਣੇ ਮਗਰੋਂ, ਅਬਦੁਲ ਖ਼ਾਲਕ ਦੀ ਮਜ਼ਾਰ ਬਣਾਈ ਗਈ।

(ਅ-361) **ਅਬਰਾਹੀਮ** :

(ਵੇਖੋ : ਇਬਰਾਹੀਮ)।

(ਅ-362) **ਅਬਰਾਹੀਮ ਅਧਮ** :

(ਵੇਖੋ : ਇਬਰਾਹੀਮ ਅਧਮ)।

(ਅ-363) **ਅੰਬਰੀਸ਼ (ਅੰਬਰੀਕ)** :

(1) ਪੁਰਾਣਾਂ ਅਨੁਸਾਰ ਇਕ ਨਰਕ ਜੋ ਸਦਾ ਭੱਠੀ ਵਾਂਗ ਤਪਦਾ ਰਹਿੰਦਾ ਹੈ ਅਤੇ ਜਿਸ ਵਿਚ ਪਾਪੀ ਰੂਹਾਂ ਦਾਣਿਆਂ ਵਾਂਗ ਭੁਜਦੀਆਂ ਰਹਿੰਦੀਆਂ ਹਨ।

(2) ਅਜੁੱਧਿਆ ਦਾ ਇਕ ਸੂਰਜਵੰਸ਼ੀ ਰਾਜਾ ਜੋ ਪ੍ਰਸੁਸ਼ਰੁਤ ਦਾ ਪੁੱਤਰ ਤੇ ਇਕਸ਼ਵਾਕੂ ਤੋਂ ਅਠਾਈਵੀਂ ਪੀੜ੍ਹੀ ਸੀ। ਅੰਬਰੀਕ ਬੜਾ ਸੂਰਬੀਰ ਤੇ ਪ੍ਰਾਕ੍ਰਮੀ ਰਾਜਾ ਸੀ। ਰਵਾਇਤ ਹੈ ਕਿ ਉਸ ਨੇ ਦਸ ਲਖ ਰਾਜਿਆਂ ਉਤੇ ਫ਼ਤਹਿ ਪ੍ਰਾਪਤ ਕੀਤੀ ਸੀ।

ਅੰਬਰੀਸ਼, ਵਿਸ਼ਨੂੰ ਦਾ ਅਨਿੰਨ ਭਗਤ ਸੀ। ਉਸ ਦੀ ਰੱਖਿਆ ਖ਼ਾਤਰ ਇਕ ਵਾਰ ਵਿਸ਼ਨੂੰ ਨੇ ਆਪਣਾ ਸੁਦਰਸ਼ਨ ਚਕ੍ਰ ਦੁਰਬਾਸ਼ਾ ਦੇ ਪਿਛੇ ਛੱਡਿਆ। ਪੁਰਾਣਾਂ ਅਨੁਸਾਰ ਰਾਜਾ ਅੰਬਰੀਸ਼ ਕੱਤਕ ਦੀ ਇਕਾਦਸ਼ੀ ਦਾ ਵਰਤ ਖੋਲ੍ਹਣ ਹੀ ਲੱਗਾ ਸੀ ਕਿ ਉਪਰੋਂ ਦੁਰਬਾਸ਼ਾ ਰਿਸ਼ੀ ਆ ਗਿਆ। ਅੰਬਰੀਸ਼ ਨੇ ਉਸ ਨੂੰ ਭੋਜਨ ਕਰਨ ਲਈ ਕਿਹਾ। ਰਿਸ਼ੀ ਨੇ ਨਿਉਤਾ ਸਵੀਕਾਰ ਕਰ ਲਿਆ। ਪਰ ਭੋਜਨ ਕਰਨ ਤੋਂ ਪਹਿਲਾਂ ਉਹ ਨਦੀ ਉਤੇ ਇਸ਼ਨਾਨ ਕਰਨ ਲਈ ਚਲਾ ਗਿਆ, ਜਿਥੋਂ ਉਹ ਕਾਫ਼ੀ ਦੇਰ ਬਾਅਦ ਵਾਪਸ ਆਇਆ। ਮਜਬੂਰ ਹੋ ਕੇ ਰਾਜੇ ਨੇ ਮਗਰੋਂ ਵਰਤ ਖੋਲ੍ਹ ਲਿਆ। ਜਦੋਂ ਦੁਰਬਾਸ਼ਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣਾ ਇਕ ਵਾਲ ਪੁਟ ਕੇ ਜ਼ਮੀਨ ਉਤੇ ਸੁਟਿਆ ਜਿਸ ਵਿਚੋਂ ਇਕ ਰਾਖਸ਼ਣੀ ਉਤਪੰਨ ਹੋਈ, ਜੋ ਅੰਬਰੀਸ਼ ਨੂੰ ਖਾਣ ਲਈ ਉਸ ਦੇ ਪਿਛੇ ਦੌੜੀ। ਵਿਸ਼ਨੂੰ ਨੇ ਅੰਬਰੀਸ਼ ਦੀ ਰੱਖਿਆ ਲਈ ਆਪਣਾ ਸੁਦਰਸ਼ਨ ਚਕ੍ਰ ਛੱਡਿਆ ਜੋ ਰਾਖਸ਼ਣੀ ਨੂੰ ਮਾਰ ਕੇ ਦੁਰਬਾਸ਼ਾ ਰਿਸ਼ੀ ਦਾ ਪਿੱਛਾ ਕਰਨ ਲੱਗਾ। ਦੁਰਬਾਸ਼ਾ ਨੇ ਅੰਬਰੀਸ਼ ਦੀ ਸ਼ਰਨ ਲੈ ਕੇ ਰੱਖਿਆ ਲਈ ਤਰਲਾ ਕੀਤਾ। ਅੰਬਰੀਸ਼ ਦੇ ਰੋਕਣ ਉਤੇ ਚਕ੍ਰ ਸ਼ਾਂਤ ਹੋ ਗਿਆ।

ਰਾਮਾਇਣ ਦੀ ਇਕ ਕਥਾ ਅਨੁਸਾਰ ਜਦੋਂ ਅੰਬਰੀਸ਼ ਯੱਗ ਕਰ ਰਿਹਾ ਸੀ ਤਾਂ ਇੰਦਰ ਨੇ ਬਲੀ ਦਾ ਪਸ਼ੂ ਚੁਰਾ ਲਿਆ। ਯੱਗ ਖੰਡਤ ਹੋ ਗਿਆ। ਪ੍ਰੋਹਿਤ ਨੇ ਦੱਸਿਆ ਕਿ ਇਸ ਅਵਿੱਗਿਆ ਦਾ ਪ੍ਰਾਸਚਿਤ ਕੇਵਲ ਮਨੁੱਖ ਦੀ ਬਲੀ ਦੇਣ ਨਾਲ ਹੀ ਹੋ ਸਕਦਾ ਹੈ। ਅੰਬਰੀਸ਼ ਨੇ ਰਿਸ਼ੀ ਰਿਚੀਕ ਨੂੰ ਬਹੁਤ ਸਾਰਾ ਧਨ, ਇਕ ਲੱਖ ਗਊਆਂ, ਸੋਨਾ ਤੇ ਹੀਰੇ ਦੇ ਕੇ, ਉਸ ਦੇ ਪੁੱਤਰ ਸੁਨਹ ਸ਼ੇਫ਼ ਨੂੰ ਖ਼ਰੀਦ ਲਿਆ। ਪਰ ਸੁਨੇਹ ਸ਼ੇਫ਼ ਨੇ ਬਲੀ ਵੇਲੇ ਇੰਦਰ ਤੇ ਵਿਸ਼ਨੂੰ ਨੂੰ ਸੰਬੋਧਨ ਕਰ ਕੇ ਉਨ੍ਹਾਂ ਦੇ ਜਸ ਵਿਚ ਰਿਚਾਂ ਪੜ੍ਹੀਆਂ, ਜਿਸ ਤੋਂ ਪ੍ਰਸੰਨ ਹੋ ਕੇ ਦੋਹਾਂ ਦੇਵਤਿਆਂ ਨੇ ਸ਼ਨਹ ਸ਼ੇਫ਼ ਨੂੰ ਦੀਰਘ ਆਯੂ ਦੀ ਅਸੀਸ ਦਿਤੀ।

ਲਿੰਗ ਪੁਰਾਣ ਅਨੁਸਾਰ ਨਾਰਦ ਅਤੇ ਪਰਵਤ ਨਾਂ ਦੇ ਦੋ ਰਿਸ਼ੀ ਅੰਬਰੀਸ਼ ਦੀ ਕੰਨਿਆਂ 'ਸੁੰਦਰੀ' ਉਤੇ ਮੋਹਿਤ ਹੋ ਗਏ। ਅੰਬਰੀਸ਼ ਨੇ ਜਦੋਂ ਉਨ੍ਹਾਂ ਨਾਲ ਆਪਣੀ ਕੰਨਿਆਂ ਦਾ ਵਿਆਹ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਦੋਹਾਂ ਰਿਸ਼ੀਆਂ ਨੇ ਗੁਸੇ ਵਿਚ ਆ ਕੇ ਅੰਬਰੀਸ਼ ਨੂੰ ਸਰਾਪ ਦਿਤਾ ਕਿ ਉਹ ਸਦਾ ਅੰਧਕਾਰ ਵਿਚ ਘਿਰਿਆ ਰਹੇਗਾ। ਵਿਸ਼ਨੂੰ ਨੇ ਆਪਣੇ ਭਗਤ ਦੀ ਰੱਖਿਆ ਲਈ ਸੁਦਰਸ਼ਨ ਚਕ੍ਰ ਛੱਡਿਆ, ਜਿਸ ਨੇ ਅੰਬਰੀਸ਼ ਦਾ ਅੰਧਕਾਰ ਦੂਰ ਕਰ ਕੇ ਰਿਸ਼ੀਆਂ ਦਾ ਪਿੱਛਾ ਕੀਤਾ ਤੇ ਓਦੋਂ ਹੀ ਉਨ੍ਹਾਂ ਦੀ ਜਾਨ ਛੱਡੀ ਜਦੋਂ ਰਿਸ਼ੀਆਂ ਨੇ ਅੰਬਰੀਸ਼ ਦੀ ਸ਼ਰਨ ਲੈ ਕੇ ਪ੍ਰਾਸਚਿਤ ਕੀਤਾ। ਭਾਈ ਗੁਰਦਾਸ ਨੇ ਦਸਵੀਂ ਵਾਰ ਵਿਚ ਅੰਬਰੀਕ ਦੇ ਪ੍ਰਸੰਗ ਦੁਆਰਾ ਸੱਚੇ ਭਗਤਾਂ ਦੀ ਪ੍ਰਭੂ ਪ੍ਰੇਮ ਦੀ ਮਹਿਮਾ ਪ੍ਰਗਟ ਕੀਤੀ ਹੈ।

(ਅ-364) **ਅਬਰੋਲ** :

ਖੱਤਰੀਆਂ ਦੀ ਇਕ ਗੋਤ; ਇਸ ਗੋਤ ਵਿਚ ਦਹੀਂ ਵਿਚ ਮਧਾਣੀ ਫੇਰਨੀ ਨਿਸ਼ੇਧ ਹੈ। ਇਸ ਗੋਤ ਦੇ ਲੋਕ ਸੱਪ ਨੂੰ ਵੇਖ ਕੇ ਮਾਰਦੇ ਨਹੀਂ, ਸਗੋਂ ਉਸ ਨੂੰ ਦੁਧ ਪਿਲਾਂਦੇ ਹਨ। ਰਵਾਇਤ ਹੈ ਕਿ ਅਬਰੋਲ ਗੋਤ ਦੀ ਇਕ ਤੀਵੀਂ ਨੇ ਸਪੋਲੀਏ

ਨੂੰ ਜਨਮ ਦਿਤਾ। ਇਕ ਰਾਤ ਸਪੋਲੀਆ ਦਹੀਂ ਦੀ ਮਟਕੀ ਵਿਚ ਜਾ ਡਿੱਗਾ, ਸਵੇਰੇ ਤੀਵੀਂ ਨੇ ਜਦੋਂ ਮਧਾਣੀ ਫੇਰੀ ਤਾਂ ਉਹ ਰਿੜਕਿਆ ਜਾਣ ਕਰ ਕੇ ਮਰ ਗਿਆ। ਉਦੋਂ ਤੋਂ ਇਸ ਗੋਤ ਵਿਚ ਸੱਪ ਨੂੰ ਮਾਰਨਾ ਤੇ ਦਹੀਂ ਵਿਚ ਮਧਾਣੀ ਫੇਰਨੀ ਨਿਸ਼ੇਧ ਹੈ। (ਵੇਖੋ : ਖੱਤਰੀ)

(ਅ-365) **ਅਬਲੀਸ** :

(ਵੇਖੋ : ਇਬਲੀਸ)

(ਅ-366) **ਅਬੜਾ** :

ਜੱਟਾਂ ਦਾ ਇਕ ਪੁਰਾਣਾ ਕਬੀਲਾ; ਗਲਾਸਰੀ ਅਨੁਸਾਰ ਇਸ ਕਬੀਲੇ ਦੇ ਲੋਕ ਸਿੰਧ ਤੇ ਬਹਾਵਲਪੁਰ ਰਿਆਸਤ ਵਿਚ ਆਮ ਮਿਲਦੇ ਹਨ। ਰਵਾਇਤ ਹੈ ਕਿ ਇਸ ਕਬੀਲੇ ਦੇ ਵਡਿੱਕਿਆਂ ਨੇ ਹੀ ਸਿੰਧ ਤੇ ਦੱਖਣ-ਪੱਛਮੀ ਪੰਜਾਬ ਵਿਚ ਵਾਹੀ ਖੇਤੀ ਦਾ ਮੁੱਢ ਬੰਨ੍ਹਿਆ। ਇਸ ਸਬੰਧ ਵਿਚ ਅਖਾਣ ਵੀ ਪ੍ਰਚਲਤ ਹੈ —

ਕਰਨ ਬਖਸ਼ੇ ਕਰੋੜ
ਅਬੜਾ ਬਖਸ਼ੇ ਹਲ ਦੀ ਔਰ।

(ਅ-367) **ਅੰਬਾ** :

(1) ਕਾਸ਼ੀ ਦੇ ਰਾਜੇ ਇੰਦਰ ਦੁਮਨ ਦੀ ਵੱਡੀ ਲੜਕੀ; ਭੀਸ਼ਮ ਪਿਤਾਮਾ ਅੰਬਾ ਅਤੇ ਉਹਦੀਆਂ ਦੋਹਾਂ ਛੋਟੀਆਂ ਭੈਣਾਂ — ਅੰਬਿਕਾ ਤੇ ਅੰਬਾਲਿਕਾ ਨੂੰ, ਆਪਣੇ ਮਤ੍ਰੇਏ ਛੋਟੇ ਭਰਾਵਾਂ — ਵਿਚਿਤ੍ਰ ਵੀਰਯ ਤੇ ਚਿਤ੍ਰਾਂਗਦ ਲਈ ਉਧਾਲ ਕੇ ਲਿਆਇਆ ਸੀ। ਇਹ ਤਿੰਨੋਂ ਭੈਣਾਂ ਭੀਸ਼ਮ ਦੀ ਸੂਰਬੀਰਤਾ ਕਾਰਨ ਉਸ ਉਤੇ ਮੁਗਧ ਹੋ ਗਈਆਂ ਅਤੇ ਉਸ ਨਾਲ ਵਿਆਹ ਕਰਨ ਦੀ ਲੋਚਾ ਰਖਦੀਆਂ ਸਨ, ਪਰ ਭੀਸ਼ਮ ਨੇ ਜੀਵਨ ਭਰ ਬ੍ਰਹਮਚਾਰੀ ਰਹਿਣ ਦੀ ਪ੍ਰਤਿੱਗਿਆ ਕੀਤੀ ਹੋਈ ਸੀ, ਜਿਸ ਲਈ ਉਹ ਖ਼ੁਦ ਵਿਆਹ ਕਰਵਾਣ ਤੋਂ ਅਸਮਰਥ ਸੀ।

ਅੰਬਾ ਪਹਿਲਾਂ ਤੋਂ ਹੀ ਰਾਜੇ ਸ਼ਾਲਵ ਨਾਲ ਮੰਗੀ ਹੋਈ ਸੀ। ਜਦੋਂ ਭੀਸ਼ਮ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਅੰਬਾ ਨੂੰ ਸ਼ਾਲਵ ਪਾਸ ਭੇਜ ਦਿਤਾ। ਪਰ ਰਾਜੇ ਸ਼ਾਲਵ ਨੇ ਅੰਬਾ ਨੂੰ ਇਸ ਖ਼ਾਤਰ ਗ੍ਰਹਿਣ ਕਰਨ ਤੋਂ ਇਨਕਾਰ ਕਰ ਦਿਤਾ ਕਿ ਉਹ ਕੁਝ ਦਿਨ ਕਿਸੇ ਓਪਰੇ ਸ਼ਖ਼ਸ ਦੇ ਘਰ ਰਹਿ ਚੁਕੀ ਸੀ। ਭੀਸ਼ਮ ਤੋਂ ਬਦਲਾ ਲੈਣ ਦੇ ਵਿਚਾਰ ਨਾਲ ਅੰਬਾ ਨੇ ਘੋਰ ਤਪੱਸਿਆ ਕੀਤੀ ਅਤੇ ਸ਼ਿਵ ਤੋਂ ਇਹ ਵਰਦਾਨ ਪ੍ਰਾਪਤ ਕਰ ਕੇ ਕਿ ਅਗਲੇ ਜਨਮ ਉਸ ਦੀ ਬਦਲਾ ਲੈਣ ਦੀ ਲੋਚਾ ਪੂਰੀ ਹੋਵੇਗੀ, ਉਹ ਖ਼ੁਦ ਚਿਖਾ ਬਣਾ ਕੇ ਸੜ ਮੋਈ। ਅੰਬਾ ਨੇ ਦੁਬਾਰਾ ਸ਼ਿਖੰਡੀ ਦੇ ਰੂਪ ਵਿਚ ਜਨਮ ਲੈ ਕੇ ਮਹਾਂਭਾਰਤ ਦੇ ਯੁੱਧ ਵਿਚ ਭੀਸ਼ਮ ਦਾ ਬੱਧ ਕੀਤਾ।

(2) ਦੁਰਗਾ ਦਾ ਇਕ ਨਾਂ। (ਵੇਖੋ:ਅੰਬਿਕਾ)

(ਅ-368) **ਅੰਬਾ (ਰਾਜਾ)** :

ਪੰਜਾਬ ਦਾ ਇਕ ਦੰਦ-ਕਥਾਵੀ ਰਾਜਾ, ਜਿਸ ਦਾ ਜ਼ਿਕਰ ਰਾਜਾ ਰਸਾਲੂ ਦੇ ਕਥਾ-ਚੱਕਰ ਵਿਚ ਆਉਂਦਾ ਹੈ। ਇਤਿਹਾਸ ਵਿਚ ਅੰਬਾ ਬਾਰੇ ਕਿਧਰੇ ਕੋਈ ਸੰਕੇਤ ਨਹੀਂ ਮਿਲਦਾ। ਅੰਬਾ ਦੇ ਸਮੇਂ ਤੇ ਸਥਾਨ ਬਾਰੇ ਕੋਈ ਨਿਸਚਤ ਗੱਲ ਨਹੀਂ ਆਖੀ ਜਾ ਸਕਦੀ। ਪ੍ਰਚਲਤ ਰਵਾਇਤਾਂ ਅਨੁਸਾਰ ਅੰਬਾ ਦਾ ਰਾਜ ਲਾਹੌਰ ਜ਼ਿਲੇ ਵਿਚ ਅੰਬਾ ਕਪੀ ਅਤੇ ਰਾਵਲਪਿੰਡੀ ਜ਼ਿਲੇ ਵਿਚ ਮਾਣਕਿਆਲੇ ਦੇ ਖੇਤਰ ਵਿਚ ਸੀ। ਇਕ ਹੋਰ ਰਵਾਇਤ ਅਨੁਸਾਰ ਅੰਬਾਲੇ ਸ਼ਹਿਰ ਦੀ ਨੀਂਹ ਇਸੇ ਰਾਜੇ ਅੰਬਾ ਨੇ ਰਖੀ ਸੀ।

ਅੰਬਾ ਰਾਜਾ ਰਸਾਲੂ ਦਾ ਸ਼ਤਰੂ ਸੀ; ਰਾਜੇ ਰਸਾਲੂ ਨੇ ਅੰਬਾ ਨਾਲ ਯੁੱਧ ਕਰ ਕੇ ਵਿਜੈ ਪ੍ਰਾਪਤ ਕੀਤੀ। ਕੁਝ ਰਵਾਇਤਾਂ ਅਨੁਸਾਰ ਰਾਜਾ ਅੰਬਾ ਸਿਰਕਪ ਤੇ ਸਿਰਸੁਕ ਦਾ ਛੋਟਾ ਭਰਾ ਸੀ। (ਵੇਖੋ : ਸਿਰਕਪ)

ਰਾਜੇ ਅੰਬਾ ਨਾਲ ਸੰਬੰਧਿਤ ਇਕ ਵੱਡੀ ਥੇਹ ਜੋ 'ਅੰਬਾ ਦੀ ਥੇਹ' ਦੇ ਨਾਂ ਨਾਲ ਪ੍ਰਸਿਧ ਹੈ, ਸ਼ੇਖ਼ੂਪੁਰਾ ਤੋਂ ਨੌਂ ਕੁ ਮੀਲ ਦੱਖਣ ਵਲ ਅਤੇ ਰਣਸੀਂਹ ਤੋਂ ਇਕ ਮੀਲ ਪੂਰਬ ਵਲ ਮਿਲਦੀ ਹੈ। ਇਸ ਥੇਹ ਦੇ ਨੇੜੇ ਹੀ ਕੁਝ ਹੋਰ ਥੇਹਾਂ ਵੀ ਹਨ, ਜੋ ਅੰਬਾ ਦੇ ਬਾਕੀ ਭੈਣ ਭਰਾਵਾਂ ਨਾਲ ਸੰਬੰਧਿਤ ਹਨ। (ਵੇਖੋ : ਅੰਬਾ ਕਪੀ) ਕਨਿੰਘਮ ਨੇ 'ਏਨਸ਼ੀਅੰਟ ਜੀਉਗਰਾਫ਼ੀ ਆਫ਼ ਇੰਡੀਆ' ਵਿਚ ਅੰਬਾਂ ਨਾਲ ਸੰਬੰਧਿਤ ਇਕ ਕਹਾਵਤ ਦਿਤੀ ਹੈ

ਜੋ ਲੋਕ ਸਿਮਰਤੀ ਨੇ ਸੰਭਾਲ ਰਖੀ ਸੀ —

ਅੰਬਾ ਕਪੀ ਪਈ ਲੜਾਈ
ਕਲਪੀ ਭੈਣ ਛੁੜਾਵਨ ਆਈ।

ਇਸ ਕਹਾਵਤ ਅਨੁਸਾਰ ਅੰਬਾ ਤੇ ਕਪੀ ਦੋਹਾਂ ਭਰਾਵਾਂ ਵਿਚ ਕਿਸੇ ਗੱਲੋਂ ਲੜਾਈ ਹੋ ਗਈ, ਭੈਣ ਕਲਪੀ ਨੇ ਦੋਹਾਂ ਵਿਚ ਪੈ ਕੇ ਫ਼ੈਸਲਾ ਕਰਵਾਇਆ।

(ਅ-369) **ਅੰਬਾ ਕਪੀ** :

ਜ਼ਿਲਾ ਸ਼ੇਖ਼ੂਪੁਰਾ (ਪਾਕਿਸਤਾਨੀ ਪੰਜਾਬ) ਵਿਚ ਸੱਤ ਉਜੜੀਆਂ ਥੇਹਾਂ ਜਿਨ੍ਹਾਂ ਦਾ ਸਾਮੂਹਿਕ ਨਾਉਂ ਅੰਬਾ-ਕਪੀ ਹੈ। ਇਨ੍ਹਾਂ ਥੇਹਾਂ ਦਾ ਸੰਬੰਧ ਰਸਾਲੂ ਦੇ ਕਥਾ-ਚੱਕਰ ਨਾਲ ਜੋੜਿਆ ਜਾਂਦਾ ਹੈ। ਅੰਬਾ ਦੀ ਥੇਹ ਸ਼ੇਖ਼ੂਪੁਰੇ ਤੋਂ ਨੌਂ ਕੁ ਮੀਲ ਦੱਖਣ ਵਲ ਅਤੇ ਰਣਸੀਂਹ ਤੋਂ ਇਕ ਮੀਲ ਪੂਰਬ ਵਲ ਹੈ। ਕਪੀ ਜਾਂ ਕਾਪੀ ਦੀ ਥੇਹ ਅੰਬਾ ਦੇ ਮੁਕਾਬਲੇ ਵਿਚ ਬਹੁਤ ਛੋਟੀ ਹੈ ਅਤੇ ਅੰਬਾ ਦੇ ਪੂਰਬ ਵਲ ਢਾਈ ਮੀਲ ਦੂਰ ਹੈ। ਇਨ੍ਹਾਂ ਦੋਹਾਂ ਥੇਹਾਂ ਦੇ ਕੋਲ ਹੀ ਪੰਜ ਹੋਰ ਥੇਹਾਂ ਹਨ। ਸਿਰਕਪ ਦੀ ਥੇਹ ਸ਼ੇਖ਼ੂਪੁਰਾ ਤੋਂ ਦੱਖਣ ਵਲ ਛੇ ਮੀਲਾਂ ਦੀ ਵਿੱਥ ਉਤੇ ਬਲੂੜ ਪਿੰਡ ਵਿਚ ਹੈ। ਸਿਰਕਪ ਸੰਬੰਧੀ ਜੋ ਦੰਦ-ਕਥਾਵਾਂ ਅਟਕ ਦੇ ਇਲਾਕੇ ਵਿਚ ਪ੍ਰਚਲਤ ਹਨ, ਉਨ੍ਹਾਂ ਵਿਚ ਸਿਰਕਪ ਦਾ ਰਾਜ-ਸਿੰਘਾਸਨ ਬਲੂੜ ਟੇਪ ਵਿਚ ਦਸਿਆ ਗਿਆ ਹੈ।

ਸਿਰਸੁਕ ਦੀ ਥੇਹ ਸ਼ੇਖ਼ੂਪੁਰਾ ਤੋਂ ਸਾਢੇ ਤਿੰਨ ਮੀਲ ਦੂਰ ਮੁਰਾਦ ਪਿੰਡ ਦੇ ਕੋਲ ਸਥਿਤ ਹੈ। ਇਹ ਥੇਹ ਸਿਰਕਪ ਦੀ ਥੇਹ ਤੋਂ ਢਾਈ ਮੀਲ ਦੂਰ ਹੈ। ਕਲਪੀ ਦੀ ਥੇਹ ਪਿੰਡ ਭੂਈਪੁਰ ਦੇ ਨੇੜੇ, ਸਿਰਕਪ ਤੇ ਅੰਬਾ ਦੀਆਂ ਥੇਹਾਂ ਦੇ ਵਿਚਕਾਰ ਹੈ। ਮੁੰਦੇ ਦੀ ਥੇਹ ਬਾਘ-ਬੱਚਾ ਦਰਿਆ ਦੇ ਪੱਛਮੀ ਕੰਢੇ ਉਤੇ ਹੈ, ਜੋ ਰਣਸੀਂਹ ਤੇ ਅੰਬਾ ਤੋਂ ਦੱਖਣ ਵਲ ਅੱਠ ਮੀਲ ਦੂਰ ਹੈ। ਮਾਨਦੇਹੀ ਦੀ ਥੇਹ ਅੰਬਾ ਤੇ ਕਪੀ ਤੋਂ ਦੱਖਣ ਪੂਰਬ ਵਲ ਹੈ ਅਤੇ ਇਨ੍ਹਾਂ ਦੋਹਾਂ ਥੇਹਾਂ ਤੋਂ ਬਰਾਬਰ ਦੀ ਵਿੱਥ ਉਤੇ ਸਾਢੇ ਤਿੰਨ ਮੀਲ ਦੂਰ ਹੈ।

ਇਨ੍ਹਾਂ ਸੱਤਾਂ ਥੇਹਾਂ ਨੂੰ ਸਮੂਹਿਕ ਰੂਪ ਵਿਚ ਅੰਬਾ ਕਪੀ ਜਾਂ ਅੰਬਾ ਕਲਪੀ ਦੀਆਂ ਥੇਹਾਂ ਦਾ ਨਾਂ ਦਿਤਾ ਗਿਆ ਹੈ। ਇਹ ਸੱਤੇ ਥੇਹਾਂ ਬਾਘ-ਬੱਚਾ ਨਦੀ ਦੇ ਪੱਛਮੀ ਕੰਢੇ ਉਤੇ ਸਥਿਤ ਹਨ ਤੇ ਲਾਹੌਰ ਤੋਂ ਪੱਛਮ ਵਲ 25 ਕੁ ਮੀਲ ਦੀ ਵਿੱਥ ਉਤੇ ਹਨ। ਅੰਬਾ ਬਾਰੇ ਇਤਿਹਾਸ ਮੌਨ ਹੈ, ਪਰ ਰਵਾਇਤਾਂ ਅਨੁਸਾਰ ਅੰਬਾ ਤੇ ਕਪੀ ਨਗਰ ਦੀ ਨੀਂਹ ਇਸੇ ਨਾਂ ਦੇ ਦੋ ਭੈਣ ਭਰਾਵਾਂ ਨੇ ਰਖੀ। ਕਿਸੇ ਸਮੇਂ ਇਹ ਦੋਵੇਂ ਸ਼ਹਿਰ ਘੁਗ ਵਸਦੇ ਸਨ। ਅੰਬਾ ਕਪੀ ਦਾ ਸਮਿਲਤ ਨਾਂ ਪ੍ਰਾਚੀਨ ਕਾਲ ਤੋਂ ਹੀ ਪ੍ਰਚਲਤ ਹੈ। ਪਟਾਲਮੀ ਨੇ ਆਪਣੀਆਂ ਲਿਖਤਾਂ ਵਿਚ 'ਅਮਾਕਤੀ' ਜਾਂ 'ਅਮਾਕਪੀ' ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਉਹ ਰਾਵੀ ਦੇ ਪੱਛਮ ਵਲ ਸਥਿਤ ਦਸਦਾ ਹੈ।

ਦੰਦ-ਕਥਾਵਾਂ ਅਨੁਸਾਰ ਅੰਬਾ ਤੇ ਕਪੀ ਸੱਤ ਭੈਣ ਭਰਾ ਸਨ। ਸਿਰਕਪ, ਸਿਰਸੁਕ ਤੇ ਅੰਬਾ ਤਿੰਨ ਭਰਾ ਸਨ ਅਤੇ ਕਪੀ, ਕਲਪੀ, ਮੁੰਦਾ ਤੇ ਮਾਨਦੇਈ ਚਾਰ ਭੈਣਾਂ। ਇਨ੍ਹਾਂ ਸੱਤਾਂ ਦਾ ਰਾਜ ਸ਼ੇਖ਼ੂਪੁਰਾ ਤੋਂ ਦੱਖਣ ਵਲ ਰਣਸੀਂਹ (ਜਿਸ ਦਾ ਪੁਰਾਣਾ ਨਾਉਂ ਨਾ-ਸੀਂਹ ਸੀ ਤੇ ਜਿਸ ਦਾ ਜ਼ਿਕਰ ਚੀਨੀ ਯਾਤ੍ਰੀ ਨੇ ਵੀ ਆਪਣੇ ਸਫ਼ਰਨਾਮੇ ਵਿਚ ਕੀਤਾ ਹੈ) ਦੇ ਆਲੇ ਦੁਆਲੇ ਦੇ ਇਲਾਕੇ ਵਿਚ ਸੀ। ਲੋਕ-ਰਵਾਇਤਾਂ ਅਨੁਸਾਰ ਰਾਜਾ ਅੰਬਾ ਅੱਜ ਤੋਂ ਅਠਾਰਾਂ ਉੱਨੀਂ ਸੌ ਸਾਲ ਪਹਿਲਾਂ ਹੋਇਆ ਸੀ।

ਇਤਿਹਾਸਕਾਰ ਕਨਿੰਘਮ ਨੇ ਇਨ੍ਹਾਂ ਰਵਾਇਤਾਂ ਦਾ ਇਤਿਹਾਸਕ ਤੱਥਾਂ ਨਾਲ ਏਕੀਕਰਣ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਹੁਸ਼ਕਾ, ਜੁਸ਼ਕਾ ਤੇ ਕਨਿਸ਼ਕ ਜੋ ਯੂਇ-ਚੀ ਜਾਂ ਕੁਸ਼ਾਨ ਜਾਤੀ ਦੇ ਤਿੰਨ ਵੱਡੇ ਰਾਜੇ ਹੋਏ ਹਨ, ਮੂਲ ਵਿਚ ਇਨ੍ਹਾਂ ਤਿੰਨਾਂ ਭਰਾਵਾਂ ਦੇ ਇਤਿਹਾਸਕ ਨਾਂ ਸਨ।

ਅੰਬਾ ਕਪੀ ਤੋਂ ਚਾਲ੍ਹੀ ਕੁ ਮੀਲਾਂ ਦੀ ਵਿੱਥ ਉਤੇ ਸਾਗਲ ਹੈ। ਇਸ ਨਗਰ ਬਾਰੇ ਇਕ ਦੰਦ-ਕਥਾ ਮਿਲਦੀ ਹੈ ਕਿ ਸੱਤਾਂ ਰਾਜਿਆਂ ਨੇ ਸਾਗਲ ਦੇ ਰਾਜੇ ਕੁਸਾ ਦੀ ਖ਼ੂਬਸੂਰਤ ਪਤਨੀ ਪ੍ਰਭਾਵਤੀ ਨੂੰ ਖੋਹਣ ਲਈ ਉਸ ਉਤੇ ਹੱਲਾ ਬੋਲਿਆ। ਹੋ ਸਕਦਾ ਹੈ ਕਿ ਇਹ ਸੱਤੇ ਰਾਜੇ ਰਾਜੇ ਅੰਬਾ ਕਪੀ ਆਦਿ ਹੀ ਹੋਣ ਅਤੇ ਤਿੰਨਾਂ ਭਰਾਵਾਂ ਨੇ ਚੌਹਾਂ ਭਣਵਈਆਂ ਨਾਲ ਰਲ ਕੇ ਸਾਗਲ ਉਤੇ ਹੱਲਾ ਬੋਲਿਆ ਹੋਵੇ।

ਰਸਾਲੂ ਕਥਾ-ਚੱਕਰ ਅਨੁਸਾਰ ਇਹ ਸੱਤੇ

ਭੈਣ ਭਰਾ ਰਾਖਸ਼ ਤੇ ਰਾਖਸ਼ਣੀਆਂ ਸਨ ਜਿਨ੍ਹਾਂ ਉਤੇ ਰਾਜਾ ਰਸਾਲੂ ਨੇ ਵਿਜੈ ਪ੍ਰਾਪਤ ਕੀਤੀ। ਕਨਿੰਘਮ ਇਸ ਕਥਾ ਨੂੰ ਬੁਧ ਦੇ ਪਿਛਲੇ ਜਨਮ ਵਿਚ ਸੱਤ ਭੁੱਖੇ ਬਾਘ ਬੱਚਿਆਂ ਨੂੰ ਆਤਮ-ਸਮਰਪਣ ਦੀ ਕਥਾ ਨਾਲ ਜੋੜਦਾ ਹੈ। ਬਾਘ ਬੱਚਾ ਨਦੀ ਦਾ ਨਾਉਂ ਵੀ ਇਸੇ ਕਥਾ ਵਲ ਸੰਕੇਤ ਕਰਦਾ ਹੈ।

(ਅ-370) **ਅੰਬਾ ਕੰਵਾਰ** :

ਅਰਜਨ ਦਾ ਪੁੱਤਰ; ਜਿਸ ਜਗ੍ਹਾ ਅੰਬਾ ਕੰਵਾਰ ਦੇ ਵਿਆਹ ਦੀ ਵੇਦੀ ਗਡੀ ਗਈ ਉਹ ਥਾਂ ਅਮੀਨ (ਜ਼ਿਲਾ ਥਾਨੇਸਰ) ਵਿਚ ਹੈ ਅਤੇ ਉਹ ਜਗ੍ਹਾ ਚੂੜੀ ਡਾਇਰ ਦੇ ਨਾਂ ਨਾਲ ਪ੍ਰਸਿਧ ਹੈ। (ਵੇਖੋ : ਅਮੀਨ)

(ਅ-371) **ਅੰਬਾਲਾ** :

ਹਰਿਆਣੇ ਦਾ ਇਕ ਨਗਰ ਜਿਸ ਦਾ ਨਾਉਂ ਅੰਬਾ ਦੇਵੀ ਦੇ ਨਾਉਂ ਉਤੇ ਅੰਬਾ-ਆਲਾ (ਅੰਬਾਲਾ) ਪਿਆ। ਇਥੇ ਅੰਬਾ ਦੇਵੀ ਦਾ ਇਕ ਵੱਡਾ ਸਾਰਾ ਮੰਦਰ ਸੀ ਜਿਸਨੂੰ ਮਗਰੋਂ ਮੁਸਲਮਾਨਾਂ ਨੇ ਢਾਹ ਕੇ ਮਸੀਤ ਉਸਾਰ ਲਈ। ਇਕ ਹੋਰ ਰਵਾਇਤ ਅਨੁਸਾਰ ਇਸ ਸ਼ਹਿਰ ਦੀ ਨੀਂਹ ਰਾਜੇ ਅੰਬਾ ਨੇ ਰਖੀ ਜੋ ਸਿਰਕਪ ਦਾ ਛੋਟਾ ਭਰਾ ਸੀ ਅਤੇ ਜਿਸ ਦੀ ਥੇਹ ਅੰਬਾ ਕਪੀ ਵਿਚ ਮਿਲਦੀ ਹੈ। (ਵੇਖੋ : ਅੰਬਾ)

(ਅ-372) **ਅੰਬਾਲਵੀ ਕਬੱਡੀ** :

(ਵੇਖੋ : ਕਬੱਡੀ)

(ਅ-373) **ਅੰਬਾਲਿਕਾ** :

ਕਾਸ਼ੀ ਦੇ ਰਾਜੇ ਇੰਦਰਦੁਮਨ ਦੀ ਕੰਨਿਆਂ; ਅੰਬਾਲਿਕਾ ਅੰਬਾ ਦੀ ਛੋਟੀ ਭੈਣ ਸੀ। ਇਸ ਨੂੰ ਭੀਸ਼ਮ ਪਿਤਾਮਾ ਆਪਣੇ ਛੋਟੇ ਭਰਾ ਵਿਚਿਤ੍ਰ ਵੀਰਯ ਲਈ ਉਧਾਲ ਕੇ ਲਿਆਇਆ ਸੀ। ਅੰਬਾਲਿਕਾ ਨੂੰ ਬਹੁਤਾ ਚਿਰ ਸੁਹਾਗ ਨਸੀਬ ਨਾ ਹੋਇਆ। ਵਿਚਿਤ੍ਰ ਵੀਰਯ ਦੀ ਮੌਤ ਦੇ ਮਗਰੋਂ ਵਿਆਸ ਰਿਸ਼ੀ ਨੇ ਅੰਬਾਲਿਕਾ ਨਾਲ ਨਿਯੋਗ ਕਰ ਕੇ ਪਾਂਡੂ ਪੈਦਾ ਕੀਤਾ, ਜੋ ਪਾਂਡਵਾਂ ਦਾ ਪਿਤਾ ਸੀ। (ਵੇਖੋ : ਪਾਂਡੂ)

(ਅ-374) **ਅੰਬਿਕ** :

ਕਾਲਕਾ ਪੁਰਾਣ ਅਨੁਸਾਰ ਇਕ ਜੋਗਣੀ। (ਵੇਖੋ : ਜੋਗਣੀਆਂ)

(ਅ-375) **ਅੰਬਿਕਾ** :

(1) ਹਿੰਦੂਆਂ ਦੀ ਇਕ ਪ੍ਰਸਿਧ ਦੇਵੀ ਜੋ ਦੁਰਗਾ ਦਾ ਹੀ ਇਕ ਵਿਸ਼ੇਸ਼ ਰੂਪ ਹੈ। ਵਾਜਸਨੇਯੀ ਸੰਹਿਤਾ ਅਨੁਸਾਰ ਅੰਬਿਕਾ ਰੁਦ੍ਰ ਦੀ ਭੈਣ ਸੀ। ਤੈਤ੍ਰਯਾ ਸੰਹਿਤਾ ਵਿਚ ਅੰਬਿਕਾ ਦਾ ਸਰਦ ਰੁੱਤ ਦੀ ਦੇਵੀ ਦੇ ਰੂਪ ਵਿਚ ਵਰਨਣ ਹੈ ਜਿਸ ਦਾ ਸੰਬੰਧ ਰੁਦ੍ਰ ਨਾਲ ਜੋੜਿਆ ਗਿਆ ਹੈ। ਏ. ਬੀ. ਕੇਥ ਦੀ ਪੁਸਤਕ 'ਰਿਲਿਜਨ ਐਂਡ ਫ਼ਿਲਾਸਫ਼ੀ ਆਫ਼ ਦੀ ਵੇਦਾ' (ਜਿਲਦ 3,144) ਅਨੁਸਾਰ ਅੰਬਿਕਾ ਦੇ ਨਾਉਂ ਦੀ ਵਿਉਤਪਤੀ ਰਿਗਵੇਦ ਵਿਚ ਆਏ ਰੁਦ੍ਰ ਦੇ ਇਕ ਨਾਉਂ 'ਤ੍ਰਯੰਬਿਕਾ' ਤੋਂ ਹੋਈ ਹੈ।

ਪੌਰਾਣਿਕ ਕਾਲ ਵਿਚ ਅੰਬਿਕਾ ਦਾ ਏਕੀਕਰਣ ਦੁਰਗਾ ਅਤੇ ਓਮਾ ਨਾਲ ਕੀਤਾ ਗਿਆ ਅਤੇ ਉਸ ਨੂੰ ਦੁਰਗਾ ਦਾ ਹੀ ਇਕ ਅਵਤਾਰ ਮੰਨ ਲਿਆ ਗਿਆ। ਦੇਵੀ ਪੁਰਾਣ ਅਨੁਸਾਰ ਦੇਵੀ ਸੱਠਾਂ ਰੂਪਾਂ ਵਿਚ ਪ੍ਰਗਟ ਹੋਈ ਜਿਨ੍ਹਾਂ ਵਿਚੋਂ ਵੀਹ ਰੂਪ ਸਾਤਵਿਕ ਸਨ, ਵੀਹ ਰਾਜਸਿਕ ਅਤੇ ਵੀਹ ਤਾਮਸਿਕ। ਅੰਬਿਕਾ ਇਸੇ ਦੇਵੀ ਦਾ ਤਾਮਸੀ ਰੂਪ ਹੈ।

ਭਾਗਵਤ ਪੁਰਾਣ ਅਨੁਸਾਰ ਸ਼ਕਤੀ ਪਹਿਲਾਂ ਸਤੀ ਦੇ ਰੂਪ ਵਿਚ ਸ਼ਿਵ ਦੀ ਪਤਨੀ ਸੀ। ਦੱਕਸ਼ ਦੇ ਯੱਗ ਨੂੰ ਨਸ਼ਟ ਕਰ ਕੇ ਅਤੇ ਉਸ ਵਿਚ ਸੜ ਕੇ ਉਹੋ ਕਾਲੀ ਬਣੀ। ਅਗਲੇ ਜਨਮ ਉਹ ਓਮਾ ਦੇ ਰੂਪ ਵਿਚ ਪੈਦਾ ਹੋਈ। ਇਹੋ ਦੇਵੀ ਰਾਖਸ਼ਾਂ ਦਾ ਸੰਘਾਰ ਕਰ ਕੇ ਅੰਬਿਕਾ ਦੇ ਨਾਂ ਨਾਲ ਪ੍ਰਸਿਧ ਹੋਈ।

ਪੰਜਾਬ ਦੇ ਪਹਾੜੀ ਇਲਾਕੇ ਵਿਚ ਅੰਬਿਕਾ ਦੀ ਪੂਜਾ ਵਿਸ਼ੇਸ਼ ਰੂਪ ਵਿਚ ਪ੍ਰਚਲਤ ਹੈ। ਕਾਂਗੜੇ ਦੇ ਕਿਲ੍ਹੇ ਵਿਚ ਪਾਂਡਵਾਂ ਦੇ ਵੇਲੇ ਦਾ, ਅੰਬਿਕਾ ਦੇਵੀ ਦਾ ਇਕ ਮੰਦਰ ਹੈ। ਸਤਲੁਜ ਦੇ ਕੰਢੇ ਨੂਰਪੁਰ ਦੀ ਵਾਦੀ ਵਿਚ ਅੰਬਿਕਾ ਦੇਵੀ ਦੀ

ਸਿਮਰਤੀ ਵਿਚ ਹਰ ਤਿੰਨਾਂ ਸਾਲਾਂ ਮਗਰੋਂ ਇਕ ਸਾਧਾਰਣ ਮੇਲਾ ਲੱਗਦਾ ਹੈ, ਪਰ ਹਰ ਬਾਰਾਂ ਸਾਲਾਂ ਬਾਅਦ ਇਕ ਵਿਸ਼ੇਸ਼ ਮੇਲਾ ਭੂੰਡਾ ਭਰਦਾ ਹੈ, ਜਿਸ ਵਿਚ ਦੂਰੋਂ ਦੂਰੋਂ ਲੋਕ ਆ ਕੇ ਸ਼ਾਮਲ ਹੁੰਦੇ ਹਨ।

(2) ਕਾਂਸ਼ੀ ਦੇ ਰਾਜੇ ਇੰਦ੍ਰਦੁਮਨ ਦੀ ਵਿਚਕਾਰਲੀ ਕੰਨਿਆਂ; ਅੰਬਿਕਾ ਨੂੰ ਭੀਸ਼ਮ ਆਪਣੇ ਮਤ੍ਰੇਏ ਭਰਾ ਵਿਚਿਤ੍ਰ ਵੀਰਯ ਦੀ ਖ਼ਾਤਰ ਉਧਾਲ ਕੇ ਲੈ ਆਇਆ ਸੀ। ਵਿਚਿਤ੍ਰ ਵੀਰਯ ਦੀ ਮੌਤ ਦੇ ਮਗਰੋਂ ਵਿਆਸ ਰਿਸ਼ੀ ਨੇ ਅੰਬਿਕਾ ਨਾਲ ਨਿਯੋਗ ਕਰ ਕੇ ਇਸ ਤੋਂ ਧ੍ਰਿਤਰਾਸ਼ਟਰ ਪੈਦਾ ਕੀਤਾ ਜੋ ਕੌਰਵਾਂ ਦਾ ਪਿਤਾ ਸੀ।

(ਅ-376) **ਅੰਬਿਕਾ ਬਨ** :

ਪੁਰਾਣਾਂ ਅਨੁਸਾਰ ਇਲਵ੍ਰਤ ਖੰਡ ਦਾ ਇਕ ਸਥਾਨ। ਧਾਰਨਾ ਹੈ ਕਿ ਇਸ ਬਨ ਵਿਚ ਵਿਚਰਨ ਨਾਲ ਮਰਦ ਸਹਿਜ ਰੂਪ ਵਿਚ ਹੀ ਇਸਤ੍ਰੀ ਦਾ ਸਰੀਰ ਗ੍ਰਹਿਣ ਕਰ ਲੈਂਦਾ ਹੈ।

(ਅ-377) **ਅਬਿਚਲ ਨਗਰ** :

ਹੈਦਰਾਬਾਦ ਦੱਖਣ ਵਿਚ, ਗੋਦਾਵਰੀ ਨਦੀ ਦੇ ਕੰਢੇ, ਨੰਦੇੜ ਸ਼ਹਿਰ ਦੇ ਨੇੜੇ ਇਕ ਅਸਥਾਨ ਜਿਥੇ ਕੱਤਕ ਸੁਦੀ 5, ਸੰਮਤ 1765 ਨੂੰ ਗੁਰੂ ਗੋਬਿੰਦ ਸਿੰਘ ਜੋਤੀ ਜੋਤ ਸਮਾਏ ਸਨ। ਇਸ ਨਗਰ ਨੂੰ ਸਿੱਖ ਆਦਰ ਭਾਵ ਨਾਲ 'ਹਜ਼ੂਰ ਸਾਹਿਬ' ਵੀ ਕਹਿੰਦੇ ਹਨ। ਇਥੇ ਸਿੱਖਾਂ ਦਾ ਚੌਥਾ ਤਖ਼ਤ ਹੈ ਜਿਥੇ ਗੁਰੂ ਗੋਬਿੰਦ ਸਿੰਘ ਦੇ ਕਈ ਸ਼ਸਤ੍ਰ ਚਕ੍ਰ, ਗੁਰਜ, ਫ਼ੌਲਾਦੀ ਕਮਾਨ, ਸ੍ਰੀ ਸਾਹਿਬ ਆਦਿ ਸੰਭਾਲੇ ਪਏ ਹਨ। ਇਸ ਇਲਾਕੇ ਵਿਚ ਹੇਠ ਲਿਖੇ ਗੁਰਧਾਮ ਹਨ :—

(ੳ) ਸ਼ਿਕਾਰ ਘਾਟ :— ਨੰਦੇੜ ਤੋਂ ਦੱਖਣ ਵਲ ਗੋਦਾਵਰੀ ਦੇ ਕੰਢੇ ਇਕ ਧਾਮ, ਜਿਥੇ ਗੁਰੂ ਗੋਬਿੰਦ ਸਿੰਘ ਸ਼ਿਕਾਰ ਖੇਡ ਕੇ ਆਰਾਮ ਕੀਤਾ ਕਰਦੇ ਸਨ।

(ਅ) ਸੰਗਤ ਸਾਹਿਬ : — ਇਥੇ ਗੁਰੂ ਗੋਬਿੰਦ ਸਿੰਘ ਸੰਗਤਾਂ ਨੂੰ ਉਪਦੇਸ਼ ਦਿਤਾ ਕਰਦੇ ਸਨ।

(ੲ) ਹੀਰਾ ਘਾਟ :— ਨੰਦੇੜ ਤੋਂ ਦੱਖਣ ਵਲ ਗੋਦਾਵਰੀ ਦੇ ਕੰਢੇ ਇਕ ਧਾਮ, ਜਿਥੇ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਵਲੋਂ ਭੇਟ ਕੀਤਾ ਹੀਰਾ ਗੋਦਾਵਰੀ ਵਿਚ ਸੁਟਿਆ ਸੀ।

(ਸ) ਗੋਬਿੰਦ ਬਾਗ਼ :— ਇਥੇ ਗੁਰੂ ਗੋਬਿੰਦ ਸਿੰਘ ਕਦੇ ਕਦੇ ਬਿਸਰਾਮ ਕੀਤਾ ਕਰਦੇ ਸਨ।

(ਹ) ਨਗੀਨਾ ਘਾਟ :— ਨੰਦੇੜ ਤੋਂ ਪੱਛਮ ਵਲ ਇਕ ਅਸਥਾਨ, ਜਿਥੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਵਲੋਂ ਭੇਟ ਕੀਤਾ ਨਗੀਨਾ ਨਦੀ ਵਿਚ ਸੁਟਿਆ ਸੀ।

(ਕ) ਬੰਦਾ ਧਾਮ :— ਨੰਦੇੜ ਦੇ ਪੱਛਮ ਵਲ ਇਕ ਧਾਮ ਜਿਥੇ ਮਾਧੋ ਦਾਸ ਬੈਰਾਗੀ ਦੀ ਕੁਟੀਆ ਸੀ।

(ਖ) ਮਾਤਾ ਸਾਹਿਬ ਕੌਰ ਦਾ ਅਸਥਾਨ :— ਹੀਰਾ ਘਾਟ ਦੇ ਨੇੜੇ ਦਾ ਇਕ ਅਸਥਾਨ; ਮਾਤਾ ਸਾਹਿਬ ਕੌਰ ਗੁਰੂ ਗੋਬਿੰਦ ਸਿੰਘ ਦੇ ਨਾਲ ਜਦੋਂ ਦੱਖਣ ਵਲ ਆਏ ਸਨ ਤਾਂ ਉਨ੍ਹਾਂ ਕੁਝ ਚਿਰ ਇਥੇ ਇਕਾਂਤ ਵਾਸ ਕੀਤਾ ਸੀ।

(ਗ) ਮਾਲਟੇਕੜੀ :— ਨੰਦੇੜ ਦੇ ਉਤਰ ਵਲ ਇਕ ਧਾਮ। ਰਵਾਇਤ ਹੈ ਕਿ ਇਸ ਥਾਂ ਤੋਂ ਗੁਪਤ ਖ਼ਜ਼ਾਨਾ ਕੱਢ ਕੇ ਗੁਰੂ ਗੋਬਿੰਦ ਸਿੰਘ ਨੇ ਪਠਾਨ ਨੌਕਰਾਂ ਨੂੰ ਤਨਖ਼ਾਹ ਵੰਡੀ ਸੀ ਅਤੇ ਬਾਕੀ ਬਚਿਆ ਧਨ ਉਥੇ ਹੀ ਦਬਵਾ ਦਿਤਾ ਸੀ।

(ਅ-378) **ਅਬੀਰ** :

ਹੋਲੀ ਦੇ ਦਿਨੀਂ ਧੂੜਿਆ ਜਾਣ ਵਾਲਾ ਇਕ ਸੁਗੰਧਿਤ ਗੁਲਾਲ, ਜੋ ਗੁਲਾਬ, ਕੇਸਰ, ਕਸਤੂਰੀ ਤੇ ਸੰਦਲ ਤੋਂ ਬਣਾਇਆ ਜਾਂਦਾ ਹੈ। ਲੋਕ-ਨਿਸਚੇ ਅਨੁਸਾਰ ਜਿਥੇ ਅਬੀਰ ਧੂੜਿਆ ਜਾਵੇ ਉਥੇ ਬਦ-ਰੂਹਾਂ ਨਹੀਂ ਆਉਂਦੀਆਂ।

(ਅ-379) **ਅਬੂ-ਅਲ-ਹਸਨ ਅਲੀ ਬਿਨ ਉਸਮਾਨ** :

ਮੁਸਲਮਾਨਾਂ ਦੇ ਇਕ ਪ੍ਰਸਿਧ ਵਲੀ ਜੋ ਦਾਤਾ ਗੰਜ ਬਖ਼ਸ਼ ਦੇ ਨਾਂ ਨਾਲ ਪ੍ਰਸਿਧ ਹਨ। ਇਨ੍ਹਾਂ ਦੀ ਮਜ਼ਾਰ ਲਾਹੌਰ ਵਿਚ ਭਾਟੀ ਦਰਵਾਜ਼ੇ ਦੇ ਬਾਹਰਲੇ ਪਾਸੇ ਵਲ ਸਥਿਤ ਹੈ ਜਿਥੇ ਹਰ ਸ਼ੁਕਰਵਾਰ ਅਤੇ ਮਹੀਨੇ ਦੇ ਅਖੀਰਲੇ ਸਨਿਚਰਵਾਰ ਭਾਰੀ ਮੇਲਾ ਲੱਗਦਾ ਹੈ। ਇਥੇ ਹਰ ਸਾਲ ਸਫ਼ਰ ਦੇ ਮਹੀਨੇ ਦੀ ਇੱਕੀ ਤਾਰੀਖ਼ ਨੂੰ ਉਰਸ

ਮਨਾਇਆ ਜਾਂਦਾ ਹੈ। (ਵੇਖੋ : ਦਾਤਾ ਗੰਜ ਬਖਸ਼)

(ਅ-380) **ਅਬੂ-ਅਲ-ਮੁਆਲੀ** :

ਮੁਸਲਮਾਨਾਂ ਦੇ ਇਕ ਪ੍ਰਸਿਧ ਪੀਰ ਜਿਸ ਦੀ ਮਜ਼ਾਰ ਲਾਹੌਰ ਵਿਚ ਕਿਲ੍ਹਾ ਗੁੱਜਰ ਸਿੰਘ ਦੇ ਨੇੜੇ ਹੈ। ਇਸ ਦਰਗਾਹ ਵਿਚ ਹਰ ਸਾਲ ਤਿੰਨ ਮੇਲੇ ਲੱਗਦੇ ਹਨ। ਦੋ ਮੇਲੇ ਦੋਹਾਂ ਈਦਾਂ ਉਤੇ ਅਤੇ ਤੀਜਾ ਮੇਲਾ ਜ਼ੀ ਅਲਹੱਜ ਦੀ 17 ਤਾਰੀਖ਼ ਨੂੰ। ਇਸ ਮਜ਼ਾਰ ਦੀ ਯਾਤ੍ਰਾ ਕਰਨ ਵਾਲੇ ਇਥੇ ਸ਼ਰਧਾ ਨਾਲ ਕਬੂਤਰਾਂ ਦਾ ਜੋੜਾ ਭੇਟ ਕਰਦੇ ਹਨ।

(ਅ-381) **ਅਬੂ ਸਹਮ** :

ਮੁਸਲਮਾਨਾਂ ਦੇ ਖ਼ਲੀਫ਼ੇ ਉਮਰ ਖੱਤਾਬ ਦਾ ਪੁੱਤਰ; ਇਕ ਵਾਰ ਅਬੂ ਸਹਮ ਨੇ ਸ਼ਰਾਬ ਪੀਤੀ ਜਿਸ ਕਰ ਕੇ ਉਮਰ ਖੱਤਾਬ ਨੇ ਉਸ ਨੂੰ ਇਤਨੇ ਕੋਰੜੇ ਲਗਵਾਏ ਕਿ ਉਹਦੀ ਮੌਤ ਹੋ ਗਈ।

"ਇਤਮਾਮ ਤਹਿਸੀਲ ਜਿਨ੍ਹਾਂ ਦੁਈਂ ਹੋਈ,
ਅਬੂ ਸਹਮ ਤੇ ਦੋਮ ਸ਼ੈਤਾਨ ਹੋਵੇ।"
— ਵਾਰਿਸ

(ਅ-382) **ਅਬੂ ਹੁਰੇ ਰਾਹ** :

ਹਜ਼ਰਤ ਮੁਹੰਮਦ ਸਾਹਿਬ ਦਾ ਇਕ ਨਿਕਟਵਰਤੀ, ਜਿਸ ਨੂੰ ਇਕ ਬਿੱਲੀ ਪਾਲਣ ਕਰ ਕੇ ਬਿੱਲੀ ਵਾਲਾ ਕਿਹਾ ਜਾਂਦਾ ਸੀ। ਅਰਬੀ ਵਿਚ 'ਹੁਰੇ ਰਾਹ' ਦਾ ਅਰਥ ਹੈ — ਬਿੱਲੀ ਵਾਲਾ ਅਤੇ ਅਬੂ ਦਾ ਅਰਥ ਹੈ ਪਿਤਾ। ਅਬੂ ਹੁਰੇ ਦਾ ਜ਼ਿਕਰ ਕਿੱਸਾ ਸਾਹਿੱਤ ਵਿਚ ਮਿਲਦਾ ਹੈ।

(ਅ-383) **ਅਬੂ ਜਹਲ** :

ਹਜ਼ਰਤ ਮੁਹੰਮਦ ਸਾਹਿਬ ਦੇ ਇਕ ਚਾਚੇ ਦੀ ਅਲ; ਇਸ ਦਾ ਅਸਲੀ ਨਾਂ ਤਾਂ ਅਬੁਲ ਹਿਕਮ (ਹਿਕਮਤ ਕਰਨ ਵਾਲਾ) ਸੀ। ਪਰ ਇਹ ਮੁਹੰਮਦ ਸਾਹਿਬ ਦੇ ਵਿਰੋਧੀਆਂ ਵਿਚੋਂ ਸੀ, ਜਿਸ ਕਰ ਕੇ ਮੁਸਲਮਾਨ ਉਸ ਨੂੰ ਅਬੂ ਜਹਲ (ਮੂਰਖਾਂ ਦਾ ਪਿਓ) ਕਹਿਣ ਲੱਗ ਪਏ।

(ਅ-384) **ਅਬੂ ਬਕਰ** :

ਹਜ਼ਰਤ ਉਸਮਾਨ ਦਾ ਪੁੱਤਰ ਅਤੇ ਮੁਹੰਮਦ ਸਾਹਿਬ ਦੀ ਪਤਨੀ ਆਇਸ਼ਾਂ ਦਾ ਪਿਤਾ। ਅਬੂ ਬਕਰ ਇਸਲਾਮ ਦੇ ਪਹਿਲੇ ਖ਼ਲੀਫ਼ਾ ਸਨ। ਸੁੰਨੀ ਮੁਸਲਮਾਨ ਇਨ੍ਹਾਂ ਨੂੰ ਚੌਹਾਂ ਖ਼ਲੀਫ਼ਿਆਂ ਵਿਚੋਂ ਪ੍ਰਮੁਖ ਮੰਨਦੇ ਹਨ। ਅਬੂ ਬਕਰ ਨੇ ਹੀ ਮੁਹੰਮਦ ਸਾਹਿਬ ਨੂੰ ਸਭ ਤੋਂ ਪਹਿਲਾਂ ਪੈਗੰਬਰ ਦੇ ਤੌਰ ਉਤੇ ਸਵੀਕਾਰ ਕੀਤਾ ਅਤੇ ਉਨ੍ਹਾਂ ਦੇ ਪਹਿਲੇ ਅਨੁਯਾਈ ਬਣੇ। ਇਹ ਸੱਠਾਂ ਸਾਲ ਦੀ ਉਮਰ ਵਿਚ ਖ਼ਲੀਫ਼ਾ ਬਣੇ, ਪਰ ਇਨ੍ਹਾਂ ਨੇ ਆਪਣੀ ਦੋ ਸਾਲ ਤੇ ਤਿੰਨਾਂ ਮਹੀਨਿਆਂ ਦੀ ਖ਼ਿਲਾਫ਼ਤ ਦੇ ਦੌਰਾਨ ਮੁਸਲਮਾਨਾਂ ਨੂੰ ਧਾਰਮਿਕ ਤੇ ਰਾਜਸੀ ਤੌਰ ਤੇ ਪੂਰੀ ਤਰ੍ਹਾਂ ਸੰਗਠਿਤ ਕੀਤਾ। ਇਨ੍ਹਾਂ ਦੀ ਮ੍ਰਿਤੂ 23 ਅਗਸਤ 634 ਈ: ਨੂੰ ਹੋਈ। ਰਵਾਇਤ ਹੈ ਕਿ ਇਕ ਵਾਰ ਅਬੂ ਬਕਰ ਨੂੰ ਇਕ ਸੱਪ ਡੰਗ ਮਾਰ ਗਿਆ, ਪਰ ਮੁਹੰਮਦ ਸਾਹਿਬ ਦੀ ਥੁਕ ਲਗਾਣ ਨਾਲ ਉਹ ਮੁੜ ਨਵੇਂ ਨਰੋਏ ਹੋ ਗਏ।

(ਅ-385) **ਅੰਬੋ** :

ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਨਾਇਕਾ; ਅੰਬੋ ਨੇ ਸਾਵੇਂ ਝੂਟਣ ਜਾਣ ਲੱਗਿਆਂ ਆਪਣੀ ਭਰਜਾਈ ਤੋਂ ਉਸ ਦਾ ਸਾਲੂ ਮੰਗਿਆ। ਭਰਜਾਈ ਨੇ ਅੰਬੋ ਨੂੰ ਇਸ ਸ਼ਰਤ ਉਤੇ ਸਾਲੂ ਦਿਤਾ ਕਿ ਜੇ ਸਾਲੂ ਉਤੇ ਕਿਸੇ ਪੰਛੀ ਦੀ ਵਿੱਠ ਡਿਗ ਪਈ ਤਾਂ ਉਹ ਅੰਬੋ ਦੇ ਲਹੂ ਵਿਚ ਸਾਲੂ ਨੂੰ ਧੋਵੇਗੀ। ਸਾਵੇਂ ਝੂਟਦਿਆਂ ਸਾਲੂ ਉਤੇ ਇਕ ਕਾਂ ਦੀ ਵਿੱਠ ਡਿਗ ਪਈ। ਭਰਜਾਈ ਨੇ ਅੰਬੋ ਨੂੰ ਬਚਨ ਪਾਲਣ ਲਈ ਕਿਹਾ। ਅੰਬੋ ਨਿਸ਼ੰਗ ਹੋ ਕੇ ਆਪਣੀ ਬਲੀ ਦੇਣ ਲਈ ਤਿਆਰ ਹੋ ਗਈ। ਅੰਬੋ ਨੂੰ ਉਸ ਦੀ ਭਰਜਾਈ ਕਪੜੇ ਧੋਣ ਦੇ ਬਹਾਨੇ ਛੱਪੜ ਉਪਰ ਲੈ ਗਈ ਤੇ ਉਸ ਨੇ ਆਪਣੇ ਪਤੀ ਦੀ ਮਦਦ ਨਾਲ ਅੰਬੋ ਨੂੰ ਮਾਰ ਕੇ ਛੱਪੜ ਦੀ ਕੰਧੀ ਉਤੇ ਹੀ ਦੱਬ ਦਿਤਾ ਤੇ ਫਿਰ ਉਸ ਦੇ ਲਹੂ ਵਿਚ ਆਪਣਾ ਸਾਲੂ ਰੰਗਿਆ। ਜਿਥੇ ਅੰਬੋ ਨੂੰ ਦਬਿਆ ਗਿਆ ਸੀ ਉਥੇ ਅੰਬ ਦਾ ਇਕ ਬੂਟਾ ਉਗ ਆਇਆ।

ਇਹ ਕਥਾ ਕਿਸੇ ਪ੍ਰਾਚੀਨ ਦੰਦ-ਕਥਾ ਦਾ

ਵਿਕ੍ਰਤ ਰੂਪ ਹੈ ਅਤੇ ਪ੍ਰਾਚੀਨ ਕਾਲ ਵਿਚ ਨਵਾਂ ਦਰੱਖ਼ਤ ਲਗਾਣ ਵੇਲੇ ਦਿਤੀ ਗਈ ਕਿਸੇ ਮਨੁੱਖੀ ਬਲੀ ਵਲ ਸੰਕੇਤ ਕਰਦੀ ਹੈ।

ਇਹ ਕਥਾ 'ਪੰਜਾਬ ਦੀਆਂ ਲੋਕ-ਕਹਾਣੀਆਂ' (ਪੰਨਾ 124) ਵਿਚ 'ਭਾਬੋ ਸਾਲੂ ਬੋੜਿਆ' ਦੇ ਸਿਰਲੇਖ ਹੇਠ ਮਿਲਦੀ ਹੈ ਅਤੇ ਧਨੀ-ਪੋਠੋਹਾਰ ਦੇ ਇਲਾਕੇ ਵਿਚ ਬੜੀ ਪ੍ਰਸਿਧ ਹੈ। ਇਹੋ ਕਥਾ ਕਾਵਿ-ਰੂਪ ਵਿਚ ਵੀ ਉਪਲਬਧ ਹੈ, ਜਿਸ ਦਾ ਇਕ ਬੰਦ ਹੇਠਾਂ ਦਿਤਾ ਗਿਆ ਹੈ :—

ਨਿਕਿਆ ਧੋਬੀਆ ! ਅੰਬ ਨਾ ਤਰੋੜ
ਡਾਲੀ ਨਾ ਮਰੋੜ
ਛੋਟੇ ਵੀਰੇ ਭੈਣ ਕੁਠੀ, ਭਾਬੋ ਸਾਲੂ ਬੋੜਿਆ।

(ਅ-386) **ਅਬੋਹਰ** :

ਫ਼ਿਰੋਜ਼ਪੁਰ ਜ਼ਿਲੇ ਦਾ ਇਕ ਪ੍ਰਸਿਧ ਨਗਰ; ਮੌਜੂਦਾ ਅਬੋਹਰ ਬਹੁਤਾ ਪੁਰਾਣਾ ਨਗਰ ਨਹੀਂ। ਉਨੀਵੀਂ ਸਦੀ ਦੇ ਆਰੰਭ ਤਕ ਇਥੇ ਬਿਲਕੁਲ ਉਜਾੜ ਬੀਆਬਾਨ ਸੀ। ਵੈਸੇ ਅਬੋਹਰ ਪ੍ਰਾਚੀਨ ਨਗਰਾਂ ਵਿਚੋਂ ਇਕ ਹੈ। ਇਬਨ ਬਤੋਤਾ ਨੇ, 1341 ਈ: ਵਿਚ ਆਪਣੇ ਸਫ਼ਰਨਾਮੇ ਵਿਚ ਇਸ ਨਗਰ ਦਾ ਜ਼ਿਕਰ ਕੀਤਾ ਹੈ। ਇਥੇ ਕਦੇ ਇਕ ਬੜਾ ਵੱਡਾ ਕਿਲ੍ਹਾ ਹੁੰਦਾ ਸੀ, ਜਿਸ ਦੇ ਖੰਡਰ ਹੁਣ ਤਕ ਮਿਲਦੇ ਹਨ। ਐਸ. ਐਨ. ਬੈਨਰਜੀ (ਹਿਸਟਰੀ ਆਫ਼ ਪਟਿਆਲਾ, 66) ਅਨੁਸਾਰ ਅਬੋਹਰ ਦਾ ਮੂਲ ਨਾਂ ਉਭੋ-ਹਰ ਸੀ। ਜਿਸ ਨੂੰ ਜਨਰਾ ਨੇ ਆਪਣੀ ਪਤਨੀ ਉਭੋ (ਉਭੋਧਨਾ ਕੁਮਾਰੀ) ਦੇ ਨਾਂ ਉਤੇ, ਇਕ ਪਾਣੀ ਦੇ ਛੰਭ ਦੇ ਕੰਢੇ ਵਸਾਇਆ। ਉਭੋ-ਹਰ ਵਿਚ 'ਹਰ' ਪਦ ਹੜ੍ਹ ਦੇ ਪਾਣੀ ਦਾ ਬੋਧਿਕ ਜਾਪਦਾ ਹੈ, ਜੋ ਕਦੇ ਇਥੇ ਛੰਭ ਦੇ ਰੂਪ ਵਿਚ ਇਕੱਠਾ ਹੋ ਗਿਆ ਹੋਣਾ ਹੈ। ਇਹ ਜਨਰਾ ਰਾਜੇ ਰਸਾਲੂ ਦਾ ਹੀ ਪੋਤਰਾ ਸੀ। ਇਸ ਤਰ੍ਹਾਂ ਇਸ ਨਗਰ ਦਾ ਸੰਬੰਧ ਪੂਰਨ-ਰਸਾਲੂ ਮਾਹਲ ਨਾਲ ਜਾ ਜੁੜਦਾ ਹੈ।

ਇਤਿਹਾਸ ਵਿਚ ਇਸ ਨਗਰ ਨੇ ਕੋਈ ਮਹੱਤਵਪੂਰਣ ਹਿੱਸਾ ਨਹੀਂ ਪਾਇਆ। ਪ੍ਰਚਲਤ ਰਵਾਇਤਾਂ ਅਨੁਸਾਰ (ਫ਼ਿਰੋਜ਼ਪੁਰ ਗਜ਼ਟੀਅਰ, 267) ਇਸ ਨਗਰ ਉਤੇ ਕਈ ਸਦੀਆਂ ਪਹਿਲਾਂ ਇਕ ਰਾਜਪੂਤ ਰਾਜੇ ਅਬਰਾਮ ਚੰਦ ਦਾ ਰਾਜ ਸੀ। ਇਕ ਵਾਰ ਰਾਜੇ ਦੇ ਕੀਮਤੀ ਘੋੜੇ ਨੇੜੇ ਦੇ ਜੰਗਲ ਵਿਚ ਘਾਹ ਚਰ ਰਹੇ ਸਨ ਕਿ ਉੱਚ ਦੇ ਸੱਯਦਾਂ ਦੀ ਇਕ ਧਾੜ, ਉਨ੍ਹਾਂ ਨੂੰ ਫੜ ਕੇ ਮੁਲਤਾਨ ਵਲ ਲੈ ਤੁਰੀ। ਰਾਜੇ ਅਬਰਾਮ ਚੰਦ ਦਾ ਕੋਈ ਲੜਕਾ ਨਹੀਂ ਸੀ। ਸੋ ਉਸ ਦੀ ਕੰਨਿਆਂ ਨੇ ਘੋੜੇ ਵਾਪਸ ਲਿਆਉਣ ਅਤੇ ਧਾੜਵੀਆਂ ਨੂੰ ਦੰਡ ਦੇਣ ਲਈ, ਮਰਦਾਵਾਂ ਭੇਸ ਧਾਰ ਕੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਧਾੜਵੀਆਂ ਨਾਲ ਕਈ ਝੜਪਾਂ ਲੈ ਕੇ ਉਨ੍ਹਾਂ ਤੋਂ ਘੋੜੇ ਖੋਹ ਲਿਆਂਦੇ। ਨਾਲ ਹੀ ਉਸ ਨੇ ਉੱਚ ਦੇ ਸੱਯਦਾਂ ਦਾ ਵੀ ਕੁਝ ਮਾਲ ਲੁਟ ਲਿਆਂਦਾ।

ਉੱਚ ਦੇ ਸੱਯਦ ਬੜੇ ਸੱਜਨ ਪੁਰਸ਼ ਸਨ, ਉਨ੍ਹਾਂ ਪਹਿਲਾਂ ਆਪਣੀਆਂ ਚੀਜ਼ਾਂ ਵਸਤਾਂ ਵਾਪਸ ਮੰਗੀਆਂ, ਪਰ ਜਦੋਂ ਅਬਰਾਮ ਚੰਦ ਨੇ ਲੁਟ ਮਾਰ ਦਾ ਮਾਲ ਵਾਪਸ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ ਤਾਂ ਸੱਯਦਾਂ ਨੇ ਸਰਾਪ ਦੇਣ ਦੀ ਧਮਕੀ ਦਿਤੀ। ਜਦੋਂ ਫ਼ਿਰ ਵੀ ਲੁਟ ਮਾਰ ਦਾ ਮਾਲ ਸੱਯਦਾਂ ਨੂੰ ਵਾਪਸ ਨਾ ਮਿਲਿਆ ਤਾਂ ਉਨ੍ਹਾਂ ਨੇ ਅਬੋਹਰ ਦੇ ਪੂਰਬ ਵਲ ਇਕ ਰੇਤਲੇ ਟਿਲੇ ਉਤੇ ਧਰਨਾ ਮਾਰਿਆ।

ਰਾਜੇ ਅਬਰਾਮ ਚੰਦ ਨੇ ਸੱਯਦਾਂ ਦੀ ਉੱਕੀ ਸਾਰ ਨਾ ਲਈ। ਕੁਝ ਅਰਸੇ ਮਗਰੋਂ ਜਦੋਂ ਸੱਯਦਾਂ ਦੀਆਂ ਤੀਵੀਆਂ ਨੇ ਵੇਖਿਆ ਕਿ ਉਨ੍ਹਾਂ ਦੇ ਮਰਦ ਵਾਪਸ ਨਹੀਂ ਆਏ ਤਾਂ ਉਹ ਸੱਯਦਾਂ ਦੀ ਖ਼ਬਰ ਸੁਰਤ ਲੈਣ ਲਈ ਖ਼ੁਦ ਅਬੋਹਰ ਗਈਆਂ। ਸੱਯਦਾਂ ਨੇ ਦੂਰੋਂ ਆਪਣੀਆਂ ਤੀਵੀਆਂ ਨੂੰ ਦੁਖੀ ਤੇ ਕਰੁਣਾਮਈ ਅਵਸਥਾ ਵਿਚ ਆਉਂਦਿਆਂ ਵੇਖਿਆ ਤਾਂ ਉਨ੍ਹਾਂ ਨੇ ਕਰੋਧ ਵਿਚ ਆ ਕੇ ਸਾਰੇ ਇਲਾਕੇ ਦੇ ਲੋਕਾਂ ਨੂੰ ਨਸ਼ਟ ਹੋਣ ਦਾ ਸਰਾਪ ਦੇ ਦਿਤਾ। ਫਲਸਰੂਪ ਇਲਾਕੇ ਦੇ ਲੋਕਾਂ ਦੇ ਨਾਲ ਸਯਦ ਖ਼ੁਦ ਵੀ ਪਤਨੀਆਂ ਸਮੇਤ ਸਵਾਹ ਹੋ ਗਏ। ਇਸ ਘਟਨਾ ਦੀ ਸ਼ਾਹਦੀ ਟਿਲੇ ਉਤੇ ਸੱਯਦ ਪੀਰਾਂ ਦੀ ਮਜ਼ਾਰ ਅਤੇ ਹੇਠਲੇ ਕਬਰਸਤਾਨ ਵਿਚ ਤੀਵੀਆਂ ਦੀਆਂ ਕਬਰਾਂ ਭਰ ਰਹੀਆਂ ਹਨ।

(ਅ-387) **ਅਭਾਖਿਆ** :

ਉਹ ਸ਼ਬਦ ਜਾਂ ਵਾਕੰਸ਼ ਜਿਸ ਦਾ ਪ੍ਰਯੋਗ

ਕਿਸੇ ਖ਼ਾਸ ਸਥਿਤੀ ਵਿਚ ਅਸ਼ੁਭ ਮੰਨਿਆ ਜਾਵੇ। ਲੋਕ ਧਾਰਨਾ ਅਨੁਸਾਰ ਸ਼ਬਦਾਂ ਵਿਚ ਸਵੈ-ਸਿਧੀ ਦੀ ਸਹਿਜ ਸ਼ਕਤੀ ਵਿਦਮਾਨ ਹੈ ਅਤੇ ਕੁਝ ਸ਼ਬਦਾਂ ਜਾਂ ਵਾਕੰਸ਼ਾਂ ਦੀ ਵਰਤੋਂ ਖ਼ਾਸ ਸਥਿਤੀ ਵਿਚ ਕਰਨਾ ਸੁਤੇ ਸਿਧ ਮੰਦਾ ਚਿਤਵਣ ਦੇ ਤੁਲ ਹੈ ਤੇ ਇਸ ਦਾ ਪ੍ਰਭਾਵ ਅਸ਼ੁਭ ਪੈਂਦਾ ਹੈ। ਅਜਿਹੇ ਸ਼ਬਦਾਂ ਦੀ ਥਾਂ ਮੰਗਲਮਈ ਭਾਸ਼ਾ ਦੀ ਵਰਤੋਂ ਕਰਨ ਦੀ ਰੀਤ ਹੈ। ਜਿਵੇਂ 'ਦੁਕਾਨ ਬੰਦ ਕਰਨਾ', 'ਸਿਹਰਾ ਉਤਾਰਨਾ' ਅਭਾਖਿਆ ਹੈ; ਇਨ੍ਹਾਂ ਵਾਕੰਸ਼ਾਂ ਦੀ ਥਾਂ ਮੰਗਲ ਭਾਸ਼ਾ ਵਿਚ 'ਦੁਕਾਨ ਵਧਾਣਾ' ਤੇ 'ਸਿਹਰਾ ਵਧਾਣਾ' ਵਾਕੰਸ਼ਾਂ ਦਾ ਪ੍ਰਯੋਗ ਸ਼ੁਭ ਹੈ। ਅਭਾਖਿਆ ਨੂੰ ਕੁਬੋਲ ਵੀ ਕਹਿੰਦੇ ਹਨ। (ਵੇਖੋ : ਮੰਗਲ ਭਾਸ਼ਾ)

(ਅ-388) **ਅਭਿਸੇਚ (ਅਭਿਖੇਕ)** :

ਅਭਿਸੇਚ ਸ਼ਬਦ ਦਾ ਕੋਸ਼ਗਤ ਅਰਥ ਹੈ — ਛਿੜਕਾਉ; ਜਲ ਛਿੜਕਨ ਦੀ ਕਿਰਿਆ; ਆਦਿਮ ਕਾਲ ਤੋਂ ਹੀ ਇਹ ਵਿਸ਼ਵਾਸ਼ ਚਲਿਆ ਆ ਰਿਹਾ ਹੈ ਕਿ ਖ਼ਾਸ ਖ਼ਾਸ ਰੀਤਾਂ-ਰਸਮਾਂ ਸਮੇਂ ਜੇ ਜਲ ਵਿਚ ਕੁਝ ਹੋਰ ਸਾਮਗ੍ਰੀ ਮਿਲਾ ਕੇ, ਕਿਸੇ ਪ੍ਰਾਣੀ ਉਤੇ ਉਸ ਦਾ ਛਿੜਕਾਓ ਕੀਤਾ ਜਾਵੇ ਤਾਂ ਉਸ ਪ੍ਰਾਣੀ ਦੇ ਵਿਅੱਕਤੀਗਤ ਗੁਣਾਂ, ਬਲ ਪ੍ਰਾਕ੍ਰਮ ਤੇ ਮਾਨ ਪ੍ਰਤਿਸ਼ਠਾ ਵਿਚ ਸਹਿਜ ਰੂਪ ਵਿਚ ਵਾਧਾ ਹੁੰਦਾ ਹੈ। ਇਸ ਸੰਕਲਪ ਦਾ ਮੁੱਢ ਮੀਂਹ ਵਿਚ ਇਸ਼ਨਾਨ ਤੋਂ ਬਝਿਆ। ਆਦਿਮ ਅਵਸਥਾ ਵਿਚ ਮੀਂਹ ਨੂੰ ਦੈਵੀ ਬਖਸ਼ਿਸ਼ ਮੰਨਿਆ ਜਾਂਦਾ ਸੀ। ਧਾਰਨਾ ਸੀ ਕਿ, ਇਸ ਦੇ ਕੁਝ ਛੱਟੇ ਪਿੰਡੇ ਉਤੇ ਪੁਆ ਲੈਣ ਨਾਲ ਸਰੀਰ ਤੇ ਆਤਮਾ ਦੋਹਾਂ ਵਿਚ ਦੈਵੀ ਸ਼ਕਤੀ ਦਾ ਸੰਚਾਰ ਹੁੰਦਾ ਹੈ।

ਮਗਰੋਂ ਜਦੋਂ ਪਸ਼ੂਆਂ ਦੀ ਬਲੀ ਦੇਣ ਦਾ ਰਵਾਜ ਪਿਆ ਤਾਂ ਲਹੂ ਦੇ ਛੱਟੇ ਮਾਰਨ ਦੀ ਪ੍ਰਥਾ ਚਲੀ। ਇਸ ਰੀਤ ਦਾ ਭਾਵ ਵੀ ਪ੍ਰਾਣੀ ਵਿਚ ਸ਼ਕਤੀ ਦਾ ਸੰਚਾਰ ਕਰਨਾ ਸੀ। ਸ਼ਤਪਥ ਬ੍ਰਾਹਮਣ ਵਿਚ ਉਲੇਖ ਹੈ ਕਿ ਇਸ ਰੀਤ ਵਿਚ ਉਤੇਜਨਾ ਤੇ ਬਲ ਪ੍ਰਦਾਨ ਕਰਨ ਦੀ ਸ਼ਕਤੀ ਹੈ। ਮੁਲਤਾਨ ਦੇ ਹਿੰਦੂਆਂ ਵਿਚ ਹੁਣ ਤਕ ਮੁੰਡਨ ਸੰਸਕਾਰ ਸਮੇਂ ਬਕਰੇ ਦੀ ਬਲੀ ਦੇਣ ਮਗਰੋਂ ਲਹੂ ਦੇ ਛੱਟੇ ਮਾਰਨ ਦੀ ਰੀਤ ਪ੍ਰਚਲਤ ਹੈ।

ਵੇਦਾਂ ਤੇ ਬ੍ਰਾਹਮਣ ਗ੍ਰੰਥਾਂ ਵਿਚ ਅਭਿਸੇਚ ਦਾ ਉਲੇਖ ਕਈ ਰੂਪਾਂ ਵਿਚ ਮਿਲਦਾ ਹੈ, ਵਧੇਰੇ ਕਰ ਕੇ ਰਾਜਸੂਯਾ ਰੀਤ ਦੇ ਸਬੰਧ ਵਿਚ। ਪ੍ਰਾਚੀਨ ਕਾਲ ਵਿਚ ਰਾਜ ਤਿਲਕ ਸਮੇਂ ਜਲ ਛਿੜਕਨ ਦੀ ਰੀਤ ਸਰਬ-ਸ੍ਰੇਸ਼ਠ ਸ਼ਕਤੀ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਸੀ। ਇਹ ਰੀਤ ਇਕ ਵੱਡੇ ਸੰਸਕਾਰ ਦਾ ਰੂਪ ਧਾਰਨ ਕਰ ਚੁਕੀ ਸੀ। ਐਤ੍ਰਯ ਬ੍ਰਾਹਮਣ ਵਿਚ ਕਈ ਪ੍ਰਸਿਧ ਰਾਜਿਆਂ ਦੇ ਨਾਵਾਂ ਦਾ ਵਰਨਣ ਹੈ ਜਿਨ੍ਹਾਂ ਦਾ ਅਭਿਸੇਚ ਵੱਡੇ ਪੈਮਾਨੇ ਉਤੇ ਹੋਇਆ। ਛੋਟੇ ਰਾਜਿਆਂ ਦਾ ਵੀ ਅਭਿਸੇਚ ਹੁੰਦਾ ਰਿਹਾ। ਮਹਾਂਭਾਰਤ ਦੇ 'ਸ਼ਾਂਤੀ ਪੁਰਬ' ਅਨੁਸਾਰ ਰਾਜੇ ਦਾ ਅਭਿਸੇਚ ਹੋਣਾ ਇਕ ਲਾਜ਼ਮੀ ਕਰਮ ਸੀ। ਰਾਮਾਇਣ ਅਨੁਸਾਰ ਚੰਦ੍ਰਮੇ ਦੇ ਪੋਹ ਨਛੱਤ੍ਰ ਵਿਚ ਪ੍ਰਵੇਸ਼ ਕਰਨ ਸਮੇਂ ਕੀਤੇ ਅਭਿਸੇਚ ਦਾ ਬੜਾ ਮਹਾਤਮ ਹੈ। ਇਸੇ ਯੋਗ ਸਮੇਂ ਇੰਦਰ ਨੇ ਦੈਂਤਾਂ ਉਤੇ ਵਿਜੈ ਪ੍ਰਾਪਤ ਕੀਤੀ ਸੀ। ਰਾਜਿਆਂ ਦੇ ਅਭਿਸੇਚ ਸਮੇਂ ਅਠਾਰਾਂ ਤੱਤ ਮਿਲਾਏ ਜਾਂਦੇ ਸਨ ਜਿਨ੍ਹਾਂ ਵਿਚ ਸਰਸਵਤੀ ਨਦੀ ਦਾ ਪਾਣੀ, ਘਿਓ, ਦੁੱਧ, ਚੰਦਨ, ਸੁਗੰਧੀਆਂ, ਗੋਬਰ, ਮਿੱਟੀ, ਹਲਦੀ, ਚਾਵਲ ਆਦਿ ਦਾ ਹੋਣਾ ਅਵੱਸ਼ਕ ਸੀ।

ਅਭਿਸੇਚ ਪਾਪਾਂ ਦਾ ਨਾਸ਼ਕ ਵੀ ਹੈ। ਵਰਾਹ ਪੁਰਾਣ ਅਨੁਸਾਰ ਕੋਈ ਪ੍ਰਾਣੀ ਆਪਣਾ ਖ਼ੁਦ ਹੀ ਅਭਿਸੇਚ ਕਰ ਸਕਦਾ ਹੈ। ਜੇ ਕੋਈ ਪ੍ਰਾਣੀ ਜਲ ਤੇ ਤਿਲ ਰਲਾ ਕੇ, ਸੱਜੇ ਹੱਥ ਨਾਲ ਸੰਖ ਦੁਆਰਾ ਆਪਣੇ ਸਿਰ ਉਤੇ ਛੱਟੇ ਮਾਰੇ ਤਾਂ ਉਸ ਦੇ ਸਭ ਪਾਪ ਸੁਤੇ ਸਿਧ ਧੁਲ ਜਾਂਦੇ ਹਨ।

ਬੋਧੀਆਂ ਅਨੁਸਾਰ ਅਭਿਸੇਚ ਦਸਾਂ ਭੂਮੀਆਂ ਵਿਚੋਂ ਅੰਤਮ ਭੂਮੀ ਹੈ। ਤੰਤ੍ਰ ਸ਼ਾਸਤ੍ਰ ਅਨੁਸਾਰ ਅਭਿਸੇਚ ਪੁਨਹਚਰਣ ਦੇ ਪੰਜ ਅੰਗਾਂ ਵਿਚੋਂ ਚੌਥਾ ਅੰਗ ਹੈ। ਬਾਕੀ ਅੰਗ ਜਪ, ਹੋਮ, ਤਰਪਣ ਅਤੇ ਬ੍ਰਾਹਮਣਾਂ ਨੂੰ ਭੋਜ ਦੇਣਾ ਹਨ। ਪੁਨਹਚਰਣ ਕਿਸੇ ਕਾਰਜ ਦੀ ਸਿਧੀ ਲਈ ਇਸ਼ਟ ਦੇਵਤੇ ਅੱਗੇ ਮੰਤ੍ਰਾਂ ਦਾ ਜਾਪ ਕਰਨਾ ਹੈ। (ਵੇਖੋ : ਪੁਨਹਚਰਣ) ਜੈਨੀਆਂ ਵਿਚ ਪੂਜਾ ਸਮੇਂ ਮਹਾਂਵੀਰ ਦੀ ਮੂਰਤੀ ਨੂੰ ਪਾਵਨ ਜਲ ਅਤੇ ਦੁਧ ਨਾਲ ਇਸ਼ਨਾਨ ਕਰਵਾਉਣ ਦੀ ਪ੍ਰਥਾ ਹੈ, ਜਿਸ ਨੂੰ ਉਹ ਅਭਿਖੇਕ ਜਾਂ ਅਭੀਸ਼ਕ ਕਹਿੰਦੇ ਹਨ। ਇਹ ਰੀਤ ਕੁਲ ਦਾ

ਵਡਿਕਾ ਕਰਦਾ ਹੈ ਅਤੇ ਪਰਿਵਾਰ ਦੇ ਬਾਕੀ ਲੋਕ ਕੋਲ ਬੈਠ ਕੇ ਪ੍ਰਾਰਥਨਾ ਕਰਦੇ ਹਨ। ਇਸ ਰੀਤ ਦੇ ਮਗਰੋਂ ਸਭ ਲੋਕ ਰਲ ਕੇ ਆਰਤੀ ਉਤਾਰਦੇ ਹਨ। ਵੈਸ਼ਨੋ ਮੱਤ ਵਾਲਿਆਂ ਵਿਚ ਮੂਰਤੀ ਨੂੰ ਸਥਾਪਿਤ ਕਰਨ ਵੇਲੇ ਅਤੇ ਮਗਰੋਂ ਖ਼ਾਸ ਖ਼ਾਸ ਉਤਸ਼ਵਾਂ ਉਤੇ ਅਭਿਸੇਚ ਕੀਤਾ ਜਾਂਦਾ ਹੈ ਅਤੇ ਜਲ ਤੇ ਦੁੱਧ ਨਾਲ ਮੂਰਤੀ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ।

ਅੰਮ੍ਰਿਤ ਸੰਸਕਾਰ ਸਮੇਂ ਨੇਤਰਾਂ ਅਤੇ ਕੇਸਾਂ ਉਤੇ ਅੰਮ੍ਰਿਤ ਛਿੜਕਨ ਦੀ ਕਿਰਿਆ ਨੂੰ ਮਹਾਨਕੋਸ਼ (54) ਵਿਚ ਅਭਿਸੇਚ ਕਿਹਾ ਗਿਆ ਹੈ।

(ਅ-389) **ਅਭਿਜਿਤ** :

(1) ਦੋ ਨਛਤ੍ਰਾਂ ਦੀਆਂ ਕਲਾਵਾਂ ਤੋਂ ਮਿਲਕੇ ਬਣਿਆ ਇਕ ਸ਼ੁਭ ਲਗਨ; ਉਤਰਾਖਾੜਾ ਨਛਤ੍ਰ ਦੀਆਂ ਪਿਛਲੀਆਂ ਚਾਰ ਅਤੇ ਸ੍ਰਵਣ ਨਛਤ੍ਰ ਦੀਆਂ ਪਹਿਲੀਆਂ ਚਾਰ ਕਲਾ ਟਲ ਕੇ ਅਭਿਜਿਤ ਅਖਵਾਉਂਦੀਆਂ ਹਨ। ਇਸ ਲਗਨ ਸਮੇਂ ਜੇ ਵੈਰੀ ਉਤੇ ਹੱਲਾ ਬੋਲਿਆ ਜਾਵੇ ਤਾਂ ਹਮੇਸ਼ਾਂ ਵਿਜੈ ਪ੍ਰਾਪਤ ਹੁੰਦੀ ਹੈ। ਇਸੇ ਧਾਰਨਾ ਤੋਂ ਇਸ ਲਗਨ ਦਾ ਨਾਉਂ ਅਭਿਜਿਤ ਪੈ ਗਿਆ। ਅਭਿ ਦਾ ਭਾਵ ਸਨਮੁਖ ਹੈ ਤੇ ਅਭਿਜਿਤ ਦਾ ਭਾਵ ਸਨਮੁਖ ਹੋ ਕੇ ਜਿੱਤਣਾ ਹੈ। ਕਈ ਲੋਕ ਅਭਿਜਿਤ ਨੂੰ ਇਕ ਨਛਤ੍ਰ ਸਮਝਦੇ ਹਨ ਜੋ ਕਿ ਭੁੱਲ ਹੈ। ਅਭਿਜਿਤ ਲਗਨ ਤੋਂ ਹੀ ਉਤਰਾਖਾੜਾ ਨਛਤ੍ਰ ਦਾ ਨਾਉਂ ਵੀ ਅਭਿਜਿਤ ਪੈ ਗਿਆ। ਇਸੇ ਸ਼ੁਭ ਲਗਨ ਸਮੇਂ ਅਭੀਚ ਦਾ ਮੇਲਾ ਲੱਗਦਾ ਹੈ। (ਵੇਖੋ : ਅਭੀਚ)

(2) ਰਾਜਾ ਨਲ ਦਾ ਪੁੱਤਰ।

(3) ਚੰਦ੍ਰਵੰਸ਼ੀ ਰਾਜਾ ਪੁਰੂ ਦਾ ਪੁਤ੍ਰ ਤੇ ਆਹੁਕ ਦਾ ਪਿਤਾ।

(ਅ-390) **ਅਭਿਮਨਯੂ** :

ਅਰਜਨ ਦਾ ਪੁੱਤਰ ਜੋ ਕ੍ਰਿਸ਼ਨ ਦੀ ਭੈਣ ਸੁਭਦ੍ਰਾ ਦੇ ਉਦਰ ਤੋਂ ਜੰਮਿਆ। ਅਭਿਮਨਯੂ ਬੜਾ ਨਿਰਭੈ ਤੇ ਪ੍ਰਾਕ੍ਰਮੀ ਯੋਧਾ ਸੀ, ਜਿਸ ਨੇ ਮਹਾਂਭਾਰਤ ਦੇ ਯੁੱਧ ਵਿਚ ਬੀਰਤਾ ਦੇ ਅਦੁੱਤੀ ਕਾਰਨਾਮੇ ਵਿਖਾਏ। ਦੁਰਯੋਧਨ ਦੇ ਪੁੱਤਰ ਲਕਸ਼ਮਣ ਦਾ ਬੱਧ ਅਭਿਮਨਯੂ ਹੱਥੋਂ ਹੀ ਹੋਇਆ ਸੀ। ਲੜਾਈ ਦੇ ਤੇਰ੍ਹਵੇਂ ਦਿਨ ਜਦੋਂ ਅਰਜਨ ਸੰਸਪਤਕਾਂ ਨਾਲ ਲੜਨ ਲਈ ਗਿਆ ਹੋਇਆ ਸੀ, ਤਾਂ ਕੌਰਵਾਂ ਨੇ ਮੌਕਾ ਵੇਖ ਕੇ ਚਕਰਵਯੂਹ ਦੀ ਰਚਨਾ ਕੀਤੀ, ਜਿਸ ਨੂੰ ਅਰਜਨ ਬਗ਼ੈਰ ਹੋਰ ਕੋਈ ਦੂਜਾ ਸੂਰਮਾ ਨਹੀਂ ਸੀ ਤੋੜ ਸਕਦਾ। ਅਭਿਮਨਯੂ ਨੇ ਗਰਭ ਦੇ ਦੌਰਾਨ, ਆਪਣੇ ਪਿਤਾ ਅਰਜਨ ਦੇ ਮੂੰਹੋਂ ਚਕਰਵਯੂਹ ਵਿਚ ਪ੍ਰਵੇਸ਼ ਕਰਨ ਦੀ ਵਿਧੀ ਸੁਣ ਰਖੀ ਸੀ, ਪਰ ਉਸ ਨੂੰ ਉਸ ਚਕਰ ਵਿਚੋਂ ਬਾਹਰ ਨਿਕਲਣ ਦਾ ਵਲ ਨਹੀਂ ਸੀ ਆਉਂਦਾ। ਤਾਂ ਵੀ ਅਭਿਮਨਯੂ ਚਕਰਵਯੂਹ ਵਿਚ ਦਾਖ਼ਲ ਹੋ ਗਿਆ ਅਤੇ ਵੈਰੀਆਂ ਨਾਲ ਬੜੀ ਬੀਰਤਾ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਉਦੋਂ ਅਭਿਮਨਯੂ ਦੀ ਉਮਰ ਸੋਲਾਂ ਕੁ ਸਾਲਾਂ ਦੀ ਸੀ।

ਅਭਿਮਨਯੂ ਦਾ ਵਿਆਹ ਰਾਜੇ ਵਿਰਾਟ ਦੀ ਪੁੱਤਰੀ ਉਤਰਾ ਨਾਲ ਹੋਇਆ। ਉਤਰਾ ਅਭਿਮਨਯੂ ਦੀ ਸ਼ਹਾਦਤ ਸਮੇਂ ਗਰਭਵਤੀ ਸੀ। ਉਸ ਦੀ ਕੁਖੋਂ ਪ੍ਰੀਖਸ਼ਤ ਪੈਦਾ ਹੋਇਆ ਜੋ ਹਸਤਨਾਪੁਰ ਦੀ ਗੱਦੀ ਉਤੇ ਬੈਠਾ।

ਅਭਿਮਨਯੂ ਦੀ ਮੌਤ ਜਿਸ ਥਾਂ ਹੋਈ, ਉਥੇ ਹੁਣ ਅਮੀਨ ਨਾਉਂ ਦਾ ਪਿੰਡ ਵਸਦਾ ਹੈ। ਇਸੇ ਪਿੰਡ ਵਿਚ ਪਾਂਡਵਾਂ ਦੇ ਸਮੇਂ ਦੇ ਇਕ ਕਿਲ੍ਹੇ ਚਕਰਵਯੂਹ ਦੇ ਖੰਡਰ ਹੁਣ ਤਕ ਮਿਲਦੇ ਹਨ। ਇਥੋਂ ਦੀ ਇਟ ਵਿਚ ਇਹ ਵਿਸ਼ੇਸ਼ ਗੁਣ ਮੰਨਿਆ ਗਿਆ ਹੈ ਕਿ ਜੇ ਕਿਸੇ ਗਰਭਵਤੀ ਨੂੰ ਬੱਚਾ ਜੰਮਣ ਵੇਲੇ ਤਕਲੀਫ਼ ਹੁੰਦੀ ਹੋਵੇ ਤਾਂ ਉਥੋਂ ਦੀ ਇਟ ਧੋ ਕੇ ਪਿਲਾ ਦੇਣ ਨਾਲ ਉਸ ਨੂੰ ਬਿਨਾਂ ਜਣੇਪੇ ਦੇ ਦਰਦ ਦੇ ਫ਼ੌਰਨ ਬੱਚਾ ਹੋ ਜਾਂਦਾ ਹੈ। ਅਭਿਮਨਯੂ ਨੂੰ ਆਪਣੀ ਮਾਂ ਦੇ ਆਧਾਰ ਉਤੇ ਸੌਭਦ੍ਰ ਵੀ ਕਹਿੰਦੇ ਹਨ।

(ਅ-391) **ਅਭਿਮਨਯੂ ਦੀ ਥੇਹ** :

ਥਾਨੇਸਰ ਤੇ ਤਰਾਵੜੀ ਦੇ ਵਿਚਕਾਰ, ਅਮੀਨ ਗੜ੍ਹ ਨਾਂ ਦੇ ਪੁਰਾਣੇ ਪਿੰਡ ਵਿਚ ਇਕ ਵੱਡੀ ਸਾਰੀ ਥੇਹ ਹੈ ਜਿਸ ਨੂੰ ਅਭਿਮਨਯੂ ਦੀ ਥੇਹ ਕਿਹਾ ਜਾਂਦਾ ਹੈ। ਰਵਾਇਤ ਹੈ ਕਿ ਅਭਿਮਨਯੂ

ਮਹਾਂਭਾਰਤ ਦੇ ਯੁੱਧ ਵਿਚ ਜੂਝਦਾ ਹੋਇਆ ਇਥੇ ਹੀ ਸ਼ਹੀਦ ਹੋਇਆ ਸੀ। ਲੋਕ ਧਾਰਨਾ ਅਨੁਸਾਰ ਇਸ ਥੇਹ ਦੀ ਮਿੱਟੀ ਮੱਥੇ ਅਤੇ ਪਿੰਡੇ ਉਤੇ ਮਲਣ ਨਾਲ ਕਮਜ਼ੋਰ ਆਦਮੀ ਵਿਚ ਵੀ ਵੀਰਤਾ ਜਾਗ ਉਠਦੀ ਹੈ। (ਵੇਖੋ : ਅਮੀਨ)

(ਅ-392) **ਅਭਿਮੰਤ੍ਰਣ** :

ਮੰਤ੍ਰਾਂ ਅਤੇ ਜਾਦੂ-ਵਿਧੀਆਂ ਦੁਆਰਾ ਕਿਸੇ ਦੇਵੀ ਦੇਵਤੇ ਜਾਂ ਰੂਹ ਨੂੰ ਬੁਲਾਉਣ ਦੀ ਕਿਰਿਆ। ਚੇਲੇ ਅਥਵਾ ਸਿਆਣੇ ਜਿਨ੍ਹਾਂ ਨੇ ਚਿੱਲੇ ਕਟ ਕੇ ਅਤੇ ਤਪ ਸਾਧ ਕੇ ਕਿਸੇ ਦੇਵੀ ਦੇਵਤੇ ਨੂੰ ਸਿਧ ਕੀਤਾ ਹੁੰਦਾ ਹੈ, ਉਹ ਆਪਣੇ ਕਾਰਜਾਂ ਦੀ ਸਿਧੀ ਲਈ ਰੂਹ ਦਾ ਅਭਿਮੰਤ੍ਰਣ ਕਰਦੇ ਹਨ। ਕਈ ਵਾਰ ਚੇਲੇ ਮੰਤ੍ਰਾਂ ਦੁਆਰਾ ਚੰਦਰੀ ਰੂਹ ਨੂੰ ਬੁਲਾਂਦੇ ਤੇ ਆਦੇਸ਼ ਦੇਂਦੇ ਹਨ। (ਵੇਖੋ : ਸਿਆਣੇ)

(ਅ-393) **ਅਭਿਮਾਨੀ** :

ਅਭਿਮਾਨੀ ਬ੍ਰਹਮਾ ਦਾ ਵੱਡਾ ਪੁੱਤਰ ਸੀ। ਇਸ ਦੀ ਪਤਨੀ ਦਾ ਨਾਂ ਸਵਾਹਾ ਸੀ, ਜਿਸ ਤੋਂ ਪਾਵਕ, ਪਵਮਾਨ ਤੇ ਸ਼ਚੀ ਨਾਂ ਦੇ ਤਿੰਨ ਪੁੱਤਰ ਪੈਦਾ ਹੋਏ। ਇਨ੍ਹਾਂ ਤਿੰਨਾਂ ਦੇ ਅੱਗੋਂ ਪੰਜਤਾਲੀ ਪੁੱਤਰ ਜੰਮੇ। ਅਭਿਮਾਨੀ, ਉਹਦੇ ਪੁੱਤਰ ਤੇ ਪੋਤਰੇ ਕੁਲ ਮਿਲਾ ਕੇ ਉਣਿੰਜਾ ਵਿਅੱਕਤੀ ਬਣਦੇ ਸਨ, ਜਿਨ੍ਹਾਂ ਨੂੰ ਉਣਿੰਜਾ ਅਗਨੀਆਂ ਕਿਹਾ ਜਾਂਦਾ ਹੈ। (ਵੇਖੋ : ਅਗਨੀ) ਵਿਸ਼ਨੂੰ ਪੁਰਾਣ ਵਿਚ ਅਗਨੀ ਨੂੰ ਅਭਿਮਾਨੀ ਕਿਹਾ ਗਿਆ ਹੈ।

(ਅ-394) **ਅਭਿਯੁਕਤ** :

ਉਣਿੰਜਾ ਮਾਰੁਤਾਂ ਵਿਚੋਂ ਇਕ। (ਵੇਖੋ : ਮਾਰੁਤ)

(ਅ-395) **ਅਭੀਚ** :

(ਸ: ਅਭਿਜਿਤ) ਇਕ ਵਿਸ਼ੇਸ਼ ਲਗਨ; ਉਤਰਾਖਾੜਾ ਨਛਤ੍ਰ ਦੀਆਂ ਪਿਛਲੀਆਂ ਅਤੇ ਸ੍ਰਵਣ ਦੀਆਂ ਪਹਿਲੀਆਂ ਚਾਰ ਕਲਾਵਾਂ ਦੀ ਮਿਲਵੀਂ ਅਵਧੀ ਨੂੰ ਅਭੀਚ ਲਗਨ ਕਿਹਾ ਜਾਂਦਾ ਹੈ, ਜੋ ਬੜਾ ਸ਼ੁਭ ਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ। ਧਾਰਨਾ ਹੈ ਕਿ ਅਭੀਚ ਦੇ ਲਗਨ ਸਮੇਂ ਵੈਰੀ ਉਤੇ ਹੱਲਾ ਬੋਲਿਆ ਜਾਵੇ ਤਾਂ ਵਿਜੈ ਅਵੱਸ਼ ਪ੍ਰਾਪਤ ਹੁੰਦੀ ਹੈ।

ਹਿੰਦੂ ਧਾਰਨਾ ਅਨੁਸਾਰ ਅਭੀਚ ਲਗਨ ਸਮੇਂ ਅਠਾਹਠ ਪ੍ਰਮੁਖ ਤੀਰਥਾਂ ਵਿਚੋਂ ਕਿਸੇ ਇਕ ਤੀਰਥ ਉਤੇ ਇਸ਼ਨਾਨ ਕਰਨ ਨਾਲ ਜਨਮ-ਜਨਮਾਂਤਰਾਂ ਦੀ ਮੈਲ ਉਤਰ ਜਾਂਦੀ ਹੈ ਤੇ ਪ੍ਰਾਣੀ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਇਸੇ ਲਈ ਅਭੀਚ ਦੇ ਲਗਨ ਸਮੇਂ ਕਈ ਤੀਰਥਾਂ ਉਤੇ ਭਾਰੀ ਮੇਲੇ ਲੱਗਦੇ ਹਨ। ਸਭ ਤੋਂ ਵੱਡਾ ਮੇਲਾ ਗੰਗਾ ਨਦੀ ਦੇ ਕੰਢੇ ਭਰਦਾ ਹੈ।

ਰਵਾਇਤ ਹੈ ਕਿ ਭਗਤ ਰਵਿਦਾਸ ਨੇ ਅਭੀਚ ਦੇ ਮੇਲੇ ਉਤੇ ਗੰਗਾ ਇਸ਼ਨਾਨ ਕਰਨ ਜਾ ਰਹੇ ਇਕ ਸੰਗੀ ਨੂੰ, ਇਕ ਕਸੀਰਾ ਇਸ ਸ਼ਰਤ ਉਤੇ ਗੰਗਾ ਮਾਈ ਦੀ ਭੇਟ ਚੜ੍ਹਾਣ ਲਈ ਦਿਤਾ ਕਿ ਗੰਗਾ ਮਾਈ ਖ਼ੁਦ ਹੱਥ ਬਾਹਰ ਕੱਢ ਕੇ ਇਹ ਭੇਟਾ ਕਬੂਲ ਕਰੇ। ਸੰਗੀ ਨੇ ਗੰਗਾ ਮਾਈ ਅੱਗੇ ਭਗਤ ਰਵਿਦਾਸ ਦੀ ਇੱਛਾ ਪ੍ਰਗਟ ਕੀਤੀ। ਗੰਗਾ ਮਾਈ ਨੇ ਭਗਤ ਦੀ ਕਾਮਨਾ ਪੂਰੀ ਕਰਨ ਲਈ ਜਲ ਵਿਚੋਂ ਹੱਥ ਬਾਹਰ ਕੱਢ ਕੇ ਕਸੀਰਾ ਕਬੂਲ ਕੀਤਾ :

ਲਗਾ ਪੁਰਬ ਅਭੀਚ ਦਾ
ਡਿਠਾ ਚਲਿਤ ਅਚਰਜ ਅਮੇਟਾ।
ਲਇਆ ਕਸੀਰਾ ਹੱਥ ਕੱਢ,
ਸੂਤ ਇਕ ਜਿਉਂ ਤਾਣਾ ਪੇਟਾ।
(ਭਾਈ ਗੁਰਦਾਸ)

ਅਭੀਚ ਦੇ ਲਗਨ ਸਮੇਂ ਪੂਜਾ ਅਰਚਾ ਤੇ ਜਪ ਤਪ ਕਰਨ ਨਾਲ ਮਨ ਸ਼ੁੱਧ ਹੋ ਜਾਂਦਾ ਹੈ। ਭਾਈ ਗੁਰਦਾਸ ਇਸੇ ਲੋਕ-ਨਿਸਚੇ ਵਲ ਸੰਕੇਤ ਕਰਦੇ ਹੋਏ ਕਹਿੰਦੇ ਹਨ :— 'ਧੰਨ ਅਭੀਚ ਨਿਛੱਤ੍ਰ ਹੈ ਕਾਮ ਕ੍ਰੋਧ ਅਹੰਕਾਰ ਤਿਆਗੇ।'

(ਅ-396) **ਅਭੀਰ** :

ਇਕ ਪ੍ਰਾਚੀਨ ਜਾਤੀ ਜਿਸ ਦੀ ਪ੍ਰਤੀਨਿਧਤਾ ਅਜੋਕੇ ਅਹੀਰ ਕਰਦੇ ਹਨ। (ਵੇਖੋ : ਅਹੀਰ)

(ਅ-397) **ਅਮੰਸ਼ਿਆ ਦੇਵੀ** :

ਇਕ ਸਥਾਨਕ ਦੇਵੀ ਜਿਸ ਦੀ ਪੂਜਾ

ਗੁੜਗਾਵਾਂ ਵਿਚ, ਬਾਣੀਏਂ ਤੇ ਬ੍ਰਾਹਮਣ ਲੋਕ, ਦਿਵਾਲੀ ਵਾਲੇ ਦਿਨ ਦੁਪਹਿਰ ਵੇਲੇ ਉਚੇਚੇ ਰੂਪ ਵਿਚ ਕਰਦੇ ਹਨ। ਉਪਾਸ਼ਕ ਅਮੰਸ਼ਿਆ ਦੇਵੀ ਦੀ ਮੂਰਤੀ ਘਰ ਦੀ ਕਿਸੇ ਕੰਧ ਉਤੇ ਚਿਤ੍ਰ ਕੇ ਪੂਜਦੇ ਹਨ ਅਤੇ ਦੁੱਧ ਚਾਵਲਾਂ ਦਾ ਚੜ੍ਹਾਵਾ ਚੜ੍ਹਾਂਦੇ ਹਨ ਜੋ ਮਗਰੋਂ ਪ੍ਰੋਹਿਤਾਂ ਨੂੰ ਦੇ ਦਿਤਾ ਜਾਂਦਾ ਹੈ।

(ਅ-398) **ਅਮਰ ਕੰਠ :**

ਹਿੰਦੂਆਂ ਦਾ ਇਕ ਪ੍ਰਾਚੀਨ ਤੀਰਥ; ਜੋ ਪੱਛਮੀ ਪੰਜਾਬ ਦੀ ਤਹਿਸੀਲ ਪਿੰਡ ਦਾਦਨ ਖ਼ਾਂ ਵਿਚ ਸਥਿਤ ਹੈ। ਇਸ ਤੀਰਥ ਨੂੰ ਕਟਾਸ ਰਾਜ ਵੀ ਕਹਿੰਦੇ ਹਨ। ਇਹ ਸਥਾਨ ਧਰਤੀ ਦਾ ਦੂਜਾ ਨੇਤਰ ਮੰਨਿਆ ਗਿਆ ਹੈ। ਪਹਿਲਾ ਨੇਤਰ ਪੁਸ਼ਕਰ ਰਾਜ (ਜ਼ਿਲਾ ਅਜਮੇਰ) ਵਿਚ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਥੇ ਮਾਘੀ ਨੂੰ ਭਾਰੀ ਮੇਲਾ ਲੱਗਦਾ ਸੀ। ਇਹ ਅਸਥਾਨ ਆਰੀਆ ਜਾਤੀ ਦੇ ਪ੍ਰਥਮ ਤੀਰਥਾਂ ਵਿਚੋਂ ਇਕ ਹੈ। (ਵੇਖੋ : ਕਟਾਸ)

(ਅ-399) **ਅਮਰ ਨਾਥ :**

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ ਜੋ ਕਸ਼ਮੀਰ ਦੇ ਇਲਾਕੇ ਵਿਚ ਹਿਮਾਲਾ ਪਰਬਤ ਦੀ ਇਕ ਗੁਫਾ ਵਿਚ ਸਥਿਤ ਹੈ। ਇਥੇ ਸਹਿਜ ਰੂਪ ਵਿਚ ਹੀ ਸ਼ਿਵਲਿੰਗ ਦੇ ਰੂਪਾਕਾਰ ਵਿਚ ਬਰਫ਼ ਇਕੱਠੀ ਹੋ ਜਾਂਦੀ ਹੈ, ਜਿਸ ਨੂੰ ਉਪਾਸ਼ਕ ਸ਼ਿਵ ਦਾ ਰੂਪ ਸਮਝ ਕੇ ਪੂਜਦੇ ਹਨ। ਅਸਲ ਵਿਚ ਗੁਫਾ ਦੇ ਉਪਰ ਇਕ ਛੇਦ ਵਿਚੋਂ ਕਤਰੇ ਸਿੰਮਦੇ ਰਹਿੰਦੇ ਹਨ ਜੋ ਸਖ਼ਤ ਸਰਦੀ ਕਾਰਨ ਜੰਮਦੇ ਹੋਏ ਲਿੰਗ ਦੀ ਸ਼ਕਲ ਗ੍ਰਹਿਣ ਕਰ ਲੈਂਦੇ ਹਨ। ਇਹ ਥਾਂ ਸਮੁੰਦਰੀ ਤਲ ਤੋਂ 13,900 ਫ਼ੁਟ ਉੱਚੀ ਹੈ ਅਤੇ ਸਰਦ ਰੁੱਤ ਵਿਚ ਇਥੇ ਪਹੁੰਚਣਾ ਅਸੰਭਵ ਹੈ। ਹਿੰਦੂ ਗਰਮੀਆਂ ਦੇ ਦਿਨਾਂ ਵਿਚ ਅਮਰ ਨਾਥ ਦੀ ਯਾਤ੍ਰਾ ਲਈ ਜਾਂਦੇ ਹਨ ਅਤੇ ਸਾਉਣ ਦੀ ਪੂਰਨਮਾ ਨੂੰ ਇਥੇ ਮੇਲਾ ਲੱਗਦਾ ਹੈ। ਅਮਰ ਨਾਥ ਸ਼ਿਵ ਦੀ ਹੀ ਇਕ ਉਪਾਧੀ ਹੈ।

(ਅ-400) **ਅਮਰਤਵ :**

ਅਮਰ ਜੀਵਨ ਦੀ ਪ੍ਰਾਪਤੀ; ਮੌਤ ਤੋਂ ਮੁਕਤ ਹੋ ਜਾਣਾ; ਲੋਕ-ਨਿਸਚੇ ਅਨੁਸਾਰ ਪ੍ਰਾਣੀ ਮਨੁੱਖੀ ਜਾਮੇ ਵਿਚ ਵੀ ਅਮਰਤਵ ਪ੍ਰਾਪਤ ਕਰ ਸਕਦਾ ਹੈ। ਧਰਮ ਅਨੁਸਾਰ ਆਤਮਾ ਅਮਰ ਹੈ, ਸਰੀਰ ਨਹੀਂ। ਪਰ ਲੋਕਧਾਰਾ ਵਿਚ ਸਰੀਰ ਦੇ ਅਮਰਤਵ ਬਾਰੇ ਵੀ ਕਈ ਉਦਾਹਰਣਾਂ ਮਿਲਦੀਆਂ ਹਨ। ਆਬੇ-ਹਯਾਤ ਪੀਣ ਵਾਲਾ ਪ੍ਰਾਣੀ ਸਰੀਰ ਸਮੇਤ ਅਮਰ ਤੇ ਅਜਰ ਜੀਵਨ ਭੋਗਦਾ ਹੈ। ਸਿਕੰਦਰ ਨੇ ਅਮਰਤਵ ਪ੍ਰਾਪਤ ਕਰਨ ਲਈ ਆਬੇ-ਹਯਾਤ ਦਾ ਚਸ਼ਮਾ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਿਸਫਲ ਰਿਹਾ। ਖ਼ਵਾਜਾ ਖ਼ਿਜ਼ਰ ਨੂੰ ਉਹ ਚਸ਼ਮਾ ਲਭ ਪਿਆ ਜਿਸ ਵਿਚੋਂ ਦੋ ਘੁਟ ਪੀ ਲੈਣ ਕਾਰਨ ਉਹ ਰਹਿੰਦੀ ਦੁਨੀਆਂ ਤਕ ਅਮਰ ਹੋ ਗਿਆ। ਇਸੇ ਤਰ੍ਹਾਂ ਅਮਰ ਫਲ ਨੂੰ ਖਾ ਲੈਣ ਵਾਲਾ ਪ੍ਰਾਣੀ ਵੀ ਅਮਰਤਵ ਪ੍ਰਾਪਤ ਕਰ ਲੈਂਦਾ ਹੈ। ਇਹ ਫਲ ਇਕ ਰਿਸ਼ੀ ਨੇ ਭਰਥਰੀ ਹਰੀ ਨੂੰ ਖਾਣ ਲਈ ਦਿਤਾ ਸੀ।

ਅਮਰਤਵ ਉਨ੍ਹਾਂ ਪ੍ਰੇਮੀਆਂ ਨੂੰ ਵੀ ਪ੍ਰਾਪਤ ਹੋ ਜਾਂਦਾ ਹੈ, ਜਿਨ੍ਹਾਂ ਨੇ ਇਸ਼ਕ ਵਿਚ ਬੜੀ ਘਾਲਣਾ ਘਾਲੀ ਹੋਵੇ ਤੇ ਸਿਦਕ ਵਿਚ ਅਡੋਲ ਰਹੇ ਹੋਣ। ਲੋਕ ਧਾਰਨਾ ਅਨੁਸਾਰ ਹੀਰ ਤੇ ਰਾਂਝਾ ਅਜੇ ਵੀ ਸਰੀਰਕ ਰੂਪ ਵਿਚ ਮੱਕੇ ਨੂੰ ਜਾਂਦੇ ਰਸਤੇ ਵਿਚ ਵਸਦੇ ਹਨ ਅਤੇ ਕਈ ਸਿਦਕੀਆਂ ਨੂੰ ਦਰਸ਼ਨ ਵੀ ਦੇਂਦੇ ਹਨ। ਇਸ ਸੰਬੰਧ ਵਿਚ ਇਕ ਦੰਦ-ਕਥਾ ਸਰ ਰਿਚਰਡ ਟੈਂਪਲ ਨੇ ਲਿਜਿੰਡਜ਼ ਆਫ਼ ਦੀ ਪੰਜਾਬ (2,177) ਵਿਚ ਦਿਤੀ ਹੈ।

ਸੱਸੀ ਪੁੰਨੂੰ ਵੀ ਥਲਾਂ ਵਿਚ ਜੀਵਤ ਮੰਨੇ ਜਾਂਦੇ ਹਨ। ਉਨ੍ਹਾਂ ਬਾਰੇ ਇਕ ਰਵਾਇਤ ਪ੍ਰਚਲਤ ਹੈ ਜੋ ਸੱਸੀ ਹਾਸ਼ਮ (ਸ਼ਾਨ, ਪੰਨਾ 110) ਵਿਚ ਇਉਂ ਅੰਕਿਤ ਹੈ :— ਇਸਮਾਈਲ ਨਾਂ ਦਾ ਇਕ ਫ਼ਕੀਰ, ਜੋ ਕਿ ਮੁਲਤਾਨ ਦਾ ਵਸਨੀਕ ਸੀ, ਇਨ੍ਹਾਂ ਦੋ ਅਸਚਰਜ ਪ੍ਰੇਮੀਆਂ ਦੇ ਦਰਸ਼ਨ ਕਰਨ ਆਇਆ। ਆਪਣਾ ਊਠ ਪਰੇਡੇ ਖਲ੍ਹਾਰ ਕੇ, ਉਨ੍ਹਾਂ ਦੇ ਮਕਬਰੇ ਲਾਗੇ ਬੈਠ ਗਿਆ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਆਸ ਵਿਚ ਤਿੰਨ ਦਿਨ ਵਰਤ ਰਖਿਆ। ਤਿੰਨ ਦਿਨਾਂ ਬਾਅਦ ਇਕ ਬੁੱਢੀ ਪ੍ਰਗਟ ਹੋਈ ਅਤੇ ਉਸ ਨੇ ਰੋਟੀ ਤੇ ਪਾਣੀ ਭੇਟਾ ਕੀਤਾ। ਪਰ ਫ਼ਕੀਰ ਨੇ ਸੱਸੀ ਪੁੰਨੂੰ ਦੇ ਦਰਸ਼ਨ ਕਰਨ ਤੋਂ

ਪਹਿਲਾਂ, ਕੁਝ ਖਾਣ ਪੀਣ ਤੋਂ ਇਨਕਾਰ ਕਰ ਦਿਤਾ। ਬੁੱਢੀ ਨੇ ਦੱਸਿਆ ਕਿ ਸੱਸੀ ਮੈਂ ਹੀ ਹਾਂ।...... ਫ਼ਕੀਰ ਨੇ ਆਖਿਆ, "ਸੱਸੀ ਤਾਂ ਭਰ ਜਵਾਨ ਤੇ ਸੁੰਦਰ ਸੀ, ਪਰ ਤੂੰ ਤਾਂ ਬੁੱਢੀ ਝਰੀਟ ਏਂ।" ਇਹ ਸੁਣਦਿਆਂ ਸਾਰ ਬੁੱਢੀ ਨੇ ਆਪਣਾ ਰੂਪ ਬਦਲ ਲਿਆ ਅਤੇ ਆਪਣੇ ਡੁਲ੍ਹ ਡੁਲ੍ਹ ਪੈਂਦੀ ਹੁਸਨ ਜਵਾਨੀ ਦਾ ਸਬੂਤ ਦੇ ਕੇ ਉਸ ਨੂੰ ਰੋਟੀ ਖਾਣ ਲਈ ਪ੍ਰੇਰਿਆ। ਫ਼ਕੀਰ ਨੇ ਦੋਹਾਂ ਦੇ ਦਰਸ਼ਨ ਕਰਨੇ ਚਾਹੇ, ਉਸ ਦਾ ਪ੍ਰਣ ਤੇ ਸਿਦਕ ਵੇਖ ਕੇ, ਸੱਸੀ ਕਬਰ ਵਿਚ ਵੜ ਗਈ ਅਤੇ ਉਸ ਨੂੰ ਉਥੋਂ ਹੀ ਪੁੰਨੂੰ ਦੇ ਸੀਸ ਤੇ ਧੜ ਦੇ ਦਰਸ਼ਨ ਕਰਾ ਦਿਤੇ। ਪਰ ਪੁੰਨੂੰ ਨੂੰ ਆਪਣੀਆਂ ਬਾਹਵਾਂ ਵਿਚ ਵਲਿੰਗੀ ਰਖਿਆ ਤਾਂ ਜੋ ਕੋਈ ਖੋਹ ਕੇ ਨਾ ਲੈ ਜਾਏ।

ਇਸੇ ਤਰ੍ਹਾਂ ਗੁਜਰਾਤ ਦੇ ਇਲਾਕੇ ਦੇ ਲੋਕ ਦਸਦੇ ਹਨ ਕਿ ਝਨਾਂ ਦੇ ਕੰਢੇ ਉਨ੍ਹਾਂ ਨੇ ਕਈ ਵਾਰ ਸੋਹਣੀ ਮਹੀਂਵਾਲ ਦੇ ਪ੍ਰੇਮੀ ਜੋੜੇ ਨੂੰ ਘੁੰਮਦਿਆਂ ਵੇਖਿਆ ਹੈ।

(ਅ-401) **ਅਮਰ ਫਲ :**

(ਵੇਖੋ : ਅੰਮ੍ਰਿਤ ਫਲ)

(ਅ-402) **ਅਮਰ ਵਾਰੁਣੀ :**

ਇਕ ਰਸ ਜੋ ਯੋਗ ਮੱਤ ਅਨੁਸਾਰ ਸਹੰਸਰਦਲ ਕੇਵਲ ਵਿਚ ਸਥਿਤ ਚੰਦ੍ਰਮੇ ਵਿਚੋਂ ਝਰਦਾ ਹੈ ਅਤੇ ਜਿਸ ਨੂੰ ਪੀ ਕੇ ਯੋਗੀ ਅਮਰ ਹੋ ਜਾਂਦਾ ਹੈ। ਹੱਠ-ਯੋਗ ਪ੍ਰਦੀਪਕਾ ਅਨੁਸਾਰ ਖੇਚਰੀ ਮੁਦਰਾ ਵਿਚ ਯੋਗੀ ਜੀਭ ਨੂੰ ਉਲਟ ਕੇ ਉਸ ਦਾ ਅਗਲਾ ਸਿਰਾ ਤਾਲੂਏ ਦੇ ਉਪਰਲੇ ਛਿਦ੍ਰ ਤਕ ਪਹੁੰਚਾਂਦਾ ਹੈ ਅਤੇ ਸਹੰਸਰ ਦਲ ਕੇਂਵਲ ਵਿਚ ਸਥਿਤ ਚੰਦ੍ਰਮੇ ਵਿਚ ਨਿਰੰਤਰ ਝਰਨ ਵਾਲਾ ਅੰਮ੍ਰਿਤ ਪੀਂਦਾ ਹੈ। ਇਹ ਅੰਮ੍ਰਿਤ ਬੜੀ ਉੱਚੀ ਅਵਸਥਾ ਵਿਚ, ਕੁੰਡਲਨੀ ਸ਼ਕਤੀ ਨੂੰ ਜਗਾਣ ਮਗਰੋਂ ਝਰਦਾ ਹੈ। ਆਮ ਆਦਮੀ ਵਿਚ ਇਹ ਰਸ ਮੂਲਾਧਾਰ ਚਕ੍ਰ ਦੇ ਕੋਲ ਆ ਕੇ ਸਰੀਰ ਦੇ ਹੋਰ ਰਸਾਂ ਵਿਚ ਵਲੀਨ ਹੋ ਜਾਣ ਕਾਰਨ ਵਿਅਰਥ ਹੋ ਜਾਂਦਾ ਹੈ।

ਜੋਗ, ਭਗਤ ਤੇ ਸੰਤ ਬਾਣੀ ਵਿਚ ਜਿਸ ਮਦ/ਰਸ ਆਦਿ ਦੇ ਪੀਣ ਦਾ ਜ਼ਿਕਰ ਹੈ, ਉਹ ਇਹੋ ਅਮਰ ਵਾਰੁਣੀ ਹੈ। ਕਬੀਰ ਨੇ ਕਿਹਾ ਹੈ –

"ਰਸ ਗਗਨ ਗੁਫਾ ਸੇ ਅਜਰ ਝਰੈ।"

(ਅ-403) **ਅਮਰ ਵੇਲ :**

ਇਕ ਵਿਸ਼ੇਸ਼ ਵੇਲ ਜੋ ਜਿਸ ਬ੍ਰਿਛ ਉਤੇ ਫੈਲਦੀ ਹੈ, ਉਸ ਦਾ ਸਾਰਾ ਰਸ ਚੂਸ ਕੇ ਉਸ ਨੂੰ ਨਸ਼ਟ ਕਰ ਦੇਂਦੀ ਹੈ। ਇਸੇ ਨੂੰ ਆਕਾਸ਼ ਬੇਲ ਵੀ ਕਹਿੰਦੇ ਹਨ। ਇਸ ਵੇਲ ਨਾਲ ਕਈ ਭਰਮ ਵਹਿਮ ਤੇ ਵਿਚਾਰ ਜੁੜੇ ਹੋਏ ਹਨ। ਅਮਰ ਵੇਲ ਦੀ ਜੜ੍ਹ ਕਦੇ ਕਿਧਰੇ ਵਿਖਾਈ ਨਹੀਂ ਦੇਂਦੀ। ਧਾਰਨਾ ਹੈ ਕਿ ਜਿਹੜਾ ਸ਼ਖ਼ਸ ਇਸ ਦੀ ਜੜ੍ਹ ਲੱਭ ਲਏ, ਉਹ ਕੁਝ ਦਿਨਾਂ ਵਿਚ ਹੀ ਧਨੀ ਹੋ ਜਾਂਦਾ ਹੈ। ਇਕ ਹੋਰ ਮਨੌਤ ਅਨੁਸਾਰ ਅਮਰ ਵੇਲ ਦੀ ਜੜ੍ਹ ਨੂੰ ਅੱਖ ਵਿਚ ਫੇਰਨ ਨਾਲ ਪ੍ਰਾਣੀ ਅਦ੍ਰਿਸ਼ਟ ਹੋ ਜਾਂਦਾ ਹੈ, ਉਹ ਦੂਜਿਆਂ ਨੂੰ ਤਾਂ ਵੇਖ ਸਕਦਾ ਹੈ, ਪਰ ਦੂਜੇ ਉਸ ਨੂੰ ਨਹੀਂ ਵੇਖਦੇ। ਇਕ ਹੋਰ ਵਿਸ਼ਵਾਸ਼ ਅਨੁਸਾਰ ਅਮਰ ਵੇਲ ਦੀਆਂ ਟਹਿਣਾਂ ਵਗਦੇ ਪਾਣੀ ਵਿਚ ਸੁੱਟੀਆਂ ਜਾਣ ਤਾਂ ਉਹ ਸੱਪ ਬਣ ਜਾਂਦੀਆਂ ਹਨ।

(ਅ-404) **ਅਮਰਾਪੁਰੀ :**

(ਵੇਖੋ : ਅਮਰਾਵਤੀ)।

(ਅ-405) **ਅਮਰਾਵਤੀ :**

ਦੇਵਪੁਰੀ; ਇੰਦਰ ਦੀ ਸਵਰਗਪੁਰੀ ਦੀ ਰਾਜਧਾਨੀ। ਪੁਰਾਣਾਂ ਅਨੁਸਾਰ ਇਹ ਨਗਰੀ ਸੁਮੇਰ ਪਰਬਤ ਦੇ ਨੇੜੇ ਸਥਿਤ ਹੈ। ਇਸ ਨਗਰ ਦੇ ਇਕ ਹਜ਼ਾਰ ਮੁਖ ਦਵਾਰ ਹਨ ਜੋ ਹੀਰੇ ਮੋਤੀਆਂ ਨਾਲ ਸਜੇ ਹੋਏ ਹਨ। ਹਰੇਕ ਦਵਾਰੇ ਉਤੇ ਸੁੰਦਰ ਤੇ ਮਨਮੋਹਣੀਆਂ ਅਪੱਛਰਾਂ ਤਰ੍ਹਾਂ ਤਰ੍ਹਾਂ ਦੇ ਸੁਖ ਸਾਧਨਾਂ ਸਮੇਤ ਸ਼ੋਭਾ ਦੇ ਰਹੀਆਂ ਹਨ। ਪੁਰਾਣਾਂ ਵਿਚ ਇਸ ਨਗਰੀ ਦਾ ਘੇਰਾ ਅੱਠ ਸੌ ਮੀਲ ਮੰਨਿਆ ਗਿਆ ਹੈ। ਇਸ ਨਗਰ ਦੀ ਸੁੰਦਰਤਾ ਨੂੰ ਮੁਖ ਰਖਦਿਆਂ ਕਈ ਵਾਰ ਇਸ ਨੂੰ 'ਪੂਸ਼ਭਾਸਾ' (ਸੂਰਜ ਦੀ ਆਭਾ) ਵੀ ਕਿਹਾ ਜਾਂਦਾ ਹੈ। ਇਥੇ ਮੌਸਮ ਸੁਖਾਵਾਂ ਤੇ ਇਕਸਾਰ ਰਹਿੰਦਾ ਹੈ। ਇਸ ਪੁਰੀ ਵਿਚ ਕਦੇ ਦੁਖ ਚਿੰਤਾ ਦਾ

ਪ੍ਰਛਾਵਾਂ ਨਹੀਂ ਪਿਆ।

ਦੈਂਤਾਂ ਨੇ ਤ੍ਰੇਤੇ ਯੁਗ ਵਿਚ ਇਹ ਨਗਰੀ ਇੰਦਰ ਦੇਵਤੇ ਤੋਂ ਖੋਹ ਲਈ ਸੀ। ਦੇਵਤਿਆਂ ਦੀ ਬੇਨਤੀ ਮੰਨ ਕੇ, ਦੁਰਗਾ ਨੇ, ਦੈਂਤਾਂ ਦਾ ਨਾਸ ਕਰ ਕੇ ਅਮਰਾਵਤੀ ਨੂੰ ਮੁੜ ਇੰਦਰ ਦੇ ਹਵਾਲੇ ਕਰ ਦਿਤਾ। ਉਸ ਯੁੱਧ ਦਾ ਵਰਨਣ ਮਾਰਕੰਡੇ ਪੁਰਾਣ ਵਿਚ ਮਿਲਦਾ ਹੈ। 'ਵਾਰ ਸ੍ਰੀ ਭਗਉਤੀ' ਵਿਚ ਵੀ ਇਸੇ ਕਥਾ ਦੀ ਪੁਨਰ ਸਿਰਜਨਾ ਹੈ।

ਜਿਹੜੇ ਪ੍ਰਾਣੀ ਸੰਸਾਰ ਵਿਚ ਘੋਰ ਤਪੱਸਿਆ ਜਾਂ ਯੱਗ ਕਰਦੇ ਅਤੇ ਬਲੀਆਂ ਦੇਂਦੇ ਹਨ, ਉਹ ਮਰਨ ਮਗਰੋਂ ਇਸੇ ਸਵਰਗ ਦੇ ਸੁਖ ਸਾਧਨ ਭੋਗਦੇ ਹਨ। ਹਿੰਦੂ ਨਿਸਚੇ ਅਨੁਸਾਰ ਲੜਾਈ ਵਿਚ ਸ਼ਹੀਦ ਹੋਏ ਯੋਧੇ ਵੀ ਇਸੇ ਨਗਰੀ ਵਿਚ ਅਮਰ ਸਥਾਨ ਪ੍ਰਾਪਤ ਕਰਦੇ ਹਨ।

ਰਾਜਾ ਇੰਦਰ ਆਪਣੀ ਪਤਨੀ ਇੰਦਰਾਣੀ; ਗੰਧਰਵਾਂ ਤੇ ਅਪੱਛਰਾਂ ਸਮੇਤ ਇਸੇ ਨਗਰੀ ਵਿਚ ਰਹਿੰਦਾ ਹੈ।

(ਅ-406) **ਅਮਰੀਕ** :

ਇਕ ਸੂਰਜਵੰਸ਼ੀ ਰਾਜਾ ਜੋ ਇਕਸ਼ਵਾਕੂ ਤੋਂ ਅਠਾਈਵੀਂ ਪੀੜ੍ਹੀ ਉਤੇ ਸੀ। (ਵੇਖੋ : ਅੰਬਰੀਸ਼)

(ਅ-407) **ਅਮਰੇਸ਼ਵਰ** :

(1) ਅਮਰ ਜੀਵਾਂ ਦਾ ਈਸ਼ਵਰ; ਸ਼ਿਵ ਤੇ ਇੰਦਰ ਦੇਵਤੇ ਦੀ ਇਕ ਉਪਾਧੀ।

(2) ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ, ਜੋ ਉਜੈਨ ਵਿਚ ਉਪਸਥਿਤ ਹੈ। (ਵੇਖੋ : ਲਿੰਗ)

(ਅ-408) **ਅਮਲ** :

ਕੁੱਲੂ ਦਾ ਇਕ ਸਥਾਨਿਕ ਦਿਉਤਾ ਜਿਸ ਦਾ ਮੰਦਰ ਨਰੋਂਦੀ ਡੇਰਾ ਵਿਖੇ ਹੈ। ਇਥੇ ਹਰ ਸਾਲ ਤਿੰਨ ਵਿਸਾਖ; ਹਾੜ ਅਤੇ ਭਾਦਰੋਂ ਦੀ ਸੰਗਰਾਂਦ ਅਤੇ ਫੱਗਣ ਸੁਦੀ ਦੀਆਂ ਪਹਿਲੀਆਂ ਸੱਤਾਂ ਤਿਥਾਂ ਨੂੰ ਮੇਲੇ ਲੱਗਦੇ ਹਨ, ਜਿਨ੍ਹਾਂ ਵਿਚ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

(ਅ-409) **ਅਮਲੀਆਂ ਦੀਆਂ ਬਾਤਾਂ** :

ਭੰਗ, ਅਫ਼ੀਮ, ਪੋਸਤ ਆਦਿ ਨਸ਼ਾ ਸੇਵਨ ਕਰਨ ਵਾਲਿਆਂ ਨੂੰ ਅਮਲੀ ਕਿਹਾ ਜਾਂਦਾ ਹੈ। ਬਹੁਤਾ ਅਮਲ ਕਰਨ ਵਾਲੇ ਆਮ ਤੌਰ ਉਤੇ ਆਲਸੀ, ਦਲਿੱਦ੍ਰੀ ਤੇ ਨਿਖਿੱਧ ਹੁੰਦੇ ਹਨ ਜਿਸ ਕਰ ਕੇ ਉਨ੍ਹਾਂ ਦਾ ਇਕ ਵਿਸ਼ੇਸ਼ ਸ਼੍ਰੇਣੀ ਚਰਿਤ੍ਰ ਬਣ ਚੁਕਾ ਹੁੰਦਾ ਹੈ। ਇਹੋ ਚਰਿਤ੍ਰ ਅਨੇਕਾਂ ਅਖਾਣਾਂ, ਟੱਪਿਆਂ ਤੇ ਟੋਟਕਿਆਂ ਵਿਚ ਰੂਪਮਾਨ ਹੋਇਆ ਹੈ। ਪਰ ਇਨ੍ਹਾਂ ਕਲਾ-ਕਿਰਤੀਆਂ ਵਿਚ ਹਾਸ-ਵਿਅੰਗ ਅਤੇ ਮਸ਼ਕਰੀ ਦੀ ਵੀ ਮਿਸ ਹੈ, ਜਿਵੇਂ ਹੇਠਲਾ ਟੱਪਾ :

ਵੀਹ ਪੋਸਤੀ ਚੜ੍ਹੇ ਸ਼ਿਕਾਰ
ਮੱਖੀ ਘੇਰੀ ਵਿਚ ਬਜ਼ਾਰ
ਮਾਰੀ ਨਹੀਂ ਪਰ ਲੰਙੜੀ ਕੀਨੀ
ਇਹ ਵੀ ਫ਼ਤੇ ਖ਼ੁਦਾ ਨੇ ਦੀਨੀ।

ਅਮਲੀਆਂ ਬਾਰੇ ਇਕ ਹਸਾਵਣੀ ਇਉਂ ਪ੍ਰਚਲਤ ਹੈ :— ਇਕ ਵਾਰ ਕੁਝ ਅਮਲੀ ਖੂਹ ਦੀ ਮਣ ਉਤੇ ਬੈਠੇ ਨਸ਼ਾ ਕਰ ਰਹੇ ਸਨ ਕਿ ਖੂਹ ਉਤੇ ਧੁੱਪ ਆ ਗਈ। ਉਨ੍ਹਾਂ ਨੇ ਆਪ ਛਾਵੇਂ ਬੈਠਣ ਦੀ ਥਾਂ ਖੂਹ ਨੂੰ ਹੀ ਖਿੱਚ ਕੇ ਛਾਵੇਂ ਕਰਨ ਦਾ ਨਿਸ਼ਚਾ ਕੀਤਾ। ਸੋ ਉਹ ਰੱਸੀ ਬੰਨ੍ਹ ਕੇ ਖੂਹ ਨੂੰ ਖਿੱਚਣ ਲੱਗੇ। ਰੱਸੀ ਨੂੰ ਖਿਚਦਿਆਂ ਅਮਲੀਆਂ ਨੂੰ ਪੀਣਕ ਲੱਗ ਗਈ। ਕੁਝ ਚਿਰ ਬਾਅਦ ਖੂਹ ਦੇ ਨਾਲ ਉਗੇ ਦਰੱਖ਼ਤ ਦਾ ਪਰਛਾਵਾਂ ਖੂਹ ਉਤੇ ਢਲਣ ਲੱਗਾ। ਅਚਾਨਕ ਇਕ ਅਮਲੀ ਦੀ ਪੀਣਕ ਟੁਟ ਗਈ ਤੇ ਉਸ ਨੇ ਖੂਹ ਉਪਰ ਛਾਂ ਵੇਖ ਕੇ ਰੌਲਾ ਪਾਉਂਦਿਆਂ ਹੋਇਆਂ ਕਿਹਾ, "ਬਸ ਕੰਮ ਸਰ ਗਿਆ ਏ, ਹੋਰ ਨਾ ਖਿੱਚੋ, ਖੂਹ ਛਾਵੇਂ ਆ ਗਿਆ ਏ।" ਅਤੇ ਫਿਰ ਅਮਲੀ ਇਸ ਮੋਅਜਜ਼ੇ ਦੀ ਕਹਾਣੀ ਲੋਕਾਂ ਨੂੰ ਘਰ ਘਰ ਜਾ ਕੇ ਸੁਣਾਉਣ ਲੱਗੇ।

ਭੰਗੀਆਂ, ਅਫ਼ੀਮੀਆਂ ਤੇ ਪੋਸਤੀਆਂ ਆਦਿਕ ਬਾਰੇ ਜੋ ਟੱਪੇ ਤੇ ਹਸਾਵਣੀਆਂ ਪ੍ਰਚਲਤ ਹਨ, ਉਨ੍ਹਾਂ ਦਾ ਵਰਨਣ ਤਰਤੀਬਵਾਰ ਭੰਗ, ਅਫ਼ੀਮ ਤੇ ਪੋਸਤ ਸਿਰਲੇਖ ਹੇਠਾਂ ਕੀਤਾ ਗਿਆ ਹੈ।

(ਅ-410) **ਅਮਾਮ** :

(ਵੇਖੋ : ਇਮਾਮ)

(ਅ-411) **ਅਮਾਲ ਨਾਮਾ** :

ਮੁਸਲਮਾਨੀ ਅਕੀਦੇ ਅਨੁਸਾਰ ਉਹ ਕਿਤਾਬ ਜਿਸ ਵਿਚ ਕਰਾਮਾਨ ਤੇ ਕਾਤਬੇਨ ਨਾਂ ਦੇ ਦੋ ਫ਼ਰਿਸ਼ਤੇ, ਮਨੁੱਖ ਦੇ ਸੰਸਾਰ-ਯਾਤ੍ਰਾ ਸਮੇਂ ਕੀਤੇ ਚੰਗੇ ਮੰਦੇ ਕਰਮਾਂ ਦਾ ਵੇਰਵਾ ਲਿਖਦੇ ਰਹਿੰਦੇ ਹਨ। ਕਿਆਮਤ ਵਾਲੇ ਦਿਨ, ਅੱਲਾ, ਹਰ ਸ਼ਖ਼ਸ ਦੇ ਅਮਾਲ ਨਾਮੇ ਨੂੰ ਵਾਚ ਕੇ, ਉਸ ਨੂੰ ਜੰਨਤ ਜਾਂ ਦੋਜ਼ਖ਼ ਵਿਚ ਭੇਜੇਗਾ।

(ਅ-412) **ਅਮਾਵਸ** :

ਚੰਦਰ ਮਾਸ ਦੀ ਹਨੇਰੇ ਪੱਖ ਦੀ ਪੰਦਰਵੀਂ ਤਿੱਥ ਜਦੋਂ ਚੰਦਰਮੇਂ ਦਾ ਅਭਾਵ ਹੁੰਦਾ ਹੈ। ਇਸ ਤਿੱਥ ਨੂੰ ਪੰਜਾਬੀ ਵਿਚ ਮੱਸਿਆ ਕਿਹਾ ਜਾਂਦਾ ਹੈ। (ਵੇਖੋ : ਮੱਸਿਆ) ਇਹ ਤਿੱਥ ਵਿਆਹ ਸ਼ਾਦੀ ਜਾਂ ਕਿਸੇ ਹੋਰ ਮੰਗਲ ਸੰਸਕਾਰ ਲਈ ਅਸ਼ੁਭ ਮੰਨੀ ਜਾਂਦੀ ਹੈ। ਧਾਰਨਾ ਹੈ ਕਿ ਜੇ ਕਿਸੇ ਮਕਾਨ ਦੀ ਨੀਂਹ ਅਮਾਵਸ ਵਾਲੇ ਦਿਨ ਰਖੀ ਜਾਵੇ ਤਾਂ ਉਸ ਮਕਾਨ ਵਿਚ ਹਮੇਸ਼ਾਂ ਜ਼ਹਿਰੀਲੇ ਕੀੜੇ ਸੱਪ ਤੇ ਅਠੂਏਂ ਨਿਕਲਦੇ ਰਹਿੰਦੇ ਹਨ। ਜੇ ਕਿਸੇ ਕੰਨਿਆਂ ਦਾ ਵਿਆਹ ਅਮਾਵਸ ਨੂੰ ਕੀਤਾ ਜਾਵੇ ਤਾਂ ਉਹ ਸਦਾ ਬਾਂਝ ਰਹਿੰਦੀ ਹੈ। ਅਮਾਵਸ ਵਾਲੇ ਦਿਨ ਜੰਮਿਆ ਬਾਲ ਤਾਮਸੀ ਸੁਭਾਵ ਦਾ ਹੁੰਦਾ ਹੈ।

ਮਿਸਿਜ਼ ਸਿੰਕਲੇਅਰ ਸਟੀਵੇਨਸਨ ਆਪਣੀ ਪੁਸਤਕ 'Rites of the Twice Born' (ਪੰਨਾ 260) ਵਿਚ ਲਿਖਦੀ ਹੈ : "ਅਮਾਵਸ ਦਾ ਦਿਨ ਅਸ਼ੁਭ ਹੈ। ਇਸ ਲਈ ਇਸ ਤਿੱਥ ਨੂੰ ਕੇਵਲ ਇਕੋ ਵਾਰ ਭੋਜਨ ਖਾਣਾ ਚਾਹੀਦਾ ਹੈ। ਇਸ ਦਿਨ ਕਪੜੇ ਨਹੀਂ ਧੋਣੇ ਚਾਹੀਦੇ ਅਤੇ ਨਾ ਹੀ ਇਸ਼ਨਾਨ ਕਰਨ ਸਮੇਂ ਸਾਬਣ ਦੀ ਵਰਤੋਂ ਕਰਨੀ ਚਾਹੀਦੀ ਹੈ। ਤੀਵੀਆਂ ਇਸ ਦਿਨ ਕਪੜੇ ਨਹੀਂ ਸੀਂਦੀਆਂ ਅਤੇ ਨਾ ਹੀ ਚੱਕੀ ਝੋਤਦੀਆਂ ਹਨ। ਨਾ ਹੀ ਮਰਦ ਸ਼ਿਕਾਰ ਕਰਦੇ ਤੇ ਮੱਛੀਆਂ ਨੂੰ ਫੜਦੇ ਹਨ। ਤਰਖਾਣ, ਕੁਲੀ ਤੇ ਸ਼ਿਲਪੀ ਅਮਾਵਸ ਵਾਲੇ ਦਿਨ ਕੋਈ ਕੰਮ ਧੰਦਾ ਨਹੀਂ ਕਰਦੇ।"

ਅਮਾਵਸ ਵਾਲੇ ਦਿਨ ਦਰਿਆ ਵਿਚ ਇਸ਼ਨਾਨ ਕਰਨਾ ਚੰਗਾ ਸਮਝਿਆ ਗਿਆ ਹੈ। ਇਸ ਤਿੱਥ ਨੂੰ ਬ੍ਰਾਹਮਣਾਂ ਨੂੰ ਭੋਜਨ ਖਵਾਣਾ ਤੇ ਦਾਨ ਪੁੰਨ ਦੇਣਾ ਵੀ ਸ਼ੁਭ ਹੈ। ਹਿੰਦੂ ਤੀਵੀਆਂ ਅਮਾਵਸ ਵਾਲੇ ਦਿਨ ਵਰਤ ਰਖਦੀਆਂ ਤੇ ਗਊ ਨੂੰ ਪੇੜੇ ਦੇਂਦੀਆਂ ਹਨ। ਕਈ ਹਿੰਦੂ ਇਸ ਤਿੱਥ ਨੂੰ ਪਿਤਰਾਂ ਦਾ ਸਰਾਧ ਕਰਦੇ ਹਨ, ਪਰ ਕਈ ਪਿਤਰਾਂ ਨਮਿਤ ਪਿੰਡ ਦਾਨ ਤੇ ਤਰਪਣ ਕਰਦੇ ਹਨ। ਧਰਮ ਸ਼ਾਸਤ੍ਰਾਂ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਪਿਤਰਾਂ ਦੀ ਆਤਮਾ ਨੂੰ ਸ਼ਾਂਤੀ ਮਿਲਦੀ ਹੈ।

ਜੇ ਅਮਾਵਸ ਸੋਮਵਾਰ ਨੂੰ ਪਏ ਤਾਂ ਇਸ ਤਿੱਥ ਨੂੰ 'ਸੋਮਾਵਤੀ ਅਮਾਵਸ' ਕਿਹਾ ਜਾਂਦਾ ਹੈ। ਇਸ ਵਿਸ਼ੇਸ਼ ਅਮਾਵਸ ਦੇ ਦਾਨ ਤੇ ਵਰਤ ਦਾ ਬੜਾ ਹੀ ਮਹਾਤਮ ਹੈ। ਇਸ ਦਿਨ ਕਈ ਤੀਵੀਆਂ ਵਰਤ ਰਖ ਕੇ ਪਿੱਪਲ ਦੀ ਪੂਜਾ ਕਰਦੀਆਂ ਤੇ ਪਿੱਪਲ ਦੁਆਲੇ 108 ਪ੍ਰਕਰਮਾ ਲੈਂਦੀਆਂ ਹੋਈਆਂ ਨਾਲ ਹੀ ਪਿੱਪਲ ਦੁਆਲੇ ਸੂਤਰ ਲਪੇਟਦੀਆਂ ਜਾਂਦੀਆਂ ਹਨ। (ਵੇਖੋ : ਸੋਮਾਵਤੀ ਅਮਾਵਸ)

ਪੰਜਾਬ ਵਿਚ ਮੱਸਿਆ ਨੂੰ ਤਰਨ ਤਾਰਨ ਵਿਚ ਭਾਰੀ ਮੇਲਾ ਲੱਗਦਾ ਹੈ।

(ਅ-413) **ਅਮਿਤਾਸਯ** :

ਸਕੰਦ ਪੁਰਾਣ ਅਨੁਸਾਰ ਬਵਿੰਜਾ ਬੀਰਾਂ ਵਿਚੋਂ ਇਕ ਬੀਰ। (ਵੇਖੋ : ਬੀਰ)

(ਅ-414) **ਅੰਮ੍ਰਿਤ** :

ਇਕ ਵਿਸ਼ੇਸ਼ ਪ੍ਰਕਾਰ ਦਾ ਦੈਵੀ ਪਦਾਰਥ ਜਿਸ ਨੂੰ ਪੀਣ ਨਾਲ ਪ੍ਰਾਣੀ ਅਮਰ ਹੋ ਜਾਂਦਾ ਹੈ। ਪੁਰਾਣਾਂ ਅਨੁਸਾਰ ਅੰਮ੍ਰਿਤ ਉਹ ਜੀਵਨਦਾਇਕ ਰਸ ਹੈ, ਜੋ ਖੀਰ ਸਾਗਰ ਨੂੰ ਮੱਥ ਕੇ ਕੱਢਿਆ ਗਿਆ ਅਤੇ ਜਿਸ ਨੂੰ ਪੀ ਕੇ ਦੇਵਤੇ ਅਮਰ ਹੋ ਗਏ।

ਸਾਗਰ ਨੂੰ ਮੱਥ ਕੇ ਅੰਮ੍ਰਿਤ ਕੱਢਣ ਦੀ ਕਥਾ ਰਾਮਾਇਣ, ਮਹਾਂਭਾਰਤ ਤੇ ਕਈ ਪੁਰਾਣਾਂ ਵਿਚ ਥੋੜੀ ਬਹੁਤੀ ਭਿੰਨਤਾ ਨਾਲ ਮਿਲਦੀ ਹੈ। ਦੇਵਤਿਆਂ ਨੇ ਖੀਰ ਸਾਗਰ ਨੂੰ ਰਿੜਕਣ ਵੇਲੇ ਸੁਮੇਰ ਪਰਬਤ ਨੂੰ ਮਧਾਣਾ ਅਤੇ ਬਾਸ਼ਕ ਨਾਗ ਨੂੰ ਨੇਤਰਾ ਬਣਾਇਆ। ਸਮੁੰਦਰ ਮਥਣ ਦਾ ਕੰਮ ਦੇਵਤਿਆਂ ਤੋਂ ਇਕੱਲਿਆਂ ਨਾ ਨਿਭ ਸਕਿਆ।

ਸੋ ਉਨ੍ਹਾਂ ਨੇ ਦੈਂਤਾਂ ਨੂੰ ਵੀ ਅੰਮ੍ਰਿਤ ਵਿਚੋਂ ਅੱਧਾ ਹਿੱਸਾ ਦੇਣ ਦਾ ਲੋਭ ਦੇ ਕੇ ਭਾਈਵਾਲ ਬਣਾ ਲਿਆ।

ਖੀਰ ਸਾਗਰ ਨੂੰ ਮਥਦਿਆਂ ਉਸ ਵਿਚੋਂ ਚੌਦਾਂ ਰਤਨ ਨਿਕਲੇ, ਜਿਨ੍ਹਾਂ ਵਿਚੋਂ ਇਕ ਰਤਨ ਅੰਮ੍ਰਿਤ ਸੀ। ਅੰਮ੍ਰਿਤ ਦੇ ਕੁੰਭ ਨੂੰ ਦੈਂਤ ਚੁਕ ਕੇ ਨੱਠ ਗਏ। ਦੇਵਤੇ ਬੜੇ ਘਬਰਾਏ ਕਿ ਜੇ ਦੈਂਤ ਅੰਮ੍ਰਿਤ ਪੀ ਕੇ ਅਮਰ ਹੋ ਗਏ ਤਾਂ ਦੁਨੀਆਂ ਉਤੋਂ ਨੇਕੀ ਦਾ ਬੀਜ ਨਸ਼ਟ ਹੋ ਜਾਵੇਗਾ। ਸੋ ਉਨ੍ਹਾਂ ਵਿਸ਼ਨੂੰ ਨੂੰ ਕੋਈ ਉਪਾ ਕਰਨ ਲਈ ਬੇਨਤੀ ਕੀਤੀ। ਵਿਸ਼ਨੂੰ ਨੇ ਇਕ ਸੁੰਦਰ ਮੁਟਿਆਰ 'ਮੋਹਣੀ' ਦਾ ਰੂਪ ਧਾਰਨ ਕੀਤਾ ਅਤੇ ਜਿਥੇ ਦੈਂਤ ਅੰਮ੍ਰਿਤ ਪੀਣ ਲਈ ਇਕੱਤ੍ਰ ਹੋਏ ਸਨ, ਉਥੇ ਪਹੁੰਚ ਕੇ ਨੱਚਣਾ ਸ਼ੁਰੂ ਕਰ ਦਿਤਾ। ਮੋਹਣੀ ਨੇ ਚੰਚਲ ਅਦਾਵਾਂ ਨਾਲ ਦੈਂਤਾਂ ਦੇ ਮਨ ਨੂੰ ਮੋਹ ਲਿਆ ਤੇ ਉਨ੍ਹਾਂ ਨੂੰ ਵਰਗਲਾ ਕੇ ਉਨ੍ਹਾਂ ਤੋਂ ਅੰਮ੍ਰਿਤ ਦਾ ਕੁੰਭ ਖ਼ੁਦ ਲੈ ਲਿਆ। ਫਿਰ ਮੋਹਿਨੀ ਦੈਂਤਾਂ ਤੇ ਦੇਵਤਿਆਂ ਨੂੰ ਇਕ ਥਾਂ ਇਕੱਠਾ ਬਿਠਾ ਕੇ ਅੰਮ੍ਰਿਤ ਵੰਡਣ ਲੱਗੀ। ਉਸ ਨੇ ਦੇਵਤਿਆਂ ਦੀ ਦਿਸ਼ਾ ਵਲੋਂ ਅੰਮ੍ਰਿਤ ਵੰਡਣਾ ਸ਼ੁਰੂ ਕੀਤਾ। ਰਾਹੂ ਨੇ ਵੇਖਿਆ ਕਿ ਅੰਮ੍ਰਿਤ ਦਾ ਕੁੰਭ ਮੁਕ ਰਿਹਾ ਹੈ, ਸੋ ਉਹ ਦੇਵਤੇ ਦਾ ਰੂਪ ਧਾਰ ਕੇ ਚੰਦ੍ਰਮਾ ਤੇ ਸੂਰਜ ਕੋਲ ਜਾ ਬੈਠਾ। ਚੰਦ੍ਰਮੇ ਤੇ ਸੂਰਜ ਨੂੰ, ਰਾਹੂ ਦਾ ਪ੍ਰਛਾਵਾਂ ਵੇਖ ਕੇ, ਉਸ ਦੇ ਦੇਵਤਵ ਉਤੇ ਸੰਦੇਹ ਉਠਿਆ, ਕਿਉਂ ਜੋ ਦੇਵਤਿਆਂ ਦਾ ਪ੍ਰਛਾਵਾਂ ਨਹੀਂ ਹੁੰਦਾ। ਜਦੋਂ ਮੋਹਿਨੀ ਰਾਹੂ ਨੂੰ ਅੰਮ੍ਰਿਤ ਦੀਆਂ ਬੂੰਦਾਂ ਦੇ ਰਹੀ ਸੀ ਤਾਂ ਸੂਰਜ ਅਤੇ ਚੰਦ੍ਰਮਾ ਨੇ ਮੋਹਿਨੀ ਨੂੰ ਉਸ ਦੇ ਪ੍ਰਛਾਵੇਂ ਵਲ ਇਸ਼ਾਰਾ ਕੀਤਾ। ਵਿਸ਼ਨੂੰ ਉਸੇ ਵੇਲੇ ਮੋਹਿਨੀ ਦਾ ਰੂਪ ਤਿਆਗ ਕੇ ਅਸਲੀ ਰੂਪ ਵਿਚ ਆ ਗਏ ਅਤੇ ਉਨ੍ਹਾਂ ਨੇ ਉਸੇ ਛਿਣ ਰਾਹੂ ਦਾ ਸਿਰ ਵੱਢ ਦਿਤਾ। ਪਰ ਰਾਹੂ ਅੰਮ੍ਰਿਤ ਪੀ ਚੁਕਾ ਸੀ, ਇਸ ਲਈ ਉਸ ਦਾ ਸਿਰ ਤੇ ਧੜ ਦੋਵੇਂ ਅਮਰ ਹੋ ਗਏ ਅਤੇ ਰਾਹੂ ਕੇਤੂ ਦੇ ਰੂਪ ਵਿਚ ਆਕਾਸ਼ ਮੰਡਲ ਵਿਚ ਵਿਚਰਨ ਲੱਗੇ। ਉਦੋਂ ਤੋਂ ਰਾਹੂ ਅਤੇ ਕੇਤੂ ਚੰਦ੍ਰਮੇ ਤੇ ਸੂਰਜ ਦਾ ਪਿੱਛਾ ਕਰ ਰਹੇ ਹਨ। ਜਦੋਂ ਉਹ ਇਨ੍ਹਾਂ ਨੂੰ ਆਪਣੇ ਮੂੰਹ ਵਿਚ ਨਿਗਲਣ ਲੱਗਦੇ ਹਨ, ਤਾਂ ਗ੍ਰਹਿਣ ਲੱਗਦਾ ਹੈ।

'ਅੰਮ੍ਰਿਤ' ਸ਼ਬਦ ਵੇਦਾਂ ਵਿਚ ਯੱਗ ਵਿਚ ਵਰਤੇ ਜਾਣ ਵਾਲੇ ਅਨੇਕਾਂ ਪਦਾਰਥਾਂ, ਵਿਸ਼ੇਸ਼ ਕਰ ਕੇ ਸੋਮਰਸ ਲਈ ਵੀ ਵਰਤਿਆ ਜਾਂਦਾ ਰਿਹਾ, ਪਰ ਪੌਰਾਣਿਕ ਕਾਲ ਵਿਚ ਅੰਮ੍ਰਿਤ ਸ਼ਬਦ ਆਮ ਤੌਰ ਤੇ ਖੀਰ ਸਾਗਰ ਵਿਚੋਂ ਨਿਕਲੇ ਅੰਮ੍ਰਿਤ ਲਈ ਪ੍ਰਯੋਗ ਹੋਣ ਲੱਗਾ। ਸ਼ਤਪਥ ਵਿਚ ਅੰਮ੍ਰਿਤ ਸ਼ਬਦ ਦੇਵਤਿਆਂ ਲਈ ਵੀ ਵਰਤਿਆ ਗਿਆ ਹੈ।

ਯੋਗ ਸਾਧਨਾ ਵਿਚ ਸਹੰਸਰਦਲ ਕਮਲ ਦੇ ਮੱਧ ਵਿਚ ਸਥਿਤ ਚੰਦ੍ਰਮੇ ਤੋਂ ਜੋ ਰਸ ਝਰਦਾ ਹੈ, ਉਸ ਨੂੰ ਵੀ ਅੰਮ੍ਰਿਤ ਕਿਹਾ ਜਾਂਦਾ ਹੈ। ਇਹ ਰਸ ਸਹੰਸਰਦਲ ਕੰਵਲ ਤੋਂ ਹੇਠਾਂ ਉਤਰਦਾ ਹੋਇਆ ਮੂਲਾਧਾਰ ਚਕਰ ਦੇ ਕੋਲ ਆ ਕੇ ਸਰੀਰ ਦੇ ਹੋਰ ਰਸਾਂ ਵਿਚ ਵਿਲੀਨ ਹੋ ਜਾਂਦਾ ਹੈ। ਜੋਗੀ ਕੁੰਡਲਨੀ ਸ਼ਕਤੀ ਨੂੰ ਜਗਾ ਕੇ ਇਸੇ ਰਸ ਨੂੰ ਪੀਂਦੇ ਹਨ। ਭਗਤ ਕਬੀਰ ਤੇ ਹੋਰ ਸੰਤਾਂ ਨੇ ਯੋਗ ਦੇ ਇਸ ਰਸ ਦਾ ਵਰਨਣ ਕਈ ਥਾਈਂ ਕੀਤਾ ਹੈ — "ਰਸ ਗਗਨ ਗੁਫਾ ਸੇ ਅਜਰ ਝਰੈ।" — ਕਬੀਰ।

ਯੂਨਾਨੀ ਤੇ ਰੋਮਨ ਪੁਰਾਣਧਾਰਾ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਅੰਮ੍ਰਿਤ 'ਅੰਬਰੋਸੀਆ' ਦਾ ਵਰਨਣ ਮਿਲਦਾ ਹੈ ਜੋ ਦੇਵਤੇ ਪੀਤਾ ਕਰਦੇ ਸਨ। ਮੁਸਲਮਾਨੀ ਪੁਰਾਣਧਾਰਾ ਵਿਚ 'ਆਬੇ ਹਯਾਤ' ਦਾ ਜ਼ਿਕਰ ਆਉਂਦਾ ਹੈ ਜੋ ਮੂਲ ਵਿਚ ਅੰਮ੍ਰਿਤ ਦਾ ਹੀ ਸਮਾਨਾਰਥਕ ਹੈ। ਖ਼ਵਾਜਾ ਖ਼ਿਜ਼ਰ ਨੇ ਬੜੀਆਂ ਘਾਲਣਾ ਨਾਲ ਇਸ ਵਿਸ਼ੇਸ਼ ਅੰਮ੍ਰਿਤ ਨੂੰ ਲੱਭ ਕੇ ਪੀਤਾ ਸੀ ਤੇ ਉਹ ਰਹਿੰਦੀ ਦੁਨੀਆਂ ਤਕ ਅਮਰ ਹੋ ਗਿਆ। (ਵੇਖੋ : ਆਬੇ ਹਯਾਤ)

ਸਿੱਖਾਂ ਵਿਚ ਅੰਮ੍ਰਿਤ ਉਸ ਪਵਿਤ੍ਰ ਜਲ ਨੂੰ ਕਹਿੰਦੇ ਹਨ ਜੋ ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ, ਆਦਿ ਗ੍ਰੰਥ ਦੀ ਹਜ਼ੂਰੀ ਵਿਚ, ਲੋਹੇ ਦੇ ਬਾਟੇ ਵਿਚ, ਜਲ ਤੇ ਪਤਾਸੇ ਪਾ ਕੇ, ਪੰਜਾਂ ਬਾਣੀਆਂ ਦਾ ਜਾਪ ਕਰਦਿਆਂ ਤਿਆਰ ਕੀਤਾ ਜਾਂਦਾ ਹੈ। ਪੰਜ ਪਿਆਰੇ ਵਾਰੋ ਵਾਰੀ ਇਕ ਇਕ ਬਾਣੀ ਦਾ ਪਾਠ ਕਰਦੇ ਹੋਏ ਪੰਜਾਂ ਬਾਣੀਆਂ ਦਾ ਪਾਠ ਕਰਦੇ ਹਨ ਤੇ ਬਾਟੇ ਵਿਚ ਪਏ ਜਲ ਤੇ

ਪਤਾਸਿਆਂ ਵਿਚ ਕ੍ਰਿਪਾਨ ਫੇਰਦੇ ਜਾਂਦੇ ਹਨ। ਹਰੇਕ ਸਿੱਖ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ। ਸਭ ਤੋਂ ਪਹਿਲਾਂ ਅੰਮ੍ਰਿਤ ਛਕਾਣ ਦੀ ਰਸਮ ਕੇਸਗੜ੍ਹ ਵਿਖੇ 1699 ਈ: ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਨੇ ਕੀਤੀ। ਪਹਿਲਾਂ ਉਨ੍ਹਾਂ ਨੇ ਸੰਗਤ ਵਿਚੋਂ ਪੰਜ ਪਿਆਰਿਆਂ ਨੂੰ ਚੁਣ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਨ੍ਹਾਂ ਤੋਂ ਖ਼ੁਦ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਵਾਲੇ ਸਿੱਖ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ।

ਸਿੱਖਾਂ ਵਿਚ ਅੰਮ੍ਰਿਤ ਸ਼ਬਦ ਉਸ ਜਲ ਲਈ ਵੀ ਵਰਤਿਆ ਜਾਂਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠ ਰਖਿਆ ਜਾਣ ਕਰ ਕੇ ਪਵਿਤ੍ਰਤਾ ਗ੍ਰਹਿਣ ਕਰ ਲੈਂਦਾ ਹੈ। ਧਾਰਨਾ ਅਨੁਸਾਰ ਇਸ ਜਲ ਨੂੰ ਪੀਣ ਨਾਲ ਰੋਗ ਨਵਿਰਤ ਹੋ ਜਾਂਦੇ ਹਨ। ਅਖੰਡ ਪਾਠ ਰਖਣ ਵੇਲੇ, ਇਕ ਕੁੰਭ ਵਿਚ ਜਲ ਭਰ ਕੇ, ਉਪਰ ਨਾਰੀਅਲ ਰਖ ਦਿਤਾ ਜਾਂਦਾ ਹੈ। ਧਾਰਨਾ ਅਨੁਸਾਰ ਅਖੰਡ ਪਾਠ ਦੇ ਭੋਗ ਮਗਰੋਂ ਇਸ ਕੁੰਭ ਦਾ ਜਲ ਅੰਮ੍ਰਿਤ ਵਿਚ ਪਰਿਵਰਤਿਤ ਹੋ ਜਾਂਦਾ ਹੈ। ਇਸ ਨੂੰ ਸਿੱਖ ਅੰਮ੍ਰਿਤ ਵਾਂਙ ਹੀ ਰਸਨੀ ਲਗਾਂਦੇ ਹਨ।

(ਅ-415) **ਅੰਮ੍ਰਿਤ-ਸੰਸਕਾਰ** :

(ਵੇਖੋ : ਅੰਮ੍ਰਿਤ)

(ਅ-416) **ਅੰਮ੍ਰਿਤਸਰ** :

ਪੰਜਾਬ ਦਾ ਇਕ ਪ੍ਰਸਿੱਧ ਨਗਰ ਜੋ ਮੁਢੋਂ ਹੀ ਸਿੱਖਾਂ ਦੀਆਂ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਸਿੱਖਾਂ ਵਿਚ ਅੰਮ੍ਰਿਤਸਰ ਦਾ ਉਹੋ ਹੀ ਦਰਜਾ ਹੈ ਜੋ ਮੁਸਲਮਾਨਾਂ ਵਿਚ ਮੱਕੇ ਦਾ। ਇਸ ਨਗਰ ਦੀ ਨੀਂਹ ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਜੂਨ 1564 ਈ: ਵਿਚ ਰਖੀ ਅਤੇ ਤੁੰਗ, ਗੁਮਟਾਲਾ ਅਤੇ ਸੁਲਤਾਨਵਿੰਡ ਪਿੰਡਾਂ ਦੇ ਨੇੜੇ ਸੰਤੋਖਸਰ ਨਾਉਂ ਦਾ ਇਕ ਤਾਲ ਖੁਦਵਾਇਆ। ਦਸ ਸਾਲ ਮਗਰੋਂ 1574 ਈ: ਵਿਚ ਗੁਰੂ ਰਾਮਦਾਸ ਜੀ ਨੇ, ਤੀਜੇ ਸਤਿਗੁਰੂ ਦੇ ਆਦੇਸ਼ ਉਤੇ ਇਥੇ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਉਂ 'ਗੁਰੂ ਕਾ ਚਕ' ਰਖਿਆ ਗਿਆ। ਨਾਲ ਹੀ ਆਪਣੇ ਨਿਵਾਸ ਲਈ ਉਥੇ ਇਕ ਅਸਥਾਨ ਬਣਾਇਆ ਜੋ 'ਗੁਰੂ ਕੇ ਮਹਿਲ' ਨਾਲ ਪ੍ਰਸਿਧ ਹੋਇਆ। ਤਿੰਨ ਸਾਲ ਮਗਰੋਂ ਇਸੇ ਥਾਂ ਦੁਖ ਭੰਜਨੀ ਬੇਰੀ ਦੇ ਨੇੜੇ ਇਕ ਤਾਲ ਖੁਦਵਾਇਆ ਗਿਆ, ਜਿਸ ਦਾ ਨਾਉਂ ਰਾਮਦਾਸ ਸਰੋਵਰ ਰਖਿਆ ਗਿਆ। ਰਾਮਦਾਸ ਸਰੋਵਰ ਤੋਂ ਨਗਰ ਦਾ ਨਾਉਂ ਵੀ ਰਾਮਦਾਸ ਪੁਰਾ ਪੈ ਗਿਆ। ਗੁਰੂ ਗ੍ਰੰਥ ਸਾਹਿਬ ਵਿਚ, ਇਸੇ ਰਾਮ ਦਾਸ ਸਰੋਵਰ ਦੀ ਮਹਿਮਾ ਦਾ ਵਰਨਣ ਹੈ :

ਰਾਮਦਾਸ ਸਰੋਵਰ ਨਾਤੇ
ਸਭ ਉਤਰੇ ਪਾਪ ਕਮਾਤੇ (ਸੋਰਠ ਮਹਲਾ ੫)

ਪਿਛੋਂ ਜਦੋਂ ਗੁਰੂ ਰਾਮਦਾਸ ਜੀ ਬਾਬਾ ਸ੍ਰੀ ਚੰਦ ਨੂੰ ਮਿਲਣ ਲਈ ਬਾਹਠ ਗਏ ਤਾਂ ਸ੍ਰੀ ਚੰਦ ਨੇ ਉਨ੍ਹਾਂ ਨੂੰ ਇਸ ਸਰੋਵਰ ਤੇ ਚਕ ਦਾ ਨਾਂ ਸ੍ਰੀ ਅੰਮ੍ਰਿਤਸਰ ਰਖਣ ਦੀ ਪ੍ਰੇਰਨਾ ਦਿਤੀ ਅਤੇ ਨਾਲ ਹੀ ਕਿਹਾ ਕਿ ਇਸ ਨਗਰ ਦਾ ਨਾਉਂ ਅੰਮ੍ਰਿਤਸਰ ਰਖਣ ਨਾਲ ਗੁਰੂ ਨਾਨਕ ਦੇਵ ਦਾ ਮੁਖਵਾਕ ਵੀ ਸਤਿ ਹੋ ਜਾਵੇਗਾ :— 'ਬਿਖਿਆ ਮਲੁ ਜਾਇ ਅੰਮ੍ਰਿਤਸਰ ਨਾਵਹੁ ਗੁਰ ਸਰ ਸੰਤੋਖ ਪਾਇਆ।' (ਮਾਰੂ ਮਹਲਾ ੧)

ਉਦੋਂ ਹੀ ਇਸ ਸਰੋਵਰ ਦਾ ਨਾਉਂ ਅੰਮ੍ਰਿਤਸਰ ਰਖਿਆ ਗਿਆ ਜਿਸ ਤੋਂ ਨਗਰ ਦਾ ਨਾਉਂ ਵੀ ਅੰਮ੍ਰਿਤਸਰ ਪ੍ਰਸਿਧ ਹੋ ਗਿਆ। ਆਦਿ ਗ੍ਰੰਥ ਵਿਚ ਸਲੋਕ ਵਾਰਾਂ ਤੋਂ ਵਧੀਕ ਸਿਰਲੇਖ ਹੇਠ ਇਕ ਥਾਂ ਲਿਖਿਆ ਹੈ :— 'ਅੰਮ੍ਰਿਤਸਰ ਸਿਫਤੀ ਦਾ ਘਰ'। ਪਰ ਇਹ ਬਾਣੀ ਗੁਰੂ ਨਾਨਕ ਦੇਵ ਦੀ ਰਚਨਾ ਹੈ, ਉਦੋਂ ਅੰਮ੍ਰਿਤਸਰ ਸ਼ਹਿਰ ਦੀ ਹੋਂਦ ਨਹੀਂ ਸੀ।

ਰਾਮਦਾਸ ਸਰੋਵਰ ਨੂੰ ਪੂਰਾ ਕਰਨ ਤੇ ਪੱਕਾ ਬਨਾਉਣ ਦਾ ਕੰਮ ਗੁਰੂ ਅਰਜਨ ਦੇਵ ਦੇ ਸਮੇਂ ਹੋਇਆ। ਗੁਰੂ ਅਰਜਨ ਦੇਵ ਨੇ 1586 ਈ: ਵਿਚ ਸਰੋਵਰ ਨੂੰ ਪੱਕਾ ਕੀਤਾ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰੂ ਅਰਜਨ ਦੇਵ ਨੇ ਹੀ ਰਾਮਦਾਸ ਸਰੋਵਰ ਦਾ ਨਾਉਂ ਅੰਮ੍ਰਿਤਸਰ ਰਖਿਆ ਅਤੇ 1588 ਈ: ਵਿਚ ਮਾਘੀ ਵਾਲੇ ਦਿਨ ਤਾਲ ਦੇ ਵਿਚਕਾਰ ਹਰਿਮੰਦਰ ਦੀ ਨੀਂਹ

ਰਖੀ ਅਤੇ ਉਸ ਦੀ ਇਮਾਰਤ ਪੂਰੀ ਕਰ ਕੇ 1604 ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਗੁਰੂ ਅਰਜਨ ਦੇਵ ਨੇ ਹੀ ਇਸ ਨਗਰ ਵਿਚ ਸਭ ਪਾਸਿਆਂ ਤੋਂ ਕਿਰਤੀ ਤੇ ਵਪਾਰੀ ਬੁਲਾ ਕੇ ਨਗਰ ਨੂੰ ਪ੍ਰਫੁਲਤ ਕੀਤਾ।

ਅੰਮ੍ਰਿਤਸਰ ਸਿੱਖਾਂ ਦਾ ਪਹਿਲਾ ਧਾਰਮਿਕ ਕੇਂਦਰ ਬਣਿਆ। ਸਿੱਖਾਂ ਦਾ ਪ੍ਰਧਾਨ ਨਗਰ ਹੋਣ ਕਰ ਕੇ, ਇਸ ਨਗਰ ਉਤੇ ਸਮੇਂ ਸਮੇਂ ਮੁਸਲਮਾਨ ਹਾਕਮਾਂ ਵਲੋਂ ਬੜੇ ਜ਼ੁਲਮ ਤੇ ਅਤਿਆਚਾਰ ਢਾਏ ਗਏ। ਜ਼ਕਰੀਆ ਖ਼ਾਨ ਦੇ ਵੇਲੇ, ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਪ੍ਰਸਿਧ ਵਿਦਵਾਨ ਭਾਈ ਮਨੀ ਸਿੰਘ ਨੂੰ ਉਨ੍ਹਾਂ ਦੇ ਬੰਦ-ਬੰਦ ਕਟ ਕੇ ਸ਼ਹੀਦ ਕਰ ਦਿਤਾ ਗਿਆ। ਇਸ ਸ਼ਹਾਦਤ ਤੋਂ ਬਾਅਦ ਅੰਮ੍ਰਿਤਸਰ ਦੇ ਆਲੇ ਦੁਆਲੇ ਪਹਿਰਾ ਲਗਾ ਦਿਤਾ ਗਿਆ ਤੇ ਕਿਸੇ ਸਿੱਖ ਨੂੰ ਅੰਮ੍ਰਿਤਸਰ ਵਿਚ ਦਾਖ਼ਲ ਹੋਣ ਦੀ ਆਗਿਆ ਨਾ ਦਿਤੀ ਗਈ, ਪਰ ਫਿਰ ਵੀ ਸਿੱਖ ਆਪਣੀ ਜਾਨ ਤਲੀ ਉਤੇ ਰਖ ਕੇ ਸਰਪਟ ਘੋੜੇ ਦੁੜਾਂਦੇ ਅੰਮ੍ਰਿਤਸਰ ਆਉਂਦੇ ਤੇ ਸਰੋਵਰ ਵਿਚ ਟੁਭੀਆਂ ਲਗਾ ਕੇ ਤੇ ਸ਼ਕਤੀ ਪ੍ਰਾਪਤ ਕਰ ਕੇ ਪਲਾਂ ਵਿਚ ਅੱਖੋਂ ਓਝਲ ਹੋ ਜਾਂਦੇ ਰਹੇ। ਅਨੇਕਾਂ ਸਿੱਖ ਇਥੇ ਜੂਝਦੇ ਹੋਏ ਸ਼ਹੀਦ ਵੀ ਹੋਏ।

ਅਹਿਮਦ ਸ਼ਾਹ ਅਬਦਾਲੀ ਨੇ ਅੰਮ੍ਰਿਤਸਰ ਸ਼ਹਿਰ ਉਤੇ ਕਈ ਹਮਲੇ ਕੀਤੇ। ਦੋ ਵਾਰ ਦਰਬਾਰ ਸਾਹਿਬ ਨੂੰ ਢੂਹਾ ਦਿਤਾ। ਗੰਡਾ ਸਿੰਘ ਲਿਖਦੇ ਹਨ :— "ਅਹਿਮਦ ਸ਼ਾਹ ਦੁਰਾਨੀ ਦੇ ਹੱਲਿਆਂ ਵੇਲੇ ਜਦ ਸਿੰਘਾਂ ਨੇ ਪੈਰ ਪੈਰ ਉਤੇ ਉਸ ਦਾ ਟਾਕਰਾ ਕਰਨਾ ਸ਼ੁਰੂ ਕਰ ਦਿਤਾ ਤਾਂ ਉਸ ਨੇ ਛਿੱਥਾ ਪੈ ਕੇ ਦੋ ਵਾਰੀ ਦਰਬਾਰ ਸਾਹਿਬ ਨੂੰ ਢੂਹਾ ਦਿਤਾ। ਪਹਿਲੀ ਵਾਰ ਚੌਥੇ ਹੱਲੇ ਵੇਲੇ ਸੰਨ 1757 ਈ: ਵਿਚ ਅਤੇ ਦੂਸਰੀ ਵਾਰੀ ਵੱਡੇ ਘਲੂਘਾਰੇ ਤੋਂ ਬਾਅਦ ਅਪਰੈਲ 1762 ਈ: ਨੂੰ ਜਦ ਕਿ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿਤਾ। ਬੁੰਗੇ ਢੂਹਾ ਦਿਤੇ ਅਤੇ ਸਰੋਵਰ ਨੂੰ ਬੁੰਗਿਆਂ ਦੇ ਮਲਬੇ ਅਤੇ ਕਤਲ ਕੀਤੇ ਗਏ ਬੰਦਿਆਂ ਅਤੇ ਗਾਈਆਂ ਦੀਆਂ ਲਹੂ ਭਰੀਆਂ ਲੋਥਾਂ ਤੇ ਹੱਡੀਆਂ ਨਾਲ ਪੂਰ ਦਿਤਾ।" ਦੋ ਸਾਲ ਮਗਰੋਂ 11 ਵਿਸਾਖ 1821 ਬਿਕ੍ਰਮੀ ਨੂੰ ਖ਼ਾਲਸੇ ਨੇ ਸ: ਜਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨੀਂਹ ਰਖਵਾ ਕੇ ਹਰਿਮੰਦਰ ਅਤੇ ਸਰੋਵਰ ਦੀ ਮੁੜ ਉਸਾਰੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ 1802 ਈ: ਵਿਚ ਅੰਮ੍ਰਿਤਸਰ ਉਤੇ ਕਬਜ਼ਾ ਕੀਤਾ ਅਤੇ ਉਸ ਨੇ ਹਰਿਮੰਦਰ ਨੂੰ ਸੋਨੇ ਤੇ ਸੰਗਮਰਮਰ ਨਾਲ ਸੁਸ਼ੋਭਤ ਕੀਤਾ।

ਹਰਿਮੰਦਰ ਸਾਹਿਬ ਸਿੱਖਾਂ ਦਾ ਸ਼੍ਰੋਮਣੀ ਧਾਮ ਹੈ। ਇਥੇ ਹਰ ਵੇਲੇ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ। ਇਥੇ ਦੋ ਭਾਰੀ ਮੇਲੇ ਜੁੜਦੇ ਹਨ। ਵਿਸਾਖੀ ਦਾ ਮੇਲਾ ਪੰਜਵੇਂ ਗੁਰੂ ਨੇ ਅਤੇ ਦੀਪਮਾਲਾ ਦਾ ਮੇਲਾ ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਦੇ ਗਵਾਲੀਅਰ ਤੋਂ ਵਾਪਸ ਆਉਣ ਉਤੇ ਆਰੰਭ ਕੀਤਾ।

ਅੰਮ੍ਰਿਤਸਰ ਵਿਚ ਅਨੇਕਾਂ ਪਵਿਤ੍ਰ ਤਾਲ ਤੇ ਇਤਿਹਾਸਕ ਅਸਥਾਨ ਹਨ। ਅੰਮ੍ਰਿਤਸਰ ਸਰੋਵਰ ਤੋਂ ਬਿਨਾਂ ਚਾਰ ਤਾਲ ਹੋਰ ਹਨ :—

(ੳ) ਸੰਤੋਖ ਸਰ :— ਇਹ ਤਾਲ ਗੁਰੂ ਅਰਜਨ ਦੇਵ ਨੇ ਸੰਮਤ 1645 ਵਿਚ ਬਣਵਾਇਆ।

(ਅ) ਕੌਲ ਸਰ :— ਇਹ ਤਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਾਂ ਦੇ ਨਾਉਂ ਤੇ ਸੰਮਤ 1684 ਵਿਚ ਤਿਆਰ ਕਰਵਾਇਆ।

(ੲ) ਬਿਬੇਕ ਸਰ :— ਇਹ ਤਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਬਿਹੰਗਮਾਂ ਦੇ ਨਿਵਾਸ ਲਈ ਸੰਮਤ 1685 ਵਿਚ ਸ਼ਹਿਰੋਂ ਬਾਹਰ ਬਣਵਾਇਆ।

(ਸ) ਰਾਮ ਸਰ :— ਇਹ ਤਾਲ ਗੁਰੂ ਅਰਜਨ ਦੇਵ ਨੇ ਬਣਵਾਇਆ। ਇਸੇ ਤਾਲ ਦੇ ਕੰਢੇ ਬੈਠ ਕੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਨ ਕੀਤਾ। ਇਥੇ ਹੀ ਸੁਖਮਨੀ ਸਾਹਿਬ ਦੀ ਰਚਨਾ ਕੀਤੀ ਗਈ।

ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਕੁਝ ਪਵਿਤ੍ਰ ਸਮਾਗਮ ਤੇ ਸਥਾਨ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

(1) ਅਕਾਲ ਤਖ਼ਤ, (2) ਹਰਿ ਕੀ ਪਉੜੀ, (3) ਥੜਾ ਸਾਹਿਬ, (4) ਦੁਖਭੰਜਨੀ ਬੇਰੀ, (5) ਬੇਰ ਬਾਬਾ ਬੁੱਢਾ ਜੀ, (6) ਲਾਚੀ ਬੇਰ ਸਾਹਿਬ।

ਅੰਮ੍ਰਿਤਸਰ ਵਿਚ ਕੁਝ ਹੋਰ ਇਤਿਹਾਸਕ

ਤੇ ਪਵਿਤ੍ਰ ਅਸਥਾਨ ਇਹ ਹਨ :—

(1) ਅਟਲ ਰਾਇ ਦਾ ਦੇਹਰਾ, (2) ਅਠਸਠ ਤੀਰਥ, (3) ਸਾਲੋ ਭਾਈ ਦੀ ਧਰਮਸਾਲ, (4) ਗੁਰੂ ਕੇ ਮਹਿਲ, (5) ਚੁਰਸਤੀ ਅਟਾਰੀ, (6) ਟਾਹਲੀ ਸਾਹਿਬ, (7) ਥੜਾ ਸਾਹਿਬ, (8) ਦਮਦਮਾ ਸਾਹਿਬ, (9) ਦਰਸ਼ਨੀ ਡਿਓੜ੍ਹੀ, (10) ਪਿਪਲੀ ਸਾਹਿਬ, (11) ਮੰਜੀ ਸਾਹਿਬ, (12) ਲੋਹਗੜ੍ਹ ਕਿਲ੍ਹਾ, (13) ਦੁਰਗਿਆਣਾ ਮੰਦਰ ।

ਅੰਮ੍ਰਿਤਸਰ ਦੇ ਅਸਥਾਨ ਨਾਲ ਬਹੁਤ ਸਾਰੀ ਲੋਕਧਾਰਾ ਵੀ ਸੰਬੰਧਿਤ ਹੈ। ਰਵਾਇਤਾਂ ਅਨੁਸਾਰ ਇਹ ਅਸਥਾਨ ਆਦਿ ਜੁਗਾਦਿ ਤੋਂ ਹੀ ਪਵਿਤ੍ਰ ਪੁਨੀਤ ਚਲਿਆ ਆ ਰਿਹਾ ਹੈ। ਇਥੇ ਪ੍ਰਾਚੀਨ ਕਾਲ ਵਿਚ ਇਕ ਅੰਮ੍ਰਿਤ ਕੁੰਡ ਸੀ ਜਿਸ ਵਿਚ ਕਾਂ ਇਸ਼ਨਾਨ ਕਰ ਕੇ ਹੰਸ ਹੋ ਗਿਆ ਸੀ — "ਅੰਮ੍ਰਿਤਸਰ ਸਤਿਗੁਰ ਸਤਿਵਾਦੀ ਜਿਤੁ ਨਾਤੇ ਕਊਆ ਹੰਸ ਹੋਹੈ" — ਗੂਜਰੀ ਮਹਲਾ ੫। ਇਸੇ ਕੁੰਡ ਵਿਚ ਰਜਨੀ ਦਾ ਪਿੰਗਲਾ ਪਤੀ ਇਸ਼ਨਾਨ ਕਰ ਕੇ ਕੋਹੜ ਤੋਂ ਮੁਕਤ ਹੋਇਆ ਸੀ। (ਵੇਖੋ : ਰਜਨੀ) ਉਹੋ ਵਿਸ਼ੇਸ਼ ਅਸਥਾਨ ਦੁਖ ਭੰਜਨੀ ਸਾਹਿਬ ਦੇ ਨਾਂ ਨਾਲ ਅੱਜ ਵੀ ਪ੍ਰਸਿਧ ਹੈ ।

ਅੰਮ੍ਰਿਤਸਰ ਦੇ ਸਰੋਵਰ ਦੇ ਇਸ਼ਨਾਨ ਬਾਰੇ ਕਈ ਮਹਾਤਮ ਕਥਾਵਾਂ ਵੀ ਪ੍ਰਚਲਤ ਹਨ। (ਵੇਖੋ : ਸੁਧਾਸਰ ਮਹਾਤਮ)

(ਅ-417) **ਅੰਮ੍ਰਿਤ ਕਥਾ** :

ਅਧਿਆਤਮਿਕ ਚਰਿਤ੍ਰ ਦੀ ਕਥਾ-ਕਹਾਣੀ; ਕਿਸੇ ਮਹਾਂਪੁਰਖ ਦੇ ਜੀਵਨ ਨਾਲ ਸੰਬੰਧਿਤ ਕੋਈ ਸਾਖੀ ਜਾਂ ਕਥਾ ਕਹਾਣੀ ਜੋ ਸਾਧਕ ਦੇ ਹਿਰਦੇ ਉਤੇ ਅੰਮ੍ਰਿਤ ਵਰਗਾ ਅਸਰ ਕਰੇ । ਦਸਾਂ ਗੁਰੂਆਂ ਅਤੇ ਮਹਾਨ ਗੁਰਸਿਖਾਂ ਦੇ ਜੀਵਨ ਨਾਲ ਸੰਬੰਧਿਤ ਅਨੇਕਾਂ ਸਾਖੀਆਂ ਜੋ ਕਥਾ ਕੀਰਤਨ ਸਮੇਂ, ਅਧਿਆਤਮਿਕ ਰਹੱਸਾਂ ਨੂੰ ਖੋਲ੍ਹਣ ਤੇ ਸਿੱਖੀ ਚਰਿਤ੍ਰ ਦ੍ਰਿੜ੍ਹ ਕਰਵਾਉਣ ਲਈ ਸੁਣਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਸਿੱਖ ਸ਼ਰਧਾ ਭਾਵ ਨਾਲ ਅੰਮ੍ਰਿਤ ਕਥਾਵਾਂ ਕਹਿੰਦੇ ਹਨ ।

(ਅ-418) **ਅੰਮ੍ਰਿਤਧਾਰੀ** :

ਉਹ ਸਿੱਖ ਜਿਸ ਨੇ ਅੰਮ੍ਰਿਤ ਛਕਿਆ ਹੋਵੇ । (ਵੇਖੋ : ਅੰਮ੍ਰਿਤ)

(ਅ-419) **ਅੰਮ੍ਰਿਤ ਫਲ** :

ਇਕ ਫਲ ਜਿਸ ਨੂੰ ਖਾਣ ਨਾਲ ਪ੍ਰਾਣੀ ਰਿਸ਼ਟ ਪੁਸ਼ਟ ਤੇ ਅਮਰ ਹੋ ਜਾਂਦਾ ਹੈ। ਇਹ ਫਲ ਕਲਪ ਬ੍ਰਿਛ ਨੂੰ ਪੈਂਦਾ ਹੈ ਅਤੇ ਲੰਮੀ ਸਾਧਨਾ, ਤਪੱਸਿਆ ਤੇ ਮੰਤ੍ਰਾਂ ਦੇ ਜਾਪ ਨਾਲ ਪ੍ਰਾਪਤ ਹੁੰਦਾ ਹੈ । ਭਰਥਰੀ ਹਰੀ ਦੇ ਸਮੇਂ ਇਕ ਬ੍ਰਾਹਮਣ ਨੇ ਕਰੜੀ ਸਾਧਨਾ ਦੁਆਰਾ ਅੰਮ੍ਰਿਤ ਫਲ ਨੂੰ ਪ੍ਰਾਪਤ ਕੀਤਾ, ਪਰ ਉਸ ਨੇ ਇਹ ਫਲ ਖ਼ੁਦ ਖਾਣ ਦੀ ਥਾਂ ਭਰਥਰੀ ਹਰੀ ਨੂੰ ਭੇਟ ਕੀਤਾ ਤਾਂ ਜੋ ਉਹ ਅਮਰ ਹੋ ਜਾਵੇ। ਭਰਥਰੀ ਹਰੀ ਨੇ ਉਹ ਫਲ ਆਪਣੀ ਪਤਨੀ ਅਨੰਗ ਸੈਨਾ ਨੂੰ ਦੇ ਦਿਤਾ ਤਾਂ ਜੋ ਉਸ ਦਾ ਰੂਪ ਤੇ ਜਵਾਨੀ ਅਮਰ ਹੋ ਜਾਵੇ। ਅਨੰਗ ਸੈਨਾ ਦਾ ਪ੍ਰੇਮ ਕੁਤਵਾਲ ਨਾਲ ਸੀ; ਉਸ ਨੇ ਉਹੋ ਫਲ ਅੱਗੋਂ ਕੁਤਵਾਲ ਨੂੰ ਖਾਣ ਲਈ ਦੇ ਦਿਤਾ। ਕੁਤਵਾਲ ਦੀ ਮੁਹੱਬਤ ਇਕ ਵੇਸਵਾ ਨਾਲ ਸੀ; ਸੋ ਉਸ ਨੇ ਉਹ ਫਲ ਵੇਸਵਾ ਨੂੰ ਖਾਣ ਲਈ ਦੇ ਦਿਤਾ । ਵੇਸਵਾ ਆਪਣੇ ਚਰਿਤ੍ਰਹੀਣ ਜੀਵਨ ਨੂੰ ਅਮਰ ਨਹੀਂ ਸੀ ਕਰਨਾ ਚਾਹੁੰਦੀ। ਇਸ ਲਈ ਉਸ ਨੇ ਅੰਮ੍ਰਿਤ ਫਲ ਭਰਥਰੀ ਹਰੀ ਨੂੰ ਖਾਣ ਲਈ ਦਿਤਾ ਤਾਂ ਜੋ ਧਰਮੀ ਕਰਮੀ ਰਾਜਾ ਅਮਰ ਹੋ ਜਾਵੇ। ਭਰਥਰੀ ਹਰੀ ਕੋਲ ਜਦੋਂ ਦੁਬਾਰਾ ਅੰਮ੍ਰਿਤ ਫਲ ਪੁਜਿਆ ਤਾਂ ਉਸ ਨੂੰ ਆਪਣੀ ਰਾਣੀ ਦੇ ਵਿਵਹਾਰ ਤੋਂ ਬੜੀ ਨਿਰਾਸਤਾ ਹੋਈ ਤੇ ਉਹ ਰਾਜ-ਭਾਗ ਤਿਆਗ ਕੇ ਜੋਗੀ ਬਣ ਗਿਆ । ਕੁਝ ਰੂਪਾਂਤਰਾਂ ਵਿਚ ਭਰਥਰੀ ਹਰੀ ਦੀ ਰਾਣੀ ਦਾ ਨਾਂ ਭਾਨਮਤੀ ਜਾਂ ਪਿੰਗਲਾ ਦਸਿਆ ਗਿਆ ਹੈ ਜਿਸ ਦਾ ਪ੍ਰੇਮ ਕੁਤਵਾਲ ਦੀ ਥਾਂ ਰਾਜੇ ਦੇ ਮੁਹਾਵਤ ਨਾਲ ਸੀ ।

(ਅ-420) **ਅੰਮ੍ਰਿਤ ਬਚਨ** :

ਮਹਾਂਪੁਰਖਾਂ ਦੇ ਬਚਨ ਜੋ ਜਗਿਆਸੂ ਦੇ ਹਿਰਦੇ ਉਤੇ ਅੰਮ੍ਰਿਤ ਵਰਗਾ ਅਸਰ ਕਰਦੇ ਹਨ । ਮਹਾਂ ਪੁਰਖਾਂ ਦੇ ਬਚਨਾਂ ਉਤੇ ਆਧਾਰਤ ਲਘੂ ਕਥਾਵਾਂ ਨੂੰ ਵੀ ਬਚਨ ਅਥਵਾ ਅੰਮ੍ਰਿਤ ਬਚਨ

ਕਹਿੰਦੇ ਹਨ । (ਵੇਖੋ : ਬਚਨ)

(ਅ-421) **ਅੰਮ੍ਰਿਤ ਵੇਲਾ** :

ਪਹੁ-ਫੁਟਣ ਤੋਂ ਪਹਿਲਾਂ ਦਾ ਸਮਾਂ ਜੋ ਪੂਜਾ ਪਾਠ ਲਈ ਬੜਾ ਪਾਵਨ ਮੰਨਿਆ ਗਿਆ ਹੈ । ਇਸ ਸਮੇਂ ਸਾਰੇ ਬ੍ਰਹਿਮੰਡ ਦਾ ਵਾਤਾਵਰਨ ਬੜਾ ਨਿਰਮਲ ਤੇ ਸਵੱਛ ਹੁੰਦਾ ਹੈ। ਲੋਕ-ਨਿਸਚੇ ਅਨੁਸਾਰ ਰਾਤ ਵੇਲੇ ਜੋ ਚੰਦਰੀਆਂ ਰੂਹਾਂ ਕ੍ਰਿਆਸ਼ੀਲ ਹੁੰਦੀਆਂ ਹਨ, ਉਹ ਵੀ ਇਸ ਵੇਲੇ ਬਿਸਰਾਮ ਕਰ ਰਹੀਆਂ ਹੁੰਦੀਆਂ ਹਨ । ਇਸ ਲਈ ਸਾਰਾ ਵਾਤਾਵਰਨ ਸਵੱਛ ਹੁੰਦਾ ਹੈ । ਸਿੱਖਾਂ ਵਿਚ ਅੰਮ੍ਰਿਤ ਵੇਲੇ ਨਾਮ ਬਾਣੀ ਦੇ ਜਾਪ ਦਾ ਬੜਾ ਮਹੱਤਵ ਹੈ। ਅੰਮ੍ਰਿਤ ਵੇਲੇ ਚੰਚਲ ਚਿੱਤ ਵੀ ਸਥਿਰ ਹੁੰਦਾ ਹੈ ਅਤੇ ਨਾਮ ਬਾਣੀ ਦੇ ਜਾਪ ਵਿਚ ਸਹਿਜੇ ਹੀ ਲੀਨ ਹੋ ਜਾਂਦਾ ਹੈ ।

(ਅ-422) **ਅੰਮ੍ਰਿਤਾ** :

ਚੰਦ੍ਰਮਾ ਦੀਆਂ ਸੋਲਾਂ ਕਲਾਂ ਵਿਚੋਂ ਪਹਿਲੀ ਕਲਾ; ਇਸ ਵਿਚ ਚੰਦ੍ਰਮੇ ਦਾ ਕੇਵਲ ਇਕੋ ਅੰਸ਼ ਹੁੰਦਾ ਹੈ । ਇਸ ਤਿੱਥ ਨੂੰ ਸ਼ੁਰੂ ਕੀਤੇ ਕੰਮ ਵਿਚ ਬੜੀ ਤੇਜ਼ੀ ਨਾਲ ਪ੍ਰਗਤੀ ਹੁੰਦੀ ਹੈ । ਜਿਵੇਂ ਜਿਵੇਂ ਚੰਦ੍ਰਮੇਂ ਦੀਆਂ ਕਲਾਵਾਂ ਵਧਦੀਆਂ ਜਾਂਦੀਆਂ ਹਨ, ਕੰਮ ਵੀ ਪੂਰਨਤਾ ਵਲ ਵਧਦਾ ਹੈ । ਇਹ ਨਿਸਚਾ ਸਹਾਨੁਭੂਤੀ ਟੂਣਾ-ਚਿੰਤਨ ਉਤੇ ਆਧਾਰਤ ਹੈ । (ਵੇਖੋ : ਸਹਾਨੁਭੂਤੀ ਟੂਣਾ) ਇਸੇ ਤਿੱਥ ਨੂੰ ਏਕਮ ਵੀ ਕਹਿੰਦੇ ਹਨ ।

(ਅ-423) **ਅਮੀਨਗੜ੍ਹ** :

ਥਾਨੇਸਰ ਤੋਂ ਪੰਜ ਕੁ ਮੀਲ ਦੱਖਣ-ਪੂਰਬ ਵਲ ਇਕ ਵੱਡੀ ਥੇਹ। ਇਹ ਸਾਰਾ ਖੇਤਰ ਕਈ ਪੌਰਾਣਿਕ ਕਥਾਵਾਂ ਦਾ ਕਰਮ-ਸਥਲ ਹੈ। ਇਸੇ ਥਾਂ ਅਦਿਤੀ ਨੇ, ਪੁੱਤਰ ਦੀ ਪ੍ਰਾਪਤੀ ਲਈ ਘੋਰ ਤਪੱਸਿਆ ਕੀਤੀ ਸੀ ਅਤੇ ਇਥੇ ਹੀ ਉਸ ਨੇ ਮਾਰਤੰਡ (ਸੂਰਯ) ਨੂੰ ਜਨਮ ਦਿਤਾ ਸੀ । ਇਥੇ ਅਦਿਤੀ ਦੀ ਸਿਮਰਤੀ ਵਿਚ ਇਕ ਮੰਦਰ ਵੀ ਹੈ ਜਿਸ ਦੇ ਪੂਰਬ ਵਲ ਇਕ ਸੂਰਯ ਕੁੰਡ ਹੈ, ਜਿਥੇ ਸੂਰਯ ਦਾ ਜਨਮ ਹੋਇਆ । ਨਿਰਸੰਤਾਨ ਇਸਤ੍ਰੀਆਂ ਐਤਵਾਰ ਨੂੰ, ਅਦਿਤੀ ਦੇ ਮੰਦਰ ਵਿਚ ਪਧਾਰ ਕੇ ਸੰਤਾਨ ਦੀ ਕਾਮਨਾ ਨਾਲ ਪੂਜਾ ਅਰਚਾ ਕਰਦੀਆਂ ਹਨ ਤੇ ਫਿਰ ਸੂਰਜ ਕੁੰਡ ਵਿਚ ਇਸ਼ਨਾਨ ਕਰਦੀਆਂ ਹਨ । ਧਾਰਨਾ ਹੈ ਕਿ ਇਸ ਤਰ੍ਹਾਂ ਭਾਵਨਾ ਪੂਰੀ ਹੋ ਜਾਂਦੀ ਹੈ। ਅਦਿਤੀ ਦੇ ਮੰਦਰ ਦੇ ਪੱਛਮ ਵਲ ਸੂਰਯ ਦੇਵਤੇ ਦਾ ਇਕ ਮੰਦਰ ਵੀ ਹੈ ।

ਅਮੀਨਗੜ੍ਹ ਦਾ ਸਥਾਨ ਮਹਾਂਭਾਰਤ ਦੇ ਪ੍ਰਸਿਧ ਯੋਧੇ ਅਭਿਮਨਯੂ ਨਾਲ ਵੀ ਸੰਬੰਧਿਤ ਹੈ । ਲੋਕ ਨਿਰੁਕਤੀ ਅਨੁਸਾਰ ਅਮੀਨ ਸ਼ਬਦ ਅਭਿਮਨਯੂ ਦਾ ਹੀ ਵਿਕ੍ਰਿਤ ਰੂਪ ਹੈ । ਅਭਿਮਨਯੂ ਅਰਜਨ ਦਾ ਪੁੱਤਰ ਸੀ। ਉਸ ਨੇ ਮਹਾਂਭਾਰਤ ਦੇ ਯੁੱਧ ਵਿਚ ਦੁਰਯੋਧਨ ਦੇ ਪੁੱਤਰ ਲਕਸ਼ਮਣ ਨੂੰ ਮਾਰ ਦਿਤਾ ਸੀ, ਪਰ ਮਗਰੋਂ ਉਹ ਬਹਾਦਰੀ ਨਾਲ ਲੜਦਾ ਹੋਇਆ ਖ਼ੁਦ ਵੀ ਇਸੇ ਥਾਂ ਸ਼ਹੀਦ ਹੋ ਗਿਆ ਸੀ । ਅਭਿਮਨਯੂ ਦਾ ਬੱਧ ਜਯਦ੍ਰਥ ਨੇ ਕੀਤਾ ਜਿਸ ਨੂੰ ਅਗਲੇ ਹੀ ਦਿਨ ਅਰਜਨ ਨੇ ਮਾਰ ਦਿਤਾ ਸੀ। (ਵੇਖੋ : ਅਭਿਮਨਯੂ)

ਇਸੇ ਅਸਥਾਨ ਵਿਚ ਚਕਰ ਬਾਹੂ ਦੇ ਖੰਡਰ ਵੀ ਮਿਲਦੇ ਹਨ । ਕੌਰਵਾਂ ਨੇ ਪਾਂਡਵਾਂ ਨਾਲ ਅਖੀਰਲੀ ਲੜਾਈ ਵੇਲੇ ਆਪਣੀਆਂ ਫ਼ੌਜਾਂ ਚਕਰ ਬਾਹੂ ਦੇ ਰੂਪ ਵਿਚ ਇਥੇ ਹੀ ਇਕੱਠੀਆਂ ਕੀਤੀਆਂ ਸਨ । ਅਮੀਨ ਵਿਚ ਹੀ ਪਾਂਡਵਾਂ ਦੇ ਸਮੇਂ ਉਸਾਰੇ ਗਏ ਇਕ ਕਿਲ੍ਹੇ ਚੱਕਰ ਬਾਹੂ ਦੇ ਨਿਸ਼ਾਨ ਵੀ ਮਿਲਦੇ ਹਨ । ਉਹਦੇ ਮਲਬੇ ਵਿਚੋਂ ਜੋ ਇੱਟਾਂ ਨਿਕਲਦੀਆਂ ਹਨ, ਉਹਦੇ ਵਿਚ ਇਹ ਬਰਕਤ ਮੰਨੀ ਜਾਂਦੀ ਹੈ ਕਿ ਜੇ ਕਿਸੇ ਗਰਭਵਤੀ ਇਸਤ੍ਰੀ ਨੂੰ ਬੱਚਾ ਜੰਮਣ ਵਿਚ ਔਖ ਹੁੰਦਾ ਹੋਵੇ ਤਾਂ ਉਸ ਨੂੰ ਉਥੋਂ ਦੀ ਇੱਟ ਧੋ ਕੇ ਪਿਲਾ ਦੇਣ ਨਾਲ ਫ਼ੌਰਨ ਬੱਚਾ ਹੋ ਜਾਂਦਾ ਹੈ। (ਪੰਜਾਬ ਦੀ ਸੈਰ, 319) ਕਈ ਲੋਕ ਜਣੇਪੇ ਸਮੇਂ ਸ਼ਿਲੇ ਵਾਲੇ ਕੋਠੇ ਦੀ ਕੰਧ ਉਤੇ ਅਮੀਨ ਦੇ ਕਿਲ੍ਹੇ ਦਾ ਨਕਸ਼ਾ ਉਕਰ ਦੇਂਦੇ ਹਨ। ਜੇ ਅਮੀਨ ਦੀ ਇੱਟ ਨਾ ਮਿਲੇ ਤਾਂ ਇਸੇ ਨਕਸ਼ੇ ਉਤੋਂ ਪਾਣੀ ਵਾਰ ਕੇ ਪਿਲਾ ਦਿਤਾ ਜਾਂਦਾ ਹੈ। ਇਸ ਦਾ ਵੀ ਉਤਨਾ ਹੀ ਫਲ ਮੰਨਿਆ ਜਾਂਦਾ ਹੈ। (ਪੰਜਾਬ 162) ਇਸੇ ਪਿੰਡ ਦੇ ਹਲਕੇ ਵਿਚ ਇਕ ਥਾਂ 'ਚੂੜੀ ਡਾਇਰ' ਹੈ ਜਿਥੇ ਅਰਜਨ ਦੇ ਪੁੱਤਰ ਅੰਬਾ ਕੰਵਾਰ ਦਾ ਵਿਆਹ-ਸੰਸਕਾਰ ਹੋਇਆ ਸੀ।

(ਅ-424) **ਅਮੀਰ ਹਮਜ਼ਾ :**

ਹਜ਼ਰਤ ਮੁਹੰਮਦ ਸਾਹਿਬ ਦਾ ਚਾਚਾ ਜੋ ਉਹੁਦ ਦੇ ਯੁੱਧ ਵਿਚ ਸ਼ਹੀਦ ਹੋਇਆ। ਇਸ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਅਸਦੁੱਲਾ ਦੀ ਉਪਾਧੀ ਬਖਸ਼ੀ ਸੀ। "ਕਿਹੜੇ ਕਹਿਰ ਦੇ ਨਾਲ ਓਸ ਬਧੜੇ ਤੋਂ, ਅਮੀਰ ਹਮਜ਼ੇ ਨੂੰ ਜਾਇ ਮਰਵਾਇਆ ਈ" — ਵਾਰਿਸ।

(ਅ-425) **ਅਮੀਰਾਂ ਸਾਹਿਬਾ (ਮਾਈ) :**

ਇਕ ਪਾਕਦਾਮਨ ਮਾਈ ਜਿਸ ਦੀ ਖ਼ਾਨਗਾਹ ਫ਼ਿਰੋਜ਼ਪੁਰ ਵਿਚ ਹੈ। ਇਥੇ ਦੇਸ਼ ਵੰਡ ਤੋਂ ਪਹਿਲਾਂ ਬਾਰਾਂ ਵਫ਼ਾਤ ਵਾਲੇ ਦਿਨ ਇਕ ਭਾਰੀ ਮੇਲਾ ਲੱਗਦਾ ਸੀ। ਲੋਕ ਇਥੇ ਆ ਕੇ ਸੁਖਣਾ ਸੁਖਦੇ ਹਨ, ਜਿਨ੍ਹਾਂ ਦੀਆਂ ਸੁਖਣਾ ਪੂਰੀਆਂ ਹੁੰਦੀਆਂ ਹਨ, ਉਹ ਫ਼ਕੀਰਾਂ ਵਿਚ ਦਾਨ ਵੰਡਦੇ ਹਨ।

(ਅ-426) **ਅਯਾਰ ਦਾਨਿਸ਼ :**

ਫ਼ਾਰਸੀ ਦੀ ਇਕ ਪ੍ਰਸਿਧ ਪੁਸਤਕ ਜੋ ਪੰਚਤੰਤਰ ਦਾ ਖੁਲ੍ਹਾ ਅਨੁਵਾਦ ਹੈ। ਇਹ ਅਨੁਵਾਦ ਅਕਬਰ ਦੇ ਮੰਤਰੀ ਅਬੁਲ ਫ਼ਜ਼ਲ (1551-1602 ਈ:) ਨੇ ਕੀਤਾ। (ਵੇਖੋ : ਪੰਚ ਤੰਤਰ) ਅਬੁਲ ਫ਼ਜ਼ਲ ਅਕਬਰ ਦੇ ਸਮੇਂ ਦਾ ਇਕ ਵੱਡਾ ਆਲਮ ਸੀ ਜਿਸ ਨੇ ਇਤਿਹਾਸਕ ਗ੍ਰੰਥ 'ਆਈਨੇ ਅਕਬਰੀ' ਵੀ ਲਿਖਿਆ।

(ਅ-427) **ਅਯੋਧਿਆ :**

ਭਾਰਤਵਰਸ਼ ਦਾ ਇਕ ਅਤਿ ਪ੍ਰਾਚੀਨ ਨਗਰ ਜੋ ਉੱਤਰ ਪ੍ਰਦੇਸ਼ ਦੇ ਫ਼ੈਜ਼ਾਬਾਦ ਜ਼ਿਲੇ ਵਿਚ ਸਰਜੂ ਨਦੀ ਦੇ ਕਿਨਾਰੇ ਸਥਿਤ ਹੈ। ਅਯੋਧਿਆ ਸੱਤ ਪਵਿਤ੍ਰ ਪੁਰੀਆਂ ਵਿਚੋਂ ਪਹਿਲੀ ਪੁਰੀ ਹੈ ਅਤੇ ਹਿੰਦੂਆਂ ਦੇ ਪ੍ਰਧਾਨ ਅਠਾਹਠ ਤੀਰਥਾਂ ਵਿਚੋਂ ਇਕ ਹੈ। ਪ੍ਰਾਚੀਨ ਕਾਲ ਤੋਂ ਹੀ ਇਸ ਨਗਰ ਦੀ ਇਤਿਹਾਸਕ ਤੇ ਧਾਰਮਿਕ ਮਹਾਨਤਾ ਚਲੀ ਆ ਰਹੀ ਹੈ। ਇਹ ਨਗਰ ਲੰਮੇ ਸਮੇਂ ਤਕ ਸੂਰਜਵੰਸ਼ੀ ਰਾਜਿਆਂ ਦੀ ਰਾਜਧਾਨੀ ਰਿਹਾ ਅਤੇ ਇਥੇ ਹੀ ਰਾਮ ਚੰਦਰ ਦਾ ਜਨਮ ਹੋਇਆ।

ਵਾਲਮੀਕੀ ਅਨੁਸਾਰ ਇਹ ਨਗਰ ਵੈਵਸੁਤ ਮਨੂ ਨੇ ਵਸਾਇਆ। ਉਦੋਂ ਇਸ ਦੀ ਲੰਬਾਈ ਬਾਰਾਂ ਯੋਜਨ ਅਤੇ ਚੌੜਾਈ ਦੋ ਯੋਜਨ ਸੀ। ਚੀਨੀ ਯਾਤ੍ਰੀ ਹਿਊਨ ਸਾਂਗ, ਜੋ ਸਤਵੀਂ ਸ਼ਤਾਬਦੀ ਵਿਚ ਭਾਰਤ ਆਇਆ, ਦੇ ਲਿਖੇ ਅਨੁਸਾਰ ਉਥੇ ਉਦੋਂ ਵੀਹ ਬੋਧ ਮੰਦਰ ਸਨ ਜਿਨ੍ਹਾਂ ਵਿਚ ਤਿੰਨ ਹਜ਼ਾਰ ਭਿਖਸ਼ੂ ਰਹਿੰਦੇ ਸਨ। ਉਨ੍ਹਾਂ ਵਿਚੋਂ ਬਹੁਤੇ ਮੰਦਰ ਹੁਣ ਖੰਡਰ ਬਣ ਚੁਕੇ ਹਨ। ਵਰਤਮਾਨ ਅਯੋਧਿਆ ਦੇ ਪ੍ਰਾਚੀਨ ਮੰਦਰਾਂ ਵਿਚੋਂ 'ਸੀਤਾ ਰਸੋਈ' ਅਤੇ 'ਹਨੂੰਮਾਨ ਗੜ੍ਹੀ' ਹੁਣ ਤਕ ਮੌਜੂਦ ਹਨ। ਸਰਜੂ ਦੇ ਕੰਢੇ ਰਾਜੇ ਦਸਰਥ ਦੀ ਸਮਾਧੀ ਵੀ ਹੈ। ਕੁਝ ਮੰਦਰ ਅਠਾਰਵੀਂ ਤੇ ਉਨੀਵੀਂ ਸ਼ਤਾਬਦੀ ਵਿਚ ਬਣੇ ਜਿਨ੍ਹਾਂ ਵਿਚੋਂ ਕਨਕ ਭਵਨ, ਨਾਗੇਸ਼ਵਰਨਾਥ ਅਤੇ ਦਰਸ਼ਨ ਸਿੰਘ ਮੰਦਰ ਵੇਖਣ ਯੋਗ ਹਨ। ਇਥੇ ਜੈਨੀਆਂ ਦੇ ਵੀ ਕੁਝ ਪ੍ਰਾਚੀਨ ਮੰਦਰ ਹਨ।

(ਅ-428) **ਅਰਸ਼ :**

ਮੁਸਲਮਾਨੀ ਅਕੀਦੇ ਅਨੁਸਾਰ ਸੱਤ ਅਸਮਾਨਾਂ ਤੋਂ ਉਪਰ ਇਕ ਪਵਿਤ੍ਰ ਦੈਵੀ ਅਸਥਾਨ ਜਿਥੇ ਖ਼ੁਦਾ ਦਾ ਤਖ਼ਤ ਹੈ। ਉਥੇ ਇਕ ਕੁਰਸ ਉਤੇ ਅੱਲਾ ਬਿਰਾਜਮਾਨ ਹੈ। (ਵੇਖੋ : ਮਹਿਰਾਜ)

(ਅ-429) **ਅਰਗ :**

ਗੋਲ ਸ਼ਕਲ ਦਾ ਮੰਨ; ਚੰਬੇ ਵਿਚ ਜਦੋਂ ਬੱਚਾ ਨੌਂ ਮਹੀਨੇ ਦਾ ਹੋ ਜਾਂਦਾ ਹੈ ਤਾਂ ਬੱਚੇ ਦੇ ਮਾਪੇ ਕਿਸੇ ਧਰਮ ਅਸਥਾਨ ਉਤੇ ਜਾ ਕੇ ਬੱਚੇ ਵਲੋਂ ਅਰਗ ਤੇ ਕੁਝ ਪੈਸੇ ਭੇਟ ਕਰਦੇ ਹਨ। ਫਿਰ ਪ੍ਰੋਹਿਤ ਨੂੰ ਰੋਟੀ ਖੁਆ ਕੇ ਮੁੰਡੇ ਨੂੰ ਘਰੋਂ ਬਾਹਰ ਨਿਕਲਣ ਦਿਤਾ ਜਾਂਦਾ ਹੈ।

(ਅ-430) **ਅਰਗਲ :**

(1) ਅਰਗਲ ਦਾ ਭਾਵ ਹੈ — ਹੋੜਾ, ਜੋ ਦਰਵਾਜ਼ੇ ਦੇ ਪਿਛਲੇ ਪਾਸੇ ਅੰਦਰ ਵਲ ਇਸ ਖ਼ਾਤਰ ਲੱਗਾ ਹੁੰਦਾ ਹੈ ਕਿ ਬਾਹਰੋਂ ਦਰਵਾਜ਼ਾ ਨਾ ਖੁਲ੍ਹ ਸਕੇ। ਪਰ ਤੰਤ੍ਰ-ਸ਼ਾਸਤ੍ਰ ਵਿਚ ਇਹ ਪਦ ਵਿਸ਼ੇਸ਼ ਅਰਥ ਵਿਚ ਵਰਤਿਆ ਜਾਂਦਾ ਹੈ। ਤੰਤ੍ਰਾਂ ਅਨੁਸਾਰ ਕਿਸੇ ਮੰਤ੍ਰ ਦੇ ਅਸਰ ਨੂੰ ਰੋਕਣ

ਦੀ ਕਿਰਿਆ ਅਰਗਲ ਹੈ।

(2) ਉਹ ਵਿਸ਼ੇਸ਼ ਘੋੜਾ ਜਿਸ ਦੀਆਂ ਲੱਤਾਂ ਦਾ ਰੰਗ ਬਾਕੀ ਜਿਸਮ ਦੇ ਰੰਗ ਨਾਲੋਂ ਵੱਖਰਾ ਹੋਵੇ। ਅਰਗਲ ਘੋੜੇ ਬਾਰੇ ਕਈ ਭਰਮ ਵਹਿਮ ਪ੍ਰਚਲਤ ਹਨ। ਜੇ ਚਾਰੇ ਲੱਤਾਂ ਇਕੋ ਰੰਗ ਦੀਆਂ ਹੋਣ ਤਾਂ ਉਹ ਘੋੜਾ ਬੜਾ ਸ਼ੁਭ ਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ। ਜਿਸ ਕਿੱਲੇ ਨਾਲ ਬੱਝੇ ਉਥੇ ਅੰਤਾਂ ਦਾ ਧਨ ਆਉਂਦਾ ਹੈ। ਕਈ ਘੋੜਿਆਂ ਦੀਆਂ ਲੱਤਾਂ ਉਤੇ ਤਾਰੇ ਜਾਂ ਫੁੱਲ ਵਰਗੇ ਚਿੱਟੇ ਨਿਸ਼ਾਨ ਹੁੰਦੇ ਹਨ। ਜੇ ਚੌਹਾਂ ਲੱਤਾਂ ਉਤੇ ਫੁੱਲ ਜਾਂ ਤਾਰਾ ਹੋਵੇ ਤਾਂ ਘੋੜਾ ਬਰਕਤ ਵਾਲਾ ਹੁੰਦਾ ਹੈ; ਜੇ ਦੋਹਾਂ ਲੱਤਾਂ ਉਤੇ ਫੁੱਲ ਹੋਣ ਤਾਂ ਅਸ਼ੁਭ। ਜੇ ਇਕੋ ਲੱਤ ਉਤੇ ਧੌਲਾ ਫੁੱਲ ਹੋਵੇ ਤਾਂ ਘੋੜਾ ਬੜਾ ਨਹਿਸ਼ ਮੰਨਿਆ ਜਾਂਦਾ ਹੈ; ਜਿਸ ਘਰ ਬੱਝੇ ਉਥੇ ਸਦਾ ਸੰਕਟ ਰਹਿੰਦਾ ਹੈ।

(ਅ-431) **ਅਰਘ :**

ਦੇਵਤਿਆਂ ਨੂੰ ਜਲ ਭੇਟ ਕਰਨ ਦੀ ਰੀਤ; ਹਿੰਦੂਆਂ ਵਿਚ ਦੇਵਤਿਆਂ ਦੀ ਪੂਜਾ ਸਮੇਂ ਫੁੱਲ ਅਤੇ ਧੂਪਦੀਪ ਤੋਂ ਛੁਟ ਜਲ ਅਰਪਣ ਕਰਨ ਦੀ ਪ੍ਰਥਾ ਹੈ। ਕਿਸੇ ਭਾਂਡੇ ਵਿਚ ਸੁੱਚਾ ਜਲ ਭਰ ਕੇ, ਸੱਜੇ ਹੱਥ ਨਾਲ ਦੇਵਤੇ ਦੀ ਮੂਰਤੀ ਉਤੇ ਜਾਂ ਆਕਾਸ਼ ਵਲ ਛੱਟੇ ਦਿਤੇ ਜਾਂਦੇ ਹਨ। ਇਸ ਜਲ ਵਿਚ ਕਈ ਵਾਰ ਦੁੱਧ, ਦੁਬ ਅਤੇ ਜੌਂ ਅਥਵਾ ਚਾਵਲ ਰਲਾ ਲਏ ਜਾਂਦੇ ਹਨ। ਕਈ ਲੋਕ ਅਰਘ ਤਿਆਰ ਕਰਨ ਲਈ ਸੱਤ ਵਸਤੂਆਂ ਵਰਤਦੇ ਹਨ — ਜਲ, ਦੁੱਧ, ਦਹੀਂ, ਦੁਬ, ਜੌਂ, ਸਰ੍ਹੋਂ ਅਤੇ ਚਾਵਲ। ਅਰਘ ਵੇਲੇ ਇਹ ਸੱਤੋਂ ਚੀਜ਼ਾਂ ਦੇਵਤੇ ਦੇ ਅਰਪਣ ਕੀਤੀਆਂ ਜਾਂਦੀਆਂ ਹਨ।

ਵਿਆਹ ਵੇਲੇ ਵੀ ਅਰਘ ਦੇਣ ਦੀ ਰੀਤ ਪ੍ਰਚਲਤ ਹੈ। ਜਦੋਂ ਲਾੜਾ ਜੰਞ ਸਮੇਤ ਕੰਨਿਆਂ ਪੱਖ ਦੇ ਬੂਹੇ ਉਤੇ ਢੁਕਦਾ ਹੈ ਤਾਂ ਕੰਨਿਆਂ ਪੱਖ ਵਾਲੇ ਜੰਞ ਉਤੇ ਅਰਘ ਸੁਟਦੇ ਹਨ। ਇਹ ਅਰਘ ਜਲ ਵਿਚ ਗੁਲਾਬ ਦਾ ਅਰਕ ਤੇ ਹੋਰ ਸੁਗੰਧੀਆਂ ਮਿਲਾ ਕੇ ਉਚੇਚਾ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਡੋਲੀ ਲਾੜੇ ਦੇ ਘਰ ਪਹੁੰਚਦੀ ਹੈ ਤਾਂ ਦੁਲ੍ਹਨ ਦੇ ਸਵਾਗਤ ਵਿਚ ਵੀ ਅਰਘ ਦਿਤਾ ਜਾਂਦਾ ਹੈ। ਇਹ ਰੀਤ ਬੜੀ ਪ੍ਰਾਚੀਨ ਹੈ। ਗ੍ਰਿਹ ਸੂਤਰਾਂ ਵਿਚ ਵਿਆਹ ਸਮੇਂ ਅਰਘ ਦੀ ਰੀਤ ਦਾ ਉਲੇਖ ਹੈ ਜੋ ਜੰਞ ਦੇ ਢੁਕਾਓ ਸਮੇਂ ਅਤੇ ਡੋਲੀ ਦੇ ਘਰ ਪਹੁੰਚਣ ਉਤੇ ਦਿਤਾ ਜਾਂਦਾ ਸੀ। ਇਸ ਰੀਤ ਨੂੰ 'ਮਧੂਪਰਕਾ' ਵੀ ਕਹਿੰਦੇ ਸਨ, ਕਿਉਂ ਜੋ ਉਦੋਂ ਅਰਘ ਮਾਖਿਉਂ ਵਿਚ ਮੱਖਣ, ਦਹੀਂ ਤੇ ਜਲ ਮਿਲਾ ਕੇ ਦਿਤਾ ਜਾਂਦਾ ਸੀ।

ਅਰਘ ਦੀ ਰੀਤ ਕਈ ਹੋਰ ਰੂਪਾਂ ਵਿਚ ਵੀ ਵੇਖਣ ਵਿਚ ਆਈ ਹੈ। ਕਿਸਾਨ ਜਦੋਂ ਅੰਨ ਦੀ ਪਹਿਲੀ ਬੋਰੀ ਗਾਹ ਵਾਲੀ ਥਾਂ ਤੋਂ ਘਰ ਲਿਜਾਂਦੇ ਹਨ ਤਾਂ ਘਰ ਵਿਚ ਜਿਸ ਥਾਂ ਬੋਰੀ ਧਰੀ ਜਾਂਦੀ ਹੈ, ਮੁਹਾਠ ਤੋਂ ਲੈ ਕੇ ਉਸ ਥਾਂ ਤਕ, ਅਰਘ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਦੇਵਤੇ ਪ੍ਰਸੰਨ ਰਹਿੰਦੇ ਹਨ ਤੇ ਅੰਨ ਦੀ ਰੱਖਿਆ ਕਰਦੇ ਹਨ। ਜਲ ਅੰਨ ਦਾ ਇਹ ਮੇਲ ਸ਼ੁਭ ਹੁੰਦਾ ਹੈ। ਹੈਨਰੀ ਐਮ. ਇਲੀਅਟ ਇਸ ਰਸਮ ਬਾਰੇ ਲਿਖਦਾ ਹੈ : "ਇਹ ਵਿਸ਼ੇਸ਼ ਰੀਤ ਬੜੀ ਸ਼ੁਭ ਮੰਨੀ ਜਾਂਦੀ ਹੈ, ਕਿਉਂ ਜੋ ਇਹ ਰੀਤ ਮਨੁੱਖੀ ਜ਼ਿੰਦਗੀ ਦੇ ਆਧਾਰ ਦੋ ਪ੍ਰਮੁਖ ਤੱਤਾਂ ਦਾ ਇਕ ਥਾਂ ਸੰਜੋਗ ਕਰਦੀ ਹੈ।" (ਮੈਮੋਰੀਜ਼, ਜਿਲਦ 1,197) ਧਾਰਨਾ ਹੈ ਕਿ ਅਰਘ ਦੇ ਨੇੜੇ ਪ੍ਰੇਤ-ਰੂਹਾਂ ਨਹੀਂ ਆਉਂਦੀਆਂ।

ਗੁਰਸਿੱਖ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਹਨ ਤਾਂ ਰਾਹ ਵਿਚ ਅਸਵਾਰਾ ਸਾਹਿਬ ਦੇ ਅੱਗੇ ਅੱਗੇ ਜਲ ਦੇ ਛੱਟੇ ਨਾਲ ਅਰਘ ਦੇਂਦੇ ਜਾਂਦੇ ਹਨ।

(ਅ-432) **ਅਰਘਾ :**

ਦੇਵਤਿਆਂ ਨੂੰ ਜਲ ਅਰਪਣ ਕਰਨ ਵਾਲਾ ਭਾਂਡਾ, ਜੋ ਗਊ ਦੇ ਕੰਨ ਦੀ ਸ਼ਕਲ ਦਾ ਹੁੰਦਾ ਹੈ। ਪਹਿਲਾਂ ਇਸੇ ਵਿਸ਼ੇਸ਼ ਭਾਂਡੇ ਦੁਆਰਾ ਅਰਘ ਦੀ ਰਸਮ ਕੀਤੀ ਜਾਂਦੀ ਸੀ, ਜਿਸ ਤੋਂ ਇਸ ਭਾਂਡੇ ਦਾ ਨਾਂ ਅਰਘਾ ਪੈ ਗਿਆ।

(ਅ-433) **ਅਰਚਾ :**

ਅਰਚਾ ਦਾ ਸ਼ਾਬਦਿਕ ਅਰਥ ਹੈ — ਪੂਜਾ ਜਾਂ ਉਪਾਸ਼ਨਾ; ਪਰ ਪਰਿਭਾਸ਼ਕ ਸ਼ਬਦ ਦੇ ਰੂਪ

ਵਿਚ ਇਸ ਦਾ ਅਰਥ ਹੈ — ਫਲਾਂ ਫੁੱਲਾਂ, ਧੂਪ ਦੀਪ ਅਤੇ ਹਾਰ-ਸ਼ਿੰਗਾਰ ਆਦਿ ਦੁਆਰਾ ਆਪਣੇ ਇਸ਼ਟ ਦੀ ਪੂਜਾ ਕਰਨੀ। ਫਲਾਂ ਫੁੱਲਾਂ ਦੁਆਰਾ ਆਪਣੇ ਇਸ਼ਟ ਦੀ ਪੂਜਾ ਕਰਨ ਦੀ ਪ੍ਰਥਾ ਆਰੀਆ ਜਾਤੀ ਤੋਂ ਪਹਿਲਾਂ ਜੋ ਜਾਤੀਆਂ ਪੰਜਾਬ ਵਿਚ ਵਸਦੀਆਂ ਸਨ, ਉਨ੍ਹਾਂ ਵਿਚ ਸੀ ਅਤੇ ਇਹ ਮੂਲ ਰੂਪ ਵਿਚ ਆਸਟਿਕ ਪ੍ਰਥਾ ਸੀ। ਫੁੱਲ ਫਲ ਪ੍ਰਕ੍ਰਿਤੀ ਦੇ ਸਭ ਤੋਂ ਕੋਮਲ ਤੇ ਸੁੰਦਰ ਸਥੂਲ ਰੂਪ ਹੋਣ ਤੋਂ ਇਲਾਵਾ ਪ੍ਰਕ੍ਰਿਤੀ ਦਾ ਤੋੜ ਅਰਥਾਤ ਸਿਖਰ ਵੀ ਹਨ। ਇਨ੍ਹਾਂ ਵਸਤੂਆਂ ਦੀ ਭੇਟਾ ਨਾਲ ਦੇਵ-ਆਤਮਾ ਪ੍ਰਸੰਨ ਹੁੰਦੀ ਤੇ ਪਸੀਜਦੀ ਹੈ। ਇਸੇ ਲਈ ਇਨ੍ਹਾਂ ਚੀਜ਼ਾਂ ਨੂੰ ਪੂਜਾ ਅਰਚਾ ਦਾ ਸਾਧਨ ਬਣਾ ਲਿਆ ਗਿਆ। ਆਦਿਮ ਮਨੁੱਖ ਪ੍ਰਕ੍ਰਿਤੀ ਦੇ ਆਤਮ-ਤੱਤ ਨੂੰ ਦੇਵ-ਤੱਤ ਨਾਲ ਇਕਸੁਰ ਮੰਨਦਾ ਸੀ, ਉਸ ਲਈ ਪ੍ਰਕ੍ਰਿਤੀ ਦੇਵ-ਤੱਤ ਦੀ ਪੂਰਕ ਸੀ।

ਨਵਧਾ ਭਗਤੀ ਵਿਚ ਪੂਜਾ ਅਰਚਾ ਦਾ ਵਿਸ਼ੇਸ਼ ਸਥਾਨ ਹੈ। ਅਰਚਾ ਬਗ਼ੈਰ ਭਗਤੀ ਸੰਪੂਰਨ ਨਹੀਂ ਹੁੰਦੀ। ਅਰਚਾ ਪੂਜਾ ਵਿਚ ਉਪਾਸ਼ਕ ਆਪਣੇ ਇਸ਼ਟ ਦੇ ਸਗੁਣ ਸਰੂਪ ਅਰਥਾਤ ਮੂਰਤੀ ਨੂੰ ਇਸ਼ਨਾਨ ਕਰਾਉਂਦਾ; ਕਪੜੇ ਪਹਿਨਾਂਦਾ; ਹਾਰ ਸ਼ਿੰਗਾਰ ਕਰਦਾ; ਧੂਪ ਦੀਪ ਨਾਲ ਵਾਤਾਵਰਨ ਨੂੰ ਸੁਗੰਧਿਤ ਤੇ ਪ੍ਰਕਾਸ਼ਮਾਨ ਕਰਦਾ ਅਤੇ ਮੂਰਤੀ ਨੂੰ ਫੁੱਲ ਫਲ ਤੇ ਹੋਰ ਪਦਾਰਥ ਭੇਟ ਕਰਦਾ ਹੈ। ਗੁਰਬਾਣੀ ਵਿਚ ਇਸ ਰੀਤ ਵਲ ਸੰਕੇਤ ਮਿਲਦਾ ਹੈ :—

ਘਰ ਨਾਰਾਇਣ ਸਭਾ ਨਾਲ
ਪੂਜ ਕਰੇ ਰਖੈ ਨਾਵਾਲ
ਕੁੰਗੂ ਚੰਦਨ ਫੁਲ ਚੜਾਏ
ਪੈਰੀ ਪੈ ਪੈ ਬਹੁਤ ਮਨਾਏ। (ਸਾਰੰਗ ਮ: ੧)

ਮੂਰਤੀ ਪੂਜਕਾਂ ਵਿਚ ਅਰਚਾ ਦਾ ਇਹ ਸਥੂਲ ਰੂਪ ਹੁਣ ਤਕ ਪ੍ਰਚਲਤ ਹੈ। ਭਾਵੇਂ ਉਪ੍ਰੋਕਤ ਭਾਗਵਤ ਪੁਰਾਣ ਵਿਚ ਹੀ ਲਿਖਿਆ ਹੈ ਕਿ ਭਗਵਾਨ ਇਸ ਬਾਹਰੀ ਅਰਚਾ ਪੂਜਾ ਨਾਲੋਂ ਆਂਤ੍ਰਿਕ ਭਗਤੀ ਭਾਵਨਾ ਨਾਲ ਵਧੇਰੇ ਪ੍ਰਸੰਨ ਹੁੰਦਾ ਹੈ, ਪਰ ਲੋਕ ਰੁਚੀ ਸੂਖਮ ਨਾਲੋਂ ਸਥੂਲ ਰੂਪ ਨੂੰ ਹੀ ਹਮੇਸ਼ਾਂ ਅਪਣਾਂਦੀ ਰਹੀ ਹੈ। ਮੱਧਕਾਲ ਵਿਚ ਭਗਤੀ ਲਹਿਰ ਵੇਲੇ ਸਥੂਲ ਅਰਚਾ ਦੀ ਥਾਂ ਸੂਖਮ ਅਰਚਾ ਉਤੇ ਜ਼ੋਰ ਦਿਤਾ ਜਾਣ ਲੱਗਾ; ਸਥੂਲ ਅਰਚਾ ਵਿਚ ਕਰਮ-ਕਾਂਡਾਂ ਉਤੇ ਵਧੇਰੇ ਜ਼ੋਰ ਸੀ, ਪਰ ਸੂਖਮ ਅਰਚਾ ਵਿਚ ਮਾਨਸਿਕ ਪੂਜਾ ਅਤੇ ਭਗਤੀ ਭਾਵਨਾ ਉਤੇ। ਸੂਖਮ ਅਰਚਾ ਵਿਚ ਸਾਧਕ ਸ਼ੁਭ ਗੁਣ ਤੇ ਸ਼ੁਭ ਕਰਣੀ ਨੂੰ ਆਪਣੇ ਜੀਵਨ ਵਿਚ ਧਾਰਨ ਕਰਦਾ ਹੈ। ਗੁਰਮਤਿ ਵਿਚ ਇਸੇ ਆਂਤਰਿਕ ਤੇ ਸੂਖਮ ਅਰਚਾ ਉਤੇ ਬਲ ਹੈ :—

ਤੇਰਾ ਨਾਮ ਕਰੀ ਚਨਣਾਠੀਆ
ਜੇ ਮਨ ਉਰਸਾ ਹੋਇ।
ਕਰਣੀ ਕੁੰਗੂ ਜੇ ਰਲੈ
ਘਟ ਅੰਤਰਿ ਪੂਜਾ ਹੋਇ। (ਗੁਜਰੀ ਮ: ੧)

ਇਸ ਸ਼ਬਦ ਵਿਚ ਮਨ ਨੂੰ ਉਰਸਾ ਤੇ ਪ੍ਰਭੂ ਦੇ ਨਾਮ ਨੂੰ ਚੰਦਨ ਬਣਾ ਕੇ ਅਤੇ ਨਿਰਮਲ ਕਰਣੀ ਰੂਪੀ ਕੇਸਰ ਵਿਚ ਲੀਨ ਕਰ ਕੇ, ਮਨ ਦੇ ਅੰਦਰ ਸੂਖਮ ਪੂਜਾ ਕਰਨ ਉਤੇ ਬਲ ਹੈ। ਇਸ ਅਰਚਾ ਵਿਚ ਠਾਕੁਰ ਦੀ ਮੂਰਤੀ ਨੂੰ ਪਾਣੀ ਨਾਲ ਧੋਣ ਦੀ ਥਾਂ ਮਨ ਨੂੰ ਨਾਮ ਦੇ ਸਿਮਰਨ ਨਾਲ ਉਜਲਾ ਕੀਤਾ ਜਾਂਦਾ ਹੈ ਅਤੇ ਪਾਪਾਂ ਦੀ ਜੂਠ ਉਤਾਰ ਕੇ ਮੁਕਤੀ ਪ੍ਰਾਪਤੀ ਕੀਤੀ ਜਾਂਦੀ ਹੈ।

'ਗਗਨ ਮਹਿ ਥਾਲ' ਸ਼ਬਦ ਵਿਚ ਗੁਰੂ ਨਾਨਕ ਦੇਵ ਨੇ ਇਹ ਦਸ ਕੇ ਕਿ ਸਾਰੀ ਪ੍ਰਕ੍ਰਿਤੀ ਪ੍ਰਭੂ ਦੀ ਅਰਚਾ ਪੂਜਾ ਵਿਚ ਮਗਨ ਹੈ, ਸਗੁਣ ਸਰੂਪ ਦੀ ਅਰਚਾ ਦਾ ਖੰਡਨ ਕੀਤਾ ਹੈ। ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਫਲ ਫੁਲ ਚੜ੍ਹਾਣ, ਧੂਪ ਦੀਪ ਦੇਣ ਦੀ ਜੋ ਪ੍ਰਥਾ ਸਨਾਤਨੀ ਵਿਚਾਰਾਂ ਹੇਠ ਚਲ ਪਈ ਹੈ, ਉਹ ਅਰਚਾ ਦੇ ਅੰਤਰਗਤ ਆਉਂਦੀ ਹੈ ਤੇ ਗੁਰਮਤਿ ਵਿਰੁੱਧ ਹੈ।

(ਅ-434) **ਅਰਜਨ :**

ਮਹਾਂਭਾਰਤ ਕਾਲ ਦਾ ਇਕ ਪ੍ਰਾਕ੍ਰਮੀ ਯੋਧਾ; ਪੰਜਾਂ ਪਾਂਡਵਾਂ ਵਿਚੋਂ ਤੀਜਾ ਤੇ ਸਭ ਤੋਂ ਪ੍ਰਸਿਧ ਰਾਜਕੁਮਾਰ। ਮਹਾਂਭਾਰਤ ਵਿਚ ਅਰਜਨ ਦੇ ਜੀਵਨ ਤੇ ਮਹਾਨ ਕਰਤੱਵਾਂ ਦਾ ਵੇਰਵੇ ਭਰਿਆ ਵਰਨਣ ਦਰਜ ਹੈ। ਪੰਜੇ ਪਾਂਡੋ ਦੈਵੀ ਸੰਤਾਨ ਮੰਨੇ ਜਾਂਦੇ ਹਨ। ਮਹਾਂਭਾਰਤ ਅਨੁਸਾਰ ਅਰਜਨ ਕੁੰਤੀ ਦਾ ਪੁੱਤਰ ਸੀ ਜੋ ਇੰਦਰ ਦੇਵਤੇ ਨਾਲ ਰਹੱਸਮਈ ਸੰਜੋਗ ਤੋਂ ਪੈਦਾ ਹੋਇਆ। ਇਸੇ ਤੋਂ

ਅਰਜਨ ਨੂੰ ਐਂਦ੍ਰੀ ਵੀ ਕਹਿੰਦੇ ਹਨ। ਅਰਜਨ ਬੜਾ ਹੀ ਬਲਵਾਨ ਤੇ ਨਿਰਭੈ ਯੋਧਾ ਸੀ, ਸੁਭਾਅ ਦਾ ਬੜਾ ਉਦਾਰ ਤੇ ਕਰਣੀ ਕਥਨੀ ਦਾ ਸੱਚਾ ਸੁੱਚਾ। ਅਰਜਨ ਦਾ ਸ਼ਾਬਦਿਕ ਅਰਥ — ਬਗਾ, ਕਰਣੀ ਦਾ ਸੁੱਚਾ, ਵੀ ਉਸਦੇ ਇਸੇ ਸੁਭਾਵ ਵਲ ਸੰਕੇਤ ਕਰਦਾ ਹੈ।

ਅਰਜਨ ਸ਼ਸਤ੍ਰ ਵਿੱਦਿਆ ਵਿਚ ਬੜੀ ਮੁਹਾਰਤ ਰਖਦਾ ਸੀ। ਇਸ ਨੇ ਦ੍ਰੋਣਾਚਾਰੀਆ ਕੋਲੋਂ ਸ਼ਸਤ੍ਰ ਸਿਖਸ਼ਾ ਤੇ ਵਿੱਦਿਆ ਪ੍ਰਾਪਤ ਕੀਤੀ। ਸ਼ਸਤ੍ਰ ਕਲਾ ਵਿਚ ਪ੍ਰਬੀਨਤਾ ਸਦਕਾ ਹੀ ਅਰਜਨ ਦ੍ਰੋਪਤੀ ਨੂੰ ਸਵੰਬਰ ਵਿਚੋਂ ਜਿੱਤਣ ਵਿਚ ਸਫਲ ਹੋਇਆ। ਅਰਜਨ ਨੇ ਪਰਸਰਾਮ ਤੋਂ ਵੀ ਸ਼ਸਤ੍ਰ ਵਿੱਦਿਆ ਦੇ ਕਈ ਕਰਤੱਵ ਸਿਖੇ। ਅਰਜਨ ਦਾ ਪਰਸਰਾਮ ਨਾਲ ਪਹਿਲੀ ਵਾਰ ਮੇਲ ਬਨਬਾਸ ਦੇ ਦਿਨੀਂ ਹੋਇਆ, ਜੋ ਅਰਜਨ ਨੇ ਕੁੱਲ ਦੀ ਕੋਈ ਮਰਯਾਦਾ ਭੰਗ ਕਰਨ ਕਰ ਕੇ, ਪਸਚਾਤਾਪ ਵਜੋਂ ਆਪਣੀ ਸ੍ਵੈ-ਇੱਛਾ ਨਾਲ, ਬਾਰ੍ਹਾਂ ਸਾਲਾਂ ਲਈ ਧਾਰਨ ਕੀਤਾ ਸੀ। ਇਸੇ ਬਨਬਾਸ ਦੇ ਸਮੇਂ ਅਰਜਨ ਦਾ ਪ੍ਰੇਮ ਨਾਗ-ਰਾਜਕੁਮਾਰੀ ਉਲੂਪੀ ਨਾਲ ਹੋਇਆ ਜਿਸ ਤੋਂ ਉਸ ਦਾ ਇਰਾਵਤ ਨਾਂ ਦਾ ਪੁੱਤਰ ਜੰਮਿਆ। (ਵੇਖੋ : ਉਲੂਪੀ)

ਅਰਜਨ ਨੇ ਦੇਵਤਿਆਂ ਦੀ ਉਪਾਸ਼ਨਾ ਕਰ ਕੇ ਉਨ੍ਹਾਂ ਤੋਂ ਕਈ ਸ਼ਕਤੀਸ਼ਾਲੀ ਦੈਵੀ ਸ਼ਸਤ੍ਰ ਪ੍ਰਾਪਤ ਕੀਤੇ। ਕ੍ਰਿਸ਼ਨ ਦੀ ਸਹਾਇਤਾ ਨਾਲ ਖਾਂਡਵ ਬਨ ਨੂੰ ਸਾੜ ਕੇ ਅਤੇ ਅਗਨੀ ਦੇਵਤੇ ਨੂੰ ਪ੍ਰਸੰਨ ਕਰ ਕੇ ਅਰਜਨ ਨੇ ਅਗਨੀ ਤੋਂ ਅਗਨੇਯ ਅਸਤ੍ਰ ਤੇ ਗਾਂਡੀਵ ਧਨੁਸ਼ ਪ੍ਰਾਪਤ ਕੀਤਾ। ਇਸੇ ਸ਼ਸਤ੍ਰ ਨਾਲ ਅਰਜਨ ਨੇ ਆਪਣੇ ਪਿਤਾ ਇੰਦਰ ਨਾਲ ਯੁੱਧ ਕੀਤਾ ਸੀ। ਦੂਜੀ ਵਾਰ ਦੇ ਬਨਬਾਸ ਦੇ ਦਿਨੀਂ ਤੀਰਥ ਯਾਤਰਾ ਕਰਦਿਆਂ ਅਰਜਨ ਦੀ ਸ਼ਿਵ ਨਾਲ ਲੜਾਈ ਹੋ ਗਈ। ਸ਼ਿਵ ਉਦੋਂ ਕਿਰਾਤ (ਪਹਾੜੀਏ) ਦਾ ਰੂਪ ਧਾਰ ਕੇ ਬਣਾਂ ਵਿਚ ਵਿਚਰ ਰਿਹਾ ਸੀ। ਬਾਅਦ ਵਿਚ ਅਰਜਨ ਨੇ ਸ਼ਿਵ ਨੂੰ ਪਛਾਣ ਲਿਆ ਅਤੇ ਉਸ ਦੀ ਬੜੀ ਸੇਵਾ ਤੇ ਉਪਾਸ਼ਨਾ ਕੀਤੀ। ਸ਼ਿਵ ਨੇ ਪ੍ਰਸੰਨ ਹੋ ਕੇ ਅਰਜਨ ਨੂੰ ਆਪਣਾ ਸਰਵੋੱਤਮ ਸ਼ਸਤ੍ਰ 'ਪਾਸ਼ੁਪਤ ਅਸਤ੍ਰ' ਪ੍ਰਦਾਨ ਕੀਤਾ। ਇਸੇ ਬਨਬਾਸ ਸਮੇਂ ਯਮ, ਵਰਣ ਤੇ ਕੁਬੇਰ ਨੇ ਵੀ ਅਰਜਨ ਨੂੰ ਆਪਣੇ ਦੈਵੀ ਸ਼ਸਤ੍ਰ ਪ੍ਰਦਾਨ ਕੀਤੇ।

ਅਰਜਨ ਨੂੰ ਦੂਜੀ ਵਾਰ ਉਦੋਂ ਬਨਬਾਸ ਜਾਣਾ ਪਿਆ ਜਦੋਂ ਯੁਧਿਸ਼ਟਰ ਜੂਏ ਵਿਚ ਸਾਰਾ ਰਾਜਭਾਗ ਹਾਰ ਗਿਆ ਅਤੇ ਪੰਜਾਂ ਪਾਂਡਵਾਂ ਨੂੰ ਮਜਬੂਰ ਹੋ ਕੇ ਤੇਰ੍ਹਾਂ ਸਾਲਾਂ ਲਈ ਬਨਬਾਸ ਧਾਰਨ ਕਰਨਾ ਪਿਆ। ਇਨ੍ਹੀਂ ਦਿਨੀਂ ਅਰਜਨ ਨੇ ਦੇਵੀ ਦੇਵਤਿਆਂ ਦੀ ਪ੍ਰਸੰਨਤਾ ਤੇ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਤੀਰਥ ਯਾਤ੍ਰਾ ਕੀਤੀ। ਉਸ ਨੇ ਹਿਮਾਲੀਆ ਪਰਬਤ ਦੀਆਂ ਗੁਫਾਵਾਂ ਵਿਚ ਕਈ ਸਾਲ ਘੋਰ ਤਪੱਸਿਆ ਕਰ ਕੇ ਦੇਵਤਿਆਂ ਤੋਂ ਦੈਵੀ ਹਥਿਆਰ ਪ੍ਰਾਪਤ ਕੀਤੇ। ਇਥੋਂ ਹੀ ਇੰਦਰ, ਅਰਜਨ ਦੀ ਭਗਤੀ ਉਤੇ ਪ੍ਰਸੰਨ ਹੋ ਕੇ, ਉਸ ਨੂੰ ਆਪਣੇ ਰਥ ਵਿਚ ਬਿਠਾ ਕੇ, ਆਪਣੀ ਰਾਜਧਾਨੀ ਅਮਰਾਵਤੀ ਵਿਚ ਲੈ ਗਿਆ ਸੀ। ਉਥੇ ਇੰਦਰ ਨੇ ਅਰਜਨ ਨੂੰ ਤੀਰ-ਅੰਦਾਜ਼ੀ ਤੇ ਸ਼ਸਤ੍ਰ ਵਿੱਦਿਆ ਦੇ ਕਈ ਅਨੂਠੇ ਕਰਤੱਬ ਸਿਖਾਏ। ਜਦੋਂ ਅਰਜਨ ਨੂੰ ਯੁੱਧ ਕਲਾ ਵਿਚ ਕਮਾਲ ਹਾਸਲ ਹੋ ਗਿਆ ਤਾਂ ਇੰਦਰ ਨੇ ਅਰਜਨ ਨੂੰ ਸਮੁੰਦਰ ਵਿਚ ਛੁਪੇ ਦੈਂਤਾਂ ਨਾਲ ਯੁੱਧ ਲਈ ਭੇਜਿਆ। ਦੈਂਤਾਂ ਉਤੇ ਵਿਜੈ ਪਾ ਕੇ ਅਰਜਨ ਵਾਪਸ ਅਮਰਾਵਤੀ ਆਇਆ ਤਾਂ ਇੰਦਰ ਨੇ ਪ੍ਰਸੰਨ ਹੋ ਕੇ ਉਸ ਨੂੰ ਯੁੱਧ ਦਾ ਸੰਖ, ਸੋਨੇ ਦੀ ਜ਼ੰਜੀਰ ਅਤੇ ਮੁਕਟ ਆਦਿ ਸੁਗਾਤ ਵਜੋਂ ਦਿਤੇ।

ਅਮਰਾਵਤੀ ਵਿਚ ਰਹਿੰਦਿਆਂ ਉਰਵਸ਼ੀ ਅਰਜਨ ਉਤੇ ਮੁਗਧ ਹੋ ਗਈ, ਪਰ ਅਰਜਨ ਨੇ ਉਰਵਸ਼ੀ ਦੀ ਕਾਮ ਲੋਚਾ ਪੂਰੀ ਕਰਨ ਤੋਂ ਇਨਕਾਰ ਕਰ ਦਿਤਾ, ਜਿਸ ਕਰ ਕੇ ਉਰਵਸ਼ੀ ਨੇ ਅਰਜਨ ਨੂੰ ਨਿਪੁੰਸਕ ਵਾਂਗ ਇਸਤ੍ਰੀ ਦੇ ਸਾਹਮਣੇ ਨ੍ਰਿਤ ਕਰਨ ਦਾ ਸਰਾਪ ਦਿਤਾ। ਸੋ ਬਨਬਾਸ ਦੇ ਅਖ਼ੀਰਲੇ ਵਰ੍ਹੇ ਅਗਿਆਤਵਾਸ ਦੇ ਦੌਰਾਨ ਅਰਜਨ ਨੇ ਹੀਜੜੇ ਦਾ ਭੇਸ ਧਾਰ ਕੇ ਰਾਜੇ ਵਿਰਾਟ ਕੋਲ ਸੰਗੀਤ ਤੇ ਨਾਚ ਕਲਾ ਸਿਖਲਾਣ ਦੀ ਨੌਕਰੀ ਕੀਤੀ ਅਤੇ ਬ੍ਰਿਹਨਨਲ ਦੇ ਰੂਪ ਵਿਚ ਵਿਰਾਟ ਦੀ ਪੁੱਤਰੀ ਉੱਤਰਾ ਨੂੰ ਨਾਚ ਸਿਖਾਇਆ। ਇਥੇ ਰਹਿੰਦਿਆਂ ਜਦੋਂ ਰਾਜੇ ਵਿਰਾਟ ਦਾ ਰਾਜਾ ਤ੍ਰਿਗਰਤ ਤੇ ਕੌਰਵ

ਰਾਜਕੁਮਾਰਾਂ ਨਾਲ ਯੁੱਧ ਹੋਇਆ ਤਾਂ ਅਰਜਨ ਨੇ ਕਈ ਯੋਧਿਆਂ ਨਾਲ ਇਕੱਲਿਆਂ ਹੀ ਲੜ ਕੇ ਉਨ੍ਹਾਂ ਉਤੇ ਵਿਜੈ ਪ੍ਰਾਪਤ ਕੀਤੀ।

ਮਹਾਂਭਾਰਤ ਦੇ ਯੁੱਧ ਵਿਚ ਕ੍ਰਿਸ਼ਨ ਅਰਜਨ ਦਾ ਸਾਰਥੀ ਬਣਿਆ। ਯੁੱਧ ਦੇ ਆਰੰਭ ਵਿਚ ਅਰਜਨ ਦਾ ਮਨ ਡੋਲ ਗਿਆ, ਪਰ ਕ੍ਰਿਸ਼ਨ ਨੇ ਭਾਗਵਤ ਗੀਤਾ ਦਾ ਉਪਦੇਸ਼ ਦੇ ਕੇ ਅਰਜਨ ਦੀਆਂ ਬੀਰ ਭਾਵਨਾਂ ਨੂੰ ਉਤੇਜਿਤ ਕੀਤਾ। ਫਲਸਰੂਪ ਯੁੱਧ ਵਿਚ ਅਰਜਨ ਬੜੀ ਬੀਰਤਾ ਨਾਲ ਲੜਿਆ। ਉਸ ਨੇ ਭੀਸ਼ਮ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿਤਾ ਅਤੇ ਸ਼ਸ਼ਧਰਮਨ ਤੇ ਉਸ ਦੇ ਚੋਹਾਂ ਭਰਾਵਾਂ ਉਤੇ ਵਿਜੈ ਪ੍ਰਾਪਤ ਕੀਤੀ। ਜਯਦ੍ਰਥ ਅਰਜਨ ਦੇ ਤੀਰ ਨਾਲ ਹੀ ਮਰਿਆ ਸੀ। ਅਰਜਨ ਨੇ ਕਰਣ ਨਾਲ ਦੂ-ਬ-ਦੂ ਲੜਾਈ ਕੀਤੀ। ਅਰਜਨ ਨੂੰ ਹਾਰ ਹੋਣ ਹੀ ਲੱਗੀ ਸੀ ਕਿ ਕਰਣ ਅਚਨਚੇਤੀ ਹੱਥਾਂ ਦੇ ਭਾਰ ਜ਼ਮੀਨ ਉਤੇ ਜਾ ਡਿੱਗਾ। ਅਰਜਨ ਨੇ ਮੌਕਾ ਸੰਭਾਲ ਕੇ ਕਰਣ ਦਾ ਸਿਰ ਧੜ ਨਾਲੋਂ ਵੱਖ ਕਰ ਦਿਤਾ। ਇਸ ਤੋਂ ਬਾਅਦ ਅਰਜਨ ਨੇ ਦਰੋਣਾ ਦੇ ਪੁੱਤਰ ਅਸ਼ਵਥਾਮਾ ਦਾ ਪਿੱਛਾ ਕਰ ਕੇ ਉਸ ਨੂੰ ਪ੍ਰਾਜਿਤ ਕੀਤਾ ਅਤੇ ਨਿਸ਼ਾਨੀ ਵਜੋਂ ਉਸ ਤੋਂ ਉਹ ਕੀਮਤੀ ਮਣੀ ਖੋਹ ਲਈ ਜੋ ਉਹ ਹਮੇਸ਼ਾਂ ਆਪਣੇ ਸਿਰ ਨਾਲ ਜੰਤਰ ਵਾਂਙ ਬੰਨ੍ਹੀ ਰਖਦਾ ਸੀ। ਮਹਾਂਭਾਰਤ ਦੇ ਯੁੱਧ ਵਿਚ ਕੌਰਵ ਹਾਰ ਗਏ, ਪਰ ਅਰਜਨ ਦਾ ਇਕ ਲੜਕਾ ਅਭਿਮਨਯੂ ਮਾਰਿਆ ਗਿਆ।

ਕੌਰਵਾਂ ਦੇ ਹਾਰ ਜਾਣ ਮਗਰੋਂ ਯੁਧਿਸ਼ਟਰ ਹਸਤਨਾਪੁਰ ਦਾ ਰਾਜਾ ਬਣਿਆ ਤੇ ਉਸ ਨੇ ਅਸ਼ਵਮੇਧ ਯੱਗ ਕੀਤਾ। ਇਸ ਪੁਰਬ ਸਮੇਂ ਅਰਜਨ ਆਪਣੀ ਸੈਨਾ ਨਾਲ ਘੋੜੇ ਦੇ ਪਿਛੇ ਪਿਛੇ ਗਿਆ ਅਤੇ ਕਈ ਪ੍ਰਾਕ੍ਰਮੀ ਰਾਜਿਆਂ ਤ੍ਰਿਗਰਤ, ਵਜਰ ਦੱਤ, ਸੈਂਧਵਾ ਆਦਿ ਦੇ ਨਾਲ ਯੁੱਧ ਕਰ ਕੇ ਉਨ੍ਹਾਂ ਨੂੰ ਹਰਾਇਆ। ਮਣੀਪੁਰ ਵਿਚ ਉਸ ਦਾ ਆਪਣੇ ਹੀ ਪੁੱਤਰ ਬਭਰੂਵਾਹਨ, ਜੋ ਚਿਤ੍ਰਾਂਗਦਾ ਦੇ ਉਦਰ ਤੋਂ ਜੰਮਿਆ ਸੀ, ਉਸ ਦੇ ਨਾਲ ਲੋਹਾ ਲੈ ਬੈਠਾ। ਉਸ ਲੜਾਈ ਵਿਚ ਅਰਜਨ ਮਾਰਿਆ ਗਿਆ, ਪਰ ਅਰਜਨ ਦੀ ਪਤਨੀ ਉਲੂਪੀ ਨੇ ਨਾਗ ਮੰਤ੍ਰ ਦੁਆਰਾ ਉਸ ਨੂੰ ਮੁੜ ਸੁਰਜੀਤ ਕਰ ਲਿਆ। ਦੱਖਣ ਵਿਚ ਅਰਜਨ ਦੀ ਲੜਾਈ ਕਈ ਦਰਾਵੜੀ ਰਾਜਿਆਂ ਨਾਲ ਹੋਈ। ਅਰਜਨ ਸਭਨਾਂ ਉਤੇ ਵਿਜੈ ਪ੍ਰਾਪਤ ਕਰਦਾ ਹੋਇਆ ਆਪਣੇ ਘੋੜੇ ਸਮੇਤ ਵਾਪਸ ਹਸਤਨਾਪੁਰ ਪਹੁੰਚਿਆ ਅਤੇ ਉਸ ਨੇ ਯੱਗ ਨੂੰ ਮਰਯਾਦਾ ਨਾਲ ਸੰਪੂਰਨ ਕੀਤਾ।

ਜਿਨ੍ਹਾਂ ਦਿਨਾਂ ਵਿਚ ਯਾਦਵ ਕੁੱਲ ਆਪੋ ਵਿਚ ਲੜ ਰਹੀ ਸੀ, ਉਦੋਂ ਕ੍ਰਿਸ਼ਨ ਨੇ ਅਰਜਨ ਨੂੰ ਦਵਾਰਕਾ ਆਪਣੇ ਕੋਲ ਸੱਦ ਲਿਆ। ਓਥੇ ਅਰਜਨ ਕ੍ਰਿਸ਼ਨ ਦੀ ਮ੍ਰਿਤੂ ਤਕ ਰਿਹਾ ਅਤੇ ਉਸ ਨੇ ਕ੍ਰਿਸ਼ਨ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕੀਤਾ। ਅਰਜਨ ਨੇ ਆਪਣੇ ਜੀਵਨ ਦੇ ਅੰਤਲੇ ਦਿਨ ਹਿਮਾਲੀਆ ਪਰਬਤ ਦੀਆਂ ਗੁਫਾਵਾਂ ਵਿਚ ਗੁਜ਼ਾਰੇ।

ਅਰਜਨ ਨੇ ਦਰੋਪਤੀ ਤੋਂ ਛੁਟ ਤਿੰਨ ਹੋਰ ਵਿਆਹ ਕੀਤੇ ਸਨ। ਨਾਗ ਕੰਨਿਆਂ ਉਲੂਪੀ ਦੇ ਉਦਰ ਤੋਂ ਇਰਾਵਤ ਪੈਦਾ ਹੋਇਆ; ਰਾਜੇ ਮਣੀਪੁਰ ਦੀ ਲੜਕੀ ਚਿਤ੍ਰਾਂਗਦਾ ਤੋਂ ਬਭਰੂਵਾਹਨ ਜੰਮਿਆ ਜੋ ਆਪਣੇ ਨਾਨੇ ਪਿਛੋਂ ਮਣੀਪੁਰ ਦਾ ਹੀ ਰਾਜਾ ਬਣਿਆ। ਅਰਜਨ ਦੀ ਤੀਜੀ ਪਤਨੀ ਸੁਭੱਦ੍ਰਾ ਕ੍ਰਿਸ਼ਨ ਦੀ ਭੈਣ ਸੀ। ਉਸ ਦੇ ਉਦਰ ਤੋਂ ਅਭਿਮਨਯੂ ਜੰਮਿਆ ਜੋ ਮਹਾਂਭਾਰਤ ਦੇ ਯੁੱਧ ਵਿਚ ਮਾਰਿਆ ਗਿਆ। ਅਭਿਮਨਯੂ ਦੇ ਲੜਕੇ ਪਰੀਕਸ਼ਤ ਨੇ ਪਿਛੋਂ ਹਸਤਨਾਪੁਰ ਦਾ ਰਾਜ ਭਾਗ ਸੰਭਾਲਿਆ। ਇਸ ਤੋਂ ਬਾਅਦ ਪੰਜੇ ਪਾਂਡੋ ਸਵਰਗ ਲੋਕ ਨੂੰ ਪਧਾਰ ਗਏ।

ਦਸਮ ਗ੍ਰੰਥ ਵਿਚ ਅਰਜਨ ਨੂੰ ਬਾਈਵਾਂ ਅਵਤਾਰ ਮੰਨਿਆ ਗਿਆ ਹੈ — 'ਕਥਾ ਬ੍ਰਿਧ ਕਸ ਕਰੋ ਵਿਚਾਰਾ। ਬਾਇਸਵੋਂ ਅਰਜਨ ਅਵਤਾਰਾ।'

(2) ਅਰਜਨ ਨਾਂ ਦਾ ਇਕ ਰੁੱਖ ਜੋ ਚੇਤਰ ਵਿਸਾਖ ਵਿਚ ਫਲਦਾ ਫੁਲਦਾ ਹੈ। ਇਸ ਬ੍ਰਿਛ ਬਾਰੇ ਇਕ ਉਤਪਤੀ ਕਥਾ ਪ੍ਰਚਲਤ ਹੈ: ਵੀਰ ਅਰਜਨ ਨੇ ਬਨਬਾਸ ਦੇ ਦਿਨੀਂ ਇਕ ਜੰਗਲ ਵਿਚ ਆਪਣਾ ਤੀਰ ਗਡਿਆ ਜੋ ਕੁਝ ਦਿਨਾਂ ਵਿਚ ਹੀ ਵਧ ਫੁਲ ਕੇ ਰੁੱਖ ਬਣ ਗਿਆ। ਇਸ ਬ੍ਰਿਛ ਦੇ ਪੱਤੇ ਕੋਲ ਰਖਣ ਨਾਲ ਯੁੱਧ ਵਿਚ ਸਦਾ ਵਿਜੈ ਹੁੰਦੀ ਹੈ।

(ਅ-435) **ਅਰਜਨ ਚੁਲ੍ਹਾ** :

ਸਾਹਪੁਰ ਕੰਢੀ ਤੋਂ ਪੰਜ ਮੀਲ ਦੂਰ, ਰਾਵੀ ਦਰਿਆ ਦੇ ਕੰਢੇ ਮੁਕੇਸ਼ਵਰ ਨਾਂ ਦਾ ਇਕ ਅਸਥਾਨ, ਜਿਥੇ ਪਾਂਡਵਾਂ ਨਾਲ ਸੰਬੰਧਿਤ ਕਈ ਮੰਦਰ ਮਿਲਦੇ ਹਨ, ਜੋ ਚੱਟਾਨਾਂ ਤੇ ਗੁਫਾਵਾਂ ਦੇ ਅੰਦਰ ਬਣੇ ਹੋਏ ਹਨ। ਰਵਾਇਤ ਹੈ ਕਿ ਅਰਜਨ ਬਨਬਾਸ ਦੇ ਦਿਨੀਂ ਆਪਣੇ ਭਰਾਵਾਂ ਨਾਲ ਕੁਝ ਦਿਨ ਇਥੇ ਰਿਹਾ ਸੀ। ਇਥੇ ਇਕ ਪਹਾੜੀ ਵਿਚ ਖਾਈ ਵਰਗੀ ਦਰਾੜ ਹੈ, ਜਿਸ ਨੂੰ ਅਰਜਨ ਚੁਲ੍ਹਾ ਕਿਹਾ ਜਾਂਦਾ ਹੈ। ਇਹ ਸਥਾਨ ਡਲਹੌਜ਼ੀ ਵਲ ਜਾਂਦੀ ਸੜਕ ਤੋਂ ਵਿਖਾਈ ਦੇਂਦਾ ਹੈ।

(ਅ-436) **ਅਰਜਨ ਤੇ ਸੁਰਜਨ** :

ਗੁਗੇ ਦੀ ਮਾਸੀ ਕਾਚਲ ਦੇ ਪੁੱਤਰ। ਇਹ ਦੋਵੇਂ ਭਰਾ ਗੁਗੇ ਦੀ ਵਹੁਟੀ ਸਿਲੀਅਰ ਨੂੰ, ਜੋ ਬਹੁਤ ਹੀ ਸੁੰਦਰ ਸੀ, ਗੁਗੇ ਤੋਂ ਖੋਹਣਾ ਚਾਹੁੰਦੇ ਸਨ। ਗੁਗੇ ਨੇ ਇਨ੍ਹਾਂ ਦੋਹਾਂ ਨੂੰ ਇਕ ਮੁਠਭੇੜ ਵਿਚ ਮਾਰ ਦਿਤਾ ਅਤੇ ਉਨ੍ਹਾਂ ਦੇ ਸਿਰ ਵੱਢ ਕੇ ਘਰ ਲੈ ਆਇਆ। ਗੁਗੇ ਦੀ ਮਾਂ ਬਾਚਲ ਨੇ ਗੁਗੇ ਨੂੰ ਫਿਟਕਾਰਦਿਆਂ ਕਿਹਾ — "ਨਿਰਦਈਆ, ਮੇਰੀਆਂ ਅੱਖਾਂ ਤੋਂ ਓਝਲ ਹੋ ਜਾ ਤੇ ਮੁੜ ਮੈਨੂੰ ਕਦੇ ਆਪਣਾ ਮੂੰਹ ਨਾ ਵਿਖਾਈਂ।" ਗੁਗੇ ਨੇ ਉਸੇ ਵੇਲੇ ਧਰਤੀ ਵਿਚ ਗਰਕ ਹੋ ਜਾਣਾ ਚਾਹਿਆ, ਪਰ ਧਰਤੀ ਨੇ ਉਸ ਨੂੰ ਵਿਹਲ ਨਾ ਦਿਤੀ। ਇਕ ਹੋਰ ਰੂਪਾਂਤਰ ਅਨੁਸਾਰ ਗੁਗੇ ਨੂੰ ਧਰਤੀ ਨੇ ਕਿਹਾ ਕਿ ਤੂੰ ਹਿੰਦੂ ਹੈਂ ਤੇ ਮੈਂ ਕੇਵਲ ਮੁਸਲਮਾਨਾਂ ਨੂੰ ਹੀ ਆਪਣੇ ਵਿਚ ਥਾਂ ਦੇ ਸਕਦੀ ਹਾਂ। ਸੋ ਗੁਗੇ ਨੇ ਹਾਜੀ ਰਤਨ ਤੋਂ ਇਸਲਾਮ ਮੱਤ ਧਾਰਨ ਕੀਤਾ ਤੇ ਫਿਰ ਘੋੜੇ ਸਮੇਤ ਧਰਤੀ ਵਿਚ ਸਮਾ ਗਿਆ।

ਕਰਨਾਲ ਤੇ ਅੰਬਾਲਾ ਦੇ ਇਲਾਕੇ ਵਿਚ ਗੁਗੇ ਦੇ ਨਾਲ ਅਰਜਨ ਤੇ ਸੁਰਜਨ ਦੀ ਵੀ ਪੂਜਾ ਕੀਤੀ ਜਾਂਦੀ ਹੈ ਅਤੇ ਇਹ ਦੋਵੇਂ ਜੋੜਾ ਭਰਾ ਹੋਣ ਕਰ ਕੇ 'ਜੋੜ' ਦੇ ਨਾਂ ਨਾਲ ਪ੍ਰਸਿਧ ਹਨ। (ਵੇਖੋ : ਕਾਚਲ)

(ਅ-437) **(ਗੁਰੂ) ਅਰਜਨ ਦੇਵ ਦੀ ਬਾਣੀ ਵਿਚ ਲੋਕ-ਤੱਤ** :

ਹੁਣ ਤਕ ਗੁਰਬਾਣੀ ਦਾ ਬਹੁਤਾ ਅਧਿਐਨ ਵਸਤੂ ਦੇ ਪੱਖੋਂ ਵਿਸ਼ੇ ਨੂੰ, ਅਤੇ ਰੂਪ ਦੇ ਪੱਖੋਂ ਸ਼ੈਲੀ, ਸੁਹਜ ਤੇ ਰਸ ਦੇ ਤੱਤਾਂ ਨੂੰ ਮੁਖ ਰਖ ਕੇ ਹੀ ਕੀਤਾ ਜਾਂਦਾ ਰਿਹਾ ਹੈ, ਪਰ ਗੁਰਬਾਣੀ ਵਿਚ ਇਕ ਹੋਰ ਬਲਵਾਨ ਤੱਤ, ਲੋਕ-ਤੱਤ ਵੀ ਵਿਦਮਾਨ ਹੈ, ਜਿਸ ਦੇ ਅਧਿਐਨ ਵਲ ਵਿਦਵਾਨਾਂ ਦਾ ਉੱਕਾ ਧਿਆਨ ਨਹੀਂ ਗਿਆ, ਹਾਲਾਂਕਿ ਇਹ ਤੱਤ ਸਾਰੀ ਬਾਣੀ ਵਿਚ ਪ੍ਰਾਪਤ ਹੈ। ਕਿਧਰੇ ਕਿਧਰੇ ਤਾਂ ਇਹ ਤੱਤ ਇਤਨਾ ਉਭਰਵਾਂ ਤੇ ਪ੍ਰਤੱਖ ਹੈ ਕਿ ਸਹਿਜੇ ਹੀ ਧਿਆਨ ਖਿੱਚ ਲੈਂਦਾ ਹੈ, ਪਰ ਕਿਧਰੇ ਇਤਨਾ ਸੂਖਮ ਤੇ ਅਦ੍ਰਿਸ਼ਟ ਹੈ ਕਿ ਇਸਨੂੰ ਅਨੁਭਵ ਕਰਨ ਲਈ ਤਿੱਖੀ ਨੀਝ ਤੇ ਲੋਕਧਾਰਾਈ ਸੂਝ ਦੀ ਲੋੜ ਪੈਂਦੀ ਹੈ। ਇਹ ਤੱਤ ਕੇਵਲ ਗੁਰਬਾਣੀ ਦੇ ਵਿਸ਼ੇ-ਵਸਤੂ ਵਿਚ ਹੀ ਨਹੀਂ, ਸਗੋਂ ਪ੍ਰਗਟਾਉ ਦੇ ਮਾਧਿਅਮ, ਸ਼ੈਲੀ, ਕਾਵਿ-ਰੂਪਾਂ, ਛੰਦਾਂ, ਅਲੰਕਾਰਾਂ ਤੇ ਭਾਸ਼ਾ ਵਿਚ ਪ੍ਰਵਿਰਤ ਮਿਲਦਾ ਹੈ। ਇਸੇ ਲੋਕ-ਤੱਤ ਸਦਕਾ ਹੀ ਸਾਨੂੰ ਸਾਰੀ ਬਾਣੀ ਦੀ ਧੁਨੀ ਤੇ ਨੁਹਾਰ ਜਾਣੀ ਪਛਾਣੀ ਲੱਗਦੀ ਹੈ। ਭਾਵੇਂ ਲੋਕ-ਤੱਤ ਤੇ ਬੌਧਿਕ ਤੱਤ, ਦੋ ਭਿੰਨ ਭਿੰਨ ਮਾਨਸਿਕ ਸਥਿਤੀਆਂ ਦੀ ਉਪਜ ਹਨ, ਪਰ ਗੁਰਬਾਣੀ ਵਿਚ, ਬੌਧਿਕ ਰਹੱਸਾਂ ਨੂੰ ਖੋਲ੍ਹਦਿਆਂ, ਲੋਕਧਾਰਾ ਦੀਆਂ ਅਭਿਵਿਅੰਜਨ ਵਿਧੀਆਂ ਨੂੰ ਅਪਣਾਇਆ ਗਿਆ ਹੈ। ਇਸ ਦੇ ਫਲਸਰੂਪ ਜਿਥੇ ਜਿਥੇ ਵੀ ਲੋਕਧਾਰਾਈ ਵਿਧੀ ਵਰਤੀ ਗਈ ਹੈ, ਸਿਧਾਂਤਕ ਤੇ ਬੌਧਿਕ ਹੁੰਦਿਆਂ ਹੋਇਆਂ ਵੀ ਉਹ ਰਚਨਾ ਹਲਕੀ ਫੁਲਕੀ ਲੱਗਣ ਲੱਗ ਪਈ ਹੈ। ਸਾਡਾ ਵਿਚਾਰ ਹੈ ਕਿ ਕੋਈ ਰਚਨਾ, ਜਿੰਨੀ ਵਡੇਰੀ ਮਾਤਰਾ ਵਿਚ ਲੋਕ-ਤੱਤ ਨਾਲ ਓਤਪੋਤ ਹੁੰਦੀ ਹੈ, ਉੱਨੀ ਹੀ ਉਹ ਜੀਵਨ ਵਿਚ ਰਚੀ ਰਸੀ ਤੇ ਸਜੀਵ ਹੁੰਦੀ ਹੈ, ਤੇ ਜਿੰਨੀ ਕੋਈ ਰਚਨਾ ਜੀਵਨ ਵਿਚ ਰਸੀ, ਰਚੀ ਤੇ ਸਜੀਵ ਹੋਵੇਗੀ, ਉੱਨੀ ਹੀ ਵਧੇਰੇ ਉਹ ਮਕਬੂਲ ਹੋਵੇਗੀ। ਗੁਰਬਾਣੀ ਦੀ ਲੋਕ-ਪ੍ਰਿਯਤਾ ਤੇ ਸਜੀਵਤਾ ਦਾ ਇਕ ਕਾਰਨ ਇਸ ਦਾ ਲੋਕ-ਤੱਤ ਹੈ।

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਹ ਤੱਤ ਕਿਸ ਮਾਤਰਾ ਵਿਚ ਘੁਲਿਆ ਮਿਲਦਾ ਹੈ,

ਇਸ ਦਾ ਅਧਿਐਨ ਕਰਨ ਤੋਂ ਪਹਿਲਾਂ ਸਾਨੂੰ ਇਹ ਵਿਚਾਰ ਲੈਣਾ ਚਾਹੀਦਾ ਹੈ ਕਿ 'ਲੋਕ-ਤੱਤ' ਤੋਂ ਸਾਡਾ ਕੀ ਭਾਵ ਹੈ ?

(2) ਲੋਕ-ਤੱਤ, ਕਿਸੇ ਜਾਤੀ ਦੀਆਂ ਰੀਤਾਂ, ਮਨੌਤਾਂ, ਪਰੰਪਰਾਵਾਂ ਤੇ ਵਿਸ਼ਵਾਸ਼ਾਂ ਦੇ ਉਹ ਅੰਕੁਰ ਹਨ, ਜਿਨ੍ਹਾਂ ਦੀ ਰੂੜ੍ਹੀ ਉਤੇ ਉਸ ਜਾਤੀ ਦੀ ਲੋਕ-ਸੰਸਕ੍ਰਿਤੀ ਉੱਸਰੀ ਹੁੰਦੀ ਹੈ। ਇਹ ਪਰੰਪਰਾ ਦੇ ਪ੍ਰਵਾਹ ਦੇ ਉਹ ਪੈਟਰਨ ਹਨ, ਜਿਨ੍ਹਾਂ ਵਿਚ ਪੁਰਖਿਆਂ ਦਾ ਸਹਿਜ ਅਨੁਭਵ ਖੁਰਿਆ ਹੋਇਆ ਹੈ ਤੇ ਜੋ ਲੋਕਾਂ ਦੇ ਜੀਵਨ ਵਿਚ ਰਮੇਂ ਹੋਣ ਤੋਂ ਇਲਾਵਾ ਉਨ੍ਹਾਂ ਦੇ ਅਚੇਤ ਮਨ ਵਿਚ ਵੀ ਸਮਾਏ ਹੁੰਦੇ ਹਨ । ਇਹੋ ਤੱਤ ਲੋਕਧਾਰਾ ਦਾ ਮੂਲ ਸਰੋਤ ਹਨ ਤੇ ਲੋਕ-ਸਾਹਿੱਤ ਦਾ ਇਨ੍ਹਾਂ ਤੱਤਾਂ ਨਾਲ ਲਹੂ-ਮਾਸ ਦਾ ਰਿਸ਼ਤਾ ਹੈ । ਜਦੋਂ ਤਕ ਜਾਤੀ ਦੀ ਆਸਥਾ ਇਨ੍ਹਾਂ ਲੋਕ-ਤੱਤਾਂ ਵਿਚ ਬਣੀ ਰਹਿੰਦੀ ਹੈ, ਇਹ ਸਜੀਵ ਤੇ ਨਰੋਏ ਲੱਗਦੇ ਹਨ ਤੇ ਜੀਵਨ ਦਾ ਅਨਿਖੜ ਭਾਗ ਬਣੇ ਰਹਿੰਦੇ ਹਨ, ਜਦੋਂ ਨਹੀਂ ਰਹਿੰਦੀ ਇਹ ਬਿਨ-ਸਾਸੇ ਮਰ ਜਾਂਦੇ ਹਨ । ਉਂਜ ਲੋਕ-ਤੱਤਾਂ ਦਾ ਵਡੇਰਾ ਭਾਗ ਬੜੀ ਲੰਮੀ ਉਮਰ ਭੋਗਦਾ ਹੈ ਅਤੇ ਸਹਿਜੇ ਮਰਦਾ ਨਹੀਂ ।

'ਲੋਕ' ਸ਼ਬਦ ਸਮਾਜ ਦੇ ਉਸ ਸਾਧਾਰਨ ਵਰਗ ਦਾ ਸੂਚਕ ਹੈ, ਜੋ ਸੰਸਕਾਰਾਂ, ਰੀਤਾਂ ਤੇ ਭਰਮਾ ਵਹਿਮਾਂ ਵਿਚ ਖੁੱਭਿਆ ਹੋਇਆ ਹੈ ਅਤੇ ਜਿਸ ਦਾ ਅਨੁਭਵ ਪਿਤਾ-ਪੁਰਖੀ ਹੈ, ਕਿਤਾਬੀ ਨਹੀਂ ਅਤੇ ਜੋ ਬਹੁਤਾ ਪਰੰਪਰਾ ਦੇ ਮੰਡਲਾਂ ਵਿਚ ਜੀਊਂਦਾ ਤੇ ਸਾਹ ਲੈਂਦਾ ਹੈ। ਇਹ ਵਰਗ ਜਿਨ੍ਹਾਂ ਗੱਲਾਂ ਵਿਚ ਆਸਥਾ ਰਖਦਾ ਹੈ, ਜੋ ਕਹਿੰਦਾ-ਕਰਦਾ ਹੈ, ਜੋ ਵਿਸ਼ਵਾਸ਼ ਤੇ ਧਾਰਨਾਵਾਂ ਧਾਰੀ ਫਿਰਦਾ ਹੈ ਅਤੇ ਜਿਨ੍ਹਾਂ ਵਿਧੀਆਂ ਰਾਹੀਂ ਉਨ੍ਹਾਂ ਦਾ ਪ੍ਰਗਟਾਉ ਕਰਦਾ ਹੈ, ਉਹ ਸਭ ਲੋਕ-ਤੱਤ ਹਨ ।

ਲੋਕਾਂ-ਤੱਤਾਂ ਦਾ ਆਧਾਰ ਮੂਲ ਲੋਕ-ਪ੍ਰਵਿਰਤੀਆਂ ਹਨ । ਮੂਲ-ਪ੍ਰਵਿਰਤੀਆਂ ਨਾਲ ਸੰਬੰਧਿਤ ਵਿਚਾਰ ਸਦੀਆਂ ਲੰਘ ਜਾਣ ਮਗਰੋਂ ਵੀ, ਪੁਰਾਣੀ ਪੱਧਰ ਉਤੇ, ਕਿਸੇ ਨਾ ਕਿਸੇ ਰੰਗ-ਰੂਪ ਵਿਚ ਸਥਿਰ ਰਹਿੰਦੇ ਹਨ। ਕੋਈ ਵਿਅੱਕਤੀ ਜਾਂ ਜਾਤੀ, ਬੌਧਿਕ ਤੇ ਮਾਨਸਿਕ ਵਿਕਾਸ ਸਦਕਾ, ਕਿਤਨੀ ਵੀ ਕਿਉਂ ਨਾ ਬਦਲ ਜਾਵੇ, ਉਸ ਦੀਆਂ ਮੂਲ-ਪ੍ਰਵਿਰਤੀਆਂ ਦਾ ਬੀਜ ਕਦੇ ਨਸ਼ਟ ਨਹੀਂ ਹੁੰਦਾ। ਇਹੋ ਮੂਲ-ਪ੍ਰਵਿਰਤੀਆਂ ਸਾਡੇ ਦਰਸ਼ਨ, ਨੈਤਿਕਤਾ, ਸਾਹਿੱਤ ਤੇ ਧਰਮ ਦੀਆਂ ਰੂੜ੍ਹੀਆਂ ਹਨ, ਇਹੋ ਲੋਕ-ਪ੍ਰਵਿਰਤੀਆਂ ਸਾਡੀ ਲੋਕਧਾਰਾ ਨੂੰ ਜਨਮ ਦੇਂਦੀਆਂ ਹਨ।

ਇਨ੍ਹਾਂ ਲੋਕ-ਪ੍ਰਵਿਰਤੀਆਂ ਦਾ ਸੰਬੰਧ, ਮਨ ਦੀ ਜਿਸ ਅਵਚੇਤਨ ਅਵਸਥਾ ਨਾਲ ਹੈ, ਉਸ ਨੂੰ ਲੋਕ-ਮਨ ਕਿਹਾ ਜਾਂਦਾ ਹੈ। (ਵੇਖੋ : ਲੋਕ-ਮਨ) ਇਹ ਲੋਕ-ਮਨ ਸਮੁੱਚੀ ਜਾਤੀ ਦਾ ਮਨ ਹੁੰਦਾ ਹੈ, ਜਿਸ ਦੀ ਪਰਛਾਈਂ ਹਰੇਕ ਵਿਅੱਕਤੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਝਲਕਦੀ ਹੈ। ਇਸ ਲੋਕ-ਮਨ ਦੀ ਹੋਂਦ ਫ਼ਰਾਈਡ ਤੇ ਹੋਰ ਮਨੋ-ਵਿਗਿਆਨੀਆਂ ਨੇ ਵੀ ਮੰਨੀ ਹੈ । ਹਰ ਸੰਸਕ੍ਰਿਤੀ, ਕਦੇ ਨਾ ਕਦੇ ਆਦਿਮ ਅਵਸਥਾ ਵਿਚੋਂ ਦੀ ਲੰਘੀ ਹੁੰਦੀ ਹੈ। ਬੌਧਿਕ ਤੇ ਮਾਨਸਿਕ ਪ੍ਰਗਤੀ ਦੇ ਬਾਵਜੂਦ, ਉਸ ਦੇ ਜੀਵਨ-ਪ੍ਰਵਾਹ ਵਿਚੋਂ ਕੁਝ ਤੱਤ ਅਜਿਹੇ ਰਹਿ ਜਾਂਦੇ ਹਨ, ਜਿਨ੍ਹਾਂ ਦਾ ਮੂਲ ਆਦਿਮ-ਮਨ ਵਿਚ ਹੁੰਦਾ ਹੈ। ਇਹ ਆਦਿਮ ਤੱਤ ਅਵਚੇਤਨ ਮਨ ਦਾ ਅਟੁੱਟ ਅੰਗ ਬਣੇ ਰਹਿੰਦੇ ਹਨ। ਲੋਕ-ਮਨ ਅਵਚੇਤਨ ਮਨ ਵਿਚ ਸਮਾਇਆ ਰਹਿੰਦਾ ਹੈ ਤੇ ਸਮੇਂ ਸਮੇਂ ਮਨੁੱਖ ਦੀ ਮਾਨਸਿਕ ਸਥਿਤੀ ਦੇ ਰੂਪ ਵਿਚ ਅਵਚੇਤਨ ਵਿਚੋਂ ਚੇਤਨ ਵਿਚ ਉੱਭਰਦਾ ਰਹਿੰਦਾ ਹੈ। ਆਮ ਲੋਕਾਂ ਦੀ ਗੱਲ ਤਾਂ ਇਕ ਪਾਸੇ ਰਹੀ, ਅਸੀਂ ਵੇਖਦੇ ਹਾਂ ਕਿ ਪੜ੍ਹੇ ਲਿਖੇ ਮਨੁੱਖ ਵਿਚ ਵੀ ਆਦਿਮ ਸੰਸਕਾਰਾਂ ਦੇ ਬੀਜ ਨਸ਼ਟ ਨਹੀਂ ਹੁੰਦੇ ਤੇ ਰਹਿੰਦ-ਮਾਤਰ ਕੁਝ ਅੰਸ਼ ਸਜੀਵ ਰਹਿੰਦੇ ਹਨ। ਮਾਨਸਿਕ ਤੇ ਬੌਧਿਕ ਵਿਕਾਸ ਨਾਲ ਇਹ ਤੱਤ ਖੀਣ ਨਹੀਂ ਹੁੰਦੇ, ਰੂਪ ਭਾਵੇਂ ਵਟਾਂਦੇ ਰਹਿਣ। ਉਦਾਹਰਣ ਵਜੋਂ, ਮਨੁੱਖ ਆਦਿਮ ਅਵਸਥਾ ਵਿਚ ਨਿਰਜੀਵ ਪਦਾਰਥਾਂ ਵਿਚ ਵੀ ਆਤਮ-ਤੱਤ ਮੰਨਦਾ ਰਿਹਾ ਹੈ । ਅੱਜ ਵੀ ਇਹ ਰੁਚੀ ਮਾਨਵੀਕਰਣ ਦੇ ਰੂਪ ਵਿਚ ਸਾਡੇ ਸਾਹਿੱਤ, ਜੀਵਨ ਤੇ ਕਲਾ ਦਾ ਅੰਗ ਬਣ ਕੇ ਸਾਡੀ ਮੂਲ-ਪ੍ਰਵਿਰਤੀ ਦੀ ਤ੍ਰਿਪਤੀ ਕਰ ਰਹੀ ਹੈ।

ਲੋਕ-ਤੱਤ, ਸਹਿਜ-ਭਾਵ ਵਿਚ ਹੀ ਜੀਵਨ-ਪ੍ਰਵਾਹ ਅਤੇ ਸੰਸਕ੍ਰਿਤੀ ਵਿਚੋਂ ਉਪਜਦੇ ਹਨ;

ਇਹ ਸੋਤੇ ਹਨ। ਇਹ ਤੱਤ ਕਿਸੇ ਮਹਾਨ ਜਾਂ ਕਲਾਕਾਰੀ ਵਿਅੱਕਤੀ ਦੀ ਸਿਰਜਨਾ ਨਹੀਂ। ਇਨ੍ਹਾਂ ਦਾ ਅੰਕੁਰ ਆਪਣੇ ਆਪ ਫੁੱਟਦਾ ਹੈ। ਲੋਕ-ਤੱਤਾਂ ਦੇ ਚਰਿਤ੍ਰ ਨੂੰ ਸਪੱਸ਼ਟ ਕਰਨ ਲਈ ਅਸੀਂ 'ਅੰਮ੍ਰਿਤ' ਤੇ 'ਰਖੜੀ' ਦੀਆਂ ਦੋ ਰੀਤਾਂ ਲੈਂਦੇ ਹਾਂ। ਸਿੱਖਾਂ ਵਿਚ ਅੰਮ੍ਰਿਤ ਛਕਣ ਦੀ ਜੋ ਰੀਤ ਪ੍ਰਚਲਿਤ ਹੈ, ਉਹ ਗੁਰੂ ਗੋਬਿੰਦ ਸਿੰਘ ਦੀ ਪ੍ਰਤਿਭਾ ਤੇ ਸਿਰਜਨ-ਸ਼ਕਤੀ ਦਾ ਚਮਤਕਾਰ ਹੈ। ਇਸ ਦਾ ਮੁੱਢ ਇਤਿਹਾਸਿਕ ਕਾਲ ਵਿਚ ਬੱਝਿਆ, ਇਹ ਲੋਕ-ਰੀਤ ਨਹੀਂ। ਉਂਜ ਅੰਮ੍ਰਿਤ ਦੀ ਰੀਤ ਪਿਛੇ ਇਕ ਪੌਰਾਣਿਕ ਸੰਕਲਪ ਮੌਜੂਦ ਹੈ – ਖੀਰ ਸਾਗਰ ਨੂੰ ਮੱਥ ਕੇ ਦੇਵਤਿਆਂ ਤੇ ਦਾਨਵਾਂ ਵਲੋਂ ਅੰਮ੍ਰਿਤ ਕੱਢਿਆ ਜਾਣਾ ਤੇ ਦੇਵਤਿਆਂ ਦਾ ਉਸ ਨੂੰ ਪੀ ਕੇ ਅਮਰ ਹੋ ਜਾਣਾ। ਇਸੇ ਲੋਕ-ਰੂੜ੍ਹੀ ਉਤੇ ਅੰਮ੍ਰਿਤ ਦੀ ਰੀਤ ਆਧਾਰਿਤ ਹੈ। ਅੰਮ੍ਰਿਤ ਦੀ ਰੀਤ ਵਿਚ, ਇਕ ਹੋਰ ਲੋਕ-ਸੰਕਲਪ ਸ਼ਬਦ-ਬਾਣੀ ਰਾਹੀਂ ਜਲ ਵਿਚ ਸੰਜੀਵਨੀ ਸ਼ਕਤੀ ਸਿੰਚਣ ਦਾ ਵੀ ਹੈ, ਜਿਸ ਉਤੇ ਵਿਚਾਰ ਅੱਗੇ ਜਾ ਕੇ ਕਰਾਂਗੇ। ਉਪਰੋਂ ਵੇਖਿਆਂ ਭਾਵੇਂ ਅੰਮ੍ਰਿਤ ਵਾਲੀ ਰਸਮ ਲੋਕ-ਰੀਤ ਨਹੀਂ, ਪਰ ਇਸ ਵਿਚ ਵੀ ਕਈ ਲੋਕ-ਤੱਤ ਮੌਜੂਦ ਹਨ। ਇਸ ਦੇ ਮੁਕਾਬਲੇ ਉਤੇ ਰੱਖੜੀ ਦਾ ਧਾਗਾ ਬੰਨ੍ਹਣਾ ਲੋਕ-ਰੀਤ ਹੈ, ਜੋ ਵੀਰ-ਭਾਵਨਾ ਦੀ ਪ੍ਰਤੀਕ ਹੈ ਅਤੇ ਇਹ ਪੂਰਵ-ਇਤਿਹਾਸਕ ਕਾਲ ਤੋਂ ਚਲੇ ਕਿਸੇ ਸੰਸਕਾਰ ਦਾ ਅੰਸ਼ ਹੈ। ਇਹ ਰੀਤ ਆਪਣੇ ਆਪ ਵਿਚ ਹੀ ਇਕ ਲੋਕ-ਤੱਤ ਹੈ।

ਲੋਕਧਾਰਾ ਦਾ ਆਪਣਾ ਵਸਤੂ-ਖੇਤਰ, ਰੂਪ ਤੇ ਸੁਹਜ-ਵਿਧੀਆਂ ਹਨ ਜੋ ਲੋਕ-ਮਨ ਵਿਚੋਂ ਵਿਗਸਦੀਆਂ ਹਨ। ਇਨ੍ਹਾਂ ਵਿਚ ਪੁਰਖਿਆਂ ਦਾ ਸਹਿਜ ਅਨੁਭਵ ਤੇ ਸਹਿਜ ਅਭਿਵਿਅੰਜਨ ਹੁੰਦਾ ਹੈ। ਲੋਕਧਾਰਾ ਦੇ ਪ੍ਰਵਾਹ ਵਿਚ ਦੀ ਜਦੋਂ ਕੋਈ ਤੱਥ ਕੱਢਿਆ ਜਾਂਦਾ ਹੈ ਤਾਂ ਉਸ ਦਾ ਰੂਪ ਰੰਗ ਹੋਰ ਦਾ ਹੋਰ ਹੋ ਜਾਂਦਾ ਹੈ। ਇਤਿਹਾਸਕ ਤੱਥ ਵੀ ਇਸ ਪ੍ਰਵਾਹ ਵਿਚੋਂ ਲੰਘਣ ਉਪਰੰਤ ਨਵੀਂ ਨੁਹਾਰ ਤੇ ਰੂਪ ਗ੍ਰਹਿਣ ਕਰ ਲੈਂਦੇ ਹਨ। ਉਦਾਹਰਣ ਵਜੋਂ, ਗੁਰੂ ਨਾਨਕ ਦੇਵ ਇਕ ਇਤਿਹਾਸਿਕ ਮਹਾਂਪੁਰਸ਼ ਹਨ, ਜਿਨ੍ਹਾਂ ਨੇ ਭਾਰਤ ਦੇ ਸਾਂਸਕ੍ਰਿਤਿਕ ਤੇ ਧਾਰਮਿਕ ਜੀਵਨ ਵਿਚ ਮਾਨਸਿਕ ਪਰਿਵਰਤਨ ਲਿਆਂਦਾ, ਪਰ ਜਾਤੀ ਨੇ ਇਸ ਇਤਿਹਾਸਿਕ ਤੱਥ ਨਾਲ ਲੋਕਧਾਰਾ ਜੋੜ ਕੇ ਗੁਰੂ ਜੀ ਨੂੰ ਇਕ ਅਜਿਹਾ ਅਦਭੁਤ ਸਰੂਪ ਦੇ ਦਿਤਾ ਕਿ ਉਹ ਪੁਰਾਣ-ਪੁਰਸ਼ ਬਣ ਗਏ। ਉਨ੍ਹਾਂ ਦਾ ਜਨਮ-ਸਾਖੀਆਂ ਵਿਚਲਾ ਸਰੂਪ ਇਤਿਹਾਸਿਕ ਨਾਲੋਂ ਪੌਰਾਣਿਕ ਬਹੁਤਾ ਹੈ।

ਜੀਵ, ਬ੍ਰਹਮ ਤੇ ਬ੍ਰਹਿਮੰਡ ਗੁਰਬਾਣੀ ਦੇ ਮੂਲ ਵਿਸ਼ੇ ਹਨ। ਇਨ੍ਹਾਂ ਮੂਲ ਵਸਤੂਆਂ ਅਥਵਾ ਤੱਥਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਪ੍ਰਤਿਭਾ, ਕਲਪਣਾ, ਸੁਹਜ-ਬੋਧ ਤੇ ਅਨੁਭਵ ਦੁਆਰਾ ਜੋ ਸਰੂਪ ਦਿਤਾ ਹੈ, ਉਸ ਵਿਚ ਲੋਕ ਤੱਤਾਂ ਦਾ ਕੀ ਹਿੱਸਾ ਹੈ, ਇਹੋ ਸਾਡੇ ਅਧਿਐਨ ਦਾ ਵਿਸ਼ਾ ਹੈ।

(3) ਪਰ ਇਥੇ ਇਕ ਹੋਰ ਪ੍ਰਸ਼ਨ ਉੱਠਦਾ ਹੈ ? ਕੀ ਗੁਰੂ ਅਰਜਨ ਦੇਵ ਦਾ ਅਭਿਵਿਅੰਜਨ ਲੋਕ-ਮਨ ਦਾ ਅਭਿਵਿਅੰਜਨ ਹੈ ? ਗੁਰੂ ਅਰਜਨ ਦੇਵ ਇਕ ਸ੍ਰੇਸ਼ਠ ਕਲਾਧਾਰੀ ਵਿਦਵਾਨ ਸਨ, ਜੋ ਵੇਦਾਂ, ਸ਼ਾਸਤਰਾਂ ਤੇ ਸਿਮ੍ਰਿਤੀਆਂ ਦੇ ਗਿਆਤਾ ਸਨ। ਉਨ੍ਹਾਂ ਨੇ ਸਹਿਜ ਭਾਵ ਨਾਲ ਹੀ ਸਹਸਕ੍ਰਿਤੀ, ਫ਼ਾਰਸੀ, ਬ੍ਰਜੀ ਤੇ ਪੰਜਾਬੀ ਦੀਆਂ ਕਈ ਉਪਭਾਖਾਵਾਂ ਜਿਵੇਂ ਕੇਂਦਰੀ, ਦੁਆਬੀ ਤੇ ਮੁਲਤਾਨੀ ਵਿਚ ਕਾਵਿ ਰਚਨਾ ਕੀਤੀ। ਧਰਮ ਗ੍ਰੰਥਾਂ ਦੇ ਵਿਸ਼ਾਲ ਅਧਿਐਨ ਨਾਲ ਉਨ੍ਹਾਂ ਦਾ ਅਨੁਭਵ ਅਮੀਰ ਤੇ ਪ੍ਰਤਿਭਾ ਨਿਖਰੀ ਹੋਈ ਸੀ। ਉਨ੍ਹਾਂ ਦੀ ਰਚਨਾ ਵਿਚ ਅਨੇਕ ਥਾਈਂ ਉਨ੍ਹਾਂ ਦੀ ਯੋਗਤਾ ਤੇ ਵਿਵੇਕ ਦੀ ਛਾਪ ਪ੍ਰਤੱਖ ਵਿਖਾਈ ਦੇਂਦੀ ਹੈ। ਇਸ ਪੱਖ ਨੂੰ ਮੁਖ ਰਖਦਿਆਂ ਉਨ੍ਹਾਂ ਦਾ ਕਾਵਿ-ਅਭਿਵਿਅੰਜਨ ਇਕ ਸ੍ਰੇਸ਼ਟ ਬੁੱਧੀ ਤੇ ਮਨ ਦਾ ਅਭਿਵਿਅੰਜਨ ਕਿਹਾ ਜਾ ਸਕਦਾ ਹੈ, ਲੋਕ-ਮਨ ਦਾ ਨਹੀਂ। ਉਨ੍ਹਾਂ ਦੀ ਰਚਨਾ ਉਤੇ ਮੁਖੀ ਛਾਪ ਇਕ ਅਜਿਹੇ ਵਿਸ਼ਿਸ਼ਟ ਮਨ ਦੀ ਹੈ, ਜੋ ਮਾਨਸਿਕ ਤੇ ਬੌਧਿਕ ਤੌਰ ਉਤੇ ਵਿਗਸਿਆ ਹੋਇਆ ਹੈ।

ਪਰ ਗੁਰੂ ਅਰਜਨ ਦੇਵ ਜਿਸ ਗੁਰਮਤਿ ਲਹਿਰ ਨਾਲ ਜੁੜੇ ਹੋਏ ਸਨ, ਉਹ ਲੋਕ-ਲਹਿਰ ਸੀ ਤੇ ਉਸ ਦਾ ਲੋਕ-ਜੀਵਨ ਨਾਲ ਲਹੂ ਮਾਸ ਦਾ ਰਿਸ਼ਤਾ ਸੀ। ਗੁਰੂ ਅਰਜਨ ਦੇਵ ਜੀ ਖ਼ੁਦ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦੇ ਸਮਰਥਕ ਸਨ। ਉਨ੍ਹਾਂ ਦੀ

ਦਿਲਚਸਪੀ ਲੋਕ-ਜੀਵਨ ਤੇ ਸਮਾਜਿਕ ਪ੍ਰਗਤੀ ਦੇ ਕੰਮਾਂ ਵਿਚ ਕਾਫ਼ੀ ਸੀ। ਹਰਿਮੰਦਰ ਸਾਹਿਬ ਦੀ ਉਸਾਰੀ; ਤਾਲ, ਸਰੋਵਰ ਤੇ ਬਾਉਲੀਆਂ ਦੀ ਖੁਦਾਈ; ਤਰਨ ਤਾਰਨ, ਛਿਹਰਟਾ ਤੇ ਗੁਰੂ ਕੇ ਬਾਗ ਆਦਿ ਨਗਰਾਂ ਦੀਆਂ ਨੀਹਾਂ ਰਖਣੀਆਂ, ਉਨ੍ਹਾਂ ਦੀ ਲੋਕ-ਕਲਿਆਣ ਦੀ ਪ੍ਰਬਲ ਭਾਵਨਾ ਦੇ ਹੀ ਪ੍ਰਤੀਕ ਹਨ। ਲੋਕ-ਲਹਿਰ ਨਾਲ ਜੁੜੇ ਹੋਣ ਕਰ ਕੇ ਉਨ੍ਹਾਂ ਦੇ ਅੰਦਰ ਦਾ ਲੋਕ-ਮਨ ਬੜਾ ਸੁਚੇਤ ਤੇ ਕ੍ਰਿਆਸ਼ੀਲ ਸੀ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜਿਸ ਬਾਣੀ-ਪ੍ਰਵਾਹ ਨਾਲ ਜੁੜੇ ਹੋਏ ਸਨ ਉਸ ਦੀ ਮੂੰਹੀਂ ਲੋਕ-ਕਾਵਿ ਵਲ ਸੀ। ਇਸੇ ਲਈ ਗੁਰੂ ਅਰਜਨ ਦੇਵ ਨੇ ਆਪਣਾ ਕਾਵਿ-ਅਭਿਵਿਅੰਜਨ ਉਸੇ ਲੋਕ-ਮਨ ਨਾਲ ਇਕਸੁਰ ਹੋ ਕੇ ਕੀਤਾ, ਜਿਸ ਦੀ ਉਨ੍ਹਾਂ ਦੇ ਸ੍ਰੇਸ਼ਟ ਮਨ ਨੂੰ ਬੜੀ ਪਛਾਣ ਸੀ। ਸੋ ਉਨ੍ਹਾਂ ਦੀ ਬਾਣੀ ਵਿਚ ਲੌਕਿਕ ਤੇ ਪਰਾਲੌਕਿਕ ਅੰਸ਼ਾਂ ਦਾ ਸੁਮੇਲ ਇਕ ਸੁਭਾਵਕ ਕ੍ਰਮ ਸੀ। ਇਸੇ ਤਰ੍ਹਾਂ ਆਪ ਦੀ ਬਾਣੀ ਵਿਚ, ਲੋਕਧਾਰਾ ਦੀ ਸਾਮਗ੍ਰੀ, ਕੀ ਵਿਸ਼ੇ-ਵਸਤੂ ਵਿਚ ਤੇ ਕੀ ਅਭਿਵਿਅੰਜਨ ਵਿਚ, ਕਾਫ਼ੀ ਮਾਤਰਾ ਵਿਚ ਸਮਾਈ ਹੋਈ ਹੈ।

(4) ਗੁਰੂ ਅਰਜਨ ਦੇਵ ਦੀ ਬਾਣੀ ਵਿਚ ਕਿਧਰੇ ਤਾਂ ਲੋਕ-ਤੱਤ ਇਤਨਾ ਉਭਰਵਾਂ ਹੈ ਕਿ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਇਕ ਅਜਿਹਾ ਸ਼ਬਦ 'ਹਉ ਗੋਸਾਈ ਦਾ ਪਹਿਲਵਾਨੜਾ' ਹੈ ਜੋ ਲੋਕ-ਅਨੁਭਵ ਉਤੇ ਸਿਰਜੀ ਬੜੇ ਉੱਚੇ ਪੱਧਰ ਦੀ ਕਲਾਤਮਕ ਰਚਨਾ ਹੈ। ਇਹ ਸ਼ਬਦ ਵਸਤੂ ਤੇ ਰੂਪ ਦੋਹਾਂ ਪੱਖਾਂ ਤੋਂ ਲੋਕ-ਤੱਤਾਂ ਨਾਲ ਰਸਿਆ ਹੋਇਆ ਹੈ। ਇਸ ਸ਼ਬਦ ਵਿਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੀ ਬਹੁਰੰਗੀ ਝਾਕੀ ਨੂੰ ਅਖਾੜੇ ਦੇ ਵਾਤਾਵਰਨ ਦੀ ਪਿੱਠ-ਭੂਮੀ ਵਿਚ ਉਸਾਰਿਆ ਗਿਆ ਹੈ ਤੇ ਛਿੰਝ ਨੂੰ ਪ੍ਰਤਿਰੂਪ ਬਣਾ ਕੇ ਅਧਿਆਤਮਿਕ ਰਹੱਸ ਪ੍ਰਗਟਾਏ ਗਏ ਹਨ :—

ਹਉ ਗੋਸਾਈ ਦਾ ਪਹਿਲਵਾਨੜਾ<br>
ਮੈ ਗੁਰ ਮਿਲਿ ਉਚ ਦੁਮਾਲੜਾ<br>
ਸਭ ਹੋਈ ਛਿੰਝ ਇਕਠੀਆ<br>
ਦਯੁ ਬੈਠਾ ਵੇਖੈ ਆਪਿ ਜੀਉ ॥

(ਸ੍ਰੀ ਰਾਗ, ਮ: ੫)

ਛਿੰਝ ਦੇ ਵਰਤੇ ਗਏ ਇਸ ਪ੍ਰਤਿਰੂਪ ਵਿਚ 'ਪਹਿਲਵਾਨੜਾ', 'ਉਚ ਦੁਮਾਲੜਾ', 'ਛਿੰਝ', 'ਮਲ ਲਥੇ', 'ਲੈਂਦੇ ਫੇਰੀਆ', 'ਥਾਪੀ ਦਿਤੀ ਕੰਡਿ' ਆਦਿ ਵਾਕੰਸ਼ ਤੇ ਬਿੰਬ ਛਿੰਝ ਦੇ ਬਹੁਰੰਗੀ ਚਿਤ੍ਰ ਨੂੰ ਨਿਖਾਰਦੇ ਤੇ ਲੌਕਿਕ ਬਣਾਉਂਦੇ ਹਨ। ਨਗਾਰਿਆਂ ਤੇ ਭੇਰੀਆਂ ਦੀ ਜੋਸ਼ੀਲੀ ਧੁਨੀ ਵਿਚ ਮੱਲ ਅਖਾੜੇ ਵਿਚ ਫੇਰੀਆਂ ਲੈ ਰਹੇ ਹਨ। ਸਾਰਾ ਵਾਤਾਵਰਨ ਹੀ ਛਿੰਝ ਵਾਲਾ ਉਸਾਰਿਆ ਗਿਆ ਹੈ :—

ਵਾਤ ਵਜਨਿ ਟੰਮਕ ਭੇਰੀਆ<br>
ਮਲ ਲਥੇ ਲੈਂਦੇ ਫੇਰੀਆ<br>
ਨਿਹਤੇ ਪੰਜਿ ਜੁਆਨ ਮੈ<br>
ਗੁਰਿ ਥਾਪੀ ਦਿਤੀ ਕੰਡਿ ਜੀਉ ॥

ਮੱਲ ਪੰਜਾਂ ਜਵਾਨਾਂ ਨੂੰ ਪਛਾੜਦਾ ਤੇ ਗੁਰੂ ਤੋਂ ਥਾਪੀ ਲੈਂਦਾ ਹੈ। ਇਹ ਪੰਜ ਜਵਾਨ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ। ਇਨ੍ਹਾਂ ਨੂੰ ਮੱਲ ਦੇ ਰੂਪ ਵਿਚ ਸਿਰਜਣਾ ਆਦਿਮ-ਰੁਚੀ ਹੈ। ਆਦਿਮ-ਮਨੁੱਖ ਸੰਸਾਰ ਦੀ ਹਰ ਵਸਤੂ ਜੜ੍ਹ ਹੋਵੇ ਜਾਂ ਚੇਤਨ, ਸਥੂਲ ਹੋਵੇ ਜਾਂ ਸੂਖਮ, ਉਸ ਨੂੰ ਮਨੁੱਖੀ ਦੇਹ ਵਿਚ ਹੀ ਕਲਪਿਤ ਕਰਦਾ ਹੈ। ਪੌਰਾਣਿਕ ਕਥਾਵਾਂ ਵਿਚ ਇਸੇ ਪ੍ਰਵਿਰਤੀ ਅਧੀਨ ਅਮੂਰਤ ਸ਼ਕਤੀਆਂ ਮਨੁੱਖੀ ਜਾਮੇ ਵਿਚ ਵਿਚਰਦੀਆਂ ਮਿਲਦੀਆਂ ਹਨ। ਅਗਲਾ ਬੰਦ ਹੈ :—

ਸਭ ਇਕਠੇ ਹੋਇ ਆਇਆ<br>
ਘਰਿ ਜਾਸਨਿ ਵਾਟ ਵਟਾਇਆ<br>
ਗੁਰਮੁਖਿ ਲਾਹਾ ਲੈ ਗਏ<br>
ਮਨਮੁਖ ਚਲੇ ਮੂਲੁ ਗਵਾਇ ਜੀਉ।

ਇਸ ਤੁਕ ਵਿਚ ਸ਼ਬਦ ਦਾ ਮੂਲ ਭਾਵ ਵੀ ਹੈ ਅਤੇ ਲੌਕਿਕ ਤੇ ਪਰਾਲੌਕਿਕ ਅੰਸ਼ਾਂ ਦਾ ਏਕੀਕਰਣ ਵੀ। 'ਲਾਹਾ' ਸ਼ਬਦ ਨਾਲ ਵਣਜ ਦੇ ਪ੍ਰਤਿਰੂਪ ਵਲ ਸੰਕੇਤ ਕਰਦਿਆਂ ਦੱਸਿਆ ਹੈ ਕਿ ਗੁਰਮੁਖ ਸੰਸਾਰ ਵਿਚੋਂ ਲਾਹਾ ਖੱਟ ਕੇ ਲੈ ਜਾਂਦੇ ਹਨ, ਇਸਦੇ ਉਲਟ ਮਨਮੁਖ ਮੂਲ ਵੀ ਗੰਵਾ ਜਾਂਦੇ ਹਨ। ਇਸ ਸੰਕਲਪ ਦਾ ਬੀਜ ਵੀ ਆਦਿਮ ਚਿੰਤਨ ਵਿਚ ਹੈ। ਆਦਿਮ-ਮਨ ਤੇ ਲੋਕ-ਮਨ ਜੀਵ ਨੂੰ ਕਿਸੇ ਹੋਰ ਲੋਕ ਵਿਚੋਂ ਜੋ ਇਸੇ ਸੰਸਾਰ ਦਾ ਹੀ ਪ੍ਰਤਿਰੂਪ ਹੈ, ਇਥੇ ਸਫ਼ਰ ਜਾਂ ਸੌਦੇ ਲਈ

ਆਇਆ ਹੋਇਆ ਮੰਨਦਾ ਹੈ; ਇਥੇ ਜੀਵ ਮਰਨ ਤੋਂ ਬਾਅਦ ਮੁੜ ਕੇ ਉਸੇ ਲੋਕ ਵਿਚ ਚਲਾ ਜਾਂਦਾ ਹੈ ਤੇ ਇਸ ਸੰਸਾਰ ਵਿਚ ਕੀਤੀ ਕਮਾਈ ਨੂੰ ਉਥੇ ਖਾਂਦਾ ਖਰਚਦਾ ਹੈ। ਇਹੋ ਆਦਿਮ ਚਿੰਤਨ, ਰਿਸ਼ੀਆਂ ਮੁਨੀਆਂ ਤੋਂ ਬੌਧਿਕ ਮਾਨਤਾ ਪ੍ਰਾਪਤ ਕਰ ਕੇ, ਪਿਛੋਂ ਭਾਰਤੀ ਚਿੰਤਨ ਦਾ ਅੰਗ ਬਣ ਗਿਆ। ਹਣ ਅਗਲਾ ਬੰਦ ਲਓ :—

ਤੂੰ ਵਰਨਾ ਚਿਹਨਾ ਬਾਹਰਾ
ਹਰਿ ਦਿਸਹਿ ਹਾਜਰੁ ਜਾਹਰਾ
ਸੁਣਿ ਸੁਣਿ ਤੁਝੈ ਧਿਆਇਦੇ
ਤੇਰੇ ਭਗਤ ਰਤੇ ਗੁਣਤਾਸੁ ਜੀਉ।

ਪਹਿਲੀਆਂ ਦੋ ਸਤਰਾਂ ਵਿਚ ਪ੍ਰਭੂ ਨੂੰ ਵਰਨਾਂ-ਚਿਹਨਾਂ ਤੇ ਰੰਗ ਰੂਪ ਤੋਂ ਬਾਹਰ ਅਤੇ ਸਭ ਥਾਂ ਵਿਆਪਕ ਦੱਸਿਆ ਹੈ। ਇਹ ਸਤਰਾਂ ਬ੍ਰਹਮ ਦੇ ਨਿਰਗੁਣ ਸਰੂਪ ਨਾਲ ਸੰਬੰਧਿਤ ਹਨ ਤੇ ਲੋਕ-ਤੱਤ ਤੋਂ ਮੁਕਤ ਹਨ। ਅਗਲੀਆਂ ਦੋ ਤੁਕਾਂ ਵਿਚ ਭਗਤਾਂ ਬਾਰੇ ਦਸਦਿਆਂ ਕਿਹਾ ਹੈ ਕਿ ਉਹ 'ਗੁਣਤਾਸੁ' ਵਿਚ ਰਤੇ ਰਹਿੰਦੇ ਹਨ। ਇਨ੍ਹਾਂ ਸਤਰਾਂ ਵਿਚ ਇਕ ਲੋਕ-ਵਿਸ਼ਵਾਸ਼ ਹੈ ਕਿ ਸਿਮਰਨ ਰਾਹੀਂ ਸਾਧਕ ਵਿਚ ਸਾਧਯ ਦਾ ਅੰਸ਼ ਮਾਤਰ ਰਚ ਜਾਂਦਾ ਹੈ। ਇਸ ਲੋਕ-ਤੱਤ ਬਾਰੇ ਵੇਰਵੇ ਨਾਲ ਅੱਗੇ ਚਲ ਕੇ ਵਿਚਾਰ ਕਰਾਂਗੇ। ਅਖ਼ੀਰਲਾ ਬੰਦ ਹੈ :—

ਮੈ ਜੁਗਿ ਜੁਗਿ ਦਯੈ ਸੇਵੜੀ
ਗੁਰਿ ਕਟੀ ਮਿਹਡੀ ਜੇਵੜੀ
ਹਉ ਬਾਹੁੜਿ ਛਿੰਝ ਨ ਨਚਊ
ਨਾਨਕ ਅਉਸਰ ਲਧਾ ਭਾਲਿ ਜੀਉ।

ਇਸ ਬੰਦ ਦੀ ਪਹਿਲੀ ਸਤਰ ਵਿਚ ਜੁਗਾਂ ਤੇ ਸੇਵਾ ਦਾ ਵਰਨਣ ਹੈ। ਜੁਗਾਂ ਦਾ ਸਾਰਾ ਸੰਕਲਪ ਹੀ ਪੌਰਾਣਿਕ ਹੋਣ ਕਰ ਕੇ ਲੋਕਧਾਰਾ ਦੇ ਅੰਤਰਗਤ ਆਉਂਦਾ ਹੈ। ਸੇਵਾ ਦੀ ਭਾਵਨਾ ਪਿਛੇ ਇਹ ਲੋਕ-ਸੰਕਲਪ ਹੈ ਕਿ ਸੇਵਾ ਕਰਨ ਨਾਲ ਸਾਧਕ ਵਿਚ ਸਾਧਯ ਦੇ ਅਧਿਆਤਮਕ ਗੁਣਾਂ ਦਾ ਅੰਸ਼ ਮਾਤਰ ਰਚ ਜਾਂਦਾ ਹੈ। 'ਜੇਵੜੀ ਕਟਣੀ' ਵਾਕੰਸ਼ ਵਿਚ ਇਕ ਪੁਰਾਣੀ ਲੋਕ-ਰੀਤ ਵਲ ਸੰਕੇਤ ਹੈ। ਪਹਿਲਿਆਂ ਵਿਚ ਬੱਚੇ ਦੇ ਜਨਮ ਸਮੇਂ ਇਕ ਲੰਮੀ ਜੇਵੜੀ ਛੱਤ ਦੀ ਕਿਸੇ ਕੜੀ ਨਾਲ ਬੰਨ੍ਹ ਦਿੰਦੇ ਸਨ ਤੇ ਹਰ ਸਾਲ ਜਨਮ ਦਿਵਸ ਉਤੇ ਉਸ ਨੂੰ ਇਕ ਗੰਢ ਮਾਰ ਦਿਤਾ ਕਰਦੇ ਸਨ ਤਾਂ ਜੋ ਠੀਕ ਉਮਰ ਬਾਰੇ ਸਹਿਜੇ ਹੀ ਜਾਣਿਆ ਜਾ ਸਕੇ। ਪ੍ਰਾਣੀ ਦੀ ਮੌਤ ਉਤੇ ਉਸ ਦੀ ਜੇਵੜੀ ਨੂੰ ਕਟ ਕੇ ਪ੍ਰਾਣੀ ਦੇ ਨਾਲ ਹੀ ਦਾਹ ਦਿਤਾ ਜਾਂਦਾ ਸੀ।

ਸੋ ਇਸ ਸਾਰੇ ਸ਼ਬਦ ਵਿਚ ਲੋਕ-ਤੱਤਾਂ ਦੇ ਕਈ ਜ਼ੱਰੇ ਥਾਂ ਥਾਂ ਬਿਖਰੇ ਹੋਏ ਹਨ। ਕਈ ਲੋਕ-ਸੰਕਲਪਾਂ ਦੇ ਸੁਧਰੇ ਰੂਪ ਇਸ ਵਿਚ ਓਤਪੋਤ ਹਨ। ਜੇ ਇਸ ਰਚਨਾ ਵਿਚ ਇਹ ਸਾਰੇ ਤੱਤ ਨਾ ਵੀ ਹੁੰਦੇ ਤਾਂ ਵੀ ਇਸ ਸ਼ਬਦ ਵਿਚ ਪੰਜਾਬੀ ਦੀ ਇਕ ਲੋਕ-ਪ੍ਰਵਿਰਤੀ ਦੀ ਅਭਿ-ਵਿਅੰਜਨ ਹੋਣ ਕਰ ਕੇ, ਇਹ ਰਚਨਾ ਲੋਕ-ਭਾਵਨਾ ਵਾਲੀ ਹੀ ਰਹਿੰਦੀ ਹੈ। ਇਸ ਸ਼ਬਦ ਵਿਚ, ਪੰਜਾਬੀਆਂ ਦੀ ਇਕ ਵਿਸ਼ੇਸ਼ ਲੋਕ-ਪ੍ਰਵਿਰਤੀ ਸਾਹਸ ਤੇ ਬੀਰ ਭਾਵਨਾ ਬਹੁਤ ਸੁਹਣੀ ਤਰ੍ਹਾਂ ਨਿਖਰੀ ਹੈ। ਜੇ ਪੰਜਾਬੀ ਮੱਲ ਜੀਵਨ ਦੇ ਪਦਾਰਥਕ ਅਖਾੜੇ ਵਿਚ ਵੈਰੀਆਂ ਨਾਲ ਘੁਲਦਾ ਤੇ ਮਾਲੀ ਜਿੱਤਣ ਦਾ ਸਾਹਸ ਰਖਦਾ ਹੈ ਤਾਂ ਅਧਿਆਤਮਿਕ ਪਿੜ ਵਿਚ ਕਾਮਾਦਿਕ ਜਵਾਨਾਂ ਨਾਲ ਵੀ ਲੜਨ ਅਤੇ 'ਜੇਵੜੀ ਕਟਣ' ਦੀ ਮਾਲੀ ਜਿੱਤਣ ਲਈ ਸਦਾ ਤਤਪਰ ਹੈ। ਇਹ ਲੋਕ-ਪ੍ਰਵਿਰਤੀ ਹੀ ਇਸ ਰਚਨਾ ਦਾ ਬੜਾ ਸਜੀਵ ਲੋਕ-ਤੱਤ ਹੈ।

(5) ਆਦਿ ਕਾਲ ਤੋਂ ਹੀ ਲੋਕ-ਚੇਤਨਾ ਲੋਕ-ਮਨ ਨਾਲ ਇਕਸੁਰ ਹੋ ਕੇ ਕੁਝ ਰੂੜ੍ਹੀਆਂ ਤੇ ਪੈਟਰਨਾਂ ਨੂੰ ਸਿਰਜਦੀ ਰਹੀ ਹੈ, ਜੋ ਜੋਤ ਤੋਂ ਜੋਤ ਵਾਂਗ ਪ੍ਰਜ੍ਵਲਤ ਹੋ ਕੇ ਇਕ ਪੀੜ੍ਹੀ ਤੋਂ ਦੂਜੀ ਤਕ ਯਾਤ੍ਰਾ ਕਰਦੀਆਂ ਸਾਡੇ ਜੀਵਨ ਵਿਚ ਰਚਦੀਆਂ ਤੇ ਰਸਦੀਆਂ ਰਹੀਆਂ ਹਨ। ਪੁਰਖਿਆਂ ਤੋਂ ਮਿਲੀਆਂ ਇਹ ਪੈਟਰਨ ਰੂੜ੍ਹੀਆਂ ਸਿਰਫ਼ ਕਲਾ, ਸਾਹਿੱਤ ਜਾਂ ਸ਼ਿਲਪ ਵਿਚ ਹੀ ਰੂਪਮਾਨ ਨਹੀਂ ਹੋਈਆਂ, ਸਗੋਂ ਜੀਵਨ ਵਿਚ ਲੋਕ-ਵਿਸ਼ਵਾਸ਼ਾਂ, ਸੰਕਲਪਾਂ ਤੇ ਮਨੌਤਾਂ ਦਾ ਰੂਪ ਧਾਰ ਕੇ ਸਾਡੇ ਚਿੰਤਨ ਵਿਚ ਵੀ ਰਚ ਚੁਕੀਆਂ ਹਨ। ਇਹ ਪੈਟਰਨ ਤੇ ਰੂੜ੍ਹੀਆਂ ਜਿਨ੍ਹਾਂ ਦਾ ਸਿਰਜਣਾ-ਸ੍ਰੋਤ ਲੋਕ-ਅਨੁਭਵ ਹੈ, ਸਾਡੇ ਅਵਚੇਤਨ ਮਨ ਵਿਚ ਵਸੀਆ ਹੋਣ ਕਰ ਕੇ, ਸਾਡੇ ਲਈ ਖ਼ਾਸ ਅੰਤਰ-ਪ੍ਰੇਰਨਾ ਰਖਦੀਆਂ ਹਨ ਤੇ ਜਦੋਂ ਕਿਸੇ ਰਚਨਾ

ਵਿਚ ਇਨ੍ਹਾਂ ਦੀ ਵਰਤੋਂ ਹੁੰਦੀ ਹੈ ਤਾਂ ਉਹ ਰਚਨਾ ਸੁਤੇ ਸਿਧ ਹੀ ਲੋਕ-ਮਨ ਨੂੰ ਟੁੰਬਦੀ ਤੇ ਪ੍ਰਭਾਵਿਤ ਕਰਦੀ ਹੈ। ਇਹ ਰੂੜ੍ਹੀਗਤ ਪੈਟਰਨ ਲੋਕਧਾਰਾ ਦਾ ਅਨਿੱਖੜਵਾਂ ਅੰਗ ਹੋਣ ਕਰ ਕੇ, ਪ੍ਰਮੁਖ ਰੂਪ ਵਿਚ ਲੋਕ-ਤੱਤ ਹੀ ਹਨ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਕਾਫ਼ੀ ਮਾਤਰਾ ਵਿਚ ਪ੍ਰਾਪਤ ਹਨ। ਇਨ੍ਹਾਂ ਵਿਚੋਂ ਕੁਝ ਕੁ ਉਤੇ ਵਿਚਾਰ ਇਥੇ ਕੀਤੀ ਜਾਵੇਗੀ :—

(ੳ) ਆਦਿਮ ਮਨੁੱਖ ਦੀ ਇਕ ਪ੍ਰਵਿਰਤੀ ਇਹ ਰਹੀ ਹੈ ਕਿ ਉਹ ਸਭ ਜੜ੍ਹ ਚੇਤਨ ਵਸਤੂਆਂ ਵਿਚ ਕਿਸੇ ਆਤਮਾ ਨੂੰ ਅਨੁਭਵ ਕਰਦਾ ਸੀ, ਉਸ ਨੂੰ ਆਪਣੇ ਅੰਦਰ ਜੋ ਕੋਈ 'ਨਿਜ' ਬੈਠਾ ਪ੍ਰਤੀਤ ਹੁੰਦਾ ਸੀ, ਉਸੇ ਨਿਜ ਨੂੰ ਉਹ ਸਭ ਪਦਾਰਥਾਂ ਵਿਚ, ਬਿਨਾਂ ਜੜ੍ਹ ਚੇਤਨ ਦਾ ਨਿਖੇੜਾ ਕੀਤੇ ਦੇ, ਵਸਦਾ ਕਲਪ ਲੈਂਦਾ ਸੀ। ਇਹ ਸੰਕਲਪ ਚਰਿੱਤਰ ਵਿਚ ਲੋਕ-ਮਾਨਸੀ ਹੈ ਤੇ ਸਰਵ-ਚੇਤਨਵਾਦ ਅਖਵਾਉਂਦਾ ਹੈ। ਮਨੁੱਖ ਦੇ ਮਾਨਸਿਕ ਤੇ ਬੌਧਿਕ ਵਿਕਾਸ ਨਾਲ ਇਹੋ ਸਰਵ-ਚੇਤਨਵਾਦ ਬਹੁ-ਦੇਵਵਾਦ ਵਿਚ ਵਟ ਗਿਆ। ਹਿੰਦੂ ਪੁਰਾਣਧਾਰਾ ਵਿਚ ਜੋ ਤੇਤੀ ਕਰੋੜ ਦੇਵਤੇ ਮਿਲਦੇ ਹਨ, ਉਹ ਇਸੇ ਸੰਕਲਪ ਦੀ ਦੇਣ ਹਨ। ਇਸ ਵਾਦ ਦਾ ਲੋਕਾਂ ਦੇ ਦਿਲਾਂ ਉਤੇ ਇਤਨਾ ਡੂੰਘਾ ਅਸਰ ਰਿਹਾ ਕਿ ਕਾਵਿ ਵਿਚ ਇਸ ਦੀ ਭਾਵਨਾ ਅੱਜ ਵੀ ਮੂਲ ਰੂਪ ਵਿਚ ਸੁਰਜੀਤ ਹੈ। ਕਵੀ, ਕਾਵਿ ਵਿਚ ਕਲਪਨਾ ਤੇ ਭਾਵਾਂ ਦੁਆਰਾ ਜੋ ਜਗਤ ਸਿਰਜਦਾ ਹੈ ਉਹ ਵਾਸਤਵਿਕ ਜਗਤ ਨਾਲੋਂ ਵੱਖਰਾ ਤੇ ਅਦਭੁਤ ਹੁੰਦਿਆਂ ਵੀ ਓਪਰਾ ਨਹੀਂ ਲੱਗਦਾ। ਕਾਵਿ ਵਿਚ ਜੜ੍ਹ ਤੇ ਅਮੂਰਤ ਨੂੰ ਚੇਤਨ ਰੂਪ ਦੇਣ ਦੀ ਰੁਚੀ ਨਿਆਇ ਪੂਰਵਕ ਲੱਗਦੀ ਹੈ। ਕਾਵਿ ਵਿਚ ਜੜ੍ਹ ਤੇ ਅਮੂਰਤ ਨੂੰ ਚੇਤਨ ਤੇ ਸਮੂਰਤ ਰੂਪ ਵਿਚ ਚਿਤ੍ਰਣ ਦੀ ਪ੍ਰਥਾ ਮੂਲ ਵਿਚ ਸਰਵ ਚੇਤਨਵਾਦ ਦੀ ਹੀ ਰਹਿੰਦ-ਮਾਤ੍ਰ ਹੈ ਤੇ ਇਹ ਆਦਿਮ ਰੁਚੀ ਹੋਣ ਕਰ ਕੇ ਆਪਣੇ ਆਪ ਵਿਚ ਇਕ ਲੋਕ-ਤੱਤ ਹੀ ਹੈ। ਇਸ ਸੰਕਲਪ ਦਾ ਸਾਡੇ ਮਨ ਉਤੇ ਸੁਤੇ ਸਿਧ ਡੂੰਘਾ ਪ੍ਰਭਾਵ ਪੈਂਦਾ ਹੈ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਸ ਲੋਕ-ਪ੍ਰਵਿਰਤੀ ਦੀ ਸਭ ਤੋਂ ਸੁੰਦਰ ਉਦਾਹਰਣ 'ਵੰਞ ਮੇਰੇ ਆਲਸਾ ਹਰ ਪਾਸਿ ਬੇਨੰਤੀ, ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ...(ਆਸਾ ਮਹਲਾ ੫ ਛੰਤ) ਸ਼ਬਦ ਹੈ। ਇਸ ਛੰਤ ਵਿਚ ਕਰਤੇ ਦੇ ਘਰ ਆਉਣ ਉਤੇ 'ਆਲਸ' ਤੇ 'ਕਿਲਵਿਖਾਂ' ਨੂੰ ਘਰੋਂ ਦੌੜ ਜਾਣ ਤੇ 'ਬਿਰਹਾ' ਦੇ ਸ਼ਰਮ ਨਾਲ ਪਾਣੀ ਪਾਣੀ ਹੋਣ ਦੀ ਗੱਲ ਇਉਂ ਆਖੀ ਹੈ ਜਿਵੇਂ 'ਆਲਸ', 'ਕਿਲਵਿਖ' ਤੇ 'ਬ੍ਰਿਹਾ' ਕੋਈ ਪ੍ਰਾਣਧਾਰੀ ਵਿਅੱਕਤੀ ਹੋਣ।

ਇਹ ਸ਼ਬਦ ਆਦਿਮ ਪ੍ਰਵਿਰਤੀ ਦਾ ਸੋਹਣਾ ਨਮੂਨਾ ਹੈ। ਸਰਵ ਚੇਤਨਵਾਦ ਮਨੁੱਖ ਦੇ ਪਹਿਲੇ ਅਨੁਭਵਾਂ ਵਿਚੋਂ ਹੈ। ਮੁੱਢ ਵਿਚ ਇਹ ਅਨੁਭਵ ਰਹੱਸ ਸੀ ਅਤੇ ਪ੍ਰਕ੍ਰਿਤੀ ਤੇ ਜੜ੍ਹ ਵਿਚ ਲੀਨ ਕਿਸੇ ਗੁਪਤ ਸ਼ਕਤੀ ਵਲ ਸੰਕੇਤ ਕਰਦਾ ਸੀ। ਅੱਜ ਭਾਵੇਂ ਇਹ ਰਹੱਸ ਨਹੀਂ ਰਿਹਾ, ਪਰ ਰਹੱਸ ਦਾ ਆਨੰਦ ਦੇਂਦਾ ਹੈ। ਬਿਬੇਕ ਤੇ ਚੇਤਨਾ ਯਥਾਰਥ ਦੀ ਟੀਸੀ ਉਤੇ ਬੈਠੀਆਂ ਵੀ ਇਸ ਦਾ ਆਨੰਦ ਮਾਣਦੀਆਂ ਹਨ।

(ਅ) ਇਸੇ ਨਾਲ ਮਿਲਦਾ ਜੁਲਦਾ ਇਕ ਹੋਰ ਲੋਕ-ਸੰਕਲਪ ਪਸ਼ੂਆਂ ਪੰਛੀਆਂ ਨੂੰ ਮਨੁੱਖ ਦੀ ਮਾਨਸਿਕ ਅਵਸਥਾ ਤੇ ਆਚਾਰ-ਵਿਹਾਰ ਦੇ ਪ੍ਰਤਿਰੂਪ ਵਿਚ ਕਲਪਣਾ ਹੈ। ਆਦਿਮ-ਮਾਨਸ ਵਿਚ ਇਹ ਰੁਚੀ ਬੜੀ ਪ੍ਰਬਲ ਸੀ। ਉਹ ਪਹਿਲਾਂ ਕਿਸੇ ਵਸਤੂ ਨਾਲ ਕੋਈ ਸੰਕਲਪ ਜੋੜਦਾ ਤੇ ਫਿਰ ਉਸ ਨੂੰ ਯਥਾਰਥ ਮੰਨ ਕੇ ਉਸ ਵਿਚ ਆਸਥਾ ਰਖਣ ਲੱਗਦਾ। ਨੀਤੀ-ਕਥਾਵਾਂ ਇਸੇ ਸੰਕਲਪ ਉਤੇ ਆਧਾਰਿਤ ਹਨ। ਕਲਪਿਤ ਖ਼ਿਆਲ ਨੂੰ ਯਥਾਰਥਕ ਮੰਨ ਲੈਣਾ ਹੀ ਇਨ੍ਹਾਂ ਦੀ ਵਿਸ਼ੇਸ਼ਤਾ ਹੈ। ਚੰਨ-ਚਕੋਰ, ਚਾਤ੍ਰਿਕ-ਮੀਂਹ, ਭੰਵਰ-ਕੁਸਮ, ਮੱਛੀ-ਜਲ ਦਾ ਸਾਰਾ ਪ੍ਰੇਮ-ਸੰਕਲਪ ਕਲਪਣਾ ਨੂੰ ਹੀ ਯਥਾਰਥ ਜਾਣ ਕੇ ਸਿਰਜਿਆ ਗਿਆ ਹੈ। ਇਹ ਆਦਿਮ ਪ੍ਰਵਿਰਤੀ ਕਾਵਿ ਵਿਚ ਅਜੇ ਤਕ ਸੁਰਜੀਤ ਹੈ। ਗੁਰਬਾਣੀ ਵਿਚ ਮੱਛੀ ਦਾ ਜਲ ਨਾਲ, ਚਾਤ੍ਰਿਕ ਦਾ ਮੀਂਹ ਨਾਲ, ਭੰਵਰੇ ਦਾ ਫੁੱਲ ਨਾਲ ਤੇ ਚਕਵੀ ਦਾ ਸੂਰਜ ਨਾਲ ਪ੍ਰੇਮ ਇਸੇ ਸੰਕਲਪ ਵਿਚੋਂ ਫੁਟਿਆ ਹੈ।

ਇਸੇ ਤਰ੍ਹਾਂ ਹੰਸ ਦਾ ਸੁਭਾਵ ਮੋਤੀ ਚੁਗਣਾ ਹੈ ਅਤੇ ਉਹ ਦੁੱਧ ਤੋਂ ਪਾਣੀ ਨਿਖੇੜ ਲੈਂਦਾ ਹੈ। ਕੂੰਜਾਂ ਬੱਚੇ ਜੰਮ ਕੇ ਪ੍ਰਦੇਸ ਚਲੀਆਂ ਜਾਂਦੀਆਂ ਹਨ

ਅਤੇ ਧਿਆਨ ਤੇ ਸਿਮਰਨ ਰਾਹੀਂ ਉਨ੍ਹਾਂ ਦੀ ਪਾਲਣਾ ਕਰਦੀਆਂ ਹਨ। ਇਹ ਸਾਰੇ ਵਿਚਾਰ ਲੋਕ-ਤੱਤ ਹਨ, ਭਾਵ-ਵਿਸਤਾਰ ਨਹੀਂ। ਭਾਵ-ਵਿਸਤਾਰ ਵਿਚ ਆਸਥਾ ਨਹੀਂ ਹੁੰਦੀ, ਪਰ ਇਨ੍ਹਾਂ ਵਿਚਾਰਾਂ ਵਿਚ ਲੋਕਾਂ ਦੀ ਆਸਥਾ ਹੈ।

(ੲ) ਕੁਝ ਵਿਸ਼ਵਾਸ਼ ਜਿਨ੍ਹਾਂ ਵਿਚ ਸਾਡੀ ਧਾਰਮਿਕ ਆਸਥਾ ਹੈ, ਆਦਿਮ ਕਾਲ ਤੋਂ ਹੀ ਚਲੇ ਆ ਰਹੇ ਹਨ। ਉਨ੍ਹਾਂ ਦੀਆਂ ਰੂੜ੍ਹੀਆਂ ਪੌਰਾਣਿਕ ਕਥਾਵਾਂ ਵਿਚੋਂ ਹੁੰਦੀਆਂ ਸਾਡੇ ਤਕ ਪੁਜੀਆਂ ਹਨ। ਉਨ੍ਹਾਂ ਵਿਚ ਕੁਝ ਕੁ ਵਿਸ਼ਵਾਸ਼ ਜਿਨ੍ਹਾਂ ਤੋਂ ਸਾਨੂੰ ਮਨੋਬਲ ਮਿਲਦਾ ਹੈ ਤੇ ਭਗਤੀ ਭਾਵਨਾ ਦੀ ਵੀ ਮਾਨਸਿਕ ਤ੍ਰਿਪਤੀ ਹੁੰਦੀ ਹੈ, ਗੁਰਬਾਣੀ ਵਿਚ ਵੀ ਅਪਣਾ ਲਏ ਗਏ ਹਨ। ਇਹ ਵਿਸ਼ਵਾਸ਼ ਮੂਲ ਵਿਚ ਲੋਕ-ਤੱਤ ਹਨ ਜੋ ਪੌਰਾਣਿਕ ਕਥਾਵਾਂ ਵਿਚ ਵੱਖਰੀਆਂ ਤਰੰਗਾਂ ਦਾ ਰੂਪ ਧਾਰ ਅਧਿਆਤਮਕ ਪ੍ਰਕ੍ਰਿਆ ਦਾ ਹਿੱਸਾ ਬਣ ਗਏ ਹਨ। ਭਗਤੀ ਮਾਰਗ ਵਿਚ ਇਨ੍ਹਾਂ ਵਿਚੋਂ ਕੁਝ ਤੱਤ ਉਚੇਰੀ ਆਤਮਕ ਅਵਸਥਾ ਤਕ ਪਹੁੰਚਣ ਦੇ ਸਾਧਨ ਵੀ ਮੰਨ ਲਏ ਗਏ ਹਨ, ਜਿਹਾ ਕਿ ਚਰਨ-ਧੂੜੀ ਦਾ ਸੰਕਲਪ। ਉੱਚੀ ਆਤਮਿਕ ਅਵਸਥਾ ਤਕ ਪਹੁੰਚੇ ਹੋਏ ਸਾਧ-ਸੰਤ ਜਾਂ ਬ੍ਰਹਮ ਗਿਆਨੀ ਦੀ ਚਰਨ-ਧੂੜ ਨੂੰ ਛੂਹਣ ਨਾਲ ਮਨ ਦੇ ਨਿਰਮਲ ਹੋਣ, ਭਗਤੀ ਭਾਵਨਾ ਵਿਚ ਰੰਗੇ ਜਾਣ ਅਤੇ ਸੁਤੇ ਸਿਧ ਮੁਕਤੀ ਪ੍ਰਾਪਤ ਹੋਣ ਦੇ ਸੰਕਲਪ ਦਾ ਬੀਜ ਆਦਿਮ ਮਾਨਸ ਵਿਚੋਂ ਉਭਰਿਆ ਹੈ, ਜਿਸ ਦਾ ਆਧਾਰ ਲਾਗਵਾਂ ਟੂਣਾ ਹੈ। ਟੂਣਾ-ਚਿੰਤਨ ਅਨੁਸਾਰ ਕਿਸੇ ਅੰਸ਼ ਤੋਂ ਅੰਸ਼ੀ ਦੇ ਮੂਲ ਗੁਣਾਂ ਨੂੰ ਗ੍ਰਹਿਣ ਕਰਨਾ ਸੰਭਵ ਹੁੰਦਾ ਹੈ। ਮਹਾਂ ਪੁਰਸ਼ਾਂ ਦੇ ਅੰਦਰ ਇਕ ਗੌਰਵਮਈ ਅਧਿਆਤਮਕ ਸੂਹਜ ਅਤੇ ਦੈਵੀ ਸ਼ਕਤੀ ਅਥਵਾ ਕਣੀ ਹੁੰਦੀ ਹੈ। ਇਸ ਸੂਹਜ ਜਾਂ ਸ਼ਕਤੀ ਦਾ ਨਿਕਾਸ, ਚਰਣਾਂ ਰਾਹੀਂ ਹੀ ਬਾਹਰ ਵਲ ਹੁੰਦਾ ਮੰਨਿਆ ਗਿਆ ਹੈ ਤੇ ਪ੍ਰਵੇਸ਼ ਮਸਤਕ ਰਾਹੀਂ। ਮਨੁੱਖ ਇਸ ਸ਼ਕਤੀ ਨੂੰ ਮਸਤਕ ਰਾਹੀਂ ਹੀ ਆਪਣੇ ਅੰਦਰ ਗ੍ਰਹਿਣ ਕਰ ਸਕਦਾ ਹੈ। ਜਦੋਂ ਕੋਈ ਸ਼ਖ਼ਸ ਕਿਸੇ ਮਹਾਂਪੁਰਸ਼ ਦੇ ਚਰਣ ਛੂੰਹਦਾ ਅਥਵਾ ਮੱਥਾ ਟੇਕਦਾ ਹੈ ਤਾਂ ਇਸ ਸ਼ਕਤੀ ਦਾ ਕੁਝ ਅੰਸ਼ ਉਸ ਵਿਚ ਸੁਤੇ ਸਿਧ ਪ੍ਰਵੇਸ਼ ਕਰ ਜਾਂਦਾ ਹੈ। ਮਹਾਂਪੁਰਸ਼ਾਂ ਦੇ ਚਰਣਾਂ ਨਾਲ ਛੂੰਹਦੀ ਧੂੜੀ ਵਿਚ ਵੀ ਉਨ੍ਹਾਂ ਦੀ ਦੈਵੀ ਸ਼ਕਤੀ ਦੇ ਸਦਗੁਣੀ ਸੁਭਾਵ ਤੇ ਕਲਾਵਾਨ ਪ੍ਰਤਿਭਾ ਦਾ ਕੁਝ ਅੰਸ਼ ਮਾਤਰ ਸਮਾ ਜਾਂਦਾ ਹੈ ਅਤੇ ਸਾਧਕ ਇਸ ਧੂੜੀ ਨੂੰ ਮੱਥੇ ਉਤੇ ਲਗਾ ਕੇ ਸਹਿਜ ਭਾਵ ਵਿਚ ਹੀ ਕੁਝ ਦੈਵੀ ਅੰਸ਼ ਅੰਦਰ ਗ੍ਰਹਿਣ ਕਰ ਲੈਂਦਾ ਹੈ।

ਇਹ ਲੋਕ-ਤੱਤ ਭਗਤੀ-ਮਾਰਗ ਤੋਂ ਗੁਰਮਤਿ ਵਿਚ ਆਇਆ ਹੈ। ਭਗਤੀ-ਮਾਰਗ ਵਿਚ ਸਾਧਕ ਦਾ ਆਦਰਸ਼, ਸਾਧਯ ਵਿਚ ਲੀਨ ਹੋਣਾ ਹੈ। ਚਰਣ ਧੂੜੀ ਦਾ ਲੋਕ-ਸੰਕਲਪ ਭਗਤੀ-ਮਾਰਗ ਦੀ ਭਾਵਨਾ ਅਰਥਾਤ ਸਾਧਕ ਦਾ ਸਾਧਯ ਦੇ ਕਿਸੇ ਅੰਸ਼ ਰਾਹੀਂ ਉਸ ਤਕ ਪਹੁੰਚਣ ਦੇ ਅਨੁਕੂਲ ਹੈ। ਭਗਤੀ ਮਾਰਗ ਵਿਚ ਇਹੋ ਸੰਕਲਪ ਅਪਣਾਇਆ ਗਿਆ ਹੈ। ਇਸ ਵਿਸ਼ਵਾਸ਼ ਦਾ ਆਧਾਰ ਇਹ ਹੈ ਕਿ ਜਿਹੜੀ ਚੀਜ਼ ਇਕ ਵਾਰ ਕਿਸੇ ਸਰੀਰ ਨਾਲ ਛੁਹ ਜਾਂਦੀ ਹੈ, ਉਸ ਵਿਚ ਮੂਲ ਵਿਅੱਕਤੀ ਅੰਸ਼ ਮਾਤਰ ਕਿਸੇ ਨਾ ਕਿਸੇ ਰੂਪ ਵਿਚ ਸਮਾਇਆ ਰਹਿੰਦਾ ਹੈ। ਸਾਡੀਆਂ ਅਨੇਕਾਂ ਰਹੁ-ਰੀਤੀਆਂ ਇਸੇ ਸੰਕਲਪ ਉਤੇ ਆਧਾਰਿਤ ਹਨ।

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਕਮਲ ਚਰਣਾਂ ਵਿਚ ਧਿਆਨ ਜੋੜਨਾ ਤੇ ਚਰਣ ਧੂੜ ਨੂੰ ਮਸਤਕ ਲਗਾਉਣਾ ਪ੍ਰੇਮਾ-ਭਗਤੀ ਦਾ ਸਾਧਨ ਮਾਤਰ ਮੰਨਿਆ ਗਿਆ ਹੈ। ਅਨੇਕਾਂ ਤੁਕਾਂ 'ਮੋ ਕਉ ਕਰਿ ਸੰਤਨ ਕੀ ਧੂਰੇ'; 'ਸੰਤ ਜਨਾ ਕੀ ਬਾਛਉ ਧੂਰਿ'; 'ਧੂਰਿ ਸੰਤਨ ਕੀ ਨਾਨਕ ਦੀਜੈ'; ਆਦਿ ਵਿਚ ਚਰਣ-ਧੂੜੀ ਦੀ ਖ਼ੈਰ ਮੰਗੀ ਹੈ। ਗੁਰੂ ਦੇ ਚਰਣਾਂ ਦੀ ਧੂੜੀ; ਜਿਸ ਵਿਚ ਗੁਰੂ ਖ਼ੁਦ ਅੰਸ਼ ਰੂਪ ਵਿਚ ਸਮਾਇਆ ਹੋਇਆ ਹੈ, ਮਨ ਦੀ ਸਾਰੀ ਮੈਲ ਧੋ ਕੇ ਪੁਨੀਤ ਕਰ ਦੇਂਦੀ ਹੈ :—

ਧੂਰਿ ਭਗਤਨ ਕੀ ਮਨਿ ਤਨਿ ਲਗਉ
ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥
(ਬਿਹਾਗੜਾ ਮਹਲਾ ੫)

ਇਕ ਹੋਰ ਤੁਕ ਵਿਚ ਮਾਘੀ ਦੇ ਦਿਨ, ਜੋ ਇਸ਼ਨਾਨ ਲਈ ਸਭ ਤੋਂ ਵੱਧ ਪਵਿੱਤਰ ਮੰਨਿਆ ਗਿਆ ਹੈ, ਸਾਧਾਂ ਦੀ ਧੂੜੀ ਵਿਚ ਨਹਾਉਣ ਦਾ ਉਪਦੇਸ਼ ਕੀਤਾ ਹੈ :—

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰ ਇਸਨਾਨੁ

ਗਉੜੀ ਬਾਵਨ ਅੱਖਰੀ ਬਾਣੀ ਵਿਚ ਗੁਰੂ ਅਰਜਨ ਦੇਵ ਰਹਾਉ ਦੀ ਤੁਕ ਵਿਚ ਪ੍ਰਭੂ ਤੋਂ ਇਹੋ ਮੰਗ ਕਰਦੇ ਹਨ ਕਿ ਮਨ ਸੰਤਾਂ ਦੀ ਚਰਣ ਧੂੜੀ ਬਣਿਆ ਰਹੇ :—

ਕਰਿ ਕਿਰਪਾ ਪ੍ਰਭ ਦੀਨ ਦਇਆਲਾ
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ

ਪ੍ਰੋ: ਸਾਹਿਬ ਸਿੰਘ ਅਨੁਸਾਰ 'ਰਹਾਉ' ਦੀਆਂ ਤੁਕਾਂ ਵਿਚ ਹੀ ਲੰਮੀਆਂ ਬਾਣੀਆਂ ਦਾ ਕੇਂਦਰੀ ਖ਼ਿਆਲ ਜਾਂ ਸਾਰ ਹੁੰਦਾ ਹੈ। ਉਪਰੋਕਤ ਤੁਕ ਨੂੰ ਜੇ 'ਬਾਵਨ ਅਖਰੀ' ਦਾ ਸਾਰ ਮੰਨ ਲਿਆ ਜਾਵੇ ਤਾਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਚਰਣ ਧੂੜ ਦਾ ਸੰਕਲਪ ਗੁਰਮਤਿ ਵਿਚ ਕਿਤਨਾ ਮਹੱਤਵਪੂਰਣ ਥਾਉਂ ਰਖਦਾ ਹੈ।

ਗੁਰਮਤਿ ਵਿਚ ਗੁਰੂ ਤੇ ਸਾਧ ਸੰਗਤ ਨੂੰ ਬੜਾ ਪ੍ਰਤਿਸ਼ਠਿਤ ਸਥਾਨ ਪ੍ਰਾਪਤ ਹੈ। ਚਰਣ ਧੂੜ ਵਾਂਗ ਗੁਰੂ ਅਤੇ ਸਾਧ ਸੰਗਤ ਦੀ ਛੁਹ ਨਾਲ ਮਨ ਦੇ ਨਿਰਮਲ ਹੋਣ ਤੇ ਪ੍ਰਮਾਰਥਕ ਗਿਆਨ ਦੀ ਪ੍ਰਾਪਤੀ ਦੇ ਪਿਛੇ ਵੀ ਉਪਰੋਕਤ ਸੰਕਲਪ ਹੈ। ਗੁਰੂ ਅਰਜਨ ਦੇਵ ਅਨੁਸਾਰ ਸਾਧ ਦੀ ਸੰਗਤ ਪਾਪਾਂ ਦੀ ਮੈਲ ਕਟ ਕੇ ਮਨ ਨੂੰ ਨਿਰਮਲ ਕਰ ਦੇਂਦੀ ਹੈ :—

ਪਿੰਗੁਲ ਪਰਬਤ ਪਾਰਿ ਪਰੇ
ਖਲ ਚਤੁਰ ਬਕੀਤਾ
ਅੰਧੁਲੇ ਤ੍ਰਿਭਵਣ ਸੂਝਿਆ
ਗੁਰ ਭੇਟਿ ਪੁਨੀਤਾ
ਮਹਿਮਾ ਸਾਧੂ ਸੰਗ ਕੀ
ਸੁਨਹੁ ਮੇਰੇ ਮੀਤਾ
ਮੈਲੁ ਖੋਈ ਕੋਟਿ ਅਘ ਹਰੇ
ਨਿਰਮਲ ਭਏ ਚੀਤਾ ॥

(ਬਿਲਾਵਲ ਮਹਲਾ ੫)

ਇਸੇ ਤਰ੍ਹਾਂ ਕੁਝ ਹੋਰ ਵਿਸ਼ਵਾਸ਼ ਜਿਵੇਂ ਪ੍ਰਭੂ ਭਗਤਾਂ ਦੇ ਵਸ ਵਿਚ ਹੈ, ਉਹ ਭਗਤ ਵਛਲ ਹੈ, ਅਰਾਧਨਾ ਨਾਲ ਸਭ ਕਾਰਜ ਸਿਧ ਹੋ ਜਾਂਦੇ ਹਨ, ਸਾਧ ਬਚਨ ਅਟਲਾਧਾ ਹਨ, ਪਹੁੰਚੇ ਸੰਤਾਂ ਦੇ ਵਰਦਾਨ ਜਾਂ ਸਰਾਪ ਦਾ ਅਸਰ ਅਵੱਸ਼ ਹੁੰਦਾ ਹੈ, ਆਦਿ ਭਗਤੀ ਮਾਰਗ ਨਾਲ ਸੰਬੰਧਿਤ ਵਿਚਾਰ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਵੀ ਮਿਲਦੇ ਹਨ, ਇਨ੍ਹਾਂ ਸਭਨਾਂ ਦਾ ਮੂਲ ਆਧਾਰ ਲੋਕਧਾਰਾ ਹੈ।

(6) ਗੁਰਮਤਿ ਵਿਚ ਪ੍ਰੇਮਾ-ਭਗਤੀ, ਨਾਮ ਦੇ ਸਿਮਰਨ ਤੇ ਸ਼ਬਦ ਦੇ ਅਭਿਆਸ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਜਿਵੇਂ ਅਸੀਂ ਉਪਰ ਕਹਿ ਆਏ ਹਾਂ, ਭਗਤੀ ਮਾਰਗ ਵਿਚ ਕੁਝ ਮੂਲ ਤੱਤ ਲੋਕਧਾਰਾ ਦੇ ਹੀ ਹਨ। ਜੇ ਇਹ ਕਹਿ ਲਿਆ ਜਾਵੇ ਕਿ ਭਗਤੀ ਮਾਰਗ ਲੋਕ-ਤੱਤਾਂ ਦਾ ਹੀ ਭਾਵੁਕ ਤੇ ਬੌਧਿਕ ਸੰਗਠਨ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਭਗਤੀ ਭਾਵਨਾ ਦਾ ਅੰਕੁਰ ਪੂਰਵ ਆਰੀਆ ਕਾਲ ਵਿਚ ਹੀ ਭਾਰਤ ਦੀ ਭੋਇੰ ਵਿਚੋਂ ਨਿੰਮਿਆ। ਇਸ ਦੇ ਕੁਝ ਬੁਨਿਆਦੀ ਤੱਤ ਭਾਰਤ ਦੇ ਆਦਿ ਵਾਸੀਆਂ ਦੇ ਆਦਿਮ ਵਿਸ਼ਵਾਸ਼ਾਂ ਵਿਚੋਂ ਵਿਗਸੇ ਹਨ। ਭਗਤੀ ਦੇ ਅਨੇਕਾਂ ਵੱਡਮੁੱਲੇ ਕਿਣਕੇ ਵੇਦਾਂ, ਉਪਨਿਸ਼ਦਾਂ ਤੇ ਗੀਤਾ ਵਿਚ ਬਿਖਰੇ ਮਿਲਦੇ ਹਨ ਅਤੇ ਭਗਤੀ ਭਾਵਨਾ ਦਾ ਵਿਕਾਸ ਲੋਕਧਾਰਾ ਦੇ ਹੋਰ ਧਰਮ-ਪਰਕ ਤੱਤਾਂ ਵਾਂਗ ਸਹਿਜ ਭਾਵ ਵਿਚੋਂ ਹੀ ਹੋਇਆ ਹੈ। ਲੋਕ-ਮਨ ਵਿਚ ਕਈ ਸਦੀਆਂ ਤਕ ਭਗਤੀ ਦੀ ਭਾਵਨਾ ਦੀ ਚੰਗਿਆੜੀ ਮਘਦੀ ਤੇ ਭਖਦੀ ਰਹੀ ਅਤੇ ਅਖ਼ੀਰ ਮੱਧਕਾਲ ਵਿਚ, ਭਗਤੀ ਲਹਿਰ ਦੇ ਰੂਪ ਵਿਚ ਸ਼ੋਅਲੇ ਬਣ ਕੇ ਭੜਕ ਉਠੀ। ਭਗਤੀ ਭਾਵਨਾ ਆਦਿ ਕਾਲ ਤੋਂ ਚਲੀ ਆ ਰਹੀ ਇਕ ਲੋਕ-ਪ੍ਰਵਿਰਤੀ ਹੈ ਜੋ ਮੱਧਕਾਲ ਵਿਚ ਸ਼ਾਸਤ੍ਰੀ ਤੇ ਪੌਰਾਣਿਕ ਕਰਮ ਕਾਂਡਾਂ ਤੇ ਕਟਰਵਾਦ ਤੋਂ ਮੁਕਤ ਹੋ ਕੇ, ਇਕ ਵਿਲੱਖਣ ਪਰ ਪ੍ਰਬਲ ਧਾਰਾ ਦੇ ਰੂਪ ਵਿਚ ਸਭ ਬੰਨੇ ਵਟਾਂ ਤੋੜ ਕੇ ਫੈਲ ਤੁਰੀ।

ਭਗਤੀ ਭਾਵਨਾ ਨੂੰ ਮੁਕਤੀ ਦਾ ਸਫਲ ਸਾਧਨ ਦੱਸਣ ਲਈ ਜੋ ਪ੍ਰਮਾਣ ਪ੍ਰਚਲਤ ਹਨ, ਉਹ ਪੌਰਾਣਿਕ ਕਥਾਵਾਂ ਵਿਚੋਂ ਲਏ ਜਾਂਦੇ ਹਨ, ਜਿਵੇਂ ਪ੍ਰਹਿਲਾਦ, ਧ੍ਰੂ ਭਗਤ, ਰਾਜਾ ਹਰੀਚੰਦ, ਤਾਰਾਮਤੀ ਆਦਿ। "ਇਹ ਸਭ ਭਗਤ ਦੇਵ-ਵਰਗ ਦੀ ਥਾਂ, ਲੋਕ-ਵਰਗ ਵਿਚੋਂ ਸਨ, ਇਸ ਲਈ ਇਨ੍ਹਾਂ ਨੂੰ ਦੇਵ-ਨਾਇਕ ਦੀ ਥਾਂ ਲੋਕ-ਨਾਇਕ ਕਿਹਾ ਜਾ ਸਕਦਾ ਹੈ। ਵੈਸ਼ਨੋ ਮੱਤ ਦੀ ਸਾਰੀ

ਭਗਤੀ ਭਾਵਨਾ ਦੇ ਕੇਂਦਰ ਬਿੰਦੂ, ਰਾਮ ਤੇ ਕ੍ਰਿਸ਼ਨ ਪੌਰਾਣਿਕ ਮਹਾਂਪੁਰਸ਼ ਹਨ, ਦੇਵਤੇ ਨਹੀਂ। ਭਗਤੀ ਅੰਦੋਲਨ ਦਾ ਸਬੰਧ ਦੇਵ-ਵਰਗ ਦੀ ਥਾਂ ਲੋਕ-ਵਰਗ ਨਾਲ ਹੋਣਾ ਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਭਗਤੀ ਦੀ ਜਨਮ-ਭੂਮੀ ਲੋਕ-ਮਨ ਹੈ, ਭਾਵੇਂ ਦੇਵ-ਪੁਜਾਰੀਆਂ ਨੇ ਲੋਕ-ਵਰਗ ਦੇ ਇਨ੍ਹਾਂ ਨਾਇਕਾਂ ਨੂੰ ਕਿਸੇ ਦੇਵਤੇ ਦਾ ਅਵਤਾਰ ਸਿੱਧ ਕਰ ਕੇ ਦੇਵ-ਸ਼੍ਰੇਣੀ ਨਾਲ ਜੋੜਨ ਦਾ ਯਤਨ ਜ਼ਰੂਰ ਕੀਤਾ।

ਭਗਤੀ ਅੰਦੋਲਨ ਨੇ ਭਗਤੀ ਦੀ ਭਾਵਨਾ ਨਾਲ ਸਬੰਧਿਤ ਖਿੰਡੇ ਬਿਖਰੇ ਲੋਕ-ਤੱਤਾਂ ਨੂੰ, ਇਕ ਸੰਗਠਿਤ ਰੂਪ ਦੇ ਕੇ ਉਨ੍ਹਾਂ ਨੂੰ ਬੌਧਿਕ ਮਾਨਤਾ ਪ੍ਰਦਾਨ ਕੀਤੀ। ਭਗਤੀ ਮਾਰਗ ਵਿਚ ਨਾਮ, ਸ਼ਬਦ ਤੇ ਕੀਰਤਨ ਦਾ ਬੜਾ ਮਹੱਤਵ ਹੈ ਤੇ ਇਹ ਤੱਤ ਆਦਿ ਕਾਲ ਤੋਂ ਲੋਕ-ਚਿੰਤਨ ਦਾ ਅੰਗ ਚਲੇ ਆ ਰਹੇ ਹਨ। ਨਾਮ ਰਾਹੀਂ ਨਾਮੀ ਉਤੇ ਅਧਿਕਾਰ ਪ੍ਰਾਪਤ ਕਰਨ ਦੇ ਸਿਧਾਂਤ ਪਿਛੇ ਇਹ ਆਦਿਮ ਸੰਕਲਪ ਵਿਦਮਾਨ ਹੈ ਕਿ ਜਿਹੜੀ ਸਾਮਗ੍ਰੀ ਕਿਸੇ ਵਿਅੱਕਤੀ ਨਾਲ ਸੂਖਮ ਜਾਂ ਸਥੂਲ ਰੂਪ ਵਿਚ ਕਿਸੇ ਸਮੇਂ ਵੀ ਸੰਬੰਧਿਤ ਰਹੀ ਹੋਵੇ, ਉਸ ਦੇ ਮਾਧਿਅਮ ਰਾਹੀਂ ਮੂਲ ਨੂੰ ਵਸ ਕੀਤਾ ਜਾ ਸਕਦਾ ਹੈ। ਆਦਿਮ-ਚਿੰਤਨ ਅਨੁਸਾਰ 'ਨਾਮ' ਸੂਖਮ ਤੇ ਗੁਪਤ ਰੂਪ ਵਿਚ 'ਨਾਮੀ' ਨਾਲ ਸਬੰਧਿਤ ਹੁੰਦਾ ਹੈ। 'ਨਾਮ' 'ਨਾਮੀ' ਦਾ ਮੂਲ ਤੱਤ ਹੈ ਤੇ 'ਨਾਮ' ਨਾਲ 'ਨਾਮੀ' ਅਭੇਦ ਹੁੰਦਾ ਹੈ। ਇਸ ਸਿਧਾਂਤ ਨੂੰ ਜੇ ਜ਼ਰਾ ਵਿਸਤਾਰ ਦਿਤਾ ਜਾਏ ਤਾਂ ਬ੍ਰਹਮ ਦਾ 'ਨਾਮ' ਹੀ ਬ੍ਰਹਮ ਹੈ। 'ਨਾਮ' ਦੇ ਜਾਪ ਨਾਲ ਸਾਧਕ ਵਿਚ ਬ੍ਰਹਮ ਦੀ ਅੰਸ਼-ਕਣੀ ਸਹਿਜ ਰੂਪ ਵਿਚ ਸਮਾ ਜਾਂਦੀ ਹੈ ਤੇ ਸਾਧਕ ਬ੍ਰਹਮ ਦੇ ਨੇੜੇ ਹੁੰਦਾ ਜਾਂਦਾ ਹੈ ਅਤੇ ਸਹਿਜੇ ਸਹਿਜੇ ਸਾਧਕ 'ਨਾਮ' ਰਾਹੀਂ 'ਨਾਮੀ' ਵਿਚ ਅਥਵਾ ਬ੍ਰਹਮ ਦੇ ਨਾਮ ਰਾਹੀਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ।

ਆਦਿਮ ਮਨੁੱਖ 'ਨਾਮ' ਵਿਚ ਹੀ 'ਨਾਮੀ' ਦਾ ਮੂਲ ਤੱਤ ਮੰਨਦਾ ਸੀ, ਪ੍ਰੰਤੂ ਉਸ ਨੇ ਇਸ ਸੰਕਲਪ ਨੂੰ ਬੌਧਿਕ ਤੇ ਮਾਨਸਿਕ ਪ੍ਰਾਪਤੀਆਂ ਦੀ ਥਾਂ ਸੰਸਾਰਕ ਸੁਖਾਂ ਤੇ ਮਨੋਕਾਮਨਾਵਾਂ ਦੀ ਪੂਰਤੀ ਲਈ ਵਰਤਦਿਆਂ, ਇਸ ਨੂੰ ਜਾਦੂ-ਟੂਣੇ ਤੇ ਰਹੁ-ਰੀਤੀਆਂ ਦਾ ਆਧਾਰ ਬਣਾਇਆ। ਲਾਗਵਾਂ ਟੂਣਾ ਇਸੇ ਸਿਧਾਂਤ ਤੋਂ ਟੇਕ ਲੈਂਦਾ ਹੈ ਕਿ ਜਿਹੜੀ ਵਸਤੂ ਇਕ ਵਾਰ ਕਿਸੇ ਪ੍ਰਾਣੀ ਦੇ ਸੰਪਰਕ ਵਿਚ ਕਿਸੇ ਵੇਲੇ ਵੀ ਰਹੀ ਹੋਵੇ, ਉਹ ਉਸ ਤੋਂ ਅੱਡ ਹੋ ਕੇ ਵੀ ਕਿਸੇ ਸੂਖਮ ਸਬੰਧਾਂ ਦੁਆਰਾ ਮੂਲ ਨਾਲ ਜੁੜੀ ਰਹਿੰਦੀ ਹੈ ਤੇ ਉਸ ਅੰਸ਼ ਰਾਹੀਂ ਮੂਲ ਅੰਸ਼ੀ ਨਾਲ ਸੰਪਰਕ ਜੋੜਿਆ ਜਾ ਸਕਦਾ ਹੈ। 'ਨਾਮੀ' ਜੇ 'ਅੰਸ਼ੀ' ਹੈ ਤਾਂ 'ਨਾਮ' ਉਸ ਦਾ 'ਅੰਸ਼' ਹੈ।

ਕਈ ਆਦਿਮ ਜਾਤੀਆਂ ਵਿਚ ਨਾਉਂ ਦੀ ਮਹੱਤਤਾ ਕਾਰਨ ਪ੍ਰਾਣੀ ਦਾ ਅਸਲ ਨਾਉਂ ਗੁਪਤ ਰਖਣ ਦੀ ਪ੍ਰਥਾ ਹੈ। ਨਿਤ ਦੇ ਵਰਤਾਰੇ ਵਿਚ ਕੋਈ ਉਪ-ਨਾਉਂ ਹੀ ਵਰਤਿਆ ਜਾਂਦਾ ਹੈ। 'ਨਾਮ' ਦੇ ਗੁਪਤ ਰਖਣ ਦਾ ਕਾਰਨ 'ਨਾਮੀ' ਨੂੰ, ਗੁਪਤ ਵਿਧੀਆਂ ਰਾਹੀਂ, ਕਿਸੇ ਦੂਜੇ ਦੇ ਅਧਿਕਾਰ ਹੇਠ ਆਉਣ ਤੋਂ ਬਚਾਉਣਾ ਹੈ। ਦੇਵੀ ਦੇਵਤਿਆਂ ਦੇ ਅਨੇਕਾਂ ਨਾਵਾਂ ਦੇ ਪ੍ਰਚਲਤ ਹੋਣ ਦਾ ਕਾਰਨ ਵੀ ਇਹੋ ਸੰਕਲਪ ਹੈ। ਉਪਾਸ਼ਕ ਆਪਣੇ ਇਸ਼ਟ ਦੇਵ ਦਾ ਮੂਲ ਨਾਉਂ ਗੁਪਤ ਰਖਦੇ ਸਨ ਤੇ ਉਸ ਦਾ ਕਿਰਤਮ ਨਾਮ ਹੀ ਨੀਵੀਆਂ ਸ਼੍ਰੇਣੀਆਂ ਜਾਂ ਗ਼ੈਰ ਜਾਤੀ ਦੇ ਲੋਕਾਂ ਨੂੰ ਦੱਸਿਆ ਕਰਦੇ ਸਨ। ਕਿਉਂ ਜੋ ਮੂਲ ਵਿਅੱਕਤੀ 'ਨਾਮ' ਵਿਚ ਲੀਨ ਹੁੰਦਾ ਹੈ ਤੇ ਗ਼ੈਰ-ਜਾਤੀਆਂ ਦੇ ਅਧਿਕਾਰ ਹੇਠ ਆ ਕੇ ਉਸ ਦੇ ਭ੍ਰਿਸ਼ਟ ਹੋਣ ਦੀ ਸੰਭਾਵਨਾ ਰਹਿੰਦੀ ਹੈ।

ਗੁਰਮਤਿ ਵਿਚ ਪ੍ਰਭੂ ਵਿਚ ਲੀਨ ਹੋਣ ਦਾ ਮੁਖ ਸਾਧਨ ਨਾਮ ਦਾ ਜਾਪ ਹੈ :—

ਅਵਰਿ ਕਾਜ ਤੇਰੈ ਕਿਤੈ ਨ ਕਾਮ
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।
(ਆਸਾ ਮਹਲਾ ੫)

ਨਾਮ ਕਲਿਆਣ ਰੂਪ ਹੈ। ਨਾਮ ਸਭ ਦੁਖਾਂ ਕਲੇਸ਼ਾਂ ਦਾ ਦਾਰੂ ਹੈ ਤੇ ਨਾਮ ਦਾ ਜਾਪ ਜਗਿਆਸੂ ਨੂੰ ਵਿਸਮਾਦ ਦੀ ਉਚੇਰੀ ਅਵਸਥਾ ਵਿਚ ਪਹੁੰਚਾ ਦੇਂਦਾ ਹੈ। ਨਾਮ ਦੀ ਮਹੱਤਤਾ ਬਾਰੇ ਗੁਰੂ ਅਰਜਨ ਦੇਵ ਜੀ ਲਿਖਦੇ ਹਨ :—

(ੳ) ਸਰਬ ਰੋਗ ਕਾ ਅਉਖਦੁ ਨਾਮੁ
ਕਲਿਆਣ ਰੂਪ ਮੰਗਲ ਗੁਣਗਾਮ।
(ਗਉੜੀ ਸੁਖਮਨੀ)

(ਅ) ਕੋਟਿ ਅਘਾ ਸਭਿ ਨਾਸ ਹੋਹਿ
ਸਿਮਰਤਿ ਹਰਿ ਨਾਉ
ਮਨ ਚਿੰਦੇ ਫਲ ਪਾਈਅਹਿ
ਹਰਿ ਕੇ ਗੁਣ ਗਾਉ
ਜਨਮ ਮਰਣ ਭੈ ਕਟੀਅਹਿ
ਨਿਹਚਲ ਸਚੁ ਥਾਉ
(ਵਾਰ ਜੈਤਸਰੀ ਮਹਲਾ ੫)

ਨਾਮ ਨੂੰ ਹਿਰਦੇ ਵਿਚ ਵਸਾ ਕੇ ਜੀਵ ਬ੍ਰਹਮ ਵਿਚ ਇਉਂ ਲੀਨ ਹੋ ਜਾਂਦਾ ਹੈ ਕਿ ਦੋਹਾਂ ਵਿਚ ਕੋਈ ਭਿੰਨ-ਭੇਦ ਨਹੀਂ ਰਹਿੰਦਾ :—

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ
ਏਕਹਿ ਆਪਿ ਨਹੀ ਕਛੁ ਭਰਮੁ ।
(ਗਉੜੀ ਸੁਖਮਨੀ)

ਗੁਰੂ ਨਾਨਕ ਦੇਵ ਨੇ ਵੀ ਇਹੋ ਭਾਵ ਧਨਾਸਰੀ ਰਾਗ ਵਿਚ 'ਠਾਕੁਰ ਮਹਿ ਦਾਸੁ ਦਾਸ ਮਹਿ ਸੋਇ' ਰਾਹੀਂ ਪ੍ਰਗਟ ਕੀਤਾ ਹੈ ।

ਗੁਰਮਤਿ ਵਿਚ ਨਾਮ ਦਾ ਸੰਕਲਪ ਆਦਿਮ ਦੇ ਨਾਮ ਦੇ ਸੰਕਲਪ ਨਾਲੋਂ ਵਿਲਖਣ ਹੈ। ਗੁਰਮਤਿ ਦਾ ਨਾਮ ਆਦਿਮ ਮਾਨਵ ਦੇ ਨਾਮ ਨਾਲੋਂ ਵਧੇਰੇ ਸੂਖਮ, ਅਲੱਖ ਤੇ ਸਰਬ ਵਿਆਪੀ ਹੈ । ਆਦਿਮ ਵਿਚ ਨਾਮ ਇਕ ਅਜਿਹੀ ਸੰਗਿਆ ਹੈ, ਜੋ ਮੂਲ ਤੱਤ ਨਾਲ ਜੁੜੀ ਰਹਿੰਦੀ ਹੈ ਤੇ ਸੀਮਿਤ ਹੈ। ਗੁਰਮਤਿ ਵਿਚ ਨਾਮ ਇਕ ਅਸੀਮ ਸ਼ਕਤੀ ਹੈ ਜੋ ਸਾਰੀ ਰਚਨਾ ਵਿਚ ਅਨੇਕਾਂ ਰੂਪਾਂ ਵਿਚ ਸਮਾਈ ਹੋਈ ਹੈ :—

ਨਾਮ ਕੇ ਧਾਰੇ ਸਗਲੇ ਜੰਤ
ਨਾਮ ਕੇ ਧਾਰੇ ਖੰਡ ਬ੍ਰਹਮੰਡ......(ਸੁਖਮਨੀ)

ਆਦਿਮ ਮਾਨਵ ਨਾਮ ਨੂੰ ਨਾਮੀ ਉਤੇ ਅਧਿਕਾਰ ਪ੍ਰਾਪਤ ਕਰਨ ਲਈ ਵਰਤਦਾ ਸੀ, ਮੋਖ ਲਈ ਨਹੀਂ; ਬਾਣੀ ਵਿਚ ਨਾਮ ਮੁਕਤੀ ਦਾ ਸਾਧਨ ਹੈ ।

ਨਾਮ ਦਾ ਜਾਪ ਤੇ ਸਿਮਰਨ ਸ਼ਬਦ ਰਾਹੀਂ ਕੀਤਾ ਜਾਂਦਾ ਹੈ, ਇਸ ਲਈ ਇਥੇ ਸ਼ਬਦ ਸ਼ਕਤੀ ਉਤੇ ਵਿਚਾਰ ਕਰਨੀ ਵੀ ਜ਼ਰੂਰੀ ਜਾਪਦੀ ਹੈ ।

ਭਗਤੀ ਮਾਰਗ ਵਿਚ 'ਸ਼ਬਦ' ਦੀ ਵੀ ਇਕ ਖ਼ਾਸ ਮਹੱਤਤਾ ਹੈ । ਸ਼ਬਦ ਇਕ ਅਜਿਹਾ ਦੀਪਕ ਹੈ ਜੋ ਅੰਧਕਾਰ ਨੂੰ ਮਿਟਾਂਦਾ ਅਤੇ ਮਨ ਨੂੰ ਟਿਕਾਓ ਵਿਚ ਰਖਦਾ ਹੈ :—

(ੳ) ਅੰਧਕਾਰੁ ਮਿਟਿਓ ਤਿਹ ਤਨ ਤੇ
ਗੁਰਿ ਸਬਦਿ ਦੀਪਕੁ ਪਰਗਾਸਾ
(ਅ) ਜਿਉ ਮੰਦਰ ਕਉ ਥਾਮੈ ਥੰਮਨੁ
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ
(ਸੁਖਮਨੀ)

ਸ਼ਬਦ ਆਪਣੀ ਸ਼ਕਤੀ ਨਾਲ ਪ੍ਰਾਣੀ ਦੀ ਰੱਖਿਆ ਵੀ ਕਰਦਾ ਹੈ :—

ਗੁਰ ਕਾ ਸਬਦੁ ਰਖਵਾਰੇ
ਚਉਕੀ ਚਉਗਿਰਦ ਹਮਾਰੇ
ਰਾਮ ਨਾਮਿ ਮਨੁ ਲਾਗਾ
ਜਮੁ ਲਜਾਇ ਕਰਿ ਭਾਗਾ
(ਸੋਰਠਿ ਮਹਲਾ ੫)

ਗੁਰਬਾਣੀ ਵਿਚ ਸ਼ਬਦ ਖ਼ੁਦ ਬ੍ਰਹਮ ਹੈ। ਸ਼ਬਦ ਦੀ ਪ੍ਰਾਪਤੀ ਹੀ ਬ੍ਰਹਮ ਦੀ ਪ੍ਰਾਪਤੀ ਹੈ । ਸ੍ਰਿਸ਼ਟੀ ਦਾ ਆਰੰਭ ਸ਼ਬਦ ਦੀ ਧੁਨੀ ਤੋਂ ਹੀ ਹੋਇਆ :—

ਉਤਪਤਿ ਪਰਲਉ ਸਬਦੇ ਹੋਵੈ
ਸਬਦੇ ਹੀ ਫਿਰ ਓਪਤਿ ਹੋਵੈ
(ਮਾਝ ਮਹਲਾ ੩)

ਗੁਰੂ ਨਾਨਕ ਦੇਵ ਅਨੁਸਾਰ ਸ਼ਬਦ ਸਾਰੇ ਸੰਸਾਰ ਵਿਚ ਰਸਿਆ ਤੇ ਰਮਿਆ ਹੋਇਆ ਹੈ :—

ਚਹੁਦਿਸਿ ਹੁਕਮੁ ਵਰਤੈ ਪ੍ਰਭ ਤੇਰਾ
ਚਹੁਦਿਸਿ ਨਾਮੁ ਪਤਾਲੰ
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ
ਕਰਮ ਮਿਲੈ ਬੇਆਲੰ (ਮਲ੍ਹਾਰ ਮਹਲਾ ੧)

ਸ਼ਬਦ ਜਾਂ ਗੁਰਮੰਤ੍ਰ ਦੀ ਅਥਾਹ ਸ਼ਕਤੀ ਪਿਛੇ ਜੋ ਸੰਕਲਪ ਹੈ, ਉਸ ਦਾ ਮੂਲ ਵੀ ਅੰਸ਼ ਤੇ ਅੰਸ਼ੀ ਦੀ ਅਭੇਦਤਾ ਹੈ। ਸ਼ਬਦ ਜਾਂ ਗੁਰਮੰਤ੍ਰ ਜੋ ਕਿਸੇ ਗੁਰੂ ਪੀਰ ਜਾਂ ਦੈਵੀ ਗੁਣਾਂ ਦੇ ਧਾਰਨੀ ਮਹਾਂਪੁਰਸ਼ ਦਾ ਉਚਾਰਿਆ ਹੁੰਦਾ ਹੈ, ਉਸ ਵਿਚ ਉਸ ਮਹਾਂਪੁਰਸ਼ ਦੇ ਆਤਮ-ਤੱਤ ਤੇ ਅਧਿਆਤਮਕ ਸਾਧਨਾ ਅੰਸ਼ ਮਾਤਰ ਵਿਚ ਲੀਨ ਰਹਿੰਦੇ ਹਨ ਤੇ ਜਦੋਂ ਕੋਈ ਪ੍ਰਾਣੀ ਉਸ ਸ਼ਬਦ ਜਾਂ ਗੁਰ-ਮੰਤਰ ਦਾ ਉਚਾਰਨ ਜਾਂ ਜਾਪ ਕਰਦਾ ਹੈ ਤਾਂ ਇਸ ਸਾਧਨਾ ਰਾਹੀਂ ਉਸ ਮਹਾਂਪੁਰਸ਼ ਦੇ ਆਤਮ-ਤੱਤ ਦਾ ਕੁਝ ਅੰਸ਼ ਸਾਧਕ ਵਿਚ ਲੀਨ ਹੋ ਜਾਂਦਾ ਹੈ । ਸ਼ਬਦ ਵਿਚ ਬ੍ਰਹਮ ਜਾਂ ਗੁਰੂ ਖ਼ੁਦ ਅੰਸ਼ ਰੂਪ ਹੋ ਕੇ ਵਸਦਾ ਹੈ ਤੇ ਉਥੋਂ ਹੀ ਆਪਣੀ ਦੈਵੀ ਸ਼ਕਤੀ

ਨਾਲ ਸਾਡੀ ਕਾਮਨਾ-ਸਿਧੀ ਕਰਦਾ ਹੈ।

ਲੋਕਧਾਰਾ ਵਿਚ ਮੰਤ੍ਰ ਤੋਂ ਭਾਵ ਉਹ ਸ਼ਬਦ ਜਾਂ ਸ਼ਬਦ-ਸਮੂਹ ਹੈ ਜਿਸ ਦੇ ਉਚਾਰਨ ਨਾਲ ਪ੍ਰਾਣੀ ਦੀ ਸੰਕਟ ਸਮੇਂ ਰੱਖਿਆ ਹੋਵੇ। ਮੰਤ੍ਰ ਦੇ ਸ਼ਬਦ ਵਿਚ ਇਕ ਸ਼ਕਤੀ ਮੰਨ ਲਈ ਗਈ ਹੈ ਜੋ ਸਹਿਜ ਭਾਵ ਵਿਚ ਹੀ ਰੱਖਿਆ ਕਰਦੀ ਅਤੇ ਮਨੋ-ਕਾਮਨਾ ਪੂਰੀਆਂ ਕਰਦੀ ਹੈ।

ਗੁਰੂ ਅਰਜਨ ਦੇਵ ਨੇ ਵੀ ਗੁਰਮੰਤਰ ਨੂੰ ਇਕ ਅਜਿਹੀ ਸ਼ਕਤੀ ਦਸਿਆ ਹੈ, ਜੋ ਦੁਖ-ਕਲੇਸ਼ ਤੇ ਡਰ ਤੋਂ ਮੁਕਤ ਕਰਦਾ ਹੈ :—

ਦੁਖੁ ਕਲੇਸੁ ਨ ਭਉ ਬਿਆਪੈ
ਗੁਰ ਮੰਤ੍ਰੁ ਹਿਰਦੈ ਹੋਇ
(ਸ੍ਰੀ ਰਾਗ ਮਹਲਾ ੫)

ਇਕ ਪਾਸੇ ਸਾਧਕ ਨਾਮ ਦੇ ਮਾਧਿਅਮ ਤੋਂ ਨਾਮੀ (ਬ੍ਰਹਮ) ਤਕ ਪਹੁੰਚਣ ਦੇ ਯਤਨ ਕਰਦਾ ਹੈ ਅਤੇ ਦੂਜੇ ਪਾਸੇ ਆਪਣੇ ਅੰਦਰ ਵਸਦੀ ਉਸ ਜੋਤ ਰਾਹੀਂ ਜੋ ਨਾਮੀ (ਬ੍ਰਹਮ) ਦਾ ਹੀ ਅੰਸ਼ ਹੈ, ਬ੍ਰਹਮ ਤਕ। ਆਤਮਾ, ਬ੍ਰਹਮ ਦੀ ਅੰਸ਼ ਹੈ ਤੇ ਅੰਸ਼ ਰਾਹੀਂ ਅੰਸ਼ੀ ਤਕ ਪਹੁੰਚਣ ਦਾ ਸਿਧਾਂਤ ਜਿਵੇਂ ਕਿ ਉਪਰ ਦਸਿਆ ਜਾ ਚੁਕਾ ਹੈ, ਆਦਿਮ ਸੰਕਲਪ ਹੈ। ਭਗਤੀ ਮਾਰਗ ਵਿਚ ਇਸੇ ਆਦਿਮ ਅਭਿਆਸ ਨੂੰ ਬ੍ਰਹਮ ਤਕ ਪਹੁੰਚਣ ਲਈ ਅਪਣਾ ਲਿਆ ਗਿਆ ਹੈ।

ਪ੍ਰਭੂ ਅੰਸ਼ ਰੂਪ ਵਿਚ ਸਾਡੇ ਅੰਦਰ ਵਸਦਾ ਹੈ। ਨਿਰੰਕਾਰ ਨੇ ਮਨੁੱਖੀ ਸਰੀਰ ਵਿਚ ਆਪਣੀ ਜੋਤਿ, ਬੀਜ ਰੂਪ ਵਿਚ ਰਖੀ ਹੋਈ ਹੈ :—

ਸਰਬ ਜੋਤਿ ਮਹਿ ਜਾ ਕੀ ਜੋਤਿ
ਧਾਰਿ ਰਹਿਓ ਸੁਆਮੀ ਓਤਿਪੋਤਿ
(ਗਉੜੀ ਸੁਖਮਨੀ)

ਜੀਵ ਇਸ ਜੋਤਿ ਨੂੰ ਠੀਕ ਸਾਧਨਾ ਨਾਲ ਵਿਗਸਿਤ ਕਰ ਕੇ ਇਸੇ ਜੋਤਿ ਅੰਸ਼ ਤੋਂ ਮੂਲ-ਤਤ ਅਰਥਾਤ ਨਿਰੰਕਾਰ ਅੰਸ਼ੀ ਤਕ ਪਹੁੰਚਣ ਵਿਚ ਸਫਲ ਹੋ ਸਕਦਾ ਹੈ। ਗੁਰਮਤਿ ਵਿਚ ਨਾਮ ਦਾ ਜਾਪ ਤੇ ਧਿਆਨ, ਸਿਮਰਨ ਤੇ ਭਗਤੀ ਭਾਵਨਾ ਆਦਿ ਬ੍ਰਹਮ ਤਕ ਪਹੁੰਚਣ ਦੇ ਮਾਰਗ ਹਨ ਅਤੇ ਇਨ੍ਹਾਂ ਰਾਹੀਂ ਅਖੀਰ ਜੀਵਾਤਮਾ ਦਾ ਅੰਸ਼ ਬ੍ਰਹਮ ਅੰਸ਼ੀ ਤਕ ਪਹੁੰਚ ਜਾਂਦਾ ਹੈ, ਜਿਵੇਂ ਸੂਰਜ ਨੂੰ ਸੂਰਜ ਦੀ ਕਿਰਨ ਜਾ ਮਿਲਦੀ ਹੈ :—

ਸੂਰਜ ਕਿਰਣਿ ਮਿਲੇ
ਜਲ ਕਾ ਜਲੁ ਹੂਆ ਰਾਮ
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕਾ ਏਕੁ ਵਖਾਣੀਐ।
ਆਤਮ ਪਸਾਰਾ ਕਰਣਹਾਰਾ
ਪ੍ਰਭ ਬਿਨਾ ਨਹੀਂ ਜਾਣੀਐ।
(ਬਿਲਾਵਲੁ ਮਹਲਾ ੫)

(7) ਆਦਿ ਕਾਲ ਤੋਂ ਹੀ ਕੁਝ ਅਨੁਭਵ ਅੱਗੇ ਤੁਰਦੇ ਆ ਰਹੇ ਹਨ। ਜੋ ਸਮੁੱਚੀ ਜਾਤੀ ਦੀ ਸੋਚ ਦਾ ਹਿੱਸਾ ਬਣ ਕੇ ਜੀਵਨ, ਕਲਾ ਦੇ ਸਾਹਿੱਤ ਵਿਚ ਵੀ ਰੂਪਮਾਨ ਹੁੰਦੇ ਰਹੇ ਹਨ। ਆਦਿਮ ਮਨੁੱਖ ਦੀ ਇਕ ਪ੍ਰਬਲ ਰੁਚੀ ਇਹ ਰਹੀ ਹੈ ਕਿ ਹਰ ਰਹੱਸਮਈ ਤੇ ਅਬੋਧ ਵਸਤੂ ਨੂੰ ਆਪਣੇ ਨਿੱਜ ਜਾਂ ਆਲੇ ਦੁਆਲੇ ਦੇ ਪ੍ਰਤਿਰੂਪ ਵਿਚ ਹੀ ਵੇਖਦਾ ਤੇ ਉਸ ਨੂੰ ਆਪਣੇ ਨਿਜੀ ਜੀਵਨ ਸੱਚੇ ਵਿਚ ਹੀ ਢਲੀ ਅਨੁਭਵ ਕਰਦਾ ਰਿਹਾ ਹੈ। ਉਹ ਕਲਪਣਾ ਨੂੰ ਯਥਾਰਥ ਮੰਨ ਕੇ ਉਸ ਵਿਚ ਆਸਥਾ ਵੀ ਰਖਦਾ ਰਿਹਾ ਹੈ। ਅਬੋਧ ਤੇ ਰਹੱਸਮਈ ਜਗਤ ਨਾਲ ਜੀਵ ਦੇ ਰਿਸ਼ਤਿਆਂ ਨੂੰ ਸੰਸਾਰਕ ਰਿਸ਼ਤਿਆਂ ਦੇ ਪ੍ਰਤਿਰੂਪ ਵਿਚ ਵੇਖਣਾ ਲੋਕ-ਪ੍ਰਵਿਰਤੀ ਤੇ ਅਨੁਭਵ-ਵਿਧੀ ਹੈ। ਗੁਰਬਾਣੀ ਵਿਚ ਪ੍ਰਮਾਤਮਾ ਤੇ ਜੀਵਾਤਮਾ ਦੇ ਰਹੱਸਮਈ ਰਿਸ਼ਤੇ ਨੂੰ ਦੰਪਤੀ ਦਾ ਪ੍ਰਤਿਰੂਪ ਦਿਤਾ ਗਿਆ ਹੈ ਅਰਥਾਤ ਪ੍ਰਭੂ ਪਤੀ ਹੈ ਤੇ ਸੰਸਾਰ ਦੇ ਸਭੋ ਜੀਵ ਉਸ ਦੀਆਂ ਪਤਨੀਆਂ। ਇਹ ਲੌਕਿਕ ਪ੍ਰਤਿਰੂਪ ਹੈ। ਇਸ ਨੂੰ ਬਿੰਬ ਜਾਂ ਰੂਪਕ ਕਹਿਣਾ ਠੀਕ ਨਹੀਂ। ਬਿੰਬ ਦੇ ਪ੍ਰਤਿਰੂਪ ਵਿਚ ਬੜਾ ਅੰਤਰ ਹੈ। ਬਿੰਬ ਆਪਣੇ ਕਾਵਿ ਬੰਦ ਤਕ ਸੀਮਤ ਰਹਿੰਦਾ ਹੈ, ਪਰ ਪ੍ਰਤਿਰੂਪ ਕਾਵਿ-ਭਾਵਨਾ ਦਾ ਹਿੱਸਾ ਹੋਣ ਕਰ ਕੇ, ਕਾਵਿ-ਮੰਡਲ ਉਤੇ ਵਿਆਪਕ ਹੁੰਦਾ ਹੈ। ਬਿੰਬ ਦਾ ਪ੍ਰਕਾਸ਼ ਦੀਵੇ ਦੀ ਲੋਅ ਵਾਂਗ ਹੈ, ਜੋ ਜਿਥੇ ਜਗਦਾ ਹੈ ਕੇਵਲ ਉਥੇ ਹੀ ਪ੍ਰਕਾਸ਼ ਕਰਦਾ ਹੈ, ਪਰ ਪ੍ਰਤਿਰੂਪ ਸੂਰਜ ਸਮਾਨ ਹੈ ਜੋ ਕਵੀ ਦੇ ਸਾਰੇ ਕਾਵਿ-ਜਗਤ ਉਤੇ ਪ੍ਰਕਾਸ਼ ਪਾਉਂਦਾ ਹੈ। ਬਿੰਬ ਤੇ ਪ੍ਰਤਿਰੂਪ ਭਾਵੇਂ ਦੋਵੇਂ ਕਲਪਣਾ ਦੀ ਉਪਜ ਹੁੰਦੇ ਹਨ, ਪਰ ਪ੍ਰਤਿਰੂਪ ਕਲਪਿਤ ਹੁੰਦਿਆਂ ਵੀ ਯਥਾਰਥ ਮੰਨ ਲਿਆ

ਜਾਂਦਾ ਹੈ। ਬਿੰਬ ਤੇ ਪ੍ਰਤਿਰੂਪ ਵਿਚ ਵੱਡਾ ਅੰਤਰ ਵੀ ਇਹੋ ਹੈ ਕਿ ਪ੍ਰਤਿਰੂਪ ਵਿਚ ਸਾਡੀ ਆਸਥਾ ਹੁੰਦੀ ਹੈ, ਬਿੰਬ ਵਿਚ ਨਹੀਂ। ਗੁਰਮਤਿ ਦੇ ਧਾਰਨੀ ਦੰਪਤੀ ਦੇ ਪ੍ਰਤਿਰੂਪ ਵਿਚ ਧਾਰਮਿਕ ਆਸਥਾ ਰਖਦੇ ਹਨ ਤੇ ਉਹ 'ਠਾਕੁਰ ਏਕੁ ਸਬਾਈ ਨਾਰਿ' ਦੇ ਸੰਕਲਪ ਨੂੰ ਯਥਾਰਥ ਮੰਨਦੇ ਹਨ।

ਇਹ ਪ੍ਰਤਿਰੂਪ ਸਾਡੀ ਇਕ ਮੁਢਲੀ ਪ੍ਰਵਿਰਤੀ ਦੀ ਵੀ ਤ੍ਰਿਪਤੀ ਕਰਦਾ ਹੈ। ਫਰਾਇਡ ਅਨੁਸਾਰ ਸਾਡੇ ਅੰਦਰ ਕਾਮ-ਭਾਵ ਵਿਆਪਕ ਰਹਿੰਦੇ ਹਨ ਤੇ ਵਿਸਤਾਰ ਮੰਗਦੇ ਹਨ। ਇਹ ਪ੍ਰਤਿਰੂਪ ਕਾਮ-ਭਾਵਾਂ ਦਾ ਅਧਿਆਤਮਕ ਵਿਸਤਾਰ ਹੈ; ਇਸ ਪ੍ਰੇਮ ਵਿਚ ਇਕ ਵਿਸ਼ੇਸ਼ ਚੁੰਬਕ ਸ਼ਕਤੀ ਹੈ ਜੋ ਹੋਰ ਕਿਸੇ ਵਸਤੂ ਵਿਚ ਨਹੀਂ।

ਇਹ ਪ੍ਰਤਿਰੂਪ ਪੁਰਖਿਆਂ ਤੋਂ ਆਇਆ ਪੈਟਰਨ ਹੈ ਤੇ ਹਿੰਦੂ ਧਰਮ ਵਿਚ ਗੁਰਮਤਿ ਤੋਂ ਪਹਿਲਾਂ ਵੀ ਵਰਤੀਂਦਾ ਰਿਹਾ ਹੈ। ਇਸ ਦੇ ਬੀਜ ਪੁਰਾਣ ਕਥਾਵਾਂ ਵਿਚ ਵੀ ਮਿਲਦੇ ਹਨ। ਕ੍ਰਿਸ਼ਨ ਭਗਤਾਂ ਵਿਚ ਰਾਧਾ ਤੇ ਕ੍ਰਿਸ਼ਨ ਦੀਆਂ ਪ੍ਰੇਮ ਲੀਲਾਵਾਂ ਨੇ ਇਸ ਪ੍ਰਤਿਰੂਪ ਨੂੰ ਨਿਖਾਰਿਆ ਤੇ ਬੌਧਿਕ ਅਰਥ ਪ੍ਰਦਾਨ ਕੀਤੇ। ਬਾਬਾ ਫ਼ਰੀਦ ਦੇ ਸਮੇਂ ਇਹ ਪ੍ਰਤਿਰੂਪ ਸਾਡੀ ਅਧਿਆਤਮਕ ਚਿੰਤਨ ਨਾਲ ਇਕ ਸੁਰ ਹੋ ਚੁਕਾ ਸੀ ਤੇ ਰਹੱਸਾਤਮਕ ਅਨੁਭੂਤੀ ਦਾ ਅੰਗ ਬਣ ਚੁਕਾ ਸੀ :—

ਅਜੁ ਨ ਸੁਤੀ ਕੰਤ ਸਿਉ
ਅੰਗੁ ਮੁੜੇ ਮੁੜਿ ਜਾਇ
ਜਾਇ ਪੁਛਹੁ ਡੋਹਾਗਣੀ
ਤੁਮ ਕਿਉ ਰੈਣਿ ਵਿਹਾਇ।

(ਸ਼ਲੋਕ ਫ਼ਰੀਦ)

ਪ੍ਰੇਮਾ-ਭਗਤੀ ਨੂੰ ਪ੍ਰਗਟਾਣ ਲਈ ਗੁਰਬਾਣੀ ਵਿਚ, ਇਸ ਪ੍ਰਤਿਰੂਪ ਨੂੰ ਬਹੁਪਖੀ ਰਿਸ਼ਤਿਆਂ ਸਮੇਤ, ਭਰਪੂਰਤਾ ਨਾਲ ਚਿਤ੍ਰਿਆ ਗਿਆ ਹੈ। ਇਸ ਸੰਸਾਰ ਵਿਚ ਜੀਵ ਇਸਤ੍ਰੀ ਦਾ ਪੇਕਾ ਘਰ ਹੈ ਜਿਥੇ ਉਸ ਨੇ ਗੁਣਾਂ ਨੂੰ ਗ੍ਰਹਿਣ ਕਰਨਾ ਹੈ, ਉਨ੍ਹਾਂ ਗੁਣਾਂ ਸਦਕਾ ਹੀ ਜੀਵ-ਇਸਤ੍ਰੀ ਅਗਲੇ ਲੋਕ ਵਿਚ ਅਰਥਾਤ ਸਹੁਰੇ ਘਰ ਸੁਖੀ ਵਸ ਸਕਦੀ ਹੈ :—

ਪੇਈਅੜੈ ਸਹੁ ਸੇਵਿ ਤੂੰ, ਸਾਹੁਰੜੈ ਸੁਖਿ ਵਸੁ
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ

(ਸ੍ਰੀ ਰਾਗ ਮ: ੫)

ਅਵਿੱਦਿਆ ਸੱਸ ਹੈ ਤੇ ਅਗਿਆਨ ਸਹੁਰਾ, ਜੋ ਪਤੀ ਪਤਨੀ ਨੂੰ ਮਿਲਣ ਨਹੀਂ ਦੇਂਦੇ। ਧਨ ਪਿਰ ਦੇ ਇਸ ਰਿਸ਼ਤੇ ਦਾ ਬਾਣੀ ਵਿਚ ਬਹੁ-ਰੰਗਾ ਤੇ ਵਿਆਪਕ ਵਰਨਣ ਮਿਲਦਾ ਹੈ।

ਇਸੇ ਤਰ੍ਹਾਂ ਦਾ ਇਕ ਹੋਰ ਪ੍ਰਤਿਰੂਪ ਸੌਦਾਗਰੀ ਦਾ ਹੈ :—

ਸਤਿਗੁਰੁ ਸਾਹੁ ਸਿਖ ਵਣਜਾਰੇ
ਪੂੰਜੀ ਨਾਮੁ ਲੇਖਾ ਸਾਚੁ ਸਮਾਰੇ

(ਆਸਾ ਮਹਲਾ ੫)

ਜੀਵ ਸੰਸਾਰ ਵਿਚੋਂ 'ਪਰਦੇਸ ਝਾਗਿ ਸਉਦੇ ਕਉ ਆਇਆ' ਹੈ ਅਤੇ ਉਸ ਨੇ ਇਥੋਂ ਲਾਹਾ ਖਟ ਕੇ ਵਾਪਸ ਜਾਣਾ ਹੈ। ਦੰਪਤੀ ਤੋਂ ਬਾਅਦ ਸੌਦਾਗਰੀ ਦਾ ਪ੍ਰਤਿਰੂਪ ਹੀ ਸਭ ਤੋਂ ਵਧ ਵਰਤਿਆ ਗਿਆ ਹੈ। ਗੁਰੂ ਅਰਜਨ ਦੇਵ ਦੀ ਬਾਣੀ ਵਿਚੋਂ ਇਸ ਦੀ ਸਭ ਤੋਂ ਵਧ ਸੁੰਦਰ ਮਿਸਾਲ ਹੇਠ ਦਿਤੀ ਜਾਂਦੀ ਹੈ :—

ਪਰਦੇਸੁ ਝਾਗਿ ਸਉਦੇ ਕਉ ਆਇਆ
ਵਸਤੁ ਅਨੂਪ ਸੁਣੀ ਲਾਭਾਇਆ
ਗੁਣ ਰਾਸਿ ਬੰਨਿ ਪਲੈ ਆਨੀ
ਦੇਖਿ ਰਤਨੁ ਇਹੁ ਮਨੁ ਲਪਟਾਨੀ
ਸਾਹ ਵਾਪਾਰੀ ਦੁਆਰ ਆਏ
ਵਖਰੁ ਕਾਢਹੁ ਸਉਦਾ ਕਰਾਏ ॥ ਰਹਾਉ ॥
ਸਾਹਿ ਪਠਾਇਆ ਸਾਹੈ ਪਾਸਿ
ਅਮੋਲ ਰਤਨ ਅਮੋਲਾ ਰਾਸਿ
ਵਿਸਟੁ ਸੁਭਾਈ ਪਾਇਆ ਮੀਤ
ਸਉਦਾ ਮਿਲਿਆ ਨਿਹਚਲ ਚੀਤ।

(ਆਸਾ ਮਹਲਾ ੫)

ਇਸ ਪ੍ਰਤਿਰੂਪ ਵਿਚ ਸ਼ਾਹ ਤੇ ਵਪਾਰੀ ਦਾ ਰਿਸ਼ਤਾ ਸਿਰਜਿਆ ਗਿਆ ਹੈ।

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਪਰਮ ਤੱਤ ਤੇ ਜੀਵਾਤਮਾ ਦੇ ਸਬੰਧਾਂ ਨੂੰ ਪਤੀ ਪਤਨੀ, ਸ਼ਾਹ ਵਪਾਰੀ ਤੋਂ ਛੁਟ ਪਿਤਾ-ਪੁੱਤਰ, ਸੁਆਮੀ-ਦਾਸ, ਮਿਤ੍ਰ-ਬੰਧਪ ਦੇ ਰੂਪਾਂ ਵਿਚ ਵੀ ਅੰਕਿਤ ਕੀਤਾ ਗਿਆ ਹੈ। ਇਸ ਤਰ੍ਹਾਂ ਦਾ ਸਬੰਧ-ਸਿਰਜਣ ਦਾ ਚਰਿਤ੍ਰ ਲੋਕਧਾਰਾਈ ਹੈ।

(8) ਲੋਕ-ਤੱਤਾਂ ਦਾ ਇਕ ਵੱਡਾ ਅੰਸ਼

ਪੁਰਾਣਧਾਰਾ ਵਿਚੋਂ ਜਨਮਦਾ ਹੈ। ਪੁਰਾਣਧਾਰਾ ਲੋਕ-ਤੱਤਾਂ ਦੀ ਰੂੜ੍ਹੀ ਹੁੰਦੀ ਹੈ। ਪੁਰਾਣ, ਆਦਿਮ ਮਾਨਵ ਦੇ ਬ੍ਰਹਿਮੰਡ ਦੇ ਰਹੱਸਾਂ ਨੂੰ ਕਲਪਨਾ ਦੀ ਪੱਧਰ ਉਪਰ ਜਾਣਨ ਦੇ ਯਤਨ ਸਨ। ਕਿਉਂ ਜੋ ਆਦਿਮ-ਮਨ ਦੀ ਪ੍ਰਵਿਰਤੀ ਹੈ ਕਿ ਉਹ ਕਲਪਿਤ ਗੱਲਾਂ ਨੂੰ ਹੀ ਪਿਛੋਂ ਯਥਾਰਥ ਮੰਨ ਲੈਂਦਾ ਹੈ। ਇਸ ਲਈ ਪੌਰਾਣਿਕ ਕਥਾਵਾਂ ਨੂੰ ਵੀ ਵਾਸਤਵਿਕ ਮੰਨ ਲਿਆ ਗਿਆ ਤੇ ਹੌਲੀ ਹੌਲੀ ਇਸ ਵਿਚ ਕਈ ਲੋਕਾਂ ਦੀ ਧਾਰਮਿਕ ਆਸਥਾ ਸਥਾਪਿਤ ਹੋ ਗਈ। ਧਰਮ ਦਾ ਬ੍ਰਿਛ ਇਸੇ ਪੌਰਾਣਿਕ ਰੂੜ੍ਹੀ ਵਿਚਲੇ ਅੰਗੂਰਾਂ ਵਿਚੋਂ ਫੁਟਿਆ। ਇਹੋ ਪੁਰਾਣ ਜਾਤੀ ਦੀ ਲੋਕਧਾਰਾ ਦਾ ਵੀ ਮੁੱਢ ਬਣੇ। ਧਰਮ ਦੀ ਲੋਕ-ਤੱਤਾਂ ਦੇ ਨਾਲ ਜਾਤ-ਜਨਮ ਦੀ ਸਾਂਝ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਧਰਮ ਤੇ ਲੋਕਧਾਰਾ ਦੋਹਾਂ ਦੀ ਰੂੜ੍ਹੀ ਪੁਰਾਣਧਾਰਾ ਹੈ।

ਸਾਡੀ ਸੰਸਕ੍ਰਿਤੀ ਮੂਲ ਵਿਚ ਆਰੀਆਈ ਹੈ ਤੇ ਆਰੀਆਈ ਪੁਰਾਣਧਾਰਾ ਵੇਦਾਂ, ਪੁਰਾਣਾਂ ਤੇ ਵੀਰ ਗਾਥਾਵਾਂ ਵਿਚ ਪ੍ਰਾਪਤ ਹੈ, ਉਹੀ ਸਾਡੀ ਪੌਰਾਣਿਕ ਸੰਪਤੀ ਤੇ ਧਰਮ ਪਰਕ ਰੂੜ੍ਹੀ ਹੈ। ਪਿਛੋਂ ਯੂਨਾਨੀਆਂ ਤੇ ਮੁਸਲਮਾਨਾਂ ਆਦਿ ਦੇ ਮੇਲ-ਜੋਲ ਨਾਲ ਉਸ ਵਿਚ ਕੁਝ ਯੂਨਾਨੀ ਤੇ ਸਾਮੀ ਅੰਸ਼ ਵੀ ਰਚ ਮਿਚ ਗਏ। ਮੱਧਕਾਲ ਵਿਚ ਪੌਰਾਣਿਕ ਕਥਾ-ਕਹਾਣੀਆਂ ਤੇ ਲੋਕ-ਰੂੜ੍ਹੀਆਂ ਲੋਕ-ਜੀਵਨ ਵਿਚ, ਲਹੂ-ਮਾਸ ਵਾਂਗ ਰਚੀਆਂ ਹੋਈਆਂ ਸਨ। ਲੋਕਾਂ ਨੂੰ ਇਨ੍ਹਾਂ ਦੀ ਵਾਸਤਵਿਕਤਾ ਵਿਚ ਪੂਰਨ ਵਿਸ਼ਵਾਸ਼ ਸੀ ਅਤੇ ਉਹ ਇਨ੍ਹਾਂ ਦੇ ਪਾਤਰਾਂ ਤੇ ਕਥਾਨਿਕਾਂ ਤੋਂ ਭਲੀ ਭਾਂਤ ਜਾਣੂੰ ਸਨ।

ਗੁਰੂ ਅਰਜਨ ਦੇਵ ਨੇ ਹੋਰ ਗੁਰੂ ਸਾਹਿਬਾਨ ਵਾਂਗ ਹੀ ਆਪਣੀ ਬਾਣੀ ਵਿਚ ਅਨੇਕ ਥਾਈਂ ਪੌਰਾਣਿਕ ਪਾਤਰਾਂ ਤੇ ਘਟਨਾਵਾਂ ਵਲ ਸੰਕੇਤ ਕੀਤੇ ਹਨ, ਪੂਰੀ ਕਥਾ ਕਿਧਰੇ ਨਹੀਂ ਦਿਤੀ। ਕਈ ਥਾਈਂ ਤਾਂ ਕਿਸੇ ਪੌਰਾਣਿਕ ਘਟਨਾ ਵਲ ਇਕੋ ਸਤਰ ਵਿਚ ਹੀ ਸੰਕੇਤ ਕਰ ਕੇ, ਗੁਰਮਤਿ ਦੇ ਕਿਸੇ ਸਿਧਾਂਤ ਨੂੰ ਹੀ ਉਜਾਗਰ ਕੀਤਾ ਹੈ, ਜਿਵੇਂ ਹੇਠਲੀ ਤੁਕ ਵਿਚ ਪੌਰਾਣਿਕ ਸੰਕੇਤ ਦੇ ਕੇ ਸਿਧ ਕੀਤਾ ਹੈ ਕਿ ਪ੍ਰਭੂ ਦਾ ਅੰਤ ਕੋਈ ਨਹੀਂ ਪਾ ਸਕਦਾ :—

ਮਹਿਮਾ ਨਾ ਜਾਨਹਿ ਬੇਦ,
ਬ੍ਰਹਮੇ ਨਹੀਂ ਜਾਨਹਿ ਭੇਦ
ਸੰਕਰਾ ਨਹੀ ਜਾਨਹਿ ਭੇਵ
ਖੋਜਤ ਹਾਰੇ ਦੇਵ
ਦੇਵੀਆ ਨਹੀਂ ਜਾਨੈ ਮਰਮ
ਸਭ ਊਪਰਿ ਅਲਖ ਪਾਰਬ੍ਰਹਮ
(ਰਾਮਕਲੀ ਮਹਲਾ ੫)

ਜੇ ਸਿਮਰਨ ਤੇ ਸਾਧ ਸੰਗਤ ਨਾਲ ਦੈਂਤਾਂ ਨੂੰ ਮੁਕਤੀ ਮਿਲ ਸਕਦੀ ਹੈ ਤਾਂ ਜੀਵ ਨੂੰ ਕਿਵੇਂ ਪ੍ਰਾਪਤ ਨਹੀਂ ਹੋਵੇਗੀ ?

ਹਰਿ ਕੇ ਭਜਨਿ ਕਉਨ ਕਉਨ ਨ ਤਾਰੇ
ਖਗ ਤਨ ਮੀਨ ਤਨ ਮ੍ਰਿਗ ਤਨ
ਬਰਾਹ ਤਨ ਸਾਧੂ ਸੰਗਿ ਉਧਾਰੇ ॥ ਰਹਾਉ ॥
ਦੇਵ ਕੁਲ ਦੈਤ ਕੁਲ
ਜਖ੍ਹ ਕਿੰਨਰ ਨਰ ਸਾਗਰ ਉਤਰੇ ਪਾਰੇ।
ਜੋ ਜੋ ਭਜਨੁ ਕਰੇ ਸਾਧੂ ਸੰਗਿ
ਤਾ ਕਾ ਦੂਖ ਬਿਦਾਰੇ।
(ਮਲਾਰ ਮਹਲਾ ੫)

ਗੁਰੂ ਅਰਜਨ ਦੇਵ ਵੇਦਾਂ, ਸ਼ਾਸਤ੍ਰਾਂ ਤੇ ਸਿਮਰਤੀਆਂ ਦੇ ਗਿਆਤਾ ਸਨ। ਹਿੰਦੂ ਗ੍ਰੰਥਾਂ ਦੇ ਨਾਲ ਹਿੰਦੂ ਪੁਰਾਣਧਾਰਾ ਦਾ ਉਨ੍ਹਾਂ ਡੂੰਘਾ ਅਧਿਐਨ ਕੀਤਾ ਹੋਇਆ ਸੀ, ਜਿਸ ਕਰ ਕੇ ਪੌਰਾਣਿਕ ਬਿੰਬ, ਉਨ੍ਹਾਂ ਦੇ ਅਨੁਭਵ ਦਾ ਹਿੱਸਾ ਬਣ ਗਏ ਤੇ ਉਨ੍ਹਾਂ ਦੀ ਰਚਨਾ ਵਿਚ ਸਹਿਜ-ਭਾਵ ਵਿਚ ਆ ਗਏ ਤੇ ਰਚਨਾ ਵਿਚ ਚੰਗੀ ਤਰ੍ਹਾਂ ਖਿਲਰ ਗਏ। ਕੁਝ ਪੌਰਾਣਿਕ ਸੰਕਲਪਾਂ ਦੀ, ਜੋ ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਦੇ ਪ੍ਰਤਿਕੂਲ ਸਨ, ਉਨ੍ਹਾਂ ਨੇ ਨਿਝਕ ਹੋ ਕੇ ਨਿਖੇਧੀ ਕੀਤੀ, ਜਿਵੇਂ ਕਿ ਹੇਠਲੀਆਂ ਤੁਕਾਂ ਵਿਚ ਅਵਤਾਰਵਾਦ ਦੀ :—

ਸੋ ਮੁਖ ਜਲਉ ਜਿਤੁ ਕਹਹਿ ਠਾਕੁਰ ਜੋਨੀ
ਜਨਮਿ ਨ ਮਰੈ ਨ ਆਵੈ ਨ ਜਾਇ
ਨਾਨਕ ਕਾ ਪ੍ਰਭੁ ਰਹਿਓ ਸਮਾਇ।
(ਭੈਰਉ ਮਹਲਾ ੫)

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਪ੍ਰਭੂ ਦੇ ਅਨੇਕਾਂ ਪੌਰਾਣਿਕ ਨਾਂ, ਜਿਵੇਂ ਦਾਮੋਦਰ, ਗੋਵਰਧਨਧਾਰੀ, ਨਰਸਿੰਘ, ਮਧੁਸੂਦਨ, ਨਾਰਾਇਣ, ਰਿਖੀਕੇਸ, ਮੁਰਲੀ ਮਨੋਹਰ ਆਦਿ ਦਾ ਪ੍ਰਯੋਗ ਵੀ ਮਿਲਦਾ ਹੈ। ਇਹ ਸਾਰੇ ਨਾਉਂ ਵਿਸ਼ਨੂੰ ਤੇ ਉਸ ਦੇ

ਅਵਤਾਰਾਂ ਨਾਲ ਸੰਬੰਧਿਤ ਹਨ। ਭਗਤਾਂ ਵਿਚੋਂ ਧ੍ਰੂ, ਪ੍ਰਹਿਲਾਦ, ਬਿਦਰ ਵਲ ਵਧੇਰੇ ਸੰਕੇਤ ਹਨ।

" ਮੌਤ ਦੇ ਸੰਕਲਪ ਨੂੰ ਅਮੂਰਤ ਤੋਂ ਸਮੂਰਤ ਬਨਾਉਣ ਲਈ ਹਿੰਦੂ ਪੁਰਾਣਧਾਰਾ ਦੇ ਚਿਤ੍ਰਗੁਪਤ, ਧਰਮਰਾਜ, ਜਮਦੂਤ ਤੇ ਯਮਰਾਜ ਆਦਿ ਦਾ ਜ਼ਿਕਰ ਅਨੇਕ ਥਾਈਂ ਹੈ। ਮੌਤ ਦਾ ਜਮਦੂਤ ਦੇ ਰੂਪ ਵਿਚ ਸਥੂਲ ਚਿਤਰਣ, ਚੰਗੇ ਮੰਦੇ ਕਰਮਾਂ ਦਾ ਚਿਤ੍ਰਗੁਪਤ ਕੋਲ ਲੇਖਾ ਹੋਣਾ ਤੇ ਧਰਮਰਾਜ ਦੀ ਕਚਹਿਰੀ ਵਿਚ ਪ੍ਰਾਣੀ ਦਾ ਕਰਮਾਂ ਦੇ ਫਲ ਨੂੰ, ਨਰਕ ਜਾਂ ਸਵਰਗ ਦੇ ਠੋਸ ਰੂਪ ਵਿਚ ਪ੍ਰਾਪਤ ਕਰਨ ਦਾ ਮੂਲ ਰਾਜੇ ਦੇ ਦੂਤਾਂ ਦਾ ਅਪਰਾਧੀ ਨੂੰ ਬੰਦੀ ਬਣਾ ਕੇ ਲੈ ਜਾਣਾ ਅਤੇ ਕਚਹਿਰੀ ਵਿਚ ਉਸ ਨੂੰ ਕੀਤੇ ਅਪਰਾਧਾਂ ਦੀ ਸਜ਼ਾ ਦੇਣ ਦਾ ਪ੍ਰਤਿਰੂਪ ਹੀ ਹੈ। ਇਹ ਸੰਕਲਪ ਭਾਵੇਂ ਪੌਰਾਣਿਕ ਹੈ, ਪਰ ਗੁਰਬਾਣੀ ਵਿਚ ਇਸ ਨੂੰ ਅਪਣਾ ਲਿਆ ਗਿਆ ਹੈ, ਕਿਉਂ ਜੋ ਇਸ ਦੇ ਨਾਲ ਅਮੂਰਤ ਮੌਤ ਕਿਸੇ ਸਮੂਰਤ ਰੂਪ ਵਿਚ ਪ੍ਰਤੱਖ ਦਿਸਦੀ ਹੈ। ਇਸ ਤਰ੍ਹਾਂ ਮੌਤ ਦਾ ਸਥੂਲ ਰੂਪ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਦੀ ਰਚਨਾ ਵਿਚ ਵੀ ਜਮਦੂਤ ਤੇ ਧਰਮਰਾਜ ਵਲ ਸੰਕੇਤ ਹਨ।

ਪੁਰਾਣਧਾਰਾ ਨਾਲ ਸੰਬੰਧਿਤ ਇਕ ਹੋਰ ਲੋਕ-ਤੱਤ, ਰਹੁ-ਰੀਤਾਂ ਤੇ ਕਰਮ-ਕਾਂਡਾਂ ਦਾ ਹੈ। ਇਹ ਤੱਤ ਮੁੱਢ ਕਦੀਮ ਤੋਂ ਹੀ ਧਰਮ ਨੂੰ ਜੋਕ ਵਾਂਗ ਅਜਿਹਾ ਚੰਮੜਿਆ ਕਿ ਧਰਮ ਦੇ ਅੰਦਰ ਦਾ ਸਾਰਾ ਨਰੋਆਪਨ ਤੇ ਤਾਜ਼ਗੀ ਖੋਰਦਾ ਰਿਹਾ। ਗੁਰਮਤਿ ਵਿਚ ਬਹੁਤ ਸਾਰੇ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਤੀਰਥ ਇਸ਼ਨਾਨ, ਜਗ, ਹੋਮ, ਮੋਨ, ਵਰਤ, ਦਾਨ ਆਦਿ ਕਰਮ-ਕਾਂਡਾਂ ਤੇ ਰੀਤਾਂ ਉਤੇ ਕਰੜੀ ਆਲੋਚਨਾ ਮਿਲਦੀ ਹੈ :—

ਹੋਮ ਜਗ ਉਰਧ ਤਪ ਪੂਜਾ
ਕੋਟਿ ਤੀਰਥ ਇਸਨਾਨੁ ਕਰੀਜਾ
ਚਰਨ ਕਮਲ ਨਿਮਖ ਰਿਦੈ ਧਾਰੇ
ਗੋਬਿੰਦ ਜਪਤ ਸਭਿ ਕਾਰਜ ਸਾਰੇ

ਕਿਧਰੇ ਕਰਮ ਕਾਂਡਾਂ ਤੇ ਕਰੜਾ ਵਿਅੰਗ ਕਰਨ ਦੇ ਨਾਲ ਉਨ੍ਹਾਂ ਦੇ ਸਦਾਚਾਰਕ ਅਰਥਾਂ ਨੂੰ ਗ੍ਰਹਿਣ ਕਰਨ ਤੇ ਬਲ ਦਿਤਾ ਹੈ :—

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ
ਮਨਿ ਸੰਤੋਖੁ ਸਰਬ ਜੀਅ ਦਇਆ
ਇਨ ਬਿਧਿ ਬਰਤੁ ਸੰਪੂਰਨੁ ਭਇਆ
(ਥਿਤੀ ਗਉੜੀ ਮਹਲਾ ੫)

ਅਜਿਹਾ ਖੰਡਨ ਬਾਣੀ ਵਿਚ ਕਾਫ਼ੀ ਮਾਤਰਾ ਵਿਚ ਮਿਲਦਾ ਹੈ।

(9) ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦੀ ਨਾਮਾਵਲੀ ਨੂੰ ਵਾਚਿਆਂ ਸਭ ਤੋਂ ਪਹਿਲੀ ਗੱਲ ਉਭਰ ਕੇ ਸਾਡੇ ਸਾਹਮਣੇ ਇਹ ਆਉਂਦੀ ਹੈ ਕਿ ਲਗਪਗ ਸਭ ਰਚਨਾਵਾਂ ਦੇ ਨਾਉਂ ਲੋਕਧਾਰਾ ਵਿਚੋਂ ਹੀ ਲਏ ਗਏ ਹਨ। ਉਨ੍ਹਾਂ ਦੇ ਪਦੇ, ਅਸ਼ਟਪਦੀਆਂ ਤੇ ਛੰਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਰਚਨਾਵਾਂ ਦੇ ਸਿਰਲੇਖ ਇਹ ਹਨ :—ਪਹਿਰੇ, ਬਾਰਹਮਾਹਾ, ਦਿਨ ਰੈਣ, ਬਾਵਨ ਅਖਰੀ, ਸੁਖਮਨੀ, ਥਿਤੀ, ਬਿਰਹੜੇ, ਗੁਣਵੰਤੀ, ਰੁਤੀ, ਅੰਜਲੀਆਂ, ਸੋਹਲੇ, ਗਾਥਾ, ਫੁਨਹੇ, ਚਉਬੋਲੇ, ਸਵਈਏ, ਮੁੰਦਾਵਣੀ ਤੇ ਵਾਰ। ਇਹ ਸਾਰੇ ਸਿਰਲੇਖ ਪੰਜਾਬੀਆਂ ਦੇ ਕਿਸੇ ਸੰਸਕਾਰ, ਰਹੁ-ਰੀਤ, ਰਸਮ, ਪ੍ਰਥਾ ਜਾਂ ਲੋਕ-ਪ੍ਰਵਿਰਤੀਆਂ ਨਾਲ ਸੰਬੰਧਿਤ ਹਨ ਤੇ ਬਹੁਤੇ ਸਮਕਾਲੀ ਲੋਕ-ਕਾਵਿ ਵਿਚੋਂ ਹੀ ਅਪਣਾਏ ਗਏ ਹਨ। ਪਹਿਰੇ, ਬਾਰਹਮਾਹਾ, ਦਿਨ ਰੈਣ, ਥਿਤੀ, ਰੁਤੀ ਆਦਿ ਰਚਨਾਵਾਂ ਦੇ ਨਾਉਂ ਤਾਂ ਲੋਕ-ਕਾਵਿ ਰੂਪਾਂ ਦੇ ਨਾਵਾਂ ਉਤੇ ਹੀ ਰਖੇ ਗਏ ਹਨ। ਇਹ ਕਾਵਿ-ਰੂਪ, ਕਾਲ-ਪਸਾਰੇ ਉਤੇ ਆਧਾਰਤ ਹਨ ਤੇ ਇਨ੍ਹਾਂ ਦਾ ਮੁੱਢ ਉਨ੍ਹਾਂ ਰਹੁ-ਰੀਤੀਆਂ ਤੋਂ ਬਝਿਆ ਹੈ, ਜੋ ਕਿਸੇ ਸਮੇਂ, ਹਰ ਮਹੀਨੇ ਦੀ ਸੰਗਰਾਂਦ, ਚੰਦਰ ਮਾਸ ਦੀ ਪਹਿਲੀ ਥਿਤ ਜਾਂ ਨਵੀਂ ਰੁੱਤ ਦੇ ਆਰੰਭ ਵਿਚ ਕੀਤੀਆਂ ਜਾਂਦੀਆਂ ਸਨ। ਧਰਮ ਸ਼ਾਸਤ੍ਰਾਂ ਵਿਚ ਅਜਿਹੇ ਕਰਮ-ਕਾਂਡਾਂ ਦਾ ਜ਼ਿਕਰ ਆਉਂਦਾ ਹੈ ਜੋ ਕਰਮ-ਮਾਰਗੀ ਲਈ ਹਰ ਪਹਿਰ, ਤਿਥ, ਮਹੀਨੇ ਤੇ ਰੁੱਤ ਦੇ ਮੁੱਢ ਵਿਚ ਕਰਨੇ ਆਵੱਸ਼ਕ ਹਨ।

ਸੋਹਿਲੇ, ਫੁਨਹੇ, ਅੰਜਲੀ, ਮੁੰਦਾਵਣੀ ਆਦਿ ਕਾਵਿ-ਰੂਪ ਜਨਮ, ਵਿਆਹ ਜਾਂ ਮ੍ਰਿਤੂ ਨਾਲ ਸੰਬੰਧਿਤ ਸੰਸਕਾਰਾਂ ਸਮੇਂ ਗਾਏ ਜਾਂਦੇ ਹਨ ਤੇ ਇਹ ਕਾਵਿ ਰੂਪ ਮੂਲ ਵਿਚ ਕਿਸੇ ਕਾਵਿ-ਤੱਤ ਤੋਂ ਨਹੀਂ ਲੋਕ-ਤੱਤ ਤੋਂ ਉਭਰੇ ਤੇ ਹੋਂਦ ਵਿਚ ਆਏ।

'ਸੋਹਿਲੇ' ਬੱਚੇ ਦੇ ਜਨਮ ਤੇ ਵਿਆਹ ਸਮੇਂ ਗਾਏ ਜਾਂਦੇ ਹਨ ਤੇ ਇਸ ਕਾਵਿ ਰੂਪ ਨੂੰ ਗੁਰੂ ਅਰਜਨ ਦੇਵ ਨੇ ਬ੍ਰਹਿਮੰਡ ਦੀ ਉਤਪੱਤੀ ਦੇ ਸਬੰਧ ਵਿਚ ਪ੍ਰਭੂ ਦਾ ਜਸ ਗਾਣ ਲਈ ਵਰਤਿਆ ਹੈ। ਇਹ ਕਾਵਿ-ਰੂਪ ਸੁਭਾਵ ਵਿਚ ਬ੍ਰਹਿਮੰਡ ਦੀ ਉਤਪੱਤੀ ਬਾਰੇ ਲਿਖੀ ਬਾਣੀ ਦੇ ਬੜਾ ਅਨੁਕੂਲ ਹੈ। ਮਾਰੂ ਸੋਹਲੇ ਦੇ ਕੁਝ ਸ਼ਬਦ ਬ੍ਰਹਿਮੰਡ ਦੀ ਉਤਪੱਤੀ ਬਾਰੇ ਹਨ।

ਫੁਨਹੇ, ਹਰਿਹਾ ਕਾਵਿ ਰੂਪ ਦਾ ਹੀ ਦੂਜਾ ਨਾਉਂ ਹੈ ਜੋ 'ਹਰਿਹਾ' ਸ਼ਬਦ ਦੇ ਬਾਰ ਬਾਰ ਦੁਹਰਾਉਣ ਕਰ ਕੇ ਪ੍ਰਚਲਿਤ ਹੋ ਗਿਆ। ਇਹ ਮੰਗਲ ਗੀਤ ਹਨ ਜੋ ਬੱਚੇ ਦੇ ਜਨਮ ਸਮੇਂ ਤੇ ਵਿਆਹ ਵੇਲੇ ਦੁਲਹਨ ਦੇ ਹਾਰ ਸ਼ਿੰਗਾਰ ਕਰ ਲੈਣ ਪਿਛੋਂ ਗਾਏ ਜਾਂਦੇ ਹਨ। ਗੁਰੂ ਅਰਜਨ ਦੇਵ ਦੇ ਫੁਨਹੇ ਦਾ ਚਰਿੱਤਰ ਇਸ ਲੋਕ-ਕਾਵਿ ਦੇ ਅਨੁਕੂਲ ਹੈ। ਗੁਰੂ ਜੀ ਦੀ ਇਸ ਸ਼ਿੰਗਾਰ ਰਸੀ ਰਚਨਾ ਵਿਚ ਜੀਵ ਇਸਤ੍ਰੀ ਸੋਲਾਂ ਸ਼ਿੰਗਾਰ ਕਰਨ ਪਿਛੋਂ, ਆਪਣੇ ਕੰਤ ਨੂੰ ਮਿਲਣ ਦੀ ਪ੍ਰਬਲ ਤਾਂਘ ਨਾਲ ਤੜਪ ਰਹੀ ਹੈ :—

ਸਖੀ ਕਾਜਲ ਹਾਰ ਤੰਬੋਲ
ਸਭੈ ਕਿਛੁ ਸਾਜਿਆ
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ
ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ
ਹਰਿਹਾ ਕੰਤੈ ਬਾਝੁ ਸੀਗਾਰੁ
ਸਭੁ ਬਿਰਥਾ ਜਾਈਐ

'ਅੰਜਲੀ' ਦੇਵਤਿਆਂ ਦੇ ਪਿਤਰਾਂ ਨੂੰ ਪਾਣੀ ਦੀ ਚੁਲੀ ਅਰਪਣ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ-ਰੂਪ ਹੈ। ਗੁਰੂ ਅਰਜਨ ਦੇਵ ਦੀਆਂ ਦੋ ਰਚਨਾਵਾਂ 'ਅੰਜਲੀ' ਸਿਰਲੇਖ ਹੇਠ ਮਿਲਦੀਆਂ ਹਨ : ਇਕ ਮਾਰੂ ਅੰਜਲੀ ਤੇ ਦੂਜੀ ਮਾਰੂ ਅੰਜੁਲੀਆਂ। ਇਨ੍ਹਾਂ ਦੋਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਵਲ ਸੰਕੇਤ ਹੈ :—

ਬਿਰਖੈ ਹੇਠਿ ਸਭਿ ਜੰਤ ਇਕਠੇ
ਇਕ ਤਤੇ ਇਕਿ ਬੋਲਨਿ ਮਿਠੇ
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ

'ਮੁੰਦਾਵਣੀ' ਇਕ ਰੀਤ ਹੈ ਜੋ ਧਨੀ-ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਸਮੇਂ 'ਥਾਲੀ' ਬੰਨ੍ਹ ਕੇ ਕੀਤੀ ਜਾਂਦੀ ਸੀ। ਇਹ ਰੀਤ ਕੇਂਦਰੀ ਪੰਜਾਬ ਦੀ 'ਜੰਞ ਬੰਨ੍ਹਣ' ਦੀ ਰੀਤ ਨਾਲ ਮੇਲ ਖਾਂਦੀ ਹੈ। ਇਸ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਤੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ ਪੋਠੋਹਾਰ ਵਿਚ 'ਮੁੰਦਾਵਣੀ' ਅਖਵਾਉਂਦੀਆਂ ਹਨ। ਇਨ੍ਹਾਂ ਗੀਤਾਂ ਵਿਚੋਂ ਥਾਲੀ ਤੇ ਉਸ ਵਿਚ ਪਈਆਂ ਵਸਤਾਂ ਦਾ ਜ਼ਿਕਰ ਲਾਜ਼ਮੀ ਹੈ। ਗੁਰੂ ਅਰਜਨ ਦੇਵ ਦੀ ਮੁੰਦਾਵਣੀ ਵਿਚ ਵੀ 'ਥਾਲ ਵਿਚ ਪਈ ਵਸਤੂ' ਵਲ ਸੰਕੇਤ ਹੈ :—

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ।

ਗੁਰੂ ਅਰਜਨ ਦੇਵ ਦੀ ਸਭ ਤੋਂ ਲੰਮੀ ਤੇ ਪ੍ਰਸਿਧ ਬਾਣੀ 'ਸੁਖਮਨੀ' ਦਾ ਨਾਉਂ ਵੀ ਜੋਗੀਆਂ ਵਿਚ ਪ੍ਰਚਲਤ 'ਸੁਖਮਨਾ' ਰੀਤੀ ਉਤੇ ਹੈ। ਯੋਗ-ਮੱਤ ਅਨੁਸਾਰ ਸਾਰੇ ਸਰੀਰ ਵਿਚ ਤਿੰਨ ਨਾੜੀਆਂ ਇੜਾ, ਪਿੰਗਲਾ ਤੇ ਸੁਖਮਨਾ ਹਨ। ਸੁਖਮਨਾ ਨਾੜੀ ਨੱਕ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ਼ ਤਕ ਪਹੁੰਚਦੀ ਹੈ। ਇਸ ਦੇ ਸੱਜੇ ਪਾਸੇ ਪਿੰਗਲਾ ਅਤੇ ਖੱਬੇ ਵਲ ਇੜਾ ਹੈ। ਅਭਿਆਸ ਦੁਆਰਾ ਜੋਗੀ ਸੁਖਮਨਾ ਨਾੜੀ ਵਿਚ ਪ੍ਰਾਣਾਂ ਦਾ ਪ੍ਰਵਾਹ ਚਲਾਂਦੇ ਹਨ ਤੇ ਅਨਹਦ ਸ਼ਬਦ ਦੀ ਧੁਨੀ ਸੁਣ ਕੇ ਆਨੰਦ ਪ੍ਰਾਪਤ ਕਰਦੇ ਹਨ। ਯੋਗੀ ਪ੍ਰਾਣਾਯਾਮ ਦੇ ਬਲ ਨਾਲ ਕੁੰਡਲਨੀ ਸ਼ਕਤੀ ਨੂੰ ਜਗਾਉਂਦਾ ਤੇ ਦਸਮ ਦੁਆਰ ਤੋਂ ਅੰਮ੍ਰਿਤ ਧਾਰ ਟਪਕਾ ਕੇ ਪੀਂਦਾ ਹੈ। ਅਭਿਆਸ ਵੇਲੇ ਜੋਗੀ ਕੁਝ ਮੰਤਰਾਂ ਦਾ ਜਾਪ ਵੀ ਕਰਦੇ ਹਨ ਜੋ 'ਸੁਖਮਨਾ' ਅਖਵਾਉਂਦਾ ਹੈ। ਗੁਰੂ ਅਰਜਨ ਦੇਵ ਜੀ ਦੀ 'ਸੁਖਮਨੀ' ਦਾ ਮਨੋਰਥ ਭਗਤੀ ਤੇ ਸਿਮਰਨ ਰਾਹੀਂ ਆਨੰਦ ਦੀ ਉਸੇ ਉੱਚੀ ਅਵਸਥਾ ਤਕ ਪਹੁੰਚ ਕੇ ਅੰਮ੍ਰਿਤ ਦਾ ਰਸ ਪੀਣਾ ਹੈ। 'ਸੁਖਮਨੀ' ਦਾ ਮੁਖ ਭਾਵ ਇਸ ਬਾਣੀ ਦੀ ਰਹਾਉ ਦੀ ਤੁਕ ਵਿਚ ਇਸ ਪ੍ਰਕਾਰ ਦਿਤਾ ਹੈ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ
ਭਗਤ ਜਨਾ ਕੈ ਮਨਿ ਬਿਸ੍ਰਾਮੁ

'ਸੁਖਮਨੀ' ਤੇ 'ਅੰਮ੍ਰਿਤ' ਸ਼ਬਦਾਂ ਦਾ

ਨਾਲੋਂ ਨਾਲ ਆਉਣਾ ਇਸ ਗੱਲ ਦਾ ਬੋਧ ਕਰਵਾਉਂਦਾ ਹੈ ਕਿ ਇਹ ਦੋਵੇਂ ਸ਼ਬਦ ਜੋਗ-ਮੱਤ ਦੇ ਸੰਦਰਭ ਤੋਂ ਆਏ ਹਨ ਤੇ ਬਾਣੀ ਦਾ ਨਾਉਂ 'ਸੁਖਮਨੀ' ਯੋਗ ਵਾਲੀ ਕਾਵਿ-ਭੂਮੀ ਦਾ ਹੈ ।

ਬਾਕੀ ਰਚਨਾਵਾਂ ਬਿਰਹੜੇ, ਗੁਣਵੰਤੀ, ਬਾਵਨ ਅਖਰੀ, ਛੰਤ, ਚਉਬੋਲੇ ਤੇ ਵਾਰਾਂ ਆਦਿ ਲੋਕ-ਕਾਵਿ ਰੂਪ ਹਨ ਜੋ ਗੁਰੂ ਅਰਜਨ ਦੇਵ ਦੇ ਸਮੇਂ ਪ੍ਰਚਲਤ ਸਨ। ਇਨ੍ਹਾਂ ਸਭ ਕਾਵਿ-ਰੂਪਾਂ ਦਾ ਇਕ ਨਿਸ਼ਚਿਤ ਕਲਾ-ਪ੍ਰਬੰਧ ਤੇ ਚਰਿੱਤਰ ਹੈ। ਗੁਰੂ ਅਰਜਨ ਦੇਵ ਨੇ ਇਨ੍ਹਾਂ ਕਾਵਿ-ਰੂਪਾਂ ਵਿਚ ਜੋ ਵਸਤੂ ਪਰੋਸੀ ਹੈ, ਉਹ ਸੁਭਾਅ ਵਿਚ ਲੌਕਿਕ ਹੈ ਭਾਵੇਂ ਉਸ ਵਿਚੋਂ ਅਧਿਆਤਮਕ ਅਰਥਾਂ ਦਾ ਬੋਧ ਹੁੰਦਾ ਹੈ । ਜਿਥੋਂ ਤਕ ਪਦਿਆਂ ਦਾ ਸੰਬੰਧ ਹੈ, ਲੋਕ-ਗੀਤਾਂ ਦੀ ਰਚਨਾ ਹਮੇਸ਼ਾਂ ਪਦਿਆਂ ਵਿਚ ਹੀ ਹੁੰਦੀ ਰਹੀ ਹੈ ।

ਇਹ ਗੱਲ ਗੁਰੂ ਅਰਜਨ ਦੇਵ ਦੀ ਰਚਨਾ ਹੀ ਨਹੀਂ, ਸਾਰੀ ਗੁਰਬਾਣੀ ਬਾਰੇ ਕਹੀ ਜਾ ਸਕਦੀ ਹੈ ਕਿ ਲਗਭਗ ਸਭ ਨਿੱਕੀਆਂ ਵੱਡੀਆਂ ਬਾਣੀਆਂ ਦੇ ਸਿਰਲੇਖ, ਰਾਗਾਂ ਤੋਂ ਛੁਟ, ਕਿਸੇ ਸੰਸਕਾਰ, ਰੀਤ, ਪ੍ਰਥਾ ਜਾਂ ਲੋਕ-ਕਾਵਿ ਤੋਂ ਲਏ ਗਏ ਹਨ, ਜੋ ਇਸ ਸਾਰੀ ਰਚਨਾ ਵਿਚ ਪ੍ਰਬਲ ਲੋਕ-ਤੱਤ ਹੋਣ ਦਾ ਸਬੂਤ ਹਨ ।

(10) ਗੁਰੂ ਅਰਜਨ ਦੇਵ ਦੇ ਬਾਣੀ ਦੀ ਵਸਤ ਵਿਚ ਜੋ ਲੋਕ-ਤੱਤ ਕਾਫ਼ੀ ਮਾਤਰਾ ਵਿਚ ਪ੍ਰਾਪਤ ਹੈ ਤਾਂ ਉਨ੍ਹਾਂ ਦੀ ਸ਼ੈਲੀ ਵਿਚ ਲੋਕ-ਸ਼ੈਲੀ ਦਾ ਵੀ ਭਰਵਾਂ ਅੰਸ਼ ਵਿਦਮਾਨ ਹੈ। ਸ਼ੈਲੀ ਦਾ ਸੰਬੰਧ ਜਾਤੀ ਦੇ ਜੀਵਨ ਤੇ ਸੰਸਕ੍ਰਿਤੀ ਨਾਲ ਵੀ ਉਤਨਾ ਹੀ ਹੁੰਦਾ ਹੈ ਜਿੰਨਾ ਉਸ ਦੇ ਰਚਨਹਾਰ ਦੇ ਨਿਜ ਨਾਲ, ਕਿਉਂ ਜੋ ਰਚਨਹਾਰ ਦੇ ਅਵਚੇਤਨ ਮਨ ਵਿਚ ਲੋਕ-ਮਨ ਬੈਠਾ ਹੁੰਦਾ ਹੈ ਤੇ ਉਸ ਦੀ ਛਾਪ ਸ਼ੈਲੀ ਉਤੇ ਪੈ ਜਾਣੀ ਸੁਭਾਵਿਕ ਹੈ । ਗੁਰੂ ਅਰਜਨ ਦੇਵ ਜੀ ਦੀ ਕਾਵਿ ਸਿਰਜਨਾ ਵਿਚ ਲੋਕ-ਕਾਵਿ ਦੀ ਸ਼ੈਲੀ ਤੇ ਕਲਾ ਵਿਧੀਆਂ ਦਾ ਅੰਸ਼ ਚੋਖੀ ਮਾਤਰਾ ਵਿਚ ਮੌਜੂਦ ਹੈ ।

ਗੁਰੂ ਅਰਜਨ ਦੇਵ ਦੀ ਕਾਵਿ-ਸ਼ੈਲੀ ਵਿਚ ਲੋਕ-ਗੀਤਾਂ ਵਾਲੀ ਸਰਲਤਾ, ਤੇ ਭਾਵੁਕਤਾ, ਤਾਤਵਿਕ ਸ਼ਬਦਾਂ, ਵਾਕੰਸ਼ਾਂ ਅਤੇ ਵਾਕਾਂ ਦਾ ਕਲਾਤਮਿਕ ਦੋਹਰਾਉ, ਧੁਨੀਆਂ ਤੇ ਸੁਰਾਂ ਦਾ ਰਸੀਲਾ ਮੇਲ, ਵਸਤੂ ਦੀ ਪਉੜੀ ਦੇ ਡੰਡਿਆਂ ਵਾਂਗ ਉਪਰ ਚੜ੍ਹਦੀ ਉਸਾਰੀ (ਪਹਿਰੇ, ਤਿੱਥ, ਬਾਰਹਮਾਹਾ ਵਿਚ) ਸ਼ਬਦਾਂ ਦੀ ਸ਼ਕਤੀ ਰਾਹੀਂ ਵਸਤੂ ਦਾ ਉਸਾਰ (ਬਾਵਨ ਅਖਰੀ ਵਿਚ), ਅਖਾਣਾਂ ਵਾਲਾ ਗੁੰਦਵਾਂ ਚੁਸਤ ਨਿਭਾਉ, ਸਭ ਇਕ-ਰਸ ਹੋਏ ਮਿਲਦੇ ਹਨ । ਦੁਹਰਾਉ ਜਿਸ ਕਲਾ-ਸੁਘੜਤਾ ਨਾਲ ਸੁਖਮਨੀ ਵਿਚ ਮਿਲਦਾ ਹੈ, ਸਾਡੇ ਸਾਹਿੱਤ ਵਿਚ ਉਸ ਦੀ ਦੂਜੀ ਮਿਸਾਲ ਨਹੀਂ ਮਿਲਦੀ । ਸੁਖਮਨੀ ਤੋਂ ਬਿਨਾਂ ਹੋਰ ਸ਼ਬਦਾਂ ਵਿਚ ਵੀ ਦੁਹਰਾਉ ਹੈ ਜੋ ਕਲਾ ਤੇ ਸੁਹਜ ਦਾ ਅਦਭੁਤ ਮਿਸ਼ਰਣ ਹੈ :—

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ
ਨਾ ਤੂ ਆਵਹਿ ਵਸਿ ਬੇਦ ਪੜਾਵਣੇ
ਨਾ ਤੂ ਆਵਹਿ ਵਸਿ ਤੀਰਥ ਨਾਈਐ
ਨਾ ਤੂ ਆਵਹਿ ਵਸਿ ਧਰਤੀ ਧਾਈਐ

(ਰਾਮਕਲੀ ਮਹਲਾ ੫)

ਖ਼ਿਆਲ ਨੂੰ ਪਉੜੀ ਦੇ ਡੰਡਿਆਂ ਵਾਂਗ ਉਸਾਰਨ ਦੀ ਲੋਕ-ਵਿਧੀ, ਤਿਥੀ ਤੇ ਪਹਿਰੇ ਆਦਿ ਲੰਮੀਆਂ ਰਚਨਾਵਾਂ ਤੋਂ ਇਲਾਵਾ ਕਈ ਹੋਰ ਥਾਈਂ ਵੀ ਸੁੱਘੜਤਾ ਨਾਲ ਵਰਤੀ ਹੈ, ਜਿਵੇਂ :—

ਪਹਿਲਾ ਪਹਰੁ ਧੰਧੈ ਗਇਆ
ਦੂਜੈ ਭਰਿ ਸੋਇਆ
ਤੀਜੈ ਝਾਖ ਝਖਾਇਆ
ਚਉਥੈ ਭੋਰੁ ਭਇਆ ।

(ਸ੍ਰੀ ਰਾਗ ਮਹਲਾ ੫)

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਥਾਂ ਪਰ ਥਾਂ ਸੰਜਮ ਤੇ ਲੈਅ ਭਰਪੂਰ ਚੁਸਤ ਵਾਕ ਤ੍ਰੇਲ ਤੁਪਕਿਆਂ ਵਾਂਗ ਚਮਕਦੇ ਮਿਲਦੇ ਹਨ । ਇਨ੍ਹਾਂ ਵਿਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਣੈ ਪ੍ਰਭਾਵਸ਼ਾਲੀ ਢੰਗ ਨਾਲ ਸਮੋਏ ਹੋਏ ਹਨ ਤੇ ਅਖਾਣਾਂ ਵਾਂਗ ਹੀ ਪ੍ਰਚਲਿਤ ਹੋ ਗਏ ਹਨ :–

(ੳ) ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ । (ਅ) ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ। (ੲ) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ । (ਸ) ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ । (ਹ) ਵਡੇ ਵਡੇ ਜੋ ਦੀਸਹਿ ਲੋਗ ਤਿਨ ਕਉ ਬਿਆਪੈ ਚਿੰਤਾ ਰੋਗ ।

ਕੁਝ ਸ਼ਬਦ ਸੰਗੀਤ ਬਾਰੇ ਵੀ ਕਹਿਣੇ ਜ਼ਰੂਰੀ ਹਨ। ਸੰਗੀਤ ਦਾ ਜ਼ਿਕਰ ਸਭ ਤੋਂ ਅਖੀਰ ਵਿਚ ਆਇਆ ਹੈ। ਇਸ ਦਾ ਇਹ ਮਤਲਬ ਨਹੀਂ ਲੈਣਾ ਚਾਹੀਦਾ ਕਿ ਸੰਗੀਤ ਦੀ ਅਹਿਮੀਅਤ ਘਟ ਹੈ। ਗੁਰੂ ਅਰਜਨ ਦੇਵ ਜੀ ਨੂੰ ਦੇਸੀ, ਕਲਾਸਕੀ ਤੇ ਲੌਕਿਕ ਸਭ ਤਰ੍ਹਾਂ ਦੇ ਸੰਗੀਤ ਵਿਚ ਨਿਪੁੰਨਤਾ ਪ੍ਰਾਪਤ ਸੀ। ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦਾ ਰਾਗਾਂ ਅਨੁਸਾਰ ਸੰਪਾਦਨ ਹੀ ਇਸ ਗੱਲ ਦਾ ਵੱਡਾ ਪ੍ਰਮਾਣ ਹੈ ਕਿ ਸੰਗੀਤ ਨੂੰ ਉਨ੍ਹਾਂ ਦੀ ਕਾਵਿ-ਭੂਮੀ ਵਿਚ ਪ੍ਰਮੁਖ ਸਥਾਨ ਪ੍ਰਾਪਤ ਸੀ। ਗੁਰੂ ਅਰਜਨ ਦੇਵ ਵਲੋਂ ਕੁਝ ਕੁ ਵਾਰਾਂ ਉਤੇ ਧੁਨੀਆਂ ਦਾ ਚਾੜ੍ਹਿਆ ਜਾਣਾ, ਉਨ੍ਹਾਂ ਦਾ ਲੋਕ-ਧਾਰਨਾ ਨਾਲ ਨਿੱਘਾ ਸਬੰਧ ਸਥਾਪਿਤ ਕਰਦਾ ਹੈ। ਗੁਰਮਤਿ ਸੰਗੀਤ ਦਾ ਸ਼ਾਸਤ੍ਰੀ ਤੇ ਦੇਸੀ ਸੰਗੀਤ ਨਾਲ ਸੁਮੇਲ ਹੈ ਅਤੇ ਇਸ ਦਾ ਮੂੰਹ ਲੋਕ-ਧਾਰਨਾ ਵਲ ਹੈ।

ਉਪਰੋਕਤ ਸਾਰੀ ਵਿਚਾਰ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਲੋਕ-ਮੁਖੀ ਹੋਣ ਦੇ ਕਾਰਨ ਰੂਪ ਤੇ ਵਸਤੂ ਦੋਹਾਂ ਪੱਖਾਂ ਤੋਂ ਲੋਕ-ਤੱਤਾਂ ਤੇ ਰੂੜ੍ਹੀਆਂ ਨਾਲ ਰਸੀ ਹੋਈ ਹੈ ਅਤੇ ਇਸ ਵਿਚ ਲੋਕ-ਕਲਾ-ਵਿਧੀਆਂ ਤੇ ਲੋਕ-ਕਾਵਿ ਸੰਗਠਨਾਂ ਨੂੰ ਪ੍ਰਮੁਖ ਸਥਾਨ ਪ੍ਰਾਪਤ ਹੈ।

(ਅ-438) **ਅਰੰਡਲ :**

ਸ਼ਗਨਾਂ ਦੀ ਇਕ ਰੋਟੀ, ਜੋ ਮੰਡੀ ਦੇ ਇਲਾਕੇ ਵਿਚ 'ਧਾਮ' ਦੀ ਰਸਮ ਸਮੇਂ, ਕੰਨਿਆਂ ਪੱਖ ਵਾਲੇ, ਵਰ ਪੱਖ ਦੇ ਘਰੋਂ ਖਾਂਦੇ ਹਨ ਅਤੇ ਜਿਸ ਵਿਚ ਚਾਵਲ ਤੇ ਬਕਰਾ ਦਿਤਾ ਜਾਂਦਾ ਹੈ। ਮੰਡੀ ਦੇ ਮੁਸਲਮਾਨਾ ਵਿਚ, ਵਿਆਹ ਤੋਂ ਮਗਰੋਂ ਤੀਜੇ ਦਿਨ, 'ਧਾਮ' ਦੀ ਰਸਮ ਕੀਤੀ ਜਾਂਦੀ ਹੈ। ਕੰਨਿਆਂ ਪੱਖ ਵਾਲੇ ਵਿਆਹੇ ਜੋੜੇ ਨੂੰ ਨਾਲ ਲੈ ਕੇ ਵਰ ਪੱਖ ਦੇ ਘਰ ਜਾਂਦੇ ਹਨ, ਜਿਥੇ ਉਨ੍ਹਾਂ ਦਾ ਆਓ-ਭਗਤ ਕੀਤਾ ਜਾਂਦਾ ਹੈ। ਇਸ ਰੀਤ ਸਮੇਂ ਦੂਲ੍ਹਾ ਤੇ ਦੁਲਹਨ ਨੂੰ ਵੱਖਰੇ ਕੋਠੇ ਵਿਚ ਲਿਜਾ ਕੇ ਦੁਧ ਪਿਆਇਆ ਜਾਂਦਾ ਹੈ।

(ਅ-439) **ਅਰਣਯਾਨੀ :**

ਇਕ ਵਣ ਦੇਵੀ ਜੋ ਸਭ ਜਗਤ ਦਾ ਕਲਿਆਣ ਕਰਨ ਵਾਲੀ ਮੰਨੀ ਗਈ ਹੈ। ਰਿਗ ਵੇਦ ਦਾ ਇਕ ਪੂਰਾ ਸੂਕਤ (10,146) ਇਸੇ ਦੇਵੀ ਦੀ ਉਸਤਤੀ ਵਿਚ ਹੈ।

(ਅ-440) **ਅਰਣੀ :**

ਕਾਠ ਦਾ ਇਕ ਯੰਤ੍ਰ ਜਿਸ ਨਾਲ ਪ੍ਰਾਚੀਨ ਕਾਲ ਵਿਚ ਯੱਗ ਲਈ ਅੱਗ ਪੈਦਾ ਕੀਤੀ ਜਾਂਦੀ ਸੀ। ਅਰਣੀ ਦੇ ਦੋ ਹਿੱਸੇ ਹੁੰਦੇ ਸਨ। ਹੇਠਲੇ ਹਿੱਸੇ ਅਧਰਾਰਣੀ ਵਿਚ ਛੇਕ ਕਰ ਕੇ, ਉਸ ਦੇ ਵਿਚ ਉਪਰਲੇ ਹਿੱਸੇ ਉਤਰਾਰਣੀ ਨੂੰ ਖੜਾ ਕੀਤਾ ਜਾਂਦਾ ਹੈ। ਫਿਰ ਉਤਰਾਰਣੀ ਨਾਲ ਰੱਸੀ ਲਪੇਟ ਕੇ ਉਸ ਨੂੰ ਅਧਰਾਰਣੀ ਵਿਚ ਮਧਾਣੀ ਵਾਂਗ ਘੁਮਾਇਆ ਜਾਂਦਾ ਹੈ। ਇਸ ਰਗੜ ਨਾਲ ਜੋ ਅੱਗ ਪੈਦਾ ਹੁੰਦੀ ਹੈ ਉਸ ਨੂੰ ਬਹੁਤ ਹੀ ਪਵਿਤ੍ਰ ਮੰਨਿਆ ਜਾਂਦਾ ਸੀ। ਵੈਦਿਕ ਕਾਲ ਵਿਚ ਹਵਨ ਸਮੇਂ ਅਰਣੀ ਦੁਆਰਾ ਪ੍ਰਾਪਤ ਅਗਨੀ ਹੀ ਵਰਤੀ ਜਾਂਦੀ ਸੀ।

(ਅ-441) **ਅਰਥੀ :**

ਲੱਕੜ ਦਾ ਫਲਾ ਜਾਂ ਸੀੜ੍ਹੀ, ਜਿਸ ਉਤੇ ਮੁਰਦੇ ਨੂੰ ਪਾ ਕੇ ਮਰਘਟ ਵਿਚ ਲਿਜਾਇਆ ਜਾਂਦਾ ਹੈ। ਅਰਥੀ ਲਈ ਆਮ ਤੌਰ ਤੇ ਬਾਂਸ ਜਾਂ ਬੇਰੀ ਦੀ ਲਕੜੀ ਵਰਤੀ ਜਾਂਦੀ ਹੈ। ਕਈ ਵਾਰ ਛੋਟੇ ਆਕਾਰ ਦੀ ਸੀੜ੍ਹੀ ਉਤੇ ਹੀ ਮੁਰਦੇ ਨੂੰ ਲਿਟਾ ਕੇ ਰੱਸੀਆਂ ਬੰਨ੍ਹ ਦਿਤੀਆਂ ਜਾਂਦੀਆਂ ਹਨ। ਕਈ ਲੋਕ ਲਕੜੀ ਦੇ ਫੱਟੇ ਨਾਲ ਹੀ ਕੰਮ ਸਾਰ ਲੈਂਦੇ ਹਨ। ਫੱਟੇ ਉਤੇ ਕਿੱਲੀਆਂ ਠੋਕਣ ਦੀ ਜਗ੍ਹਾ ਬਣੀ ਹੁੰਦੀ ਹੈ। ਮੁਰਦੇ ਨੂੰ ਫੱਟੇ ਉਪਰ ਲਿਟਾ ਕੇ ਸਾਵਧਾਨੀ ਲਈ ਕਿੱਲੀਆਂ ਨਾਲ ਰੱਸੀਆਂ ਬੰਨ੍ਹ ਕੇ ਦੇਹ ਨੂੰ ਲਪੇਟ ਲਿਆ ਜਾਂਦਾ ਹੈ, ਤਾਂ ਜੋ ਉਲਾਰ ਹੋਣ ਨਾਲ ਮ੍ਰਿਤਕ ਦੇਹ ਹੇਠਾਂ ਨਾ ਡਿਗ ਪਏ। ਅਰਥੀ ਦੇ ਅੱਗੇ ਪਿਛੇ ਦੋਵੇਂ ਪਾਸੇ ਦੋ ਦੋ ਡੰਡੇ ਵਧੇ ਹੁੰਦੇ ਹਨ। ਇਨ੍ਹਾਂ ਚੌਹਾਂ ਡੰਡਿਆਂ ਹੇਠ ਚਾਰ ਜਣੇ ਮੋਢਾ ਦੇਂਦੇ ਹਨ। ਕੇਂਦਰੀ ਪੰਜਾਬ ਵਿਚ ਮੋਢਾ ਦੇਣ ਵਾਲੇ ਨੂੰ ਕਾਨੀ ਕਹਿੰਦੇ ਹਨ। ਮੁਰਦੇ ਨੂੰ ਮੋਢਾ ਦੇਣਾ ਬੜਾ ਸ਼ੁਭ ਕਰਮ

ਮੰਨਿਆ ਜਾਂਦਾ ਹੈ, ਇਸ ਲਈ ਕਈ ਥਾਈਂ ਮ੍ਰਿਤਕ ਦੇ ਰਿਸ਼ਤੇਦਾਰ, ਮਿਤ੍ਰ ਅਤੇ ਭਾਈਚਾਰੇ ਦੇ ਲੋਕ ਵਾਰੋ ਵਾਰੀ ਮੋਢਾ ਦੇਂਦੇ ਹੋਏ ਅਰਥੀ ਨੂੰ ਸ਼ਿਵਿਆਂ ਤਕ ਪਹੁੰਚਾਂਦੇ ਹਨ ।

ਜੇ ਕੋਈ ਯੁਵਕ ਕੱਚੀ-ਕੰਵਾਰੀ ਉਮਰ ਵਿਚ ਪ੍ਰਾਣ ਤਿਆਗ ਗਿਆ ਹੋਵੇ ਤਾਂ ਉਸ ਦੀ ਅਰਥੀ ਨੂੰ ਸ਼ਿੰਗਾਰ ਕੇ ਸਜਧਜ ਨਾਲ ਕੱਢਿਆ ਜਾਂਦਾ ਹੈ ਜਿਵੇਂ ਉਹ ਮੌਤ ਰਾਣੀ ਨੂੰ ਵਰਨ ਚਲਿਆ ਹੋਵੇ । ਮ੍ਰਿਤਕ ਨੂੰ ਕੇਸਰੀ ਬਾਣਾ ਤੇ ਪਗ ਪਹਿਨਾਈ ਜਾਂਦੀ ਹੈ ਅਤੇ ਕਈ ਵਾਰ ਅਰਥੀ ਅੱਗੇ ਬੈਂਡ ਵਾਜੇ ਵੀ ਵਜਾਏ ਜਾਂਦੇ ਹਨ। ਜੇ ਕੋਈ ਬਿਰਧ ਲੰਮੀ ਉਮਰ ਭੋਗ ਕੇ ਮਰਿਆ ਹੋਵੇ ਤਾਂ ਉਸ ਦੀ ਅਰਥੀ, ਵਿਮਾਨ ਦੀ ਸ਼ਕਲ ਦੀ ਬਣਾ ਕੇ, ਉਸ ਨੂੰ ਕਾਗ਼ਜ਼ ਦੇ ਫੁੱਲਾਂ, ਗੁਬਾਰਿਆਂ ਤੇ ਹਾਰਾਂ ਨਾਲ ਸੁਸ਼ੋਭਤ ਕੀਤਾ ਜਾਂਦਾ ਹੈ। ਉਸ ਦੀ ਅਰਥੀ ਦੇ ਉਪਰੋਂ ਦੀ ਮਖਾਣੇ, ਬਦਾਮ ਤੇ ਛੁਹਾਰੇ ਆਦਿ ਵਾਰ ਕੇ ਸੁੱਟੇ ਜਾਂਦੇ ਹਨ । ਇਸ ਰੀਤ ਨੂੰ 'ਵੱਡਾ ਕਰਨਾ' ਕਹਿੰਦੇ ਹਨ। ਜਿਹੜਾ ਸ਼ਖ਼ਸ ਇਸ ਸੋਟ ਦਾ ਕੋਈ ਪਦਾਰਥ ਮੂੰਹ ਲਗਾਂਦਾ ਹੈ, ਲੋਕ-ਨਿਸਚੇ ਅਨੁਸਾਰ ਉਹ ਲੰਮੀ ਉਮਰ ਭੋਗਦਾ ਹੈ । ਬਿਰਧ ਦੀ ਅਰਥੀ ਦੇ ਮਗਰ ਮਗਰ ਉਸ ਦਾ ਪੋਤਰਾ ਚਵਰੀ ਝੁਲਦਾ ਜਾਂਦਾ ਹੈ। ਚਵਰੀ ਝੁਲਣਾ ਵਡੱਪਣ ਤੇ ਆਦਰ ਮਾਣ ਦਾ ਪ੍ਰਤੀਕ ਹੈ, ਕਿਉਂ ਜੋ ਪੁਰਾਣੇ ਜ਼ਮਾਨੇ ਵਿਚ ਚਵਰੀ ਕੇਵਲ ਰਾਜਿਆਂ ਮਹਾਰਾਜਿਆਂ ਤੇ ਮਹਾਂਪੁਰਖਾਂ ਉਪਰ ਹੀ ਝੁਲੀ ਜਾਂਦੀ ਸੀ । ਬਿਰਧ ਦੀ ਅਰਥੀ ਚੁਕਣ ਤੋਂ ਪਹਿਲਾਂ ਉਸ ਦੀਆਂ ਨੂੰਹਾਂ ਪੁੱਤਰ ਚਰਣਾਂ ਉਤੇ ਮੱਥਾ ਟੇਕ ਕੇ ਉਸ ਨੂੰ ਰਸਮੀ ਢੰਗ ਨਾਲ ਵਿਦਾ ਕਰਦੇ ਹਨ ।

ਅਰਥੀ ਦੇ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਜੁੜੇ ਹੋਏ ਹਨ। ਅਰਥੀ ਦੇ ਅੱਗੇ ਅੱਗੇ ਤੁਰਦੇ ਜਾਣਾ ਅਸ਼ੁਭ ਹੈ; ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਅੱਗੇ ਤੁਰਨ ਵਾਲਾ ਪ੍ਰਾਣੀ ਮ੍ਰਿਤਕ ਤੋਂ ਵੀ ਪਹਿਲਾਂ ਮਰਘਟ ਅਰਥਾਤ ਜਮਪੁਰੀ ਪਹੁੰਚਣਾ ਚਾਹੁੰਦਾ ਹੈ। ਰਵਾਇਤ ਹੈ ਕਿ ਜਦੋਂ ਮਹਾਰਾਜਾ ਖੜਕ ਸਿੰਘ ਦੀ ਅਰਥੀ ਨਿਕਲ ਰਹੀ ਸੀ ਤਾਂ ਕੰਵਰ ਨੌਨਿਹਾਲ ਸਿੰਘ ਆਪਣੇ ਇਕ ਸਾਥੀ ਨਾਲ ਗੱਲਾਂ ਕਰਦਾ ਅਰਥੀ ਦੇ ਅੱਗੇ ਅੱਗੇ ਤੁਰਦਾ ਗਿਆ । ਇਕ ਦੋ ਸਰਦਾਰਾਂ ਨੇ ਉਸ ਨੂੰ ਅਰਥੀ ਦੇ ਪਿਛੇ ਰਹਿਣ ਲਈ ਬੇਨਤੀ ਵੀ ਕੀਤੀ, ਪਰ ਉਸ ਨੇ ਗੱਲ ਅਣਸੁਣੀ ਕਰ ਦਿਤੀ । ਇਸੇ ਬਦਸ਼ਗਨੀ ਦੇ ਫਲਸਰੂਪ, ਉਹ ਅਗਲੇ ਦਿਨ ਹੀ ਕਾਲਵਸ ਹੋ ਗਿਆ ।

ਅਰਥੀ ਨੂੰ ਪਿਛਲੇ ਪਾਸੇ ਵਲ ਕਦੇ ਨਹੀਂ ਮੋੜਿਆ ਜਾਂਦਾ. ਜੇ ਕਿਸੇ ਕਾਰਨ ਅਰਥੀ ਪਿਛੇ ਵਲ ਮੋੜੀ ਜਾਵੇ ਤਾਂ ਭਰਮ ਹੈ ਕਿ ਉਸ ਘਰ ਵਿਚ ਇਕ ਹੋਰ ਮੌਤ ਹੋਵੇਗੀ ।

ਜਦੋਂ ਕੋਈ ਅਰਥੀ ਕਿਧਰੋਂ ਲੰਘ ਰਹੀ ਹੋਵੇ ਤਾਂ ਰਾਹ ਵਿਚ ਸਭ ਲੋਕ ਸਤਿਕਾਰ ਨਾਲ ਖੜੇ ਹੋ ਜਾਂਦੇ ਹਨ ਤੇ ਅਰਥੀ ਨੂੰ ਪ੍ਰਣਾਮ ਕਰਦੇ ਹੋਏ ਆਪਣੇ ਇਸ਼ਟ ਨੂੰ ਯਾਦ ਕਰਦੇ ਹਨ ।

ਹਿੰਦੂ ਅਰਥੀ ਦੇ ਨਾਲ ਉੱਚੀ ਉੱਚੀ 'ਰਾਮ ਨਾਮ ਸਤਿ ਹੈ' ਅਲਾਪਦੇ ਜਾਂਦੇ ਹਨ। ਗੁਰ-ਸਿੱਖ ਢੋਲਕੀਆਂ ਛੈਣਿਆਂ ਨਾਲ ਸ਼ਬਦ ਪੜ੍ਹਦੇ ਜਾਂਦੇ ਹਨ। ਮੁਸਲਮਾਨ ਅਰਥੀ ਨਾਲ ਮੌਨ ਦਸ਼ਾ ਵਿਚ ਤੁਰਦੇ ਹਨ ।

ਹਿੰਦੂਆਂ ਵਿਚ ਮ੍ਰਿਤਕ ਦੇ ਪੁੱਤਰਾਂ ਪੋਤਰਿਆਂ ਦੀ ਭੱਦਣ ਕੀਤੀ ਜਾਂਦੀ ਹੈ। ਕਈ ਥਾਈਂ ਸਭ ਤੋਂ ਛੋਟੇ ਪੁੱਤਰ ਪੋਤਰੇ ਦੀ ਹੀ ਭੱਦਣ ਦਾ ਰਵਾਜ ਹੈ ਤੇ ਉਸ ਦੇ ਵਾਲ ਅਰਥੀ ਉਤੇ ਰਖ ਕੇ ਮਸਾਣਾਂ ਨੂੰ ਲਿਜਾਏ ਜਾਂਦੇ ਹਨ। (ਪੰਜਾਬ, 106) ਪਰ ਇਹ ਰਿਵਾਜ ਆਮ ਨਹੀਂ । ਕਈ ਥਾਈਂ ਅਰਥੀ ਉਪਰ ਵਿਧਵਾ ਹੋਈ ਇਸਤ੍ਰੀ ਦੀਆਂ ਸੁਹਾਗ ਦੀਆਂ ਚੂੜੀਆਂ ਵੀ ਰਖ ਦਿਤੀਆਂ ਜਾਂਦੀਆਂ ਹਨ ।

(ਅ-442) **ਅਰਦ੍ਰਾ** :

ਇਕ ਨਛਤ੍ਰ, ਜੋ ਸ਼ਕਲ ਵਿਚ ਤੀਰ ਵਾਂਗ ਹੈ। ਸ਼ਿਵ ਪੁਰਾਣ ਵਿਚ ਕਥਾ ਹੈ ਕਿ ਬ੍ਰਹਮਾ ਨੇ ਆਪਣੀ ਪੁੱਤਰੀ ਸੰਧਿਆ ਨਾਲ ਕਾਮ-ਚੇਸ਼ਟਾ ਪੂਰੀ ਕਰਨ ਦੇ ਵਿਚਾਰ ਨਾਲ ਉਸ ਦਾ ਪਿੱਛਾ ਕੀਤਾ। ਸੰਧਿਆ ਹਿਰਨੀ ਦਾ ਰੂਪ ਧਾਰ ਕੇ ਆਕਾਸ਼ ਵਲ ਉਠ ਦੌੜੀ। ਕਾਮਾਤੁਰ ਬ੍ਰਹਮਾ ਵੀ ਹਿਰਨ ਦੀ ਸ਼ਕਲ ਧਾਰ ਕੇ ਉਸ ਦਾ ਪਿੱਛਾ ਕਰਨ ਲੱਗਾ। ਜਦੋਂ ਸ਼ਿਵ ਜੀ ਨੇ ਇਹ ਦ੍ਰਿਸ਼ ਵੇਖਿਆ ਤਾਂ ਉਨ੍ਹਾਂ ਨੇ ਤੀਰ ਚਲਾ ਕੇ ਹਿਰਨ ਦਾ ਸਿਰ ਵੱਢ

ਦਿਤਾ। ਉਹ ਤੀਰ ਆਕਾਸ਼ ਵਿਚ ਨਛੱਤ੍ਰ ਦੇ ਰੂਪ ਵਿਚ ਹੁਣ ਤਕ ਸਥਿਤ ਹੈ ਅਤੇ ਇਸੇ ਨੂੰ ਅਰਦ੍ਰਾ ਜਾਂ ਆਰਦ੍ਰਾ ਨਛੱਤ੍ਰ ਕਹਿੰਦੇ ਹਨ। ਆਕਾਸ਼ ਮੰਡਲ ਵਿਚ ਹਿਰਨ ਦਾ ਸਿਰ ਵੀ ਇਕ ਨਛੱਤ੍ਰ ਦੇ ਰੂਪ ਵਿਚ ਟਿਕਿਆ ਹੋਇਆ ਹੈ; ਇਸ ਨਛੱਤ੍ਰ ਨੂੰ ਮ੍ਰਿਗਸ਼ਿਰਾ ਕਹਿੰਦੇ ਹਨ। ਇਹ ਦੋਵੇਂ ਨਛੱਤ੍ਰ ਇਕ ਦੂਜੇ ਦੇ ਕੋਲੋਂ ਕੋਲ ਹਨ।

(ਅ-443) **ਅਰਧ ਉਰਧ** :

ਯੋਗ ਮੱਤ ਦੀ ਇਕ ਸਾਧਨਾ; ਹੱਠ ਯੋਗ ਵਿਚ ਮੇਰੂ ਦੰਡ ਦੇ ਹੇਠਲੇ ਭਾਗ ਵਿਚ ਸਥਿਤ ਮੂਲਾਧਾਰ ਨੂੰ ਅਰਧ ਅਤੇ ਸਹੰਸਰਾਦਲ ਨੂੰ ਉਰਧ ਕਿਹਾ ਗਿਆ ਹੈ। ਕੁੰਡਲਨੀ ਸ਼ਕਤੀ ਨੂੰ ਜਗਾ ਕੇ ਸਹੰਸਰਾਦਲ ਵਿਚ ਸਥਿਤ ਕਰਨ ਦੀ ਸਾਧਨਾ ਨੂੰ ਅਰਧ-ਉਰਧ ਕਿਹਾ ਜਾਂਦਾ ਹੈ। (ਵੇਖੋ : ਕੁੰਡਲਨੀ)

(ਅ-444) **ਅਰਧਚੰਦ੍ਰਕਾ** :

(1) ਅੱਧੇ ਚੰਨ ਦੀ ਸ਼ਕਲ ਦਾ ਇਕ ਤਿਲਕ ਜੋ ਵੈਸ਼ ਜਾਤੀ ਦੇ ਲੋਕ, ਮੱਥੇ ਉਪਰ, ਭਵਾਂ ਦੇ ਵਿਚਕਾਰ ਲਗਾਉਂਦੇ ਹਨ। ਇਹ ਚਿੰਨ੍ਹ ਇਸ ਪ੍ਰਕਾਰ ਦਾ ਹੁੰਦਾ ਹੈ :— ( ˘ ˘ )

(2) ਅਸ਼ਟਮੀ ਦਾ ਚੰਨ।

(ਅ-445) **ਅਰਧ ਚੰਦ੍ਰਾਇਣੀ** :

ਦੁਰਗਾ ਦੇਵੀ ਜਿਸ ਨੇ ਆਪਣੇ ਮੱਥੇ ਉਤੇ ਅੱਧਾ ਚੰਨ ਧਾਰਨ ਕੀਤਾ ਹੋਇਆ ਹੈ। (ਵੇਖੋ : ਦੁਰਗਾ)

(ਅ-446) **ਅਰਧ ਨਾਰੀਸ਼੍ਵਰ** :

ਹਿੰਦੂ ਪੁਰਾਣਧਾਰਾ ਅਨੁਸਾਰ ਸ਼ਿਵ ਦਾ ਇਕ ਵਿਸ਼ਿਸ਼ ਰੂਪ; ਇਸ ਰੂਪ ਵਿਚ ਅੱਧਾ ਆਕਾਰ ਤਾਂ ਸ਼ਿਵ ਦਾ ਸੀ ਅਤੇ ਬਾਕੀ ਅੱਧਾ ਸ਼ਿਵ ਦੀ ਇਸਤ੍ਰੀ ਗੌਰਾਂ ਜਾਂ ਪਾਰਬਤੀ ਦਾ। ਇਹ ਰੂਪ ਸੰਸਾਰ ਦੀ ਉਤਪਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਮਰਦ ਤੇ ਇਸਤ੍ਰੀ ਦੀ ਸਾਂਝੀ ਅਥਾਹ ਉਪਜਾਊ ਸ਼ਕਤੀ ਅਤੇ ਪੂਰਨ ਇਕਾਈ ਦਾ ਬੋਧਿਕ ਹੈ। ਇਹ ਰੂਪ ਸ਼ਿਵ ਦੇ ਪਾਰਬਤੀ ਨਾਲ ਇਕ ਰੂਪ ਹੋ ਜਾਣ ਤੋਂ ਉਪਜਿਆ। ਇਸ ਰੂਪ ਬਾਰੇ ਇਕ ਕਥਾ ਪ੍ਰਚਲਤ ਹੈ। (ਵੇਖੋ : ਅੰਨਪੂਰਨਾ)

ਇਕ ਹੋਰ ਕਥਾ ਅਨੁਸਾਰ ਸੰਸਾਰ ਦੇ ਆਰੰਭ ਵਿਚ ਪਰਜਾਪਤੀ ਇਕੱਲਾ ਸੀ। ਉਸ ਦੇ ਮਨ ਵਿਚ ਸ੍ਰਿਸ਼ਟੀ ਸਿਰਜਣ ਦੀ ਇੱਛਾ ਜਾਗੀ ਅਤੇ ਉਸ ਨੇ ਆਪਣੇ ਸਰੀਰ ਦੇ ਦੋ ਖੰਡ ਕਰ ਕੇ ਅੱਧੇ ਵਿਚ ਪੁਰਸ਼ ਤੇ ਅੱਧੇ ਵਿਚ ਸਤੀ ਭਾਵ ਦਾ ਨਿਰਮਾਣ ਕੀਤਾ।

ਇਕ ਹੋਰ ਕਥਾ ਅਨੁਸਾਰ ਬ੍ਰਹਮਾ ਨੇ ਸ੍ਰਿਸ਼ਟੀ ਦੀ ਰਚਨਾ ਕਰਨੀ ਚਾਹੀ, ਪਰ ਨਿਰੇ ਪੁਰਸ਼ ਤੱਤਵ ਨਾਲ ਸੰਸਾਰ ਦੀ ਰਚਨਾ ਨਹੀਂ ਸੀ ਹੋ ਸਕਦੀ। ਸੋ ਬ੍ਰਹਮਾ ਨੇ ਸ਼ਿਵ ਦੀ ਅਰਾਧਨਾ ਕੀਤੀ। ਸ਼ਿਵ ਨੇ ਬ੍ਰਹਮਾ ਨੂੰ ਅਰਧ ਨਾਰੀਸ਼੍ਵਰ ਰੂਪ ਵਿਚ ਦਰਸ਼ਨ ਦਿਤੇ ਤਾਂ ਬ੍ਰਹਮਾ ਨੂੰ ਸ੍ਰਿਸ਼ਟੀ ਰਚਨਾ ਦੀ ਵਿਧੀ ਸੁੱਝੀ।

ਸ਼ਿਵ ਦੀਆਂ ਅਰਧ ਨਾਰੀਸ਼੍ਵਰ ਦੇ ਸਰੂਪ ਵਿਚ ਕਈ ਮੂਰਤੀਆਂ ਮਿਲਦੀਆਂ ਹਨ। ਮੰਡੀ ਵਿਚ ਅਰਧ ਨਾਰੀਸ਼੍ਵਰ ਦਾ ਇਕ ਮੰਦਰ ਹੈ, ਜਿਥੇ ਸ਼ਿਵ ਦੇ ਇਸੇ ਰੂਪ ਦੀ ਮੂਰਤੀ ਸਥਾਪਿਤ ਹੈ।

(ਅ-447) **ਅਰਫ਼ਾਤ** :

ਮੱਕੇ ਦੇ ਨੇੜੇ ਇਕ ਪਹਾੜ; ਸਾਮੀ ਰਵਾਇਤਾਂ ਅਨੁਸਾਰ ਜਦੋਂ ਆਦਮ ਤੇ ਹੱਵਾ ਨੂੰ ਬਹਿਸ਼ਤ ਵਿਚੋਂ ਧਰਤੀ ਉਤੇ ਸੁਟਿਆ ਗਿਆ ਤਾਂ ਆਦਮ ਲੰਕਾ ਵਿਚ ਅਤੇ ਹੱਵਾ ਅਰਫ਼ਾਤ ਪਹਾੜ ਉਤੇ ਜਾ ਡਿੱਗੀ। ਦੋ ਸਦੀਆਂ ਮਗਰੋਂ ਜਬਰਾਈਲ ਫ਼ਰਿਸ਼ਤੇ ਨੇ ਅੱਲਾ ਦੇ ਆਦੇਸ਼ ਉਤੇ ਆਦਮ ਨੂੰ ਲੰਕਾ ਤੋਂ ਅਰਫ਼ਾਤ ਲਿਆਂਦਾ ਅਤੇ ਇਥੇ ਹੀ ਆਦਮ ਹੱਵਾ ਦਾ ਪ੍ਰਿਥਵੀ ਉਤੇ ਪ੍ਰਥਮ ਮਿਲਾਪ ਹੋਇਆ। (ਵੇਖੋ : ਆਦਮ)

(ਅ-448) **ਅਰਬ ਧਰਤੀ** :

ਥਾਨੇਸਰ ਦੀ ਧਰਤੀ ਦਾ ਇਕ ਭਾਗ; ਰਵਾਇਤ ਹੈ ਇਕ ਸਮੇਂ ਵਿਸ਼ਨੂੰ ਮਹਾਰਾਜ ਥਾਨੇਸਰ ਕੋਲੋਂ ਲੰਘਦਿਆਂ ਕੁਝ ਚਿਰ ਲਈ ਇਸ ਧਰਤੀ ਉਤੇ ਚੌਕੜੀ ਮਾਰ ਕੇ ਬੈਠੇ ਸਨ। ਇਸ ਖੇਤਰ ਦੀ ਜਿਤਨੀ ਧਰਤੀ ਉਨ੍ਹਾਂ ਦੀ ਚੌਕੜੀ ਦੇ ਹੇਠਾਂ ਆਈ, ਉਹ ਦੇਵ-ਧਰਤੀ ਦੇ ਨਾਂ ਨਾਲ

ਪ੍ਰਸਿਧ ਹੋਈ ਅਤੇ ਜਿਹੜੀ ਇਸ ਤੋਂ ਬਾਹਰ ਰਹਿ ਗਈ, ਉਸ ਨੂੰ ਅਰਬ ਧਰਤੀ ਕਿਹਾ ਜਾਣ ਲੱਗਾ। (ਪੰਜਾਬ ਦੀ ਸੈਰ, ਪੰਨਾ 315)

(ਅ-449) **ਅਰਵਾਹ** :

ਮੁਸਲਮਾਨਾਂ ਵਿਚ ਮੌਤ ਨਾਲ ਸੰਬੰਧਿਤ ਇਕ ਰਸਮ; ਪ੍ਰਾਣੀ ਦੀ ਮੌਤ ਮਗਰੋਂ ਪਹਿਲੇ ਵੀਰਵਾਰ ਨੂੰ ਮਿੱਠੇ ਚਾਵਲ ਜਾਂ ਹਲਵਾ ਤਿਆਰ ਕਰਵਾ ਕੇ ਉਸ ਵਿਚੋਂ ਕੁਝ ਹਲਵਾ/ਚਾਵਲ ਦੀਨਦਾਰਾਂ ਵਿਚ ਵੰਡ ਦਿਤਾ ਜਾਂਦਾ ਹੈ ਤੇ ਬਾਕੀ ਰਿਸ਼ਤੇਦਾਰਾਂ ਨੂੰ ਖਾਣ ਲਈ ਦੇ ਦਿਤਾ ਜਾਂਦਾ ਹੈ। ਇਹ ਰੀਤ ਸਤ ਦਿਨ ਲਗਾਤਾਰ ਦੁਹਰਾਈ ਜਾਂਦੀ ਹੈ। ਗ਼ਰੀਬ ਲੋਕ, ਕੇਵਲ ਇਕੋ ਦਿਨ ਪਹਿਲੀ ਜੁਮੇਂਰਾਤ ਨੂੰ ਹੀ ਅਰਵਾਹ ਕਰਦੇ ਹਨ, ਪਰ ਧਨੀ ਲੋਕ ਚਾਲ੍ਹੀ ਦਿਨ ਲਗਾਤਾਰ ਰੋਜ਼ ਦੀਨਦਾਰਾਂ ਵਿਚ ਹਲਵਾ/ਮਿੱਠੇ ਚਾਵਲ ਵੰਡਦੇ ਰਹਿੰਦੇ ਹਨ। ਇਹ ਪਦਾਰਥ ਸੂਰਜ ਡੁੱਬਣ ਤੋਂ ਪਹਿਲਾਂ ਪਹਿਲ ਵੰਡਣ ਦਾ ਵਿਧਾਨ ਹੈ। ਇਸ ਦਾ ਸੁਆਬ ਮੋਏ ਪ੍ਰਾਣੀ ਦੀ ਰੂਹ ਨੂੰ ਪਹੁੰਚਦਾ ਹੈ।

(ਅ-450) **ਅਰੜ ਪੋਪੋ** :

ਗਲੀਆਂ ਵਿਚ ਫਿਰ ਕੇ ਹੱਥ ਵੇਖਣ ਵਾਲਾ ਰਾਵਲ। (ਵੇਖੋ : ਰਾਵਲ)

(ਅ-451) **ਅਰਾਈਂ** :

ਕਾਸ਼ਤਕਾਰੀ ਕਰਨ ਵਾਲੀ ਇਕ ਮੁਸਲਮਾਨ ਜਾਤੀ। ਅਰਾਈਆਂ ਦੇ ਮੁੱਢ ਬਾਰੇ ਕਈ ਧਾਰਨਾਂ ਪ੍ਰਚਲਤ ਹਨ। ਇਕ ਰਵਾਇਤ ਅਨੁਸਾਰ ਅਰਾਈਂ 'ਉੱਚ' ਦੇ ਇਲਾਕੇ ਤੋਂ ਸਰਸਾ ਵਿਚ ਆ ਕੇ ਵਸੇ ਅਤੇ ਉਥੋਂ ਹੀ ਪੰਜਾਬ ਦੇ ਦੂਜੇ ਖੇਤਰਾਂ ਵਿਚ ਫੈਲਦੇ ਗਏ। ਫ਼ਿਰੋਜ਼ਪੁਰ, ਲੁਧਿਆਣਾ, ਅੰਬਾਲਾ ਅਤੇ ਹਿਸਾਰ ਦੇ ਇਲਾਕੇ ਦੇ ਅਰਾਈਂ ਆਪਣਾ ਮੂਲ ਸਥਾਨ 'ਉਚ' ਦਸਦੇ ਹਨ।

ਘੱਗਰ ਦੀ ਵਾਦੀ ਵਿਚ ਵਸਦੇ ਅਰਾਈਂ ਆਪਣਾ ਪਿੱਛਾ ਰਾਜਪੂਤਾਂ ਨਾਲ ਜੋੜਦੇ ਹਨ। ਰਵਾਇਤ ਹੈ ਕਿ ਉਹ ਪਹਿਲਾਂ ਮੁਲਤਾਨ ਦੇ ਨੇੜੇ ਪੰਜਨਦ ਵਿਚ ਵਸਦੇ ਸਨ, ਜਿਥੋਂ ਪੰਦਰ੍ਹਵੀਂ ਸਦੀ ਵਿਚ, 'ਉੱਚ' ਦੇ ਸੱਯਦ ਜਲਾਲ ਉੱਦੀਨ ਨੇ ਉਨ੍ਹਾਂ ਨੂੰ ਕੱਢ ਦਿਤਾ। ਸਰਸੇ ਦੇ ਇਲਾਕੇ ਦੇ ਅਰਾਈਂ ਆਪਣਾ ਪਿੱਛਾ ਹਿੰਦੂ ਕੰਬੋਆਂ ਨਾਲ ਵੀ ਜੋੜਦੇ ਹਨ। ਵਿਲਸਨ ਦਾ ਵਿਚਾਰ ਹੈ ਕਿ ਅਰਾਈਂ ਮੂਲ ਵਿਚ ਕੰਬੋਅ ਜਾਤੀ ਵਿਚੋਂ ਹਨ ਜੋ ਮਗਰੋਂ ਮੁਸਲਮਾਨ ਬਣ ਗਏ।

ਗਲਾਸਰੀ. (2,14) ਅਨੁਸਾਰ ਅਰਾਈਂ ਮੂਲ ਵਿਚ ਸਿੰਧ ਦਰਿਆ ਦੀ ਹਿਠਾੜ ਵਿਚ ਵਸਦੇ ਸਨ ਜਿਥੋਂ ਉਹ ਸਾਰੇ ਪੰਜਾਬ ਵਿਚ ਫੈਲ ਗਏ। ਉਨ੍ਹਾਂ ਦੀ ਇਕ ਸ਼ਾਖ਼ ਘੱਗਰ ਵਿਚ ਜਾ ਵਸੀ। ਪਿਛੋਂ ਜਦੋਂ ਘੱਗਰ ਦਰਿਆ ਸੁੱਕ ਗਿਆ ਤਾਂ ਉਹ ਜਮਨਾ ਤੇ ਸਤਲੁਜ ਦੇ ਇਲਾਕੇ ਵਿਚ ਫੈਲਦੇ ਗਏ।

ਅਰਾਈਂ ਕਈ ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਕਪੂਰਥਲੇ ਤੇ ਜਲੰਧਰ ਦੀਆਂ ਸ਼ਾਖ਼ਾਂ ਦੀ ਲੰਮੀ ਸੂਚੀ ਗਲਾਸਰੀ. (2,14) ਵਿਚ ਮਿਲਦੀ ਹੈ। ਜਲੰਧਰ ਦੇ ਅਰਾਈਆਂ ਅਨੁਸਾਰ ਉਹ ਸਰਸਾ ਅਤੇ ਦਿੱਲੀ ਤੋਂ ਉਥੇ ਆ ਕੇ ਵਸੇ। ਉਹ ਆਪਣੇ ਆਪ ਨੂੰ ਰਾਮਚੰਦਰ ਦੇ ਲੜਕੇ ਲਵ ਦੀ ਪੀੜ੍ਹੀ ਨਾਲ ਜੋੜਦੇ ਹਨ ਤੇ ਆਪਣੇ ਆਪ ਨੂੰ ਸਰਸਾ ਦੇ ਰਾਜਾ ਰਾਇ ਜਜ਼ ਦੀ ਵੰਸ਼ ਵਿਚੋਂ ਦਸਦੇ ਹਨ। ਬਾਰ੍ਹਵੀਂ ਸਦੀ ਵਿਚ ਅਰਾਈਆਂ ਦੇ ਵਡਿਕਿਆਂ ਨੇ ਇਸਲਾਮ ਧਾਰਨ ਕਰ ਲਿਆ, ਮਗਰੋਂ ਉਹ ਜਲੰਧਰ ਆ ਵਸੇ। ਪਰ ਭੁਟਾ ਸ਼ਾਖ਼ ਦੇ ਅਰਾਈਂ ਆਪਣੇ ਆਪ ਨੂੰ ਰਾਜੇ ਭੁਟੇ ਦੀ ਵੰਸ਼ ਵਿਚੋਂ ਦਸਦੇ ਹਨ, ਜੋ ਰਾਜਾ ਕਰਣ ਤੋਂ ਪੰਜਵੀਂ ਪੀੜ੍ਹੀ ਉਤੇ ਸੀ ਅਤੇ ਜਿਸ ਨੂੰ ਮਹਿਮੂਦ ਗ਼ਜ਼ਨਵੀ ਨੇ ਜਬਰਨ ਮੁਸਲਮਾਨ ਬਣਾ ਲਿਆ ਸੀ। ਪਰ ਮਗਰੋਂ ਉਸ ਨੂੰ 'ਉੱਚ' ਵਿਚੋਂ ਕੱਢ ਦਿਤਾ ਸੀ। ਰਾਜੇ ਭੁਟੇ ਦੀ ਵਾਰ ਲੋਕਾਂ ਵਿਚ ਪ੍ਰਸਿਧ ਹੈ, ਜਿਸ ਦੀ ਇਕ ਤੁਕ ਇਉਂ ਪ੍ਰਚਲਤ ਹੈ :—

ਉਚ ਨਾ ਦਿਤਾ ਭੁਟਿਆ,
ਚਟਾ ਬਸੰਤੀ ਸਾਰ।
ਦਾਣਾ ਪਾਣੀ ਚੁਕ ਗਿਆ,
ਚੱਬਣ ਮੋਤੀ ਹਾਰ।

ਧਨੀ ਪੋਠੋਹਾਰ ਵਿਚ ਅਰਾਈਆਂ ਨੂੰ ਮਲਿਆਰ ਕਹਿੰਦੇ ਹਨ। ਪੰਜਾਬ ਦੇ ਕੁਝ

ਇਲਾਕਿਆਂ ਵਿਚ, ਖਾਸ ਤੌਰ ਤੇ ਦੱਖਣ-ਪੱਛਮੀ ਪੰਜਾਬ ਵਿਚ, ਅਰਾਈਂ ਸ਼ਬਦ ਮਾਲੀ ਦਾ ਸਮਾਨਾਰਥੀ ਹੈ। ਅਰਾਈਂ ਦੇਸ਼ ਦੇ ਬਟਵਾਰੇ ਮਗਰੋਂ ਪਾਕਿਸਤਾਨ ਵਿਚ ਪਰਵਾਸ ਕਰ ਗਏ ਹਨ।

(ਅ-452) **ਅਰਿਸ਼ਟ** :

(1) ਇਕ ਰਾਖਸ਼ ਜੋ ਬਲ ਦਾ ਪੁੱਤਰ ਸੀ। ਭਾਗਵਤ ਅਨੁਸਾਰ, ਕੰਸ ਨੇ ਇਸ ਨੂੰ ਕ੍ਰਿਸ਼ਨ ਦਾ ਬੱਧ ਕਰਨ ਲਈ ਬਿੰਦਰਾਬਨ ਭੇਜਿਆ ਸੀ। ਅਰਿਸ਼ਟ ਨੇ ਜੰਗਲੀ ਸੰਢੇ ਦਾ ਰੂਪ ਧਾਰ ਲਿਆ ਤੇ ਗਊਆਂ ਦੇ ਵਗ ਵਿਚ ਰਲ ਕੇ ਉਪੱਦਰ ਕਰਨ ਲੱਗਾ। ਅਰਿਸ਼ਟ ਨੇ ਕ੍ਰਿਸ਼ਨ ਦੀ ਹੱਤਿਆ ਕਰਨ ਦੇ ਵਿਚਾਰ ਨਾਲ ਉਸ ਉਤੇ ਹੱਲਾ ਬੋਲਿਆ, ਪਰ ਉਲਟਾ ਕ੍ਰਿਸ਼ਨ ਦੇ ਹੱਥੋਂ ਮਾਰਿਆ ਗਿਆ। ਇਸ ਅਸੁਰ ਨੂੰ ਅਰਿਸ਼ਟ ਨੇਮੀ ਤੇ ਵ੍ਰਿਖਭਾਸੁਰ ਭੀ ਆਖਦੇ ਹਨ।

(2) ਵਿਸ਼ਵਾਮਿਤ੍ਰ ਦਾ ਇਕ ਪੁੱਤਰ, ਜੋ ਉਸ ਦੁਆਰਾ ਰਾਜੇ ਯਯਾਤੀ ਦੀ ਲੜਕੀ ਤੋਂ ਪੈਦਾ ਹੋਇਆ ਸੀ।

(ਅ-453) **ਅਰਿਸ਼ਟ ਨੇਮੀ** :

(ਵੇਖੋ : ਅਰਿਸ਼ਟ)

(ਅ-454) **ਅਰਿ ਕੇਸੀ** :

ਕ੍ਰਿਸ਼ਨ ਦੀ ਇਕ ਉਪਾਧੀ, ਜੋ ਕੇਸੀ ਅਸੁਰ ਦਾ ਬੱਧ ਕਰਨ ਕਰ ਕੇ ਪ੍ਰਸਿਧ ਹੋਈ। (ਵੇਖੋ : ਕੇਸੀ)

(ਅ-455) **ਅਰੁਣ** :

(1) ਸੂਰਜ ਦਾ ਰਥਵਾਨ; ਅਰੁਣ ਕਸ਼ਯਪ ਦਾ ਪੁੱਤਰ ਸੀ ਜੋ ਵਿਨਾਤਾ ਦੇ ਉਦਰ ਤੋਂ ਜੰਮਿਆ। ਅਰੁਣ ਦੀ ਉਤਪੱਤੀ ਬਾਰੇ ਪੁਰਾਣਾਂ ਵਿਚ ਇਕ ਰੌਚਿਕ ਕਥਾ ਮਿਲਦੀ ਹੈ। ਕਸ਼ਯਪ ਦੀਆਂ ਦੋ ਇਸਤ੍ਰੀਆਂ ਕਦਰੂ ਤੇ ਵਿਨਾਤਾ ਸਨ। ਕਸ਼ਯਪ ਨੇ ਕਿਸੇ ਗੱਲੋਂ ਖ਼ੁਸ਼ ਹੋ ਕੇ ਦੋਹਾਂ ਨੂੰ ਵਰ ਮੰਗਣ ਲਈ ਕਿਹਾ। ਕਦਰੂ ਨੇ ਵਰਦਾਨ ਵਿਚ ਇਕ ਹਜ਼ਾਰ ਨਾਗ ਪੁੱਤਰ ਮੰਗੇ, ਪਰ ਵਿਨਾਤਾ ਨੇ ਕੇਵਲ ਦੋ ਪੁੱਤਰ ਮੰਗਦੇ ਹੋਏ ਬੇਨਤੀ ਕੀਤੀ ਕਿ ਉਹ ਦੋਵੇਂ ਕਦਰੂ ਦੇ ਹਜ਼ਾਰ ਨਾਗ ਪੁੱਤਰਾਂ ਤੋਂ ਜ਼ਿਆਦਾ ਬਲਵਾਨ ਹੋਣ। ਸਮਾਂ ਪਾ ਕੇ ਕਦਰੂ ਨੇ ਇਕ ਹਜ਼ਾਰ ਅੰਡੇ ਦਿਤੇ ਜਿਨ੍ਹਾਂ ਵਿਚੋਂ ਇਕ ਹਜ਼ਾਰ ਨਾਗ ਪੁੱਤਰ ਪੈਦਾ ਹੋਏ। ਵਿਨਾਤਾ ਨੇ ਦੋ ਅੰਡੇ ਦਿਤੇ, ਪਰ ਦੋਹਾਂ ਵਿਚੋਂ ਕੋਈ ਬੱਚਾ ਨਾ ਨਿਕਲਿਆ। ਕਰੋਧ ਵਿਚ ਆ ਕੇ ਵਿਨਾਤਾ ਨੇ ਇਕ ਅੰਡਾ ਤੋੜ ਦਿਤਾ ਜਿਸ ਵਿਚੋਂ ਇਕ ਲਾਲ ਰੰਗ ਦਾ ਅੱਧੇ ਧੜ ਵਾਲਾ ਪਿੰਗਲਾ ਜੀਵ ਨਿਕਲਿਆ। ਇਹੋ ਅਰੁਣ ਸੀ। ਦੂਜੇ ਅੰਡੇ ਵਿਚੋਂ ਸਮਾਂ ਪਾ ਕੇ ਗਰੁੜ ਜੰਮਿਆ। ਅਰੁਣ ਨੂੰ ਹੇਠਲਾ ਧੜ ਨਾ ਹੋਣ ਕਰ ਕੇ 'ਅਨੁਰੂ' ਵੀ ਕਹਿੰਦੇ ਹਨ। ਅਰੁਣ ਦਾ ਵਿਆਹ ਸ਼ਯੇਨੀ ਨਾਲ ਹੋਇਆ ਜਿਸ ਤੋਂ ਦੋ ਪੁੱਤਰ ਸੰਪਾਤੀ ਅਤੇ ਜਟਾਯੂ ਪੈਦਾ ਹੋਏ।

ਅਰੁਣ ਸੂਰਜ ਦਾ ਰਥਵਾਨ ਹੈ। ਸੂਰਜ ਚੜ੍ਹਨ ਤੋਂ ਪਹਿਲਾਂ ਆਕਾਸ਼ ਵਿਚ ਜੋ ਲਾਲੀ ਵਿਖਾਈ ਦੇਂਦੀ ਹੈ, ਉਹ ਉਸੇ ਦੀ ਆਭਾ ਮੰਨੀ ਜਾਂਦੀ ਹੈ।

ਅਰੁਣ ਦਾ ਉਲੇਖ ਆਦਿ ਗ੍ਰੰਥ ਦੀ ਭਗਤ ਬਾਣੀ ਵਿਚ ਹੈ :— 'ਕਰਮ ਕਰਿ ਅਰੁਣ ਪਿੰਗਲਾਰੀ।' ਧਨਾਸਰੀ ਤ੍ਰਿਲੋਚਨ।

(2) ਅਯੋਧ ਸੋਮਯ ਦਾ ਸ਼ਿਸ਼ ਜਿਸ ਨੂੰ ਉਦਾਲਕ ਵੀ ਕਿਹਾ ਜਾਂਦਾ ਹੈ। (ਵੇਖੋ:ਉਦਾਲਕ)

(ਅ-456) **ਅਰੁਧੰਤੀ** :

(1) ਕਰਦਮ ਮੁਨੀ ਦੀ ਪਤਨੀ ਜਿਸ ਦਾ ਵਿਆਹ ਵਸਿਸ਼ਟ ਨਾਲ ਹੋਇਆ। ਅਰੁਧੰਤੀ ਬੜੀ ਸੁਸ਼ੀਲ, ਪਤੀਬ੍ਰਤਾ ਤੇ ਸਾਊ ਇਸਤ੍ਰੀ ਸੀ। ਹਿੰਦੂ ਵਸਿਸ਼ਟ ਤੇ ਅਰੁਧੰਤੀ ਨੂੰ ਆਦਰਸ਼ਕ ਦੰਪਤੀ ਪ੍ਰੇਮ ਦਾ ਪ੍ਰਤੀਕ ਮੰਨਦੇ ਹਨ। ਪੁਰਾਣਾਂ ਅਨੁਸਾਰ ਅਰੁਧੰਤੀ ਮਰਨ ਮਗਰੋਂ ਤਾਰਾ ਬਣ ਕੇ ਆਕਾਸ਼ ਮੰਡਲ ਵਿਚ ਭਰਮਣ ਲੱਗੀ। ਹਿੰਦੂ ਵਿਆਹ ਵੇਲੇ, ਫੇਰਿਆਂ ਤੋਂ ਬਾਅਦ ਵਰ ਤੇ ਕੰਨਿਆਂ ਨੂੰ ਇਸ ਤਾਰੇ ਦੇ ਦਰਸ਼ਨ ਕਰਾਂਦੇ ਹਨ। (ਵੇਖੋ : ਅਰੁਧੰਤੀ ਤਾਰਾ)

(2) ਦਖਸ਼ ਪ੍ਰਜਾਪਤੀ ਦੀ ਇਕ ਪੁੱਤਰੀ ਜੋ ਧਰਮ ਦੀ ਪਤਨੀ ਸੀ।

(ਅ-457) **ਅਰੁਧੰਤੀ ਤਾਰਾ** :

(1) ਇਕ ਛੋਟਾ ਜਿਹਾ ਤਾਰਾ, ਜੋ ਰਾਤ ਵੇਲੇ ਸਪਤ-ਰਿਸ਼ੀ ਦੇ ਨੇੜੇ ਕਰ ਕੇ ਵਿਖਾਈ ਦੇਂਦਾ ਹੈ। ਪੌਰਾਣਿਕ ਕਥਾਵਾਂ ਅਨੁਸਾਰ ਸਪਤ-ਰਿਸ਼ੀ ਸਮੂਹ ਦੇ ਤਾਰੇ ਸੰਸਾਰ ਵਿਚ ਹੋਏ ਪ੍ਰਸਿਧ ਸਤ ਰਿਸ਼ੀ ਹਨ, ਜਿਨ੍ਹਾਂ ਨੂੰ ਸ਼ੁਭ ਕਰਮਾਂ ਤੇ ਉੱਚੀ ਦੈਵੀ ਅਵਸਥਾ ਕਾਰਨ, ਆਕਾਸ਼ ਮੰਡਲ ਵਿਚ ਆਦਰ ਯੋਗ ਸਥਾਨ ਪ੍ਰਾਪਤ ਹੋਏ। ਇਨ੍ਹਾਂ ਰਿਸ਼ੀਆਂ ਵਿਚੋਂ ਹੀ ਇਕ ਦਸਰਥ ਦੇ ਕੁਲ-ਪ੍ਰੋਹਿਤ ਵਸਿਸ਼ਟ ਸੀ ਜਿਸਦੀ ਪਤਨੀ ਦਾ ਨਾਂ ਅਰੁਧੰਤੀ ਸੀ। ਮਰਨ ਮਗਰੋਂ ਅਰੁਧੰਤੀ ਵੀ ਆਕਾਸ਼ ਮੰਡਲ ਵਿਚ ਤਾਰਾ ਬਣ ਕੇ ਵਿਚਰਨ ਲੱਗੀ ਅਤੇ ਇਸ ਨੂੰ ਆਪਣੇ ਪਤੀ ਵਸਿਸ਼ਟ ਦੇ ਨੇੜੇ ਹੀ ਸਥਾਨ ਪ੍ਰਾਪਤ ਹੋਇਆ।

ਵਿਆਹ ਦਾ ਸਾਹਾ ਕੱਢਣ ਲੱਗਿਆਂ ਜੋਤਸ਼ੀ ਵਸਿਸ਼ਟ ਤੇ ਅਰੁਧੰਤੀ ਦੀ ਚਾਲ ਤੇ ਦਿਸ਼ਾ ਨੂੰ ਧਿਆਨ ਵਿਚ ਰਖਦੇ ਹਨ। ਕਿਉਂ ਜੋ ਇਨ੍ਹ ਦੋਹਾਂ ਤਾਰਿਆਂ ਦਾ ਵਿਆਹੁਤਾ ਜੀਵਨ ਉਤੇ ਡੂੰਘਾ ਅਸਰ ਪੈਂਦਾ ਹੈ। ਜਦੋਂ ਵਸਿਸ਼ਟ ਤੇ ਅਰੁਧੰਤੀ ਸ਼ੁਭ ਲਗਨ ਵਿਚ ਹੋਣ, ਉਦੋਂ ਕੀਤਾ ਵਿਆਹ ਬੜਾ ਸੁਭਾਗਾ ਹੁੰਦਾ ਹੈ ਤੇ ਜੋੜੀ ਸੌ ਸਾਲ ਤਕ ਚਿਰੰਜੀਵ ਰਹਿੰਦੀ ਮੰਨੀ ਜਾਂਦੀ ਹੈ। ਹਿੰਦੂਆਂ ਵਿਚ, ਵਿਆਹ ਵੇਲੇ ਫੇਰਿਆਂ ਤੋਂ ਬਾਅਦ, ਵਰ ਤੇ ਕੰਨਿਆਂ ਨੂੰ ਅਰੁਧੰਤੀ ਤਾਰੇ ਦੇ ਦਰਸ਼ਨ ਕਰਾਏ ਜਾਂਦੇ ਹਨ। ਇਹ ਤਾਰਾ ਆਦਰਸ਼ਕ ਦੰਪਤੀ ਪ੍ਰੇਮ ਦਾ ਪ੍ਰਤੀਕ ਬਣ ਗਿਆ ਹੈ।

ਪੁਰਾਣਾਂ ਅਨੁਸਾਰ ਜਿਸ ਪ੍ਰਾਣੀ ਨੂੰ ਅਰੁਧੰਤੀ ਤਾਰਾ ਵਿਖਾਈ ਨਾ ਦੇਵੇ, ਉਸ ਦੀ ਚਾਲ੍ਹੀ ਦਿਨਾਂ ਦੇ ਅੰਦਰ ਮੌਤ ਹੋ ਜਾਂਦੀ ਹੈ।

(2) ਇਕ ਨਛਤ੍ਰ।

(ਅ-458) **ਅਰੇਣ** :

ਜਿਸ ਦੇ ਪੈਰਾਂ ਨਾਲ ਰੇਣੁ (ਧੂੜ) ਨਾ ਉਡੇ, ਭਾਵ ਦੇਵਤਾ; ਪੁਰਾਣਾਂ ਅਨੁਸਾਰ ਦੇਵਤੇ ਧਰਤੀ ਉਤੇ ਕਦਮ ਟਿਕਾ ਕੇ ਨਹੀਂ ਟੁਰਦੇ, ਜਿਸ ਲਈ ਉਨ੍ਹਾਂ ਦੇ ਪੈਰਾਂ ਨਾਲ ਧੂੜ ਨਹੀਂ ਉੱਡਦੀ।

(ਅ-459) **ਅਰੋਏ** :

ਗਰਭ ਠਹਿਰਨ ਤੋਂ ਬਾਅਦ ਦੇ ਕੁਝ ਦਿਨ ਜਦੋਂ ਤੀਵੀਂ ਦਾ ਜੀਅ ਕੱਚਾ ਰਹਿੰਦਾ ਹੈ; ਇਨ੍ਹਾਂ ਦਿਨਾਂ ਨੂੰ ਕੱਚੇ-ਪੱਕੇ ਦਿਨ ਵੀ ਕਹਿੰਦੇ ਹਨ। ਮੁਲਤਾਨੀ ਅਰੋੜਿਆਂ ਵਿਚ ਗਰਭ ਨਾਲ ਸੰਬੰਧਿਤ ਇਕ ਰੀਤ ਨੂੰ ਵੀ ਅਰੋਏ ਕਹਿੰਦੇ ਹਨ। ਜਦੋਂ ਕਿਸੇ ਵਿਆਹੁਤਾ ਕੁੜੀ ਨੂੰ ਪਹਿਲੀ ਵਾਰ ਗਰਭ ਠਹਿਰਦਾ ਹੈ ਤਾਂ ਉਹ ਪੰਜਵੇਂ ਮਹੀਨੇ ਪੇਕੇ ਚਲੀ ਜਾਂਦੀ ਹੈ। ਉਸ ਕੁੜੀ ਦੀ ਮਾਂ ਕੋਈ ਮਿੱਠਾ ਪਦਾਰਥ ਅਥਵਾ ਮਠਿਆਈ ਤਿਆਰ ਕਰਵਾ ਕੇ ਉਸ ਵਿਚੋਂ ਕੁਝ ਮਠਿਆਈ ਕੁੜੀ ਦੀ ਝੋਲੀ ਵਿਚ ਪਾਉਂਦੀ ਹੈ ਤੇ ਬਾਕੀ ਸਾਕ ਸਬੰਧੀਆਂ ਵਿਚ ਵੰਡ ਦੇਂਦੀ ਹੈ। ਮਾਂ ਕੁੜੀ ਦੀ ਝੋਲੀ ਵਿਚ ਮਠਿਆਈ ਪਾਉਣ ਲੱਗਿਆਂ ਸੱਤ ਵਾਰ ਕਹਿੰਦੀ ਹੈ :—

ਤੈਂਡੀ ਝੋਲੀ ਚੌਲ ਮਿਠੜਾ
ਮਾਊ ਸ਼ਗਨਾਂ ਨਾਲ ਦਿਤੜਾ
ਇਹਨੂੰ ਸ਼ਗਨਾਂ ਦੇ ਨਾਲ ਖਾਈਂ
ਕੁੜੀਏ ਸੱਤ ਪੁੱਤਰ ਜਾਈਂ।

ਇਹ ਇਕ ਤਰ੍ਹਾਂ ਦੀ ਉਪਜਾਇਕਤਾ ਦੀ ਰੀਤ ਹੈ। ਪੰਜਾਬੀ ਵਿਚ 'ਅਰੋਏ ਦੇ ਗੀਤ' ਮਿਲਦੇ ਹਨ ਜਿਨ੍ਹਾਂ ਵਿਚ ਗਰਭਵਤੀ ਦੇ ਅਰੋਏ ਦੇ ਦਿਨਾਂ ਦੀ ਮਨੋ-ਸਥਿਤੀ ਤੇ ਚੇਸ਼ਟਾਵਾਂ ਦਾ ਵਰਨਣ ਹੈ। ਇਨ੍ਹੀਂ ਦਿਨੀਂ ਗਰਭਵਤੀ ਦਾ ਦਿਲ ਖੱਟੀਆਂ ਵਸਤੂਆਂ, ਮਿੱਟੀ, ਕੋਲਾ, ਆਚਾਰ ਆਦਿ ਖਾਣ ਲਈ ਕਰਦਾ ਹੈ। ਇਕ ਗੀਤ ਵਿਚ ਗਰਭਵਤੀ ਆਪਣੇ ਸਜਣ ਅੱਗੇ, ਨਿੰਬੂ ਲਿਆਉਣ ਦੀ ਬੇਨਤੀ ਕਰਦੀ ਹੈ : 'ਰਸੀਆ ਨਿੰਬੂਆ ਲਿਆ ਦੇ ਵੇ ਮੇਰੀ ਉਠੀ ਕਲੇਜੇ ਪੀੜ'। ਇਕ ਹੋਰ ਗੀਤ ਵਿਚ ਗਰਭਵਤੀ ਮਿੱਟੀ ਖਾਣ ਲਈ ਤਾਂਘਦੀ ਹੈ : 'ਹਾਇ ਮੈਂ ਮਿੱਟੀ ਖਾਣੀ ਏਂ, ਸੁਟਾ ਦੇ ਬੋਰਾ ਮਿੱਟੀ ਦਾ।' ਇਹ ਗੀਤ ਆਪਣੇ ਚਰਿਤ੍ਰ ਕਰ ਕੇ ਵੱਖਰੇ ਹਨ।

(ਅ-460) **ਅਰੋਰ, ਅਰੋੜ** :

ਸਿੰਧ ਵਿਚ ਸੱਖਰ ਜ਼ਿਲੇ ਦੀ ਰੋਹੜੀ ਤਹਿਸੀਲ ਦਾ ਇਕ ਪ੍ਰਾਚੀਨ ਪਿੰਡ। ਇਸ ਪਿੰਡ ਦੀ ਥੇਹ ਰੋਹੜੀ ਨਗਰ ਤੋਂ ਪੰਜ ਮੀਲ ਪੂਰਵ

ਦੱਖਣ ਵਲ ਹੈ। ਇਥੇ ਕਦੇ ਘੁਗ ਵਸਦਾ ਸ਼ਹਿਰ ਹੁੰਦਾ ਸੀ। ਇਕ ਰਵਾਇਤ ਅਨੁਸਾਰ ਅਰੋੜ ਪਿੰਡ ਵਿਚ ਵਸਣ ਕਰ ਕੇ ਹੀ ਅਰੋੜਿਆਂ ਦੀ ਇਹ ਅਲ ਪ੍ਰਚਲਤ ਹੋਈ। ਅਰੋੜਿਆਂ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਇਸ ਪਿੰਡ ਨੂੰ ਅਰੋਰ ਨਾਂ ਦੇ ਇਕ ਖੱਤਰੀ ਨੇ ਵਸਾਇਆ। ਇਸ ਨਗਰ ਵਿਚ ਇਕ ਪ੍ਰਤਾਪੀ ਫ਼ਕੀਰ ਰਹਿੰਦਾ ਸੀ ਜਿਸ ਨੇ ਨਗਰ ਦੇ ਵਾਸੀਆਂ ਵਲੋਂ ਹੋਏ ਦੁਰ-ਵਿਹਾਰ ਕਾਰਨ ਨਗਰ ਨੂੰ ਉਜੜ ਜਾਣ ਦਾ ਸਰਾਪ ਦਿਤਾ, ਜਿਸ ਕਰ ਕੇ ਇਹ ਸ਼ਹਿਰ ਵੀਰਾਨ ਹੋ ਗਿਆ।

(ਅ-461) **ਅਰੋੜਾ** :

ਹਿੰਦੂਆਂ ਦੀ ਇਕ ਉਪ-ਜਾਤੀ। ਕਈ ਵਰਣ-ਸ਼ਾਸਤ੍ਰੀ ਅਰੋੜਿਆਂ ਨੂੰ ਖਤ੍ਰੀਆਂ ਦੀ ਹੀ ਇਕ ਸ਼ਾਖ ਮੰਨਦੇ ਹਨ, ਪਰ ਕਈ ਵੈਸ਼ ਜਾਤੀ ਦੀ। ਅਰੋੜਿਆਂ ਦਾ ਦਾਅਵਾ ਹੈ ਕਿ ਉਹ ਖਤ੍ਰੀਆਂ ਦੀ ਹੀ ਇਕ ਸ਼ਾਖ ਹਨ। ਰਵਾਇਤ ਹੈ ਕਿ ਜਦੋਂ ਪਰਸ ਰਾਮ ਖਤ੍ਰੀਆਂ ਦਾ ਬੀਜ ਨਾਸ਼ ਕਰਨ ਲਈ, ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਰਿਹਾ ਸੀ, ਤਾਂ ਕੁਝ ਕਮਜ਼ੋਰ ਦਿਲ ਖਤ੍ਰੀਆਂ ਨੇ ਪਰਸ ਰਾਮ ਦੇ ਕਰੋਧ ਤੋਂ ਬਚਣ ਲਈ, ਝੂਠ ਬੋਲਦਿਆਂ ਕਿਹਾ ਕਿ ਉਹ ਖਤ੍ਰੀ ਨਹੀਂ, 'ਹੋਰ' ਜਾਂ 'ਔਰ' ਹਨ, ਅਰਥਾਤ ਕਿਸੇ ਦੂਜੀ ਜਾਤੀ ਦੇ ਹਨ। ਉਨ੍ਹਾਂ ਖਤ੍ਰੀਆਂ ਦੀ ਜਾਨ ਤਾਂ ਬਚ ਗਈ, ਪਰ ਬਾਅਦ ਵਿਚ ਬਾਕੀ ਖਤ੍ਰੀਆਂ ਨੇ ਉਨ੍ਹਾਂ ਨੂੰ ਨਫ਼ਰਤ ਨਾਲ 'ਔਰ' ਕਹਿਣਾ ਸ਼ੁਰੂ ਕਰ ਦਿਤਾ ਅਤੇ ਇਹ ਸ਼ਬਦ ਵਿਗੜ ਕੇ ਅਰੋੜ ਬਣ ਗਿਆ। ਸਰ ਜਾਰਜ ਕੈਂਪਲ ਖਤ੍ਰੀਆਂ ਤੇ ਅਰੋੜਿਆਂ ਨੂੰ ਇਕੋ ਜਾਤੀ ਦੇ ਮੰਨਦਾ ਹੈ।

ਇਕ ਹੋਰ ਰਵਾਇਤ, ਜੋ ਗੁਜਰਾਤ ਦੇ ਅਰੋੜਿਆਂ ਵਿਚ ਪ੍ਰਚਲਤ ਹੈ, ਅਨੁਸਾਰ ਇਨ੍ਹਾਂ ਦਾ ਵਡਿਕਾ ਅਰੋਰ ਖਤ੍ਰੀ ਸੀ, ਜਿਸ ਨੂੰ ਪਰਸ ਰਾਮ ਨੇ ਮੁਲਤਾਨ ਵਲ ਧਕੇਲ ਦਿਤਾ ਸੀ। ਅਰੋਰ ਨੇ ਅਰੋੜਕੋਟ ਨਾਉਂ ਦੇ ਨਗਰ ਦੀ ਨੀਂਹ ਰਖੀ। ਇਹ ਨਗਰ ਸਿੰਧ ਵਿਚ ਰੋਹੜੀ ਦੇ ਨੇੜੇ ਸਥਿਤ ਹੈ; ਇਸ ਨਗਰ ਦੇ ਖੰਡਰ ਹੁਣ ਤਕ ਮਿਲਦੇ ਹਨ। ਗਲਾਮਰੀ. (2,17) ਵਿਚ ਅਰੋੜਬੰਸ ਔਲੀ ਨਾਂ ਦੇ ਇਕ ਉਰਦੂ ਪੈਂਫਲਿਟ ਦਾ ਜ਼ਿਕਰ ਹੈ। ਇਹ ਪੈਂਫਲਿਟ ਦੇਵ ਨਾਗਰੀ ਵਿਚ ਛਪੇ ਅਰੋੜਬੰਸ ਦੇ ਇਤਿਹਾਸ ਤੇ ਭਉ ਸੂਤਰ ਪੁਰਾਣ ਉਤੇ ਆਧਾਰਤ ਹੈ। ਭਉ ਸੂਤਰ ਪੁਰਾਣ ਵਿਚ ਪਰਸ ਰਾਮ ਤੇ ਅਡ੍ਰਤ ਖਤ੍ਰੀ ਵਿਚ ਇਕ ਵਾਰਤਾਲਾਪ ਦਰਜ ਹੈ, ਜਿਸ ਵਿਚ ਅਡ੍ਰਤ ਬ੍ਰਾਹਮਣਾਂ ਦੇ ਵਿਰੋਧੀਆਂ ਦਾ ਜ਼ੋਰਦਾਰ ਖੰਡਨ ਕਰ ਕੇ ਪਰਸ ਰਾਮ ਦਾ ਦਿਲ ਜਿਤਦਾ ਹੈ ਤੇ ਪਰਸ ਰਾਮ ਉਸ ਨੂੰ ਸਿੰਧ ਵਿਚ ਆਬਾਦ ਹੋਣ ਦੀ ਸਲਾਹ ਦੇਂਦਾ ਹੈ।

ਅਰੋੜਬੰਸ ਔਲੀ ਵਿਚ ਇਹ ਵੀ ਲਿਖਿਆ ਹੈ ਕਿ 195 ਬਿਕ੍ਰਮੀ ਵਿਚ ਅਰੋੜਕੋਟ ਵਿਚ ਅਰੋੜਿਆਂ ਵਿਚਕਾਰ ਕੁਝ ਸਮਾਜਿਕ ਮਤਭੇਦ ਖੜੇ ਹੋ ਗਏ ਅਤੇ ਉਨ੍ਹਾਂ ਦੇ ਪ੍ਰੋਹਿਤ ਗੋਸਾਈਂ ਸਿਧ ਭੋਜ ਨੇ ਇਕ ਸਮਾਗਮ ਕੀਤਾ, ਜਿਸ ਵਿਚ ਪੁਰਾਣੇ ਰੀਤੀ ਰਵਾਜਾਂ ਦੀ ਪ੍ਰੋੜ੍ਹਤਾ ਕਰਨ ਵਾਲੇ ਲੋਕ ਉੱਤਰ ਦਿਸ਼ਾ ਵਲ ਬੈਠੇ; ਰੀਤਾਂ ਵਿਚ ਸੁਧਾਰ ਦੀ ਇੱਛਾ ਰਖਣ ਵਾਲੇ ਦੱਖਣ ਦਿਸ਼ਾ ਵਲ ਅਤੇ ਨਿਰਪੱਖ ਲੋਕ ਪੱਛਮ ਦਿਸ਼ਾ ਵਲ ਬੈਠੇ। ਇਸੇ ਇਕੱਤ੍ਰਤਾ ਮਗਰੋਂ ਇਹੋ ਤਿੰਨੋਂ ਸਮੂਹ ਅਰੋੜਿਆਂ ਦੀਆਂ ਤਿੰਨ ਸ਼ਾਖਾਂ ਦਾ ਰੂਪ ਗ੍ਰਹਿਣ ਕਰ ਗਏ।

ਅਰੋੜਿਆਂ ਦੀਆਂ ਤਿੰਨ ਸ਼ਾਖ਼ਾਂ ਹੋਣ ਬਾਰੇ ਇਕ ਹੋਰ ਰਵਾਇਤ ਵੀ ਪ੍ਰਚਲਤ ਹੈ। ਜਦੋਂ ਅਰੋੜੇ ਅਰੋੜਕੋਟ ਵਿਚ ਰਹਿੰਦੇ ਸਨ ਤਾਂ ਉਨ੍ਹਾਂ ਦਾ ਇਕ ਪ੍ਰਤਾਪੀ ਫ਼ਕੀਰ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ ਜਿਸ ਨੇ ਨਗਰ ਨੂੰ ਬਰਬਾਦ ਹੋਣ ਦਾ ਸਰਾਪ ਦੇ ਦਿਤਾ। ਜਦੋਂ ਸਰਾਪ ਕਾਰਨ ਨਗਰ ਉਜੜਨ ਲੱਗਾ ਤਾਂ ਅਰੋੜੇ ਨਗਰ ਦੇ ਤਿੰਨਾਂ ਦਵਾਰਾਂ ਵਲੋਂ ਜੋ ਉੱਤਰ, ਦੱਖਣ ਤੇ ਪੱਛਮ ਵਲ ਸਨ, ਸ਼ਹਿਰੋਂ ਬਾਹਰ ਨੱਠੇ ਅਤੇ ਵੱਖੋ ਵੱਖ ਦਿਸ਼ਾ ਵਿਚ ਜਾ ਕੇ ਵਸੇ।

ਅਰੋੜਿਆਂ ਦੀਆਂ ਤਿੰਨ ਸ਼ਾਖ਼ਾਂ ਇਹ ਹਨ :–
(ੳ) ਉੱਤਰਾਧੀ (ਅ) ਦੱਖਣੇ (ੲ) ਦਾਹਰੇ ਅਥਵਾ ਪੱਛਮੀ।

ਕਈ ਵਾਰ ਇਨ੍ਹਾਂ ਤਿੰਨਾਂ ਨਾਲ ਇਕ ਹੋਰ ਭੂਗੋਲਿਕ ਸ਼ਾਖ਼ ਸਿੰਧੀ ਵੀ ਜੋੜ ਲਈ ਜਾਂਦੀ ਹੈ। ਪਰ ਅਰੋੜਿਆਂ ਦੀਆਂ ਪ੍ਰਧਾਨ ਰੂਪ ਵਿਚ ਦੋ ਹੀ ਸ਼ਾਖ਼ਾਂ ਹਨ — ਉੱਤਰਾਧੀ ਤੇ ਦੱਖਣਾਧੀ। ਦੱਖਣਾਧੀ ਵਿਚ ਹੀ ਦਾਹਰੇ ਦੀ ਸ਼ਾਖ਼ ਸ਼ਾਮਲ ਕਰ ਲਈ ਜਾਂਦੀ ਹੈ। ਕਿਉਂ ਜੋ ਇਨ੍ਹਾਂ ਦੋਹਾਂ ਸ਼ਾਖ਼ਾਂ ਦੇ

ਕਾਫ਼ੀ ਸਾਰੇ ਰੀਤ ਰਵਾਜ ਸਾਂਝੇ ਹਨ ਤੇ ਇਨ੍ਹਾਂ ਦੋਹਾਂ ਵਿਚ ਅੰਤਰ-ਵਿਆਹ ਦੀ ਪ੍ਰਥਾ ਵੀ ਹੈ। ਅਰੋੜੇ ਲਗਪਗ 800 ਅਲਾਂ (ਉਪ-ਜਾਤੀਆਂ) ਵਿਚ ਵੰਡੇ ਹੋਏ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਇਨ੍ਹਾਂ ਅਲਾਂ ਵਿਚੋਂ ਬਹੁਤੇ ਨਾਂ ਪੰਜਾਬ ਦੀਆਂ ਉਨ੍ਹਾਂ ਪ੍ਰਾਚੀਨ ਜਾਤੀਆਂ ਤੇ ਉਪਜਾਤੀਆਂ ਤੋਂ ਆਏ ਹਨ ਜਿਨ੍ਹਾਂ ਨੂੰ ਪ੍ਰਾਚੀਨ ਕਾਲ ਵਿਚ ਖਸ਼ਤ੍ਰੀ ਸ਼੍ਰੇਣੀ ਕਹਿੰਦੇ ਸਨ। ਜਿਵੇਂ ਪਾਣਿਨੀ ਨੇ ਬਾਲਿਜਯਕ ਤੇ ਚੌਪਯਤ ਸ਼੍ਰੇਣੀ ਵਲ ਸੰਕੇਤ ਕੀਤਾ ਹੈ ਜੋ ਅੱਜ ਤਰਤੀਬਵਾਰ ਬਲੂਜੇ ਤੇ ਚੋਪੇ ਪ੍ਰਸਿੱਧ ਹਨ।

ਖਤ੍ਰੀਆਂ ਵਾਂਗ ਉੱਤਰਾਧੀ ਤੇ ਦੱਖਣੇ ਅਰੋੜੇ ਵੀ ਅੱਗੋਂ ਬਾਹ੍ਰੀ ਤੇ ਬੁੰਜਾਹੀ ਸ਼ਾਖ਼ਾਂ ਵਿਚ ਵੰਡੇ ਹੋਏ ਹਨ। ਉੱਤਰਾਧੀ ਬਾਹ੍ਰੀਆਂ ਦੀਆਂ 12 ਜ਼ਾਤਾਂ ਇਹ ਹਨ :— ਘੁੰਮਈ, ਨਰੂਲਾ, ਮੌਂਗਾ, ਬਜ਼ਾਜ਼, ਸੀਕਰੀ, ਮਨਚੰਦਾ, ਪਸਰੀਚਾ, ਕੰਤੋਰ, ਮਾਨਕ ਟਹਿਲਾ, ਗੁਰੂਵਾਰਾ, ਵਾਧਵਾ, ਸੇਠੀ।

ਬਾਹ੍ਰੀਆਂ ਵਿਚ ਅੱਗੋਂ ਕਈ ਹੋਰ ਸ਼੍ਰੇਣੀਆਂ ਹਨ, ਪਹਿਲੀਆਂ ਸੱਤ ਗੋਤਾਂ ਮਗਰਲੀਆਂ ਪੰਜ ਗੋਤਾਂ ਵਿਚੋਂ ਪੁੱਤਰਾਂ ਦਾ ਵਿਆਹ ਤਾਂ ਕਰ ਲੈਂਦੀਆਂ ਹਨ, ਪਰ ਧੀਆਂ ਨਹੀਂ ਵਿਆਹੁੰਦੀਆਂ। ਬੁੰਜਾਹੀਆਂ ਵਿਚ 52 ਗੋਤਾਂ ਸ਼ਾਮਲ ਹਨ। (ਵੇਖੋ : ਬੁੰਜਾਹੀ)

ਅਰੋੜਿਆਂ ਦੀਆਂ ਬਹੁਤ ਸਾਰੀਆਂ ਗੋਤਾਂ ਦੇ ਨਾਉਂ ਪਸ਼ੂਆਂ, ਜਨੌਰਾਂ ਤੇ ਫੁੱਲਾਂ-ਬੂਟਿਆਂ ਦੇ ਨਾਵਾਂ ਉਤੇ ਰਖੇ ਗਏ ਹਨ। ਮੱਕੜ, ਨਾਗਪਾਲ, ਕੁਕਰੇਜਾ, ਕੱਕੜ, ਹੰਸ ਆਦਿ ਪਸ਼ੂਆਂ ਦੇ ਨਾਂ ਹਨ ਅਤੇ ਚਾਵਲਾ, ਕਸਤੂਰੀਆ, ਘਈ ਆਦਿ ਖਾਧ ਪਦਾਰਥਾਂ ਦੇ। ਇਹ ਨਾਂ ਕਦੇ ਇਨ੍ਹਾਂ ਦੇ ਗੋਤ-ਚਿੰਨ੍ਹ (ਟੋਟਿਮ) ਸਨ।

ਜੇ. ਡੀ. ਕਨਿੰਘਮ ਨੇ ਸਿੱਖਾਂ ਦੇ ਇਤਿਹਾਸ ਵਿਚ ਅਰੋੜਿਆਂ ਬਾਰੇ ਇਕ ਦੰਦ-ਕਥਾ ਇਉਂ ਦਿਤੀ ਹੈ :— ਇਕ ਸਮੇਂ ਖੱਤਰੀਆਂ ਨੂੰ ਦਿੱਲੀ ਵਿਚੋਂ ਕੱਢਿਆ ਗਿਆ ਤੇ ਉਹ ਸਿੰਧ ਤੇ ਮੁਲਤਾਨ ਦੇ ਇਲਾਕੇ ਵਿਚ ਜਾ ਵਸੇ। ਉਦੋਂ ਉੱਚ ਸ਼ਹਿਰ ਵਿਚ ਅਰੋੜਿਆਂ ਦੀ ਚੋਖੀ ਵਸੋਂ ਸੀ, ਮਗਰੋਂ ਖੱਤਰੀਆਂ ਨੇ ਦਿੱਲੀ ਦੇ ਹਾਕਮ ਨਾਲ ਟੱਕਰ ਲੈਣੀ ਚਾਹੀ ਅਤੇ ਉਨ੍ਹਾਂ ਨੇ ਅਰੋੜਿਆਂ ਤੋਂ ਮਦਦ ਮੰਗੀ, ਜੋ ਉਨ੍ਹਾਂ ਨੇ ਦੇਣ ਤੋਂ ਨਾਂਹ ਕਰ ਦਿਤੀ। ਸੋ ਖੱਤਰੀਆਂ ਨੇ ਬ੍ਰਾਹਮਣਾਂ ਨੂੰ ਕਹਿ ਕੇ ਅਰੋੜਿਆਂ ਨੂੰ ਬਰਾਦਰੀ ਤੋਂ ਛੇਕ ਦਿਤਾ। ਤਿੰਨ ਸੌ ਸਾਲ ਤਕ ਅਰੋੜੇ ਹਿੰਦੂ ਬਰਾਦਰੀ ਤੋਂ ਛੇਕੇ ਰਹੇ ਅਤੇ ਬ੍ਰਾਹਮਣ ਉਨ੍ਹਾਂ ਦੇ ਕਰਮ-ਕਾਂਡ ਤੇ ਰਹੁ-ਰੀਤਾਂ ਨਹੀਂ ਸਨ ਕਰਦੇ। ਮਗਰੋਂ ਦੀਪਾਲਪੁਰ ਦੇ ਸਿਧ ਭੋਜ ਤੇ ਸਿਧ ਸਿਆਮਾ ਨੇ ਉਨ੍ਹਾਂ ਨੂੰ ਮੁੜ ਹਿੰਦੂ ਧਰਮ ਵਿਚ ਦਾਖ਼ਲ ਕਰ ਲਿਆ।

ਅਰੋੜਿਆਂ ਤੇ ਖੱਤਰੀਆਂ ਦੇ ਬਹੁਤੇ ਰੀਤ-ਰਵਾਜ ਆਪੋ ਵਿਚ ਮਿਲਦੇ ਹਨ, ਪਰ ਫਿਰ ਵੀ ਅਰੋੜਿਆਂ ਦੀਆਂ ਕੁਝ ਰੀਤਾਂ ਖੱਤਰੀਆਂ ਨਾਲੋਂ ਵੱਖਰੀਆਂ ਹਨ। ਫ਼ਿਰੋਜ਼ਪੁਰ ਵਿਚ ਉੱਤਰਾਧੀ ਅਰੋੜਿਆਂ ਵਿਚ 'ਦੋ ਰਾਤੇ ਫੇਰੇ' ਪ੍ਰਚਲਤ ਹਨ। ਇਨ੍ਹਾਂ ਵਿਚ ਵਿਧਵਾ ਦਾ ਪੁਨਰ-ਵਿਆਹ ਵਿਵਰਜਤ ਨਹੀਂ। ਮੁਲਤਾਨ ਦੇ ਅਰੋੜਿਆਂ ਵਿਚ ਵਿਧਵਾ ਦੇ ਪੁਨਰ-ਵਿਆਹ ਸਮੇਂ ਜੋੜੀ ਮਘਦੇ ਸਰਕੜੇ ਦੁਆਲੇ ਫੇਰੇ ਲੈਂਦੀ ਹੈ। ਅਰੋੜਿਆਂ ਵਿਚ ਵਿਰਸੇ ਬਾਰੇ ਵੀ ਕੁਝ ਵੱਖਰੀ ਪ੍ਰਥਾ ਪ੍ਰਚਲਤ ਹੈ। ਜੇਠੇ ਲੜਕੇ ਨੂੰ ਵਿਰਸੇ ਵਿਚ ਸਵਾਇਆ ਹਿੱਸਾ ਦਿਤਾ ਜਾਂਦਾ ਹੈ।

ਗਲਾਸਰੀ ਅਨੁਸਾਰ ਭਾਵੇਂ ਅਰੋੜੇ ਬਹੁਤੀ ਮਜ਼ਬੂਤ ਕਾਇਆ ਨਹੀਂ ਰਖਦੇ, ਪਰ ਉਹ ਚੁਸਤ, ਉੱਦਮੀ ਤੇ ਮਿਹਨਤੀ ਹੋਣ ਤੋਂ ਇਲਾਵਾ ਸੰਜੂੜੇ ਵੀ ਹਨ। ਅਰੋੜਿਆਂ ਦੇ ਇਸੇ ਪੱਖ ਨੂੰ ਹੇਠਲੇ ਅਖਾਣ ਵਿਚ ਸਲਾਹਿਆ ਗਿਆ ਹੈ :—

ਲੱਕ ਬੱਧਾ 'ਰੋੜਿਆਂ ਤੇ ਮੁੰਨਾ ਕੋਹ ਲਾਹੌਰ।

ਕੁਝ ਅਖਾਣਾਂ ਵਿਚ ਅਰੋੜਿਆਂ ਦੇ ਜਾਤੀ ਚਰਿਤ੍ਰ ਨੂੰ ਭੰਡਿਆ ਵੀ ਗਿਆ ਹੈ :—

(ੳ) ਅਰੋੜੇ – ਬਾਹਰੋਂ ਮਿੱਠੇ ਵਿਚੋਂ ਕੌੜੇ।

(ਅ) ਰੋੜਾ ਭਲਾ ਨਾ ਚੌਧਰੀ,
ਪੜ੍ਹਿਆ ਭਲਾ ਨਾ ਜੱਟ,
ਖੱਤਰੀ ਭਲਾ ਨਾ ਮੰਗਤਾ,
ਦਾਨੀ ਭਲਾ ਨਾ ਭੱਟ।

ਦੇਸ਼ ਵੰਡ ਤੋਂ ਪਹਿਲਾਂ ਅਰੋੜੇ ਦੱਖਣ-ਪੱਛਮੀ ਪੰਜਾਬ ਅਥਵਾ ਮੁਲਤਾਨ ਤੇ ਉਸ ਦੇ ਨਾਲ ਦੇ ਇਲਾਕਿਆਂ ਵਿਚ ਭਾਰੀ ਮਾਤਰਾ ਵਿਚ ਵਸਦੇ ਸਨ ਅਤੇ ਬਹਾਵਲਪੁਰ ਤੇ ਸਿੰਧ ਤਕ ਫੈਲੇ ਹੋਏ ਸਨ। ਪਰ ਦੇਸ਼ ਵੰਡ ਮਗਰੋਂ ਇਨ੍ਹਾਂ ਨੇ ਪੂਰਬੀ ਪੰਜਾਬ ਵਿਚ ਪ੍ਰਵਾਸ ਕੀਤਾ ਅਤੇ ਇਨ੍ਹਾਂ

ਦਾ ਕੋਈ ਇਕ ਕੇਂਦਰੀ ਸਥਾਨ ਨਹੀਂ ਰਿਹਾ।

(ਅ-462) **ਅਲ** :

ਮੂਲ ਨਾਉਂ ਤੋਂ ਇਲਾਵਾ ਕੋਈ ਹੋਰ ਨਾਂ ਜੋ ਕਿਸੇ ਖ਼ਾਸ ਗੁਣ, ਔਗੁਣ ਜਾਂ ਜਾਤੀ ਵਸਫ਼ ਕਾਰਨ ਪ੍ਰਸਿਧ ਹੋ ਗਿਆ ਹੋਵੇ। ਪੰਜਾਬ ਵਿਚ ਹਰ ਛੋਟੇ ਬੱਚੇ ਦੀ ਕੋਈ ਨਾ ਕੋਈ ਅਲ ਜ਼ਰੂਰ ਹੁੰਦੀ ਹੈ। ਛੋਟੇ ਕੱਦ ਵਾਲੇ ਨੂੰ ਗੀਂਢਾ; ਛੋਟੇ ਨੱਕ ਵਾਲੇ ਨੂੰ ਫੀਨਾ; ਲੰਮੇ ਕੱਦ ਕਾਠ ਨੂੰ ਊਠ ਜਾਂ ਖੰਬਾ; ਦ੍ਰਿਸ਼ਟ-ਦੋਸ਼ ਵਾਲੇ ਨੂੰ ਟੀਰਾ; ਬਿੱਲੀਆਂ ਅੱਖਾਂ ਵਾਲੇ ਨੂੰ ਬਿੱਲਾ ਕਹਿੰਦੇ ਹਨ, ਇਹ ਸਭ ਹੀ ਅਲਾਂ ਹਨ। ਬਹੁਤ ਸਾਰੀਆਂ ਗੋਤਾਂ ਦੇ ਨਾਉਂ ਮੂਲ ਵਿਚ ਅਲਾਂ ਦੇ ਹੀ ਸੋਧੇ ਰੂਪ ਹਨ ਜਿਹਾ ਕਿ ਅਰੋੜਿਆਂ ਦੀ ਇਕ ਗੋਤ ਚੁਗ ਹੈ। ਇਸ ਗੋਤ ਦੇ ਵਿਅੱਕਤੀ ਵਿਚ ਸਹਿਜ ਰੂਪ ਵਿਚ ਚੁਕ (ਕਮਰ ਦਾ ਇਕ ਦਰਦ) ਦੂਰ ਕਰਨ ਦੀ ਬਰਕਤ ਮੰਨੀ ਜਾਂਦੀ ਹੈ, ਜਿਸ ਤੋਂ ਇਨ੍ਹਾਂ ਦੀ ਅਲ 'ਚੁਕ' ਪੈ ਗਈ, ਹੌਲੇ ਹੌਲੇ ਇਹੋ ਸ਼ਬਦ ਚੁਗ ਬਣ ਗਿਆ। (ਵੇਖੋ : ਗੋਤ)

(ਅ-463) **ਅਲਸਿਰਾਤ** :

(ਵੇਖੋ : ਸਿਰਾਤ)

(ਅ-464) **ਅਲਸੀ ਦਾ ਫੁੱਲ** :

ਪੁਰਾਣਾਂ ਵਿਚ ਵਿਸ਼ਨੂੰ ਦਾ ਰੰਗ ਅਲਸੀ ਦੇ ਫੁੱਲ ਵਰਗਾ ਦੱਸਿਆ ਗਿਆ ਹੈ। ਇਸੇ ਸਾਦ੍ਰਿਸ਼ਤਾ ਸਦਕਾ ਹਿੰਦੂ ਅਲਸੀ ਨੂੰ ਦੈਵੀ ਫੁੱਲ ਮੰਨਦੇ ਹਨ।

ਲੋਕ-ਨਿਸਚੇ ਅਨੁਸਾਰ ਜੇ ਕੋਈ ਪ੍ਰੇਮੀ ਅਲਸੀ ਦੇ ਫੁੱਲ ਉਤੇ 108 ਵਾਰ ਆਪਣਾ ਤੇ ਆਪਣੀ ਪ੍ਰੇਮਕਾ ਦਾ ਨਾਂ ਫੂਕ ਕੇ ਉਸ ਨੂੰ ਆਪਣੀ ਪ੍ਰੇਮਕਾ ਦੇ ਸਿਰ ਉਤੇ ਸੁਟ ਦੇਵੇ ਤਾਂ ਉਸ ਦੀ ਪ੍ਰੇਮਕਾ ਕਿਤਨੀ ਵੀ ਪੱਥਰ ਦਿਲ ਹੋਵੇ, ਉਸ ਪ੍ਰੇਮੀ ਨੂੰ ਮਿਲਣ ਲਈ ਵਿਆਕੁਲ ਹੋ ਜਾਵੇਗੀ। ਸ਼ਾਇਦ ਅਜਿਹਾ ਜਾਦੂ ਧੂੜਨ ਲਈ ਹੀ ਲੋਕ-ਗੀਤਾਂ ਦੀ ਮੁਟਿਆਰ ਆਪਣੀ ਚੁੰਨੀ ਅਲਸੀ ਦੇ ਰੰਗ ਵਿਚ ਰੰਗਣਾ ਚਾਹੁੰਦੀ ਹੈ : ਚੁੰਨੀ ਰੰਗ ਦੇ ਲਿਲਾਰੀਆ ਮੇਰੀ ਅਲਸੀ ਦੇ ਫੁੱਲ ਵਰਗੀ।

(ਅ-465) **ਅਲਹਮਦ** :

ਕੁਰਾਨ ਦੀ ਪਹਿਲੀ ਸੂਰਤ ਦਾ ਨਾਂ; ਇਸ ਸੂਰਤ ਦਾ ਪਹਿਲਾ ਸ਼ਬਦ 'ਅਲਹਮਦ' ਹੈ, ਜਿਸ ਤੋਂ ਸਾਰੀ ਸੂਰਤ ਲਈ ਇਹੋ ਸੰਗਿਆ ਪ੍ਰਚਲਤ ਹੋ ਗਈ। ਅਲਹਮਦ ਦੇ ਸ਼ਾਬਦਿਕ ਅਰਥ ਹਨ : ਉਸਤਤੀ ਜਾਂ ਵਡਿਆਈ ਕਰਨੀ। ਨਮਾਜ਼ ਵੇਲੇ ਅਲਹਮਦ ਦੀ ਸੂਰਤ ਪੜ੍ਹਨ ਦੀ ਪ੍ਰਥਾ ਹੈ। ਇਹੋ ਸੂਰਤ ਫ਼ਾਤਿਹਾ ਸਮੇਂ ਮ੍ਰਿਤਕ ਨਮਿਤ ਵੀ ਪੜ੍ਹੀ ਜਾਂਦੀ ਹੈ।

(ਅ-466) **ਅਲਹਾਮ** :

(ਵੇਖੋ : ਇਲਹਾਮ)

(ਅ-467) **ਅਲਕ ਨੰਦਾ** :

ਹਿੰਦੂਆਂ ਦੀ ਇਕ ਪਵਿਤ੍ਰ ਨਦੀ ਜੋ ਗੰਗਾ ਦੀਆਂ ਚਾਰ ਮੁਖੀ ਸ਼ਾਖ਼ਾਂ ਵਿਚੋਂ ਇਕ ਹੈ। ਅਲਕ ਨੰਦਾ ਨਦੀ ਗੜ੍ਹਵਾਲ ਦੇ ਇਲਾਕੇ ਵਿਚ ਵਗਦੀ ਹੈ। ਇਸ ਦੇ ਕੰਢਿਆਂ ਉਤੇ ਕਈ ਪਾਵਨ ਸੰਗਮ ਤੀਰਥ ਬਣ ਗਏ ਹਨ ਜਿਥੇ ਖ਼ਾਸ ਖ਼ਾਸ ਤਿੱਥਾਂ ਤੇ ਪੁਰਬਾਂ ਉਤੇ ਭਾਰੀ ਮੇਲੇ ਲੱਗਦੇ ਤੇ ਲੋਕੀਂ ਇਸ਼ਨਾਨ ਕਰਨ ਲਈ ਆਉਂਦੇ ਹਨ। ਅਲਕ ਨੰਦਾ ਵਿਚ ਨੰਦਾਕਿਨੀ, ਪਿੰਦਰ, ਮੰਦਾਕਿਨੀ ਤੇ ਭਾਗੀਰਥੀ ਨਦੀਆਂ ਆ ਕੇ ਰਲਦੀਆਂ ਹਨ ਅਤੇ ਇਨ੍ਹਾਂ ਸੰਗਮਾਂ ਦੇ ਨਾਉਂ ਤਰਤੀਬਵਾਰ ਨੰਦ ਪ੍ਰਯਾਗ, ਕਰਣਪ੍ਰਯਾਗ, ਰੁਦ੍ਰ ਪ੍ਰਯਾਗ ਤੇ ਦੇਵ ਪ੍ਰਯਾਗ ਹਨ। ਇਹ ਚਾਰੋਂ ਸੰਗਮ ਹਿੰਦੂਆਂ ਦੇ ਪ੍ਰਸਿਧ ਤੀਰਥ ਅਸਥਾਨ ਵੀ ਹਨ। ਇਹੋ ਨਦੀ, ਲਛਮਣ ਝੂਲੇ ਤੋਂ ਚਾਲ੍ਹੀ ਮੀਲ ਉਪਰ ਵਲ ਦੇਵ ਪ੍ਰਯਾਗ ਦੇ ਨੇੜੇ, ਖੱਬੇ ਪਾਸੇ ਤੋਂ ਆਉਣ ਵਾਲੀ ਭਾਗੀਰਥੀ ਨਾਲ ਰਲ ਕੇ ਗੰਗਾ ਦਾ ਨਿਰਮਾਣ ਕਰਦੀ ਹੈ।

ਵੈਸ਼ਨੋ ਮੱਤ ਅਨੁਸਾਰ ਅਲਕ ਨੰਦਾ ਬੈਕੁੰਠ ਦੀ ਉਹ ਮੂਲ ਗੰਗਾ ਹੈ, ਜਿਸ ਨੂੰ ਸ਼ਿਵ ਨੇ ਆਕਾਸ਼ ਮੰਡਲ ਵਿਚੋਂ ਆਪਣੀਆਂ ਲਿਟਾਂ ਉਤੇ ਧਾਰਨ ਕੀਤਾ ਸੀ।

(ਅ-468) **ਅਲਕਾ** :

ਇਕ ਦੇਵ ਨਗਰੀ; (ਵੇਖੋ : ਅਲਕਾ ਪੁਰੀ)

(ਅ-469) **ਅਲਕਾਂ ਦਾ ਮੇਲਾ** :

ਦੁਆਬੇ ਦੇ ਇਕ ਪਿੰਡ ਅਲਕਾਂ ਵਿਚ ਹਰ ਸਾਲ ਵਿਸਾਖੀ ਉਤੇ ਇਕ ਭਾਰੀ ਮੇਲਾ ਲੱਗਦਾ ਹੈ, ਜਿਸ ਵਿਚ ਦੁਆਬੇ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ। ਇਸ ਮੇਲੇ ਬਾਰੇ ਇਕ ਬੋਲੀ ਇਉਂ ਪ੍ਰਚਲਤ ਹੈ :—

ਆਰੀ, ਆਰੀ, ਆਰੀ,
ਮੇਲਾ ਅਲਕਾਂ ਦਾ, ਲੱਗਦੀ ਰੌਣਕ ਭਾਰੀ।

(ਅ-470) **ਅਲਕਾ ਪੁਰੀ** :

ਕੁਬੇਰ ਦੀ ਰਾਜਧਾਨੀ ਜੋ ਕੈਲਾਸ਼ ਪਰਬਤ ਦੇ ਲਾਗੇ ਸਥਿਤ ਮੰਨੀ ਜਾਂਦੀ ਹੈ। ਕਈ ਇਸ ਨਗਰੀ ਨੂੰ ਸੁਮੇਰ ਪਰਬਤ ਉਤੇ ਸਥਿਤ ਦਸਦੇ ਹਨ। ਇਹ ਪੌਰਾਣਿਕ ਨਗਰੀ ਸੋਨੇ ਚਾਂਦੀ ਤੇ ਹੀਰਿਆਂ ਆਦਿ ਨਾਲ ਭਰਪੂਰ ਮੰਨੀ ਗਈ ਹੈ। ਪੌਰਾਣਿਕ ਨਗਰਾਂ ਵਿਚੋਂ ਇਹ ਨਗਰੀ ਸਭ ਤੋਂ ਵਧ ਖ਼ੂਬਸੂਰਤ ਤੇ ਸੰਪੰਨ ਹੈ। ਇਸੇ ਨਗਰੀ ਵਿਚ ਅੰਮ੍ਰਿਤ ਦਾ ਉਹ ਕਲਸ ਪਿਆ ਹੈ ਜੋ ਸਮੁੰਦਰ ਨੂੰ ਮਥਣ ਵੇਲੇ ਰਤਨਾਂ ਦੇ ਰੂਪ ਵਿਚ ਨਿਕਲਿਆ ਸੀ। ਇਸ ਨਗਰੀ ਵਿਚ ਕਲਪ ਬ੍ਰਿਛਾਂ ਦੇ ਅਨੇਕਾਂ ਝੁੰਡ ਖੜੇ ਹਨ ਜੋ ਇੱਛਾ ਅਨੁਸਾਰ ਹਰ ਵਸਤੂ ਹਾਜ਼ਰ ਕਰ ਦੇਂਦੇ ਹਨ।

ਅਲਕਾ ਪੁਰੀ ਵਿਚ ਦੇਵਤਿਆਂ, ਗੰਧਰਵਾਂ ਤੇ ਜਖਾਂ ਦਾ ਨਿਵਾਸ ਹੈ। ਕੁਬੇਰ ਦੇ ਖ਼ਜ਼ਾਨੇ ਦੀਆਂ ਨਿਧੀਆਂ ਇਥੇ ਹੀ ਸੁਰੱਖਿਅਤ ਹਨ। ਕਾਲੀਦਾਸ ਨੇ ਇਸ ਨਗਰੀ ਦਾ ਜ਼ਿਕਰ ਮੇਘਦੂਤ ਵਿਚ ਕੀਤਾ ਹੈ। ਕੁਬੇਰ ਨੂੰ ਅਲਕਾ ਪੁਰੀ ਦਾ ਸਵਾਮੀ ਹੋਣ ਕਰ ਕੇ ਅਲਕਾ ਪਤੀ ਵੀ ਕਹਿੰਦੇ ਹਨ। (ਵੇਖੋ : ਕੁਬੇਰ)

(ਅ-471) **ਅਲੱਖ** :

(1) ਜੋ ਇੰਦਰਿਆਂ ਦੁਆਰਾ ਲਖਿਆ ਜਾਂ ਜਾਣਿਆ ਨਾ ਜਾ ਸਕੇ; ਪ੍ਰਭੂ ਦਾ ਇਕ ਵਿਸ਼ੇਸ਼ਣ; ਜੋਗੀ ਭਿਖਿਆ ਮੰਗਣ ਵੇਲੇ ਹਰ ਬੂਹੇ ਉਤੇ 'ਅਲੱਖ ਨਿਰੰਜਨ' ਦਾ ਉਚਾਰਨ ਕਰਦੇ ਹੋਏ ਵਿਚਰਦੇ ਹਨ। ਜੋਗੀ ਆਪੋ ਵਿਚ ਮਿਲਣ ਵੇਲੇ ਵੀ ਇਹੋ ਬੋਲਾ ਵਰਤਦੇ ਹਨ।

(2) ਨਾਥ ਪੰਥੀ ਜੋਗੀਆਂ ਵਿਚ ਪ੍ਰਚਲਤ ਉਹ ਗੀਤ, ਜੋ ਜੋਗੀ ਭਿਖਿਆ ਮੰਗਣ ਵੇਲੇ ਚਿਕਾਰੇ ਉਤੇ ਅਲਾਪਦੇ ਹਨ ਅਤੇ ਜਿਨ੍ਹਾਂ ਵਿਚ ਅਲੱਖ ਦੀ ਉਸਤਤੀ ਹੁੰਦੀ ਹੈ। ਇਸ ਤੋਂ ਇਲਾਵਾ ਜੋਗੀਆਂ ਵਿਚ ਪ੍ਰਚਲਤ ਗੋਰਖ ਨਾਥ, ਗੋਪੀ ਚੰਦ, ਭਰਥਰੀ ਤੇ ਪੂਰਨ ਭਗਤ ਦੇ ਪ੍ਰਸੰਗ ਵੀ ਅਲੱਖ ਦੇ ਨਾਂ ਨਾਲ ਪ੍ਰਚਲਤ ਹਨ। ਹੇਠਾਂ ਗੋਪੀ ਚੰਦ ਦਾ ਇਕ ਅਲੱਖ ਦਿਤਾ ਜਾਂਦਾ ਹੈ :—

ਚੰਦਨ ਚੌਕੀ ਗੋਪੀ ਵੇ ਚੰਦਾ,
ਗੰਗਾ ਜਲ ਵਿਚ ਨ੍ਹਾਈਏ।
ਨ੍ਹਾਏ ਧੋਏ ਰਾਜਾ ਬਸਤਰ ਪਾਂਦਾ
ਮਾਤਾ ਵੇਖ ਮਹਲ ਵਿਚ ਰੋਈ ਏ।
ਮੀਂਹ ਵੀ ਨਾ ਬਰਸੇ, ਬੱਦਲ ਨਾ ਗੱਜੇ;
ਇਹ ਬੂੰਦ ਕਿਥੋਂ ਅਜ ਆਈ ਏ।
ਮੀਂਹ ਵੀ ਨਾ ਬਰਸੇ, ਬੱਦਲ ਨਾ ਗੱਜੇ,
ਇਹ ਬੂੰਦ ਨੈਣਾਂ ਵਿਚੋਂ ਆਈ ਏ।
ਕਿਸ ਮਾਤਾ ਤੈਨੂੰ ਮੰਦਾ ਬੋਲਿਆ,
ਕਿਉਂ ਨੈਣ ਭਰੇ ਅਜ ਰੋਈ ਏ।
ਐਸੀ ਕਾਇਆ ਮੇਰੇ ਰਾਜੇ ਪਤੀ ਦੀ,
ਸੜ ਬਲ ਮਿੱਟੀ ਹੋਈ ਏ।
ਐਸਾ ਉਪਾਏ ਦਸ ਮੇਰੀ ਮਾਤਾ,
ਕਾਇਆ ਰਹੇ ਨਰੋਈ ਏ।
ਰਾਜ ਨੂੰ ਛਡ ਚੰਦਾ ਜੋਗ ਕਮਾ ਲੈ,
ਕਾਇਆ ਰਹੇ ਨਰੋਈ ਏ।
ਜਿਨ੍ਹੀਂ ਕੰਨੀਂ ਮਾਤਾ ਸੁਚੇ ਮੋਤੀ,
ਕੀਕਣ ਮੁੰਦਰਾਂ ਪਾਵਾਂ ਨੀ?
ਜਿਨ੍ਹੀਂ ਸਿਰੀਂ ਮਾਤਾ ਕਲਗੀ ਚੀਰੇ,
ਕੀਕਣ ਜਟਾਂ ਰਖਾਵਾਂ ਨੀ?
ਜਿਸ ਦੇਹੀ ਮਾਤਾ ਅਤਰ ਫੁਲੇਲਾਂ,
ਕੀਕਣ ਭਸਮ ਰਮਾਵਾਂ ਨੀ?
ਜਿਨ੍ਹੀਂ ਪੈਰੀਂ ਮਾਤਾ ਮਖਮਲ ਜੋੜੇ,
ਕੀਕਣ ਪਊਏ ਪਾਵਾਂ ਨੀ?
ਚੀਰਾ ਵੀ ਲਾਹੀਂ, ਰਾਜਾ ਕਲਗੀ ਵੀ ਲਾਹੀਂ,
ਇਹ ਧੂਣੀ ਵਿਚ ਪਾਈਏ।
ਬਸਤਰ ਲਾਹ ਜੋਗੀ ਚਰਨੀਂ ਲੱਗ ਜਾ,
ਰਾਜ ਦਾ ਲੋਭ ਨਾ ਲਾਈਏ।
ਸੋਇਨਾਂ ਚਾਂਦੀ ਹੀਰਾ ਮੋਤੀ,
ਪਾਟਮ ਦੇਵੀ ਛਡੀਂ।
ਨਾਮ ਜਲੰਧਰ ਨਾਥ ਗੁਰੂ ਦਾ
ਗੋਪੀ ਨੇ ਝੋਲੀ ਅਡੀ।

(ਅ-472) **ਅਲੱਖ ਨਿਰੰਜਨ :**

ਜੋਗੀਆਂ ਵਿਚ ਪ੍ਰਚਲਤ ਇਕ ਬੋਲਾ ਜੋ ਉਹ ਭਿਖਿਆ ਮੰਗਣ ਵੇਲੇ ਜਾਂ ਆਪੋ ਵਿਚ ਮਿਲਣ ਲੱਗਿਆਂ ਉਚਾਰਦੇ ਹਨ। ਅਲੱਖ ਦਾ ਭਾਵ ਹੈ ਜੋ ਲਖਿਆ ਨਾ ਜਾਵੇ ਤੇ ਨਿਰੰਜਨ ਦਾ ਭਾਵ ਹੈ ਮਾਇਆ ਰਹਿਤ। ਜੋਗ ਮੱਤ ਵਿਚ ਇਹ ਦੋਵੇਂ ਸ਼ਬਦ ਪ੍ਰਮਾਤਮਾ ਦੇ ਬੋਧਿਕ ਹਨ। ਹਠ ਯੋਗ ਅਨੁਸਾਰ ਸਾਧਕ ਯੋਗ ਦੀ ਕਰੜੀ ਸਾਧਨਾ ਦੁਆਰਾ ਅਖ਼ੀਰ ਨਿਰੰਜਨ ਵਿਚ ਲੀਨ ਹੋ ਜਾਂਦਾ ਹੈ। ਨਾਥ ਜੋਗੀ ਨਿਰੰਜਨ ਨੂੰ ਹੀ ਸ੍ਰੇਸ਼ਟ ਸਥਾਨ ਦੇਂਦੇ ਹਨ ਤੇ ਇਸੇ ਦਾ ਅਲੱਖ ਬੁਲਾਂਦੇ ਹਨ। (ਵੇਖੋ : ਨਿਰੰਜਨ)

(ਅ-473) **ਅਲਖ ਗੀਰ :**

ਅਲਖ ਨੂੰ ਧਿਆਉਣ ਵਾਲਾ ਫ਼ਕੀਰਾਂ ਦਾ ਇਕ ਫ਼ਿਰਕਾ। ਇਸ ਫ਼ਿਰਕੇ ਦੇ ਸਾਧੂ ਵਧੇਰੇ ਕਰ ਕੇ ਰਾਜਸਥਾਨ ਤੇ ਪੂਰਬੀ ਪੰਜਾਬ ਵਿਚ ਮਿਲਦੇ ਹਨ। ਪੀ. ਡਬਲੀਊ. ਪੌਲੇਟ ਨੇ ਬੀਕਾਨੇਰ ਗਜ਼ਟੀਅਰ (ਪੰਨਾ 195) ਵਿਚ ਇਸ ਫ਼ਿਰਕੇ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਹੈ। ਇਸ ਫ਼ਿਰਕੇ ਦਾ ਮੋਢੀ ਲਾਲ ਸੀ, ਜਿਸ ਨੂੰ ਉਸ ਦੇ ਅਨੁਯਾਈ ਆਦਰ ਨਾਲ ਲਾਲ ਗੀਰ ਕਹਿੰਦੇ ਹਨ। ਉਹ ਅਨੀਸ਼ਵਰਵਾਦੀ ਸੀ ਅਤੇ ਕਿਸੇ ਅਗਲੇ ਜਨਮ ਤੇ ਨਰਕ ਸਵਰਗ ਵਿਚ ਵਿਸ਼ਵਾਸ਼ ਨਹੀਂ ਸੀ ਰਖਦਾ। ਉਸ ਦਾ ਮੱਤ ਸੀ ਕਿ ਜਿਸਮ ਨਾਲ ਆਤਮਾ ਨਸ਼ਟ ਹੋ ਜਾਂਦੀ ਹੈ ਅਤੇ ਤੱਤਾਂ ਵਿਚ ਤੱਤ ਵਲੀਨ ਹੋ ਜਾਂਦੇ ਹਨ। ਲਾਲਗੀਰ ਨੇ ਸ਼ੁਧਤਾ ਅਤੇ ਤਿਆਗ ਉਤੇ ਬਲ ਦਿਤਾ ਅਤੇ ਮਨ ਦੀ ਉਹ ਅਵਸਥਾ ਧਾਰਨ ਲਈ ਕਿਹਾ ਜਿਸ ਵਿਚ ਸੰਕਲਪ ਵਿਕਲਪ ਨਹੀਂ ਵਿਆਪਦੇ। ਲਾਲਗੀਰ ਅਨੁਸਾਰ ਸਵਰਗ ਨਰਕ ਮਨੁੱਖ ਦੇ ਅੰਦਰ ਹੀ ਹਨ। ਨਿਰਲੇਪ ਤੇ ਸ਼ਾਂਤ ਅਵਸਥਾ ਸਵਰਗ ਅਤੇ ਅਸ਼ੁਧ ਤੇ ਅਸ਼ਾਂਤ ਅਵਸਥਾ ਨਰਕ ਹੈ। ਲਾਲਗੀਰ ਨੇ ਬੁਤ ਪੂਜਾ ਦਾ ਖੰਡਨ ਕੀਤਾ ਅਤੇ ਅਲੱਖ ਦੇ ਜਾਪ ਨੂੰ ਵਿਸ਼ੇਸ਼ਤਾ ਦਿਤੀ।

(ਅ-474) **ਅਲਖ ਨਾਮੀ :**

(1) ਅਲਖਨਾਮੀ ਦਾ ਭਾਵ ਹੈ — ਅਲਖ ਦੇ ਨਾਂ ਦਾ ਜਾਪ ਕਰਨ ਵਾਲਾ; ਸਾਧਾਰਣ ਰੂਪ ਵਿਚ ਇਹ ਸ਼ਬਦ ਸ਼ੈਵਮੱਤ ਦੇ ਅਨੇਕਾਂ ਫ਼ਿਰਕਿਆਂ ਦੇ ਸਾਧੂਆਂ ਲਈ ਵਰਤਿਆ ਜਾਂਦਾ ਹੈ।

(2) ਗੋਰਖ ਪੰਥੀ ਜੋਗੀਆਂ ਦੀ ਇਕ ਸੰਪ੍ਰਦਾਇ ਜੋ ਜਟਾਂ ਧਾਰਨ ਕਰਦੇ ਤੇ ਸਰੀਰ ਉਤੇ ਭਸਮ ਰਮਾਂਦੇ ਹਨ। ਅਲਖ ਨਾਮੀ ਗੇਰੂਆ ਰੰਗ ਦੇ ਬਸਤਰ ਪਹਿਨਦੇ ਹਨ ਅਤੇ ਸਿਰ ਦੇ ਦੁਆਲੇ ਉਨ ਦੀ ਸੇਲੀ ਵਲ੍ਹੇਟਦੇ ਹਨ, ਜਿਸ ਵਿਚ ਇਕ ਘੰਟੀ ਸਜਾਈ ਹੁੰਦੀ ਹੈ। ਇਹ ਜੋਗੀ ਕਿਸੇ ਬੂਹੇ ਉਤੇ ਰੁਕਦੇ ਨਹੀਂ ਅਤੇ ਅਲਖ ਨਿਰੰਜਨ ਕਹਿ ਕੇ ਬਿਨਾਂ ਭਿਖਿਆ ਦੀ ਉਡੀਕ ਕੀਤੇ ਅੱਗੇ ਤੁਰ ਪੈਂਦੇ ਹਨ।

(3) ਅੰਬਾਲੇ ਦੇ ਇਲਾਕੇ ਦੇ ਸਾਧੂਆਂ ਦੀ ਇਕ ਸੰਪ੍ਰਦਾਇ। ਹਿੰਦੀ ਵਿਸ਼ਵ ਕੋਸ਼ (1,243) ਅਨੁਸਾਰ ਇਹ ਸਾਧੂ ਆਪਣੇ ਆਪ ਨੂੰ ਲਾਲ ਬੇਗ ਦੇ ਮੁਰੀਦ ਦਸਦੇ ਹਨ, ਜਿਸ ਨੂੰ ਉਹ ਸ਼ਿਵ ਦਾ ਅਵਤਾਰ ਮੰਨਦੇ ਹਨ। ਇਹ ਵਧੇਰੇ ਠੇੜ ਜਾਤੀ ਦੇ ਹਨ। ਮੂਰਤੀ ਪੂਜਾ ਵਿਚ ਵਿਸ਼ਵਾਸ਼ ਨਹੀਂ ਰਖਦੇ ਤੇ ਅਲੱਖ ਅਗੋਚਰ ਤੱਤਵ ਦਾ ਧਿਆਨ ਕਰਦੇ ਹਨ। ਇਨ੍ਹਾਂ ਦੀ ਦ੍ਰਿਸ਼ਟੀ ਵਿਚ ਦ੍ਰਿਸ਼ਟਮਾਨ ਸੰਸਾਰ ਤੋਂ ਵੱਖਰਾ ਪਰਲੋਕ ਵਰਗਾ ਕੋਈ ਸਥਾਨ ਨਹੀਂ। ਇਹ ਸੰਸਾਰ ਵਿਚ ਰਹਿ ਕੇ ਹੀ ਅਹਿੰਸਾ, ਪਰਉਪਕਾਰ ਦੁਆਰਾ ਆਤਮਾ ਨੂੰ ਸ਼ੁਧ ਕਰਨ ਵਿਚ ਵਿਸ਼ਵਾਸ਼ ਰਖਦੇ ਹਨ। ਇਨ੍ਹਾਂ ਵਿਚ ਪੂਜਾ ਦੀ ਕੋਈ ਖ਼ਾਸ ਵਿਧੀ ਪ੍ਰਚਲਤ ਨਹੀਂ ਅਤੇ ਇਹ ਇਕ ਦੂਜੇ ਨੂੰ ਮਿਲਣ ਵੇਲੇ 'ਅਲਖ ਕਹੋ' ਆਖਦੇ ਹਨ।

(4) ਅਲਖ ਦਾ ਜਾਪ ਕਰਨ ਵਾਲੇ ਅਥਵਾ ਅਫੁਰ (ਸੁੰਨ) ਨੂੰ ਅਲਖ ਮੰਨ ਕੇ ਧਿਆਉਣ ਵਾਲੇ ਸਾਧੂ ਨੂੰ ਅਲਖੀਆ ਕਿਹਾ ਜਾਂਦਾ ਹੈ। ਇਸ ਫ਼ਿਰਕੇ ਦੇ ਜੋਗੀ ਗਲੀ ਮਹੱਲੇ ਵਿਚ ਅਲਖ ਆਖ ਕੇ ਸਦੱਾ ਦੇਂਦੇ ਤੇ ਭਿਛਿਆ ਮੰਗਦੇ ਹਨ। ਪੰਜਾਬ ਵਿਚ ਸ਼ੈਵ ਮੱਤ ਦੇ ਅਨੇਕਾਂ ਜਾਚਕਾਂ ਨੂੰ, ਜੋ ਅਲਖ ਜਗਾਂਦੇ ਹਨ, ਅਲਖੀਆ ਕਿਹਾ ਜਾਂਦਾ ਹੈ। ਇਹ ਫ਼ਕੀਰ ਬੂਹੇ ਅੱਗੇ ਅਲਖ ਦਾ ਸੱਦਾ ਦੇ ਕੇ ਠਹਿਰਦੇ ਨਹੀਂ। ਜੇ ਘਰ ਦੀ ਸਵਾਣੀ ਖ਼ੈਰ ਪਾ ਦੇਵੇ ਤਾਂ ਲੈ ਲੈਂਦੇ ਹਨ, ਨਹੀਂ ਤਾਂ ਝਟ ਅੱਗੇ ਚਲੇ ਜਾਂਦੇ ਹਨ।

(ਅ-475) **ਅਲਗੋਜ਼ਾ** :

ਇਕ ਵਜੰਤਰੀ ਸਾਜ਼ ਜੋ ਮੂੰਹ ਨਾਲ ਫੂਕ ਮਾਰ ਕੇ ਵਜਾਇਆ ਜਾਂਦਾ ਹੈ। ਇਹ ਸਾਜ਼ ਬੰਸਰੀ ਦੀ ਜੋੜੀ ਦੀ ਸ਼ਕਲ ਦਾ ਹੁੰਦਾ ਹੈ। ਬੰਸਰੀ ਨੂੰ ਟੇਢਾ ਰਖ ਕੇ ਉਸ ਦੇ ਪ੍ਰਮੁਖ ਛੇਦ ਵਿਚ ਫੂਕ ਮਾਰੀ ਜਾਂਦੀ ਹੈ, ਪਰ ਅਲਗੋਜ਼ਾ ਸੀਟੀ ਵਾਂਗ ਮੂੰਹ ਨਾਲ ਜੋੜ ਕੇ ਵਜਾਇਆ ਜਾਂਦਾ ਹੈ। ਅਲਗੋਜ਼ੇ ਦੇ ਪਿੰਡੇ ਉਤੇ ਨਿਕੇ ਨਿਕੇ ਛੇਦ ਹੁੰਦੇ ਹਨ, ਜਿਨ੍ਹਾਂ ਉਤੇ ਉਂਗਲਾਂ ਫੇਰ ਕੇ ਸੁਰ ਤੇ ਲੈਅ ਵਿਚ ਪਲਟੇ ਲਿਆਏ ਜਾਂਦੇ ਹਨ। ਅਲਗੋਜ਼ਾ ਪੰਜਾਬੀਆਂ ਦਾ ਮਨ-ਭਾਉਂਦਾ ਸਾਜ਼ ਹੈ ਅਤੇ ਮੇਲਿਆਂ ਉਤੇ ਲੋਕ ਆਮ ਵਜਾਂਦੇ ਫਿਰਦੇ ਹਨ।

ਅਲਗੋਜ਼ੂ ਬੱਜਦਾ ਪਤਨੇ ਨੀ,
ਮੇਰਾ ਮਨ ਨਹੀਂ ਲਗਦਾ ਕੱਤਨੇ ਨੀ,
ਮੀਆਂ ਅਲਗੋਜ਼ੂਆ।

(ਅ-476) **ਅਲਤਾ** :

ਇਕ ਵਿਸ਼ੇਸ਼ ਪ੍ਰਕਾਰ ਦਾ ਲਾਲ ਰੰਗ ਜੋ ਲਾਖ ਤੋਂ ਬਣਾਇਆ ਜਾਂਦਾ ਹੈ। ਵਿਆਹ ਨਾਲ ਸੰਬੰਧਿਤ ਕਈ ਸ਼ਗਨਾਂ ਵੇਲੇ ਇਹੋ ਰੰਗ ਕੰਨਿਆਂ ਪੱਖ ਵਾਲੇ ਵਰ ਪੱਖ ਉਤੇ ਸੁਟਦੇ ਹਨ। ਮੁਲਤਾਨ ਅਤੇ ਝੰਗ ਦੇ ਇਲਾਕੇ ਦੇ ਹਿੰਦੂਆਂ ਵਿਚ ਅਲਤਾ ਸੁੱਟਣ ਦਾ ਰਵਾਜ ਆਮ ਹੈ। ਹੋਲੀ ਦੇ ਮੌਕੇ ਉਤੇ ਵੀ ਅਲਤਾ ਇਕ ਦੂਜੇ ਤੇ ਸੁਟਿਆ ਜਾਂਦਾ ਹੈ।

(ਅ-477) **ਅਲਫ਼** :

ਉਰਦੂ ਫ਼ਾਰਸੀ ਵਰਣਮਾਲਾ ਦਾ ਪਹਿਲਾ ਅੱਖਰ ਜੋ ਅੱਲਾ ਦਾ ਬੋਧਿਕ ਹੈ। ਸੂਫ਼ੀ ਮੱਤ ਵਿਚ ਅਲਫ਼ ਦਾ ਏਕੀਕਰਣ ਪ੍ਰਭੂ ਦੀ ਅਹਿਦ ਅਵਸਥਾ ਨਾਲ ਵੀ ਕੀਤਾ ਜਾਂਦਾ ਹੈ। ਇਸ ਅਵਸਥਾ ਵਿਚ ਰੱਬ ਇਕੱਲਾ ਤੇ ਨਿਰਗੁਣ ਸੀ, ਮਗਰੋਂ ਉਹ ਆਪਣੇ ਆਪ ਨਾਲ ਇਸ਼ਕ ਕਰ ਕੇ 'ਅਹਿਮਦ' ਬਣਿਆ ਤੇ ਦੁਨੀਆਂ ਦਾ ਪਸਾਰਾ ਕੀਤਾ। ਇਸ ਕਿਰਿਆ ਨੂੰ ਸੂਫ਼ੀ ਮੱਤ ਵਿਚ 'ਅਲਫ਼' ਵਿਚ 'ਮੀਮ' ਰਲਾਣਾ ਕਿਹਾ ਗਿਆ ਹੈ।

ਅਲਫ਼ ਦੇ ਵਿਚ ਮੀਮ ਰਲਾਇਆ
ਤਾਂ ਕੀਤਾ ਏਡ ਪਸਾਰ। — ਬੁਲ੍ਹੇ ਸ਼ਾਹ

ਮਹਾਨ ਕੋਸ਼ ਅਨੁਸਾਰ ਅਲਫ਼ ਨਜਮ ਵਿਚ ਐਤਵਾਰ ਦਾ ਬੋਧਿਕ ਹੈ। ਲੋਕ-ਦਰਸ਼ਨ ਵਿਚ ਅਲਫ਼ ਸੰਸਾਰਕ ਬੋਧ ਦਾ ਵਾਚਕ ਹੈ, ਇਸ ਲਈ ਮੂੜ੍ਹ ਲਈ ਅਖਾਣ ਹੈ —

ਅਲਫ਼ ਦਾ ਨਾਂ ਕੋਕੋ ਨਹੀਂ ਜਾਣਦਾ।

(ਅ-478) **ਅਲਫ਼ ਲੈਲਾ** :

ਲੋਕ-ਕਹਾਣੀਆਂ ਦਾ ਇਕ ਸੰਸਾਰ ਪ੍ਰਸਿਧ ਸੰਗ੍ਰਹਿ; ਅਲਫ਼ ਲੈਲਾ ਮੂਲ ਵਿਚ ਅਰਬੀ ਬੋਲੀ ਵਿਚ ਰਚੀ ਗਈ। ਇਸ ਦੇ ਅਨੁਵਾਦ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਮਿਲਦੇ ਹਨ। ਇਸ ਨੂੰ 'ਹਜ਼ਾਰ ਰਾਤਾਂ' ਵੀ ਕਿਹਾ ਜਾਂਦਾ ਹੈ, ਕਿਉਂ ਜੋ 'ਅਲਿਫ਼' ਦਾ ਅਰਥ ਹੈ 'ਹਜ਼ਾਰ' ਅਤੇ ਲੈਲਾ ਦਾ ਅਰਥ ਹੈ 'ਰਾਤ'। ਇਸੇ ਗ੍ਰੰਥ ਨੂੰ ਫ਼ਾਰਸੀ ਵਿਚ 'ਹਜ਼ਾਰ ਦਾਸਤਾਨ' ਵੀ ਕਹਿੰਦੇ ਹਨ।

ਇਸ ਗ੍ਰੰਥ ਦਾ ਕਰਤਾ ਅਬੂ ਅਬਦੁੱਲਾ ਮੁਹੰਮਦ ਮੰਨਿਆ ਜਾਂਦਾ ਹੈ, ਜਿਸਨੇ ਅਲਫ਼ ਲੈਲਾ ਦਾ ਸੰਕਲਨ ਦਸਵੀਂ ਸਦੀ ਦੇ ਮੱਧ ਵਿਚ ਤਿਆਰ ਕੀਤਾ। ਇਸ ਵਿਚ ਸੰਕਲਿਤ ਕਥਾਵਾਂ ਉਸ ਨੇ ਸੌਦਾਗਰਾਂ ਦੇ ਮੂੰਹਾਂ ਤੋਂ ਸੁਣੀਆਂ। ਇਹ ਕਥਾਵਾਂ ਅਰਬੀ, ਭਾਰਤੀ, ਮਿਸਰੀ, ਯਹੂਦੀ ਤੇ ਯੂਨਾਨੀ ਮੂਲ ਦੀਆਂ ਜਾਪਦੀਆਂ ਹਨ; ਜਿਨ੍ਹਾਂ ਨੂੰ ਅਰਬੀ ਸੁਭਾਵ, ਰੰਗ ਤੇ ਚਰਿਤ੍ਰ ਦੇ ਦਿਤਾ ਗਿਆ, ਜਿਸ ਕਰ ਕੇ ਇਨ੍ਹਾਂ ਕਥਾਵਾਂ ਦਾ ਮੂਲ ਸਰੂਪ ਤੇ ਅਸਲਾ ਕਜਿਆ ਗਿਆ। ਅਲਫ਼ ਲੈਲਾ ਦੀਆਂ ਕਈ ਕਹਾਣੀਆਂ ਪੰਚ-ਤੰਤਰ ਅਤੇ ਕਥਾ ਸਰਿਤ ਸਾਗਰ ਨਾਲ ਮੇਲ ਖਾਂਦੀਆਂ ਹਨ।

ਇਸ ਸੰਗ੍ਰਹਿ ਵਿਚ 480 ਕਹਾਣੀਆਂ ਹਨ। ਪ੍ਰਥਮ ਸੰਕਲਨ ਤੋਂ ਮਗਰੋਂ ਵੀ ਇਸ ਵਿਚ ਕੁਝ ਹੋਰ ਕਹਾਣੀਆਂ ਰਲਾਈਆਂ ਜਾਂਦੀਆਂ ਰਹੀਆਂ। ਅਲਫ਼ ਲੈਲਾ ਦੀਆਂ ਦੋ ਪ੍ਰਸਿਧ ਕਥਾਵਾਂ — 'ਅਲੀ ਬਾਬਾ' ਤੇ 'ਅਲਾ ਦੀਨ ਦਾ ਚਿਰਾਗ' ਇਸ ਗ੍ਰੰਥ ਦੇ ਮੂਲ ਸੰਕਲਨਾਂ ਵਿਚ ਨਹੀਂ ਸਨ, ਪਰ ਇਹ ਬਾਅਦ ਵਿਚ ਇਸ ਗ੍ਰੰਥ ਦਾ ਅੰਗ ਬਣੀਆਂ।

ਬਣਤਰ ਦੇ ਪਖੋਂ ਅਲਫ਼ ਲੈਲਾ ਪੰਚ ਤੰਤਰ, ਹਿਤ ਉਪਦੇਸ਼ ਤੇ ਕਥਾ ਸਰਿਤ ਸਾਗਰ ਦੀ ਹੀ ਹਾਣੀ ਹੈ। ਮੂਲ ਕਹਾਣੀ ਇਕ ਪ੍ਰਵਾਹ ਵਾਂਗ

ਚਲਦੀ ਹੈ ਜਿਸ ਵਿਚੋਂ ਅੱਗੋਂ ਹੋਰ ਕਥਾਵਾਂ ਤਰੰਗਾਂ ਵਾਂਗ ਨਿਕਲ ਕੇ ਫੈਲਦੀਆਂ ਜਾਂਦੀਆਂ ਹਨ ਅਤੇ ਕਥਾ ਵਿਚ ਵਰਣਿਤ ਕਿਸੇ ਵਿਸ਼ੇ ਜਾਂ ਨੁਕਤੇ ਦੀ ਵਿਆਖਿਆ ਕਰਦੀਆਂ ਜਾਂਦੀਆਂ ਹਨ। ਇਹ ਕਥਾ ਵਿਧੀ ਮੂਲ ਵਿਚ ਭਾਰਤੀ ਹੈ।

ਅਲਫ਼ ਲੈਲਾ ਦੇ ਜਨਮ ਬਾਰੇ ਕਥਾ ਇਉਂ ਪ੍ਰਚਲਤ ਹੈ। ਈਰਾਨ ਦੇ ਬਾਦਸ਼ਾਹ ਸ਼ਹਰਯਾਰ ਨੇ ਆਪਣੀ ਮਲਕਾ ਨੂੰ ਇਕ ਗ਼ੁਲਾਮ ਨਾਲ ਹਮ-ਬਿਸਤਰ ਵੇਖ ਕੇ ਦੋਹਾਂ ਨੂੰ ਮਰਵਾ ਦਿਤਾ ਅਤੇ ਫਿਰ ਇਸਤ੍ਰੀ ਜਾਤੀ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਉਹ ਹਰ ਰੋਜ਼ ਇਕ ਨਵਾਂ ਵਿਆਹ ਕਰਦਾ ਅਤੇ ਰਾਤ ਭਰ ਉਸ ਪਤਨੀ ਨੂੰ ਭੋਗ ਕੇ ਸਵੇਰ ਸਾਰ ਉਸ ਨੂੰ ਮਰਵਾ ਦੇਂਦਾ । ਇਸ ਤਰ੍ਹਾਂ ਤਿੰਨ ਸਾਲ ਲੰਘ ਗਏ। ਅਖ਼ੀਰ ਉਸ ਦਾ ਵਿਆਹ ਵਜ਼ੀਰ ਦੀ ਸੂਝਵਾਨ ਤੇ ਸੁਹਿਰਦ ਕੰਨਿਆਂ ਸ਼ਹਰਜ਼ਾਦ ਨਾਲ ਹੋਇਆ। ਜਿਸ ਨੇ ਸੁਹਾਗ ਰਾਤ ਨੂੰ ਸ਼ਹਰਯਾਰ ਨੂੰ ਇਕ ਲੰਮੀ ਕਹਾਣੀ ਸੁਣਾਈ ਜੋ ਸਵੇਰ ਤਕ ਖ਼ਤਮ ਹੀ ਨਾ ਹੋਈ। ਉਹ ਕਹਾਣੀ ਬੜੀ ਰੌਚਕ ਸੀ। ਉਸ ਦਾ ਅੰਤ ਜਾਣਨ ਦੀ ਉਤਸੁਕਤਾ ਬਾਦਸ਼ਾਹ ਦੇ ਮਨ ਵਿਚ ਇਤਨੀ ਪ੍ਰਬਲ ਹੋ ਗਈ ਕਿ ਉਸ ਨੇ ਸ਼ਹਰਜ਼ਾਦ ਨੂੰ ਨਾ ਮਾਰਿਆ । ਇਸ ਤਰ੍ਹਾਂ ਸ਼ਹਰਜ਼ਾਦ ਹਰ ਰਾਤ ਨਿਤ ਨਵੀਆਂ ਕਹਾਣੀਆਂ ਸੁਣਾ ਕੇ ਮੂਲ ਕਹਾਣੀ ਨੂੰ ਮੁਕਣ ਨਾ ਦਿੰਦੀ। ਇਹ ਕਹਾਣੀਆਂ 1001 ਰਾਤਾਂ ਤਕ ਨਿਰੰਤਰ ਚਲਦੀਆਂ ਰਹੀਆਂ। ਇਸੇ ਦੌਰਾਨ ਬਾਦਸ਼ਾਹ ਦੇ ਦਿਲ ਵਿਚ ਸ਼ਹਰਜ਼ਾਦ ਨਾਲ ਅਥਾਹ ਪਿਆਰ ਪੈਦਾ ਹੋ ਗਿਆ ਅਤੇ ਉਸ ਦੇ ਉਦਰ ਤੋਂ ਤਿੰਨ ਲੜਕੇ ਵੀ ਜੰਮੇ ਜੋ ਸ਼ਹਰਜ਼ਾਦ ਨੇ ਆਪਣੀ ਭੈਣ ਦੁਨਯਾਜ਼ਾਦ ਦੀ ਮਦਦ ਨਾਲ ਛੁਪਾਈ ਰਖੇ, ਜਿਸ ਗੱਲ ਦਾ ਭੇਤ ਮਗਰੋਂ ਖੁਲ੍ਹਿਆ । ਇਹੋ ਕਹਾਣੀ-ਪ੍ਰਵਾਹ ਬਾਦਸ਼ਾਹ ਨੂੰ ਇਤਨਾ ਚੰਗਾ ਲੱਗਾ ਕਿ ਉਸ ਨੇ ਸ਼ਾਹੀ ਲੇਖਕ ਨੂੰ ਬੁਲਾ ਕੇ ਇਨ੍ਹਾਂ ਕਹਾਣੀਆਂ ਨੂੰ ਲਿਖਣ ਦਾ ਆਦੇਸ਼ ਦਿਤਾ। ਇਹ ਕਹਾਣੀਆਂ ਸੁਨਹਿਰੀ ਅੱਖਰਾਂ ਵਿਚ 30 ਜਿਲਦਾਂ ਵਿਚ ਲਿਖੀਆਂ ਗਈਆਂ। ਪਰ ਦਸਵੀਂ ਸਦੀ ਈਸਵੀ ਦੀ ਇਕ ਰਚਨਾ 'ਫ਼ਹਿਰਿਸਤ' ਅਨੁਸਾਰ ਇਹ ਕਹਾਣੀਆਂ ਬਾਹਮਨ ਦੀ ਕੰਨਿਆਂ ਹੁਮਾਨੀ ਲਈ ਲਿਖੀਆਂ ਗਈਆਂ ਸਨ ।

ਅਲਫ਼ ਲੈਲਾ ਪਰੀ ਕਹਾਣੀਆਂ, ਜਨੌਰ ਕਹਾਣੀਆਂ, ਨੀਤੀ ਕਥਾਵਾਂ ਅਤੇ ਪ੍ਰਾਕ੍ਰਮ ਕਥਾਵਾਂ ਦਾ ਸਮੂਹ ਹੈ ਅਤੇ ਇਨ੍ਹਾਂ ਕਥਾਵਾਂ ਵਿਚ ਬੜੀਆਂ ਅਲੌਕਿਕ ਤੇ ਅਦਭੁਤ ਘਟਨਾਵਾਂ ਵਾਪਰਦੀਆਂ, ਪਸ਼ੂ ਪੰਛੀ ਬੋਲਦੇ ਤੇ ਅਪ੍ਰਾਕ੍ਰਿਤਕ ਪਾਤਰ ਸਮੂਰਤ ਰੂਪ ਵਿਚ ਵਿਚਰਦੇ ਅਤੇ ਅਨੋਖੇ ਰਹੱਸ ਖੁਲ੍ਹਦੇ ਹਨ ।

ਇਸ ਗ੍ਰੰਥ ਦਾ ਅਨੁਵਾਦ 1704 ਈ: ਵਿਚ ਐਂਟੋਇਨ ਗਲਾਂਡ ਨੇ ਫ਼ਰਾਂਸੀਸੀ ਵਿਚ ਕੀਤਾ ਅਤੇ ਉਸ ਤੋਂ ਬਾਅਦ ਕਈ ਯੂਰਪੀ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ ਹੋਇਆ । ਪੰਜਾਬੀ ਵਿਚ ਅਲਫ਼ ਲੈਲਾ ਦੀਆਂ ਕਹਾਣੀਆਂ ਬੁਧ ਸਿੰਘ ਨੇ ਅਨੁਵਾਦ ਕਰ ਕੇ 1906 ਈ: ਵਿਚ ਛਪਵਾਈਆਂ ।

(ਅ-479) **ਅਲਫ਼ੀ** :

ਮੁਸਲਮਾਨ ਫ਼ਕੀਰਾਂ ਦੇ ਗਲ ਦਾ ਇਕ ਪਹਿਰਾਵਾ; ਇਸ ਨੂੰ ਕਫ਼ਨੀ ਵੀ ਕਹਿੰਦੇ ਹਨ। ਇਹ ਖੁਲ੍ਹਾ ਤੇ ਲੰਮਾ ਜਿਹਾ ਕੁੜਤਾ ਹੁੰਦਾ ਹੈ, ਜਿਸ ਦੀਆਂ ਬਾਹਵਾਂ ਨਹੀਂ ਹੁੰਦੀਆਂ। ਇਸ ਕੁੜਤੇ ਦੇ ਅੱਗੇ ਪਿਛੇ ਦੋਵੇਂ ਪਾਸੇ ਅਲਫ਼ ਅੱਖਰ ਲਿਖਿਆ ਹੁੰਦਾ ਹੈ ਜੋ ਅੱਲਾ ਦਾ ਪ੍ਰਤੀਕ ਹੈ। ਇਸੇ ਅਲਫ਼ ਤੋਂ ਇਸ ਪਹਿਰਾਵੇ ਦਾ ਨਾਂ ਅਲਫ਼ੀ ਪੈ ਗਿਆ।

(ਅ-480) **ਅਲੰਬੁਸ਼** :

ਇਕ ਅਸੁਰ ਜੋ ਰਿਸ਼ਯਸ਼੍ਰਿੰਗ ਦਾ ਪੁੱਤਰ ਸੀ। ਮਹਾਂਭਾਰਤ ਦੇ ਯੁੱਧ ਵਿਚ ਘਟੋਤਕੱਛ ਨੇ ਅਲੰਬੁਸ਼ ਦਾ ਬੱਧ ਕੀਤਾ ।

(ਅ-481) **ਅਲੰਬੁਸ਼ਾ** :

ਇਕ ਅਪੱਛਰਾਂ; ਇਕ ਵਾਰ ਅਲੰਬੁਸ਼ਾ ਬ੍ਰਹਮ ਲੋਕ ਵਿਚ ਨਿਰਤ ਕਰ ਰਹੀ ਸੀ ਕਿ ਵਿਧੂਮ ਨਾਉਂ ਦਾ ਗੰਧਰਵ ਉਸ ਵਲ ਮਤਵਾਲੀਆਂ ਨਜ਼ਰਾਂ ਨਾਲ ਵੇਖਣ ਲੱਗਾ। ਦੋਹਾਂ ਵਿਚ ਕਾਮ ਭਾਵਨਾ ਇਤਨੀ ਉਤੇਜਿਤ ਹੋ

ਉਠੀ ਕਿ ਉਹ ਦੋਵੇਂ ਬ੍ਰਹਮਾ ਅਤੇ ਇੰਦਰ ਆਦਿ ਦੇਵਤਿਆਂ ਦੀ ਮੌਜੂਦਗੀ ਤੋਂ ਲਾਪਰਵਾਹ ਹੋ, ਇਕ ਦੂਜੇ ਵਲ ਆਲਿੰਗਨ ਲਈ ਦੌੜੇ। ਇੰਦਰ ਨੇ (ਕਈਆਂ ਅਨੁਸਾਰ ਬ੍ਰਹਮਾ ਨੇ) ਦੋਹਾਂ ਨੂੰ ਮਾਤ-ਲੋਕ ਵਿਚ ਜਨਮ ਲੈਣ ਦਾ ਸਰਾਪ ਦਿਤਾ। ਫਲਸਰੂਪ ਅਲੰਬੁਸ਼ਾ ਰਾਜੇ ਕ੍ਰਿਤਵਰਮਾ ਦੇ ਘਰ ਮਰਗਾਵਤੀ ਦੇ ਰੂਪ ਵਿਚ ਪੈਦਾ ਹੋਈ ਅਤੇ ਵਿਧੂਮ ਪਾਂਡਵ ਕੁਲ ਵਿਚ ਸਹਸਤਰਾਨੀਕ ਦੇ ਰੂਪ ਵਿਚ। ਜੁਆਨ ਹੋਣ ਉਤੇ ਦੋਹਾਂ ਦਾ ਵਿਆਹ ਹੋਇਆ, ਪਰ ਚੌਦਾਂ ਸਾਲਾਂ ਤਕ ਉਹ ਦੋਵੇਂ ਇਕ ਦੂਜੇ ਤੋਂ ਵਿਛੜੇ ਰਹੇ। (ਵੇਖੋ : ਮਰਗਾਵਤੀ) ਉਦਯਨ ਅਲੰਬੁਸ਼ਾ ਦੇ ਉਦਰ ਤੋਂ ਹੀ ਪੈਦਾ ਹੋਇਆ। (ਵੇਖੋ : ਉਦਯਨ) ਉਦਯਨ ਨੂੰ ਰਾਜ ਸੌਂਪ ਕੇ ਦੋਹਾਂ ਨੇ ਤੀਰਥਾਂ ਦਾ ਭਰਮਣ ਕੀਤਾ ਅਤੇ ਸਰਾਪ ਤੋਂ ਮੁਕਤ ਹੋ ਕੇ ਮੁੜ ਦੇਵ-ਲੋਕ ਵਿਚ ਜਾ ਵਸੇ।

(ਅ-482) **ਅੱਲੜ ਬੱਲੜ** :

ਇਕ ਪ੍ਰਸਿਧ ਲੋਰੀ; ਪੂਰਾ ਟੱਪਾ ਇਸ ਤਰ੍ਹਾਂ ਹੈ :—

ਅੱਲੜ ਬੱਲੜ ਬਾਵੇ ਦਾ
ਬਾਵਾ ਕਣਕ ਲਿਆਵੇਗਾ
ਅੰਮਾਂ ਬਹਿ ਕੇ ਛੱਟੇਗੀ
ਪੁੱਤਰ ਬਹਿ ਕੇ ਖਾਵੇਗਾ।

ਇਸ ਲੋਰੀ ਵਿਚ ਮਾਂ ਪਿਉ ਦੀ ਪੁੱਤਰ ਲਈ ਘਾਲਣਾ ਵਲ ਸੰਕੇਤ ਹੈ। (ਵੇਖੋ : ਲੋਰੀ)

(ਅ-483) **ਅੱਲਾ** :

ਮੁਸਲਮਾਨਾਂ ਵਿਚ ਅੱਲਾ ਸ਼ਬਦ ਪ੍ਰਮਾਤਮਾ ਦਾ ਬੋਧਿਕ ਹੈ। ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਮੱਕੇ ਦੇ ਲੋਕਾਂ ਵਿਚ ਇਕ ਸਰਵ ਸ਼ਕਤੀਮਾਨ ਪ੍ਰਮਾਤਮਾ ਦਾ ਸੰਕਲਪ ਪ੍ਰਚਲਤ ਸੀ ਜਿਸ ਨੂੰ ਉਹ ਅੱਲਾ ਕਹਿੰਦੇ ਸਨ। ਪਰ ਅੱਲਾ ਦੇ ਨਾਲ ਉਨ੍ਹਾਂ ਨੇ ਕੁਝ ਛੋਟੇ ਦੇਵਤੇ ਜੋ ਕਬੀਲਿਆਂ ਜਾਂ ਵੰਸ਼ਾਂ ਦੇ ਪਿੱਤਰ ਸਨ ਅਤੇ ਤਿੰਨ ਦੇਵੀਆਂ — ਮਨਾਤ, ਅਲਾਤ ਤੇ ਉਜ਼ਾ ਵੀ ਸ਼ਰੀਕ ਕੀਤੀਆਂ ਹੋਈਆਂ ਸਨ। ਮੱਕੇ ਵਿਚ ਸਥਾਪਿਤ ਮੂਰਤੀਆਂ ਵਿਚੋਂ ਇਕ ਮੂਰਤੀ ਅੱਲਾ ਦੀ ਵੀ ਸੀ ਜਿਸ ਨੂੰ ਕੁਰੈਸ਼ ਕਬੀਲੇ ਦੇ ਲੋਕ ਖ਼ਾਸ ਮਾਨਤਾ ਦੇਂਦੇ ਸਨ। ਕੁਰੈਸ਼ੀਆਂ ਦੀ ਧਾਰਨਾ ਸੀ ਕਿ ਇਸੇ ਦੇਵਤੇ ਨੇ ਸ੍ਰਿਸ਼ਟੀ ਦੀ ਸਿਰਜਨਾ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੇ ਅੱਲਾ ਦੇ ਸ਼ਬਦ ਨੂੰ ਜੋ ਨਵਾਂ ਸੰਕਲਪ ਦਿਤਾ ਉਹ ਉਸ ਦੀ ਵਾਹਿਦੀਅਤ ਦਾ ਸੀ। ਉਨ੍ਹਾਂ ਨੇ ਅੱਲਾ ਤੋਂ ਬਿਨਾਂ ਸਭ ਦੇਵਤਿਆਂ ਨੂੰ ਰੱਦ ਕਰ ਦਿਤਾ।

ਪੂਰਵ ਮੁਹੰਮਦ ਕਾਲ ਵਿਚ ਸਾਮੀ ਕਬੀਲਿਆਂ ਵਿਚ ਬੁਤ ਪੂਜਾ ਦੀ ਪ੍ਰਥਾ ਸੀ ਤੇ ਉਨ੍ਹਾਂ ਦੇ ਪ੍ਰਮੁਖ ਇਸ਼ਟ 'ਇਲ', 'ਇਲੋਈ', 'ਇਲਹ' ਆਦਿ ਸਨ। 'ਇਲਹ' ਤੋਂ ਅਲ-ਇਲਹ ਬਣਿਆ ਜਿਸ ਦਾ ਸੰਯੁਕਤ ਰੂਪ 'ਅਲਹ' ਪ੍ਰਚਲਤ ਹੋਇਆ। (ਇਨਸਾਈਕਲੋਪੀਡੀਆ 1,326) ਇਕ ਹੋਰ ਧਾਰਨਾ ਅਨੁਸਾਰ ਪੂਰਵ ਕਾਲੀਨ ਅਰਬ ਦਾ ਇਕ ਦੇਵਤਾ ਹੁਬਲ ਸੀ ਜਿਸ ਦੀ ਇਕ ਉਪਾਧੀ ਅਲ-ਲਹੂ ਸੀ ਜਿਸ ਦਾ ਅਰਥ ਹੈ ਦੇਵਤਾ। ਇਸ ਸ਼ਬਦ ਦਾ ਸਬੰਧ ਦੇਵਤੇ ਲਈ ਆਮ ਪ੍ਰਯੋਗ ਵਿਚ ਆਉਂਦੇ ਸਾਮੀ ਪਦ ਇਲ ਨਾਲ ਸੀ। ਇਸੇ ਇਲ ਸ਼ਬਦ ਦਾ ਵਿਕ੍ਰਿਤ ਰੂਪ ਅੱਲਾ ਸੀ। (ਫ਼ੋਕਲੋਰ ਡਿਕ. 1,36)

ਅੱਲਾ ਦੇ 99 ਹੋਰ ਸਿਫ਼ਾਤੀ ਨਾਂ ਹਨ, ਜੋ ਅੱਲਾ ਦੀ ਕਿਸੇ ਸਿਫ਼ਤ, ਲੱਛਣ ਅਤੇ ਗੁਣ ਦੇ ਬੋਧਿਕ ਹਨ। ਜਿਵੇਂ ਕਰੀਮ (ਬਖ਼ਸ਼ਿਸ਼ ਕਰਨ ਵਾਲਾ), ਖ਼ਾਲਿਕ (ਕਰਤਾਰ), ਜਲੀਲ (ਪ੍ਰਕਾਸ਼ ਸਰੂਪ), ਰਹੀਮ (ਦਿਆਲੂ) ਵਦੂਦ (ਪ੍ਰੇਮ ਕਰਨ ਵਾਲਾ) ਆਦਿ। ਹਦੀਸਾਂ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਦਾ ਬਚਨ ਹੈ ਕਿ ਅੱਲਾ ਦੇ 99 ਸਿਫ਼ਾਤੀ ਨਾਵਾਂ ਦਾ ਜੋ ਸ਼ਖ਼ਸ ਵੀ ਜਾਪ ਕਰੇਗਾ, ਉਹ ਬਹਿਸ਼ਤ ਵਿਚ ਜਾਵੇਗਾ। ਮੁਸਲਮਾਨ ਫ਼ਕੀਰ ਇਨ੍ਹਾਂ ਸਿਫ਼ਾਤੀ ਨਾਵਾਂ ਦਾ ਜਾਪ ਤਸਬੀ ਦੁਆਰਾ ਕਰਦੇ ਹਨ। ਅੱਲਾ ਦਾ ਇਕ ਗੁਝਾ ਨਾਂ 'ਇਸਮ-ਅਲ-ਅਜ਼ਮ' ਹੈ। ਅੱਲਾ ਦੇ ਇਸ ਰਹੱਸਮਈ ਨਾਂ ਦਾ ਜਾਪ ਕਰਨ ਨਾਲ ਜਗਿਆਸੂ ਦੀਆਂ ਕਾਮਨਾਵਾਂ ਦੀ ਪੂਰਤੀ ਹੁੰਦੀ ਹੈ। ਸੂਫ਼ੀ ਤੇ ਕਈ ਹੋਰ ਦਰਵੇਸ਼ ਇਸ ਨਾਂ ਦਾ ਜਾਪ ਕਰਦੇ ਹੋਏ ਚਲ੍ਹੀਹੇ ਕਟਦੇ ਹਨ।

ਇਸਲਾਮ ਨੇ ਸਭ ਤੋਂ ਵਧ ਬਲ ਅੱਲਾ ਦੀ ਵਾਹਿਦੀਅਤ ਉਤੇ ਦਿਤਾ ਭਾਵ ਅੱਲਾ ਇਕੋ ਹੈ

ਤੇ ਉਸ ਦਾ ਦੂਜਾ ਕੋਈ ਸ਼ਰੀਕ ਨਹੀਂ। ਇਸ ਸਿਧਾਂਤ ਵਿਚ ਈਮਾਨ ਰਖੇ ਬਗ਼ੈਰ ਕੋਈ ਸ਼ਖ਼ਸ ਮੁਸਲਿਮ ਨਹੀਂ ਅਖਵਾ ਸਕਦਾ।

(ਅ-484) **ਅੱਲਾ ਦੀਆਂ ਰਖਾਂ** :

ਇਕ ਅਸੀਸ ਜਿਸ ਦਾ ਭਾਵ ਹੈ ਸਭ ਤੋਂ ਵੱਡੀ ਤੇ ਅਕਸੀਰ ਰੱਖ ਅੱਲਾ ਦੇ ਨਾਂ ਦੀ ਹੈ। ਅੱਲਾ ਦਾ ਨਾਂ ਲੈਣ ਨਾਲ ਸਭ ਬਲਾਵਾਂ ਤੇ ਸੰਕਟ ਦੂਰ ਹੋ ਜਾਂਦੇ ਹਨ। ਇਹ ਵਾਕ ਮੁਸਲਮਾਨ ਸੰਕਟ ਵੇਲੇ ਉਚਾਰਦੇ ਹਨ।

(ਅ-485) **ਅਲਾਅ ਪੈਣੀ** :

ਬੋਲ ਨਾਲ ਸੰਬੰਧਿਤ ਇਕ ਭਰਮ; ਜੇ ਦੋ ਤੀਵੀਆਂ ਦਾ ਚਲੀਹਾ ਸਾਂਝਾ ਹੋਵੇ ਤਾਂ ਚਲੀਹੇ ਦੇ ਦਿਨਾਂ ਵਿਚ ਦੋਹਾਂ ਦੀ ਪ੍ਰਥਮ ਮਿਲਣੀ ਸਮੇਂ ਜੇ ਇਕ ਤੀਵੀਂ ਦੀ ਆਵਾਜ਼ ਦੂਜੀ ਦੇ ਕੰਨਾਂ ਵਿਚ ਪੈ ਜਾਵੇ ਤਾਂ ਇਸ ਨੂੰ ਅਲਾਅ ਪੈਣਾ ਕਹਿੰਦੇ ਹਨ। ਅਲਾਅ ਦਾ ਅਰਥ ਹੈ ਉੱਚੀ ਆਵਾਜ਼। ਜਿਸ ਤੀਵੀਂ ਦੇ ਕੰਨ ਵਿਚ ਅਲਾਅ ਪਏ ਉਸ ਦਾ ਦੁਧ ਸੁਕ ਜਾਂਦਾ ਹੈ। ਕਈ ਲੋਕ ਤਾਂ ਇਥੋਂ ਤਕ ਮੰਨਦੇ ਹਨ ਕਿ ਉਸ ਤੀਵੀਂ ਦੇ ਬੱਚੇ ਦੇ ਸਾਰੇ ਸੁਖ ਆਨੰਦ ਦੂਜੇ ਬੱਚੇ ਦੇ ਲੇਖੇ ਵਿਚ ਪੈ ਜਾਂਦੇ ਹਨ। ਅਲਾਅ ਤੋਂ ਬਚਣ ਦੇ ਉਪਾ ਵੀ ਪ੍ਰਚਲਤ ਹਨ। ਜਿਨ੍ਹਾਂ ਤੀਵੀਆਂ ਦੇ ਚਲੀਹੇ ਸਾਂਝੇ ਹੋਣ ਉਹ ਇਕ ਦੂਜੇ ਨਾਲ ਸ਼ਕਰ ਖੰਡ ਆਦਿ ਵਟਾ ਲੈਂਦੀਆਂ ਹਨ। ਇਸ ਤਰ੍ਹਾਂ ਅਲਾਅ ਦਾ ਅਸਰ ਨਹੀਂ ਹੁੰਦਾ ਜਾਂ ਬਹੁਤ ਘਟ ਹੁੰਦਾ ਹੈ। ਜੇ ਦੋਵੇਂ ਤੀਵੀਆਂ ਇਕ ਦੂਜੀ ਨੂੰ ਮਿਲਣ ਵੇਲੇ ਮੌਨ ਰਹਿਣ ਤਾਂ ਵੀ ਅਲਾਅ ਨਹੀਂ ਪੈਂਦੀ। ਮਾਲਵੇ ਵਿਚ ਅਲਾਅ ਨੂੰ 'ਬੋਲ' ਕਹਿੰਦੇ ਹਨ। ਜ਼ਿਲੇ ਵਿਚ ਜ਼ਨਾਨੀ ਨੂੰ 'ਬੋਲ' ਪੈਣ ਦਾ ਡਰ ਹੁੰਦਾ ਹੈ। ਜੇ ਬੱਚੇ ਦੇ ਜੰਮਣ ਸਾਰ ਕੋਲਿਆਂ ਨੂੰ ਗਿੱਲੀ ਮਿੱਟੀ ਦਾ ਥੱਬਾ ਚਮੋੜ ਦਿਤਾ ਜਾਵੇ ਤਾਂ ਫਿਰ ਕਿਸੇ ਦੇ ਬੋਲ ਪੈਣ ਦਾ ਡਰ ਨਹੀਂ ਹੁੰਦਾ। (ਵੇਖੋ : ਬੋਲ)

(ਅ-486) **ਅੱਲਾ ਦੀਨ** :

ਅਲਫ਼ ਲੈਲਾ ਦੀ ਪ੍ਰਸਿਧ ਕਹਾਣੀ 'ਅੱਲਾ ਦੀਨ ਦਾ ਚਿਰਾਗ਼' ਦਾ ਨਾਇਕ। ਇਹ ਕਹਾਣੀ ਅਲਫ਼ ਲੈਲਾ ਦੇ ਮੂਲ ਸੰਕਲਨ ਵਿਚ ਨਹੀਂ ਮਿਲਦੀ, ਪਰ ਬਾਅਦ ਦੇ ਸੰਕਲਨਾਂ ਵਿਚ ਸ਼ਾਮਲ ਕਰ ਲਈ ਗਈ ਹੈ। ਅੱਲਾਦੀਨ ਇਕ ਦਰਜ਼ੀ ਦਾ ਲੜਕਾ ਸੀ ਜੋ ਬੜਾ ਨਿਕੰਮਾ, ਦਲਿੱਦ੍ਰੀ ਤੇ ਆਲਸੀ ਸੀ। ਮਾਰੋਕੋ ਦੇ ਇਕ ਜਾਦੂਗਰ ਨੇ ਇਸ ਲੜਕੇ ਦੁਆਰਾ ਇਕ ਗੁਪਤ ਗ਼ਾਰ ਵਿਚੋਂ ਜਾਦੂ ਦਾ ਚਿਰਾਗ ਪ੍ਰਾਪਤ ਕਰਨ ਦੀ ਵਿਉਂਤ ਬਣਾਈ। ਜਾਦੂਗਰ ਨੇ ਅੱਲਾਦੀਨ ਨੂੰ ਜਾਦੂ ਦੀ ਇਕ ਮੁੰਦਰੀ ਦਿਤੀ ਤੇ ਉਸ ਦੀ ਵਰਤੋਂ ਦੀ ਵਿਧੀ ਸਮਝਾ ਕੇ ਉਸ ਨੂੰ ਇਕ ਗ਼ਾਰ ਵਿਚ ਉਤਾਰ ਦਿਤਾ। ਹੇਠਾਂ ਇਕ ਜਾਦੂ ਦੀ ਨਗਰੀ ਸੀ ਜਿਥੇ ਦਰੱਖ਼ਤਾਂ ਨਾਲ ਹੀਰੇ ਪੰਨੇ ਪੈਦਾ ਹੁੰਦੇ ਸਨ। ਅੱਲਾਦੀਨ ਨੇ ਆਪਣੀਆਂ ਜੇਬਾਂ ਹੀਰੇ ਮੋਤੀਆਂ ਨਾਲ ਭਰ ਲਈਆਂ। ਉਥੋਂ ਉਹ ਜਾਦੂਗਰ ਦਾ ਦਸਿਆ ਹੋਇਆ ਚਿਰਾਗ਼ ਵੀ ਚੁਕ ਲਿਆਇਆ। ਜਾਦੂਗਰ ਦੀ ਨੀਤ ਖੋਟੀ ਸੀ, ਉਸ ਅੱਲਾਦੀਨ ਨੂੰ ਗ਼ਾਰ ਵਿਚੋਂ ਕੱਢਣ ਤੋਂ ਪਹਿਲਾਂ ਚਿਰਾਗ਼ ਮੰਗਿਆ, ਪਰ ਅੱਲਾਦੀਨ ਨੇ ਬਾਹਰ ਨਿਕਲਣ ਤੋਂ ਪਹਿਲਾਂ ਚਿਰਾਗ਼ ਦੇਣ ਤੋਂ ਇਨਕਾਰ ਕਰ ਦਿਤਾ। ਜਾਦੂਗਰ ਨੇ ਗ਼ਾਰ ਦਾ ਮੂੰਹ ਪੱਥਰ ਨਾਲ ਬੰਦ ਕਰ ਦਿਤਾ ਤਾਂ ਜੋ ਅੱਲਾਦੀਨ ਗ਼ਾਰ ਦੇ ਅੰਦਰ ਹੀ ਭੁਖਾ ਪਿਆਸਾ ਮਰ ਜਾਵੇ ਅਤੇ ਇਸ ਗੱਲ ਦਾ ਭੇਦ ਕਿਸੇ ਦੂਜੇ ਤਕ ਨਾ ਖੁਲ੍ਹੇ।

ਗਾਰ ਦੇ ਅੰਦਰ ਬੈਠਿਆਂ ਸੰਜੋਗ ਨਾਲ ਅੱਲਾਦੀਨ ਦੀ ਅੰਗੂਠੀ ਪੱਥਰ ਨਾਲ ਰਗੜ ਖਾ ਗਈ। ਅੱਖ ਪਲਕਾਰੇ ਵਿਚ ਇਕ ਜਿੰਨ ਪ੍ਰਗਟ ਹੋਇਆ, ਜੋ ਉਸ ਦੇ ਹਰ ਹੁਕਮ ਦੀ ਪਾਲਨਾ ਕਰਨ ਨੂੰ ਤਿਆਰ ਸੀ। ਅੱਲਾਦੀਨ ਦੇ ਆਦੇਸ਼ ਉਤੇ ਜਿੰਨ ਨੇ ਅੱਲਾਦੀਨ ਨੂੰ ਗ਼ਾਰ ਵਿਚੋਂ ਬਾਹਰ ਕਢਿਆ। ਇਸੇ ਤਰ੍ਹਾਂ ਅੱਲਾਦੀਨ ਨੂੰ ਚਿਰਾਗ਼ ਦੀ ਸ਼ਕਤੀ ਦਾ ਭੇਤ ਵੀ ਪ੍ਰਗਟ ਹੋ ਗਿਆ ਅਤੇ ਉਸ ਚਿਰਾਗ਼ ਦੀ ਸਹਾਇਤਾ ਨਾਲ ਅੱਲਾਦੀਨ ਨੇ ਆਪਣੀਆਂ ਸਾਰੀਆਂ ਸੰਸਾਰਕ ਲੋੜਾਂ ਪੂਰੀਆਂ ਕਰ ਲਈਆਂ ਤੇ ਅਮੀਰਾਂ ਵਾਂਗ ਸੁਖ ਭੋਗਾਂ ਵਿਚ ਲੀਨ ਹੋ ਗਿਆ।

ਅੱਲਾਦੀਨ ਦੇ ਮਨ ਵਿਚ ਬਾਦਸ਼ਾਹ ਦੀ ਲੜਕੀ ਬਦਰ-ਉਲ-ਬਦਰ ਨਾਲ ਵਿਆਹ ਕਰਨ

ਦੀ ਚੇਸ਼ਟਾ ਪੈਦਾ ਹੋਈ। ਬਦਰ-ਉਲ-ਬਦਰ ਬਹੁਤ ਹੀ ਹੁਸੀਨ, ਸੁਸ਼ੀਲ ਤੇ ਮਲੂਕ ਕੰਨਿਆਂ ਸੀ। ਬਾਦਸ਼ਾਹ ਨੇ ਵਿਆਹ ਲਈ ਕਰੜੀ ਸ਼ਰਤ ਰਖੀ। ਜੇ ਅੱਲਾਦੀਨ ਰਾਤੋ ਰਾਤ ਬਾਦਸ਼ਾਹ ਦੀ ਕੰਨਿਆਂ ਦੇ ਰਹਿਣ ਵਾਸਤੇ 24 ਦਰਵਾਜ਼ਿਆਂ ਵਾਲਾ ਹੀਰੇ ਮੋਤੀਆਂ ਨਾਲ ਜੜ੍ਹਿਆ, ਸ਼ਾਨਦਾਰ ਮਹਿਲ ਤਿਆਰ ਕਰਵਾ ਦੇਵੇ ਤਾਂ ਉਹ ਉਸ ਨਾਲ ਵਿਆਹ ਕਰਨ ਦਾ ਅਧਿਕਾਰੀ ਹੈ। ਅੱਲਾਦੀਨ ਨੇ ਚਿਰਾਗ਼ ਦੀ ਮਦਦ ਨਾਲ ਰਾਤੋ ਰਾਤ ਮਹਿਲ ਤਿਆਰ ਕਰਵਾ ਦਿਤਾ। ਫਲਸਰੂਪ ਉਸ ਦਾ ਵਿਆਹ ਬਦਰ-ਉਲ-ਬਦਰ ਨਾਲ ਹੋ ਗਿਆ।

ਮਾਰੋਕੋ ਦੇ ਜਾਦੂਗਰ ਨੂੰ, ਜਾਦੂ ਸ਼ਕਤੀ ਦੁਆਰਾ ਪਤਾ ਚਲ ਗਿਆ ਕਿ ਅੱਲਾਦੀਨ ਗ਼ਾਰ ਵਿਚੋਂ ਬਾਹਰ ਨਿਕਲ ਆਇਆ ਸੀ ਤੇ ਚਿਰਾਗ਼ ਦੀ ਮਦਦ ਨਾਲ ਆਨੰਦਮਈ ਜੀਵਨ ਭੋਗ ਰਿਹਾ ਸੀ। ਪਰ ਜਾਦੂਗਰ ਉਦੋਂ ਤਕ ਉਸ ਦਾ ਕੁਝ ਨਹੀਂ ਸੀ ਵਿਗਾੜ ਸਕਦਾ ਜਦੋਂ ਤਕ ਉਸ ਕੋਲ ਚਿਰਾਗ਼ ਸੀ। ਸੋ, ਜਾਦੂਗਰ ਅੱਲਾਦੀਨ ਤੋਂ ਕਿਸੇ ਜੁਗਤ ਨਾਲ ਚਿਰਾਗ਼ ਪ੍ਰਾਪਤ ਕਰਨ ਦੀਆਂ ਵਿਉਂਤਾਂ ਘੜਨ ਲੱਗਾ। ਇਕ ਦਿਨ ਜਦੋਂ ਅੱਲਾਦੀਨ ਘਰੋਂ ਕਿਧਰੇ ਬਾਹਰ ਗਿਆ ਹੋਇਆ ਸੀ ਤਾਂ ਜਾਦੂਗਰ ਨੇ ਅੱਲਾਦੀਨ ਦੇ ਬੂਹੇ ਅੱਗੇ ਹੋਕਾ ਦਿਤਾ: "ਪੁਰਾਣੇ ਚਿਰਾਗ਼ ਵਟਾ ਲਓ, ਨਵੇਂ ਚਿਰਾਗ ਲੈ ਲਓ।" ਅੱਲਾਦੀਨ ਦੀ ਪਤਨੀ ਨੂੰ ਘਰ ਵਿਚ ਪਏ ਪੁਰਾਣੇ ਚਿਰਾਗ਼ ਦੀ ਸ਼ਕਤੀ ਦੀ ਸੋਝੀ ਨਹੀਂ ਸੀ। ਸੋ, ਉਸ ਭੋਲੇ ਭਾ ਪੁਰਾਣੇ ਚਿਰਾਗ਼ ਨਾਲ ਨਵਾਂ ਚਿਰਾਗ਼ ਵਟਾ ਲਿਆ। ਜਾਦੂਗਰ ਨੇ ਚਿਰਾਗ਼ ਦੀ ਮਦਦ ਨਾਲ ਜਿੰਨ ਨੂੰ ਸਦ ਕੇ ਹੁਕਮ ਦਿਤਾ ਕਿ ਉਹ ਬਦਰ-ਉਲ-ਬਦਰ ਨੂੰ ਮਹਿਲ ਸਮੇਤ ਅਫ਼ਰੀਕਾ ਪਹੁੰਚਾ ਦੇਵੇ। ਅੱਲਾਦੀਨ ਨੂੰ ਜਦੋਂ ਇਸ ਗੱਲ ਦਾ ਪਤਾ ਚਲਿਆ ਤਾਂ ਉਹ ਬੜਾ ਦੁਖੀ ਹੋਇਆ। ਅੱਲਾਦੀਨ ਨੇ ਕਈ ਜਫ਼ਰ ਜਾਲ ਕੇ, ਮੁੰਦਰੀ ਦੇ ਜਿੰਨ ਦੀ ਮਦਦ ਨਾਲ ਮੁੜ ਜਾਦੂ ਦਾ ਚਿਰਾਗ਼ ਪ੍ਰਾਪਤ ਕੀਤਾ ਅਤੇ ਜਾਦੂਗਰ ਨੂੰ ਮਾਰ ਕੇ ਬਦਰ-ਉਲ-ਬਦਰ ਨੂੰ ਮੁਕਤ ਕਰਵਾਇਆ।

ਪੰਜਾਬ ਵਿਚ ਅੱਲਾਦੀਨ ਦੀ ਕਹਾਣੀ ਬੜੀ ਪ੍ਰਸਿਧ ਹੈ ਅਤੇ ਸਮੇਂ ਨਾਲ ਪੰਜਾਬ ਦੀਆਂ ਕਈ ਲੋਕ-ਕਹਾਣੀਆਂ ਵਿਚ ਇਸ ਦੀਆਂ ਕਥਾ-ਰੂੜ੍ਹੀਆਂ ਵੀ ਸਮਾ ਗਈਆਂ ਹਨ।

(ਅ-487) **ਅੱਲਾਦੀਨ ਦਾ ਚਿਰਾਗ਼** :

(1) ਅਲਫ਼ ਲੈਲਾ ਦੀ ਇਕ ਪ੍ਰਸਿਧ ਕਥਾ; (ਵੇਖੋ : ਅੱਲਾ ਦੀਨ)

(2) ਜਾਦੂ ਦਾ ਇਕ ਚਿਰਾਗ਼ ਜਿਸ ਨੂੰ ਰਗੜਨ ਨਾਲ ਸ਼ਕਤੀਸ਼ਾਲੀ ਜਿੰਨ ਉਦੈ ਹੁੰਦਾ ਸੀ, ਜੋ ਚਿਰਾਗ਼ ਦੇ ਮਾਲਕ ਦੇ ਹਰ ਹੁਕਮ ਦੀ ਪਾਲਨਾ ਕਰਦਾ ਸੀ।

(ਅ-488) **ਅਲਾਹਨਾਮੀ** :

ਮੁਸਲਮਾਨਾਂ ਵਿਚ ਪ੍ਰਚਲਤ ਵਿਆਹ ਦੀ ਇਕ ਕਿਸਮ; ਟਕਾ ਵਿਆਹ; ਮੁਜ਼ਫ਼ਰਗੜ੍ਹ ਜ਼ਿਲੇ (ਪੱਛਮੀ ਪੰਜਾਬ) ਦੇ ਮੁਸਲਮਾਨ ਉਸ ਸ਼ਾਦੀ ਨੂੰ ਅਲਾਹਨਾਮੀ ਕਹਿੰਦੇ ਹਨ, ਜਿਸ ਵਿਚ ਕੰਨਿਆਂ ਦੇ ਪਿਉ ਨੇ ਵਰ ਪੱਖ ਤੋਂ ਮੁਆਵਜ਼ੇ ਵਜੋਂ ਕੁਝ ਰਕਮ ਲਈ ਹੋਵੇ। ਅਲਾਹਨਾਮੀ ਦਾ ਸ਼ਾਬਦਿਕ ਅਰਥ ਹੈ — ਉਹ ਵਿਆਹ ਜੋ ਅਲਾਹ ਦੇ ਨਾਂ ਉਤੇ ਕੀਤਾ ਜਾਵੇ, ਭਾਵ ਪੁੰਨ ਵਿਆਹ। ਕੰਨਿਆਂ ਦੀ ਰਕਮ ਵਸੂਲ ਕਰਨੀ ਚੰਗੀ ਨਹੀਂ ਸਮਝੀ ਜਾਂਦੀ, ਇਸ ਲਈ ਮੰਗਲ ਭਾਸ਼ਾ ਵਿਚ ਇਸ ਰਕਮ ਅਤੇ ਵਿਆਹ ਨੂੰ ਅਲਾਹਨਾਮੀ ਦਾ ਨਾਂ ਦਿਤਾ ਗਿਆ ਹੈ।

(ਅ-489) **ਅਲਾਹਣੀਆਂ** :

ਲੋਕ-ਕਾਵਿ ਦਾ ਇਕ ਰੂਪ; ਪ੍ਰਾਣੀ ਦੀ ਮੌਤ ਉਤੇ ਜੋ ਕਰੁਣਾਮਈ ਤੇ ਸੋਗੀ ਗੀਤ ਅਲਾਪੇ ਜਾਂਦੇ ਹਨ, ਉਨ੍ਹਾਂ ਨੂੰ ਅਲਾਹਣੀਆਂ ਕਿਹਾ ਜਾਂਦਾ ਹੈ। ਇਨ੍ਹਾਂ ਦੀ ਇਕ ਵੰਨਗੀ ਦਾ ਨਾਂ ਵੈਣ ਹੈ। ਅਲਾਹਣੀਆਂ ਪੀੜਤ ਹਿਰਦੇ ਦੀਆਂ ਕਰੁਣਾਮਈ ਭਾਵਨਾਵਾਂ ਦਾ ਸਾਕਾਰ ਰੂਪ ਹਨ। ਮਾਨੋਂ ਅਰਮਾਨਾਂ ਤੇ ਵੇਦਨਾਂ ਨੂੰ ਜੀਭਾਂ ਲੱਗ ਗਈਆਂ ਹੋਣ। ਅਲਾਹਣੀਆਂ ਵਿਚ ਵਧੇਰੇ ਕਰ ਕੇ ਮ੍ਰਿਤਕ ਪ੍ਰਾਣੀ ਦੇ ਗੁਣ ਗਾਏ ਗਏ ਹੁੰਦੇ ਹਨ।

ਪੰਜਾਬੀਆਂ ਬਾਰੇ ਕਹਾਵਤ ਹੈ ਕਿ ਪੰਜਾਬੀ ਰੋਂਦਾ ਵੀ ਹੈ ਤਾਂ ਸੁਰ ਤਾਲ ਵਿਚ। ਅਲਾਹਣੀਆਂ ਇਸ ਦਾ ਪ੍ਰਤੱਖ ਸਬੂਤ ਹਨ। ਅਲਾਹਣੀਆਂ

ਕਦੀ ਵੰਨਗੀਆਂ ਦੀਆਂ ਮਿਲਦੀਆਂ ਹਨ, ਪਰ ਇਨ੍ਹਾਂ ਸਭਨਾਂ ਵਿਚ ਇਕੋ ਭਾਵਨਾ ਹੁੰਦੀ ਹੈ — ਦਿਲੀ ਵੇਦਨਾ ਤੇ ਅਰਮਾਨਾਂ ਦਾ ਪ੍ਰਗਟਾਅ। ਜਵਾਨ ਮੌਤ ਉਤੇ ਜੋ ਅਲਾਹਣੀਆਂ ਪਾਈਆਂ ਜਾਂਦੀਆਂ ਹਨ, ਉਹ ਬੁੱਢੇ ਜਾਂ ਬੱਚੇ ਦੀਆਂ ਅਲਾਹਣੀਆਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਜਵਾਨੀ ਦੀ ਮੌਤ ਉਤੇ ਪਾਈਆਂ ਅਲਾਹਣੀਆਂ ਵਿਚ ਕਰੁਣਾਰਸ ਆਪਣੇ ਸਿਖਰ ਉਤੇ ਹੁੰਦਾ ਹੈ। ਬੁੱਢੇ ਦੀਆਂ ਅਲਾਹਣੀਆਂ ਵਿਚ ਟਿਚਕਰਬਾਜ਼ੀ ਦਾ ਕੁਝ ਰੰਗ ਵੀ ਹੁੰਦਾ ਹੈ। ਬੱਚੇ ਦੀ ਮੌਤ ਉਤੇ ਅਲਾਹਣੀਆਂ ਦੁਆਰਾ ਮਮਤਾ ਨੂੰ ਵਧੇਰੇ ਕਰ ਕੇ ਪੰਘਾਰਿਆ ਜਾਂਦਾ ਹੈ। ਇਸ ਤਰ੍ਹਾਂ ਅਲਾਹਣੀਆਂ ਦਾ ਸਬੰਧ ਮਰਨ ਵਾਲੇ ਦੀ ਉਮਰ ਤੇ ਰਿਸ਼ਤੇ ਨਾਲ ਹੁੰਦਾ ਹੈ।

ਮਰਦਾਂ ਤੇ ਇਸਤ੍ਰੀਆਂ ਸਬੰਧੀ ਅਲਾਹਣੀਆਂ ਵਖੋ ਵਖਰੇ ਭਾਂਤ ਦੀਆਂ ਹਨ। ਮਰਦਾਂ ਨਾਲ ਸੰਬੰਧਿਤ ਅਲਾਹਣੀਆਂ ਵਿਚ ਮਰਦਾਵੇਂ ਗੁਣਾਂ ਤੇ ਕਰਤੱਵਾਂ ਦੀ ਸਿਫ਼ਤ-ਸਲਾਹ ਕਰ ਕੇ ਮਰਨ ਵਾਲੇ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ ਜਿਵੇਂ 'ਮੁਛ ਅਜੇ ਨਾ ਫੁਟੀ, ਹਾਇ ਹਾ, ਸ਼ੇਰ ਸਰੂ ਜਿਹਾ' ਪਰ ਤੀਵੀਆਂ ਨਾਲ ਸੰਬੰਧਿਤ ਅਲਾਹੁਣੀਆਂ ਵਿਚ ਜ਼ਨਾਨੇ ਗੁਣਾਂ ਤੇ ਕਰਤੱਵਾਂ ਵਲ ਇਸ਼ਾਰਾ ਹੁੰਦਾ ਹੈ ਜਿਵੇਂ 'ਤੰਦ ਅਜੇ ਨਾ ਕਤੀ, ਧੀਏ ਮੋਰਨੀਏ।'

ਕਈ ਵਾਰ ਕਿਸੇ ਵਡੇਰੀ ਉਮਰ ਦੇ ਪ੍ਰਾਣੀ ਦੀ ਮ੍ਰਿਤੂ ਉਤੇ, ਜੇ ਉਹ ਖਾ ਹੰਢਾ ਕੇ ਮਰਿਆ ਹੋਵੇ, ਸ਼ਰੀਕਣੀਆਂ ਹਾਸੇ ਠੱਠੇ ਕਰਦੀਆਂ ਹਨ। ਕਈ ਵਾਰ ਉਸ ਦੀ ਅਰਥੀ ਨੂੰ ਚੁਕਣ ਵੀ ਨਹੀਂ ਦਿਤਾ ਜਾਂਦਾ। ਅਜਿਹੇ ਮੌਕੇ ਉਤੇ ਅਲਾਹਣੀਆਂ ਦੀ ਥਾਂ 'ਮਸ਼ਕਰੀਆਂ' ਲੈ ਲੈਂਦੀਆਂ ਹਨ: 'ਤੇਰੀ ਰੰਗੀ ਹੋਈ ਮੁਛ ਕਾਲੀ, ਹਾਇਹਾ, ਸ਼ੇਰ ਨਢਿਆ।'

ਪਿੰਡਾਂ ਵਿਚ ਅਲਾਹਣੀਆਂ ਪਾਉਣ ਲਈ ਮਿਰਾਸਣਾਂ ਜਾਂ ਨੈਣਾਂ ਨੂੰ ਉਚੇਚੇ ਤੌਰ ਉਤੇ ਸੱਦਿਆ ਜਾਂਦਾ ਹੈ। ਨੈਣਾਂ ਨੂੰ ਖ਼ਾਸ ਤੌਰ ਤੇ ਬੜੀਆਂ ਕਰੁਣਮਈ ਅਲਾਹਣੀਆਂ ਯਾਦ ਹੁੰਦੀਆਂ ਹਨ ਅਤੇ ਉਹ ਮੌਕੇ ਉਤੇ ਨਵੀਆਂ ਵੀ ਸਿਰਜ ਲੈਂਦੀਆਂ ਹਨ। ਨੈਣਾਂ ਸੁਰ ਤਾਲ ਵਿਚ ਅਲਾਹਣੀਆਂ ਨੂੰ ਇਸ ਤਰ੍ਹਾਂ ਅਲਾਪਦੀਆਂ ਹਨ ਜਿਵੇਂ ਕਰੁਣਾ ਨੇ ਸਾਕਾਰ ਰੂਪ ਧਾਰ ਲਿਆ ਹੋਵੇ। ਅਲਾਹਣੀਆਂ ਦੀ ਗਾਣ ਦੀ ਸ਼ੈਲੀ ਵੱਖਰੀ ਹੈ। ਬਰਾਦਰੀ ਦੀਆਂ ਸਭ ਤੀਵੀਆਂ ਇਕ ਦਾਇਰੇ ਵਿਚ ਖੜੀਆਂ ਹੋ ਜਾਂਦੀਆਂ ਹਨ ਤੇ ਵਿਚਕਾਰ ਨੈਣ ਖਲੋ ਜਾਂਦੀ ਹੈ। ਤੀਵੀਆਂ ਮੱਥੇ, ਛਾਤੀ ਅਤੇ ਪੱਟਾਂ ਉਤੇ ਤਰਤੀਬ ਵਾਰ ਹੱਥ ਮਾਰ ਕੇ ਸਿਆਪਾ ਕਰਦੀਆਂ ਹਨ। ਪਹਿਲਾਂ ਹੱਥ ਹੌਲੇ ਹੌਲੇ ਮਾਰੇ ਜਾਂਦੇ ਹਨ ਤੇ ਫਿਰ ਜ਼ੋਰ ਜ਼ੋਰ ਨਾਲ, ਪਰ ਸਭ ਦੇ ਹੱਥ ਇਕ ਲੈਅ ਵਿਚ ਹੀ ਮੱਥੇ, ਛਾਤੀ ਜਾਂ ਪੱਟਾਂ ਉਤੇ ਵਜਦੇ ਹਨ। ਨੈਣ ਕੋਈ ਅਲਾਹਣੀ ਸ਼ੁਰੂ ਕਰਦੀ ਹੈ ਤੇ ਘੇਰੇ ਵਿਚ ਖਲੋਤੀਆਂ ਤੀਵੀਆਂ ਅੰਤਰੇ ਦੀਆਂ ਤੁਕਾਂ, ਜੇ ਮਰਦ ਹੋਵੇ ਤਾਂ 'ਹਾਇਹਾ ਸ਼ੇਰ ਸਰੂ ਜਿਹਾ' ਤੇ ਜੇ ਕੁੜੀ ਹੋਵੇ ਤਾਂ 'ਹਾਇਹਾ ਧੀਏ ਮੋਰਨੀਏ', ਅਲਾਪਦੀਆਂ ਹਨ। ਇਹ ਦ੍ਰਿਸ਼ ਬੜਾ ਕਰੁਣਾਮਈ ਹੁੰਦਾ ਹੈ ਤੇ ਪੱਥਰ ਦਿਲ ਵੀ ਦ੍ਰਵ ਜਾਂਦੇ ਹਨ।

ਨੈਣਾਂ ਤੇ ਮਿਰਾਸਣਾਂ ਨੂੰ ਹਰ ਉਮਰ ਦੀ ਮੌਤ ਲਈ ਅਲਾਹਣੀਆਂ ਯਾਦ ਹੁੰਦੀਆਂ ਹਨ, ਜੋ ਉਹ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦੀਆਂ ਜਾਂਦੀਆਂ ਹਨ। ਅਲਾਹਣੀਆਂ ਮੌਤ ਤੋਂ ਬਿਨਾਂ ਕਿਸੇ ਹੋਰ ਮੌਕੇ ਉਤੇ ਨਹੀਂ ਅਲਾਪੀਆਂ ਜਾ ਸਕਦੀਆਂ। ਹੁਣ ਤਾਂ ਕਿਸੇ ਦੀ ਮੌਤ ਉਤੇ ਅਲਾਹਣੀਆਂ ਪਾਉਣ ਲਈ ਨਾਇਣ ਨੂੰ ਸੱਦਣ ਦਾ ਰਵਾਜ ਵੀ ਮੁਕ ਰਿਹਾ ਹੈ। ਇਸ ਲਈ ਅਲਾਹਣੀਆਂ ਨੂੰ ਸੰਭਾਲਣ ਦੀ ਉਚੇਚੀ ਲੋੜ ਹੈ, ਜਾਪਦਾ ਹੈ ਕਿ ਇਹ ਹੁਣ ਇਤਿਹਾਸ ਦੀ ਚੀਜ਼ ਬਣ ਕੇ ਰਹਿ ਜਾਣਗੀਆਂ। ਅਲਾਹਣੀਆਂ ਨੂੰ ਇਕੱਠਾ ਕਰਨਾ ਜਾਂ ਬੇਮੌਕੇ ਉਚਾਰਨਾ ਵੀ ਆਪਣੇ ਆਪ ਵਿਚ ਹੀ ਬਦਸ਼ਗਨੀ ਸਮਝੀ ਜਾਂਦੀ ਹੈ, ਇਸ ਲਈ ਇਨ੍ਹਾਂ ਨੂੰ ਇਕਤ੍ਰ ਕਰਨਾ ਵੀ ਅਸ਼ੁਭ ਮੰਨਿਆ ਜਾਂਦਾ ਹੈ।

ਅਲਾਹਣੀਆਂ ਦੇ ਕਾਵਿ ਰੂਪ ਦੀ ਪੂਰੀ ਮਹਾਨਤਾ ਨੂੰ ਅਸਾਂ ਨਹੀਂ ਸਮਝਿਆ ਤੇ ਇਨ੍ਹਾਂ ਨੂੰ ਇਕਤ੍ਰ ਕਰਨ ਵਲ ਉਚੇਚਾ ਧਿਆਨ ਵੀ ਨਹੀਂ ਦਿਤਾ। ਅਲਾਹਣੀਆਂ ਦਿਲ ਚੀਰ ਕੇ ਬਾਹਰ ਨਿਕਲੀ ਵੇਦਨਾ ਹੋਣ ਦੇ ਨਾਤੇ ਕਰੁਣਾਮਈ ਸਾਹਿੱਤ ਦਾ ਵਡਮੁਲਾ ਭਾਗ ਹਨ। ਗੁਰੂ

ਨਾਨਕ ਦੇਵ ਨੇ ਇਸ ਕਾਵਿ ਰੂਪ ਦੀ ਮਹੱਤਤਾ ਨੂੰ ਅਨੁਭਵ ਕਰ ਕੇ, ਇਸੇ ਰੂਪ ਵਿਚ ਬਾਣੀ ਵੀ ਰਚੀ, ਜੋ ਅਲਾਹਣੀਆਂ ਦੇ ਸਿਰਲੇਖ ਹੇਠ ਰਾਗ ਵਡਹੰਸ ਵਿਚ, ਆਦਿ ਗ੍ਰੰਥ ਵਿਚ ਦਰਜ ਹੈ। 'ਆਦਿ ਗ੍ਰੰਥ' ਵਿਚ ਅਲਾਹਣੀਆਂ ਦੀ ਭਾਵਨਾ ਨੂੰ ਪ੍ਰਗਟਾਣ ਵਾਲੇ ਨੌਂ ਸ਼ਬਦ ਮਿਲਦੇ ਹਨ ਜੋ ਗੁਰੂ ਨਾਨਕ ਤੇ ਗੁਰੂ ਅਮਰਦਾਸ ਦੀ ਰਚਨਾ ਹਨ। ਇਹ ਸ਼ਬਦ ਅਲਾਹਣੀਆਂ ਦੀ ਧਾਰਨਾ ਵਿਚ ਹਨ, ਪਰ ਇਨ੍ਹਾਂ ਵਿਚ ਮ੍ਰਿਤਕ ਨਾਲ ਸੰਬੰਧਿਤ ਸੰਸਕਾਰਾਂ ਤੇ ਰੀਤਾਂ ਦੀ ਨਿਖੇਧੀ ਕਰ ਕੇ ਪ੍ਰਮਾਤਮਾ ਦੇ ਗੁਣਾਂ ਦੀ ਅਰਾਧਨਾ ਹੈ।

ਹੇਠਾਂ ਕੁਝ ਅਲਾਹਣੀਆਂ ਦਿਤੀਆਂ ਜਾਂਦੀਆਂ ਹਨ :—

(1) ਮੌਤ ਪੁਛੇਂਦੀ ਆਈ, ਹਾਇਹਾ ਸ਼ੇਰ ਜਵਾਨਾ।
ਬੈਠੀ ਪਾਵਾ ਮਲ,
ਘਿੰਨਣ ਨਾ ਦੇਂਦੀ ਸਾਹ,
ਕਰਨ ਨਾ ਦੇਂਦੀ ਗੱਲ।

(2) ਹਾਇਹਾ ਧੀ ਨਾ ਮਰੇ
ਹਾਇਹਾ ਜੰਮਦੀ ਨਾ ਮਰੇ
ਹਾਇਹਾ ਵਸਦੀ ਨਾ ਮਰੇ
ਹਾਇਹਾ ਹੱਸਦੀ ਨਾ ਮਰੇ
ਹਾਇਹਾ ਸਾਵੇ ਨਾ ਮਰੇ
ਹਾਇਹਾ ਸੂਹੇ ਨਾ ਮਰੇ
ਹਾਇਹਾ ਜੰਦਰੇ ਨਾ ਮਰੇ
ਹਾਇਹਾ ਮਾਰੇ ਨਾ ਮਰੇ।

(3) ਜੀਣਾ ਹੋਇਆ ਕੂੜ ਨੀ
ਵਹੁਟੀ ਚੂੜੇ ਵਾਲੀਏ
ਮਰਨਾ ਹੋਇਆ ਸੱਚ
ਨੀ ਵਹੁਟੀ ਚੂੜੇ ਵਾਲੀਏ
ਡਾਹ ਪੀੜ੍ਹਾ ਬਹੁ ਸਾਹਮਣੇ
ਵਿਹੜੇ ਦਾ ਸ਼ਿੰਗਾਰ
ਪਿੜ ਵਿਚ ਰਹੀਆਂ ਪੂਣੀਆਂ
ਤੇਰੀ ਤੰਦ ਚਰਖੜੇ ਨਾਲ
ਕਿ ਵਹੁਟੀ ਚੂੜੇ ਵਾਲੀਏ।

(ਪੰਜਾਬ ਦਾ ਲੋਕ-ਸਾਹਿੱਤ, 510-520)

ਵੈਣ ਤੇ ਕੀਰਨੇ ਵੀ ਅਲਾਹਣੀਆਂ ਵਾਂਗ ਸੋਗਮਈ ਗੀਤ ਹਨ, ਜਿਨ੍ਹਾਂ ਵਿਚ ਮ੍ਰਿਤਕ ਪ੍ਰਾਣੀ ਪ੍ਰਤੀ ਆਪਣੀਆਂ ਨਿਜੀ ਭਾਵਨਾਵਾਂ ਪ੍ਰਗਟਾਈਆਂ ਜਾਂਦੀਆਂ ਹਨ। ਇਨ੍ਹਾਂ ਦੇ ਗਾਉਣ ਦੀ ਸ਼ੈਲੀ ਨਿਵੇਕਲੀ ਹੈ। ਅਲਾਹਣੀਆਂ ਸਾਮੂਹਿਕ ਰੂਪ ਵਿਚ ਗਾਈਆਂ ਜਾਂਦੀਆਂ ਹਨ, ਪਰ ਵੈਣ ਦੋ ਤੀਵੀਆਂ ਸਿਰ ਜੋੜ ਕੇ ਜਾਂ ਇਕੱਲਿਆਂ ਹੀ ਮੂੰਹ ਕੱਜ ਕੇ ਪਾਉਂਦੀਆਂ ਹਨ। ਕਈ ਥਾਈਂ ਵੈਣਾਂ ਨੂੰ ਕੀਰਨੇ ਵੀ ਕਿਹਾ ਜਾਂਦਾ ਹੈ।

(ਅ-490) **ਅਲਿਆਸ** :

(ਵੇਖੋ : ਇਲਯਾਸ ਮੇਹਤਰ)

(ਅ-491) **ਅਲੀ** :

(1) ਹੀਰ ਰਾਂਝੇ ਦੀ ਪ੍ਰੇਮ-ਕਥਾ ਦਾ ਇਕ ਪਾਤਰ; ਹੀਰ ਦਾ ਸਹੁਰਾ। ਅਲੀ ਰੰਗਪੁਰ ਦਾ ਰਹਿਣ ਵਾਲਾ ਸੀ ਤੇ ਖੇੜਿਆਂ ਦੇ ਕਬੀਲੇ ਦਾ ਸਰਦਾਰ ਸੀ।

(2) ਹਜ਼ਰਤ ਅਲੀ; (ਵੇਖੋ : ਹਜ਼ਰਤ ਅਲੀ)

(ਅ-492) **ਅਲੀ ਅਸਹਾਬ** :

ਬਹਾਵਲਪੁਰ ਤਹਿਸੀਲ ਵਿਚ ਸੱਤ ਮਜ਼ਾਰਾਂ ਜੋ ਸਾਮੂਹਿਕ ਰੂਪ ਵਿਚ ਅਲੀ ਅਸਹਾਬ ਦੇ ਨਾਂ ਨਾਲ ਪ੍ਰਸਿਧ ਹਨ। ਇਨ੍ਹਾਂ ਵਿਚੋਂ ਛੇ ਕਬਰਾਂ ਤਾਂ ਪ੍ਰਤੱਖ ਵਿਖਾਈ ਦੇਂਦੀਆਂ ਹਨ, ਪਰ ਸਤਵੀਂ ਕਬਰ ਆਮ ਅੱਖ ਦੁਆਰਾ ਵਿਖਾਈ ਨਹੀਂ ਦੇਂਦੀ। ਲੋਕਾਂ ਦਾ ਨਿਸਚਾ ਹੈ ਕਿ ਸਤਵੀਂ ਕਬਰ ਕਰਮੀ ਧਰਮੀ ਤੇ ਰੱਬ ਤਕ ਪਹੁੰਚੇ ਹੋਏ ਪੀਰ ਫ਼ਕੀਰ ਨੂੰ ਹੀ ਦਿਸਦੀ ਹੈ। ਇਨ੍ਹਾਂ ਵਿਚੋਂ ਪੰਜ ਕਬਰਾਂ ਨੌਗਜ਼ੀਆਂ ਹਨ। (ਵੇਖੋ : ਨੌਗਜ਼ੇ)

ਇਹ ਸੱਤ ਕਬਰਾਂ, ਹਜ਼ਰਤ ਮੁਹੰਮਦ ਸਾਹਿਬ ਦੇ ਉਨ੍ਹਾਂ ਸਾਥੀਆਂ ਦੀਆਂ ਦਸੀਆਂ ਜਾਂਦੀਆਂ ਹਨ, ਜੋ ਇਸਲਾਮ ਦੇ ਪ੍ਰਚਾਰ ਲਈ ਬਹਾਵਲਪੁਰ ਦੇ ਇਲਾਕੇ ਵਿਚ ਆਏ ਅਤੇ ਉਥੇ ਹੀ ਇਕ ਮੁਠਭੇੜ ਵਿਚ ਸ਼ਹੀਦ ਹੋ ਗਏ। ਉਨ੍ਹਾਂ ਵਿਚੋਂ ਪੰਜਾਂ ਦੇ ਨਾਂ ਹਨ :— ਅਲੀ ਸਾਹਿਬ, ਗੁਲ ਅਹਿਮਦ, ਪੀਰ ਜ਼ਕਰੀਆ, ਮੁਬਰਿਕ ਤੇ ਲੰਡੜੇ (ਟੁੰਡੜੇ) ਸਾਹਿਬ; ਪਰ ਇਨ੍ਹਾਂ ਸਭਨਾਂ ਦੀਆਂ ਕਬਰਾਂ ਅਲੀ ਸਾਹਿਬ ਦੇ ਨਾਂ ਉਤੇ ਹੀ ਅਲੀ ਅਸਹਾਬ ਦੇ ਨਾਂ ਨਾਲ ਪ੍ਰਸਿੱਧ ਹਨ।

ਬਹਾਵਲਪੁਰ ਗਜ਼ਟੀਅਰ ਅਨੁਸਾਰ ਬਹਾਵਲਪੁਰ ਦੇ ਇਲਾਕੇ ਵਿਚ ਇਨ੍ਹਾਂ ਕਬਰਾਂ ਦੀ ਬੜੀ ਮਾਨਤਾ ਹੈ। ਇਥੇ ਹਰ ਸਾਲ ਅਨੇਕਾਂ ਮੇਲੇ ਲੱਗਦੇ ਹਨ। ਲੋਕ-ਨਿਸਚੇ ਅਨੁਸਾਰ ਇਥੇ ਸੁੱਖੀ ਹੋਈ ਹਰ ਮੰਨਤ ਅਵੱਸ਼ ਪੂਰੀ ਹੁੰਦੀ ਹੈ। ਜੇਠ ਦੇ ਮਹੀਨੇ ਦੇ ਚਾਰੋਂ ਸ਼ੁਕਰਵਾਰ ਤੇ ਹਾੜ ਦੇ ਮਹੀਨੇ ਦੇ ਪਹਿਲੇ ਤਿੰਨੋਂ ਸ਼ੁਕਰਵਾਰ ਮੰਨਤ ਲਈ ਬਹੁਤ ਸ਼ੁਭ ਮੰਨੇ ਗਏ ਹਨ। ਇਸੇ ਲਈ ਇਨ੍ਹਾਂ ਸੱਤ ਸ਼ੁਭ ਦਿਨਾਂ ਉਤੇ ਇਥੇ ਭਾਰੀ ਮੇਲੇ ਲੱਗਦੇ ਹਨ। ਸ਼ਰਧਾਲੂ ਦੂਰੋਂ ਦੂਰੋਂ ਆਉਂਦੇ ਹਨ। ਇਥੇ ਪੰਜ, ਦਸ, ਪੰਦਰਾਂ ਤੇ ਤੀਹ ਸੇਰ ਵਜ਼ਨ ਦੀਆਂ ਸੜੀਆਂ ਹੋਈਆਂ ਕਾਫ਼ੀ ਇਟਾਂ ਪਈਆਂ ਹੋਈਆਂ ਹਨ, ਜੋ ਵੀ ਸ਼ਰਧਾਲੂ ਸੁਖਣਾ ਸੁਖਣ ਲਈ ਆਉਂਦਾ ਹੈ ਉਹ ਉਨ੍ਹਾਂ ਵਿਚੋਂ ਕੋਈ ਇਕ ਇਟ ਚੁਕ ਕੇ ਨਾਲ ਲੈ ਜਾਂਦਾ ਹੈ। ਜਦੋਂ ਸੁਖਣਾ ਪੂਰੀ ਹੋ ਜਾਂਦੀ ਹੈ ਤਾਂ ਉਹ ਉਸ ਇਟ ਦੇ ਬਰਾਬਰ ਦੇ ਵਜ਼ਨ ਦੀ ਮਠਿਆਈ ਤੋਲ ਕੇ ਇਥੇ ਭੇਟਾ ਚੜ੍ਹਾ ਜਾਂਦਾ ਹੈ ਤੇ ਇਟ ਮੁੜ ਉਥੇ ਹੀ ਰਖ ਜਾਂਦਾ ਹੈ।

ਨਿਸਚਾ ਹੈ ਕਿ ਨਿਰਸੰਤਾਨ ਤੀਵੀਆਂ ਜੇ ਇਨ੍ਹਾਂ ਸਤ ਸ਼ੁਭ ਵਾਰਾਂ ਵਿਚੋਂ, ਕਿਸੇ ਇਕ ਵਾਰ ਆ ਕੇ ਸੁਖਣਾ ਸੁਖਣ ਤਾਂ ਉਨ੍ਹਾਂ ਦੇ ਘਰ ਸੰਤਾਨ ਅਵੱਸ਼ ਪੈਦਾ ਹੁੰਦੀ ਹੈ। ਬੁਖ਼ਾਰ ਤੇ ਅਸਾਧ ਬੀਮਾਰੀਆਂ ਵਾਲੇ ਰੋਗੀ ਵੀ ਇਥੇ ਆਉਂਦੇ ਹਨ। ਧਾਰਨਾ ਹੈ ਕਿ ਇਥੋਂ ਦੀ ਮਿੱਟੀ ਮੱਥੇ ਲਾਈ ਜਾਵੇ ਤਾਂ ਸਿਰ ਦਰਦ ਝਟ ਦੂਰ ਹੋ ਜਾਂਦਾ ਹੈ। ਅਨੇਕਾਂ ਪੀਰ ਫ਼ਕੀਰ ਇਥੇ ਆ ਕੇ ਚਿਲ੍ਹੇ ਕਟਦੇ ਹਨ।

ਸ਼ਰਧਾਲੂ ਲੋਕ ਆਪਣੇ ਰੋਗੀ ਪਸ਼ੂਆਂ ਨੂੰ ਇਥੇ ਲੈ ਆਉਂਦੇ ਹਨ। ਜੇ ਕਿਸੇ ਪਸ਼ੂ ਨੂੰ ਗਲ-ਘੋਟੂ, ਮਾਤਾ, ਲੱਤਾਂ ਦੀ ਸੋਜ਼ਸ਼ ਜਾਂ ਕੋਈ ਹੋਰ ਰੋਗ ਹੋਵੇ ਤਾਂ ਰਾਤ ਭਰ ਚੌਂਕੀ ਭਰਨ ਨਾਲ ਪਸ਼ੂ ਅਰੋਗ ਹੋ ਜਾਂਦਾ ਹੈ। ਰਾਤ ਵੇਲੇ ਮੁਜਾਵਰ ਬੀਮਾਰ ਪਸ਼ੂਆਂ ਉਤੇ ਮਕਬਰੇ ਤੋਂ ਮਿੱਟੀ ਸੁਟਦਾ ਹੈ, ਜਿਸ ਦੇ ਰਹੱਸਮਈ ਅਸਰ ਦੁਆਰਾ ਪਸ਼ੂ ਰਾਜ਼ੀ ਹੋ ਜਾਂਦੇ ਹਨ। ਮੁਜਾਵਰ ਨੂੰ ਕੁਝ ਭੇਟਾ ਦਿਤੀ ਜਾਂਦੀ ਹੈ।

ਅਣਵੰਡੇ ਦੇਸ਼ ਵਿਚ, ਇਸ ਇਲਾਕੇ ਦੇ ਹਿੰਦੂ ਵੀ ਅਲੀ ਅਸਹਾਬ ਉਤੇ ਬੜੀ ਸ਼ਰਧਾ ਰਖਦੇ ਸਨ ਤੇ ਉਹ ਵੀ ਇਥੇ ਯਾਤਰਾ ਕੀਤਾ ਕਰਦੇ ਸਨ। ਜਦੋਂ ਕੋਈ ਹਿੰਦੂ ਇਥੇ ਮੰਨਤ ਦੇਣ ਜਾਂਦਾ ਤਾਂ ਰੀਤ ਅਨੁਸਾਰ ਉਸ ਦੀ ਪਤਨੀ ਉਸ ਦਿਨ ਵਰਤ ਰਖਦੀ ਸੀ। ਪਤੀ ਬਕਰੋਟੇ (ਮੇਮਣੇ) ਦੀ ਬਲੀ ਦੇ ਕੇ, ਉਸ ਦਾ ਜਿਗਰ ਭੁੰਨ ਕੇ ਮੁਜਾਵਰ ਕੋਲ ਲੈ ਜਾਂਦਾ ਤੇ ਮੁਜਾਵਰ ਉਸ ਉਤੇ ਕਲਮਾ ਪੜ੍ਹ ਕੇ ਥੋੜਾ ਜਿਹਾ ਹਿੱਸਾ ਰਖ ਕੇ ਬਾਕੀ ਮੋੜ ਦੇਂਦਾ। ਪਤਨੀ ਉਸੇ ਬੁਰਕੀ ਨਾਲ ਵਰਤ ਖੋਲ੍ਹਦੀ।

ਬਹਾਵਲਪੁਰ ਦੇ ਲੋਕ ਇਸ ਮਕਬਰੇ ਦਾ ਇਤਨਾ ਮਾਣ ਕਰਦੇ ਹਨ ਕਿ ਜਦੋਂ ਫ਼ਸਲਾਂ ਗਾਹੀਆਂ ਜਾਂਦੀਆਂ ਹਨ ਤਾਂ ਇਲਾਕੇ ਦੇ ਕਿਸਾਨ ਕੁਝ ਦਾਣੇ ਇਥੇ ਜ਼ਰੂਰ ਭੇਟਾ ਚੜ੍ਹਾਉਂਦੇ ਹਨ।

(ਅ-493) **ਅਲੀ ਅਕਬਰ** :

ਇਮਾਮ ਹੁਸੈਨ ਦਾ ਲੜਕਾ ਜੋ ਸ਼ਹਿਰਬਾਨੋਂ ਦੇ ਉਦਰ ਤੋਂ ਜੰਮਿਆ। ਕਰਬਲਾ ਦੀ ਧਰਮ-ਯੁੱਧ ਵਿਚ ਅਲੀ ਅਕਬਰ ਵੀ ਹੁਸੈਨ ਦੇ ਨਾਲ ਹੀ ਸ਼ਹੀਦ ਹੋਇਆ ਸੀ। ਸ਼ਹੀਦੀ ਤੋਂ ਇਕ ਦਿਨ ਪਹਿਲਾਂ ਹੀ ਅਲੀ ਅਕਬਰ ਦਾ ਵਿਆਹ ਹੋਇਆ ਸੀ। ਮੁਹਰਮ ਦੇ ਉਤਸ਼ਵ ਸਮੇਂ ਅਲੀ ਅਕਬਰ ਦੀ ਯਾਦ ਵਿਚ 'ਮਹਿੰਦੀ' ਰਚੀ ਜਾਂਦੀ ਹੈ। (ਵੇਖੋ : ਮਹਿੰਦੀ)

(ਅ-494) **ਅਲੀ ਅਮੀਰ** :

ਹਜ਼ਰਤ ਅਲੀ ਦੀ ਵੰਸ਼ ਵਿਚੋਂ ਇਕ ਪੀਰ, ਜੋ ਅਬਦੁਲ ਕਾਦਰ ਜੀਲਾਨੀ ਦਾ ਪੁੱਤਰ ਸੀ। ਇਹ ਪੀਰ ਵਧੇਰੇ ਕਰ ਕੇ 'ਦਮੜੀ ਵਾਲਾ ਪੀਰ' ਦੇ ਨਾਂ ਨਾਲ ਪ੍ਰਸਿਧ ਹੈ। (ਵੇਖੋ : ਦਮੜੀ ਵਾਲਾ ਪੀਰ)

(ਅ-495) **ਅਲੀ ਹਮਦਾਨ ਬਾਬਾ** :

ਮੁਸਲਮਾਨਾਂ ਦਾ ਇਕ ਪੀਰ ਜਿਸ ਦੀ ਕਬਰ ਮਾਨਸ਼ਹਿਰ ਤਹਿਸੀਲ ਵਿਚ ਨਨਕੋਟ ਵਿਚ ਹੈ। ਇਥੇ ਹਰ ਐਤਵਾਰ ਖ਼ਾਸ ਕਰ ਕੇ ਚੰਦ੍ਰਮੇ ਦੇ ਚਾਨਣ ਪੱਖ ਦੇ ਪਹਿਲੇ ਐਤਵਾਰ ਨੂੰ ਭਾਰੀ ਮੇਲਾ ਲੱਗਦਾ ਹੈ, ਜਿਸ ਵਿਚ ਮਾਂਵਾਂ ਆਪਣੇ ਪ੍ਰਛਾਵੇਂ ਵਾਲੇ ਬੱਚਿਆਂ ਨੂੰ ਉਚੇਚੇ ਤੌਰ ਤੇ ਲਿਆਂਦੀਆਂ

ਹਨ। ਧਾਰਨਾ ਹੈ ਕਿ ਜੇ ਬੱਚੇ ਨੂੰ ਖ਼ਾਨਗਾਹ ਵਿਚ ਲਗੇ ਜ਼ੈਤੂਨ ਦੇ ਬ੍ਰਿਛ ਹੇਠੋਂ ਦੀ ਲੰਘਾਇਆ ਜਾਵੇ ਤਾਂ ਪ੍ਰਛਾਵਾਂ ਦੂਰ ਹੋ ਜਾਂਦਾ ਹੈ। ਇਸ ਬ੍ਰਿਛ ਦੇ ਹੇਠਾਂ ਡਿਗੇ ਪੱਤਿਆਂ ਨੂੰ ਧਾਗੇ ਵਿਚ ਪਰੋ ਕੇ ਪ੍ਰਛਾਵੇਂ ਵਾਲੇ ਬੱਚਿਆਂ ਦੀ ਬਾਂਹ ਉਤੇ ਤਾਅਵੀਜ਼ ਵਾਂਗ ਵੀ ਬੰਨ੍ਹਿਆ ਜਾਂਦਾ ਹੈ।

(ਅ–496) **ਅਲੀ ਬਾਬਾ** :

ਇਕ ਪ੍ਰਸਿਧ ਲੋਕ-ਕਹਾਣੀ; ਇਹ ਕਥਾ ਅਲਫ਼ ਲੈਲਾ ਦੀਆਂ ਪੁਰਾਣੀਆਂ ਪਰਤੀਆਂ ਵਿਚ ਨਹੀਂ ਮਿਲਦੀ। ਇਸ ਕਹਾਣੀ ਨੂੰ ਗਲੈਂਡ ਨੇ ਹਨਾ ਤੋਂ ਸੁਣ ਕੇ 27 ਮਈ 1709 ਨੂੰ ਆਪਣੇ ਪਤ੍ਰ 'ਜੌਰਨਲ' ਵਿਚ ਛਾਪਿਆ। ਪੂਰੀ ਕਥਾ ਸੰਨ 1717 ਵਿਚ ਛਪੀ। ਥਾਮਸ ਅਨੁਸਾਰ ਇਹ ਕਹਾਣੀ ਮਿਸਰੀ ਕਥਾ Rhampsinitus, ਜੋ ਪੰਜਾਬੀ ਦੀ ਸਾਖੀ ਸੰਮਨ ਮੂਸਨ ਨਾਲ ਕਾਫ਼ੀ ਮੇਲ ਖਾਂਦੀ ਹੈ, ਦਾ ਹੀ ਬਦਲਿਆ ਹੋਇਆ ਰੂਪ ਹੈ। (Poison Damsels and Other Essay, ਪੰਨਾ 107-109)

ਅਲੀ ਬਾਬਾ ਇਕ ਲਕੜਹਾਰਾ ਸੀ। ਇਕ ਵਾਰ ਜਦੋਂ ਉਹ ਜੰਗਲ ਵਿਚ ਲਕੜਾਂ ਕਟ ਰਿਹਾ ਸੀ ਤਾਂ ਉਸ ਨੂੰ ਘੋੜਿਆਂ ਦੀਆਂ ਟਾਪਾਂ ਸੁਣਾਈ ਦਿਤੀਆਂ। ਸਾਰੇ ਘੋੜ ਸਵਾਰ ਇਕ ਚੱਟਾਨ ਅੱਗੇ ਜਾ ਰੁਕੇ। ਉਨ੍ਹਾਂ ਦੇ ਸਰਦਾਰ ਨੇ ਚੱਟਾਨ ਦੇ ਸਾਹਮਣੇ ਖਲੋ ਕੇ ਹੌਲੇ ਜਿਹੇ ਉਚਾਰਿਆ : 'ਖੁਲ੍ਹ ਜਾ ਸਿਮਸਿਮ' ਅਤੇ ਚੱਟਾਨ ਵਿਚੋਂ ਇਕ ਵੱਡਾ ਪੱਥਰ ਦਰਵਾਜ਼ੇ ਵਾਂਗ ਖੁਲ੍ਹ ਗਿਆ। ਇਹ ਲੋਕ ਡਾਕੂ ਸਨ ਜਿਨ੍ਹਾਂ ਨੇ ਲੁਟ ਦਾ ਸਾਰਾ ਮਾਲ ਗੁਫਾ ਦੇ ਅੰਦਰ ਛੁਪਾ ਦਿਤਾ। ਫਿਰ ਗੁਫਾ ਵਿਚੋਂ ਬਾਹਰ ਨਿਕਲ ਕੇ ਸਰਦਾਰ ਨੇ ਕਿਹਾ, "ਬੰਦ ਹੋ ਜਾ ਸਿਮ ਸਿਮ"। ਗੁਫਾ ਦਾ ਭਿਤ ਉਸੇ ਛਿਣ ਬੰਦ ਹੋ ਗਿਆ।

ਡਾਕੂਆਂ ਦੇ ਚਲੇ ਜਾਣ ਮਗਰੋਂ ਅਲੀ ਬਾਬਾ ਨੇ ਉਹੋ ਸ਼ਬਦ ਦੁਹਰਾਏ, ਗੁਫਾ ਦਾ ਦਰਵਾਜ਼ਾ ਇਕਦਮ ਖੁਲ੍ਹ ਗਿਆ। ਗੁਫਾ ਦੇ ਅੰਦਰ ਧਨ-ਦੌਲਤ ਤੇ ਹੀਰੇ ਪੰਨਿਆਂ ਦੇ ਅੰਬਾਰ ਲੱਗੇ ਹੋਏ ਸਨ। ਅਲੀ ਬਾਬਾ ਆਪਣੇ ਖੋਤੇ ਦੀ ਛਟ ਅਸ਼ਰਫ਼ੀਆਂ ਨਾਲ ਭਰ ਕੇ ਘਰ ਆ ਗਿਆ। ਅਸ਼ਰਫ਼ੀਆਂ ਨੂੰ ਤੋਲਣ ਲਈ ਅਲੀ ਬਾਬੇ ਨੇ ਆਪਣੇ ਭਰਾ ਕਾਸਮ ਦੇ ਘਰੋਂ ਤਕੜੀ ਮੰਗਵਾਈ। ਕਾਸਮ ਦੀ ਪਤਨੀ ਨੇ ਤਕੜੀ ਦੇ ਹੇਠਾਂ ਸਿਥਾ ਲਗਾ ਦਿਤਾ ਜਿਸ ਨਾਲ ਇਕ ਮੁਹਰ ਚਿਪਕੀ ਰਹਿ ਗਈ ਤੇ ਅਲੀ ਬਾਬਾ ਦਾ ਭੇਤ ਖੁਲ੍ਹ ਗਿਆ। ਕਾਸਮ ਨੇ ਅਲੀ ਬਾਬੇ ਤੋਂ ਮੁਹਰਾਂ ਦਾ ਰਹੱਸ ਪੁਛਿਆ ਤੇ ਧਮਕੀ ਦਿਤੀ ਕਿ ਜੇ ਉਹ ਸੱਚੀ ਗੱਲ ਨਹੀਂ ਦਸੇਗਾ ਤਾਂ ਉਹ ਹਾਕਮ ਅੱਗੇ ਸ਼ਿਕਾਇਤ ਕਰ ਦੇਵੇਗਾ। ਮਜਬੂਰ ਹੋ ਕੇ ਅਲੀ ਬਾਬੇ ਨੇ ਕਾਸਮ ਨੂੰ ਸਾਰੀ ਗੱਲ ਦਸ ਦਿਤੀ। ਕਾਸਮ ਦਸ ਖਚਰਾਂ ਲੈ ਕੇ ਗੁਫਾ ਦੇ ਅੰਦਰ ਗਿਆ ਅਤੇ ਉਥੋਂ ਬਹੁ-ਮੁੱਲੀਆਂ ਵਸਤੂਆਂ ਨਾਲ ਖਚਰਾਂ ਲਦ ਲਈਆਂ। ਜਦੋਂ ਉਹ ਬਾਹਰ ਨਿਕਲਣ ਲੱਗਾ ਤਾਂ ਉਸ ਨੂੰ ਉਹ ਰਹੱਸਮਈ ਮੰਤਰ ਭੁਲ ਗਿਆ, ਜਿਸ ਨਾਲ ਦਰਵਾਜ਼ਾ ਖੁਲ੍ਹਦਾ ਸੀ।

ਰਾਤੀਂ ਜਦੋਂ ਡਾਕੂ ਗੁਫਾ ਵਿਚ ਵਾਪਸ ਆਏ ਤਾਂ ਕਾਸਮ ਨੂੰ ਅੰਦਰ ਵੇਖ ਕੇ ਬੜੇ ਹੈਰਾਨ ਹੋਏ। ਕਾਸਮ ਨੇ ਜਾਨ ਬਖ਼ਸ਼ੀ ਲਈ ਤਰਲੇ ਕੀਤੇ, ਪਰ ਡਾਕੂਆਂ ਨੇ ਉਸ ਨੂੰ ਮਾਰ ਕੇ ਉਸ ਦੀ ਲਾਸ਼ ਅੰਦਰ ਹੀ ਦਰਵਾਜ਼ੇ ਓਹਲੇ ਲਟਕਾ ਦਿਤੀ। ਅਗਲੇ ਦਿਨ ਅਲੀ ਬਾਬਾ ਕਾਸਮ ਨੂੰ ਢੂੰਡਦਾ ਹੋਇਆ ਗੁਫਾ ਵਿਚ ਪੁਜਿਆ ਅਤੇ ਲਾਸ਼ ਨੂੰ ਵੇਖ ਕੇ ਬੜਾ ਦੁਖੀ ਹੋਇਆ। ਅਲੀ ਬਾਬਾ ਲਾਸ਼ ਨੂੰ ਚੁਕ ਕੇ ਘਰ ਲੈ ਗਿਆ।

ਲਾਸ਼ ਦੇ ਇਸ ਤਰ੍ਹਾਂ ਗ਼ਾਇਬ ਹੋ ਜਾਣ ਉਤੇ ਡਾਕੂਆਂ ਨੂੰ ਯਕੀਨ ਹੋ ਗਿਆ ਕਿ ਗਫਾ ਨੂੰ ਖੋਲ੍ਹਣ ਦਾ ਭੇਤ ਕੋਈ ਹੋਰ ਸ਼ਖ਼ਸ ਵੀ ਜਾਣਦਾ ਹੈ। ਸੋ ਉਸ ਸ਼ਖ਼ਸ ਦੀ ਤਲਾਸ਼ ਕੀਤੀ ਜਾਣ ਲੱਗੀ। ਲੰਮੀ ਸਾਧਨਾ ਮਗਰੋਂ ਡਾਕੂਆਂ ਨੇ ਅਲੀ ਬਾਬੇ ਦਾ ਘਰ ਲਭ ਲਿਆ ਅਤੇ ਉਸ ਦੇ ਬੂਹੇ ਉਤੇ ਨਿਸ਼ਾਨੀ ਲਗਾ ਦਿਤੀ ਤਾਂ ਜੋ ਰਾਤ ਵੇਲੇ ਅਲੀ ਬਾਬੇ ਦਾ ਵੀ ਖ਼ਾਤਮਾ ਕਰ ਦਿਤਾ ਜਾਵੇ।

ਅਲੀ ਬਾਬਾ ਦੀ ਨੌਕਰਾਣੀ ਮੋਰਗਿਆਨਾ ਨੇ ਜਦੋਂ ਘਰ ਦੇ ਬੂਹੇ ਉਤੇ ਅਜੀਬ ਜਿਹਾ ਨਿਸ਼ਾਨ ਲੱਗਾ ਵੇਖਿਆ ਤਾਂ ਉਸ ਨੇ ਬਿਲਕੁਲ ਉਹੋ ਜਿਹਾ ਨਿਸ਼ਾਨ ਗਲੀ ਦੇ ਸਭ ਘਰਾਂ ਦੇ ਦਰਵਾਜ਼ਿਆਂ ਉਤੇ ਲਗਾ ਦਿਤਾ। ਜਦੋਂ ਡਾਕੂ ਰਾਤ ਨੂੰ ਆਏ

ਤਾਂ ਉਨ੍ਹਾਂ ਨੂੰ ਅਲੀ ਬਾਬੇ ਦਾ ਘਰ ਨਾ ਲੱਭਾ। ਡਾਕੂਆਂ ਨੇ ਇਕ ਹੋਰ ਤਰੀਕਾ ਵਰਤਿਆ। ਡਾਕੂਆਂ ਦਾ ਸਰਦਾਰ ਤੇਲ ਦੇ ਸੌਦਾਗਰ ਦੇ ਭੇਸ ਵਿਚ ਅਲੀ ਬਾਬੇ ਦੇ ਘਰ ਆਇਆ ਅਤੇ ਉਸ ਨੇ ਰਾਤ ਕੱਟਣ ਲਈ ਆਗਿਆ ਮੰਗੀ। ਸਰਦਾਰ ਆਪਣੇ ਨਾਲ ਤੇਲ ਦੇ ਭਰੇ ਚਾਲ੍ਹੀ ਮਟਕੇ ਵੀ ਲਿਆਇਆ ਜੋ ਸਭ ਡਿਓਢੀ ਵਿਚ ਰਖ ਦਿਤੇ ਗਏ। ਅਸਲ ਵਿਚ ਇਕ ਨੂੰ ਛੱਡ ਕੇ ਬਾਕੀ ਸਭ ਮਟਕਿਆਂ ਵਿਚ ਡਾਕੂ ਛੁਪੇ ਹੋਏ ਸਨ ਜਿਨ੍ਹਾਂ ਨੇ ਰਾਤ ਨੂੰ ਬਾਹਰ ਨਿਕਲ ਕੇ ਅਲੀ ਬਾਬੇ ਦਾ ਖ਼ਾਤਮਾ ਕਰਨਾ ਸੀ।

ਰੱਬ ਸਬੱਬੀ ਮੋਰਗਿਆਨਾ ਨੂੰ ਰਾਤ ਵੇਲੇ ਤੇਲ ਦੀ ਲੋੜ ਪੈ ਗਈ। ਜਦੋਂ ਉਹ ਤੇਲ ਲੈਣ ਲਈ ਮਟਕਿਆਂ ਵਲ ਗਈ ਤਾਂ ਉਸ ਨੂੰ ਗੱਲਾਂ ਕਰਨ ਦੀ ਭਿਣਕ ਪਈ; ਜਿਸ ਤੋਂ ਉਸ ਨੇ ਅੰਦਾਜ਼ਾ ਲਗਾ ਲਿਆ ਕਿ ਮਟਕਿਆਂ ਵਿਚ ਡਾਕੂ ਛੁਪੇ ਹੋਏ ਹਨ। ਸੋ ਉਸ ਤੇਲ ਵਾਲੇ ਪਹਿਲੇ ਮਟਕੇ ਵਿਚੋਂ ਤੇਲ ਕਢਿਆ ਤੇ ਗਰਮ ਕਰ ਕੇ ਡਾਕੂਆਂ ਵਾਲੇ ਮਟਕਿਆਂ ਵਿਚ ਇਕ ਇਕ ਕਰ ਕੇ ਪਾ ਦਿਤਾ। ਫਿਰ ਅੱਗ ਦਾਗ ਦਿਤੀ, ਜਿਸ ਕਰ ਕੇ ਸਾਰੇ ਡਾਕੂ ਸੜ ਕੇ ਸਵਾਹ ਹੋ ਗਏ। ਬਾਅਦ ਵਿਚ ਅਲੀ ਬਾਬਾ ਨੇ ਮੋਰਗਿਆਨਾ ਦੀ ਸੇਵਾ ਨੂੰ ਮੁਖ ਰਖ ਕੇ ਆਪਣੇ ਭਤੀਜੇ ਦਾ ਵਿਆਹ ਉਸ ਨਾਲ ਕਰ ਦਿਤਾ।

ਇਸ ਪ੍ਰਸਿਧ ਕਥਾ ਦੀਆਂ ਕਈ ਕਥਾਨਿਕ ਰੂੜ੍ਹੀਆਂ ਪੰਜਾਬੀ ਦੀਆਂ ਲੋਕ-ਕਹਾਣੀਆਂ ਵਿਚ ਉਪਲੱਬਧ ਹਨ ਜਿਵੇਂ ਅੰਕਿਤ ਦੋਸ਼ੀ, ਮਾਂਗਵੀਂ ਤਕੜੀ, ਮੰਤ੍ਰ ਨਾਲ ਗੁਫਾ ਦਾ ਦਰ ਖੁਲ੍ਹਣਾ, ਤੇਲ ਦੇ ਘੜਿਆਂ ਵਿਚ ਡਾਕੂਆਂ ਨੂੰ ਛੁਪਾ ਕੇ ਲਿਜਾਣਾ; ਆਦਿ।

(ਅ-497) **ਅਲੀ ਮਖ਼ਦੂਮ ਹੁਜਵੇਰੀ** :

ਮੁਸਲਮਾਨਾਂ ਦੇ ਇਕ ਪ੍ਰਸਿਧ ਪੀਰ ਜੋ ਦਾਤਾ ਗੰਜ ਬਖ਼ਸ਼ ਦੇ ਨਾਂ ਨਾਲ ਪ੍ਰਸਿਧ ਹਨ। (ਵੇਖੋ : ਦਾਤਾ ਗੰਜ ਬਖ਼ਸ਼)

(ਅ-498) **ਅਲੀ ਰੰਗਰੇਜ਼** :

ਇਕ ਸੂਫ਼ੀ ਫ਼ਕੀਰ ਜਿਸ ਨੂੰ ਮੁਸਲਮਾਨ ਲਲਾਰੀ ਆਪਣਾ ਪੀਰ ਮੰਨਦੇ ਹਨ। ਤਹਿਕੀਕਾਤਿ ਚਿਸ਼ਤੀ ਤੇ ਹਿਸਟਰੀ ਆਫ਼ ਲਾਹੌਰ (ਸਫ਼ਾ 209) ਅਨੁਸਾਰ ਅਲੀ ਰੰਗਰੇਜ਼ ਇਮਾਮ ਹੁਸੈਨ ਦਾ ਸਮਕਾਲੀ ਸੀ। ਜਦੋਂ ਇਮਾਮ ਹੁਸੈਨ ਕਰਬਲਾ ਵਿਚ ਸ਼ਹੀਦ ਹੋਇਆ ਤਾਂ ਅਲੀ ਰੰਗਰੇਜ਼ ਆਪਣੇ ਭਰਾ ਵਲੀ ਰੰਗਰੇਜ਼ ਸਮੇਤ ਬੀਬੀ ਪਾਕਦਾਮਨ ਦੇ ਨਾਲ ਸਿੰਧ ਤੋਂ ਹੁੰਦਾ ਹੋਇਆ ਲਾਹੌਰ ਪੁਜਾ ਅਤੇ ਹਮੇਸ਼ਾਂ ਲਈ ਉਥੇ ਹੀ ਵਸ ਗਿਆ। ਅਲੀ ਰੰਗਰੇਜ਼ ਦੀ ਖ਼ਾਨਗਾਹ ਲਾਹੌਰ ਵਿਚ ਹੈ, ਜਿਸ ਦੀ ਜ਼ਿਆਰਤ ਲਲਾਰੀ ਕਰਦੇ ਹਨ!

(ਅ-499) **ਅਲੂਣਾ ਵਰਤ** :

ਉਹ ਵਰਤ ਜਿਸ ਦੇ ਦੌਰਾਨ ਅਤੇ ਖੋਲ੍ਹਣ ਵੇਲੇ ਕੋਈ ਨਮਕੀਨ ਪਦਾਰਥ ਨਾ ਖਾਧਾ ਜਾਵੇ। ਇਹ ਵਰਤ ਸੂਰਜ ਦੇਵਤੇ ਨੂੰ ਪਤਿਆਣ ਲਈ ਐਤਵਾਰ ਨੂੰ ਰਖਿਆ ਜਾਂਦਾ ਹੈ। ਇਸ ਵਰਤ ਵਿਚ ਦਿਨ ਵਿਚ ਕੇਵਲ ਇਕੋ ਵਾਰ ਭੋਜਨ ਕੀਤਾ ਜਾਂਦਾ ਹੈ, ਜਿਸ ਵਿਚ ਸਭ ਅਲੂਣੇ ਪਦਾਰਥ ਹੀ ਖਾਧੇ ਜਾਂਦੇ ਹਨ। ਸੂਰਜ-ਭਗਤਾਂ ਵਿਚ ਐਤਵਾਰ ਨੂੰ ਲੂਣ ਦੀ ਵਰਤੋਂ ਵੀ ਨਿਸ਼ੇਧ ਹੈ। ਹਿੰਦੂਆਂ ਦੇ ਕਈ ਹੋਰ ਵਰਤ ਵੀ ਅਲੂਣੇ ਹਨ। (ਵੇਖੋ : ਵਰਤ)।

(ਅ-500) **ਅਲੋਪ ਖੂਹ** :

ਪੁਰਾਣੇ ਖੂਹ ਜੋ ਉਪਰੋਂ ਮਿੱਟੀ ਨਾਲ ਭਰ ਗਏ ਹੋਣ। ਮੱਧਕਾਲ ਵਿਚ ਜਦੋਂ ਧਾੜਵੀ ਪੰਜਾਬ ਦੇ ਪਿੰਡਾਂ, ਕਸਬਿਆਂ ਤੇ ਨਗਰਾਂ ਨੂੰ ਬਰਬਾਦ ਕਰਦੇ ਸਨ ਤਾਂ ਉਹ ਲੋਕਾਂ ਨੂੰ ਕਸ਼ਟ ਦੇਣ ਲਈ ਖੂਹਾਂ ਨੂੰ ਵੀ ਮਿੱਟੀ ਨਾਲ ਪੂਰ ਦੇਂਦੇ ਸਨ। ਪੁਰਾਣੀਆਂ ਥੇਹਾਂ ਉਤੇ ਸਮਾਂ ਪਾ ਕੇ ਨਵੇਂ ਪਿੰਡ ਤੇ ਕਸਬੇ ਉਸਰਦੇ ਰਹੇ। ਪਾਣੀ ਦੀ ਲੋੜ ਪੂਰੀ ਕਰਨ ਲਈ ਪੁਰਾਣੇ ਅਲੋਪ ਖੂਹ ਲੱਭਣ ਦੇ ਯਤਨ ਹਮੇਸ਼ਾਂ ਜਾਰੀ ਰਹੇ। ਲੋਕ-ਨਿਸਚੇ ਅਨੁਸਾਰ ਜਿਸ ਥਾਂ ਦੇ ਦੁਆਲੇ ਭੇਡ ਬਕਰੀਆਂ ਘੇਰਾ ਪਾ ਕੇ ਬੈਠ ਜਾਣ, ਉਥੇ ਹੇਠਾਂ ਅਲੋਪ ਖੂਹ ਜ਼ਰੂਰ ਹੁੰਦਾ ਹੈ। ਭੇਡਾਂ ਬਕਰੀਆਂ ਕਦੇ ਕਿਸੇ ਖੂਹ ਵਾਲੀ ਥਾਂ ਨੂੰ ਨਹੀਂ ਟਪਦੀਆਂ ਭਾਵੇਂ ਉਹ ਖੂਹ ਮਿੱਟੀ ਨਾਲ

ਪੂਰਿਆ ਹੋਵੇ ਅਤੇ ਉਸ ਦੇ ਉਪਰ ਝਾੜੀਆਂ ਉਗ ਆਈਆਂ ਹੋਣ। ਇਕ ਹੋਰ ਨਿਸਚੇ ਅਨੁਸਾਰ ਸੁਪਨਿਆਂ ਦੁਆਰਾ ਵੀ ਅਲੋਪ ਖੂਹ ਪ੍ਰਗਟ ਹੁੰਦੇ ਹਨ।

(ਅ-501) **ਅਲੌਕਿਕ** :

ਜੋ ਵਸਤੂ, ਘਟਨਾ ਜਾਂ ਵਿਅਕਤੀ ਲੌਕਿਕ ਤੋਂ ਵਿਲੱਖਣ ਹੋਵੇ ਅਰਥਾਤ ਭੂ-ਲੋਕ ਦੇ ਪ੍ਰਾਕ੍ਰਿਤਕ ਸੁਭਾਵ ਦੇ ਅਨੁਕੂਲ ਨਾ ਹੋਵੇ। ਲੋਕਧਾਰਾ ਵਿਚ, ਖ਼ਾਸ ਤੌਰ ਤੇ ਲੋਕ-ਕਹਾਣੀਆਂ ਵਿਚ ਅਲੌਕਿਕ ਦਾ ਪ੍ਰਯੋਗ ਇਸੇ ਭਾਵ ਵਿਚ ਕੀਤਾ ਜਾਂਦਾ ਹੈ। ਅਲੌਕਿਕ ਵਿਚ ਅਦਭੁਤਤਾ ਤੇ ਅਸਚਰਜਤਾ ਦੇ ਗੁਣਾਂ ਤੋਂ ਛੁਟ ਅਸੁਭਾਂਵਕਤਾ ਦਾ ਅੰਸ਼ ਵੀ ਹੁੰਦਾ ਹੈ ਜੋ ਸਰੋਤਿਆਂ ਵਿਚ ਜਗਿਆਸਾ ਉਤਪੰਨ ਕਰਦਾ ਹੈ।

ਇਹ ਅਲੌਕਿਕਤਾ ਕਈ ਕਿਸਮਾਂ ਦੀ ਹੈ। ਜਦੋਂ ਕਿਸੇ ਲੋਕ-ਕਹਾਣੀ ਦਾ ਨਾਇਕ ਅੱਖਾਂ ਵਿਚ ਸੁਲੇਮਾਨੀ ਸੁਰਮਾ ਪਾ ਕੇ ਦੂਜਿਆਂ ਤੋਂ ਅਦ੍ਰਿਸ਼ਟ ਹੋ ਜਾਂਦਾ ਹੈ, ਪਰ ਆਪ ਦੂਜਿਆਂ ਨੂੰ ਵੇਖਦਾ ਰਹਿੰਦਾ ਹੈ ਤਾਂ ਉਹ ਵਿਅੱਕਤੀ ਅਲੌਕਿਕ ਹੋ ਨਿਬੜਦਾ ਹੈ। ਇਸੇ ਤਰ੍ਹਾਂ ਜਦੋਂ ਪੂਰਨ ਭਗਤ ਆਪਣੇ ਵੀਰਾਨ ਬਾਗ਼ ਵਿਚ ਪੈਰ ਪਾਉਂਦਾ ਹੈ ਤਾਂ ਉਸ ਦੀ ਦੈਵੀ ਛੁਹ ਨਾਲ ਸਾਰਾ ਬਾਗ ਹਰਿਆ ਭਰਿਆ ਹੋ ਜਾਂਦਾ ਹੈ। ਇਹ ਦ੍ਰਿਸ਼ਟਮਾਨ ਪ੍ਰਕ੍ਰਿਤੀ ਦੇ ਮੂਲ ਸੁਭਾਵ ਤੋਂ ਵਿਲੱਖਣ ਹੈ। ਇਸੇ ਤਰ੍ਹਾਂ ਕੋਈ ਵਸਤੂ ਵੀ ਅਲੌਕਿਕ ਹੋ ਸਕਦੀ ਹੈ, ਜਿਵੇਂ ਕੋਈ ਅਜਿਹਾ ਭਾਂਡਾ ਜਿਸ ਵਿਚੋਂ ਇੱਛਾ ਅਨੁਸਾਰ ਮਨ ਮਰਜ਼ੀ ਦੀ ਵਸਤੂ ਕੱਢੀ ਜਾ ਸਕਦੀ ਹੋਵੇ। ਲੋਕ-ਕਹਾਣੀਆਂ ਵਿਚ ਪਸ਼ੂਆਂ ਪੰਛੀਆਂ ਦਾ ਮਨੁੱਖਾਂ ਵਾਂਗ ਬੋਲਣਾ, ਸੋਚਣਾ ਤੇ ਕਾਰਜ ਸਾਧਣੇ ਅਲੌਕਿਕ ਕਰਮ ਹਨ। ਪਰੀ-ਕਹਾਣੀਆਂ ਵਿਚ ਸਰੋਤੇ ਜਿਸ ਸੰਸਾਰ ਦੇ ਦਰਸ਼ਨ ਕਰਦੇ ਹਨ ਉਸ ਦਾ ਸੁਭਾਵ ਤੇ ਪ੍ਰਕ੍ਰਿਤੀ ਭੂ-ਲੋਕ ਤੋਂ ਵਿਲੱਖਣ ਹੋਣ ਕਰ ਕੇ ਅਲੌਕਿਕ ਹੈ। ਜਿੰਨ, ਦੇਵ, ਰਾਖਸ਼, ਬਤਾਲ, ਪਰੀਆਂ, ਅਪੱਛਰਾਂ ਆਦਿ ਭਾਵੇਂ ਕਲਪਿਤ ਪ੍ਰਾਣੀ ਹਨ, ਪਰ ਲੋਕ-ਕਹਾਣੀਆਂ ਦੇ ਜਗਤ ਵਿਚ ਇਨ੍ਹਾਂ ਦੀ ਸਜੀਵ ਹੋਂਦ ਮੰਨੀ ਜਾਂਦੀ ਹੈ ਜੋ ਅਲੌਕਿਕਤਾ ਦਾ ਪ੍ਰਭਾਵ ਪਾਉਂਦੀ ਹੈ।

ਭਰਮ ਵਹਿਮ, ਸ਼ਗਨ ਅਪਸ਼ਗਨ, ਰੀਤਾਂ ਰਸਮਾਂ ਆਦਿ ਵਿਚ ਵੀ ਅਲੌਕਿਕਤਾ ਦਾ ਅੰਸ਼ ਵਿਦਮਾਨ ਹੈ, ਕਿਉਂ ਜੋ ਉਨ੍ਹਾਂ ਨਾਲ ਜੁੜੇ ਵਿਚਾਰ ਬੜੇ ਅਸਚਰਜ ਤੇ ਰਹੱਸਮਈ ਹਨ ਅਤੇ ਉਨ੍ਹਾਂ ਕਰਮ ਕਾਂਡਾਂ ਦਾ ਪ੍ਰਤਿਕਰਮ ਪ੍ਰਕ੍ਰਿਤੀ ਦੇ ਮੂਲ ਸੁਭਾਵ ਤੇ ਵਰਤਾਰੇ ਨਾਲੋਂ ਵਿਲੱਖਣ ਮੰਨਿਆ ਜਾਂਦਾ ਹੈ।

(ਅ-502) **ਅਵਤਾਰ** :

ਅਵਤਾਰ ਦਾ ਕੋਸ਼ਗਤ ਅਰਥ ਹੈ — 'ਉੱਚੀ ਥਾਂ ਤੋਂ ਹੇਠਾਂ ਵਲ ਉਤਰਨਾ'। 'ਅਵ' ਦਾ ਅਰਥ ਹੈ — 'ਹੇਠਾਂ ਵਲ' ਅਤੇ 'ਤਾਰ' ਦਾ ਅਰਥ ਹੈ — 'ਲੰਘਣਾ'। ਪੌਰਾਣਿਕ ਸੰਕਲਪ ਅਨੁਸਾਰ ਕਿਸੇ ਦੇਵਤੇ ਦਾ ਨਿਸ਼ਚਿਤ ਉਦੇਸ਼ ਨਾਲ ਭੌਤਿਕ ਸੰਸਾਰ ਵਿਚ, ਕਿਸੇ ਦੇਹ ਵਿਚ ਪ੍ਰਗਟ ਹੋਣਾ ਅਵਤਾਰ ਧਾਰਨਾ ਹੈ। ਇਹ ਨਿਸ਼ਚਿਤ ਉਦੇਸ਼ ਸੰਸਾਰ ਦੀ ਰੱਖਿਆ ਕਰਨਾ; ਪਾਪੀਆਂ ਅਤੇ ਅਸੁਰਾਂ ਦਾ ਵਿਨਾਸ਼ ਕਰਨਾ ਅਤੇ ਸ੍ਰਿਸ਼ਟੀ ਨੂੰ ਕਿਸੇ ਹੋਣੀ ਤੇ ਸੰਕਟ ਤੋਂ ਬਚਾਉਣਾ ਅਰਥਾਤ ਆਪਣੀ ਕੋਈ ਲੀਲਾ ਰਚਾਉਣਾ ਰਿਹਾ ਹੈ।

ਅਵਤਾਰ ਧਾਰਨਾ ਪੁਨਰ ਜਨਮ ਨਾਲੋਂ ਵੱਖਰੀ ਸਥਿਤੀ ਹੈ। ਪੁਨਰ ਜਨਮ ਵਿਚ ਆਤਮਾ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਭੋਗਣ ਲਈ ਦੁਬਾਰਾ ਕਿਸੇ ਜੂਨੀ ਵਿਚ ਜਨਮ ਲੈਂਦੀ ਹੈ, ਪਰ ਅਵਤਾਰ ਵਿਚ ਕਿਸੇ ਦੇਵਤੇ ਦਾ ਕੁਝ ਅੰਸ਼ ਅਵਤਰਣ ਹੁੰਦਾ ਹੈ। ਦੇਵਤਾ ਮੂਲ ਰੂਪ ਵਿਚ ਬੈਕੁੰਠ ਵਿਚ ਹੀ ਬਿਰਾਜਮਾਨ ਰਹਿੰਦਾ ਹੈ। ਇਸੇ ਲਈ ਵਿਸ਼ਨੂੰ ਦੇ ਅਵਤਾਰਾਂ ਨੂੰ ਅੰਸ਼ਾ-ਅਵਤਾਰ ਵੀ ਕਹਿੰਦੇ ਹਨ। ਹਰੇਕ ਅਵਤਾਰ ਵਿਚ ਦੇਵਤੇ ਦੇ ਅੰਸ਼ਾਂ ਦੀ ਮਾਤਰਾ ਇਕ ਸਾਰ ਨਹੀਂ ਹੁੰਦੀ। ਇਕੋ ਦੇਵਤਾ ਇਕੋ ਵੇਲੇ ਇਕ ਤੋਂ ਵਧੀਕ ਦੇਹਾਂ ਵਿਚ ਵੀ ਜਨਮ ਲੈ ਲੈਂਦਾ ਹੈ। ਵਿਸ਼ਨੂੰ ਦੇ ਦੋ ਅਵਤਾਰ ਪਰਸਰਾਮ ਤੇ ਰਾਮ ਚੰਦਰ ਇਕ ਦੂਜੇ ਦੇ ਸਮਕਾਲੀ ਸਨ। ਪਰਸਰਾਮ ਨੇ ਬ੍ਰਾਹਮਣਾਂ ਨੂੰ ਅਹੰਕਾਰੀ ਕਸ਼ਤਰੀਆਂ ਦੀ ਅਧੀਨਤਾ ਤੋਂ ਮੁਕਤੀ ਦਿਵਾਉਣ ਲਈ ਅਵਤਾਰ ਧਾਰਨ ਕੀਤਾ ਅਤੇ ਰਾਮ ਨੇ ਅਭਿਮਾਨੀ ਰਾਵਣ ਦਾ ਨਾਸ਼ ਕਰਨ ਲਈ। ਇਹ ਦੋਵੇਂ ਅਵਤਾਰ ਇਕੋ ਦੇਵਤੇ

ਦੋ ਅੰਸ਼ ਹੁੰਦਿਆਂ ਵੀ ਇਕ ਦੂਜੇ ਦੇ ਵਿਰੋਧੀ ਸਨ। ਰਾਮਾਇਣ ਅਨੁਸਾਰ ਜਦੋਂ ਰਾਮ ਚੰਦਰ ਨੇ ਸ਼ਿਵਜੀ ਦਾ ਧਨੁਸ਼ ਤੋੜਿਆ ਤਾਂ ਪਰਸ ਰਾਮ ਬਹੁਤ ਦੁਖੀ ਹੋਇਆ ਅਤੇ ਉਸ ਨੇ ਰਾਮ ਚੰਦਰ ਨੂੰ ਲੜਨ ਲਈ ਵੰਗਾਰਿਆ।

ਅਵਤਾਰਵਾਦ ਦੇ ਸੰਕਲਪ ਦੇ ਬੀਜ ਰਿਗ ਵੇਦ ਵਿਚ ਮਿਲਦੇ ਹਨ। ਰਿਗ ਵੇਦ ਵਿਚ ਅਜਿੱਤ ਰੱਖਿਅਕ ਵਿਸ਼ਨੂੰ ਆਪਣੇ 'ਤਿੰਨ ਕਦਮਾਂ' ਨਾਲ ਸਾਰੇ ਬ੍ਰਹਿਮੰਡ ਨੂੰ ਮਿਣਦਾ ਹੈ। ਮੁਢਲੇ ਟੀਕਾਕਾਰਾਂ ਅਨੁਸਾਰ ਇਹ ਤਿੰਨ ਕਦਮ ਰਖਣ ਵਾਲੀ ਥਾਂ ਪ੍ਰਿਥਵੀ, ਪੁਲਾੜ ਤੇ ਆਕਾਸ਼ ਹੈ ਅਤੇ ਉਨ੍ਹਾਂ ਨੇ ਵਿਸ਼ਨੂੰ ਨੂੰ ਪ੍ਰਿਥਵੀ ਉਤੇ ਅੱਗ, ਪੁਲਾੜ ਵਿਚ ਬਿਜਲੀ ਅਤੇ ਆਕਾਸ਼ ਵਿਚ ਸੂਰਜ ਦੇ ਪ੍ਰਕਾਸ਼ ਦੇ ਰੂਪ ਵਿਚ ਮੰਨਿਆ ਹੈ। ਕਈ ਟੀਕਾਕਾਰਾਂ ਨੇ ਇਨ੍ਹਾਂ 'ਤਿੰਨਾਂ ਕਦਮਾਂ' ਨੂੰ ਸੂਰਜ ਦੀਆਂ ਉਦੈ, ਸਿਖਰ ਅਤੇ ਅਸਤ ਦੀਆਂ ਭਿੰਨ ਭਿੰਨ ਅਵਸਥਾਵਾਂ ਮੰਨਿਆ ਹੈ, ਪਰ ਇਹੋ ਮਿਥ ਪੌਰਾਣਿਕ ਕਾਲ ਵਿਚ ਵਿਗਸਤ ਹੋ ਕੇ ਵਿਸ਼ਨੂੰ ਦੇ ਵਾਮਨ ਅਵਤਾਰ ਦੇ ਰੂਪ ਵਿਚ ਚੁਕੇ 'ਤਿੰਨ ਕਦਮਾਂ' ਵਿਚ ਪ੍ਰਵਿਰਤ ਹੋ ਗਈ।

ਵੈਦਿਕ ਸਾਹਿੱਤ ਵਿਚ ਅਵਤਾਰਵਾਦ ਦੇ ਕੁਝ ਹੋਰ ਬੀਜ ਵੀ ਮਿਲਦੇ ਹਨ। ਸ਼ਤਪਥ ਬ੍ਰਾਹਮਣ ਵਿਚ ਮਤੱਸਯ ਅਤੇ ਕੂਰਮ ਅਵਤਾਰ; ਤੈਤਿਰੀਯ ਸੰਹਿਤਾ, ਤੈਤਿਰੀਯ ਬ੍ਰਾਹਮਣ ਅਤੇ ਸ਼ਤਪਥ ਬ੍ਰਾਹਮਣ ਵਿਚ ਵਾਮਨ ਅਵਤਾਰ ਦਾ ਵਰਨਣ ਹੈ ਜਿਸ ਵਲ ਉਪਰ ਸੰਕੇਤ ਕੀਤਾ ਗਿਆ ਹੈ। ਐਤ੍ਰੇਯ ਬ੍ਰਾਹਮਣ ਅਤੇ ਛੰਦੋਗਯੋਪਨਿਸ਼ਦ ਵਿਚ ਦੇਵਕੀ ਦੇ ਪੁੱਤਰ ਕ੍ਰਿਸ਼ਨ ਅਤੇ ਤੈਤਿਰੀਯ ਆਰਣਯਕ ਵਿਚ ਵਾਸੂਦੇਵ ਸ੍ਰੀ ਕ੍ਰਿਸ਼ਨ ਦਾ ਉਲੇਖ ਹੈ। ਵੈਦਿਕ ਗ੍ਰੰਥਾਂ ਵਿਚ ਇਨ੍ਹਾਂ ਸਭਨਾਂ ਨੂੰ ਬ੍ਰਹਮਾ ਦਾ ਅਵਤਾਰ ਕਿਹਾ ਗਿਆ ਹੈ, ਪਰੰਤੂ ਪੁਰਾਣਾਂ ਵਿਚ ਇਹ ਸਭ ਵਿਸ਼ਨੂੰ ਦੇ ਅਵਤਾਰ ਮੰਨੇ ਗਏ ਹਨ। (ਹਿੰਦੀ ਸਾਹਿੱਤ ਕੋਸ਼ 1,75-76)

ਸ੍ਰੀਮਦ ਭਗਵਤ ਗੀਤਾ ਵਿਚ ਅਵਤਾਰਵਾਦ ਸਪੱਸ਼ਟ ਰੂਪ ਵਿਚ ਪ੍ਰਗਟ ਹੋਇਆ ਹੈ। ਭਗਵਾਨ ਦੇ ਅਵਤਾਰ ਧਾਰਨ ਦਾ ਉਦੇਸ਼ ਇਉਂ ਪ੍ਰਗਟ ਕੀਤਾ ਹੈ : "ਯਦਾ ਯਦਾ ਹਿ ਧਰਮਸਯ ਗਲਾਨਿਰ ਭਵਤਿ ਭਾਰਤ, ਅਭਯੁਤਥਾਨਮ੍ ਧਰਮਸਯ ਤਦਾਤਮਾਨੰ ਸ੍ਰਿਜਾਮਯਹਮ੍" ਭਾਵ ਜਦੋਂ ਜਦੋਂ ਸੰਸਾਰ ਵਿਚ ਧਰਮ ਦੀ ਹਾਨੀ ਹੁੰਦੀ ਹੈ, ਮੈਂ ਦੁਸ਼ਟਾਂ ਦਾ ਸੰਘਾਰ ਅਤੇ ਧਰਮ ਦੀ ਸਥਾਪਨਾ ਕਰਨ ਲਈ ਅਵਤਾਰ ਧਾਰਨ ਕਰਦਾ ਹਾਂ।

ਵੈਦਿਕ ਕਾਲ ਵਿਚ ਜਿਨ੍ਹਾਂ ਅਵਤਾਰਾਂ ਦੀ ਕਲਪਨਾ ਕੀਤੀ ਗਈ ਉਨ੍ਹਾਂ ਦਾ ਸੰਬੰਧ ਉਤਪਤੀ ਦੇ ਦੇਵਤੇ ਪਰਜਾਪਤੀ ਅਰਥਾਤ ਬ੍ਰਹਮਾ ਨਾਲ ਜੋੜਿਆ ਗਿਆ, ਪਰ ਪੌਰਾਣਿਕ ਕਾਲ ਵਿਚ ਸ੍ਰਿਸ਼ਟੀ ਦੀ ਪਾਲਨਾ ਕਰਨ ਵਾਲਾ ਵਿਸ਼ਨੂੰ ਜਦੋਂ ਵਧੇਰੇ ਲੋਕ-ਪ੍ਰਿਯ ਹੋ ਗਿਆ ਤਾਂ ਵੈਦਿਕ ਕਾਲ ਤੇ ਬਾਅਦ ਦੇ ਕਈ ਅਵਤਾਰਾਂ ਦੀ ਕਲਪਨਾ ਵਿਸ਼ਨੂੰ ਦੇ ਅਵਤਾਰਾਂ ਦੇ ਰੂਪ ਵਿਚ ਕੀਤੀ ਗਈ। ਪੁਰਾਣਾਂ ਵਿਚ ਵਿਸ਼ਨੂੰ ਦੇ ਅਵਤਾਰਾਂ ਦੀ ਸੰਖਿਆ ਇਕ ਸਾਰ ਨਹੀਂ ਮਿਲਦੀ। ਕਿਸੇ ਵਿਚ ਛੇ ਅਵਤਾਰਾਂ ਦਾ,ਕਿਸੇ ਵਿਚ ਦਸਾਂ ਦਾ ਤੇ ਕਿਸੇ ਵਿਚ ਚੌਵੀ ਅਵਤਾਰਾਂ ਦਾ ਵਰਨਣ ਹੈ। ਵਾਯੂ ਪੁਰਾਣ ਵਿਚ ਦਸ ਅਵਤਾਰਾਂ ਦਾ ਉਲੇਖ ਹੈ, ਪਰ ਪੰਜਵੇਂ ਅਵਤਾਰ ਦਾ ਨਾਂ ਨਹੀਂ ਦਿਤਾ ਹੋਇਆ; ਪਰ ਉਸ ਨੂੰ 'ਪੰਚਮ' ਕਿਹਾ ਗਿਆ ਹੈ। ਮਤੱਸਯ ਪੁਰਾਣ ਅਨੁਸਾਰ ਵਿਸ਼ਨੂੰ ਨੇ ਸੱਤ ਅਵਤਾਰ ਧਾਰਨ ਕੀਤੇ। ਭ੍ਰਿਗੂ ਨੇ ਵਿਸ਼ਨੂੰ ਨੂੰ ਉਸ ਦੀ ਪਤਨੀ ਤੇ ਸ਼ੁਕਰ ਦੀ ਮਾਤਾ ਦੀ ਹੱਤਿਆ ਕਰਨ ਦੇ ਦੋਸ਼ ਵਿਚ ਸੱਤ ਵਾਰੀ ਮਨੁੱਖੀ ਜਾਮੇ ਵਿਚ ਜਨਮ ਲੈਣ ਦਾ ਸਰਾਪ ਦਿਤਾ। ਭਾਗਵਤ ਪੁਰਾਣ ਵਿਚ ਤਿੰਨ ਥਾਈਂ ਅਵਤਾਰਾਂ ਦਾ ਜ਼ਿਕਰ ਹੈ। ਇਕ ਥਾਂ ਅਵਤਾਰਾਂ ਦੀ ਸੰਖਿਆ 22 ਹੈ, ਦੂਜੀ ਥਾਂ 23 ਅਤੇ ਤੀਜੀ ਥਾਂ 16 ਹੈ।

ਪੁਰਾਣਾਂ ਵਿਚ ਅਵਤਾਰਾਂ ਦੀ ਵਧ ਤੋਂ ਵਧ ਗਿਣਤੀ ਚੌਵੀ ਮਿਲਦੀ ਹੈ। ਦਸਮ ਗ੍ਰੰਥ ਵਿਚ 'ਚੌਬੀਸ ਅਵਤਾਰ' ਨਾਂ ਦੀ ਬਾਣੀ ਵਿਚ ਅਵਤਾਰਾਂ ਦੀ ਸੰਖਿਆ 24 ਗਿਣੀ ਗਈ ਹੈ। ਪ੍ਰਚਲਤ ਨਾਂ ਇਹ ਹਨ :—(1) ਨਾਰਾਇਣ, (2) ਬ੍ਰਹਮਾ, (3) ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, (4) ਨਰ ਨਾਰਾਇਣ, (5)ਕਪਿਲ, (6) ਦਤਾਤ੍ਰੇਯ, (7) ਸੂਰਯ, (8) ਹਯਗ੍ਰੀਵ, (9) ਰਿਸ਼ਭ, (10) ਪ੍ਰਿਥੂ, (11) ਮਤਸਯਾ, (12) ਕੂਰਮ, (13) ਹੰਸਾ, (14) ਧੰਨਵੰਤਰ, (15) ਵਾਮਨ, (16) ਪਰਸੂਰਾਮ, (17)ਮੋਹਿਨੀ, (18) ਨਰਸਿੰਘ,

(19) ਵੇਦ ਵਿਆਸ, (20)ਰਾਮ, (21) ਬਲਰਾਮ, (22) ਕ੍ਰਿਸ਼ਣ, (23) ਬੁਧ, (24) ਕਲਕੀ।

ਪਰ ਵਿਸ਼ਨੂੰ ਦੇ ਪ੍ਰਮੁਖ ਅਵਤਾਰ ਦਸ ਹੀ ਮੰਨੇ ਜਾਂਦੇ ਹਨ। ਵਰਾਹ ਅਥਵਾ ਅਗਨੀ ਪੁਰਾਣ ਵਿਚ ਦਸ ਅਵਤਾਰਾਂ ਦੀ ਜੋ ਸੂਚੀ ਦਰਜ ਮਿਲਦੀ ਹੈ, ਉਹੋ ਹੀ ਵਧੇਰੇ ਪ੍ਰਚਲਤ ਹੈ। ਇਨ੍ਹਾਂ ਅਵਤਾਰਾਂ ਦੇ ਨਾਉਂ ਕ੍ਰਮ ਅਨੁਸਾਰ ਇਸ ਪ੍ਰਕਾਰ ਹਨ :— ਮਤਸਯ, ਕੂਰਮ, ਵਰਾਹ, ਵਾਮਨ, ਨਰਸਿੰਘ, ਪਰਸੂਰਾਮ, ਰਾਮ, ਕ੍ਰਿਸ਼ਨ, ਬੁਧ, ਕਲਕੀ। ਆਦਿ ਗ੍ਰੰਥ ਵਿਚ ਵੀ ਹਿੰਦੂਆਂ ਦੇ ਦਸ ਅਵਤਾਰਾਂ ਵਲ ਸੰਕੇਤ ਹੈ :—

'ਹੁਕਮਿ ਉਪਾਏ ਦਸ ਅਉਤਾਰਾ।'

(ਮਾਰੂ ਮ: ੧ ਸੋਹਲੇ)

ਦਸ ਅਵਤਾਰਾਂ ਦੀ ਸੂਚੀ ਨੂੰ ਹੀ ਪ੍ਰਮੁਖ ਮੰਨ ਕੇ ਅਧਿਐਨ ਕੀਤਾ ਜਾਵੇ ਤਾਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਅਵਤਾਰ ਪਰੰਪਰਾ ਸ੍ਰਿਸ਼ਟੀ ਦੇ ਵਿਗਿਆਨਕ ਵਿਕਾਸ ਨਾਲ ਇਕਸੁਰਤਾ ਰਖਦੀ ਹੈ। ਪ੍ਰਥਮ ਅਵਤਾਰ ਪਾਣੀ ਵਿਚ ਜਲ-ਜੀਵਾਂ ਦੇ ਰੂਪ ਵਿਚ ਪ੍ਰਗਟ ਹੋਏ। ਮਗਰੋਂ ਥਲ ਉਤੇ ਵਸਣ ਵਾਲੇ ਪਸ਼ੂਆਂ ਦੇ ਰੂਪ ਵਿਚ ਅਤੇ ਫਿਰ ਮਨੁੱਖੀ ਦੇਹ ਵਿਚ ਰੂਪਮਾਨ ਹੋਏ।

ਪਸ਼ੂ ਜੂਨੀ ਦੇ ਅਵਤਾਰਾਂ ਦੇ ਸੰਬੰਧ ਵਿਚ ਦੋ ਪ੍ਰਮੁਖ ਮੱਤ ਹਨ। ਇਕ ਮੱਤ ਅਨੁਸਾਰ ਇਹ ਅਨਾਰੀਆ ਜਾਤੀ ਵਲੋਂ ਪੂਜੇ ਜਾਣ ਵਾਲੇ ਵਿਸ਼ੇਸ਼ ਪਸ਼ੂ ਹਨ, ਜੋ ਮਗਰੋਂ ਆਰੀਆ ਸੰਸਕ੍ਰਿਤੀ ਵਿਚ ਮਹੱਤਤਾ ਪ੍ਰਾਪਤ ਕਰ ਗਏ। ਇਕ ਹੋਰ ਧਾਰਨਾ ਅਨੁਸਾਰ ਇਹ ਅਵਤਾਰ ਸ੍ਰਿਸ਼ਟੀ-ਵਿਕਾਸ ਦੇ ਵਿਭਿੰਨ ਸਥਲਾਂ ਦੇ ਪ੍ਰਤੀਕ ਹਨ। ਦੋ ਅਵਤਾਰ ਵਾਮਨ ਤੇ ਨਰਸਿੰਘ ਮਿਸ਼ਰਤ ਜੂਨੀ ਦੇ ਹਨ। ਇਨ੍ਹਾਂ ਦਾ ਮੂਲ ਵੀ ਦਰਾਵੜੀ ਜਾਪਦਾ ਹੈ ਕਿਉਂ ਜੋ ਦਰਾਵੜਾਂ ਵਿਚ ਮਿਸ਼ਰਤ ਜੂਨੀਆਂ ਦੀ ਪੂਜਾ ਪ੍ਰਚਲਤ ਸੀ। ਇਨ੍ਹਾਂ ਮਿਸ਼ਰਤ ਜੂਨੀਆਂ ਵਿਚ ਨਰਗਜ ਤੇ ਨਰਸਿੰਘ ਦੀਆਂ ਮੂਰਤੀਆਂ ਸਿੰਧੂ ਸਭਿਅਤਾ ਦੇ ਅਵਸ਼ੇਸ਼ਾਂ ਵਿਚ ਮਿਲਦੀਆਂ ਹਨ।

ਅਵਤਾਰਵਾਦ ਦਾ ਸਿਧਾਂਤ ਸ਼ੈਵ ਮੱਤ ਵਿਚ ਵੀ ਪ੍ਰਚਲਤ ਹੈ। ਸ਼ੈਵ ਮੱਤ ਅਨੁਸਾਰ ਸ਼ੰਕਰਾਚਾਰੀਆ ਸ਼ੰਕਰ ਦਾ ਅਵਤਾਰ ਸੀ। ਦੁਰਗਾ ਸਪਤਸਤੀ ਅਨੁਸਾਰ ਮਹਿਖਾਸੁਰ ਦੈਂਤ ਨੂੰ ਮਾਰਨ ਲਈ ਦੁਰਗਾ ਨੇ ਅਵਤਾਰ ਧਾਰਨ ਕੀਤਾ। ਸ਼ਿਵ ਪੁਰਾਣ ਵਿਚ ਸ਼ਿਵ ਦੇ ਅਨੇਕਾਂ ਅਵਤਾਰਾਂ ਦਾ ਵਰਨਣ ਹੈ।

ਦੇਵਤਿਆਂ ਤੋਂ ਇਲਾਵਾ ਦੈਂਤ ਵੀ ਅਵਤਾਰ ਧਾਰਦੇ ਰਹੇ ਹਨ। ਹਰਨਾਖਸ਼ ਨੇ ਹੀ ਤ੍ਰੇਤੇ ਵਿਚ ਰਾਵਣ ਦੇ, ਅਤੇ ਦੁਆਪਰ ਵਿਚ ਸੀਸਪਾਲ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ ਸੀ।

ਬੁਧ ਧਰਮ ਦੇ ਮਹਾਯਾਨ ਪੰਥ ਵਿਚ ਅਵਤਾਰ ਦਾ ਸੰਕਲਪ ਪ੍ਰਚਲਤ ਹੈ। ਮਹਾਯਾਨ ਮੱਤ ਦੀ ਮਾਨਤਾ ਹੈ ਕਿ ਬੋਧੀਸਤਵ ਕਰਮ ਫਲ ਦੀ ਪੂਰਨਤਾ ਉਤੇ ਬੁਧ ਦੇ ਰੂਪ ਵਿਚ ਅਵਤਰਿਤ ਹੁੰਦੇ ਹਨ ਅਥਵਾ ਨਿਰਵਾਣ ਦੀ ਪ੍ਰਾਪਤੀ ਮਗਰੋਂ ਬੁਧ ਵੀ ਭਵਿੱਖ ਵਿਚ ਅਵਤਾਰ ਧਾਰਨ ਕਰਦੇ ਰਹੇ ਹਨ। ਬੋਧੀਸਤਵ 'ਤੁਸ਼ਿਤ' ਨਾਮੀ ਸਵਰਗ ਵਿਚ ਨਿਵਾਸ ਕਰਦੇ ਹੋਏ ਆਪਣੇ ਕਰਮ ਫਲ ਦੀ ਪੂਰਣਤਾ ਦੀ ਉਡੀਕ ਕਰਦੇ ਹਨ ਅਤੇ ਉਚਿਤ ਸਮੇਂ ਉਤੇ ਉਹ ਸੰਸਾਰ ਵਿਚ ਪ੍ਰਗਟ ਹੁੰਦੇ ਹਨ।

ਸਰਗੁਣਵਾਦੀ ਭਗਤਾਂ ਨੇ ਅਵਤਾਰਵਾਦ ਦੀ ਪ੍ਰੋੜ੍ਹਤਾ ਕੀਤੀ ਹੈ, ਪਰ ਨਿਰਗੁਣ ਉਪਾਸ਼ਨਾ ਨੇ ਅਵਤਾਰਾਂ ਨੂੰ ਪ੍ਰਭੂ ਦਾ ਰੂਪ ਮੰਨਣ ਦਾ ਖੰਡਨ ਕੀਤਾ ਹੈ। ਗੁਰਮਤਿ ਵਿਚ ਅਵਤਾਰਵਾਦ ਦੇ ਸਿਧਾਂਤ ਦੀ ਨਿਖੇਧੀ ਸਪਸ਼ਟ ਹੈ :— 'ਸੋ ਮੁਖ ਜਲੇ ਜੋ ਠਾਕੁਰ ਕਹਿਅਹਿ ਜੂਨੀ'। ਅਵਤਾਰ ਤਾਂ ਪ੍ਰਮੇਸ਼ਰ ਦਾ ਅੰਤ ਹੀ ਨਹੀਂ ਜਾਣਦੇ ਉਹ ਪ੍ਰਭੂ ਦਾ ਰੂਪ ਕਿਵੇਂ ਹੋ ਸਕਦੇ ਹਨ :

ਅਵਤਾਰ ਨ ਜਾਨਹਿ ਅੰਤ
ਪਰਮੇਸੁਰ ਪਾਰਬ੍ਰਹਮ ਬੇਅੰਤੁ

(ਰਾਮਕਲੀ ਮ: ੫)

ਪਰ ਸਿੱਖ ਲੋਕਧਾਰਾ ਵਿਚ ਅਵਤਾਰ ਦਾ ਸੰਕਲਪ ਮੌਜੂਦ ਹੈ। ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਨੂੰ ਰਾਜੇ ਜਨਕ ਦਾ ਅਵਤਾਰ ਦੱਸਿਆ ਗਿਆ ਹੈ। ਇਸੇ ਤਰ੍ਹਾਂ ਰਤਨਮਾਲ ਤੇ ਗੁਰ ਪ੍ਰਤਾਪ ਸੂਰਜ ਵਿਚ ਗੁਰੂ ਤੇਗ ਬਹਾਦਰ ਨੂੰ ਸੁਮੰਡ ਰਿਸ਼ੀ ਦਾ ਅਵਤਾਰ ਮੰਨਿਆ ਹੈ। ਪਰ ਇਹ ਸੰਕਲਪ ਸਾਖੀ ਸਾਹਿੱਤ ਵਿਚ ਹੀ ਹੈ ਅਤੇ ਲੋਕ-ਕਲਪਨਾ ਦੀ ਉਪਜ ਹੈ, ਗੁਰਮਤਿ ਦੀ ਮੂਲ ਵਿਚਾਰਧਾਰਾ ਦਾ ਅੰਗ ਨਹੀਂ।

ਪਾਰਸੀ ਮੱਤ ਦੇ ਅਨੇਕਾਂ ਸਿਧਾਂਤ ਹਿੰਦੂਆਂ, ਖ਼ਾਸ ਤੌਰ ਤੇ ਵੈਦਿਕ ਆਰੀਆ, ਨਾਲ ਭਾਵੇਂ ਮੇਲ ਖਾਂਦੇ ਹਨ, ਪਰ ਉਨ੍ਹਾਂ ਵਿਚ ਅਵਤਾਰਵਾਦ ਲਈ ਕੋਈ ਥਾਂ ਨਹੀਂ । ਇਸ ਧਰਮ ਦੇ ਮੋਢੀ ਜ਼ਰਦੁਸ਼ਤ ਨੂੰ ਕਿਧਰੇ ਵੀ ਅਵਤਾਰ ਨਹੀਂ ਮੰਨਿਆ ਗਿਆ ।

ਇਸਲਾਮ ਮੱਤ ਦੇ ਸ਼ੀਆ ਫ਼ਿਰਕੇ ਵਿਚ ਅਵਤਾਰ ਸਿਧਾਂਤ ਕੁਝ ਬਦਲੇ ਰੂਪ ਵਿਚ ਮਿਲਦਾ ਹੈ । ਸ਼ੀਆ ਮੱਤ ਦੀ ਮਾਨਤਾ ਹੈ ਕਿ ਹਜ਼ਰਤ ਅਲੀ, ਜੋ ਮੁਹੰਮਦ ਸਾਹਿਬ ਦੇ ਚਚੇਰੇ ਭਰਾ ਅਤੇ ਜਵਾਈ ਸਨ, ਵਿਚ ਦੈਵੀ ਅੰਸ਼ ਸੀ, ਅਥਵਾ ਉਹ ਅੱਲਾ ਦਾ ਅਵਤਾਰ ਸਨ (ਇਨਸਾਈਕਲੋਪੀਡੀਆ, 7,197), ਸ਼ੀਆ ਵਿਚਕਾਰ ਜੋ ਇਮਾਮਾਂ ਦਾ ਸੰਕਲਪ ਪ੍ਰਚਲਤ ਹੈ, ਉਹ ਅਵਤਾਰਵਾਦ ਦੇ ਨੇੜੇ ਪਹੁੰਚਦਾ ਹੈ (ਵੇਖੋ : ਇਮਾਮ) । ਹਿੰਦੂਆਂ ਦੇ ਕਲਕੀ ਅਵਤਾਰ ਵਾਂਗ ਇਮਾਮ ਮਹਿਦੀ ਨੇ ਅਜੇ ਪ੍ਰਗਟ ਹੋਣਾ ਹੈ ।

ਅਵਤਾਰਵਾਦ ਦਾ ਸਿਧਾਂਤ ਲੋਕ-ਮਾਨਸ ਵਿਚ ਇਤਨਾ ਰਚ ਗਿਆ ਹੈ ਕਿ ਮੱਧਕਾਲ ਦੇ ਲੋਕ-ਪਾਤਰਾਂ ਨੂੰ ਵੀ ਦੇਵਤਿਆਂ ਦੇ ਅਵਤਾਰ ਦੇ ਰੂਪ ਵਿਚ ਵੇਖਿਆ ਜਾਣ ਲੱਗਾ । ਇਸ ਦੀ ਪ੍ਰਮੁਖ ਮਿਸਾਲ ਹੀਰ-ਰਾਂਝੇ ਦੀ ਕਥਾ ਹੈ । ਰਾਂਝੇ ਨੂੰ ਇੰਦਰ ਦਾ ਅਵਤਾਰ ਮੰਨਿਆ ਜਾਂਦਾ ਹੈ ਅਤੇ ਹੀਰ ਨੂੰ ਮੇਨਕਾ ਦਾ :— 'ਰਾਂਝਾ ਭਯੋ ਸੁਰੇਸ਼ ਤਹਿ ਭਈ ਮੇਨਕਾ ਹੀਰ' -- ਚਰਿਤ੍ਰ ।

(ਅ-503) **ਅਵੰਤਿਕਾ** :

ਮੱਧਯ ਭਾਰਤ ਵਿਚ ਅਵੰਤੀ ਨਦੀ ਦੇ ਕੰਢੇ ਇਕ ਨਗਰ ਜੋ ਹਿੰਦੂਆਂ ਦੇ ਅਠਾਹਠ ਪ੍ਰਧਾਨ ਤੀਰਥਾਂ ਤੇ ਸੱਤ ਪੁਰੀਆਂ ਵਿਚੋਂ ਇਕ ਹੈ । ਇਸ ਨਗਰ ਨੂੰ ਵਿਸ਼ਾਲਾ ਤੇ ਉਜੈਨ ਵੀ ਕਿਹਾ ਜਾਂਦਾ ਹੈ । (ਵੇਖੋ : ਉਜੈਨ)

(ਅ-504) **ਅਵਦਾਨ** :

ਲੋਕ-ਕਹਾਣੀਆਂ ਦੀ ਇਕ ਮਹੱਤਵਪੂਰਣ ਸ਼੍ਰੇਣੀ; ਧਰਮ ਗਾਥਾਵਾਂ ਵਾਂਗ ਅਵਦਾਨਾਂ ਨੂੰ ਵੀ ਜਾਤੀ ਦੀ ਪ੍ਰਤਿਸ਼ਠਤਾ ਪ੍ਰਾਪਤ ਹੁੰਦੀ ਹੈ ਅਤੇ ਇਹ ਲੋਕ-ਸੰਸਕ੍ਰਿਤੀ ਦਾ ਗੌਰਵਮਈ ਭਾਗ ਹੁੰਦੇ ਹਨ । ਇਨ੍ਹਾਂ ਵਿਚ ਕਿਸੇ ਜਾਤੀ ਦਾ ਕੌਮੀ ਚਰਿਤ੍ਰ ਤੇ ਪ੍ਰਵਿਰਤੀਆਂ ਮੂਲ ਰੂਪ ਵਿਚ ਸੁਰਜੀਤ ਹੁੰਦੀਆਂ ਹਨ ਅਤੇ ਇਤਿਹਾਸ ਦਾ ਸੂਖਮ ਅੰਸ਼ ਵੀ ਲੀਨ ਰਹਿੰਦਾ ਹੈ ।

ਅਵਦਾਨ ਸੰਸਕ੍ਰਿਤ ਸ਼ਬਦ 'ਅਪਦਾਨ' ਦਾ ਪ੍ਰਾਕ੍ਰਿਤ ਰੂਪ ਹੈ । ਅਮਰ ਕੋਸ਼ ਅਨੁਸਾਰ ਅਵਦਾਨ ਦਾ ਅਰਥ 'ਪ੍ਰਾਚੀਨ ਚਰਿੱਤ੍ਰ', 'ਪੁਰਾਤਨ ਬ੍ਰਿਤ' ਆਦਿ ਹਨ । ਕਈ ਅਵਦਾਨ ਦਾ ਅਰਥ 'ਪਾਵਨ ਕਰਮ' ਵੀ ਕਰਦੇ ਹਨ । ਅਵਦਾਨ ਸ਼ਬਦ ਉਨ੍ਹਾਂ ਪ੍ਰਾਚੀਨ ਕਥਾਵਾਂ ਲਈ ਪ੍ਰਯੋਗ ਕੀਤਾ ਜਾਂਦਾ ਰਿਹਾ ਜਿਨ੍ਹਾਂ ਦੁਆਰਾ ਕਿਸੇ ਸ਼ਖ਼ਸ ਦੇ ਸਦਾਚਾਰਕ ਗੁਣਾਂ ਤੇ ਉੱਤਮ ਕਰਮਾਂ ਦਾ ਜਸ ਗਾਇਆ ਗਿਆ ਹੋਵੇ । ਪਰ ਵਧੇਰੇ ਵਿਸਤ੍ਰਿਤ ਅਰਥਾਂ ਵਿਚ ਅਵਦਾਨ ਪਰੰਪਰਾ ਤੋਂ ਚਲੀ ਆ ਰਹੀ ਉਹ ਲੋਕ-ਕਹਾਣੀ ਹੈ ਜੋ ਕਿਸੇ ਇਤਿਹਾਸਕ ਵਿਅੱਕਤੀ, ਸਥਾਨ ਜਾਂ ਘਟਨਾ ਨਾਲ ਸੰਬੰਧਿਤ ਹੈ ਅਤੇ ਜਿਸ ਨੂੰ ਲੋਕ-ਪ੍ਰਤਿਸ਼ਠਾ ਪ੍ਰਾਪਤ ਹੈ । ਡਾ: ਕਰਨੈਲ ਸਿੰਘ ਥਿੰਦ ਨੇ ਚੰਗੇ ਮੰਦੇ ਕਰਮਾਂ ਦੇ ਫਲ ਬਾਰੇ ਕਥਾਵਾਂ, ਧਰਮ ਖ਼ਾਤਰ ਕੁਰਬਾਨੀ ਦੇਣ ਵਾਲੇ ਸੂਰਬੀਰਾਂ ਦੇ ਬਿਰਤਾਂਤ ਅਤੇ ਮਹਾਤਮਾ ਪੁਰਸ਼ਾਂ ਦੇ ਜੀਵਨ ਚਰਿੱਤ੍ਰ ਅਥਵਾ ਉਨ੍ਹਾਂ ਸਬੰਧੀ ਸਾਖੀਆਂ ਦੇ ਸੰਕਲਨ ਨੂੰ ਅਵਦਾਨ ਕਹਿਆ ਹੈ । (ਲੋਕਯਾਨ, ਪੰਨਾ 94) ਪੰਜਾਬੀ ਵਿਚ ਇਸ ਤਰ੍ਹਾਂ ਦੇ ਅਵਦਾਨਾਂ ਨੂੰ ਸਾਖੀ ਕਿਹਾ ਜਾਂਦਾ ਹੈ । (ਵੇਖੋ : ਸਾਖੀ)

ਬੋਧ ਸਾਹਿੱਤ ਵਿਚ ਜਾਤਕ ਤੇ ਅਵਦਾਨ ਸ਼ਬਦ ਆਮ ਪ੍ਰਚਲਤ ਹਨ । ਜਾਤਕ ਦਾ ਚਰਿਤ੍ਰ ਤੇ ਸਰੂਪ ਅਵਦਾਨਾਂ ਨਾਲੋਂ ਭਿੰਨ ਹੈ । ਜਾਤਕ ਮਹਾਤਮਾ ਬੁਧ ਦੇ ਪੂਰਬਲੇ ਜਨਮ ਦੀਆਂ ਕਥਾਵਾਂ ਹਨ, ਜਿਨ੍ਹਾਂ ਵਿਚ ਬੁਧ ਨੂੰ ਹੀ ਕਿਸੇ ਪੂਰਬਲੇ ਜਨਮ ਵਿਚ ਪ੍ਰਧਾਨ ਪਾਤਰ ਦੇ ਰੂਪ ਵਿਚ ਰੂਪਮਾਨ ਕੀਤਾ ਗਿਆ ਹੈ, ਪਰ ਅਵਦਾਨਾਂ ਵਿਚ ਬੁਧ ਦੇ ਉਪਾਸ਼ਕਾਂ ਵਿਚੋਂ ਖ਼ਾਸ ਵਿਅੱਕਤੀਆਂ ਦੇ ਆਦਰਸ਼ਕ ਚਰਿਤ੍ਰਾਂ ਦਾ ਉਲੇਖ ਹੈ । ਇਸ ਸ਼੍ਰੇਣੀ ਦਾ ਪ੍ਰਸਿਧ ਬੋਧੀ ਗ੍ਰੰਥ 'ਅਵਦਾਨ ਸ਼ਤਕ' ਹੈ ਜਿਸ ਵਿਚ ਦਸ ਵਰਗਾਂ ਵਿਚ ਦਸ ਦਸ ਕਥਾਵਾਂ ਦਿਤੀਆਂ ਗਈਆਂ ਹਨ । ਇਹ ਕਥਾਵਾਂ ਹੀਨਯਾਨੀ ਫ਼ਿਰਕੇ ਦੇ ਲੋਕਾਂ ਦੀਆਂ ਕ੍ਰਿਤ ਹਨ ।

ਮਹਾਯਾਨੀ ਸਿਧਾਂਤਾਂ ਉਤੇ ਆਧਾਰਤ ਕਥਾਵਾਂ 'ਦਿਵਯਾਵਦਾਨ' ਵਿਚ ਮਿਲਦੀਆਂ ਹਨ। ਇਸ ਗ੍ਰੰਥ ਦੇ ਕੁਝ ਅਵਦਾਨ ਅਸ਼ੋਕ ਨਾਲ ਸੰਬੰਧਿਤ ਹੋਣ ਕਰ ਕੇ 'ਅਸ਼ੋਕਾਵਦਾਨ' ਦੇ ਨਾਂ ਨਾਲ ਵੀ ਪ੍ਰਸਿਧ ਹਨ। ਅਸ਼ੋਕ ਦੇ ਪੁੱਤਰ ਕੁਨਾਲ ਦੀ ਕਰੁਣਾ ਕਥਾ ਇਸੇ ਗ੍ਰੰਥ ਵਿਚ ਮਿਲਦੀ ਹੈ। ਇਹੋ ਕਥਾ ਮੱਧਕਾਲੀਨ ਯੁਗ ਦੀਆਂ ਦੋ ਕਥਾਵਾਂ – ਟੁੰਡੇ ਅਸਰਾਜ ਤੇ ਪੂਰਨ ਭਗਤ ਦੀ ਪੂਰਵਜ ਜਾਪਦੀ ਹੈ। ਕੁਨਾਲ ਦਾ ਅਵਦਾਨ ਧਨੀ ਪੋਠੋਹਾਰ ਦੇ ਪਿੰਡਾਂ ਵਿਚ ਬੜਾ ਲੋਕ-ਪ੍ਰਿਅ ਹੈ।

ਅਵਦਾਨਾਂ ਵਿਚ ਤੱਥ ਤੇ ਮਿੱਥ ਦਾ ਸੁਮੇਲ ਹੁੰਦਾ ਹੈ। ਇਸੇ ਲਈ ਇਸ ਨੂੰ ਇਤਿਹਾਸ ਦਾ ਵਿਕ੍ਰਿਤ ਰੂਪ ਕਿਹਾ ਜਾਂਦਾ ਹੈ। ਇਤਿਹਾਸਕ ਵਿਅੱਕਤੀ ਤੇ ਘਟਨਾਵਾਂ ਲੋਕ-ਪ੍ਰਵਾਹ ਵਿਚ ਰਚ ਕੇ ਇਕ ਨਵਾਂ ਸਰੂਪ ਗ੍ਰਹਿਣ ਕਰ ਲੈਂਦੀਆਂ ਹਨ। ਇਤਿਹਾਸਕ ਤੱਥ ਰੀੜ੍ਹ ਦੀ ਹੱਡੀ ਵਾਂਗ ਅੰਸ਼-ਮਾਤ੍ਰ ਹੀ ਹੁੰਦਾ ਹੈ। ਬਾਕੀ ਸਾਰੀ ਸਾਮੱਗਰੀ ਲੋਕ-ਚਿੱਤ ਵਿਚੋਂ ਨਿਮੀ ਹੁੰਦੀ ਹੈ ਤੇ ਉਸ ਦਾ ਆਧਾਰ ਲੋਕ-ਤੱਤ ਤੇ ਕਥਾਨਿਕ ਰੂੜ੍ਹੀਆਂ ਹੁੰਦੀਆਂ ਹਨ। ਅਵਦਾਨਾਂ ਵਿਚਲੇ ਕਲਪਿਤ ਅੰਸ਼ਾਂ ਨੂੰ ਵੀ ਲੋਕ-ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਵਿਅੱਕਤੀ ਅਵਦਾਨਾਂ ਵਿਚ ਇਤਿਹਾਸਕ ਜਾਂ ਅਰਧ-ਇਤਿਹਾਸਕ ਪੁਰਸ਼ਾਂ ਨੂੰ ਪੁਰਾਣ-ਪੁਰਸ਼ਾਂ ਦੇ ਅਲੌਕਿਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਰਾਜਾ ਸਲਵਾਨ, ਰਾਜਾ ਰਸਾਲੂ, ਵਿਕਰਮਾਦਿਤੀਆ ਆਦਿ। ਕੁਝ ਅਵਦਾਨ ਸਥਾਨ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਭੂਗੋਲਿਕ ਖ਼ਾਸੀਅਤ, ਕਿਸੇ ਪਿੰਡ ਤੇ ਨਗਰ ਦੇ ਨਾਂ ਦੀ ਵਿਲਖਣਤਾ ਜਾਂ ਕਿਸੇ ਰੀਤ ਰਵਾਜ ਦੀ ਵਿਆਖਿਆ ਪੇਸ਼ ਕੀਤੀ ਜਾਂਦੀ ਹੈ। ਸਥਾਨਕ ਅਵਦਾਨਾਂ ਦਾ ਚਰਿੱਤ੍ਰ ਵਿਆਖਿਆਤਮਕ ਹੁੰਦਾ ਹੈ।

ਹਿੰਦੀ ਵਿਚ ਅਵਦਾਨ ਸ਼ਬਦ ਅੰਗ੍ਰੇਜ਼ੀ ਸ਼ਬਦ 'ਲੈਜੰਡ' ਦੇ ਸਮਾਨਾਰਥਕ ਵਰਤਿਆ ਜਾਂਦਾ ਹੈ। ਪੰਜਾਬੀ ਵਿਚ ਇਸੇ ਅਰਥ-ਬੋਧ ਵਿਚ ਇਸ ਸ਼ਬਦ ਦਾ ਪ੍ਰਯੋਗ ਡਾ: ਥਿੰਦ ਨੇ ਕੀਤਾ ਹੈ। ਪਰ ਪੰਜਾਬੀ ਵਿਚ ਅਵਦਾਨ ਲਈ ਪਰੰਪਰਾ ਤੋਂ ਦੰਦ-ਕਥਾ ਜਾਂ ਸਾਖੀ ਸ਼ਬਦ ਦਾ ਪ੍ਰਯੋਗ ਹੋ ਰਿਹਾ ਹੈ। ਦੰਦ-ਕਥਾ ਵਿਚ ਲੈਜੰਡ ਦੀ ਭਾਵਨਾ ਪੂਰੀ ਤਰ੍ਹਾਂ ਸੁਰਜੀਤ ਹੈ। ਇਸ ਲਈ ਇਸ ਵੰਨਗੀ ਦੀਆਂ ਕਥਾਵਾਂ ਦੀ ਪਰਿਭਾਸ਼ਾ, ਸੁਭਾਵ, ਸਰੂਪ ਤੇ ਵਿਸ਼ੇਸ਼ਤਾ ਉਤੇ ਵਿਚਾਰ 'ਦੰਦ-ਕਥਾ' ਦੇ ਸਿਰਲੇਖ ਹੇਠ ਕੀਤੀ ਗਈ ਹੈ। (ਵੇਖੋ : ਦੰਦ-ਕਥਾ)

(ਅ-505) **ਅਵਧੂਤ :**

ਉਹ ਸਾਧੂ ਸੰਤ ਜੋ ਸੰਸਾਰਕ ਕਿਰਿਆ ਤੇ ਕਰਮ-ਖੇਤਰ ਤੋਂ ਨਿਰਲੇਪ ਰਹੇ। ਅਵਧੂਤ ਦਾ ਸ਼ਾਬਦਿਕ ਅਰਥ 'ਝਾੜਨਾ' ਹੈ। ਅਵਧੂਤ ਉਹ ਵਿਰਕਤ ਹੈ ਜਿਸ ਨੇ ਜੀਵਨ ਵਿਚੋਂ ਵਿਕਾਰਾਂ ਨੂੰ ਝਾੜ ਸੁਟਿਆ ਹੋਵੇ। ਅਵਧੂਤ ਸਾਧੂ ਵੈਸ਼ਨਵ, ਸ਼ੈਵ ਤੇ ਜੋਗ ਤਿੰਨਾਂ ਮਤਾਂ ਵਿਚ ਮਿਲਦੇ ਹਨ। ਵੈਸ਼ਨਵ ਸੰਪਰਦਾਇ ਦੇ ਅਵਧੂਤ ਰਾਮਾਨੰਦ ਦੇ ਅਨੁਯਾਈ ਹਨ। ਰਾਮਾਨੰਦ ਨੇ ਖ਼ੁਦ ਆਪਣਿਆਂ ਚੇਲਿਆਂ ਨੂੰ ਅਵਧੂਤ ਦੀ ਉਪਾਧੀ ਬਖ਼ਸ਼ੀ ਸੀ ਕਿਉਂ ਜੋ ਉਨ੍ਹਾਂ ਨੇ ਆਪਣੇ ਜੀਵਨ ਵਿਚ ਜਾਤ-ਪਾਤ ਤੇ ਊਚ-ਨੀਚ ਦੇ ਬੰਧਨ ਝਾੜ ਸੁਟੇ ਸਨ (ਇਨਸਾਈਕਲੋਪੀਡੀਆ. 10,570)। ਰਾਮਾਨੰਦ ਅਨੁਸਾਰ ਅਸਲੀ ਅਵਧੂਤ ਉਹ ਹੈ ਜੋ ਸਭ ਵਿਤਕਰੇ ਵਿਖੇਵੇਂ ਤਿਆਗ ਕੇ ਇਕੋ ਹਰੀ ਵਿਚ ਲੀਨ ਰਹੇ :

ਜਾਤੀ ਪਾਤੀ ਪੁਛੇ ਨਹਿ ਕੋਇ
ਹਰਿ ਕੋ ਭਜੇ ਸੋ ਹਰਿ ਕਾ ਹੋਇ।

ਵੈਸ਼ਨਵ ਅਵਧੂਤ ਤਿਆਗੀ ਤੇ ਬ੍ਰਹਮਚਾਰੀ ਹੁੰਦੇ ਹਨ। ਇਹ ਕਿਸੇ ਇਕ ਥਾਂ ਆਸਨ ਲਗਾ ਕੇ ਨਹੀਂ ਬੈਠਦੇ। ਕਈ ਅਵਧੂਤ ਤਾਂ ਰਾਤ ਵੇਲੇ ਬਿਨਾਂ ਵਿਛੌਣਾ ਵਿਛਾਏ ਮਿੱਟੀ ਘਟੇ ਵਿਚ ਹੀ ਲੇਟ ਜਾਂਦੇ ਹਨ ਤੇ ਅਗਲੇ ਦਿਨ ਮਿੱਟੀ ਝਾੜ ਕੇ ਅੱਗੇ ਤੁਰ ਪੈਂਦੇ ਹਨ। ਅਵਧੂਤ ਪਿੰਡੇ ਉਤੇ ਬਿਭੂਤ ਮਲਦੇ ਅਤੇ ਭਿੱਛਿਆ ਮੰਗ ਕੇ ਪੇਟ ਭਰਦੇ ਹਨ। ਕਈ ਅਵਧੂਤ ਇਕਤਾਰਾ ਵਜਾ ਕੇ ਭਿੱਛਿਆ ਮੰਗਦੇ ਹਨ।

ਸ਼ੈਵਮੱਤ ਦੇ ਅਵਧੂਤ, ਸ਼ਿਵਜੀ ਦੀ ਉਪਾਸ਼ਨਾ, ਮਹਾਂਦੇਵ ਜਾਂ ਭੈਰੋਂ ਦੇ ਰੂਪ ਵਿਚ ਕਰਦੇ ਹਨ। ਪਰ ਕਈ ਅਵਧੂਤ ਹਨੂੰਮਾਨ ਦੇ ਭਗਤ ਵੀ ਹਨ। ਇਹ ਸਾਧੂ ਅਧਨੰਗੇ ਵਿਚਰਦੇ ਅਥਵਾ ਲੰਗੋਟੀ ਤੋਂ ਬਗ਼ੈਰ ਹੋਰ ਕੋਈ ਕਪੜਾ ਨਹੀਂ

ਪਹਿਨਦੇ ਅਤੇ ਪਿੰਡੇ ਉਤੇ ਭਸਮ ਮਲਦੇ ਤੇ ਜਟਾਂ ਰਖਦੇ ਹਨ। ਰਾਤ ਨੂੰ ਭੋਇੰ ਉਤੇ ਹੀ ਲੇਟਦੇ ਹਨ, ਸਰਦੀਆਂ ਵਿਚ ਧੂਣੀ ਧੁਖਾਂਦੇ ਹਨ। ਇਹ ਸਾਧੂ ਕਿਸੇ ਖ਼ਾਸ ਕਰਮ ਕਾਂਡ ਤੇ ਰਹੁ-ਰੀਤੀ ਵਿਚ ਵਿਸ਼ਵਾਸ਼ ਨਹੀਂ ਕਰਦੇ ਤੇ ਸੁਭਾ ਦੇ ਬੜੇ ਕਠੋਰ ਹੁੰਦੇ ਹਨ।

ਸ਼ੈਵ ਸੰਪ੍ਰਦਾਇ ਦੇ ਸਾਧੂਆਂ ਤੇ ਅਵਧੂਤਾਂ ਨੂੰ 'ਅਤੀਤ' ਵੀ ਕਿਹਾ ਜਾਂਦਾ ਹੈ। ਪਰ ਇਹ ਸ਼ਬਦ ਵੈਸ਼ਨਵ ਅਵਧੂਤਾਂ ਲਈ ਨਹੀਂ ਵਰਤਿਆ ਜਾਂਦਾ। ਸ਼ੈਵ ਮੱਤ ਦੇ ਦਸਨਾਮੀ ਸਾਧੂਆਂ ਦੀਆਂ ਸਾਢੇ ਤਿੰਨ ਸ਼ਾਖ਼ਾਂ ਡੰਡਾ ਧਾਰਨ ਕਰਦੀਆਂ ਹਨ ਅਤੇ ਸ਼ੰਕਰਾਚਾਰੀਆ ਦੇ ਸਿਧਾਂਤ ਨੂੰ ਪੂਰਨ ਰੂਪ ਵਿਚ ਗ੍ਰਹਿਣ ਕਰਦੀਆਂ ਹਨ, ਪਰ ਬਾਕੀ ਸਾਢੇ ਛੇ ਸ਼ਾਖ਼ਾਂ — ਵਨ, ਅਰਣਯ, ਪੁਰੀ, ਗਿਰੀ, ਪਰਵਤ, ਸਾਗਰ ਅਤੇ ਅਧੇ ਭਾਰਤੀ ਨੇ ਭਾਵੇਂ ਆਪਣਾ ਧਾਰਮਿਕ ਚਰਿਤ੍ਰ ਕਾਇਮ ਰਖਿਆ ਹੈ,ਪਰ ਉਹ ਕਟੜਪੰਥੀ ਤੇ ਰੀਤੀਬਧ ਨਹੀਂ। ਇਨ੍ਹਾਂ ਨੂੰ 'ਅਤੀਤ' ਵੀ ਕਿਹਾ ਜਾਂਦਾ ਹੈ। ਇਹ ਸੰਨਿਆਸੀ ਡੰਡੀਆਂ ਵਾਂਗ ਡੰਡਾ ਧਾਰਨ ਨਹੀਂ ਕਰਦੇ। ਇਨ੍ਹਾਂ ਵਿਚੋਂ ਕਈ ਬ੍ਰਹਮਚਾਰੀ ਹਨ ਤੇ ਕਈ ਘਰਬਾਰੀ। ਇਹ ਸਾਧੂ ਗੇਰੂਏ ਕਪੜੇ ਪਹਿਨਦੇ ਤੇ ਰੁਦਰਾਖ ਦੀ ਮਾਲਾ ਧਾਰਨ ਕਰਦੇ ਹਨ। ਮਾਸ ਤੇ ਸੁਰਾ ਦਾ ਸੇਵਨ ਬਿਲਕੁਲ ਨਹੀਂ ਕਰਦੇ। (ਇਨਸਾਈਕਲੋਪੀਡੀਆ. 2,195)

ਜੋਗੀ ਗੋਰਖਨਾਥ ਨੂੰ ਨਮੂਨੇ ਦਾ ਵਸ਼ਿਸ਼ਟ ਅਵਧੂਤ ਮੰਨਦੇ ਹਨ ਅਤੇ 'ਗੋਰਖ ਬੋਧ' ਵਿਚ ਗੋਰਖ ਨਾਥ ਨੂੰ ਮਛੰਦਰ ਵਾਰ ਵਾਰ ਅਵਧੂਤ ਕਹਿ ਕੇ ਸੰਬੋਧਨ ਕਰਦਾ ਹੈ।

'ਮਹਾਂ ਨਿਰਵਾਣ ਤੰਤ੍ਰ' ਗ੍ਰੰਥ ਵਿਚ ਚਾਰ ਪ੍ਰਕਾਰ ਦੇ ਅਵਧੂਤ ਮੰਨੇ ਗਏ ਹਨ। (ੳ) ਬ੍ਰਹਮ ਅਵਧੂਤ — ਜੋ ਕਿਸੇ ਵਰਣ ਆਸ਼ਰਮ ਨਾਲ ਸੰਬੰਧਿਤ ਨਾ ਹੋਵੇ। (ਅ) ਸ਼ੈਵ ਅਵਧੂਤ — ਜਿਸ ਨੇ ਵਿਧੀ ਪੂਰਵਕ ਸੰਨਿਆਸ ਧਾਰਨ ਕੀਤਾ ਹੋਵੇ। (ੲ) ਵੀਰ ਅਵਧੂਤ — ਜਿਸ ਨੇ ਸਰੀਰ ਉਤੇ ਭਸਮ ਜਾਂ ਰਕਤ ਚੰਦਨ ਮੱਲਿਆ ਹੋਵੇ, ਗਲ ਵਿਚ ਰੁਦਰਾਖ ਦੀ ਮਾਲਾ ਅਤੇ ਸਿਰ ਉਤੇ ਜਟਾਂ ਧਾਰਨ ਕੀਤੀਆਂ ਹੋਣ ਅਤੇ ਹੱਥ ਵਿਚ ਡੰਡਾ ਜਾਂ ਡਮਰੂ ਰਖਦਾ ਹੋਵੇ। (ਸ) ਕੁਲ ਅਵਧੂਤ — ਜੋ ਗ੍ਰਹਿਸਤ ਆਸ਼ਰਮ ਦਾ ਧਾਰਨੀ ਹੋਵੇ।

(ਅ-506) **ਅਵਧੂਤਨੀ** :

ਸੰਨਿਆਸ ਧਾਰਨ ਕਰਨ ਵਾਲੀਆਂ ਇਸਤ੍ਰੀਆਂ ਦੀ ਇਕ ਸੰਪ੍ਰਦਾਇ; ਇਸ ਸੰਪ੍ਰਦਾਇ ਦਾ ਮੁਢ ਇਕ ਸੰਨਿਆਸਣ ਗੰਗਾ ਗਿਰੀ ਤੋਂ ਮੰਨਿਆ ਜਾਂਦਾ ਹੈ। ਅਵਧੂਤਨੀਆਂ ਸਰੀਰ ਉਤੇ ਭਸਮ ਮਲਦੀਆਂ, ਹੱਥ ਵਿਚ ਡੰਡਾ ਧਾਰਨ ਕਰਦੀਆਂ ਤੇ ਮਰਦਾਵੇਂ ਲਿਬਾਸ ਵਿਚ ਵਿਚਰਦੀਆਂ ਹਨ। ਅਵਧੂਤਨੀ ਦਾ ਅਵਧੂਤ ਨਾਲ ਕੋਈ ਸਬੰਧ ਨਹੀਂ ਹੁੰਦਾ। ਅਵਧੂਤਨੀ ਗੁਰ-ਦੀਖਿਆ ਵੀ ਅਵਧੂਤਨੀ ਤੋਂ ਹੀ ਲੈਂਦੀ ਹੈ। ਸੰਨਿਆਸੀ ਅਵਧੂਤਨੀ ਨੂੰ ਆਪਣੇ ਬਰਾਬਰ ਦਾ ਦਰਜਾ ਨਹੀਂ ਦੇਂਦੇ, ਸਗੋਂ ਅਵਧੂਤਨੀ ਨੂੰ ਆਪਣੀ ਸੰਗਤ ਤੇ ਪੰਗਤ ਵਿਚ ਬੈਠਣ ਦੀ ਆਗਿਆ ਵੀ ਨਹੀਂ ਦੇਂਦੇ।

(ਅ-507) **ਅਵਧੂਤੇਸ਼ਵਰ** :

ਸ਼ਿਵ ਦਾ ਇਕ ਭਿਆਨਕ ਰੂਪ; ਸ਼ਿਵ ਪੁਰਾਣ ਅਨੁਸਾਰ ਸ਼ਿਵ ਨੇ ਬ੍ਰਿਹਸਪਤੀ ਅਤੇ ਇੰਦਰ ਦੀ ਪ੍ਰੀਖਿਆ ਲਈ ਇਹ ਰੂਪ ਧਾਰਨ ਕੀਤਾ ਸੀ। ਇਕ ਵਾਰ ਬ੍ਰਿਹਸਪਤੀ ਤੇ ਇੰਦਰ ਦੇਵ ਸ਼ਿਵ ਦੇ ਦਰਸ਼ਨ ਲਈ ਤੁਰ ਪਏ। ਸ਼ਿਵ ਨੇ ਅਵਧੂਤੇਸ਼ਵਰ ਦਾ ਰੂਪ ਧਾਰ ਕੇ ਉਨ੍ਹਾਂ ਦਾ ਰਾਹ ਰੋਕ ਲਿਆ। ਇਸ ਉਤੇ ਇੰਦਰ ਨੇ ਅਵਧੂਤੇਸ਼ਵਰ ਉਪਰ ਆਪਣੇ ਵਜਰ ਦਾ ਪ੍ਰਯੋਗ ਕੀਤਾ ਜਿਸ ਨੂੰ ਸ਼ਿਵ ਨੇ ਰੋਕ ਲਿਆ। ਐਨ ਉਸੇ ਛਿਣ ਸ਼ਿਵ ਦੇ ਜਿਸਮ ਵਿਚੋਂ ਅਗਨੀ ਨਿਕਲੀ, ਪਰ ਬ੍ਰਹਸਪਤੀ ਦੇ ਪ੍ਰਾਰਥਨਾ ਕਰਨ ਉਤੇ ਉਹ ਅਗਨੀ ਸ਼ਾਂਤ ਹੋ ਗਈ।

(ਅ-508) **ਅਵਾਜ਼ਾਂ** :

ਇਕ ਲੋਕ-ਕਾਵਿ ਜੋ ਸੱਦਾਂ ਦਾ ਹੀ ਇਕ ਰੂਪ ਹੈ। ਸੱਦਾਂ ਤੇ ਅਵਾਜ਼ਾਂ ਮੂਲ ਵਿਚ ਵਾਰ-ਕਾਵਿ ਰੂਪ ਦੀ ਹੀ ਵੰਸ਼ ਹਨ। ਮੱਧਕਾਲ ਵਿਚ ਜਦੋਂ ਪੰਜਾਬੀਆਂ ਨੂੰ ਨਿਤ ਨਵੇਂ ਧਾੜਵੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਤਾਂ ਉਹ ਵਾਰਾਂ

ਤੋਂ ਬਿਨਾਂ ਸੱਦਾਂ ਤੇ ਅਵਾਜ਼ਾਂ ਦਾ ਵੀ ਗਾਇਨ ਕਰਦੇ ਸਨ। ਸੱਦਾਂ ਉਹ ਸ਼ਹੀਦ ਹੋ ਗਏ ਵੀਰ ਯੋਧਿਆਂ ਦੀ ਸਿਮਰਤੀ ਵਿਚ ਗਾਉਂਦੇ ਸਨ ਜਿਨ੍ਹਾਂ ਦੀ ਰੂਹ ਨੂੰ ਉਹ ਮੁੜ ਆਪਣੇ ਵਿਚ ਸੁਰਜੀਤ ਕਰਨਾ ਲੋਚਦੇ ਸਨ ਅਤੇ ਅਵਾਜ਼ਾਂ ਆਤਮ-ਅਭਿਮਾਨ ਤੇ ਹਉਂ-ਜਾਗ੍ਰਤੀ ਲਈ। ਸੱਦਾਂ ਲੰਮੀ ਹੇਕ ਵਿਚ ਗਾਈਆਂ ਜਾਂਦੀਆਂ ਸਨ ਤੇ ਅਵਾਜ਼ਾਂ ਖੜਕਵੇਂ ਲਹਿਜੇ ਵਿਚ। ਸੱਦਾਂ ਵਿਚ ਕਿਸੇ ਮਰ ਗਏ ਸੂਰਬੀਰ ਦੀ ਕੀਰਤੀ ਤੇ ਜਸ ਹੁੰਦਾ ਹੈ ਪਰ ਅਵਾਜ਼ਾਂ ਵਿਚ ਆਪਣਾ ਨਿਜੀ ਜਾਂ ਜਾਤੀ ਦਾ ਅਭਿਮਾਨ ਬੋਲ ਰਿਹਾ ਹੁੰਦਾ ਹੈ। ਇਹ ਕਾਵਿ ਸੁਣਨ ਵਾਲਿਆਂ ਵਿਚ ਅਹੰਗ ਭਾਵ ਤੇ ਨਿਹੰਗਤਾ ਲਿਆਂਦੀ ਹੈ। ਅਵਾਜ਼ਾਂ ਵਿਚ ਪੰਜਾਬੀਆਂ ਦਾ ਕੌਮੀ ਚਰਿੱਤ੍ਰ ਬਹੁਤ ਸੁਹਣਾ ਉਭਰਿਆ ਹੈ। ਪੁਰਾਣੀਆਂ ਅਵਾਜ਼ਾਂ ਦੇ ਨਮੂਨੇ ਤਾਂ ਅੱਜ ਕਲ੍ਹ ਉਪਲਬਧ ਨਹੀਂ। ਹੇਠਲੇ ਟੱਪੇ ਵਿਚ ਅਵਾਜ਼ਾਂ ਦੀ ਭਾਵਨਾ ਪੂਰੀ ਤਰ੍ਹਾਂ ਵਿਦਮਾਨ ਹੈ :—

ਅਸੀਂ ਗਭਰੂ ਦੇਸ਼ ਪੰਜਾਬ ਦੇ
ਹਿਕਾਂ ਰਖਦੇ ਤਣੀਆਂ
ਕੱਠੇ ਹੋ ਕੇ ਪਾਈਏ ਬੋਲੀਆਂ,
ਮੁੱਛਾਂ ਰਖਦੇ ਖੜੀਆਂ
ਰਲ ਮਿਲ ਕੇ ਭੰਗੜਾ ਪਾਉਂਦੇ,
ਕਦੇ ਨਾ ਸਹਿੰਦੇ ਤੜੀਆਂ
ਐਰ ਗੈਰ ਨਾਲ ਗੱਲ ਨਹੀਂ ਕਰਦੇ,
ਵਿਆਹ ਕੇ ਲਿਆਉਂਦੇ ਪਰੀਆਂ
ਵੇਲਾਂ ਧਰਮ ਦੀਆਂ
ਵਿਚ ਦਰਗਾਹ ਦੇ ਹਰੀਆਂ।

ਇਸੇ ਤਰ੍ਹਾਂ ਦੀ ਭਾਵਨਾ ਦਾ ਇਕ ਹੋਰ ਟੱਪਾ ਹੇਠਾਂ ਦੇਂਦੇ ਹਾਂ। ਪੰਜਾਬ ਦੇ ਅਨੇਕਾਂ ਪਿੰਡਾਂ ਬਾਰੇ ਅਜਿਹੇ ਟੱਪੇ ਮਿਲਦੇ ਹਨ :—

ਸਾਡੇ ਪਿੰਡ ਦੇ ਮੁੰਡੇ ਵੇਖ ਲਓ,
ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ,
ਪਿੰਜਣੀ ਨਾਲ ਸੁਹਾਵੇ
ਦੂਧਾ ਕਾਸ਼ਨੀ ਬੰਨ੍ਹਦੇ ਸਾਫ਼ੇ,
ਉਡਿਆ ਕਬੂਤਰ ਜਾਵੇ
ਮਲਮਲ ਦੇ ਤਾਂ ਕੁੜਤੇ ਸੋਂਹਦੇ,
ਬਗਲਾ ਤਲਾਅ ਵਿਚ ਨਹਾਵੇ
ਭੰਗੜਾ ਪਾਉਂਦੇ ਮੁੰਡਿਆਂ ਦੀ,
ਸਿਫ਼ਤ ਕਹੀ ਨਾ ਜਾਵੇ।

ਇਹ ਅਹੰ ਭਾਵ ਪੰਜਾਬੀ ਚਰਿੱਤ੍ਰ ਵਿਚ ਦ੍ਰਿਸ਼ਟਮਾਨ ਹੈ ਜੋ 'ਅਵਾਜ਼ਾਂ' ਦੇ ਕਾਵਿ ਰੂਪ ਵਿਚ ਨਿਹੰਗਤਾ ਨਾਲ ਰੂਪਮਾਨ ਹੋਇਆ ਹੈ। (ਵੇਖੋ : ਸੱਦ)

(ਅ-509) **ਅਵਾਣ** :

ਮੁਸਲਮਾਨਾਂ ਦੀ ਇਕ ਪ੍ਰਸਿਧ ਜਾਤੀ; ਅਵਾਣਾਂ ਨੇ ਪੰਜਾਬ ਦੇ ਰਾਜਨੀਤਕ ਤੇ ਸਭਿਆਚਾਰਕ ਜੀਵਨ ਵਿਚ ਮਹੱਤਵਪੂਰਣ ਹਿੱਸਾ ਪਾਇਆ। ਪੰਜਾਬੀ ਬੋਲੀ ਦੀ ਇਕ ਉਪ-ਭਾਖਾ 'ਅਵਾਣਕਾਰੀ' ਦਾ ਨਾਂ ਇਸੇ ਕਬੀਲੇ ਦੇ ਨਾਂ ਉਤੇ ਪਿਆ। ਪੂਰਬੀ ਤੇ ਪੱਛਮੀ ਦੋਹਾਂ ਪੰਜਾਬਾਂ ਵਿਚ ਕੁਝ ਭੂਗੋਲਿਕ ਖੇਤਰ ਅਜਿਹੇ ਮਿਲਦੇ ਹਨ ਜਿਨ੍ਹਾਂ ਦੇ ਨਾਂ ਇਸੇ ਕਬੀਲੇ ਦੇ ਨਾਂ ਉਤੇ ਅਵਾਣਕਾਰੀ ਪ੍ਰਸਿਧ ਹੋਏ। ਸਿੰਧ ਸਾਗਰ ਦੁਆਬ ਦਾ ਇਕ ਵਿਸ਼ੇਸ਼ ਖੇਤਰ ਜੋ ਜ਼ਿਲਾ ਅਟਕ ਵਿਚ ਹੈ 'ਅਵਾਣਕਾਰੀ' ਦੇ ਨਾਂ ਨਾਲ ਪ੍ਰਸਿਧ ਹੈ। ਇਸ ਖੇਤਰ ਵਿਚ ਗਰੀਅਰਸਨ (ਗਰੀਅਰਸਨ ਔਨ ਪੰਜਾਬੀ, 435) ਅਨੁਸਾਰ ਤਲਾਗੰਗ ਦੀ ਸਾਰੀ ਤਹਿਸੀਲ ਅਤੇ ਪਿੰਡੀ ਘੇਬ ਤਹਿਸੀਲ ਦਾ ਵਿਚਕਾਰਲਾ ਭਾਗ ਜੋ ਸੁਆਂ ਦਰਿਆ ਤੋਂ ਕਾਲਾ-ਚਿੱਟਾ ਪਹਾੜੀ ਸਿਲਸਲੇ ਤਕ ਹੈ, ਸ਼ਾਮਲ ਹੈ। ਇਹ ਖੇਤਰ ਅਵਾਣਾਂ ਦੇ ਅਧਿਕਾਰ ਹੇਠ ਕਾਫ਼ੀ ਸਮੇਂ ਤਕ ਰਿਹਾ ਜਿਸ ਕਰ ਕੇ ਅਵਾਣਕਾਰੀ ਦੇ ਨਾਂ ਨਾਲ ਪ੍ਰਸਿਧ ਹੋਇਆ। ਜਲੰਧਰ ਗਜ਼ਟੀਅਰ (ਪੰਨਾ 85) ਅਨੁਸਾਰ ਜਲੰਧਰ ਸ਼ਹਿਰ ਦੇ ਕੁਝ ਮੀਲ ਦੂਰ ਦੱਖਣ ਵਲ ਇਕ ਇਲਾਕੇ ਦਾ ਨਾਂ ਵੀ ਅਵਾਣਕਾਰੀ ਹੈ। ਇਥੇ ਅਵਾਣ ਕਬੀਲੇ ਦੇ ਲੋਕ ਕਦੇ ਭਾਰੀ ਗਿਣਤੀ ਵਿਚ ਰਹਿੰਦੇ ਰਹੇ। ਦੇਸ਼ ਦੀ ਵੰਡ ਪਿਛੋਂ, ਵਸੋਂ ਦੇ ਤਬਾਦਲੇ ਕਾਰਨ ਪੂਰਬੀ ਪੰਜਾਬ ਵਿਚੋਂ ਅਵਾਣ ਪਾਕਿਸਤਾਨ ਚਲੇ ਗਏ।

'ਅਵਾਣ' ਸ਼ਬਦ ਅਰਬੀ ਦੇ ਸ਼ਬਦ 'ਔਨ' ਦੇ ਬਹੁ-ਵਚਨ 'ਅਅਵਾਣ' ਦਾ ਅਪਭ੍ਰੰਸ਼-ਰੂਪ ਹੈ,

ਜਿਸ ਦਾ ਅਰਥ ਹੈ — ਸਹਾਇਕ। ਅਵਾਣਾਂ ਦੇ ਮੁਢ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਏ. ਬਰੈਂਡਰਥ ਅਨੁਸਾਰ ਅਵਾਣ ਬਾਖਤਰੀ ਯੂਨਾਨੀਆਂ ਦੀ ਔਲਾਦ ਹਨ। ਜਿਨ੍ਹਾਂ ਨੂੰ ਬਲਖ ਵਿਚੋਂ ਤਤਾਰ ਧਾੜਵੀਆਂ ਨੇ ਦੱਖਣ ਵਲ ਧੱਕ ਦਿਤਾ ਤੇ ਇਹ ਹਰਾਤ ਦੇ ਰਸਤੇ ਭਾਰਤ ਵਿਚ ਸੋਲ੍ਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਜਥੇਬੰਦ ਰੂਪ ਵਿਚ ਦਾਖ਼ਲ ਹੋਏ। ਇਸ ਮੱਤ ਅਨੁਸਾਰ ਅਵਾਣ ਅਕਬਰ ਦੇ ਰਾਜ ਸਮੇਂ ਹੀ ਪੰਜਾਬ ਵਿਚ ਦਾਖ਼ਲ ਹੋਏ, ਪਰ ਇਸ ਗੱਲ ਦੇ ਇਤਿਹਾਸਕ ਸਬੂਤ ਮਿਲਦੇ ਹਨ ਕਿ ਅਵਾਣ ਪੰਜਾਬ ਵਿਚ ਮੁਗ਼ਲਾਂ ਤੋਂ ਕਈ ਸਦੀਆਂ ਪਹਿਲਾਂ ਦੇ ਵਾਸੀ ਸਨ। ਆਇਨੇ ਅਕਬਰੀ ਅਨੁਸਾਰ ਅਕਬਰ ਦੇ ਰਾਜ ਅਧਿਕਾਰ ਸਮੇਂ ਅਵਾਣਾਂ ਦਾ ਖੇਤਰ 'ਅਵਾਣਕਾਰੀ' ਦੇ ਨਾਂ ਨਾਲ ਪ੍ਰਸਿਧ ਸੀ, ਜਿਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਵਾਣ ਇਸ ਖੇਤਰ ਵਿਚ ਉਸ ਤੋਂ ਕਾਫ਼ੀ ਸਮਾਂ ਪਹਿਲਾਂ ਪਕੇ ਪੈਰੀਂ ਵਸ ਚੁਕੇ ਸਨ।

ਅਵਾਣਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਉਹ ਕੁਤਬ ਸ਼ਾਹ ਕਾਦਰੀ ਅਲਵੀ ਦੀ ਵੰਸ਼ ਵਿਚੋਂ ਹੋਣ ਕਰ ਕੇ ਅਰਬੀ ਮੁਢ ਦੇ ਹਨ। ਉਪਰ ਵਲ ਉਨ੍ਹਾਂ ਦੀ ਕੁੱਲ ਹਜ਼ਰਤ ਮੁਹੰਮਦ ਦੇ ਜਵਾਈ ਹਜ਼ਰਤ ਅਲੀ ਨਾਲ ਜਾ ਰਲਦੀ ਹੈ। ਪਰ ਕੁਤਬ ਸ਼ਾਹ ਫ਼ਾਤਮਾ ਦੀ ਵੰਸ਼ ਵਿਚੋਂ ਨਹੀਂ ਸੀ। ਉਸ ਨੂੰ ਹਜ਼ਰਤ ਅਲੀ ਦੀ ਵੰਸ਼ ਵਿਚੋਂ ਹੋਣ ਕਰ ਕੇ ਅਲਵੀ ਕਿਹਾ ਜਾਂਦਾ ਸੀ। ਇਹੋ ਕੁਤਬ ਸ਼ਾਹ ਗਿਆਰ੍ਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਹੈਰਾਤ ਵਿਚ ਰਾਜ ਕਰਦਾ ਸੀ ਤੇ ਜਦੋਂ ਮਹਿਮੂਦ ਗ਼ਜ਼ਨੀ ਨੇ ਪੰਜਾਬ ਉਤੇ ਹੱਲਾ ਬੋਲਿਆ ਤਾਂ ਕੁਤਬ ਸ਼ਾਹ ਆਪਣੇ ਲੜਕਿਆਂ ਸਮੇਤ ਉਸ ਦੇ ਨਾਲ ਹੀ ਭਾਰਤ ਆਇਆ। ਮਹਿਮੂਦ ਗ਼ਜ਼ਨੀ ਨੇ ਕੁਤਬ ਸ਼ਾਹ ਦੇ ਅਦਭੁਤ ਕਾਰਨਾਮਿਆਂ ਉਤੇ ਪ੍ਰਸੰਨ ਹੋ ਕੇ ਉਸ ਨੂੰ 'ਅਵਾਣ' ਅਥਵਾ ਸਹਾਇਕ ਦੀ ਉਪਾਧੀ ਬਖ਼ਸ਼ੀ। ਪਿਛੋਂ ਕੁਤਬ ਸ਼ਾਹ ਤੇ ਉਸ ਦੇ ਸਿਪਾਹੀ ਮਹਿਮੂਦ ਗ਼ਜ਼ਨੀ ਦੇ ਆਦੇਸ਼ ਉਤੇ ਨਿਮਕ ਦੀਆਂ ਪਹਾੜੀਆਂ ਦੇ ਆਸ ਪਾਸ ਦੇ ਖੇਤਰ ਵਿਚ ਵਸ ਗਏ। ਇਥੇ ਉਨ੍ਹਾਂ ਨੂੰ ਅਵਾਣ ਹੀ ਕਿਹਾ ਜਾਣ ਲੱਗਾ। ਕੁਤਬ ਸ਼ਾਹ ਦੇ ਛੇ ਲੜਕੇ ਵੀ ਆਸ ਪਾਸ ਦੇ ਇਲਾਕਿਆਂ ਵਿਚ ਜਾ ਵਸੇ। ਪੰਜਾਬ ਵਿਚ ਵਸਣ ਤੋਂ ਬਾਅਦ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਨ੍ਹਾਂ ਨੇ ਹਿੰਦੂ ਮੱਤ ਗ੍ਰਹਿਣ ਕਰ ਲਿਆ, ਪਰ ਕੁਝ ਚਿਰ ਪਿਛੋਂ ਇਨ੍ਹਾਂ ਨੇ ਮੁੜ ਇਸਲਾਮੀ ਮੱਤ ਧਾਰਨ ਕਰ ਲਿਆ। ਪਰ ਅਜਿਹੀਆਂ ਦੰਦ-ਕਥਾਵਾਂ ਮਨੋ-ਕਲਪਿਤ ਜਾਪਦੀਆਂ ਹਨ ਤੇ ਆਪਣਾ ਅਸਲਾ ਅਰਬੀ ਪ੍ਰਗਟ ਕਰਨ ਦੀ ਚੇਸ਼ਟਾ ਨਾਲ ਘੜੀਆਂ ਗਈਆਂ ਹਨ।

ਅਸਲ ਵਿਚ 'ਅਵਾਣ' ਭਾਰਤ ਦੇ ਪੁਰਾਣੇ ਵਸਨੀਕ ਹਨ ਤੇ ਮੁਸਲਮਾਨਾਂ ਦੇ ਹੱਲਿਆਂ ਤੋਂ ਪਹਿਲਾਂ ਦੇ ਇਥੇ ਵਸੇ ਹੋਏ ਹਨ। ਥਾਮਸਨ ਅਨੁਸਾਰ ਇਹ ਜੱਟਾਂ ਦੇ ਹੀ ਕਬੀਲੇ ਹਨ। ਇਹੋ ਵਿਚਾਰ ਸਰ ਡੇਂਜ਼ਲ ਇਬਟਸਨ ਦਾ ਹੈ। ਉਹ ਲਿਖਦਾ ਹੈ, "ਜਿਥੋਂ ਤਕ ਭਾਸ਼ਾ, ਰੀਤ ਰਵਾਜ ਤੇ ਸਰੀਰਕ ਡੀਲ ਡੌਲ ਦਾ ਸਬੰਧ ਹੈ, ਅਵਾਣ ਪੰਜਾਬ ਦੇ ਹੀ ਦੇਸੀ ਕਬੀਲੇ ਹਨ।" ਇਹੋ ਮੱਤ ਕਈ ਹੋਰ ਨਸਲੀ-ਵਿੱਦਿਆ ਦੇ ਮਾਹਿਰਾਂ ਦਾ ਹੈ। 'ਫ਼ੀਰੋਜ਼ੁਲ ਲੁਗਾਤ' ਵਿਚ ਅਵਾਣ ਕੌਮ ਨੂੰ ਰਾਜਪੂਤਾਂ ਦੀ ਇਕ ਸ਼ਾਖ਼ ਮੰਨਿਆ ਗਿਆ ਹੈ।

ਜੇ ਅਵਾਣਾਂ ਦੇ ਰੀਤ ਰਵਾਜਾਂ ਤੇ ਸਮਾਜਿਕ ਚਰਿੱਤ੍ਰ ਨੂੰ ਵਿਚਾਰਿਆ ਜਾਏ ਤਾਂ ਵੀ ਇਹ ਇਥੋਂ ਦੇ ਹੀ ਵਸਨੀਕ ਜਾਪਦੇ ਹਨ। ਇਹ ਮੁਢ ਦੇ ਹਿੰਦੂ ਹਨ ਤੇ ਪਿਛੋਂ ਇਨ੍ਹਾਂ ਨੇ ਇਸਲਾਮ ਮੱਤ ਧਾਰਨ ਕਰ ਲਿਆ। ਕਈ ਅਵਾਣ ਸਮਾਜਿਕ ਰਸਮਾਂ ਰੀਤਾਂ ਸਮੇਂ ਹੁਣ ਤਕ ਬ੍ਰਾਹਮਣਾਂ ਨੂੰ ਬੁਲਾਂਦੇ ਰਹੇ ਹਨ। ਇਨ੍ਹਾਂ ਦੇ ਭਰਮ ਵਹਿਮ ਵੀ ਹਿੰਦੂਆਂ ਨਾਲ ਮੇਲ ਖਾਂਦੇ ਹਨ। ਹਿੰਦੂਆਂ ਵਾਂਙ ਹੀ ਇਹ ਕੁਝ ਖ਼ਾਸ ਵਾਰ ਸਫ਼ਰ ਲਈ ਅਸ਼ੁਭ ਮੰਨਦੇ ਹਨ। ਭਾਦਰੋਂ ਦੇ ਮਹੀਨੇ ਗਾਂ ਤੇ ਸਾਵਣ ਦੇ ਮਹੀਨੇ ਘੋੜੀ ਦਾ ਸੂਣਾ ਚੰਗਾ ਨਹੀਂ ਜਾਣਦੇ। ਇਸੇ ਤਰ੍ਹਾਂ ਤ੍ਰਿਖਲ ਬੱਚੇ ਦਾ ਭਰਮ ਵੀ ਉਹ ਹਿੰਦੂਆਂ ਵਾਂਗ ਹੀ ਕਰਦੇ ਹਰ। ਘਰੋਂ ਬਾਹਰ ਨਿਕਲਦਿਆਂ ਜੇ ਚੂੜ੍ਹਾ ਮਿਲੇ ਤਾਂ ਚੰਗਾ ਸ਼ਗਨ ਮੰਨਦੇ ਹਨ। ਬਿੱਲੀ, ਬ੍ਰਾਹਮਣ ਜਾਂ ਮੁੱਲਾਂ ਮਿਲੇ ਤਾਂ ਅਸ਼ੁਭ ਹੈ। ਜਲੰਧਰ ਗਜ਼ਟੀਅਰ (ਪੰਨਾ 86)

ਅਨੁਸਾਰ ਅਵਾਣਾਂ ਦੇ ਵਿਆਹ ਸ਼ਾਦੀਆਂ ਉਤੇ ਚੌਕ ਪੂਰਨ ਆਦਿ ਦੀਆਂ ਕੁਝ ਹਿੰਦੂ ਰੀਤਾਂ ਅਜੇ ਵੀ ਪ੍ਰਚਲਤ ਹਨ। ਅਵਾਣਾਂ ਦੇ ਇਕ ਕਬੀਲੇ ਨਾਥੇਵਾਲਾਂ ਦੇ ਕੁੱਲ ਪ੍ਰੋਹਿਤ ਜੱਦੀ ਹਿੰਦੂ ਚਲੇ ਆਉਂਦੇ ਹਨ।

ਕਨਿੰਘਮ ਅਨੁਸਾਰ ਜੰਞੂਆ ਤੇ ਅਵਾਣ, ਦੋਵੇਂ ਕਬੀਲੇ, ਅਨੁਵਾਣ ਅਥਵਾ ਅਨੁ ਦੀ ਵੰਸ਼ ਵਿਚੋਂ ਹਨ ਤੇ ਇੰਡੋ-ਸਿਥੀਅਨ ਦੇ ਹੱਲਿਆਂ ਸਮੇਂ ਉਨ੍ਹਾਂ ਦਾ ਕਬਜ਼ਾ ਨਿਮਕ ਦੇ ਪਹਾੜਾਂ ਦੇ ਉੱਤਰ ਵਲ ਦੀ ਪੱਬੀ ਉਤੇ ਸੀ। ਇੰਡੋ-ਸਿਥੀਅਨ ਨੇ ਉਨ੍ਹਾਂ ਨੂੰ ਉਥੋਂ ਦੱਖਣੀ ਦਿਸ਼ਾ ਦੇ ਪਹਾੜਾਂ ਵਲ ਧਕ ਦਿਤਾ ਸੀ।

ਅਵਾਣ ਅੱਗੋਂ ਕਈ ਕੁੱਲ-ਕੁਟੰਬਾਂ ਵਿਚ ਵੰਡੇ ਹੋਏ ਹਨ, ਜਿਨ੍ਹਾਂ ਨੂੰ 'ਮੂਹੀ' ਕਿਹਾ ਜਾਂਦਾ ਹੈ ਤੇ ਜਿਨ੍ਹਾਂ ਦੇ ਨਾਂ ਕਿਸੇ ਸਾਂਝੇ ਵਡਿਕੇ ਦੇ ਨਾਂ ਉਤੇ ਰਖੇ ਗਏ ਹਨ। ਅਵਾਣ ਆਪਣੀਆਂ ਧੀਆਂ ਦੇ ਵਿਆਹ ਅਵਾਣਾਂ ਵਿਚ ਹੀ ਕਰਦੇ ਹਨ।

(ਅ-510) **ਅਵਾਣਕਾਰੀ** :

ਪਾਕਿਸਤਾਨੀ ਪੰਜਾਬ ਦੀ ਇਕ ਸਥਾਨਿਕ ਲੋਕ-ਬੋਲੀ, ਜੋ ਜ਼ਿਲਾ ਅਟਕ ਦੀ ਸਾਰੀ ਤਲਾਗੰਗ ਤਹਿਸੀਲ ਅਤੇ ਪਿੰਡੀ ਘੇਬ ਤਹਿਸੀਲ ਦੇ ਮੱਧ ਖੰਡ ਵਿਚ ਬੋਲੀ ਜਾਂਦੀ ਹੈ। ਇਹ ਖੇਤਰ ਸੁਆਂ ਦਰਿਆ ਤੋਂ ਕਾਲਾ-ਚਿੱਟਾ ਪਹਾੜੀ ਸਿਲਸਲੇ ਤਕ ਫੈਲਿਆ ਹੋਇਆ ਹੈ। ਇਸ ਇਲਾਕੇ ਵਿਚ ਮੱਧਕਾਲ ਵਿਚ ਕਾਫ਼ੀ ਲੰਮੇ ਅਰਸੇ ਤਕ ਅਵਾਣ ਕਬੀਲੇ ਦਾ ਗੌਰਵ ਰਿਹਾ ਜਿਸ ਤੋਂ ਇਸ ਇਲਾਕੇ ਤੇ ਬੋਲੀ ਦਾ ਨਾਂ ਅਵਾਣਕਾਰੀ ਪੈ ਗਿਆ। ਪਰੰਤੂ ਅਵਾਣਕਾਰੀ ਕੇਵਲ ਅਵਾਣ ਕਬੀਲੇ ਦੀ ਹੀ ਬੋਲੀ ਨਹੀਂ ਸੀ। ਇਸ ਖੇਤਰ ਵਿਚ ਵਸਦੇ ਗਖੜ, ਘੇਬੇ, ਅਰਾਈਂ ਆਦਿ ਤੋਂ ਇਲਾਵਾ ਦੇਸ਼ ਵੰਡ ਤੋਂ ਪਹਿਲਾਂ ਇਥੋਂ ਦੇ ਹਿੰਦੂ ਸਿੱਖ ਸਭੋ ਇਹੋ ਬੋਲੀ ਬੋਲਦੇ ਸਨ। ਅਵਾਣ ਕੌਮ ਦੇ ਲੋਕ ਜੋ ਇਸ ਖੇਤਰ ਤੋਂ ਬਾਹਰ ਜਿਹਲਮ, ਮੀਆਂਵਾਲੀ ਤੇ ਸ਼ਾਹਪੁਰ ਆਦਿ ਜ਼ਿਲਿਆਂ ਵਿਚ ਵਸਦੇ ਸਨ, ਉਹ ਸਾਰੇ ਅਵਾਣਕਾਰੀ ਨਹੀਂ ਬੋਲਦੇ। ਭਾਵ ਅਵਾਣਕਾਰੀ ਦਾ ਚਰਿਤ੍ਰ ਕਬੀਲਾਗਤ ਨਹੀਂ, ਸਥਾਨਗਤ ਹੈ।

ਅਵਾਣਕਾਰੀ ਪੰਜਾਬੀ ਦੀਆਂ ਕਈ ਹੋਰ ਉਪਭਾਖਾਵਾਂ ਧਨੀ, ਪੋਠੋਹਾਰੀ, ਸੁਆਈਂ ਆਦਿ ਨਾਲ ਘਿਰੀ ਹੋਈ ਹੈ। ਤਲਾਗੰਗ ਦੇ ਪੂਰਬ ਵਲ ਗਭੀਰ ਨਦੀ 'ਅਵਾਣਕਾਰੀ' ਨੂੰ 'ਧਨੀ' ਤੋਂ ਨਿਖੇੜਦੀ ਹੈ ਅਤੇ ਪੱਛਮ ਵਲ ਸੁਹਾਂ ਦਰਿਆ ਸੁਆਈਂ ਬੋਲੀ ਤੋਂ। ਨਿਮਕ ਦੇ ਪਹਾੜ ਇਸ ਦੀ ਦੱਖਣੀ ਹੱਦ ਹਨ। ਉੱਤਰ ਵਲ ਫ਼ਤਹਜੰਗ ਹੈ ਜਿਥੇ ਸੁਆਈਂ ਬੋਲੀ ਜਾਂਦੀ ਹੈ। ਇਸ ਬੋਲੀ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਡੇਢ ਲੱਖ ਦੇ ਕਰੀਬ ਹੈ।

ਇਸ ਬੋਲੀ ਦਾ ਚਰਿੱਤ੍ਰ ਮੂਲ ਵਿਚ ਲਹਿੰਦੀ ਵਾਲਾ ਹੀ ਹੈ ਅਤੇ ਇਸ ਦੀਆਂ ਬੁਨਿਆਦੀ ਪ੍ਰਵਿਰਤੀਆਂ ਪੋਠੋਹਾਰੀ, ਸੁਆਈਂ ਜਾਂ ਧਨੀ ਨਾਲ ਸਾਂਝੀਆਂ ਹਨ, ਜਿਸ ਕਰ ਕੇ ਇਸ ਬੋਲੀ ਦਾ ਆਪਣਾ ਵੱਖਰਾ ਸਰੂਪ ਠੀਕ ਤਰ੍ਹਾਂ ਨਹੀਂ ਉਘੜਦਾ। ਇਹ ਇਲਾਕਾ ਚੋਖੇ ਸਮੇਂ ਤਕ ਪਹਿਲਾਂ ਗੰਧਾਰ ਤੇ ਫਿਰ ਗ਼ਜ਼ਨੀ ਦੀ ਰਾਜਨੀਤਕ ਇਕਾਈ ਦਾ ਹਿੱਸਾ ਰਿਹਾ, ਜਿਸ ਕਰ ਕੇ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਇਥੇ ਕਾਫ਼ੀ ਮਾਤਰਾ ਵਿਚ ਪ੍ਰਚਲਤ ਹੈ ਅਤੇ ਫ਼ਾਰਸੀ ਧੁਨੀਆਂ ਖ਼, ਫ਼, ਗ਼, ਜ਼ ਦਾ ਬੜਾ ਜ਼ੋਰ ਹੈ। ਇਸ ਬੋਲੀ ਦੇ ਬਹੁਤ ਸਾਰੇ ਸਥਾਨਕ ਸ਼ਬਦ ਅਲਾਅ, ਅਥਰਾ, ਸੋਘੀ, ਪਰਸਿਓ, ਫੂਆਂ, ਵਲੇਵਾ, ਕਨ੍ਹਾੜਾ, ਕਾਸ਼ਕ, ਖੇਨੂੰ, ਚੜ, ਜਾਤਕ, ਢੰਨ, ਤ੍ਰਾਮੀ, ਧਨੀ ਤੇ ਪੋਠੋਹਾਰੀ ਨਾਲ ਸਾਂਝੇ ਹਨ। ਧੁਨੀਆਂ ਵਿਚ ਵੀ ਕਿਧਰੇ ਪੋਠੋਹਾਰੀ ਪ੍ਰਵਿਰਤੀ ਝਾਕਦੀ ਹੈ ਜਿਵੇਂ ਪੋਠੋਹਾਰੀ ਵਾਂਗ ਕਿਧਰੇ ਵਾਧੂ 'ਰ' ਤੇ ਕਿਧਰੇ 'ਲ' ਲਗਾਣ ਦੀ ਪ੍ਰਥਾ ਹੈ :— ਗਿਣਤੀ–ਗਿਣਤਰੀ, ਤਕੜੀ–ਤਰਕੜੀ, ਕਬੂਤਰ–ਕਲਬੂਤਰ ਆਦਿ।

ਲਹਿੰਦੀ ਵਾਂਗ ਮੁਹਰਲੇ ਸਵਰ ਨੂੰ 'ਹ' ਵਿਚ ਬਦਲਣ ਦੀ ਪ੍ਰਥਾ ਹੈ ਜਿਵੇਂ ਇਥੇ–ਹਿਥੇ, ਇਕ–ਹਿਕ, ਇਧਰ–ਹਿਧਰ। ਪੋਠੋਹਾਰੀ ਵਾਂਗ ਔਂਕੜ ( ੁ ) ਸਵਰ ਦੀ ਬਹੁਲਤਾ ਹੈ ਜਿਵੇਂ ਰਕਮ ਨੂੰ ਰਕੁਮ, ਪੰਡਤ ਨੂੰ ਪੰਡੁਤ। ਪੋਠੋਹਾਰੀ ਵਾਂਗ ਹੀ ਅਵਾਣਕਾਰੀ ਵਿਚ ਕਿਧਰੇ ਵਾਧੂ ਅਨੁਨਾਸਿਕਤਾ ਦੀ ਵਰਤੋਂ ਹੈ ਜਿਵੇਂ ਆਦਮੀ–ਆਦਮੀਂ, ਸੀਤਾ–ਸੀਤਾਂ, ਪਰ ਕਈ ਵਾਰ ਅਨੁਨਾਸਿਕ ਸ਼ਬਦ ਨੂੰ ਨਿਰ-ਅਨੁਨਾਸਿਕ ਵੀ ਬਣਾ

ਦਿਤਾ ਜਾਂਦਾ ਹੈ ਜਿਵੇਂ 'ਗੰਭੀਰ' ਨੂੰ 'ਗਭੀਰ', 'ਪੰਖੀ' ਨੂੰ 'ਪਖੇਰੂ'। ਰੂਪ ਤੇ ਬਣਤਰ ਦੇ ਪੱਖੋਂ ਅਵਾਣਕਾਰੀ ਪੋਠੋਹਾਰੀ ਵਾਂਗ ਹੀ ਸੰਜੋਗਾਤਮਿਕ ਹੈ ਜਿਵੇਂ ਦਿਤਾਸੂ—ਉਸ ਨੂੰ ਦਿਤਾ, ਲੜਸੂਸ—ਉਸ ਨੂੰ ਲੜੇਗਾ।

ਅਵਾਣਕਾਰੀ ਵਿਚ ਚੋਖਾ ਲੋਕ-ਸਾਹਿੱਤ ਉਪਲਬਧ ਹੈ। ਹੇਠਾਂ ਕੁਝ ਅਖਾਣ ਨਮੂਨੇ ਵਜੋਂ ਦਿਤੇ ਜਾਂਦੇ ਹਨ :—

ਵਨਾਂ ਚਿ ਵੜਨਾ ਤੇ ਛਿੜਕਾਂ ਕੋਲੋਂ ਕੀ ਡਰਨਾ; ਹੁਠ ਨਾ ਰੁੰਨੇ ਬੋਰੇ ਰੁੰਨੇ; ਨੌ ਵਰ੍ਹਿਆਂ ਨੀਂ ਛੂਹਰ ਤੇ ਜਾਤ੍ਰਕਾਂ ਨੀ ਮਾਂ; ਫਕੀਰ ਨਿਕਲ ਵੇਂਝਸਣ, ਕੁਤੇ ਭੌਕਨੇ ਰਹਿਸਣ; ਘਿਉ ਗਲਿਉਂ ਤੇ ਖਿਚੜੀ ਥਲਿਉਂ; ਜੀ ਹੋ ਵਿਡਾ ਜੀ, ਤੂੰ ਆਂ ਪੁਤ੍ਰ ਤੂੰ ਆਂ ਧੀ; ਹਿਕ ਗਿਠ ਪਗੜੀ ਪੰਜ ਗਿਠ ਤੁਰਲ੍ਹਾ; ਪੋਲੀ ਨੀ ਨਾਲ ਆਂਫ ਕਿਦਾਈਂ ਹਿਧਰ ਕਿਦਾਈਂ ਹੁਧਰ; ਮਤਬੂਲ ਹੋਇਆ ਪੂਰਾ ਖੋਤੀ ਸਿਟਿਆ ਭੂਰਾ।

ਲੋਕ ਕਹਾਣੀ :— ਰਬ ਹਭਣਾ ਨਾ ਪੜਦਾ ਕੱਜੇ — ਬਹੂੰ ਪੁਰਾਣੇ ਵੇਲੇ ਨੀ ਗਲ ਏ। ਹੱਲੀ ਆਦਮੀ ਨੇ ਢਿਡ ਤੇ ਇਕ ਛੂਣੀ ਲਗੀ ਹੋਨੀ ਅਈ। ਧੁਨੀ ਉਸੇ ਛੂਣੀ ਦੀ ਨਿਸ਼ਾਨੀ ਐ। ਉਸ ਵੇਲੇ ਲੋਕ ਭੁਖ ਲਗਣ ਵੇਲੇ ਛੂਣੀ ਲਾਹ ਕੇ ਢਿਡ ਵਿਚ ਕਿਝ ਪਾ ਦੇਨੇ ਐ। ਮੂੰਹ ਰਾਹੀਂ ਖਾਵਣ ਨੀ ਲੋੜ ਨਹੀਂ ਅਈ। ਹਿਕ ਵਾਰੀ ਕੀ ਥੀਆ, ਜੋ ਹਿਕ ਗਰੀਬ ਘਰ ਨਾ ਜਵਾਤਰਾ ਆਪਣੀ ਵਹੁਟੀ ਆਂ ਘਿਨਣ ਆਇਆ। ਗਰਮੀ ਨੀ ਰੁਤ ਅਹੀ, ਕੁੜੀ ਡੇਵਢੀ ਵਿਚ ਸੁਤੀ ਪਈ ਅਹੀ। ਸੁਤਿਆਂ ਤੇ ਮੋਇਆਂ ਬੰਦਾ ਹਿਕ ਜੇਹਾ ਹੋਨਾ ਐ। ਬੇਧਿਆਨੀ 'ਚ ਉਸ ਨੇ ਢਿਡ ਦੀ ਛੂਣੀ ਹਿਕ ਵਾਸੀ ਹੋ ਗਈ। ਨਢੇ ਵੇਖਿਆ ਉਸਨੇ ਢਿਡ ਵਿਚ ਸੁਕੀਆਂ ਬੈਹੀਆਂ ਰੋਟੀਆਂ ਤੇ ਹੁਮਸੀ ਦਾਲ ਪਈ ਹੋਈਸ। ਉਸ ਮਨ ਵਿਚ ਸੋਚਿਆ ਹੇ ਕੇਝੇ ਬੰਦੇ ਨ। ਰਾਤ ਪਈ ਤਾਂ ਉਸ ਨਢੇ ਆਂ ਮਿਠੇ ਮਿਠੇ, ਚੰਗੇ ਚੰਗੇ ਖਾਣੇ ਢੀਏ। ਉਸ ਆਖਿਆ ਉਚੇਚ ਕਰਨ ਨੀਂ ਕੀ ਲੋੜ ਏ? ਸਸ ਉਬਰੀ — ਪੁਤਰਾ ਕੋਈ ਉਚੇਚ ਨਈ ਕੀਤਾ। ਵਡਿਆ ਨੀ ਬਰਕਤ ਨਾਲ ਏਝਾ ਖਾਣਾਂ ਤਾਂ ਅਸੀਂ ਰੋਜ਼ ਈ ਖਾਨੇ ਆਂ। ਨਢੇ ਆਪਣੀ ਵਹੁਟੀ ਨੀ ਸੁਕੀਆਂ ਬੈਹੀਆਂ ਰੋਟੀਆਂ ਤੇ ਹੁਮਸੀ ਦਾਲੀ ਆਲੀ ਸਾਰੀ ਗਲ ਆਖ ਸੁਣਾਈ। ਸਸ ਵਿਚਾਰੀ ਭਸੋ-ਭਸ ਹੋ ਗਈ। ਸ਼ਰਮ ਨਾਲ ਜ਼ਿਮੀਂ 'ਚ ਗਡੀਣ ਲਗੀ। ਉਸ ਰੱਬ ਅਗੇ ਦੁਆ ਮੰਗੀ — ਰੱਬਾ! ਹਭਣਾ ਨੇ ਪੜਦੇ ਕੱਜ। ਤੇ ਉਸਨੀ ਦੁਆ ਨਾਲ ਢਿਡ ਨੀ ਛੂਣੀ ਹਮੇਸ਼ਾ ਵਾਸਤੇ ਪਕੀ ਲਗ ਗਈ। ਰੱਬ ਹਭਣਾ ਨਾ ਪੜਦਾ ਕਜਨਾ ਆ।

ਅਵਾਣਕਾਰੀ ਦਾ ਇਕ ਬਾਲ ਗੀਤ ਹੇਠਾਂ ਦਿਤਾ ਜਾਂਦਾ ਹੈ :—

ਬੋਲ ਬੋਲੇ, ਬਬੀਹਾ ਬੋਲੇ  
ਮਛੀ ਬੱਧਾ ਚੂਹਾ ਬੋਲੇ  
ਕਾਵਾਂ ਆਈ ਈਦ ਵਟੇਂਨੇ ਸੇਵੀਆਂ  
ਹਾਥੀ ਗਿਆ ਪਾਣੀ ਪੀਣ, ਡਡਾਂ ਧਰੀਕਿਆ  
ਪੋਂਗਰੀ ਮਾਰੀ ਲਤ, ਹਾਥੀ ਚੀਕਿਆ।

ਸਹਾਇਕ ਗ੍ਰੰਥਾਵਲੀ :— (1) ਗਰੀਅਰਸਨ ਔਨ ਪੰਜਾਬੀ; (2) ਦੀ ਕਰਿਟੀਕਲ ਸਟਡੀ ਆਫ਼ ਪੰਜਾਬੀ ਪ੍ਰੋਵਰਬਜ਼; (3) ਪੰਜਾਬੀ ਦੁਨੀਆਂ, ਉਪ-ਭਾਸ਼ਾ ਅੰਕ; (4) ਪਿਆਰਾ ਸਿੰਘ ਪਦਮ : ਪੰਜਾਬੀ ਬੋਲੀ ਦਾ ਇਤਿਹਾਸ।

## (ਅ-511) **ਅਵੀਚੀ :**

ਬੋਧੀ ਪੌਰਾਣਿਕ ਕਥਾਵਾਂ ਅਨੁਸਾਰ ਇਕ ਨਰਕ ਜੋ ਜੰਬੂਦੀਪ ਤੋਂ ਵੀਹ ਹਜ਼ਾਰ ਯੋਜਨ ਹੇਠਾਂ ਪਤਾਲ-ਲੋਕ ਵਿਚ ਹੈ। ਇਹ 20,000 ਯੋਜਨ ਦੀ ਤ੍ਰੇਹਰ ਦੇ ਰੂਪ ਦਾ ਹੈ। ਇਸ ਤੋਂ ਉਪਰ ਸੱਤ ਹੋਰ ਤਪਦੇ ਨਰਕ ਹਨ ਜੋ ਉਪਰੋਂ ਥੱਲੇ ਕ੍ਰਮਵਾਰ ਸੰਜੀਵ, ਕਾਲਸੂਤਰ, ਸੰਘਾਤ, ਰੌਰਵ, ਮਹਾਂ ਰੌਰਵ, ਤਪਣ ਤੇ ਪਰਾਤਪਣ ਦੇ ਨਾਂ ਨਾਲ ਪ੍ਰਸਿਧ ਹਨ। ਸੰਜੀਵ ਵਿਚ ਵਗਦੀ ਹਵਾ ਮਰੇ ਪ੍ਰਾਣੀ ਨੂੰ ਮੁੜ ਸੁਰਜੀਤ ਕਰ ਦੇਂਦੀ ਹੈ। ਸੰਘਾਤ ਵਿਚ ਪਾਪੀ ਪੱਥਰਾਂ ਵਿਚ ਪੀਸੇ ਜਾਂਦੇ ਹਨ। ਰੋਰਵ ਵਿਚ ਰੋ ਰੋ ਕੇ ਬੇਹਾਲੇ ਹੋ ਜਾਂਦੇ ਤੇ ਮਹਾ ਰੋਰਵ ਵਿਚ ਕੁਰਲਾਹਟ ਮਚੀ ਰਹਿੰਦੀ ਹੈ। ਤਪਣ ਵਿਚ ਕਹਿਰਾਂ ਦੀ ਤਪਸ਼ ਹੈ ਅਤੇ ਮਹਾਂ ਤਪਣ ਵਿਚ ਅੱਗ ਦੀ ਭੱਠੀ ਵਿਚ ਪ੍ਰਾਣੀਆਂ ਨੂੰ ਸੁਟਿਆ ਜਾਂਦਾ ਹੈ। ਇਹ ਸਾਰੇ ਨਰਕ ਮੀਨਾਰ ਦੇ ਸ਼ਕਲ ਦੇ ਹਨ।

## (ਅ-512) **ਅੜਾਉਣੀ :**

(ਵੇਖੋ : ਬੁਝਾਰਤ)।

